# ਲਾਲ ਏਹਿ ਰਤਨ

## (ਭਾਗ–੨)

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਟੇਪ ਕੀਤੇ ਹੋਏ ਉਪਦੇਸ਼ਾਂ ਤੇ ਆਧਾਰਿਤ ''ਲਾਲ ਏਹਿ ਰਤਨ'' ਪੁਸਤਕਾਂ ਦਾ ਵੇਰਵਾ :-

| ਪੁਸਤਕ ਦਾ ਨਾਂ | ਭਾਗ | ਉਪਦੇਸ਼ਾਂ ਦਾ ਸੰਨ | ਪ੍ਰਕਾਸ਼ਨ ਦਾ ਸੰਨ |
|---|---|---|---|
| ਲਾਲ ਏਹਿ ਰਤਨ | ੧ | ੧੯੪੮, ੧੯੫੦ | ੧੯੯੫ |
| ਲਾਲ ਏਹਿ ਰਤਨ | ੨ | ੧੯੫੧, ੧੯੫੨ | ੧੯੯੯ |
| ਲਾਲ ਏਹਿ ਰਤਨ | ੩ | ੧੯੫੩, ੧੯੫੪ | ਪ੍ਰਕਾਸ਼ਨ ਅਧੀਨ |
| ਲਾਲ ਏਹਿ ਰਤਨ | ੪ | ੧੯੫੫, ੧੯੫੬ | ਪ੍ਰਕਾਸ਼ਨ ਅਧੀਨ |
| ਲਾਲ ਏਹਿ ਰਤਨ | ੫ | ੧੯੫੮, ੧੯੫੯ | ਪ੍ਰਕਾਸ਼ਨ ਅਧੀਨ |

# ਲਾਲ ਏਹਿ ਰਤਨ

## (ਭਾਗ–੨)

ਉਪਦੇਸ਼
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
ਸੰਨ ੧੯੫੧, ੧੯੫੨

ਸੰਪਾਦਿਕਾ
ਪ੍ਰਿੰ. ਬੇਅੰਤ ਕੌਰ
ਐਮ.ਏ. (ਅੰਗਰੇਜ਼ੀ, ਪੰਜਾਬੀ)
ਸਾਹਿੱਤ ਰਤਨ (ਹਿੰਦੀ), ਬੀ.ਟੀ.

ਪ੍ਰਕਾਸ਼ਕ
ਨਾਮਧਾਰੀ ਸੀਡਜ਼ ਪ੍ਰਾਈਵੇਟ ਲਿਮਿਟੇਡ,
ਬੰਗਲੌਰ

# LALEHRATTAN VOL-II

(Updesh : Sri Satguru Partap Singh Ji

PERIOD - 1951, 1952.


Edited by    Pr. BEANT KAUR

F-213A-I, Mansarover Garden, New Delhi-110015,

Tel 5414451, 5422956



Publisher    Namdhari Seeds Pvt. Ltd.,

Bangalore.

ਪਹਿਲੀ ਵਾਰ : ਸੰਮਤ 2056 (ਸੰਨ 1999)



© : ਨਾਮਧਾਰੀ ਦਰਬਾਰ,

ਸ੍ਰੀ ਭੈਣੀ ਸਾਹਿਬ, ਲੁਧਿਆਣਾ, ਪੰਜਾਬ (141113)



ਪ੍ਰਿੰਟਰ : ਆਰਸੀ ਪ੍ਰਿੰਟਿੰਗ ਏਜੰਸੀ, ਚਾਂਦਨੀ ਚੌਕ, ਦਿੱਲੀ–6

ਫ਼ੋਨ : 3280657

ਸੈਟਿੰਗ : ਐਸ ਆਰ ਐਸ ਕੰਪਿਊਟਰਜ਼, ਮਾਨਸਰੋਵਰ ਗਾਰਡਨ, ਦਿੱਲੀ–15

ਫ਼ੋਨ : 5414451, 5422956

ਭੇਟਾ : 400 ਰੁਪਏ

ਇਹ ਅਨਮੋਲ

ਅੰਮ੍ਰਿਤ-ਭਰਪੂਰ ਬਚਨ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਨੇ

ਭੁੱਲੀ-ਭਟਕੀ ਲੋਕਾਈ

ਦੇ

ਉੱਧਾਰ ਹਿੱਤ

ਸੰਨ

੧੯੫੧, ੫੨

ਵਿੱਚ

ਬੰਕੋਕ (ਥਾਈਲੈਂਡ)

ਵਿਖੇ ਉਚਾਰਨ ਕੀਤੇ

*ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ੨ ਮਘਰ ੧੯੯੯*
*(੨੯ ਨਵੰਬਰ ੧੯੪੨) ਦਾ ਹਸਤ ਲਿਖਿਤ ਪੱਤਰ*
*ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਮ*

*ਸਤਿਗੁਰੂ ਜਗਜੀਤ ਸਿੰਘ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ*
*ਨਿੱਘਾ ਸਵਾਗਤ ਕਰਦੇ ਹੋਏ*

# ਤਤਕਰਾ


| | | |
|---|---|---|
| **ਉਥਾਨਕਾ** | ਪ੍ਰਿ. ਬੇਅੰਤ ਕੌਰ | ੧੧ |
| **ਜਨ ਪਰਉਪਕਾਰੀ ਆਏ** | ਡਾ. ਹਰਭਜਨ ਸਿੰਘ | ੨੫ |


## ਉਪਦੇਸ਼ ਸੰਨ ੧੯੫੧


**ਉਪਦੇਸ਼ ੭-੨-੧੯੫੧** **੩੧**

ਮਸਤਾਨੇ ਦੀ ਕਥਾ ੩੧

ਅੰਗਰੇਜ਼ਾਂ ਦੀ ਕੁਟਿਲ ਨੀਤੀ ੩੪

ਬਹਿਲੋਲ ਇੱਕ ਮਸਤ ਫਕੀਰ ੩੯

ਮੁਕਤ ਬੈਕੁੰਠੈ ਕਰੈ ਕਿਆ ੪੨

ਨਿਰਗੁਣ ਤੇ ਸਰਗੁਣ ਸਰੂਪ ੪੬

ਤਖਤ ਸਿੰਘ ਗੁੱਜਰਪੁਰਾ ੪੯

ਦੋ ਕੇ ਤੀਨ ੫੦

ਮਾਸ ਨਹੀਂ ਖਾਣਾ ੫੩

ਸਿਨੇਮਾ ਨਹੀਂ ਵੇਖਣਾ ੫੬

ਰਾਗ ਦਾ ਅਰਥ ਹੈ ਪਿਆਰ ੬੦

ਬਲਖ ਦਾ ਬਾਦਸ਼ਾਹ ੬੪

**ਉਪਦੇਸ਼ ੯-੨-੧੯੫੧** **੭੯**

ਸਤਿਗੁਰੂ ਦਾ ਜਸ ੭੯
ਬਾਬਾ ਫੂਲਾ ਸਿੰਘ ਅਕਾਲੀ ੮੦
ਸਿੱਖੀ ਦੀ ਨਿੱਘਰਦੀ ਦਸ਼ਾ ੮੩
ਸਣੇ ਕੇਸੀ ਇਸ਼ਨਾਨ ਕਰੋ ੮੯
ਹਕੀਮਾਂ ਦੀ ਕਾਨਫਰੰਸ ੯੮
ਨਾਮ ਅਮੋਲਕ ਲਾਲ ੧੦੭

**ਉਪਦੇਸ਼ ੧੧-੨-੧੯੫੧** **੧੧੩**

ਸੇਵਕ ਨੂੰ ਸੁੱਖ ਪ੍ਰਾਪਤ ਹੁੰਦਾ ਹੈ ੧੧੪
ਸਤਿਗੁਰੂ ਤੇ ਸੰਤਾਂ ਦੇ ਚੋਜ ਨਿਆਰੇ ਨੇ ੧੨੮
ਬਾਰ੍ਹਵਾਂ ਜਾਮਾ ਸਭ ਤੋਂ ਨਿਆਰਾ ੧੩੨
ਗੁਰੂ ਜੋ ਚਾਹੇ ਸੋ ਕਰੇ ੧੩੭
ਸਤਿਗੁਰੂ ਅਜੂਨੀ ਹੈ ੧੩੯
ਕੜਾਹ ਕਰਨ ਦੀ ਬਿਧਿ ੧੪੩
ਕਲਗੀ ਵਾਲੇ ਦਾ ਹੁਕਮ ਅੱਖਰ ਅੱਖਰ
ਪੂਰਾ ਵਰਤੇਗਾ ੧੪੭

**ਉਪਦੇਸ਼ ੧੫-੯-੧੯੫੧** **੧੫੬**

ਸਤਿਗੁਰੂ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ ੧੫੮
ਸਤਿਗੁਰੂ ਮੌਜ ਦਾ ਮਾਲਕ ੧੬੨
ਨਿੱਤ ਤੇ ਨਮਿੱਤ ਅਵਤਾਰ ੧੬੪
ਸਤਿਗੁਰੂ ਸਰਬ ਕਲਾ ਸਮਰਥ ਹੈ ੧੬੫
ਭਾਈ ਤਿਲਕਾ ੧੭੨
ਭਗਤ ਪ੍ਰਹਿਲਾਦ ੧੭੮
ਸਤਿਗੁਰੂ ਦੇ ਹੁਕਮ ਵਿੱਚ ਚਲੋ ੧੮੯
ਆਪਣੀ ਭਲਾਈ ਛੁਪਾਓ ੧੯੧
ਰਾਜਾ ਅੰਬਰੀਕ ੧੯੩

**ਉਪਦੇਸ਼ ੧੬-੯-੧੯੫੧** **੨੦੭**
ਰਾਜਾ ਜਨਕ ਤੇ ਸੁਕਦੇਵ ਜੀ ੨੧੦
ਸਤਿਗੁਰੂ ਨਿੰਦਕਾਂ ਨੂੰ ਵੀ ਤਾਰਦਾ ਹੈ ੨੨੦

**ਉਪਦੇਸ਼ ੧੮-੯-੧੯੫੧** **੨੨੮**
ਮਰਯਾਦਾ ੨੩੨
ਸ਼ਾਹਾਂ ਦਾ ਸ਼ਾਹ ਕੀਤਾ ੨੩੬
ਭਾਈ ਨਿਹਾਲ ਸਿੰਘ ੨੩੭

**ਉਪਦੇਸ਼ ੧੯-੯-੧੯੫੧** **੨੪੭**
ਰਹਿਤ ਪਿਆਰੀ ਮੁਝ ਕਉ ੨੪੭
ਸੰਤਾਂ ਦੀ ਰੀਸ ਨਹੀਂ ਕਰਨੀ ੨੪੯
ਆਸਾਮ ਦਾ ਰਾਜਾ ੨੫੩

**ਉਪਦੇਸ਼ ੨੦-੯-੧੯੫੧** **੨੬੧**
ਮਾਈ ਸਾਹਿਬੋ ਪਧਰੀ ਵਾਲੀ ੨੬੪
ਜੀਵਨ ਮੁਕਤ ੨੬੬
ਬੀਰ ਸਿੱਖ ੨੬੯
ਬਾਬਾ ਗੰਡਾ ਸਿੰਘ ਜੀ ੨੭੧
ਸਿਦਕ ਭਰੋਸਾ ਅਤਿ ਉਤਮ ੨੭੩

## ਉਪਦੇਸ਼ ਸੰਨ ੧੯੫੨

**ਉਪਦੇਸ਼ ੨੯-੧-੧੯੫੨** **੨੮੩**
ਗਊਆਂ ਦੀ ਹੱਤਿਆ ੨੮੫
ਸਿੱਖੀ ਦੀ ਨਿੱਘਰਦੀ ਦਸ਼ਾ ੨੮੭
ਸਤਿਗੁਰਾਂ ਦਾ ਧਿਆਨ ਧਰੋ ੨੯੩

| | |
|---|---|
| **ਉਪਦੇਸ਼ ੫-੨-੧੯੫੨** | **੩੦੩** |
| ਕਲਿ ਲਖਣ ਵੀਚਾਰਿ | ੩੦੩ |
| ਇਹ ਸੀ ਸਿੱਖੀ | ੩੦੫ |
| ਗਰੀਬੀ ਗਦਾ ਹਮਾਰੀ | ੩੦੯ |
| ਅੰਨ ਦਾ ਅਦਬ | ੩੧੪ |
| ਗ੍ਰਿਹਸਤੀ ਜਾਂ ਬਿਹੰਗਮ | ੩੧੭ |
| **ਉਪਦੇਸ਼ ੭-੧੧-੧੯੫੨** | **੩੨੩** |
| ਸਤਿਗੁਰਾਂ ਨੇ ਦਰਸ਼ਨ ਦੇਣਾ ਹੈ | ੩੨੬ |
| **ਉਪਦੇਸ਼ ੯-੧੧-੧੯੫੨** | **੩੩੪** |
| ਬਚਨ ਦੀ ਪਾਲਣਾ | ੩੩੬ |
| ਪ੍ਰਿਥਮ ਤਜਹੁ ਆਮਿਖ ਕੋ ਖਾਨਾ | ੩੩੯ |
| ਧੌਂਕਲ ਦਾ ਟੱਲ | ੩੪੫ |
| **ਉਪਦੇਸ਼ ੧੦-੧੧-੧੯੫੨** | **੩੫੨** |
| ਇੱਕ ਇੱਕ ਸਵਾਸ ਅਮੋਲਕ | ੩੫੨ |
| ਮਾਨਸ ਜਨਮ ਦੁਰਲੱਭ | ੩੫੪ |
| ਸਤਿਗੁਰੂ | ੩੫੬ |
| **ਸਤਿਗੁਰੂ ਬਿਲਾਸ ਦੀਆਂ ਕਥਾਂਵਾਂ ਦਾ ਵੇਰਵਾ** | **੩੬੩** |
| **ਨਾਂਵਾਂ ਅਤੇ ਵਿਸ਼ਿਆਂ ਦੀ ਸੂਚੀ** | **੩੬੫** |

# ਉਥਾਨਕਾ

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਰੋਬੀਲੀ, ਪ੍ਰਭਾਵਸ਼ਾਲੀ, ਚੁੰਬਕਮਈ, ਅਧਿਆਤਮਕ ਸ਼ਖਸ਼ੀਅਤ ਦੇ ਦਰਸ਼ਨ ਕਰਕੇ ਹਰ ਪ੍ਰਾਣੀ ਅਕਸਮਾਤ ਹੀ ਉਨ੍ਹਾਂ ਦੇ ਪਵਿਤਰ ਚਰਨ-ਕੰਵਲਾਂ ਤੇ ਕਰਬੱਧ ਅਤੇ ਨਤਮਸਤਕ ਹੋ ਜਾਂਦਾ। ਆਪ ਜੀ ਦੇ ਸੁੰਦਰ ਮੁਖੜੇ ਦਾ ਜਲਾਲ, ਆਪ ਜੀ ਦੀ ਮਧੁਰ ਬਾਣੀ, ਆਪ ਜੀ ਦਾ ਪਿਆਰ-ਭਰਪੂਰ ਹਿਰਦਾ, ਆਪ ਜੀ ਦੀ ਮਨਮੋਹਕ ਮੁਸਕਾਣ, ਆਪ ਜੀ ਦੀ ਨਦਰੀ ਨਦਰਿ ਨਿਹਾਲ ਕਰਨ ਵਾਲੀ ਦ੍ਰਿਸ਼ਟੀ, ਦਰਸ਼ਨ ਕਰਨ ਵਾਲਿਆਂ ਨੂੰ ਮੰਤਰ-ਮੁਗਧ ਕਰ ਦਿੰਦੀ ਅਤੇ ਉਹ ਵਿਸਮਾਦਿਤ ਹੋ ਉਠਦੇ, ਅਚੰਭਿਤ ਹੋ ਜਾਂਦੇ। ਆਪ ਜੀ ਸੁੱਚ ਸੋਧ ਦੇ ਧਾਰਨੀ, ਨਾਮ ਬਾਣੀ ਦੇ ਰਸੀਏ ਸਨ, ਅਤੇ ਇਸ ਘੋਰ ਕਲਿਯੁਗ ਵਿੱਚ ਵਿਚਰ ਰਹੇ ਜੀਵਾਂ ਨੂੰ ਸੁੱਚ, ਸੋਧ, ਨਾਮ ਬਾਣੀ ਦੇ ਖੁਲ੍ਹੇ ਗਫੇ ਵਰਤਾ ਕੇ ਮਾਲਾ ਮਾਲ ਕਰ ਦਿੱਤਾ, ਨਿਹਾਲ ਕਰ ਦਿੱਤਾ, ਤ੍ਰਿਪਤ ਕਰ ਦਿੱਤਾ। ਆਪ ਜੀ ਪੂਰਨ ਮਰਯਾਦਾ ਪੁਰਸ਼ੋਤਮ ਆਦਰਸ਼ਵਾਦੀ ਸਤਿਗੁਰੂ ਜੀ ਸਨ। ਆਪ ਜੀ ਜੋ ਕੁਝ ਕਹਿੰਦੇ, ਕਰਦੇ ਵੀ, ਕਥਨੀ ਅਤੇ ਕਰਨੀ ਵਿੱਚ ਕੋਈ ਅੰਤਰ ਨਾ ਰੱਖਦੇ। ਭੁੱਲੇ ਭਟਕੇ ਜੀਵਾਂ ਲਈ ਆਪ ਜੀ ਚਾਨਣ ਮੁਨਾਰਾ ਸਨ, ਜਿਸ ਤੋਂ ਪ੍ਰਕਾਸ਼ ਗ੍ਰਹਿਣ ਕਰਕੇ ਸਾਰੀ ਲੋਕਾਈ ਜੀਵਨ ਦੇ ਟੇਢੇ ਮੇਢੇ ਮਾਰਗਾਂ ਤੇ ਸਹਿਜੇ ਹੀ ਚਲਕੇ ਉਹਨਾਂ ਨੂੰ ਸੁਗਮ ਅਤੇ ਸਰਲ ਬਣਾਂ ਲੈਂਦੀ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਨਾਮ-ਬਾਣੀ ਦਾ ਨਿਰੰਤਰ ਪ੍ਰਵਾਹ ਚਲਾਉਣ ਹਿਤ ਸੰਨ ੧੯੩੯ ਈ: ਵਿੱਚ ਸ੍ਰੀ ਭੈਣੀ ਸਾਹਿਬ ਤੇ ਸੰਨ ੧੯੪੭ ਈ: ਵਿੱਚ ਸ੍ਰੀ ਜੀਵਨ ਨਗਰ ਵਿਖੇ ਭਜਨ ਦੀਆਂ ਨਿਰੰਤਰ ਵਰਨੀਆਂ ਸ਼ੁਰੂ ਕੀਤੀਆਂ ਜੋ ਅੱਜ ਵੀ ਉਸੇ ਤਰ੍ਹਾਂ ਚਲ ਰਹੀਆਂ ਹਨ।

ਆਪ ਜੀ ਸਰਬ ਸਾਂਝੀਵਾਲਤਾ ਦੀ ਸਾਕਾਰ ਪ੍ਰਤਿਮਾ ਸਨ। ਇਸੇ ਲਈ ਆਪ ਜੀ ਹਿੰਦੂ, ਸਿੱਖ, ਮੁਸਲਮਾਨ ਸਭ ਧਰਮਾਂ ਦੇ ਲੋਕਾਂ ਨੂੰ ਪਿਆਰ ਕਰਦੇ। ਇਸ ਉਦੇਸ਼ ਦੀ ਪੂਰਤੀ ਲਈ ਆਪ ਜੀ ਨੇ ਸਮੇਂ ਸਮੇਂ ਅਨੇਕਾਂ ਸਮਾਗਮ ਕੀਤੇ।

| ਸੰਨ | ਸਮਾਗਮ | ਸਥਾਨ |
|---|---|---|
| ੧੯੩੩ | ਗੁਰਮਤਿ ਸੰਗੀਤ ਸੰਮੇਲਨ | ਸ੍ਰੀ ਭੈਣੀ ਸਾਹਿਬ |
| ੧੯੩੪ | ਗੁਰੂ ਨਾਨਕ ਸਰਬ ਸੰਪਰਦਾਇ ਕਾਨਫਰੰਸ | ਸ੍ਰੀ ਭੈਣੀ ਸਾਹਿਬ |
| ੧੯੩੯ | ਸਟੇਟ ਪੀਪਲਜ਼ ਕਾਨਫਰੰਸ | ਲੁਧਿਆਣਾ |
| ੧੯੪੨ | ਪੰਜਾਬੀ ਕਾਨਫਰੰਸ | ਸ੍ਰੀ ਭੈਣੀ ਸਾਹਿਬ |
| ੧੯੪੩ | ਹਿੰਦੂ ਸਿੱਖ ਮਿਲਾਪ ਕਾਨਫਰੰਸ | ਸ੍ਰੀ ਭੈਣੀ ਸਾਹਿਬ |

ਆਪ ਜੀ ਦੀ ਸੂਝ-ਬੂਝ ਅਨੁਭਵ ਅਤੇ ਦੂਰਦਰਸ਼ਤਾ ਕਮਾਲ ਦੀ ਸੀ। ੧੯੪੭ ਦੇ ਦੰਗੇ ਫਸਾਦਾਂ ਤੋਂ ਪਹਿਲਾਂ ਹੀ ਆਪ ਜੀ ਨੇ ਸਰਸਾ ਦੇ ਕੋਲ ਚੁਚਾਲ ਕੋਟਲੀ, ਜਗਮਲੇਰਾ, ਕੰਜਰਵਾਲ, ਅਲੀਪੁਰ, ਜਿਨ੍ਹਾਂ ਦੇ ਕ੍ਰਮਵਾਰ ਨਵੇਂ ਨਾਮ ਸ੍ਰੀ ਜੀਵਨ ਨਗਰ, ਦਮਦਮਾ, ਹਰੀਪੁਰ ਹਨ ਆਦਿ ਪਿੰਡਾਂ ਵਿੱਚ ਜੰਗਲ ਤੇ ਬੰਜਰ ਧਰਤੀ ਤਕਰੀਬਨ ੧੯੮੯੦ ਪੱਕੇ ਵਿਘੇ ਖਰੀਦ ਲਈ। ਇਸ ਜ਼ਮੀਨ ਦੀ ਰਜਿਸਟਰੀ ਜਨਵਰੀ ੧੯੪੭ ਵਿੱਚ ਕਰਵਾ ਲਈ ਗਈ। ਸਤਿਗੁਰੂ ਜੀ ਦੇ ਚਰਨਾਂ ਦੀ ਰਜ ਪ੍ਰਾਪਤ ਕਰਕੇ ਬੰਜਰ ਧਰਤੀ ਤੇ ਹਰ ਪਾਸੇ ਹਰਿਆਵਲ ਹੀ ਹਰਿਆਵਲ ਹੋ ਗਈ। ਆਪ ਜੀ ਨੇ ਆਪਣੇ ਸਿੱਖਾਂ ਨੂੰ ਆਉਣ ਵਾਲੇ ਭਿਅੰਕਰ ਘੱਲੂਘਾਰੇ ਬਾਰੇ ਜਾਣਕਾਰੀ ਦਿੱਤੀ ਅਤੇ ਸਿੱਖਾਂ ਨੂੰ ਆਪਣੇ ਸਤਿਗੁਰੂ ਦਾ ਹੁਕਮ ਮੰਨਕੇ ਸ੍ਰੀ ਜੀਵਨ ਨਗਰ ਆ ਕੇ ਰਹਿਣ ਦੀ ਜਗ੍ਹਾ ਬਣੀ ਬਣਾਈ ਮਿਲ ਗਈ, ਅਤੇ ਔਕੜਾਂ, ਕਸ਼ਟਾਂ ਦਾ ਸਾਹਮਣਾ ਨਾ ਕਰਨਾ ਪਿਆ।

ਸਤਿਗੁਰੂ ਪਰਤਾਪ ਸਿੰਘ ਜੀ ਇਸ ਘੋਰ ਕਲਿਯੁਗ ਵਿੱਚ ਦਿਸਦੇ

ਪਿਸਦੇ ਜੀਵਾਂ ਦਾ ਉੱਧਾਰ ਕਰਨ ਲਈ, ਸਿਰਫ ਭਾਰਤ ਵਿੱਚ ਹੀ ਨਹੀਂ, ਸਗੋਂ ਸਮੇਂ ਸਮੇਂ ਦੇਸ਼ਾਂ ਵਿਦੇਸ਼ਾਂ ਵਿੱਚ ਕਿਧਰੇ ਬਸੰਤ ਦੇ ਮੇਲੇ ਆਯੋਜਿਤ ਕਰਕੇ, ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਦੇ ਆਦਰਸ਼ਾਂ ਤੇ ਹੁਕਮਨਾਮਿਆਂ ਤੇ ਪ੍ਰਕਾਸ਼ ਪਾ ਕੇ ਸਾਧ ਸੰਗਤ ਨੂੰ ਗਿਆਨ ਪ੍ਰਦਾਨ ਕੀਤਾ, ਕਿਧਰੇ ਅੱਸੂ ਦੇ ਮਹੀਨੇ ਵਿੱਚ ਲਗਾਤਾਰ ਜਪੁ ਪ੍ਰਯੋਗ ਕਰਕੇ ਸਾਧ ਸੰਗਤ ਨੂੰ ਭਜਨ ਬਾਣੀ ਕਰਨ ਤੇ ਨਾਮ ਜਪਣ ਦੀ ਜਾਚ ਦੱਸੀ, ਤੇ ਕਿਧਰੇ ਨਿਮਾਣੀ ਦੇ ਮੇਲੇ ਮਣਾਏ। ਆਪ ਜੀ ਦੀ ਛਤਰ ਛਾਇਆ ਹੇਠ ਬਿਕ੍ਰਮੀ ਸੰਮਤ ੧੯੬੩ ਤੋਂ ੨੦੧੫-ਈਃ ਸੰਨ ੧੯੦੭ ਤੋ ੧੯੫੯-ਤਕ ਇੱਕ ਤੋਂ ਇੱਕ ਵਧ ਚੜ੍ਹ ਕੇ ਹੋਲਿਆਂ ਦਾ ਪ੍ਰਵਾਹ ਨਿਰੰਤਰ ਚਲਦਾ ਰਿਹਾ।

ਆਪ ਜੀ ਨੇ ਆਪਣੇ ਦੌਰਿਆਂ ਸਮੇਂ ਦੇਸ਼ਾਂ ਵਿਦੇਸ਼ਾਂ ਵਿੱਚ ਅਣਗਿਣਤ ਉਪਦੇਸ਼ਾਂ ਰਾਹੀਂ ਸਾਧ ਸੰਗਤ ਨੂੰ ਨਿਵਾਜਿਆ, ਪਰ ਸੰਨ ੧੯੪੮ ਤੋ ੧੯੫੯ ਤਕ ਦੇ ਬੰਕੋਕ ਵਿਖੇ ਉਚਾਰੇ ਗਏ ਉਪਦੇਸ਼ਾਂ ਦਾ ਖਜ਼ਾਨਾ ਹੀ ਉਪਲਬਧ ਹੋ ਸਕਿਆ ਹੈ। ਭਾਰਤ ਵਿੱਚ ਇਨ੍ਹਾਂ ਪਵਿਤ੍ਰ ਅਨਮੋਲ ਸ਼ਬਦਾਂ ਨੂੰ ਸਾਧਨਾ ਦੀ ਅਣਹੋਂਦ ਕਰਕੇ ਸੰਭਾਲਣ ਦੀ ਕੋਈ ਵਿਵਸਥਾ ਨਹੀਂ ਸੀ, ਇਸ ਲਈ ਜੋ ਕੁਝ ਸੱਚੇ ਪਾਤਸ਼ਾਹ ਜੀ ਦੇ ਪਵਿਤ੍ਰ ਮੁਖਾਰਬਿੰਦ ਤੋਂ ਉਚਾਰਿਆ ਗਿਆ, ਉਸ ਵੇਲੇ ਦੇ ਸੀਮਿਤ ਲੋਕਾਂ ਨੇ ਹੀ ਉਹਨਾਂ ਦਾ ਲਾਭ ਉਠਾਇਆ, ਪਰ ਬੰਕੋਕ ਵਿੱਚ ਵਸਦੇ ਸਿੱਖਾਂ ਕੋਲ ਇਨ੍ਹਾਂ ਸ਼ਬਦਾਂ ਨੂੰ ਸੰਭਾਲਕੇ ਰੱਖਣ ਲਈ ਟੇਪ ਰੀਕਾਰਡਰ ਹੋਂਦ ਵਿੱਚ ਆ ਚੁੱਕੇ ਸਨ। ਉਨ੍ਹਾਂ ਨੇ ਇਸ ਵਡਮੁੱਲੇ ਖਜ਼ਾਨੇ ਨੂੰ ਰੀਕਾਰਡ ਕਰਕੇ ਸੰਭਾਲਕੇ ਰੱਖ ਲਿਆ ਤਾਂ ਕਿ ਉਹ ਤਾਂ ਉਨ੍ਹਾਂ ਤੋਂ ਲਾਭ ਉਠਾ ਸਕਣ ਨਾਲ ਹੀ ਦੇਸਾਂ ਪ੍ਰਦੇਸਾਂ ਵਿੱਚ ਵਸਦੀ ਸਾਧ-ਸੰਗਤ ਵੀ ਉਨ੍ਹਾਂ ਪਵਿਤ੍ਰ ਅਨਮੋਲ ਪ੍ਰਵਚਨਾਂ ਦਾ ਲਾਭ ਉਠਾ ਕੇ ਆਪਣਾ ਜੀਵਨ ਸਫਲ ਕਰ ਸਕਣ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਵਿਸ਼ੇਸ਼ ਕਿਰਪਾ ਕੀਤੀ, ਅਤੇ ਵਿਅਕਤੀਗਤ ਤੌਰ ਤੇ ਆਪ ਖੁਦ ਇਨ੍ਹਾਂ ਰੀਕਾਰਡ ਕੀਤੀਆਂ ਹੋਈਆਂ ਉਪਦੇਸ਼ਾ ਦੀਆਂ ਟੇਪਾਂ ਨੂੰ ਲਿਖਿਆ ਅਤੇ ਆਪਣੇ ਸੇਵਕਾਂ ਕੋਲੋਂ ਵੀ ਲਿਖਵਾਇਆ। ਇਹਨਾਂ ਨੂੰ ਪੁਸਤਕ ਦਾ ਰੂਪ ਦੇ ਕੇ ਉਸਦਾ ਨਾਮ ਰੱਖਿਆ

'ਲਾਲ ਏਹਿ ਰਤਨ'। 'ਲਾਲ ਏਹਿ ਰਤਨ' ਦਾ ਪਹਿਲਾ ਭਾਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ੇਸ਼ ਕਿਰਪਾ ਸਦਕਾ ਸੰਨ ੧੯੯੫ ਵਿੱਚ ਪ੍ਰਕਾਸ਼ਿਤ ਕਰਵਾ ਕੇ ਸਾਧ ਸੰਗਤ ਉੱਤੇ ਵਿਸ਼ੇਸ਼ ਬਖਸ਼ਿਸ਼ਾਂ ਦੇ ਅਥਾਹ ਭੰਡਾਰੇਖੋਲ੍ਹ ਦਿੱਤੇ। ਸੰਨ ੧੯੯੫ ਵਿੱਚ ਹੋਲਾ ਮਹੱਲਾ ੧੭ ਤੋ ੨੦ ਮਾਰਚ ਤਕ ਸ੍ਰੀ ਭੈਣੀ ਸਾਹਿਬ ਦੀ ਪਰਮ-ਪਾਵਨ ਧਰਤੀ ਤੇ ਮਨਾਇਆ ਗਿਆ। ਸ੍ਰੀ ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ਾਂ ਸਦਕਾ ੧੯ ਮਾਰਚ ਸ਼ਾਮ ਦੇ ਦੀਵਾਨ ਵਿੱਚ 'ਲਾਲ ਏਹਿ ਰਤਨ' ਦੇ ਪਹਿਲੇ ਭਾਗ ਦਾ ਵਿਮੋਚਨ ਹਰਨਾਮ ਦਾਸ ਜੌਹਰ, ਸਪੀਕਰ ਪੰਜਾਬ ਵਿਧਾਨ ਸਭਾ ਕੋਲੋਂ ਕਰਵਾਇਆ ਗਿਆ।

ਇਸ ਸ਼ੁਭ ਅਵਸਰ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਵਿਤਰ ਮੁਖਾਰਬਿੰਦ ਤੋਂ ਇਹ ਬਚਨ ਉਚਾਰੇ :-

''ਅੱਜ ਅਸੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਪ੍ਰਕਾਸ਼ ਉਤਸਵ ਮਨਾ ਰਹੇ ਹਾਂ ਅਤੇ ਇਹਦੇ ਤੇ ਅੱਜ ਸਾਰੇ ਦੀਵਾਨ ਲਗੇ ਨੇ ਤੇ ਇਸ ਲਈ ਇਹੋ ਦਿਨ ਚੁਣਿਆ ਗਿਆ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਜਿਹੜੇ ਉਪਦੇਸ਼ ਨੇ, ਉਨ੍ਹਾਂ ਦੀ ਪਵਿਤ੍ਰ ਰਸਨਾਂ ਤੋ ਉਚਾਰੇ ਹੋਏ ਅਤੇ ਉਹ ਸਾਰੇ ਜਿਹੜੇ ਲਿਖੇ ਹੋਏ ਨੇ, ਪ੍ਰਿੰਟ ਕੀਤੇ ਨੇ, ਛਾਪੇ ਨੇ ਉਨ੍ਹਾਂ ਨੂੰ ਪੁਸਤਕ ਰੂਪ ਦਿੱਤਾ ਹੈ ਅਤੇ ਉਸਨੂੰ ਅੱਜ ਹਰਨਾਮ ਦਾਸ ਜੀ ਕੋਲੋਂ ਰੀਲੀਜ਼ ਕਰਵਾਇਆ ਹੈ। ਜਿਹੜੀ ਕਿਤਾਬ ਅੱਜ ਰੀਲੀਜ਼ ਕੀਤੀ ਹੈ, ਉਹ ਕਿਤਾਬ ਸਤਿਗੁਰੂ ਪਰਤਾਪ ਸਿੰਘ ਜੀ ਦੇ ਪਵਿਤ੍ਰ ਉਪਦੇਸ਼ ਨੇ, ਤੇ ਇਨ੍ਹਾਂ ਨੇ (ਸੰਤ ਸਿੰਘ, ਤੇ ਬੀਬੀ ਬੇਅੰਤ ਕੌਰ) ਮੇਰੇ ਕੋਲੋਂ ਨਾਮ ਪੁੱਛਿਆ ਕਿ ਕੀ ਰੱਖਣਾ ਹੈ, ਤੇ ਮੈਨੂੰ ਇਹ ਨਾਮ ਪਸੰਦ ਆਇਆ ਸੀ। ਇਹ ਗੁਰਬਾਣੀ ਦੀਆਂ ਦੋ ਤੁਕਾਂ ਨੇ,

**ਉਤਮ ਸਲੋਕ ਸਾਧ ਕੇ ਬਚਨ।**
**ਅਮੁਲੀਕ ਲਾਲ ਏਹਿ ਰਤਨ।**

ਇਹਦਾ ਨਾਉਂ ''ਲਾਲ ਏਹਿ ਰਤਨ'' ਰੱਖਿਆ ਏ-ਕਿਤਾਬ ਦਾ। ਇਹ ਤੁਹਾਨੂੰ ਪਤਾ ਹੈ ਬਾਣੀ 'ਚ ਜਿਸ ਤਰ੍ਹਾਂ ਲਿਖਿਆ ਹੈ,

**ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।**

ਜਿਹੜੀਆਂ ਬਾਪ ਦਾਦੇ ਦੀਆਂ ਕਹਾਣੀਆਂ ਨੇ, ਇਹ ਚੰਗੇ ਪਾਸੇ ਸਾਨੂੰ ਲੈ ਕੇ ਜਾਂਦੀਆਂ ਨੇ, ਉਹ ਪੁੱਤਰਾਂ ਨੂੰ ਸਪੁੱਤਰ ਬਣਾ ਦਿੰਦੀਆਂ ਨੇ। ਇਹ ਸਤਿਗੁਰਾਂ ਦੀ ਬੜੀ ਕਿਰਪਾ ਹੋਈ, ਪਤਾ ਨਹੀ ਹੁੰਦਾ ਸਰੀਰ ਦਾ ਕਿਸੇ ਵੇਲੇ ਜਾ ਸਕਦਾ ਹੈ ਪਰ ਬੜੀ ਮੁਸ਼ਕਲ ਨਾਲ ਇਥੋਂ ਤਕ ਅਸੀਂ ਪਹੁੰਚ ਸਕੇ ਹਾਂ। ਬਈ, ਇਹ ਸਤਿਗੁਰਾਂ ਦੇ ਉਪਦੇਸ਼ ਪ੍ਰਿੰਟ ਹੇਠ, ਛਾਪੇ ਖਾਨੇ ਵਿੱਚ ਆ ਗਏ ਨੇ ਤੇ ਬਾਕੀ ਕਿਤਾਬਾਂ ਵੀ ਸਤਿਗੁਰੂ ਜੀ ਦੀ ਕਿਰਪਾ ਕਰੀ ਤਾਂ ਛੇਤੀ ਆ ਜਾਣਗੀਆਂ।''

ਸਤਿਗੁਰੂ ਜਗਜੀਤ ਸਿੰਘ ਜੀ ਨੇ ਇੱਕ ਹੋਰ ਕਿਰਪਾ ਕੀਤੀ ਅਤੇ ਇਸਦਾ ਦੂਸਰਾ ਭਾਗ ਪ੍ਰਕਾਸ਼ਿਤ ਕਰਵਾਉਣ ਲਈ ਹੁਕਮ ਕੀਤਾ, ਅਤੇ ਇੱਕ ਵਾਰੀ ਫਿਰ ਪਹਿਲਾਂ ਵਾਂਗ ਹੀ ਕਈ ਕਈ ਘੰਟੇ ਲਗਾਤਾਰ ਪਠਨ ਪਾਠਨ ਦਾ ਸਿਲਸਿਲਾ ਅਰੰਭ ਹੋ ਗਿਆ। ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੱਦੇ ਵਿਦਵਾਨ ਸੱਜਣਾਂ ਨੇ ਵੀ ਲਿਖੇ ਹੋਏ ਉਪਦੇਸ਼ਾਂ ਦਾ ਇੱਕ ਇੱਕ ਸ਼ਬਦ ਬੜੇ ਗਹੁ ਨਾਲ ਸੁਣਿਆ ਅਤੇ ਸਮੇਂ ਸਮੇਂ ਸਿਰ ਆਪਣੀਆਂ ਵਡਮੁਲੀਆਂ ਰਾਵਾਂ ਦਿੱਤੀਆਂ। 'ਲਾਲ ਏਹਿ ਰਤਨ' ਦੇ ਪਹਿਲੇ ਭਾਗ ਵਿੱਚ ਸੰਨ ੧੯੪੮ ਅਤੇ ੧੯੫੦ ਤਕ ਦੇ ਉਪਦੇਸ ਸੰਕਲਿਤ ਹਨ। ਇਸ ਪੁਸਤਕ ਦੇ ਦੂਸਰੇ ਭਾਗ ਵਿੱਚ ਸੰਨ ੧੯੫੧ ਅਤੇ ੫੨ ਦੇ ਅਨਮੋਲ ਬਚਨਾਂ ਦਾ ਸੰਗ੍ਰਹਿ ਹੈ। ਇਸ ਤਰ੍ਹਾਂ ਸੰਨ ੧੯੪੮ ਤੋ ਸੰਨ ੧੯੫੨ ਤਕ ਦੇ ਪਵਿਤ੍ਰ ਉਪਦੇਸ਼ ਪਹਿਲੇ ਅਤੇ ਦੂਸਰੇ ਭਾਗ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ। ਸੰਨ ੧੯੫੩ ਤੋਂ ੧੯੫੮ ਤਕ ਦੇ ਉਪਦੇਸ਼ ਲਾਲ ਏਹਿ ਰਤਨ ਭਾਗ ਤੀਸਰੇ, ਚੌਥੇ ਅਤੇ ਪੰਜਵੇਂ ਵਿੱਚ ਪ੍ਰਕਾਸ਼ਿਤ ਹੋਣਗੇ।

ਸਤਿਗੁਰੂ ਜੀ ਦੇ ਪਵਿਤ੍ਰ ਉਪਦੇਸ਼ ਕਿਸੇ ਇੱਕ ਵਿਸ਼ੇਸ਼ ਵਿਸ਼ੇ ਤਕ ਹੀ ਸੀਮਿਤ ਨਹੀਂ, ਸਗੋਂ ਉਹ ਤਾਂ ਮਨੁੱਖਤਾ ਨਾਲ ਸੰਬੰਧਿਤ ਹਰ ਵਿਸ਼ੇ ਤੇ ਗਿਆਨ ਪ੍ਰਦਾਨ ਕਰਦੇ ਹਨ। ਸੱਚੇ ਪਾਤਸ਼ਾਹ ਜੀ ਮਨੁੱਖ ਨੂੰ ਇਹਨਾਂ ਉਪਦੇਸ਼ਾਂ ਰਾਹੀਂ ਸਮਝਾਉਂਦੇ ਹਨ, ਕਿ ਉਸ ਨੇ ਨਾਮ ਕਿਸ ਤਰ੍ਹਾਂ ਜਪਣਾ ਹੈ, ਬਾਣੀ ਦਾ ਪਾਠ ਕਰਨਾ ਹੈ, ਬਾਣੀ ਨੂੰ ਕੰਠ ਕਰਨਾ ਹੈ, ਸਤਿਗੁਰੂ ਜੀ ਕੋਲੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਜੀਵਨ ਸਫਲ ਕਿਸ ਤਰ੍ਹਾਂ ਕਰਨਾ

ਹੈ, ਮਾਸ ਨਹੀਂ ਖਾਣਾਂ, ਸ਼ਰਾਬ ਨਹੀਂ ਪੀਣੀ, ਝੂਠ ਨਹੀਂ ਬੋਲਣਾਂ, ਕਿਸੇ ਨਾਲ ਵਿਸ਼ਵਾਸ਼ਘਾਤ ਨਹੀਂ ਕਰਨਾ, ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਾਂ ਦੀ ਪਾਲਨਾ ਕਰਨੀ ਹੈ, ਗ੍ਰਿਹਸਥ ਧਰਮ ਕਿਵੇਂ ਨਿਭਾਉਣਾ ਹੈ, ਬਿਹੰਗਮ ਅਤੇ ਗ੍ਰਿਹਸਤੀ ਦੀ ਕੀ ਮਰਯਾਦਾ ਹੋਣੀ ਚਾਹੀਦੀ ਹੈ ਇਤਿਆਦਿ। ਸਤਿਗੁਰੂ ਜੀ ਇਤਿਹਾਸ ਵਿੱਚੋ ਪ੍ਰਮਾਣਾ ਦੀ ਭਰਮਾਰ ਰਾਹੀਂ ਮਨੁੱਖ ਦੇ ਗਿਆਨ ਵਿੱਚ ਹੋਰ ਵਾਧਾ ਕਰਦੇ ਹਨ।

ਇਸ ਭਾਗ ਵਿੱਚ ਸਤਿਗੁਰੂ ਜੀ ਨੇ ਸਤਿਗੁਰੂ ਬਿਲਾਸ ਦੀ ਕਥਾ ਅਤੇ ਵਿਆਖਿਆ ਕੀਤੀ ਹੈ। ਇਸ ਤਰ੍ਹਾਂ ਸਤਿਗੁਰੂ ਜੀ ਨੇ ਵੱਖ ਵੱਖ ਵਿਸ਼ਿਆਂ ਅਧਿਆਤਮਕ ਸਮਾਜਿਕ, ਧਾਰਮਿਕ, ਆਤਮਿਕ, ਆਰਥਿਕ, ਰਾਜਸੀ, ਸਭਿਆਚਾਰਕ, ਵਿੱਦਿਅਕ ਅਤੇ ਖੋਜ ਭਰਪੂਰ ਗਿਆਨਵਰਧਕ ਅਨੰਦਾਇਕ ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਚਾਨਣਾ ਪਾਇਆ ਹੈ।

ਕੁਝ ਕੁ ਵੰਨਗੀਆ ਇਸ ਪ੍ਰਕਾਰ ਹਨ :

## ੧ ਸਤਿਗੁਰੂ –

- ਸਤਿਗੁਰੂ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ, ਸਭ ਦਾ ਉਹ ਕਰਤਾ, ਹਰਤਾ ਹੈ।
- ਬਿਨਾ ਸਤਿਗੁਰੂ ਦੇ ਸਾਰੀ ਧਰਤੀ ਦਾ ਭਾਰ ਉਤਾਰਨ ਦਾ ਕੋਈ ਠੇਕਾ ਨਹੀਂ ਲੈਂਦਾ।
- ਨਾਨਕ – ਕਹਿੰਦੇ ਨੇ ਮਨੁੱਖ ਬਣਿਆ, ਇਕ ਮਨੁੱਖ ਦੇ ਘਰ ਜੰਮਿਆ। ਗੁਰੂ ਜੰਮਣ ਵਾਲੀ ਚੀਜ਼ ਨਹੀ, ਗੁਰੂ ਮਰਨ ਵਾਲੀ ਚੀਜ਼ ਨਹੀਂ।
- ਸਤਿਗੁਰੂ ਸਰਬ ਕਲਾ ਸਮਰੱਥ ਹੈ, ਜਿਸਨੂੰ ਅਣਗਿਣਤ ਜੀਵ ਰਚਣ ਦਾ ਕੋਈ ਪੁੰਨ ਨਹੀ, ਔਰ ਸਾਰੀ ਸਰਿਸ਼ਟੀ ਨੂੰ ਜਿਦਣ ਪਰਲੋ ਕਰਕੇ ਲੈਅ ਕਰ ਦਿੰਦਾ ਹੈ, ਕੋਈ ਪਾਪ ਨਹੀ। ਉਸਦੇ ਨਾਲ ਸਾਡਾ ਦਾਅਵਾ ਕੋਈ ਨਹੀਂ, ਪਰ ਇੱਕੋ ਚੀਜ਼ ਹੈ, ਕਿ ਉਹ ਸਰਬ ਕਲਾ ਸਮਰੱਥ ਹੈ, ਉਹ ਅਜੂਨੀ ਹੈ, ਉਹ ਜੂਨ

ਵਿੱਚ ਕਦੇ ਨਹੀ ਆਉਂਦਾ।

- ਕੋਹ ਦੇ ਤੁਰੇ ਨੂੰ ਕੋਹ ਦੀ ਖ਼ਬਰ, ਦੋ ਕੋਹਾਂ ਦਿਆਂ ਨੂੰ ਦੋ ਕੋਹਾਂ ਦੀ ਪਰ ਸਤਿਗੁਰੂ ਨੂੰ ਸਮੁੰਦਰਾਂ, ਕੰਧਾਰਾਂ ਦੀ ਸਭ ਥਾਂ ਦੀ ਖ਼ਬਰ ਹੈ।
- ਸਤਿਗੁਰੂ ਸਦਾ ਹੀ ਹੈ, ਉਹ ਕੋਈ ਵੇਲਾ ਨਹੀ ਜਿਥੇ ਉਹ ਨਾ ਹੋਵੇਗਾ। ਜਿਹੜੇ ਉਹਦੇ ਚਰਨਾਂ ਨੂੰ ਲਗਦੇ ਹਨ, ਜਿਹੜੇ ਉਹਦੇ ਚਰਨਾਂ ਨੂੰ ਧਿਆਉਂਦੇ ਹਨ, ਸਤਿਗੁਰੂ ਉਹਨਾਂ ਦੀਆਂ ਮਨ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ।
- ਜਿਹੜਾ ਸਤਿਗੁਰੂ ਦੇ ਹੁਕਮਾਂ ਵਿੱਚ ਨਹੀਂ ਚਲਦਾ – ਜਿਹੜਾ ਉਹਦੇ ਬਚਨਾਂ ਉੱਤੇ ਨਹੀਂ ਚਲਦਾ, ਨਾ ਦਾੜ੍ਹੀ ਨਾਲ, ਨਾ ਕੇਸਾਂ ਨਾਲ, ਨਾ ਮਾਲਾ ਨਾਲ, ਨਾ ਕਿਰਪਾਨ ਨਾਲ, ਨਾ ਕਾਲੀ ਨਾਲ, ਨਾ ਚਿੱਟੀ ਨਾਲ, ਕੋਈ ਬਚਾਅ ਨਹੀਂ ਹੋਣਾ।
- ਜਿਹੜੇ ਪੁਰਖ ਸਤਿਗੁਰੂ ਨੂੰ ਮਨੁੱਖ ਜਾਣ ਬੈਠਦੇ ਹਨ, ਉਹਨਾਂ ਦੇ ਪੱਲੇ ਕੁਝ ਨਹੀਂ ਪੈਂਦਾ।
- ਸਤਿਗੁਰੂ ਸੱਚਾ ਯਾਰ ਹੈ, ਜਿਹੜੇ ਦੂਸਰੇ ਯਾਰ ਹਨ ਦੁਨੀਆਂ ਦੇ ਇਹ ਕੱਚੇ ਯਾਰ ਹਨ।
- ਅਕਾਲਪੁਰਖ ਦਾ ਅਤੇ ਸਿੱਖ ਦਾ ਭੇਗ ਮਿਲਾਪ ਸਤਿਗੁਰੂ ਕਰਦਾ ਹੈ।
- ਸਤਿਗੁਰੂ ਦਾ ਰੂਪ ਅਸਚਰਜ ਹੈ, ਉਹ ਜਨਮ ਮਰਨ ਸੇ ਰਹਿਤ ਹੈ।
- ਜਿਹੜਾ ਸਤਿਗੁਰੂ ਦੀ ਰਹਿਤ ਨਾ ਰੱਖੇਗਾ, ਸਤਿਗੁਰੂ ਦੇ ਹੁਕਮ ਵਿੱਚ ਨਾ ਚੱਲੇਗਾ – ਭਾਈ ਉਹ ਮਾਰਿਆ ਜਾਏਗਾ। ਉਹ ਇਸ ਗੱਲ ਦਾ ਕਦੇ ਧਿਆਨ ਨਾ ਕਰੇ – ਮੈ ਕੂਕਾ ਹਾਂ, ਮੈਨੂੰ ਰਾਮ ਸਿੰਘ ਬਚਾਵੇਗਾ। ਰਾਮ ਸਿੰਘ ਦਾ ਜਿਹੜਾ ਹੁਕਮ ਮੰਨੇਗਾ ਉਹਨੂੰ ਬਚਾਵੇਗਾ, ਨਾਨਕ ਦਾ ਜਿਹੜਾ ਹੁਕਮ ਮੰਨੇਗਾ, ਗੁਰੂ ਗੋਬਿੰਦ ਸਿੰਘ ਦਾ ਜਿਹੜਾ ਹੁਕਮ ਮੰਨੇਗਾ, ਉਹਨੂੰ ਬਚਾਵੇਗਾ।

## ੨ ਅਕਾਲ ਪੁਰਖ

- ਨਿਰਗੁਣ ਸਰੂਪ ਜਿਹੜਾ ਹੈ ਅਕਾਲ ਪੁਰਖ ਦਾ – ਉਹਦਾ ਨਾਂ ਹੈ – ਨਿਰਗੁਣ, ਬਗੈਰ ਗੁਣ ਤੋਂ ਜਿਸ ਵਿੱਚ ਕੋਈ ਗੁਣ ਨਹੀਂ, ਆਵਾਜ਼ ਨਹੀਂ, ਸ਼ਕਲ ਨਹੀ। ਨਾ ਉਹ ਉਸ ਤਰ੍ਹਾਂ ਦਾ ਨਿਰਗੁਣ ਹੋ ਕੇ ਕਿਸੇ ਨੂੰ ਤਾਰ ਸਕਦਾ ਹੈ, ਨਾ ਭਜਨ ਦੱਸ ਸਕਦਾ ਹੈ, ਨਾ ਕਿਸੇ ਨੂੰ ਦਰਸ਼ਨ ਦੇ ਸਕਦਾ ਹੈ। ਜਦੋਂ ਸਰਗੁਣ ਬਣ ਜਾਂਦਾ ਹੈ, ਫਿਰ ਸਰਗੁਣ ਹੋ ਕੇ ਉਹੀ ਰੂਪ, ਉਹ ਧਾਰ ਕੇ ਜਿਹੜਾ ਆਉਂਦਾ ਹੈ, ਜਿਸ ਰੂਪ 'ਚ ਆਉਂਦਾ ਹੈ, ਉਹਦੇ 'ਚ ਲੋਕਾਂ ਦਾ ਫਿਰ ਸਰਗੁਣ ਰੂਪ ਹੋ ਕੇ ਉੱਧਾਰ ਕਰਦਾ ਹੈ।
- ਅਕਾਲ ਪੁਰਖ ਜਦੋਂ ਨਹੀਂ ਸੀ ਕੁਝ – ਉਦੋਂ ਵੀ ਸੀ, ਜਦੋਂ ਕੁਝ ਨਹੀਂ ਰਹੇਗਾ – ਉਦੋਂ ਵੀ ਹੋਵੇਗਾ, ਉਹ ਹਰ ਵਕਤ ਹੈ ਔਰ ਉਹ ਆਪਣੀ ਮੌਜ ਦਾ ਮਾਲਕ ਹੈ।
- ਉਹ ਅਕਾਲ ਮੂਰਤ ਹੈ, ਕਾਲ ਸੇ ਰਹਿਤ – ਉਸ ਦੀ ਮੂਰਤ ਹੈ; ਉਹ ਸਮੇ ਦੀ ਸੀਮਾ 'ਚ ਨਹੀਂ ਆਉਂਦਾ; ਸਮਾਂ ਉਸ ਦਾ ਬਣਾਇਆ ਹੋਇਆ ਹੈ; ਸਮੇਂ ਨੂੰ ਉਹ ਰਚਣ ਵਾਲਾ ਹੈ; ਸਮੇ ਨੂੰ ਉਹ ਬਣਾਉਣ ਵਾਲਾ ਹੈ।

## ੩ ਨਾਮ

- ਜਿਹੜਾ ਆਦਮੀ ਨਾਮ ਨਹੀ ਜਪੇਗਾ, ਭਜਨ ਨਹੀਂ ਕਰੇਗਾ, ਉਹ ਮਾਰ ਖਾਏਗਾ।
- ਸਵਾ ਪਹਿਰ ਰਾਤ ਰਹਿੰਦੀ ਨਾਲ ਜੇ ਕੋਈ ਆਦਮੀ ਕੇਸੀਂ ਇਸ਼ਨਾਨ ਕਰਕੇ ਨਾਮ ਜਪਦਾ ਹੈ, ਬਾਣੀ ਪੜ੍ਹਦਾ ਹੈ, ਉਸਨੂੰ ਸਵਾ ਮਣ ਮੋਤੀਆਂ ਦਾ ਪੁੰਨ ਹੁੰਦਾ ਹੈ।
- ਜਿਥੇ ਨਾਮ ਜਪਣ ਵਾਲੇ ਮਹਾਂ ਪੁਰਖ, ਸਾਧੂ ਕੋਈ ਮਹਾਤਮਾ

ਬੈਠਦੇ ਹਨ, ਉਥੇ ਕਿਸੇ ਚੀਜ਼ ਦਾ ਘਾਟਾ ਨਹੀ ਰਹਿੰਦਾ।

- ਨਾਮ ਸਤਿਗੁਰੂ ਨੇ ਬਣਾਇਆ ਹੀ ਅਮੋਲਕ ਹੈ, ਜਿਹਦਾ ਮੁੱਲ ਕੋਈ ਹੈ ਹੀ ਨਹੀ, ਕੋਈ ਚੀਜ ਇਹਦੇ ਬਰਾਬਰ ਹੈ ਹੀ ਨਹੀਂ।

## ੪ ਸਿੱਖ

- ਸਿੱਖ ਬਣਾਇਆ ਹੀ ਸਤਿਗੁਰੂ ਨੇ ਇਸ ਵਾਸਤੇ ਕਿ ਸ੍ਰਿਸ਼ਟੀ ਇੱਕ ਪਾਸੇ ਸਿੱਖ ਇੱਕ ਪਾਸੇ ਹੈ।
- ਜਿਹੜੇ ਸਿੱਖ ਸਣੇ ਕੇਸੀਂ ਇਸ਼ਨਾਨ ਕੀਤੇ ਤੋਂ ਬਗੈਰ ਆਸਾ ਦੀ ਵਾਰ ਲਾਉਂਦੇ ਹਨ, ਪੜ੍ਹਦੇ ਹਨ ਜਾਂ ਸੁਣਦੇ ਹਨ, ਉਹਨਾਂ ਨੂੰ ਪਾਪ ਲਗਦਾ ਹੈ।
- ਮਿੱਠਾ ਬੋਲਣ ਦੀ ਜਾਚ ਸਿਖੋ; ਕਿਸੇ ਨੂੰ ਕਰੜਾ ਬਚਨ ਨਾ ਕਰੋ; ਧੋਖਾ ਨਾ ਕਰੋ।
- ਬਾਣੀ ਪੰਜ ਗ੍ਰੰਥ ਕੰਠ ਕਰਨੀ, ਜਪੁ, ਜਾਪ, ਰਹਿਰਾਸ, ਆਰਤੀ ਸੋਹਿਲਾ, ਆਸਾ ਦੀ ਵਾਰ, ਸੁਖਮਨੀ ਨਹੀਂ ਤਾਂ ਆਸਾ ਦੀ ਵਾਰ, ਰਹਿਰਾਸ, ਜਪੁ, ਜਾਪੁ, ਆਰਤੀ ਸੋਹਿਲਾ ਤੇ ਚੰਡੀ ਦੀ ਵਾਰ, ਏਦੂੰ ਪੰਜਾਂ ਤੋਂ ਕੋਈ ਸਿੱਖ ਘਟ ਨਾ ਰਹੇ।

## ੫ ਕੇਸ

- ਕੇਸਾਂ ’ਚ ਗੁਰੂ ਸਾਹਿਬ ਨੇ ਅੰਮ੍ਰਿਤ ਪਾਇਆ ਔਰ ਮੂੰਹ ’ਚ ਵੀ ਪਾਇਆ, ਇੱਕੋ ਜਿਹਾ ਦਰਜਾ ਦਿੱਤਾ ਕੇਸਾਂ ਨੂੰ। ਜੇ ਤੁਸੀ ਮੂੰਹ ਦੇ ਨੇੜੇ ਨਹੀ ਕੋਈ ਗੰਦੀ ਚੀਜ਼ ਕਰਦੇ ਤਾਂ ਕੇਸਾਂ ਨੂੰ ਕਿਉਂ ਬੋ ਲੱਗਣ ਦਿੰਦੇ ਹੋ।

## ੬ ਸੇਵਾ

- ਜਿਸਨੂੰ ਕੋਈ ਨਹੀ ਪੁੱਛਦਾ – ਉਹਦੀ ਸੇਵਾ ਕਰੋ। ਨਾ ਮਹਜ਼ਬ

ਦੇਖੋ – ਨਾ ਧਰਮ ਦੇਖੋ, ਨਾ ਕੁਝ ਦੇਖੋ। ਕਸਾਈ ਦੇ ਹਥ 'ਚ ਛੁਰੀ, ਭਿੱਜੀ ਰੱਤ ਦੀ ਹੋਵੇ ਤੁਹਾਡੇ ਦਰਵਾਜੇ ਤੇ ਰੋਟੀ ਨੂੰ ਆ ਜਾਏ, ਨਾ ਦਿਉਗੇ-ਬਖਸ਼ੇ ਨਹੀ ਜਾਉਗੇ।

## ੭ ਸਾਂਝੀਵਾਲਤਾ

– ਮੇਰਾ ਮਨੁੱਖ ਦੇ ਨਾਤੇ ਨਾਲ ਤੁਹਾਡੇ ਨਾਲ ਸਾਕ ਤੇ ਸਾਰਿਆਂ ਨਾਲ ਹੈ– ਪਰ ਹਿੰਦੁਸਤਾਨੀ ਹੋਣ ਨਾਲ ਓਦੂੰ ਬਹੁਤ, ਫੇਰ ਸਿੱਖ ਹੋਣ ਨਾਲ ਉਸਤੋਂ ਵੀ ਨੇੜੇ, ਹਿੰਦੂ ਹੋਣ ਨਾਲ ਨੇੜੇ, ਸਿੱਖ ਹੋਣ ਨਾਲ ਨੇੜੇ।

## ੮ ਮਾਸ ਸ਼ਰਾਬ

– ਭਾਈ ਸਜਣੋ, ਕੋਈ ਹਿੰਦੂ, ਕੋਈ ਸਿੱਖ ਚਾਹੇ ਕੋਈ ਅਕਾਲੀ, ਚਾਹੇ ਕੋਈ ਕੂਕਾ, ਚਾਹੇ ਕੋਈ, ਗੁਰੂ ਕੇ ਸਿੱਖ ਤਾਂ ਸਾਰੇ ਹੀ ਹਾਂ। ਭਾਈ ਸ਼ਰਾਬ – ਖਿਮਾਂ ਕਰੋ – ਇਸਦਾ ਖਹਿੜਾ ਛਡੋ, ਇਹ ਬੜੀ ਬੁਰੀ ਚੀਜ਼ ਹੈ।

– ਸ਼ਰਾਬ ਤੇ ਲੋਕਾਂ ਦੇ ਪੈਸੇ ਲਾਏ, ਇੱਕ ਘੜੀ ਕੁ ਉਹਦਾ ਸੁਆਦ ਦੇਖ ਕੇ ਮੁੜ ਕੇ ਰੁਪਈਏ ਗਵਾਏ ਔਰ ਸਰੀਰ ਖਰਾਬ ਕੀਤਾ।

## ੯ ਰਹਿਤ

ਰਹਿਤ ਦਾ ਇਹ ਮਤਲਬ ਨਹੀਂ ਬਈ, ਇਥੋਂ ਪਾਣੀ ਖੂਹ ਦਾ ਭਰ ਕੇ ਪੀ ਲਿਆ, ਜਿਹੜਾ ਨੇੜੇ ਆਇਆ ਉਹਨੂੰ ਗਾਲ੍ਹਾਂ ਕੱਢਿਆਂ – ਮੇਰੇ ਨਾਲ ਕਿਉਂ ਲਗਦਾ ਹੈ ? ਪਾਣੀ ਨਾ ਕਿਸੇ ਨੂੰ ਦਿੱਤਾ – ਅੰਦਰਲੇ ਪਾਸੇ ਨੂੰ ਵੀ ਰਹਿਤ ਜਾਵੇ। ਅੰਦਰਲੇ ਕੰਮ ਵੀ ਨੇ ਜਿਹੜੇ, ਇਹ ਸਤਿਗੁਰੂ ਛੁਡਾਵੇ। ਬਾਹਰਲੀਆਂ ਗੱਲਾਂ ਨਾਲ ਨਹੀਂ ਨਿਰਾ ਕੁਝ ਹੁੰਦਾ।

## ੧੦ ਰਾਗ

- ਸਾਹਿਬ ਰਾਗ ਲੈ ਕੇ ਆਏ। ਰਾਗ ਸ਼ਬਦ ਦਾ ਅਰਥ ਹੈ – ਪਿਆਰ। ਰਾਗ ਨਾਂ ਹੀ ਪ੍ਰੀਤੀ ਦਾ ਹੈ। ਜਦੋਂ ਅਸੀਂ ਕਹਿੰਦੇ ਹਾਂ, ਰਾਗ ਦਵੈਸ਼ ਨਹੀ ਕਰਨੀ – ਪਿਆਰ ਕਰਨਾ, ਕਿਸੇ ਨਾਲ ਦੁਸ਼ਮਣੀ ਨਹੀਂ ਕਰਨੀ।
- ਸਤਿਗੁਰੂ ਨੇ ਸਾਨੂੰ ਰਾਗ ਅੰਮ੍ਰਿਤ ਦਿਤਾ ਹੈ – ਲਿਆ ਕੇ।
- ਹਰ ਸਿੱਖ ਦਾ ਫਰਜ਼ ਹੈ ਕਿ ਇਸ ਰਾਗ ਨੂੰ ਮਰਨ ਨਾ ਦਿਤਾ ਜਾਵੇ। ਜੇ ਕੁਛ ਕਰਨ ਦੀ ਹਿੰਮਤ ਹੈ, ਕੁਛ ਸਿੱਖਿਆ ਕਰੋ, ਗਾਇਆ ਕਰੋ, ਕੁਛ ਸੁਣੋ।
- ਸਤਿਗੁਰੂ ਸਚੇ ਪਾਤਸ਼ਾਹ ਨੇ ਸਾਨੂੰ ਰਾਗ ਦੀ ਅਮੋਲਕ ਦਾਤ ਦਿੱਤੀ ਹੈ। ਸਾਡਾ ਫਰਜ਼ ਹੈ-ਸਿੱਖਾਂ ਦਾ ਕਿ ਹਰ ਇੱਕ ਸਿੱਖ ਦੇ ਬੱਚਿਆਂ ’ਚ ਥੋੜੀ ਬਹੁਤੀ ਇਹਦੀ ਖੁਸ਼ਬੋ ਆਉਣੀ ਚਾਹੀਦੀ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼ ਭੂਤ, ਵਰਤਮਾਨ ਅਤੇ ਭਵਿੱਖ ਦੀ ਸੋਝੀ ਪ੍ਰਦਾਨ ਕਰਦੇ ਹਨ। ਇਨ੍ਹਾਂ ਉਪਦੇਸ਼ਾਂ ਦੀ ਗਹਿਰਾਈ ਸਾਗਰ ਮਾਪ ਨਹੀਂ ਸਕਦਾ, ਇਹਨਾਂ ਉਪਦੇਸ਼ਾਂ ਦੀ ਉਚਾਈ ਹਿਮਾਲਾ ਜਾਣ ਨਹੀਂ ਸਕਦਾ, ਇਨ੍ਹਾਂ ਦੀ ਵਿਸ਼ਾਲਤਾ ਦਾ ਕੋਈ ਆਰ-ਪਾਰ ਨਹੀਂ। ਇਹ ਪਵਿਤਰ ਵਡਮੁੱਲੇ ਉਪਦੇਸ਼ ਸੂਰਜ ਨਾਲੋਂ ਕਿਧਰੇ ਵਧੇਰੇ ਪ੍ਰਕਾਸ਼ਮਈ ਹਨ, ਇਹ ਤਾਂ ਸਾਰੀ ਲੋਕਾਈ ਨੂੰ ਸਾਰੀ ਮਾਨਵਤਾ ਨੂੰ ਸਾਂਝੀਵਾਲਤਾ, ਭਾਈਚਾਰੇ ਦਾ ਸੰਦੇਸ਼ ਦਿੰਦੇ ਹਨ। ਇਹ ਅੰਮ੍ਰਿਤ ਭਰਪੂਰ ਬਚਨ ਕੰਨਾਂ ਵਿੱਚ ਮਿਠਾਸ ਘੋਲ ਦਿੰਦੇ ਹਨ, ਹਿਰਦੇ ਨੂੰ ਠੰਢਕ, ਸੀਤਲਤਾ ਪ੍ਰਦਾਨ ਕਰਦੇ ਹਨ, ਖੁਸ਼ੀਆਂ, ਖੇੜਾ ਗ੍ਰਹਿਣ ਕਰਕੇ ਹਿਰਦਾ ਕਮਲ ਵਾਂਗ ਵਿਗਸਤ ਹੋ ਉਠਦਾ ਹੈ। ਇਹਨਾਂ ਉਪਦੇਸ਼ਾਂ ਦੀ ਸੀਮਾਂ ਇੱਕ ਦੇਸ਼, ਇੱਕ ਮੁਲਕ ਨਹੀਂ ਸਗੋਂ ਇਹ ਤਾਂ ਵਿਸ਼ਵ ਵਿਆਪੀ ਹਨ, ਵਿਸ਼ਵ ਵਿਖਿਆਤ ਹਨ। ਉਸ ਮਨੁੱਖ ਦੇ ਬੜੇ ਵੱਡੇ ਭਾਗ ਹਨ, ਜਿਸਨੂੰ ਇਨ੍ਹਾਂ ਲਾਲਾਂ, ਰਤਨਾਂ ਦਾ ਅਨਮੋਲ ਖਜ਼ਾਨਾ ਆਪਣੇ ਸਤਿਗੁਰੂ ਦੀ ਕ੍ਰਿਪਾ ਸਦਕਾ ਪ੍ਰਾਪਤ ਹੁੰਦਾ ਹੈ :-

**ਉਪਦੇਸੁ ਸੁਣਿ ਸਾਧ ਸੰਤਨ ਕਾ ਸਭ ਚੂਕੀ ਕਾਣਿ ਜਮਾਣੀ।**
**ਜਿਨ ਕਉ ਕ੍ਰਿਪਾਲੁ ਹੋਆ ਪ੍ਰਭੁ ਮੇਰਾ ਸੇ ਲਾਗੇ ਗੁਰ ਕੀ ਬਾਣੀ।**

*– ਸੋਰਠਿ ਮ:੫, ਪੰਨਾ–੬੦੮*

ਸਤਿਗੁਰੂ ਤਾਂ ਹਮੇਸ਼ਾਂ ਪਰਉਪਕਾਰੀ ਹੁੰਦੇ ਹਨ ਉਹ ਤਾਂ ਸਰਬੱਤ ਦਾ ਭਲਾ ਮਨਾਉਂਦੇ ਹਨ, ਉਹ ਨਿਸਵਾਰਥਮਈ ਹੋ ਕੇ ਹਮੇਸ਼ਾਂ ਸਾਰਿਆਂ ਦਾ ਭਲਾ ਲੋਚਦੇ ਹੋਏ ਪਰਉਪਕਾਰ ਕਰਦੇ ਹਨ। ਉਹ ਪੂਰਨ ਸਤਿਗੁਰੂ ਦੇ ਪਵਿਤਰ ਉਪਦੇਸ਼ ਸਿੱਧੇ ਹੀ ਹਿਰਦੇ ਅੰਦਰ ਧਸ ਕੇ ਕਾਇਆ ਕਲਪ ਕਰਨ ਦੀ ਸਮਰੱਥਾ ਰੱਖਦੇ ਹਨ, ਕਿਉਂਕਿ ਉਨ੍ਹਾਂ ਨੂੰ ਤਾਂ ਪੂਰਨ ਸਤਿਗੁਰੂ ਨੇ ਆਪਣੀ ਪਵਿਤਰ ਮਿੱਠੀ ਰਸਨਾਂ ਰਾਹੀਂ ਉਚਾਰਨ ਕੀਤਾ ਹੈ –

**ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ**
**ਗੁਰੁ ਸਤਿਗੁਰੁ ਪਰਉਪਕਾਰੀਆ ਜੀਉ।**

*– ਮਾਝ ਮ:੪, ਪੰਨਾ–੯੬*

ਇਹ ਉਪਦੇਸ਼ ਸੁਣਕੇ ਉਨ੍ਹਾਂ ਨੂੰ ਹਿਰਦੇ ਅੰਦਰ ਵਸਾ ਕੇ ਮਨੁੱਖ ਜਨਮ–ਜਨਮਾਂਤਰਾਂ ਦੀ ਮਲ, ਪਾਪ, ਦੋਖ, ਸਭ ਧੋ ਲੈਂਦਾ ਹੈ। ਉਹ ਸ੍ਵਛ ਨਿਰਮਲ, ਉਜੱਲ ਹੋ ਜਾਂਦਾ ਹੈ, ਸਭ ਕਿਲ ਵਿਖਾਂ ਦਾ ਨਾਸ ਹੋ ਜਾਂਦਾ ਹੈ –

**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ**
**ਕਿਲਵਿਖ ਪਾਪ ਦੋਖ ਲਹਿ ਜਾਵੈ।**

*– ਮ:੪ ਪੰਨਾ–੩੦੫*

ਪੂਰਨ ਸਤਿਗੁਰੂ ਦੇ ਪਵਿਤ੍ਰ ਉਪਦੇਸ਼ ਕੰਨਾਂ ਵਿੱਚ ਅੰਮ੍ਰਿਤ ਘੋਲ ਦਿੰਦੇ ਹਨ। ਉਨਾਂ ਅਨੁਸਾਰ ਆਪਣਾ ਜੀਵਨ ਢਾਲ ਕੇ ਮਨੁੱਖ ਆਵਾਗਵਨ ਦੇ ਚੱਕਰਾਂ ਤੋਂ ਮੁਕਤ ਹੋ ਜਾਂਦਾ ਹੈ। ਉਸਨੂੰ ਬਾਰ ਬਾਰ ਗਰਭ ਜੋਨਿ ਦੀ ਅਗਨੀ ਵਿੱਚ ਸੜਨਾ ਨਹੀਂ ਪੈਂਦਾ।

**ਉਪਦੇਸ ਗੁਰੂ ਮਮ ਪੁਨਹਿ ਨ ਗਰਭੰ**
**ਬਿਖੁ ਤਜਿ ਅੰਮ੍ਰਿਤੁ ਪੀਆਇਆ।**

*– ਗੁਜਰੀ ਮ:੧, ਪੰਨਾ–੫੦੩*

ਇਹ ਉਪਦੇਸ਼ ਮਨੁੱਖ ਦੇ ਜਨਮ ਨੂੰ ਸਜਾ ਸੰਵਾਰ ਦਿੰਦੇ ਹਨ। ਉਸ

ਦਾ ਇਸ ਸੰਸਾਰ ਵਿੱਚ ਆਉਣਾਂ ਸਾਰਥਕ ਹੋ ਜਾਂਦਾ ਹੈ। ਉਸਦਾ ਜਨਮ ਸਫਲ ਹੋ ਜਾਂਦਾ ਹੈ। ਉਹ ਸਹਿਜੇ ਹੀ, ਅਡੋਲ ਹੀ ਇਹਨਾਂ ਉਪਦੇਸ਼ ਰੂਪੀ ਜਹਾਜ਼ ਵਿੱਚ ਸਵਾਰ ਹੋ ਕੇ ਇਸ ਭਵਜਲ ਰੂਪੀ ਸਾਗਰ ਨੂੰ ਪਾਰ ਕਰਕੇ ਆਪਣੇ ਪ੍ਰੀਤਮ ਪਿਆਰੇ ਸਤਿਗੁਰੂ ਦੇ ਅਥਾਹ ਅਸੀਮ ਪਿਆਰ ਅਤੇ ਬਖਸ਼ਸ਼ ਦਾ ਪਾਤਰ ਬਣ ਜਾਂਦਾ ਹੈ।

**ਉਪਦੇਸੁ ਸੁਣਹੁ ਤੁਮ ਗੁਰਸਿਖਹੁ ਸਚਾ ਇਹੈ ਸੁਆਉ।**
**ਜਨਮੁ ਪਦਾਰਥੁ ਸਫਲੁ ਹੋਇ ਮਨ ਮਹਿ ਲਹਇਹੁ ਭਾਉ।**

*– ਮ:੫, ਪੰਨਾ–੯੬੩*

ਸਤਿਗੁਰੂ ਜਗਜੀਤ ਸਿੰਘ ਜੀ ਨੇ ਇੱਕ ਹੋਰ ਵਿਸ਼ੇਸ਼ ਕਿਰਪਾ ਕੀਤੀ ਅਤੇ ਜਦੋਂ ਸ਼ਾਮ ਦੇ ਦੀਵਾਨ ਤੋਂ ਪਹਿਲਾਂ ਇੱਕ ਘੰਟੇ ਨਾਮ ਸਿਮਰਨ ਦਾ ਪ੍ਰੋਗਰਾਮ ਹੁੰਦਾ ਹੈ, ਉਸੇ ਦੌਰਾਨ ਇਹਨਾਂ ਪਵਿਤ੍ਰ ਉਪਦੇਸ਼ਾਂ ਨੂੰ ਟੇਪਾਂ ਰਾਹੀਂ ਸਾਧ ਸੰਗਤ ਨੂੰ ਸੁਣਾਉਣ ਦੀ ਇੱਕ ਨਵੀਂ ਪ੍ਰੰਪਰਾ ਤੋਰ ਦਿੱਤੀ ਹੈ। ਸਤਿਗੁਰੂ ਜੀ ਦੀ ਮਧੁਰ ਸੁਰੀਲੀ, ਰੋਬੀਲੀ ਆਵਾਜ਼ ਪਾਠਕਾਂ ਦੇ ਧਿਆਨ ਨੂੰ ਇੱਕ ਖਿਨ ਭਰ ਲਈ ਵੀ ਇਧਰ ਉਧਰ ਨਹੀਂ ਹੋਣ ਦਿੰਦੀ, ਰਸਨਾ ਨਾਮ ਸਿਰਮਨ ਵਿੱਚ ਲਿਵਲੀਨ ਅਤੇ ਸਾਧਕ ਇਹਨਾਂ ਦ੍ਰਿੜਤਾ, ਸਥਿਰਤਾ, ਵਿਸ਼ਾਲਤਾ ਭਰਪੂਰ ਬਚਨਾਂ ਦੀ ਲੈਅ ਵਿੱਚ ਝੂੰਮਦਾ ਹੋਇਆ ਆਤਮਕ ਹਿਲੋਰੇ ਲੈਂਦਾ ਹੋਇਆ, ਅਨੰਦ ਮਗਨ ਰਹਿੰਦਾ ਹੈ।

ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੋਟਾਨ ਕੋਟ ਧੰਨਵਾਦ ਕਰਦੀ ਹੋਈ ਅਤਿ ਕ੍ਰਿਤਗਯ ਹਾਂ, ਜਿਨ੍ਹਾਂ ਦੀ ਵਿਸ਼ੇਸ਼ ਕ੍ਰਿਪਾ ਦ੍ਰਿਸ਼ਟੀ ਸਦਕਾ 'ਲਾਲ ਏਹਿ ਰਤਨ' ਭਾਗ ਦੂਸਰੇ ਦਾ ਮਹਾਨ ਪ੍ਰਕਾਸ਼ਨ ਕਾਰਜ ਨੇਪਰੇ ਚੜ੍ਹ ਸਕਿਆ ਹੈ।

ਮੈਂ ਅਤਿ ਧੰਨਵਾਦੀ ਹਾਂ ਮਾਨਯੋਗ ਠਾਕੁਰ ਉਦੈ ਸਿੰਘ ਜੀ ਦੀ ਜਿਨ੍ਹਾਂ ਨੇ ਆਪਣੇ ਪੂਜਯ ਸਤਿਗੁਰੂ ਪਰਤਾਪ ਸਿੰਘ ਜੀ ਦੀ ਮਧੁਰ ਸਿਮ੍ਰਿਤਿ ਵਿੱਚ ਪੁਸਤਕ 'ਲਾਲ ਏਹਿ ਰਤਨ' ਨੂੰ ਪ੍ਰਕਾਸ਼ਤ ਕਰਵਾਇਆ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ, ਅਸੀਮ ਖੁਸ਼ੀਆਂ, ਬਖ਼ਸ਼ਸ਼ਾਂ ਪ੍ਰਾਪਤ ਕਰਨ ਦੇ ਵਿਸ਼ੇਸ਼ ਪਾਤਰ ਬਣੇ ਹਨ।

ਮੈਂ ਧੰਨਵਾਦੀ ਹਾਂ ਡਾ: ਹਰਭਜਨ ਸਿੰਘ ਜੀ ਜਿਨ੍ਹਾਂ ਨੇ ਆਪਣੀ ਢਿੱਲੀ ਸਿਹਤ ਦੀ ਰਤਾ ਭਰ ਵੀ ਪ੍ਰਵਾਹ ਨਾ ਕਰਦਿਆਂ ਹੋਇਆਂ, ਆਪਣੇ ਵਡਮੁੱਲੇ ਸ਼ਬਦਾਂ ਰਾਹੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਹਨ।

ਸ੍ਰ: ਸੰਤ ਸਿੰਘ ਜੀ ਨੇ ਇਸ ਪੁਸਤਕ ਦੇ ਸੰਪਾਦਨ ਵਿੱਚ ਇੱਕ ਕੁਸ਼ਲ ਸਹਾਇਕ ਦੇ ਰੂਪ ਵਿੱਚ ਬੜੀ ਮਹੱਤਵ ਪੂਰਨ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਸਤਿਗੁਰੂ ਜੀ ਦੇ ਪਵਿਤਰ ਬਚਨ ਟੇਪਾਂ ਤੋਂ ਬੜੇ ਗਹੁ ਨਾਲ ਸੁਣ ਕੇ ਪਹਿਲਾਂ ਆਪ ਰੱਜ ਕੇ ਆਨੰਦ ਮਾਣਿਆ ਅਤੇ ਫਿਰ ਇੱਕ ਇੱਕ ਸ਼ਬਦ ਦੀ ਸੁਧਾਈ ਵਲ ਉਚੇਚੇ ਤੌਰ ਤੇ ਧਿਆਨ ਦਿੱਤਾ। ਇਨ੍ਹਾਂ ਲਾਲਾਂ ਅਤੇ ਰਤਨਾਂ ਦੇ ਅਨਮੋਲ ਵਡਮੁੱਲੇ ਭੰਡਾਰ ਨੂੰ ਬੜੀ ਕਰੜੀ ਅਣਥੱਕ ਮਿਹਨਤ ਨਾਲ ਸੁੰਦਰ ਸੁਹਣੇ ਰੂਪ ਵਿੱਚ ਸੁਸਜਿਤ ਕੀਤਾ।

ਅੰਤ ਵਿੱਚ ਸਤਿਗੁਰੂ ਜੀ ਦੀ ਬਖਸ਼ੀ ਹੋਈ ਬੁੱਧੀ ਅਨੁਸਾਰ, ਇਨ੍ਹਾਂ ਅੰਮ੍ਰਿਤ-ਭਰਪੂਰ ਬਚਨਾਂ ਦੀਆਂ ਟੇਪਾਂ ਦੇ ਇੱਕ ਇੱਕ ਸ਼ਬਦ ਨੂੰ ਬੜੇ ਗਹੁ ਨਾਲ ਸੁਣਕੇ, ਜਿਉਂ ਦਾ ਤਿਉਂ ਉਤਾਰਾ ਕਰਨ ਦਾ ਪ੍ਰਯਾਸ ਕੀਤਾ ਗਿਆ ਹੈ। ਇਸ ਪੁਸਤਕ ਵਿੱਚ ਅਨੇਕਾਂ ਹੀ ਹਵਾਲੇ ਹੋਰਨਾਂ ਪੁਸਤਕਾਂ ਵਿਚੋਂ ਵੀ ਦਿੱਤੇ ਗਏ ਹਨ। ਉਨ੍ਹਾਂ ਪੁਸਤਕਾਂ ਦੇ ਨਾਲ ਇੱਕ ਇੱਕ ਲਗ ਮਾਤਰ ਸ਼ਬਦ ਜੋੜ ਮਿਲਾ ਕੇ ਇਸ ਪੁਸਤਕ ਦੀ ਸੋਧ ਕੀਤੀ ਗਈ ਹੈ। ਇਸਦੇ ਬਾਵਜੂਦ ਵੀ ਜੇਕਰ ਕੁਝ ਤਰੁੱਟੀਆਂ ਰਹਿ ਗਈਆਂ ਹੋਣ ਤਾਂ ਖਿਮਾ ਦੀ ਜਾਚਿਕਾ ਹਾਂ।

**ਭੁਲਣ ਵਿਚਿ ਕੀਆ ਸਭੁ ਕੋਈ**
**ਕਰਤਾ ਆਪਿ ਨ ਭੁਲੈ।**

ਮਿਤੀ ੧੪ ਜਨਵਰੀ, ੧੯੯੯
(ਤਥਾ ੧ ਮਾਘ ੨੦੫੫)

***( ਬੇਅੰਤ ਕੌਰ )***
*ਐਫ਼-੨੧੩ ਏ-੧,*
*ਮਾਨਸਰੋਵਰ ਗਾਰਡਨ,*
*ਨਵੀਂ ਦਿੱਲੀ-੧੧੦੦੧੫*

# ਜਨ ਪਰਉਪਕਾਰੀ ਆਏ

ਵਰਤਮਾਨ ਸਮੇ ਵਿਚ ਚੌਤਰਫੇ ਮਨੁੱਖੀ ਕਦਰਾਂ-ਕੀਮਤਾਂ ਦੀ ਐਨੀ ਗਿਲਾਨੀ ਹੋ ਰਹੀ ਹੈ ਕਿ ਕਦਮ ਕਦਮ ਤੇ ਸਧਾਰਨ ਮਨੁੱਖ ਨੂੰ ਕਿਸੇ ਧੁਰੋਂ ਵਰੋਸਾਏ ਮਹਾਂਪੁਰਖ ਦੇ ਮਾਰਗ ਦਰਸ਼ਨ ਦੀ ਲੋੜ ਪੈਂਦੀ ਹੈ। ਅੰਧਕਾਰ ਐਨਾ ਗੂੜਾ ਹੈ ਕਿ ਤੇਜਵਾਨ ਮਨੁੱਖ ਪਾਸ ਚਾਨਣ ਦੀ ਮੰਗ ਬਣੀ ਰਹਿੰਦੀ ਹੈ। ਐਸੇ ਮਨੁੱਖ ਬਹੁਤ ਵਿਰਲੇ ਹਨ ਜੋ ਹਨੇਰੇ ਅਤੇ ਮੁੱਲਾਂ ਤੋ ਸੱਖਣੇ ਸੰਸਾਰ ਵਿਚ ਸਾਨੂੰ ਰਾਹ ਵਿਖਾ ਸਕਣ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਕ ਰਚਨਾ 'ਲਾਲ ਏਹਿ ਰਤਨ' ਪੜ੍ਹਨ ਦਾ ਮੌਕਾ ਮੈਨੂੰ ਮਿਲਿਆ ਹੈ। ਇਹ ਰਤਨ ਦੈਵੀ ਜੋਤੀ ਦੇ ਪੁੰਜ ਹਨ। ਕਿਤੋਂ ਵੀ ਪੜ੍ਹੋ ਡਿਕੋਡੋਲੇ ਖਾਂਦੇ ਮਨ ਨੂੰ ਆਧਾਰ ਪ੍ਰਾਪਤ ਹੋ ਜਾਂਦਾ ਹੈ।

ਉਹਨਾ ਦੀ ਹੀ ਇੱਕ ਹੋਰ ਰਚਨਾ, ਹੁਣ ਬੀਬੀ ਬੇਅੰਤ ਕੌਰ ਨੇ ਇਕੱਤਰ ਕੀਤੀ ਹੈ। ਇਹ ਵਿਚਾਰ ਸ੍ਰੀ ਸਤਿਗੁਰੂ ਜੀ ਨੇ ਵੱਖ ਵੱਖ ਸਮੇਂ ਤੇ ਸਿੱਖਾਂ ਦੀ ਰਹਿਨੁਮਾਈ ਲਈ ਉਚਾਰੇ ਸਨ। ਉਹ ਅੱਜ ਵੀ ਉਨੇ ਹੀ ਪ੍ਰਸੰਸਿਕ ਹਨ ਜਿੰਨੇ ਕਿ ਉਚਾਰਨ ਵੇਲੇ ਸਨ। ਇਹ ਹਨ ਤਾਂ ਲਿਖੇ ਹੋਏ ਪਰ ਇਹਨਾਂ ਨੂੰ ਸਹਿਜ ਨਾਲ ਪੜ੍ਹੋ ਤਾਂ ਇਹ ਬੋਲਦੇ ਪ੍ਰਤੀਤ ਹੁੰਦੇ ਹਨ। ਇਵੇ ਜਾਪਦਾ ਹੈ ਕਿ ਜਿਵੇ ਕੋਈ ਸੱਚੀ ਤੇ ਸੁੱਚੀ ਕਰਨੀ ਵਾਲਾ, ਬੋਲ ਵਿਚ ਪੁਖਤਾ, ਧਰਮਾਤਮਾ, ਸਾਡੇ ਬਹੁਤ ਨੇੜੇ ਢੁਕ ਕੇ, ਸਗੋਂ ਸਾਡੀ ਆਤਮਾ ਵਿਚ ਬੈਠ ਕੇ, ਸਾਨੂੰ ਰੋਸ਼ਨੀ ਦਾ ਪ੍ਰਸਾਦ ਬਐਸ਼ ਰਿਹਾ ਹੋਵੇ। ਐਸੇ ਮਹਾਂਪੁਰਸ਼ ਬਹੁਤ ਵਿਰਲੇ ਹਨ ਜਿਨ੍ਹਾਂ ਦੀ ਰਚਨਾ ਵਿਚ ਬੋਲ ਵਰਗਾ ਪ੍ਰਭਾਵ ਹੁੰਦਾ ਹੈ। ਇਹ, ਉਹ ਹੀ ਕਰ ਸਕਦਾ ਹੈ ਜੋ ਆਪਣੇ ਨਾਲ ਬਹੁਤੀ

ਵਿਥ ਨਾ ਪੈਣ ਦੇਵੇ।

ਇਕ ਗੱਲ ਵਿਸ਼ੇਸ਼ ਧਿਆਨ ਰੱਖਣ ਵਾਲੀ ਹੈ ਕਿ ਇਹਨਾਂ ਬਚਨਾਂ ਦੇ ਰਚਨਹਾਰ ਮਹਾਂ ਪੁਰਖ ਗੁਰਮਤ ਅਤੇ ਗੁਰਬਾਣੀ ਨਾਲ ਇੱਕ ਸੁਰ ਅਤੇ ਇੱਕ-ਮਿਕ ਹਨ। ਬਾਣੀ ਦਾ ਫੁਰਮਾਣ ਹੈ ਕਿ,

**ਹਰਿ ਹਰਿ ਜਨ ਦੁਈ ਏਕ ਹੈ ਬਿਬ ਬਚਾਰ ਕਛੁ ਨਾਹਿ।**
**ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ।**

ਸ੍ਰੀ ਸਤਿਗੁਰੂ ਜੀ ਜਦੋਂ ਬੋਲ ਉਚਾਰਦੇ ਹਨ ਤਾਂ ਜਾਪਦਾ ਹੈ ਜਿਵੇਂ ਗੁਰਬਾਣੀ ਆਪ ਉਹਨਾਂ ਦੇ ਮੁਖੋਂ ਆਪਣੀ ਵਿਆਖਿਆ ਪੇਸ਼ ਕਰ ਰਹੀ ਹੋਵੇ। ਗੁਰਬਾਣੀ ਅਤੇ ਸ੍ਰੀ ਸਤਿਗੁਰੂ ਜੀ ਦੇ ਬੋਲ ਵਿਚ ਕੋਈ ਵਿੱਥ, ਕੋਈ ਦਵੈਤ ਨਹੀਂ। ਦੋਹਾਂ ਵਿਚਕਾਰ ਦ੍ਰਿੜ ਸਾਂਝ, ਇਕ-ਸੁਰਤਾ ਤੇ ਇਕ-ਸਾਰਤਾ ਹੈ। ਮੈਂ ਨਿਸ਼ੰਗ ਕਹਿੰਦਾ ਹਾਂ ਕਿ ਜੋ ਕੋਈ ਵੀ ਇਹਨਾਂ ਬਚਨਾਂ ਨੂੰ ਪੜ੍ਹੇਗਾ, ਉਹ ਆਪਣੇ ਆਪ ਨੂੰ ਗੁਰਬਾਣੀ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਮਹਿਸੂਸ ਕਰੇਗਾ। ਉਸਨੂੰ ਆਪਣੇ ਅੰਦਰ ਬਾਣੀਕਾਰ ਗੁਰੂਆਂ ਦੀਆਂ ਗੂੰਜਾਂ ਅਨਗੂੰਜਾਂ ਪ੍ਰਤੀਤ ਹੋਣਗੀਆਂ। ਉਹ ਵੀ ਆਪਣੇ ਆਪ ਵਿੱਚ ਬੜੀ ਵੱਡੀ ਉਪਲਬਧੀ ਹੈ। ਇਸ ਨਾਲ ਪੜ੍ਹਨ ਵਾਲੇ ਨੂੰ ਆਪਣੇ ਅੰਦਰ ਚਰਿਤਰ ਦੀ ਡੂੰਘਿਆਈ ਮਹਿਸੂਸ ਹੋਵੇਗੀ। ਉਸਨੂੰ ਗੁਰਸਿੱਖੀ ਦਾ ਅਨੇਕ ਪੱਖੀ ਗਿਆਨ ਅਤੇ ਅਨੁਭਵ ਪ੍ਰਦਾਨ ਹੋਵੇਗਾ।

ਮੈਂ ਇਹ ਰਚਨਾ ਨਿਝੱਕ ਸਭ ਨੂੰ ਪੜ੍ਹਨ ਵਾਸਤੇ ਪ੍ਰੇਰਦਾ ਹਾਂ। ਇਸ ਵਿਚ ਸਿਹਤਮੰਦ ਕਦਰਾਂ ਕੀਮਤਾਂ ਦਾ ਖਜਾਨਾਂ ਹੈ ਕਿਤੋਂ ਵੀ ਪੜ੍ਹੋ ਆਤਮਾ ਦਾ ਕਲਿਆਣ ਹੋਵੇਗਾ ਅਤੇ ਰੋਜ਼ਮਰਾ ਦੀ ਜ਼ਿੰਦਗੀ ਵਿਚ ਸਿੱਧੇ ਰਸਤੇ ਤੁਰਨ ਦੀ ਪ੍ਰੇਰਨਾ ਵੀ ਮਿਲੇਗੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਹ ਰਚਨਾ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿਯੋਗ ਨਾਲ ਸੰਪੂਰਨ ਹੋਈ ਹੈ, ਜਿਨ੍ਹਾਂ ਆਪਣੀ ਦੇਖ ਰੇਖ ਵਿਚ ਤਿਆਰ ਕਰਵਾਈ ਹੈ ਅਤੇ ਇਸ ਨੂੰ ਪ੍ਰਕਾਸ਼ਿਤ ਕਰਨ ਦੀ ਆਗਿਆ ਵੀ ਪ੍ਰਦਾਨ ਕੀਤੀ ਹੈ।

ਇਸ ਰਚਨਾ ਦਾ ਇਕ ਵੱਡਾ ਗੁਣ ਇਹ ਹੈ ਕਿ ਇਹ ਸਾਡੇ

ਸਭਿਆਚਾਰ ਦੇ ਧੁਰ ਡੂੰਘ ਵਿੱਚ ਟਿਕੇ ਮੁੱਲਾਂ ਨਾਲ ਜੁੜੀ ਰਹਿੰਦੀ ਹੈ। ਆਧੁਨਿਕ ਸਮੇਂ ਵਿੱਚ ਆਪਣੇ ਪੈਰਾਂ ਤੇ ਟਿਕਣ ਲਈ ਪੁਰਾਤਣ ਨਾਲ ਜੁੜਨਾ ਵੀ ਜ਼ਰੂਰੀ ਹੈ। ਮਨੁੱਖ ਦੀ ਤੋਰ ਐਸੀ ਹੈ ਕਿ ਇਸ ਦਾ ਇਕ ਕਦਮ ਜਦੋਂ ਅਗਾਂਹ ਪੈਂਦਾ ਹੈ ਤਾਂ ਦੂਜਾ ਪਿਛਾਂਹ ਟਿਕਿਆ ਰਹਿੰਦਾ ਹੈ। ਪੁਰਾਤਨ ਸੰਸਕ੍ਰਿਤ ਰਿਸ਼ੀਆਂ ਦਾ ਕਥਨ ਹੈ ਕਿ ਮਨੁੱਖ ਇਕ ਕਦਮ ਨਾਲ ਚਲਦਾ ਹੈ, ਤੇ ਇਕ ਕਦਮ ਨਾਲ ਟਿਕਦਾ ਠਹਿਰਦਾ ਹੈ।

ਧਰਮ ਦੀ ਗਿਲਾਨੀ ਦਾ ਵੱਡਾ ਕਾਰਨ ਇਹ ਹੈ ਕਿ ਅਸੀਂ ਵਰਤਮਾਨ ਵਿੱਚ ਤਰਦੇ ਹਾਂ, ਬੜੀ ਕਾਹਲ ਕਰਦੇ ਹਾਂ ਅਤੇ ਆਪਣੇ ਅਤੀਤ ਨਾਲੋਂ ਰਿਸ਼ਤਾ ਤੋੜ ਲੈਂਦੇ ਹਾਂ।

ਇਹ ਪੁਸਤਕ ਸਾਨੂੰ ਵਰਤਮਾਨ ਅਤੇ ਅਤੀਤ ਵਿਚਕਾਰ ਸਮ-ਤੋਲ ਬਣਾਈ ਰੱਖਣ ਦੇ ਯੋਗ ਬਣਾਉਂਦੀ ਹੈ।

ਆਧੁਨਿਕ ਤੇ ਪੁਰਾਤਣ ਇੱਕ ਦੂਜੇ ਨਾਲ ਜੁੜੇ ਰਹਿੰਦੇ ਹਨ, ਟੁੱਟਣ ਦਾ ਅੰਦੇਸ਼ਾ ਤਕ ਵੀ ਨਹੀਂ ਰਹਿੰਦਾ।

ਸ਼ੁਭ ਵਿਚਾਰਾਂ ਦਾ ਇਹ ਸਮੁੰਦਰ ਹੈ, ਕਿਤੋਂ ਵੀ ਚੁਲੀ ਭਰੋ ਤੁਹਾਡੇ ਹੱਥ ਵਿਚ ਨਿਰਮਲ ਜਲ ਹੀ ਆਵੇਗਾ। ਪ੍ਰਦੂਸ਼ਣ ਦਾ ਇਸ ਵਿੱਚ ਕੋਈ ਤੱਤ ਨਹੀਂ ਹੋਵੇਗਾ।

੩੦ ਦਸੰਬਰ, ੧੯੯੮

***(ਡਾ.) ਹਰਭਜਨ ਸਿੰਘ***

ਸੀ-੧੫੮,ਮਾਨਸਰੋਵਰ ਗਾਰਡਨ

ਨਵੀਂ ਦਿੱਲੀ-੧੧੦੦੧੫

## ਬੈਂਕੋਕ ੨੦-੯-੧੯੫੧

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਗ੍ਰਦੰਤੀ ਵਿੱਚ ਲਿਖਿਆ ਹੈ,

**ਨ ਛਾਡਉਂ ਕਹੂੰ ਦੁਸਟ ਅਸੁਰਨ ਨਿਸਾਨੀ।**
**ਚਲੈ ਸਭ ਜਗਤ ਮਹਿ ਧਰਮ ਕੀ ਕਹਾਨੀ।**
**ਛੱਤ੍ਰ ਧਾਰੀਅਨ ਕਉ ਕਰਹੁ ਬੇਗ ਨਾਸਾ।**
**ਅਪਨ ਦਾਸ ਕਾ ਦੇਖੀਅਹੁ ਤਬ ਤਮਾਸਾ।।**

ਹੁਣ ਦੇਖੋ ਛਤ੍ਰ ਧਾਰੀ ਰਾਜੇ ਸਭ ਉੱਡ ਗਏ ਹਨ।

**ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ।**
**ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ।**

ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ-ਪੂਰਬੀ ਪੰਜਾਬ ਵਿੱਚ ਮਿਟਿਆ ਹੈ; ਬਿਹਾਰ ਵਾਲਿਆਂ ਪਾਸ ਕਰ ਦਿੱਤਾ ਹੈ; ਸੀ.ਪੀ. ਵਾਲਿਆਂ ਕਰ ਦਿੱਤਾ ਹੈ-ਸੂਬਿਆਂ ਨੇ ਆਪੋ ਆਪਣੀ ਥਾਂਈ; ਦਿੱਲੀ ਦੀ ਮਿਉਂਸਿਪਲਟੀ ਨੇ ਵੀ (ਪਾਸ) ਕਰ ਦਿੱਤਾ ਹੈ ਜਿੱਥੇ ਅੱਗੇ ਕਤਲ ਹੁੰਦੀ ਸੀ, ਕਿ ਇੱਥੇ ਨਹੀਂ ਗਊ ਮਰੇਗੀ। **ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊ**—ਸਾਰੀ ਧਰਤੀ ਉਤੋਂ ਗਊ ਦਾ ਦੋਖ ਮਿਟਾਉਣਾ ਹੈ। ਗੁਰਿੰਡ ਨਾਮੇ ਵਿੱਚ—ਉਸਨੂੰ ਅਗਰ ਦੇਖਿਆ ਜਾਵੇ, ਪੜ੍ਹਿਆ ਜਾਵੇ ਪਤਾ ਲਗਦਾ ਹੈ-ਕੁਛ—ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਹਨ :-

*ਜਾਮੇ ਧਾਰੇ ਦਸ ਗੁਰੂ ਨਵ ਸਤਿ ਕਲਾ ਸੁਧਾਰ।*

ਦਸ ਜਾਮੇ ਸੋਲ੍ਹਾ ਕਲਾਂ ਸੰਪੂਰਨ ਧਾਰੇ।

*ਗੁਪਤ ਗਿਆਰਵਾਂ ਖੇਲਸੀ ਕੋ ਇਕ ਪਾਵੈ ਪਾਰ।।*

*– ਗੁਰਿੰਡ ਨਾਮਾ, ਪ:੧੦*

ਫੇਰ ਕਹਿੰਦੇ ਹਨ :–

*ਦੁਆਦਸ ਪੁਰਖ ਹੈ ਆਦਿ ਸੇ ਸਭ ਹਨ ਕੇ ਸਿਰਿਮੌਰ।*
*ਸ਼ਕਤ ਅਨੰਤੀ ਆਇ ਹੈਂ ਆਦਿ ਇਹੈ ਨਹੀਂ ਔਰ।।*

ਗੁਰਬਾਣੀ ਵਿੱਚ ਲਿਖਿਆ ਹੈ :–

**ਸੋਲਹ ਕਲਾ[1] ਸੰਮਪੂਰਨ ਫਲਿਆ**
**ਅਨਤ[2] ਕਲਾ ਹੋਇ ਠਾਕੁਰੁ ਚੜਿਆ[3]।।**

*– ਪੰਨਾ–੧੦੮੧*

ਅਨੰਤ ਕਲਾ–ਸੋਲ੍ਹਾ ਤਕ ਅਵਤਾਰਾਂ ਦੀ ਗਿਣਤੀ ਕੀਤੀ, ਸਾਹਿਬ ਕਹਿੰਦੇ ਹਨ, ''ਮੇਰਾ ਅਵਤਾਰ ਬਾਹਰਵਾਂ ਜਿਹੜਾ ਹੋਵੇਗਾ, ਉਹ ਅਨੰਤ ਕਲਾਂ ਵਾਲਾ ਹੋਵੇਗਾ।'' ਫੇਰ, ਪੜ੍ਹੋ–ਉੱਥੇ ਲਿਖਿਆ ਹੈ–

*ਸ਼ਾਸਤ੍ਰ ਬੇਦ, ਪੁਰਾਨ ਨਿਰਖਾਵੈ।*

ਛੇ ਸ਼ਾਸਤਰ, ਚਾਰ ਵੇਦ–ਦਸ ਪੁਰਾਣ ਅਠਾਰਾਂ–ਅਠਾਈ ਬਣ ਗਿਆ।

*ਸ਼ਾਸਤਰ ਬੇਦ ਪੁਰਾਨ ਨਿਰ ਖਾਵੈ।*
*ਨਾਗ ਵਸੁ ਤਬ ਕਰਣ ਮਿਲਾਵੈ।*

ਨਾਗਾਂ ਦੀਆਂ ਕੁਲਾਂ ਨੌ, ਵਾਸੂ–ਅਠ; ਨੌ ਤੇ ਅੱਠ ਸਤਾਰਾਂ ਤੇ ਕਰਨ ਦੋ–ਕੰਨ, ਉੱਨੀ ਸੌ ਅਠਾਈ ਸੰਮਤ ਵਿੱਚ–*ਅਨਕ ਦੇਸ ਬਿਪਰੈਚ ਸਿਧਾਵੈਂ,* –ਅਨੇਕਾਂ ਦੇਸ਼ਾਂ ਵਿੱਚ ਸਤਿਗੁਰੂ ਜਾਣਗੇ। ਫੇਰ–

*ਸਗਲ ਦੀਪ ਭਵਨ ਮੇਂ ਜਾਹੀ।*
*ਹੋਇ ਕਿਰਪਾਲ ਸਬ ਦਰਸ ਦਿਖਾਹੀ।*

ਹੁਣ ਉਹ ਵਕਤ ਅਗਲਾ, ਗੁਰੂ ਗੋਬਿੰਦ ਸਿੰਘ ਸਾਹਿਬ ਲਿਖਦੇ ਹਨ,

*ਪਰਗਟ ਹੋਇ ਰਾਮ ਸਿੰਘ ਦੂਲੋ।*
*ਪੁਟ ਹੈ ਸਭ ਰਾਜਨ ਕੋ ਮੂਲੋਂ।*

*– ਸੌ ਸਾਖੀ*

ਕਿਉਂ ਰਾਜਿਆਂ ਦਾ ਮੂਲ ਪੱਟਿਆ ਗਿਆ, ਰਾਜਿਆਂ ਨੇ-ਜਿਸ ਵੇਲੇ ਸੱਚੇ ਪਾਤਸ਼ਾਹ ਨੂੰ ਪਰਦੇਸ ਲੈ ਗਏ ਹਨ-ਸਾਰਿਆਂ ਨੇ ਦਸਖਤ ਕੀਤੇ, ਕਿ ਇਸ ਮੁਲਕ ਵਿੱਚ ਨਾ ਰਹੇ, ਫਤੂਰ ਪਾਊ-ਅੰਗਰੇਜ਼ਾਂ ਦੇ ਆਖੇ ਲੱਗ ਕੇ। ਫੇਰ ਕਹਿੰਦੇ ਹਨ, ਗੁਰੂ ਗੋਬਿੰਦ ਸਿੰਘ ਜੀ-

*ਮੂਏ ਸਬੀ ਸਰਦਾਰੀ ਦਾਰ।*
*ਜੋ ਜੋ ਹਮ ਸੋ ਬਾਂਧੇ ਰਾਰ।*

*- ਸੌ ਸਾਖੀ*

ਹੁਣ ਸਰਦਾਰੀਆਂ ਵੀ ਉੱਡਣ ਲੱਗੀਆਂ ਹੋਈਆ ਹਨ। ਜਿਹੜੇ ਸੌ-ਸੌ ਮੁਰੱਬਿਆਂ, ਅੱਸੀ-ਅੱਸੀ ਮੁਰੱਬਿਆਂ ਵਾਲੇ ਮਾਲਕ ਸਨ, ਉਹਨਾਂ ਦੀ ਜ਼ਮੀਨ ਖੋਹ ਕੇ, ਹੁਣ ਉਸ ਤੋਂ ਅੱਗੇ ਇਹ ਕਰ ਦਿੱਤਾ ਹੈ ਕਿ ਦੋ ਸੌ ਏਕੜ, ਦੋ ਚਾਰ ਸਾਲ ਵਿੱਚ ਸੌ ਵੀ ਰਹੇ-ਤਾਂ ਨਾ-ਨ ਰਿਹਾ ਕੋਈ। ਸਾਹਿਬਾਂ ਨੇ, ਸਤਿਗੁਰਾਂ ਨੇ ਆਪਣੇ ਹੁਕਮ ਨਾਮੇ ਵਿੱਚ ਰੰਗੂਨੋਂ ਲਿਖਿਆ ਹੈ, ''ਭਾਈ ਮੈਂ ਸਮਝਦਾ ਸੀ-ਮੈਂ ਦੇਖਿਆ ਬਈ, ਇਹ ਸਿੱਖ, ਸਾਧ, ਰਾਜੇ ਸਾਡੇ ਨਾਲ ਵੈਰ ਕਿਉਂ ਰੱਖਦੇ ਹਨ''-ਕਹਿੰਦੇ, ''ਗੁਰੂ ਜੀ ਦਾ ਹੁਕਮ ਹੀ ਐਸਾ ਥਾ।'' ਗੁਰੂ ਸਾਹਿਬ ਨੇਂ ਲਿਖਿਆ ਹੈ :-

*ਗਿਆਨੀ ਧਿਆਨੀ ਗੁਣੀ ਧਨਾਢ।*
*ਨਾਮ ਜਪਤ ਘਰ ਘਰ ਮੈਂ ਆਢਿ।*

*- ਸੌ ਸਾਖੀ*

ਗਿਆਨੀ ਵੀ, ਗੁਣੀ ਵੀ, ਧਨਾਢ-ਰਾਜਿਆਂ ਨੂੰ ਲਿਖਿਆ ਹੈ, ਨਾਮ ਜਪਣ ਵਾਲਿਆਂ ਕੇ ਸਾਥ-ਘਰ ਘਰ ਆਢਾ ਕਰਨਗੇ-ਕੀਤਾ।

ਸਾਹਮਣੇ ਮਹਾਰਾਜਾ ਨੌ ਨਿਹਾਲ ਸਿੰਘ ਦੀ ਕਚਹਿਰੀ ਦੇ-ਸਤਿਗੁਰੂ ਜਿਸ ਵੇਲੇ ਫ਼ੌਜ ਵਿੱਚ ਥੇ-ਪੰਜ ਧੂਣੀਆਂ ਲਾਈਆਂ, ਲੱਗੀਆਂ ਮਘਣ। (ਸਤਿਗੁਰੂ ਰਾਮ ਸਿੰਘ ਜੀ) ਵਿਚਲੀ ਧੂਣੀ ਉੱਤੇ ਬਹਿ ਗਏ-ਅੱਗ ਲੱਗ ਗਈ। ਬਾਬੇ ਕਾਹਨ ਸਿੰਘ ਹੁਰੀਂ ਜਿਹੜੇ ਸੂਬੇਦਾਰ ਸਨ-ਜਿਹਨਾਂ ਤੇ ਕਿਰਪਾ ਕੀਤੀ ਸੀ, ਜਿਹਨਾਂ ਨੂੰ ਨਿਗਾਹ ਬਖਸ਼ੀ ਸੀ ....... ਪੰਜਾਂ ਹੀ ਧੂਣੀਆਂ ਦੀ ਇੱਕੋ ਹੀ ਅੱਗ ਹੋ ਗਈ, ਆਪ ਵਿੱਚ ਬੈਠੇ ਰਹੇ। ਲੋਕਾਂ ਆਖਿਆ, ''ਹੁਣ

ਤੇ ਇਹ ਸਿੱਖ, ਸੜਕੇ ਮਰ ਗਿਆ ਹੋਵੇਗਾ।'' ਬੁੱਝ ਗਈਆਂ ਧੂਣੀਆਂ –ਉਹਨੂੰ ਕੌਣ ਸਾੜ ਸਕਦਾ ਹੈ–ਜਿਹਦਾ ਨਾਮ ਲਿਆਂ ਨਹੀਂ ਸੜ ਸਕਦਾ, ਜਿਹਦਾ ਨਾਮ ਲੈਣ ਤੋਂ ਪ੍ਰਹਿਲਾਦ ਨਹੀਂ ਜਲਿਆ, ਉਸ ਰਾਮ ਦਾ ਨਾਮ ਲੈਣ ਤੋਂ ਪ੍ਰਹਿਲਾਦ ਵੀ–ਜਲਹਿ ਨ ਡੁਬਹਿ ਗੁਰ ਪ੍ਰਸਾਦਿ।

## ਮਾਈ ਸਾਹਿਬੋ ਪਧਰੀ ਵਾਲੀ

ਫੇਰ, ਸਾਹਿਬਾਂ ਨੇ ਗੰਗਾ ਦੇ ਕੰਢੇ ਉੱਤੇ ਮਾਈ ਸਾਹਿਬੋ ਪਧਰੀ ਵਾਲੀ ਨੂੰ, ਉਹਦੇ ਪੁੱਤਰ ਲਾਲ ਸਿੰਘ ਸਣੇ–ਮੈਨੂੰ ਸੁਭਾਗ ਪ੍ਰਾਪਤ ਹੋਇਐ, ਉਸ ਮਾਤਾ ਦਾ ਦਰਸ਼ਨ ਕੀਤਾ ਹੈ, ਇੱਕ ਸੌ ਯਾਰਾਂ ਸਾਲ ਦੀ ਹੋ ਕੇ ਮਾਈ ਦਾ ਸਰੀਰ ਚੱਲਿਆ ਹੈ, ਉਹ ਲਾਲ ਸਿੰਘ ਜਿਹੜਾ ਉਹਦਾ ਪੁੱਤਰ ਸੀ, ਉਹਨੂੰ ਵੀ ਮੈਂ ਚੰਗੀ ਤਰ੍ਹਾਂ ਦੇਖਦਾ ਰਿਹਾਂ–ਬਹਾ ਦਿੱਤਾ ਗੋਦੀ ਵਿੱਚ। ਮਾਈ ਜ਼ਰਾ ਨਿਰਮਲੇ ਸੰਤਾਂ ਨੂੰ ਮਿਲ ਕੇ ਕਹਿੰਦੀ ਸੀ–ਇਹ ਅਮਰ ਹੈ–ਆਤਮਾ, ਪਰ ਕਹਿੰਦੀ ਹੀ ਸੀ।

ਸਤਿਗੁਰ ਕਹਿੰਦੇ ਸੀ, ''ਤੇਰੀ ਕਥਨੀ ਹੈ, ਅਜੇ ਤੇਰੀ ਕਰਨੀ ਨਹੀਂ ਹੋਈ।''

ਗੰਗਾ ਦੇ ਕੰਢੇ ਉੱਤੇ ਬਣਾ ਕੇ ਚਿਖਾ, ਉੱਤੇ ਬਹਾ ਦਿੱਤੀ ਮਾਈ, ਲਾ ਦਿੱਤੀ ਅੱਗ। ਲੱਗੀ ਮੱਚਣ ਤਾਂ, ਮਾਈ ਦੇ ਚਿਤ ਵਿਚ ਖਿਆਲ ਆਇਆ, ''ਮੈਂ ਪੁੱਤਰ ਨੂੰ ਤੇ ਬਾਹਰ ਸੁੱਟ ਦਿਆਂ'', ਗੋਦੀ ਵਿੱਚ ਪੁੱਤਰ ਸੀ—ਬਾਹਰ ਖਲੋਤੇ ਆਂਹਦੇ ਹਨ, ''ਸੁੱਟ ਖਾਂ ਪੁੱਤਰ ਨੂੰ ਬਾਹਰ ਜੇ ਨੇਜੇ ਨਾਲ ਇਹਦਾ ਢਿੱਡ ਨਾ ਪਾੜ ਦਿੱਤਾ''। ਫੇਰ ਉਸ ਮਾਈ ਨੇ, ਉਹ ਅੱਗ ਮੱਚੀ, ਜਲੀ–ਮੈਂ ਮਾਈ ਦਾ, ਦਰਸ਼ਨ ਕੀਤਾ ਹੈ ਬਾਰ ਵਿੱਚ ਗੋਜਰੇ ਦੇ ਪਾਸ ਪਧਰੀ ਦਾ ਚੱਕ ਸੀ–ਚੈਲ ਪਧਰੀ। ਮਾਈ ਨੇ ਮੈਨੂੰ ਕਪੜਾ ਦਿੱਤਾ ਖੱਦਰ ਦਾ। ਮੈਂ ਉਦੋਂ ਖੱਦਰ ਨਹੀਂ ਸਾਂ ਪਾਉਂਦਾ ਹੁੰਦਾ, ਪਹਿਲਾ ਹੀ ਉਹ ਵਕਤ ਸੀ–ਮੈਂ ਉਹਦੇ ਕਛਹਿਰੇ ਸਵਾਏ। ਉਸ ਨੇ ਦੱਸਿਆ, ''ਮੈਂ ਕਪਾਹ ਚੁਗਣ ਵੇਲੇ ਵੀ ਭਜਨ ਕਰਦੀ ਰਹੀ ਹਾਂ, ਬਾਣੀ ਪੜ੍ਹਦੀ ਰਹੀ ਹਾਂ–ਤੂੰ ਆਪ ਪਾਈਂ– ਮੈਂ ਵੇਲਣ ਵੇਲੇ ਵੀ, ਤੁੰਬਣ–ਕੱਤਣ ਵੇਲੇ ਵੀ, ਪਿੰਜਵਾਉਣ ਵੇਲੇ ਵੀ, ਲੀੜਾ

ਬਣਾਉਣ ਵੇਲੇ ਵੀ, ਮੈਂ ਭਜਨ ਕਰਦੀ ਰਹੀ ਹਾਂ, ਬਾਣੀ ਪੜ੍ਹਦੀ ਰਹੀ ਹਾਂ।'' ਮੈਂ ਉਹਦੇ ਕਛਹਿਰੇ ਸਵਾਏ। ਮੈਂ ਤੁਹਾਨੂੰ ਕੀ ਦੱਸਾਂ-ਸ਼ਾਇਦ ਅਜੇ ਕਿਤੇ ਪਏ ਹੋਣ ਪੁਰਾਣੇ ਹੋਏ-ਹੋਏ। ਮੈਂ ਦੋ ਅਸਟਪਦੀਆਂ ਸੁਖਮਨੀ ਸਾਹਿਬ ਦੀਆਂ-ਸ਼ਾਇਦ ਦੋ ਘੰਟੇ ਨਹੀਂ ਲਗਦੇ ਹੋਣੇ, ਓਦੂੰ ਜਲਦੀ ਮੁੜ ਆਉਂਦਾ ਸਾਂ, ਇੱਕ ਮੀਲ ਜਾਂਦਾ ਸਾਂ, ਇੱਕ ਮੀਲ ਆਉਂਦਾ ਸਾਂ ਵਾਪਿਸ, ਕੁਝ ਚਿਰ ਉੱਥੇ ਬੈਠੇ, ਨਾਲ ਦੇ ਸਾਥੀ ਘਾਹ ਕੱਟਦੇ ਸੀ ਨਹਿਰ ਉੱਤੇ-ਦੋ ਅਸਟਪਦੀਆਂ ਮੈਂ ਰੋਜ਼ ਕੰਠ ਕਰ ਲੈਂਦਾ ਸਾਂ।

ਕਹਿਣ ਲਗੀ, ''ਮੇਰੇ ਉੱਤੇ-ਐਸ ਤਰ੍ਹਾਂ-ਕੰਬਲੀ ਲਈ ਹੋਈ ਸੀ, ਜਿਸ ਵੇਲੇ ਅੱਗ ਮੱਚੀ-ਉਤੋਂ ਦੀ ਅੱਗ ਲੱਗੀ ਡਿੱਗਣ-ਮੈਂ ਚਿਤ ਵਿੱਚ ਸੋਚਿਆ, ਮੈਂ ਇਉਂ ਕਰਕੇ ਕੰਬਲੀ ਹਲਾਈ। ਜਿਸ ਵੇਲੇ ਮੈਂ ਇਉਂ ਕੰਬਲੀ ਹਿਲਾਈ ਤੇ ਕੋਲੇ ਉਤੋਂ ਡਿੱਗ ਪਏ, ਕੰਬਲ ਦੇ ਵਾਲ ਬਾਹਰਲੇ ਨਾ ਸੜੇ, ਫੇਰ ਮੇਰੇ ਇਹ ਚਿਤ ਨੂੰ ਨਿਸਚਾ ਹੋ ਗਿਆ, ਮੈਂ ਹੁਣ ਨਹੀਂ ਸੜਦੀ।''

ਪਉਣ, ਪਾਣੀ, ਅਗਨੀ-ਜਿਸ ਦੇ ਹੁਕਮ ਵਿੱਚ ਹੈ, ਉਸ ਨੂੰ ਕੋਈ ਕੀ ਕਹਿ ਸਕਦਾ ਹੈ। ਅੰਗਰੇਜ਼ਾਂ ਨੇ ਰੰਗੂਨੋਂ ਮਰਗੋਈ ਲਿਜਾਣ ਵੇਲੇ ਸਲਾਹ ਕੀਤੀ ਕਿ ਜਹਾਜ਼ ਸਣੇ ਡੋਬ ਕੇ ਮਾਰ ਦੇਈਏ। ਰਸਤੇ ਵਿੱਚ ਜਾ ਕੇ-ਥੋੜੇ ਜਿਹੇ ਸਰੀਰ ਸਨ ਨਾਲ ਉਸ ਜਹਾਜ਼ ਵਿੱਚ-ਲੱਗਾ ਜਿਸ ਵੇਲੇ ਜਹਾਜ਼ ਡੁੱਬਣ, ਲੋਕਾਂ ਆਖਿਆ, ''ਮਹਾਰਾਜ ਕਰੋ ਕ੍ਰਿਪਾ।''

ਕਹਿੰਦੇ, ''ਬਈ ਨਾਨੂੰ ਸਿਹਾਂ, ਪੈਸਾ ਤਾਂ ਕੋਲ ਕੋਈ ਨਹੀਂ'' ਗੜਵਾ ਸਮੁੰਦਰ ਵਿੱਚ ਸੁੱਟ ਦਿੱਤਾ, ਜਹਾਜ਼ ਨਹੀਂ ਡੁਬਿਆ। ਮਰਗੋਈ ਬ੍ਰਾਹਮਣ ਦਾ ਰੂਪ ਧਾਰਿਆ ਹੋਇਆ, ਜਾਲੀ ਦੇ ਵਿੱਚ ਗੜਵਾ ਪਿੱਛੇ ਪਾਇਆ ਹੋਇਆ-ਸਮੁੰਦਰ, ਜਾ ਕੇ ਸਤਿਗੁਰਾਂ ਨੂੰ ਗੜਵਾ ਦੇ ਕੇ ਆਉਂਦਾ ਹੈ-ਪਉਣ ਪਾਣੀ ਉਸ ਦੇ ਹੁਕਮ ਵਿੱਚ ਹਨ।

ਸਤਿਗੁਰ ਹੁਣ ਇਸ ਵੇਲੇ ਕਹਿ ਰਹੇ ਹਨ-ਤਹਿਸੀਲਦਾਰ ਨੂੰ, ''ਸਾਨੂੰ ਹੁਕਮ ਹੈ ਅਕਾਲ ਪੁਰਖ ਦਾ''-ਹੈ ਤਾਂ ਉਹ ਆਪ ਹੀ, ਥੋੜਾ ਜਿਹਾ ਭੇਦ ਬਣਾ ਲੈਂਦਾ ਹੈ, ਉਹਲਾ ਕਰਕੇ, ਸਾਂਗ ਬਣਾ ਕੇ। ਜਿਸ ਤਰ੍ਹਾਂ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ - ਲਹਿਣਾ ਜਿਸ ਵੇਲੇ ਮਿਲਣ ਜਾਂਦਾ ਹੈ,

ਕਹਿੰਦਾ ਹੈ, ''ਜੀ ਗੁਰੂ ਸਾਹਿਬ ਕਿੱਥੇ ਹਨ?'',

''ਬਈ, ਉਧਰਲੇ ਪਾਸੇ ਦੀ ਆ, ਦੂਜੇ ਦਰਵਾਜੇ ਅੰਦਰ ਬੈਠੇ ਹਨ––ਧਰਮਸਾਲਾ ਦੇ।''

ਮਹਾਰਾਜ ਏਧਰੋਂ ਦੀ ਜਾ ਕੇ ਬੈਠ ਗਏ, ਲਹਿਣਾ ਉੱਧਰੋਂ ਦੀ ਜਾ ਕੇ ਦੇਖਦੈ, ਉਹੋ ਹੀ ਹਨ।

**ਨਿਰਗੁਨੁ ਆਪਿ ਸਰਗੁਨੁ ਭੀ ਓਹੀ॥**
**ਕਲਾ ਧਾਰਿ ਜਿਨਿ ਸਗਲੀ ਮੋਹੀ।**

*– ਪੰਨਾ ੨੮੭*

## ਜੀਵਨ ਮੁਕਤ

ਇਹ ਉਸ ਦੀ ਖੇਡ ਹੈ। ਉਹਦੇ ਜਿਹੜੇ ਸੇਵਕ ਹਨ, ਜਿਹੜੇ ਉਹਦੇ ਲੜ ਲੱਗ ਜਾਂਦੇ ਹਨ, ਉਹਦਾ ਰੂਪ ਬਣ ਜਾਂਦੇ ਹਨ। ਉਸ ਦਿਨ ਅਤ੍ਰੇ ਜੀ ਨੇ ਇਹ ਗੱਲ ਦੱਸੀ ਸੀ ਕਿ-ਮੋਕਸ਼, ਪਰ ਗੁਰੂ ਦੇ ਘਰ ਵਿੱਚ ਗੁਰਬਾਣੀ ਪੜ੍ਹਕੇ ਜਦੋਂ ਅਸੀਂ ਦੇਖਦੇ ਹਾਂ ਤਾਂ ਮੁਕਤੀ ਤੋਂ ਉੱਤੇ ਇੱਕ ਜਗ੍ਹਾ ਹੋਰ ਹੈ।

**ਬੇਣੀ ਕਹੈ ਸੁਨਹੁ ਰੇ ਭਗਤਹੁ ਮਰ ਨ ਮੁਕਤਿ ਕਿਨਿ ਪਾਈ।**

*– ਪੰਨਾ-੯੩*

ਨਾਮਦੇਉ ਕਹਿੰਦਾ ਹੈ,

**ਮੂਏ ਹੂਏ ਜਉ ਮੁਕਤਿ ਦੇਹੁਗੇ,**
(ਤੇਰੀ) **ਮੁਕਤਿ ਨ ਜਾਨੈ ਕੋਇਲਾ॥**

*– ਪੰਨਾ-੧੨੯੨*

ਕਬੀਰ ਕਹਿੰਦੇ ਹਨ :–

**ਜਉ ਤਨੁ ਕਾਸੀ ਤਜਹਿ ਕਬੀਰਾ ਰਮਈਐ ਕਹਾ ਨਿਹੋਰਾ।**

*– ਪੰਨਾ-੬੯੨*

ਇੱਕ-ਇੱਕ ਦੀ ਗੱਲ ਨਹੀਂ, ਹਨੂਮਾਨ ਜੀ ਨੂੰ, ਕਹਿੰਦੇ ਹਨ ਰਾਮ ਚੰਦਰ ਜੀ, ''ਮੰਗ ਹਨੂਮਾਨ''।

ਕੀ ਮੰਗਦਾ ਹੈ—ਕਹਿੰਦਾ, ''ਇੱਕੋ ਚੀਜ਼ ਮੰਗਦਾ ਹਾਂ।''

**ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ।।**

*– ਆਸਾ ਮ: ੧, ਪੰਨਾ–੩੬੦*

ਸਤਿਗੁਰਾਂ ਨੇ ਗੁਰਬਾਣੀ ਵਿੱਚ ਜੀਵਨ ਮੁਕਤ ਸ਼ਬਦ ਦੱਸਿਆ ਹੈ :–

**ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ,**

*– ਸੂਹੀ ਮ: ੩, ਪੰਨਾ–੭੭੧*

ਜਿਊਂਦੇ ਹੀ ਮੁਕਤ, ਮਰ ਕੇ ਮੁਕਤ ਨਹੀਂ। ਕੀ ਤਾਕਤ ਹੈ, ਉਹਨਾਂ ਵਿੱਚ, ਕਿਆ ਚੀਜ਼ ਹੈ ? ਜਿਸ ਤਰ੍ਹਾਂ ਅਕਾਲ ਪੁਰਖ ਆਪਣਾ ਰੂਪ ਧਾਰਦਾ ਹੈ–ਸਰਗੁਣ, ਜਿਸਤਰ੍ਹਾਂ ਕਾਗ ਭਸੁੰਡ ਨੇ ਕਿਹਾ, ਕਿ ਜਦੋਂ ਅੱਗ ਦੀ ਪਰਲੋ ਹੋ ਆਉਂਦੀ ਹੈ–ਮੈਂ ਅੱਗ ਦਾ ਰੂਪ ਹੋ ਜਾਨਾਂ; ਪਾਣੀ ਦੀ ਆਉਂਦੀ ਹੈ–ਮੈਂ ਪਾਣੀ ਦਾ ਹੋ ਜਾਨਾਂ, ਹਵਾ ਦੀ ਆਉਂਦੀ ਹੈ–ਮੈਂ ਹਵਾ ਦਾ ਰੂਪ ਹੋ ਜਾਨਾਂ। ਜਿਸ ਤਰ੍ਹਾਂ ਅਕਾਲ ਪੁਰਖ ਵੀ—

**ਅਰਬਦ[੫] ਨਰਬਦ[੬] ਧੁੰਦੂਕਾਰਾ।**
**ਧਰਣਿ ਨ[੭] ਗਗਨਾ[੮] ਹੁਕਮੁ ਅਪਾਰਾ[੯]।**

*– ਮਾਰੂ ਮ: ੧, ਪੰਨਾ–੧੦੩੫*

ਸ੍ਰਿਸ਼ਟੀ ਰਚਦਾ ਹੈ, ਲੈਯ ਕਰਦਾ ਹੈ; ਸੂਖਮ ਰੂਪ ਧਾਰ ਲੈਂਦਾ ਹੈ– ਨਿਰਗੁਣ ਬਣ ਜਾਂਦਾ ਹੈ, ਨਿਰਾਕਾਰ ਹੋ ਜਾਂਦਾ ਹੈ। ਜਿਹੜੇ ਸਿੱਖ ਸਤਿਗੁਰੂ ਵਿੱਚ ਮਿਲ ਜਾਂਦੇ ਹਨ, ਉਹ ਵੀ ਉਸੇ ਤਰ੍ਹਾਂ ਹੀ ਹੋ ਜਾਂਦੇ ਹਨ। ਹਨੂਮਾਨ ਕਹਿੰਦਾ ਹੈ, ''ਇੱਕੋ ਚੀਜ ਮੰਗਦੇ ਹਾਂ।'' ਉਹ ਕੀ ਮੰਗਦੇ ਹਾਂ–''ਜਦੋਂ ਤੂੰ ਧਰਤੀ ਤੇ ਆਵੇਂ–ਮਾਤ ਲੋਕ ਤੇ–ਤੇਰੇ ਨਾਲ ਆਈਏ, ਜਦੋਂ ਜਾਵੇਂ–ਨਾਲ ਹੀ ਜਾਈਏ, ਬਸ।''—

**ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ।।**

*– ਸਿਰੀ ਰਾਗ ਮ: ੧, ਪੰਨਾ–੨੧*

**ਏਕ ਨਿਮਖ ਜੇ ਬਿਸਰੈ ਸੁਆਮੀ**
**ਜਾਨਉ ਕੋਟਿ ਦਿਨਸ ਲਖ ਬਰੀਆ[੧੦]।**

*– ਸਾਰਗ ਮ: ੫, ਪੰਨਾ–੧੨੦੯*

ਉਹਨਾਂ ਲੋਕਾਂ ਦੀ ਗੱਲ ਹੈ, ਉਹ ਜੀਵਨ ਮੁਕਤ ਹੋਏ। ਕਿਵੇਂ ਹੋਏ ?

ਜੇ ਆਖ ਦਿੱਤਾ, ''ਲਹਿਣਿਆ, ਚੜ੍ਹ ਜਾਹ ਕਿੱਕਰ ਉੱਤੇ, ਝਾੜ ਮਠਿਆਈ''-ਤਾਂ ਇਹ ਆਖਿਆ, ''ਬਈ, ਇਹ ਤਾਂ ਕਿੱਕਰ ਹੈ।''

ਜੇ ਆਖਿਆ, ''ਜਾ ਲੀੜੇ ਧੋ ਲਿਆ'',—ਇਹ ਆਖਿਆ, ''ਮਹਾਰਾਜ ਰਾਤ ਹੈ, ਦਿਨੇ ਧੋ ਲਿਆਵਾਂਗਾ, ਸੁੱਕਣੇ ਨਹੀਂ।''

ਜੇ ਆਖਿਆ, ''ਭਾਈ-ਮਾਈ ਨਾਲ ਭੋਗ ਕਰ'',—ਹੁਣ ਸਤਿਗੁਰੂ ਦੱਸਣ ਵਾਲਾ ਤੇ ਸਿੱਖ ਸਮਝਣ ਵਾਲਾ ਹੈ—ਗਏ, ਮਾਈ ਦਾ ਥਣ ਚੁੰਘ ਕੇ ਮੁੜ ਆਏ। ਲੋਕਾਂ ਨੇ ਕੁਝ ਸਮਝਿਆ। ਕਹਿਣ ਲੱਗੇ, ''ਕਰ ਆਇਆਂ।''

ਕਹਿਣ ਲੱਗੇ, ''ਮਹਾਰਾਜ ਮਾਈ ਦਾ ਭੋਗ ਥਣ ਹੀ ਚੁੰਘਣਾ ਸੀ।''

ਕਿਉਂਕਿ ਰੱਖਣਾ ਵੀ ਸਤਿਗੁਰਾਂ ਨੇ ਸੀ। ਫੇਰ, ਭਾਈ ਬਾਲਾ ਜੀ ਜਿਸ ਵੇਲੇ ਗੁਰੂ ਅੰਗਦ ਨੂੰ ਕਥਾ ਸੁਣਾਉਂਦੇ ਹਨ—ਕਹਿੰਦੇ ਹਨ, ''ਗੁਰੂ ਅੰਗਦ ਜੀ, ਜਿਸ ਵੇਲੇ ਮੁਰਦੇ ਵਾਲਾ ਸਾਂਗ ਵਰਤਾਇਆ, ਮੈਂ ਤੇ ਬਾਬਾ ਬੁੱਢਾ ਵੀ ਖਿਸਕ ਤੁਰੇ''-ਇੱਕ ਗੁਰੂ ਅੰਗਦ ਰਹਿ ਗਿਆ। ਫਿਰ ਗੁਰ ਅੰਗਦ ਕੀ ਹੋ ਗਿਆ—ਗੁਰੂ ਅੰਗਦ-ਨਾਨਕ ਹੋ ਗਿਆ, ਨਾਨਕ ਨੇ ਅੰਗਦ ਦੇ ਪੈਰਾਂ ਉੱਤੇ ਮੱਥਾ ਟੇਕਿਆ। ਇਸੇ ਤਰ੍ਹਾਂ ਚਲੀ ਆਈ-ਕਾਰ। ਜਿੱਥੋਂ-ਜਿੱਥੋਂ ਤਕ ਕਿਸੇ ਨੇ ਮੰਨਿਆ-ਕੋਈ ਪੰਜ ਮੰਨੇ, ਕੋਈ ਦੋ ਮੰਨੇ, ਕੋਈ ਸੱਤ ਮੰਨੇ, ਕੋਈ ਦਸ ਮੰਨੇ—ਜਿੰਨਾ-ਜਿੰਨਾ ਕਿਸੇ ਨੂੰ ਦਿਖਾਇਆ, ਓਨਾਂ-ਓਨਾਂ ਉਹ ਦੇਖਦਾ ਆਇਆ। ਗੁਰੂ ਬਾਲਕ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ—ਹੁਣ ਗੁਰੂ ਗੋਬਿੰਦ ਸਿੰਘ ਇਹ ਗੱਲ ਲਿਖਦਾ ਹੈ :-

**ਜਾਹੀ ਕੁਲ ਤੇ ਪ੍ਰਗਟ ਹੋਇ ਤਾਹੀਂ ਕੁਲ ਕੋ ਨਾਮ।**
**ਪੁੰਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਣਾਮ।**

*- ਗੁਰਿੰਡ ਨਾਮਾ, ਪਾ:੧੦*

ਗੁਰੂ ਗੋਬਿੰਦ ਸਿੰਘ ਨਮਸਕਾਰ ਕਰਦੈ, ਕਿਉਂਕਿ ਉਨ੍ਹਾਂ ਦਾ ਕੰਮ ਹੀ ਹੈ-ਗੁਰੂ ਚੇਲੇ ਨੂੰ ਕਰਦਾ ਹੀ ਆਇਆ ਹੈ-ਗੁਰੂ ਨਾਨਕ ਨੇ-ਗੁਰ ਅੰਗਦ ਨੂੰ ਕੀਤੀ, ਅੰਗਦ ਨੇ-ਅਮਰਦਾਸ ਨੂੰ ਕੀਤੀ; ਇਸੇ ਤਰ੍ਹਾਂ ਕਰਦੇ ਹੀ ਤੁਰੇ

ਆਏ–ਇਹ ਕੋਈ ਬੜੀ ਗੱਲ ਨਹੀਂ। ਸਾਡੇ ਵਿੱਚ ਫੁੱਟ ਪਾਉਣ ਵਾਲਾ ਇੱਕ ਅੰਸਰ ਆਇਆ – ਅੰਗਰੇਜ਼, ਜਿਨ੍ਹੇ ਏਹੋ ਜੇਹਾ ਸਾਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਜੇ ਨਹੀਂ ਕਿਸੇ ਦਾ ਚਿਤ ਕਰਦਾ–ਇੱਕ ਆਦਮੀ ਮੂੰਗੀ ਦੀ ਦਾਲ ਖਾਂਦਾ ਹੈ, ਇੱਕ ਸਬਜ਼ੀ ਖਾਂਦਾ ਹੈ—ਨਾ ਖਾਵੇ, ਲੇਕਿਨ ਇਹ ਜਿਹੜੀ ਗੱਲ ਹੈ ਬਈ ਦਾਲ ਬੜੀ ਬੁਰੀ ਚੀਜ਼ ਹੈ, ਇਹ ਭਾਜੀ ਬੜੀ ਬੁਰੀ ਚੀਜ਼ ਹੈ, ਇਹ ਉਹ ਸਾਡੇ ਵਿੱਚ ਪਾ ਗਿਆ ਬਈ–ਕਿਤੇ ਇਕੱਠੇ ਹੋ ਕੇ ਸਿੱਖ ਨਾ ਬਹਿ ਜਾਣ। ਜੇ ਸਿੱਖ ਇਕੱਠੇ ਹੋ ਜਾਣ, ਫਿਰ ਸਿੱਖਾਂ ਨੂੰ ਕੋਈ ਛੇੜਨ ਵਾਲਾ ਕਿਹੜਾ ਹੈ, ਸਿੱਖਾਂ ਨੂੰ ਮਾਰਨ ਵਾਲਾ ਕਿਹੜਾ ਹੈ। ਹੁਣ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ,

*ਅਬ ਤੁਮ ਮੇਰੇ ਬਚਨ ਕੀ ਨਹਿ ਮਾਨੋ ਪਰਤੀਤ।*
*ਤਬ ਫਿਰ ਤੁਮ ਸੋ ਹੋਇਗੀ ਅਨਿਕ ਭਾਂਤ ਯਹਿ ਰੀਤ।*
*ਸੇਰ ਸੇਰ ਆਟੇ ਕੇ ਪਾਗੇ ਭਾਗੇ ਫਿਰੋ ਤੁਰਕਨ ਕੇ ਆਗੇ।*

## ਬੀਰ ਸਿੱਖ

ਫੇਰ, ਗੁਰੂ ਬਾਲਕ ਸਿੰਘ ਤੋਂ ਗੁਰੂ ਰਾਮ ਸਿੰਘ ਹੋਇਆ। ਕਈ ਗੁਰੂ ਬਾਲਕ ਸਿੰਘ ਤੇ ਹੀ ਅੜ ਗਏ ਜਿਹੜੇ ਅਗਾਹਾਂ ਨਾ ਤੁਰੇ। ਉਸਤੋਂ ਬਾਅਦ ਸਤਿਗੁਰਾਂ ਨੇ ਜਿਸ ਵੇਲੇ ਪ੍ਰਕਾਸ਼ ਕੀਤਾ–ਇਹ ਇੱਕ ਨਵੀਂ ਚੀਜ਼ ਹੈ ਮੈਂ ਤੁਹਾਨੂੰ ਅੱਜ ਦੱਸਣ ਲੱਗਾਂ, ਅੱਗੇ ਨਾਮਧਾਰੀਆਂ ਵਿੱਚ ਬਹੁਤ ਘੱਟ ਕਿਸੇ ਨੂੰ ਪਤਾ ਹੋਵੇਗਾ।

ਬਾਬੇ ਉਤੱਮ ਸਿੰਘ ਹੋਰੀਂ ਇੱਕ ਰਾਇਸਰ ਦੇ ਸਿੰਘ ਸਨ, ਇੱਕ ਬਾਬਾ ਬਲੀ ਸਿੰਘ ਸੀ ਥਰਾਜ ਵਾਲੇ ਦੇ–ਮੁਕਤਸਰ ਦੇ ਇਲਾਕੇ ਦੇ, ਇੱਕ ਬਾਬਾ ਰੂੜ ਸਿੰਘ ਰੂਖੜ–ਇਹ ਤਿੰਨ ਚਾਰ ਸਰੀਰ ਉਹ ਸਨ, ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ, ਜਿਹਨਾਂ ਨੂੰ ਬੀਰ ਕਹਿੰਦੇ ਸਨ। ਤਾਕਤ ਉਹਨਾਂ ਦੀ ਕਿਹੋ ਜਿਹੀ ਸੀ। ਉਹ ਬਾਬੇ ਬਲੀ ਸਿੰਘ ਹੁਰੀਂ ਤੇ ਰੂੜ ਸਿੰਘ ਹੋਰਾਂ ਨੇ–ਹਜ਼ਾਰਾ ਸਿੰਘ ਸਤਿਗੁਰਾਂ ਦੇ ਨਾਲ ਦੌਰੇ ਜਾਣੇ–ਵੱਡੇ–ਵੱਡੇ ਗੜਵੇ ਫੜੇ ਹੋਣੇ, ਡੋਲ ਫੜੇ ਹੋਣੇ, ਭੱਜ ਕੇ ਸਾਰੀ ਸੰਗਤ ਦੇ ਅੱਗੇ ਚਲੇ ਜਾਣਾ। ਓਥੋਂ

ਜਲ ਛਕਾਉਣਾ ਸ਼ੁਰੂ ਕਰਨਾ, ਸਾਧ-ਸੰਗਤ ਨੇ ਲੰਘਦੀ ਜਾਣਾ, ਜਦੋਂ ਸਾਧ-ਸੰਗਤ ਨੇ ਜਲ ਛਕ ਕੇ ਲੰਘ ਜਾਣਾ, ਮਗਰੋਂ ਫਿਰ ਜਾ ਰਲਣਾ। ਫੇਰ, ਤੜਕੇ ਉੱਠ ਕੇ ਹਜ਼ਾਰਾਂ ਸਿੱਖਾਂ ਦਾ ਇਸ਼ਨਾਨ ਕਰਾਉਂਦੇ ਸੀ। ਇਹ ਬਾਬੇ ਉੱਤਮ ਸਿੰਘ ਹੁਰੀਂ ਜਿਹੜੇ ਰਾਏ ਸਰੀਏ ਸਨ-ਇਹ ਓਨਾਂ ਦਿਨਾਂ ਵਿੱਚ ਚਾਰ ਸੇਰ ਪੱਕਾ ਘਿਉ ਦਾ ਭਾਅ ਸੀ, ਤੁਸੀਂ ਗਿਣਤੀ ਕਰ ਲਉ ਕਿ ਚਾਰ ਸੇਰ ਘਿਉ, ਚਾਰ ਸੇਰ ਖੰਡ ਤੇ ਚਾਰ ਸੇਰ ਮੈਦਾ, ਤੇ ਜੇ ਬਾਰਾਂ ਨਾਲੋਂ ਦੂਣਾ ਨਾ ਕਰੀਏ, ਡਿਉੜਾ ਪਾਣੀ ਕਰੀਏ, ਅਠਾਰਾਂ ਸੇਰ ਪਾਣੀ, ਤੇ ਬਾਰਾਂ ਸੇਰ ਇਹ-ਤੀਹ ਸੇਰ ਪੱਕਾ ਕੜਾਹ ਪ੍ਰਸਾਦ ਛਕ ਕੇ ਫੇਰ ਪ੍ਰਸਾਦੇ ਛਕ ਲੈਂਦੇ ਸੀ। ਤਾਕਤ ਓਨ੍ਹਾਂ ਦੀ ਤੁਸੀਂ ਗਿਣ ਲਵੋਂ ਕੀ ਹੋਵੇਗੀ। ਪੰਜ ਸੌ ਮੁਸਲਮਾਨ ਨਾਲ ਇਕੱਲੇ ਲੜੇ। ਕੁਝ ਪਹਿਲੇ ਹੰਕਾਰ ਆਇਆ ਚਿਤ ਵਿੱਚ-ਇੱਕ ਮਾੜੇ ਜਿਹੇ ਮੁਸਲਮਾਨ ਨੇਂ ਸੋਟਾ ਪਕੜ ਲਿਆ, ਅੱਧਾ ਪਿੰਡ ਮੁਸਲਮਾਨਾਂ ਦਾ ਸੀ-ਫਿਰ ਸਤਿਗੁਰਾਂ ਨੂੰ ਯਾਦ ਕੀਤਾ, ਫਿਰ-

**ਜਾਮਿ[੧੧] ਗੁਰੂ ਹੋਇ ਵਲਿ ਲਖ[੧੨] ਬਾਹੇ ਕਿਆ ਕਿਜਇ।।**

*– ਪੰਨਾਂ-੧੩੯੯*

ਪੰਜ ਸੌ ਮੁਸਲਮਾਨ ਇਕੱਲਿਆਂ ਨੇ ਕੁੱਟਿਆ। ਇਹ ਉਹ ਸਰੀਰ ਸਨ, ਜਿਹਨਾਂ ਦੀ ਸਤਿਗੁਰਾਂ ਦੀ ਦੇਹ ਤੇ ਸ਼ਰਧਾ ਸੀ-ਗੁਰੂ ਹਰੀ ਸਿੰਘ ਜੀ ਉੱਤੇ ਭੀ ਉਸੇ ਤਰ੍ਹਾਂ ਸੀ-ਉਹਨਾਂ ਨੂੰ।

ਮੈਂ ਹੁਣ ਤੁਹਾਨੂੰ ਗੱਲ ਦੱਸਦਾ ਹਾਂ, ਉਹ ਕਹਿਣ ਲੱਗੇ ਕਿ ਸਤਿਗੁਰਾਂ ਦੇ ਜਾਣ ਤੋਂ ਪਹਿਲਾਂ-ਕੁਛ ਚਿਰ ਮਹੀਨੇ, ਦਿਨ ਨਹੀਂ ਉਨ੍ਹਾਂ ਨੇ ਦੱਸੇ-ਭਾਈ ਮਸਤਾਨ ਸਿੰਘ ਹੋਰੀ ਉਹਨਾਂ ਦੇ ਪੁੱਤਰ ਹਨ, ਜਿਨ੍ਹਾਂ ਦੀ ਉਮਰ ਐਸ ਵੇਲੇ ਅੱਸੀ ਸਾਲ ਦੇ ਕਰੀਬ ਹੈ, ਜਿਹੜੇ ਉਨ੍ਹਾਂ ਕੋਲੋਂ ਬਚਨ ਸੁਣਦੇ ਰਹੇ, ਉਹ ਦੱਸਦੇ ਰਹੇ, ਜਾਣਦੇ ਹਨ ਸੇਠ ਦਿਆਲ ਸਿੰਘ ਹੋਰੀਂ ਬਈ ਸੂਬੇ ਮਸਤਾਨ ਸਿੰਘ ਹੋਰੀਂ ਸਾਡੇ ਲੁਧਿਆਣੇ ਦੇ ਜ਼ਿਲ੍ਹੇ ਦੇ ਬੜੇ ਮਸ਼ਹੂਰ ਆਦਮੀ ਸਨ। ਸਤਿਗੁਰਾਂ ਨੇ ਪੁਸ਼ਾਕ ਮੰਗਵਾ ਕੇ, ਗੁਰੂ ਹਰੀ ਸਿੰਘ ਜੀ ਨੂੰ ਪਹਿਨਾਕੇ ਜਿਹਨਾਂ ਨੇ ਇਹ ਦਰਸ਼ਨ ਕੀਤਾ, ਭਾਈਂ ਉੱਤਮ ਸਿੰਘ ਹੋਰੀਂ ਉਹਨਾਂ ਵਿੱਚੋਂ ਸਨ। (ਭਾਈ ਮਸਤਾਨ ਸਿੰਘ) ਕਹਿਣ ਲਗੇ-ਫਿਰ ਉਸੇ ਤਰਾਂ ਪੁਸ਼ਾਕ ਲੁਹਾ

ਦਿੱਤੀ, ਉਸੇ ਤਰ੍ਹਾਂ ਵਿੱਚ ਰਲਾ ਦਿੱਤੀ, ਪਤਾ ਨਹੀਂ ਲੱਗਣ ਦਿੱਤਾ-ਕਿਸੇ ਨੂੰ। ਸੰਮਤ ੧੯੨੮ ਤੋਂ ਲੈ ਕੇ ੧੯੬੩ ਤਕ, ਚੌਂਤੀ ਸਾਲ ਦੇ ਕਰੀਬ ਗੁਰੂ ਹਰੀ ਸਿੰਘ ਜੀ ਗੁਰਗੱਦੀ ਤੇ ਬਿਰਾਜੇ ਔਰ ਫਿਰ ਕੀ ਕੁਛ ਕੀਤਾ।

## ਬਾਬਾ ਗੰਡਾ ਸਿੰਘ ਜੀ

ਸਤਿਗੁਰਾਂ ਦੇ ਸੂਬੇ ਸਨ-ਉਨ੍ਹਾਂ ਦੇ ਨਗਰ (ਗੁਰੂ ਹਰੀ ਸਿੰਘ ਜੀ) ਗਏ-ਉਹ ਜਿੱਥੇ ਰਹਿੰਦੇ ਸਨ, ਅੰਬਾਲੇ ਦੇ ਜ਼ਿਲ੍ਹੇ ਵਿੱਚ। ਬਾਬੇ ਹੁਰੀਂ ਅੱਗੋਂ ਨਾ ਉੱਠੇ। ਜਾ ਕੇ ਮੱਥਾ ਟੇਕ ਕੇ ਉਨ੍ਹਾਂ ਦੇ ਪੈਂਦ ਵੱਲ ਬੈਠ ਗਏ। ਸਿੱਖਾਂ ਦੇ ਦਿਲਾਂ ਵਿੱਚ ਆਇਆ, ਹੋਰ ਕੋਈ ਨਹੀਂ, ਸਤਿਗੁਰਾਂ ਦਾ ਭਰਾ ਜਾਣ ਕੇ ਹੀ ਉਠਦੇ। ਜਿੰਨੇ ਲੋਕ ਮੰਨਣ ਵਾਲੇ ਸੀ-ਉਹਨਾ ਦੇ ਮਨਾਂ ਵਿੱਚ ਕੁਛ ਫਰਕ ਆਇਆ। ਬਾਬੇ ਗੰਡਾ ਸਿੰਘ ਹੋਰਾਂ ਕੋਲ ਗਏ-ਉਹ ਨਾ ਉਠੇ-ਉਹਨਾਂ ਦੇ ਚਰਣੀ ਹੱਥ ਲਾ ਦਿੱਤਾ। ਇਹੋ ਜਿਹੇ ਨਹੀਂ ਸਨ ਉਹ ਬਾਬੇ ਗੰਡਾ ਸਿੰਘ ਹੋਰੀਂ ਕਿ ਉਹਨਾਂ ਵਿੱਚ ਕੁਝ ਨਹੀਂ ਸੀ। ਜਿੰਨੇ ਸਰੀਰ ਉਹਨਾਂ ਦੇ ਕੋਲ ਰਹਿੰਦੇ ਸਨ-ਇੱਬਨ ਵਿੱਚ ਰਹਿੰਦੇ ਸਨ। ਕੋਈ ਸਰੀਰ ਜੇ ਮਹਿ ਚੁੰਘਣ ਲਗ ਪਿਆ, ਉਹਦਾ ਉੱਥੇ ਹੀ ਗਲ ਫੜਿਆ ਗਿਆ, ਜੇ ਕਿਸੇ ਜਗ੍ਹਾ ਕਿਸੇ ਇਸਤਰੀ ਵੱਲ ਬੁਰੀ ਨਿਗਾਹ ਝਾਕਿਐ—ਉੱਥੇ ਹੀ ਮੁਸ਼ਕਾਂ ਆ ਗਈਆਂ। ਦੋਂ ਨਿਹੰਗ ਸਿੰਘ ਆਉਂਦੇ ਹਨ-ਮੰਜੇ ਤੇ ਬੈਠੇ ਰਹਿੰਦੇ, ਭਜਨ ਬਾਣੀ ਕਰਨ ਵਾਲੇ ਸਨ। ਨਿਹੰਗ ਸਿੰਘਾਂ ਨੂੰ ਪੁਛਿਆ, ''ਨਿਹੰਗ ਸਿੰਘ ਜੀ, ਕਿੱਧਰ ਤਿਆਰੀਆਂ ਕੀਤੀਆ ?''

''ਜੀ ਚੱਲੇ ਹਾਂ-ਮੁਕਤਸਰ ਸਾਹਿਬ''।

''ਕਾਹਦੇ ਵਾਸਤੇ''

''ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ'',

ਐਉਂ ਮੂੰਹ ਤੇ ਹੱਥ ਫੇਰ ਕੇ ਕਹਿੰਦੇ ਹਨ,''ਜੇ ਇੱਥੇ ਹੀ ਕਰਾ ਦਈਏ।''

ਉਹ ਕੂਕਾ ਨਹੀਂ ਸੀ ਨਿਹੰਗ ਸਿੰਘ। ਨਿਹੰਗ ਸਿੰਘ ਨੂੰ ਦਰਸ਼ਨ ਹੋ ਗਿਆ ਗੁਰੂ ਗੋਬਿੰਦ ਸਿੰਘ ਦਾ, ਉਲਟ ਕੇ ਜਾ ਪਿਆ, ਪੱਗ ਕਿੱਧਰੇ ਲਹਿ ਗਈ। ਉਹ ਭਜਨ ਕਰੇ ਮੂੰਹੋ-ਉਹ ਦੂਜਾ ਨਿਹੰਗ ਸਿੰਘ ਆਖੇ,

''ਉਹ ਤੂੰ, ਉਹ ਕੂਕਿਆਂ ਦਾ ਭਜਨ ਨਾ ਕਰ, ਉਹ ਗੁਰੂ ਗੋਬਿੰਦ ਸਿੰਘ ਵਾਲਾ ਕਰ''।

ਉਹ ਕਹਿੰਦਾ, ''ਅੰਨ੍ਹਿਆ ਤੈਨੂੰ ਤੇ ਦਿੱਸਦਾ ਨਹੀਂ, ਇੱਥੇ ਸਾਹਮਣੇ ਬੈਠਾ ਹੈ-ਗੁਰੂ ਗੋਬਿੰਦ ਸਿੰਘ ਤਾਂ ਮੇਰੇ।''

ਇੱਥੋਂ ਤਕ ਕਿਉਂਕਿ ਸਤਿਗੁਰੂ ਦਾ ਰੂਪ ਹੈ-ਸਿੱਖ।

***ਗੁਰੂ ਸਿਖੁ ਸਿਖੁ ਗੁਰੂ ਹੈ ਏਕੋ –***

ਗੁਰਬਾਣੀ ਕਹਿੰਦੀ ਹੈ,

**ਗੁਰ ਉਪਦੇਸੁ ਚਲਾਏ।**

*– ਆਸਾ ਮ: ੪, ਪੰਨਾ-੪੪੪*

ਜਿਹੜੇ ਕਰਦੇ ਹਨ, ਨਾਮ ਜਪਦੇ ਹਨ। ਉਸ ਦਿਨ ਤੋਂ ਬਾਅਦ ਉਹ ਬਾਬੇ ਗੰਡਾ ਸਿੰਘ ਹੁਰੀ, ਮੈਂ ਉਹਨਾਂ ਦਾ ਦਰਸ਼ਨ ਕੀਤਾ ਹੈ, ਹੱਥ ਕੰਬਣ ਲੱਗ ਪਏ, ਪ੍ਰਸ਼ਾਦਾ ਨਹੀਂ ਸਨ ਛਕ ਸਕਦੇ।

ਗੁਰੂ ਹਰੀ ਸਿੰਘ ਜੀ ਦਾ ਜ਼ਮਾਨਾ ਕਿਹੋ ਜਿਹਾ, ਬੀਬੀ ਨੰਦਾ ਸਤਿਗੁਰਾਂ (ਸਤਿਗੁਰੂ ਰਾਮ ਸਿੰਘ ਜੀ) ਦੀ ਲੜਕੀ ਸੀ। ਫਿਰ ਇਹ ਗੱਲ ਹੈ ਕਿ ਸਤਿਗੁਰਾਂ ਨੂੰ ਪਹਿਲੇ ਜਿਸ ਵੇਲੇ ਪਰਾਗ ਰਾਜ ਵਿੱਚ ਬੈਠਿਆਂ, ਅੰਗਰੇਜ਼ ਨੇ ਲਿਖਕੇ ਭੇਜਿਆ ਕਿ ਕਿਹਨੂੰ ਤੁਹਾਡਾ ਘਰ ਸੰਭਾਲੀਏ। ਸਤਿਗੁਰਾਂ ਨੇ ਸਾਰੇ ਸੂਬਿਆਂ ਨੂੰ ਇਕੱਠੇ ਕੀਤਾ, ਪੁਛਿਆ, ''ਬਈ, ਦੱਸੋ ਕਿਵੇ ਕਰਨੀ ਹੈ ?''

ਬਾਬਾ ਜਵਾਹਰ ਸਿੰਘ ਜੀ ਨਿਰਮਲਿਆਂ ਸੰਤਾਂ ' ਚੋਂ ਆਏ ਸੀ, ਬਾਬੇ ਸਾਹਬ ਸਿੰਘ ਹੁਰੀਂ, ਬ੍ਰਹਮਾ ਸਿੰਘ ਹੁਰੀਂ-ਉਦਾਸੀ ਨਾਂਗੇ, ਜਟਾਂ ਵਾਲੇ ਹੁੰਦੇ ਸਨ-ਇਹ ਫੇਰ ਸਿੱਖ ਸਜੇ ਸਨ। ਕੋਈ ਕਹੇ ਜੀ ਪੰਚਾਇਤ ਬਣਾਓ, ਕੋਈ ਕਹੇ-ਕੁਝ ਕਰੋ। ਬਾਬੇ ਕਾਹਨ ਸਿੰਘ, ਹੁਰੀਂ-ਉਹਨਾਂ ਨੂੰ ਆਖਿਆ ਸੀ, ''ਲਾ ਦੇ ਕਾਹਨਿਆ-ਅੱਗ''-ਜਿਹੜੇ ਸਤਿਗੁਰਾਂ ਦੇ ਨਾਲ ਰਹੇ ਹੋਏ ਸਨ। ਸੂਬੇ ਦਾਰ ਹੁੰਦੇ ਸਨ- ਫੌਜ ਵਿੱਚ, ਜਿਨ੍ਹਾਂ ਨੇ ਇਹ ਕੌਤਕ ਵੀ ਅੱਖੀਂ ਗੰਗਾ ਵਾਲਾ ਦੇਖਿਆ ਸੀ, ਉਹਨਾਂ ਨੂੰ ਦਿਖਾਇਆ, ਦੱਸਿਆ-ਉਹ ਕਹਿੰਦੇ ਹਨ, ''ਸੱਚੇ ਪਾਤਸ਼ਾਹ ! ਤੇਰੇ ਭਾਈ ਬਿਨਾ ਹੋਰ ਕੋਈ ਨਹੀਂ ਸਾਂਭਣ ਵਾਲਾ।''

## ਸਿਦਕ ਭਰੋਸਾ ਅਤਿ ਉੱਤਮ

ਇਸ ਤੋਂ ਪਹਿਲਾਂ ਇੱਕ ਬਚਨ ਸਤਿਗੁਰਾਂ ਕੀਤਾ ਸੀ, ਜ਼ਰਾ ਧਿਆਨ ਦੇਣਾ, ਚਮਕ ਨਾ ਕਿਸੇ ਦੇ ਚਿਤ ਵਿੱਚ ਆਵੇ, ਗੱਲ ਇਹੋ ਜਿਹੀ ਹੈ ਜੇ ਤੁਸੀਂ ਚੰਗੀ ਤਰ੍ਹਾਂ ਸਮਝੋਗੇ ਤਾਂ ਪਤਾ ਲੱਗੇਗਾ। ਸਤਿਗੁਰੂ ਬੈਠੇ-ਬੈਠੇ ਇੱਕ ਦਿਨ ਕਹਿੰਦੇ ਹਨ, ''ਬਾਣੀ ਬੜੀ ਚੀਜ਼ ਹੈ''-ਸੂਬੇ ਪਾਸ ਬੈਠੇ ਹਨ-ਪਰਾਗ ਰਾਜ ਦੇ ਕਿਲ੍ਹੇ ਵਿੱਚ।

ਫਿਰ ਕਹਿੰਦੇ ਹਨ, ''ਬਾਣੀ ਨਾੜ ਹੈ, ਸਿੱਟਾ ਨਾਮ ਹੈ।''

ਜ਼ਰਾ ਕੁ ਚਿਰ ਪਿਛੋਂ ਕਹਿੰਦੇ ਹਨ, ''ਨਾਮ ਵੀ ਤੁਹ ਹੀ ਹੈ।''

ਹੈਰਾਨ ਹੋਏ। ਬਾਬੇ ਜਵਾਹਰ ਸਿੰਘ ਹੁਰੀਂ ਪੱਟਾਂ ਤੇ ਹੱਥ ਮਾਰ ਕੇ ਪਿੱਟਣ ਲੱਗ ਪਏ, ਫਿਰ-ਕਹਿੰਦੇ, ''ਦੱਸ ਹੋਰ ਏਦੂੰ ਅੱਗੇ ਕੀ ਹੈ।''

ਸਤਿਗੁਰੂ ਕਹਿਣ ਲੱਗੇ, ''ਬਾਬਾ ਜੀ ਬਾਣੀ ਪੜ੍ਹਕੇ, ਨਾਮ ਜਪ ਕੇ ਜੇ ਪੁਰਸ਼ ਨੂੰ ਸਿਦਕ ਨਹੀਂ ਹੋਇਆ, ਯਕੀਨ ਨਹੀਂ ਆਇਆ, ਇਹ ਸਭ ਨਿਸਫਲ''।

ਧਿਆਨ ਦੇਣ ਦੀ ਲੋੜ ਹੈ ਜ਼ਰਾ, ਜਿਸ ਸਿੱਖ ਨੂੰ ਅੰਮ੍ਰਿਤ ਛਕ ਕੇ ....... ਭਾਈ ਤਾਰੂ ਸਿੰਘ ਨੂੰ ਸਿਦਕ ਆਇਆ, ''ਬਈ, ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤ ਮੇਰੇ ਕੇਸਾਂ ਵਿੱਚ ਪਿਆ ਹੈ-ਮੇਰੇ ਸਿਰ ਤੋਂ ਕੇਸ ਨਹੀਂ ਕੋਈ ਲਾਹ ਸਕਦਾ।''

ਨਿਰੀ ਬਾਣੀ ਪੜ੍ਹੀ ਦਾ ਵੀ ਕੀ ਫਾਇਦਾ ਹੈ। ਅਸੀਂ ਸੌ ਪਾਠ ਗ੍ਰੰਥ ਸਾਹਿਬ ਦਾ ਕਰ ਲਈਏ, ਸਾਰਾ ਦਿਨ ਮਾਲਾ ਘਸਾਂਉਦੇ ਰਹੀਏ, ਜੇ ਸਤਿਗੁਰੂ ਤੇ ਸਾਨੂੰ ਯਕੀਨ ਨਹੀਂ, ਸਿਦਕ ਨਹੀਂ, ਸਾਡੇ ਪੱਲੇ ਕੁਛ ਨਹੀਂ। ਮਹਾਰਾਜ ਨੇ ਗੁਰਬਾਣੀ ਵਿੱਚ ਵੀ ਲਿਖਿਆ ਹੈ,

**ਬੈਸਨੋ ਨਾਮੁ ਕਰਮ ਹਉ ਜੁਗਤਾ ਤੁਹ ਕੁਟੇ ਕਿਆ ਫਲੁ ਪਾਵੈ।**

*- ਰਾਮਕਲੀ ਮ: ੫, ਪੰਨਾ-੯੬੦*

ਫਿਰ ਤੁਹ ਹੋ ਜਾਂਦਾ ਹੈ-ਨਾਮ ਵੀ। ਉਹ ਦਿਨ ਲੰਘਿਆ, ਬਾਬੇ ਹੋਰਾਂ ਦੇ ਚਿਤ ਵਿੱਚ-ਜਵਾਹਰ ਸਿੰਘ ਹੁਰਾਂ ਦੇ ਸ਼ੰਕਾ ਰਹੀ। ਜਦੋਂ ਬਾਬੇ ਕਾਹਨ

ਸਿੰਘ ਨੇ ਆਖਿਆ –''ਸੱਚੇ ਪਾਤਸ਼ਾਹ ! ਤੁਹਾਡੇ ਭਾਈ ਬਿਨਾਂ ਕੋਈ ਨਹੀਂ, ਸਾਂਭਣ ਵਾਲਾ।''

ਸਤਿਗੁਰ ਕਹਿੰਦੇ ਹਨ, ''ਮੇਰੀ ਵੀ ਇਹੋ ਸਲਾਹ ਹੈ।''

ਤਾਂ, ਬਾਬੇ ਜਵਾਹਰ ਸਿੰਘ ਹੁਰਾਂ ਦਾ ਮਨ ਡੋਲ ਗਿਆ। ਉਹ ਬਾਬੇ ਜਵਾਹਰ ਸਿੰਘ ਹੁਰੀਂ, ਜਿਨ੍ਹਾਂ ਦੇ ਆਇਆਂ-ਸਤਿਗੁਰੂ ਦੀਵਾਨ ਵਿੱਚ ਖੜੇ ਹੋ ਜਾਂਦੇ ਸੀ। ਕਿਸੇ ਸਿੱਖ ਉੱਤੇ ਸਤਿਗੁਰੂ ਨਰਾਜ਼ ਹੋਣ-ਬਾਬੇ ਹੁਰਾਂ ਦਾੜ੍ਹਾ ਹੱਥ ਵਿੱਚ ਫੜਕੇ ਖੜੇ ਹੋ ਕੇ ਕਹਿਣਾ-''ਬਖਸ਼ੋ।''

ਆਖਣਾ, ''ਬਾਬਾ ਤੇਰੀ ਦਇਆ ਨੇ ਪੱਟੇ।''

ਉਹਨੂੰ ਬਖਸ਼ ਦੇਣਾ, ਭਾਵੇਂ ਕਿੰਨਾ ਵੀ ਗੁਨਾਹ ਹੋਵੇ। ਉਹ ਬਾਬੇ ਹੁਰਾਂ ਦਾ ਮਨ ਡੋਲ ਗਿਆ, ਉਹ ਤੁਸੀਂ ਅਸੀਂ ਕੀਹਦੇ ਵਿਚਾਰੇ ਹਾਂ-ਇਹ ਧਿਆਨ ਦੇਣ ਦੀ ਲੋੜ ਹੈ। ਸਤਿਗੁਰੂ ਤੋਂ ਮੰਗਿਆ ਕਰੋ ਕਿ ਸਿਦਕ ਦਾ ਦਾਨ ਦੇਵੇ। ਜਿੰਨਾ ਚਿਰ ਇਸ ਪੁਰਸ਼ ਨੂੰ ਨਿਸਚਾ ਨਹੀਂ ਹੁੰਦਾ-ਸਤਿਗੁਰੂ ਉੱਤੇ -ਉਨਾਂ ਚਿਰ ਇਸ ਦੇ ਪੱਲੇ ਕੁਛ ਨਹੀਂ ਪੈਂਦਾ।

ਗੁਰੂ ਹਰੀ ਸਿੰਘ ਜੀ ਨੂੰ-ਉਹ ਵੀ ਹੁਕਮ ਮਿਲ ਗਿਆ। ਫਿਰ, ਬਾਬਾ ਦਰਬਾਰਾ ਸਿੰਘ ਜੀ ਤਿੰਨ ਸਾਲ ਬਾਅਦ ਰੰਗੂਨ ਜਾਂਦੇ ਹਨ। ਖੇਡ ਬਣਦੀ ਹੈ-ਬਾਰ ਬਟਨ ਨੂੰ ਮਿਲਣ ਜਾਂਦੇ ਹਨ-ਪਤਾ ਏਥੇ ਕੋਈ ਨਹੀਂ, ਲਗਦਾ।

ਭਾਈ ਉੱਤਮ ਸਿੰਘ ਹੁਰੀਂ-ਉਹੋ ਹੀ-ਗੁਰੂ ਹਰੀ ਸਿੰਘ ਜੀ ਦੇ ਪਾਸ ਆਉਂਦੇ ਹਨ। ਇੱਕ ਦਿਨ ਆ ਕੇ ਕਹਿੰਦੇ ਹਨ, ''ਸੱਚੇ ਪਾਤਸ਼ਾਹ ਕਿੱਥੇ ਹਨ—ਸਤਿਗੁਰੂ ਇਸ ਵੇਲੇ।''

ਕਹਿੰਦੇ ਹਨ, ''ਭਾਈ ਉੱਤਮ ਸਿਹਾਂ, ਥੋੜੇ ਜਿਹੇ ਦਿਨ ਸਤਿਗੁਰ ਨਹੀਂ ਸੀ ਮੈਨੂੰ ਦਰਸ਼ਨ ਦਿੱਤਾ-ਨੇਤਰ ਗਲ ਗਏ ਸੀ। ਮੇਰਾ ਸਰੀਰ ਨਹੀਂ ਸੀ ਰਹਿੰਦਾ ਜੇ ਹੋਰ ਵੀ ਦੋ ਚਾਰ ਦਿਨ ਸਤਿਗੁਰੂ ਦਰਸ਼ਨ ਨਾ ਦਿੰਦੇ। ਭਾਈ, ਤੂੰ ਜੇ ਥੋੜਾ ਜਿਹਾ ਚਿਰ ਪਹਿਲੇ ਆਉਂਦਾ ਸਤਿਗੁਰ ਹੁਣੇ ਇਥੋਂ ਗਏ ਹਨ। ਸਤਿਗੁਰ ਮੇਰੇ ਮੋਢੇ ਤੇ ਹੱਥ ਧਰ ਦਿੰਦੇ ਹਨ, ਤਾਂ ਇਹ ਕੰਮ ਚਲਦਾ ਹੈ।''

ਇੱਕ ਚੀਜ਼ ਤੇ ਮੈਂ ਵੀ ਦੇਖੀ ਆਪਣੇ ਅੱਖੀਂ। ਛੋਟੇ-ਛੋਟੇ ਸਾਂ ਬਗੈਰ ਕਿਸੇ ਮਤਲਬ ਤੋਂ ਚਲਦੇ-ਚਲਦੇ-ਚਲਦੇ, ਤੁਰੇ ਜਾਂਦਿਆਂ ਰਾਹ ਵਿੱਚ ਖੜੇ ਹੋ ਜਾਣਾ, ਫਿਰ ਉੱਥੇ ਚਰਨ ਨਾਲ ਮਿੱਟੀ ਥੋੜੀ ਜਿਹੀ ਖੁਰਚਣੀ ਜ਼ਰਾ ਕੁ ਫਿਰ ਚਲਣਾ। ਇੱਕ ਕਦਮ ਨਹੀਂ ਸੀ ਉਠਾਉਂਦੇ ਜਿੰਨਾ ਚਿਰ ਸਤਿਗੁਰਾਂ ਦਾ ਹੁਕਮ ਨਹੀਂ ਸੀ ਚਲਦਾ।

ਫਿਰ ਬਾਬਾ ਦਰਬਾਰਾ ਸਿੰਘ ਜੀ ਗਏ-ਰੰਗੂਨ। ਪਹਿਲਾਂ ਜਿਹੜਾ ਹੁਕਮਨਾਮਾ ਭੇਜਿਆ, ਕਿਉਂਕਿ ਹੁਕਮ ਨਾਮਿਆਂ ਉੱਤੇ ਬੜੀ ਪਾਬੰਦੀ ਸੀ, ਉਹ ਜਿਹੜੇ ਬਚਨ ਯਾਦ ਕਰਕੇ-ਸਤਿਗੁਰਾਂ ਕਿਹਾ—ਜਾਂ ਪਾਣੀ ਮੈਂ ਗਾਲ ਦੇਣੀਂ ਜਾਂ ਅੱਗ ਮੈਂ ਸਾੜ ਦੇਣੀ। ਉਹਦੇ ਵਿੱਚ ਲਿਖਿਆ ਹੈ, **''ਭਾਈ ਇਸ ਦਾ ਨਾਮ ਅੱਜ ਤੋਂ ਹਰੀ ਸਿੰਘ ਹੋਇਆ''**-ਜਿਸ ਤਰ੍ਹਾਂ ਲਹਿਣੇ ਦਾ ਅੰਗਦ ਨਾਉਂ ਧਰਿਆ, **''ਔਰ ਇਹ ਮੇਰੇ ਪਿਛੌਂ ਸਿੱਖੀ ਹਰੀ ਰਖੇਗਾ, ਇਸਨੂੰ ਸਿਰ ਕਰਤਾ ਜਾਨਣਾ, ਮੇਰੇ ਧੱਕੇ ਨੂੰ ਇਹ ਬਖਸ਼ ਲਵੇਗਾ-ਇਹਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ।''** ਉਹ ਕੂਕਾ ਹੋ ਕੇ ਜਿਹੜਾ ਅੱਜ ਗੁਰੂ ਹਰੀ ਸਿੰਘ ਤੇ ਸਿਦਕ ਨਹੀਂ ਲਿਆਉਂਦਾ ਫਿਰ ਉਹ ਕੀ ਆਪਣੇ ਆਪ ਵਿੱਚ ਡੀਂਗ ਮਾਰ ਸਕਦਾ ਹੈ, ਉਹ ਕੀ ਆਪਣੇ ਆਪ ਨੂੰ ਕਹਾਉਂਦਾ ਹੈ।

ਮੈਂ ਰਾਤ ਵੀ ਤੁਹਾਨੂੰ ਗੱਲ ਦੱਸੀ ਸੀ, ਕਿ ਕਲਜੁਗ ਸਤਿਗੁਰਾਂ ਦਾ ਰੂਪ ਧਾਰੇਗਾ, ਪਰ ਮਰਯਾਦਾ ਨਹੀਂ ਸਤਿਗੁਰਾਂ ਦੀ ਹੋਵੇਗੀ। ਧਿਆਨ ਦੇਣਾ ਕੋਈ ਆਦਮੀ ਤੁਹਾਨੂੰ ਕਹਿੰਦੈ, ਮਰਯਾਦਾ ਵਿੱਚ ਕੁਛ ਨਹੀਂ, ਕੋਈ ਆਦਮੀ ਤੁਹਾਨੂੰ ਕਹਿੰਦਾ ਹੈ, ਨਿਤਨੇਮ ਵਿੱਚ ਕੁਛ ਨਹੀਂ, ਇੱਕ ਘੰਟਾ ਕਿਉਂ ਕਰਦੇ ਹੋ, ਦੂਏ ਘੰਟੇ ਕਿੱਧਰ ਜਾਣ। ਸ਼ੁਕਰ ਹੈ ਜੇ ਅਸੀਂ ਇੱਕ ਘੰਟਾ ਵੀ ਕਰ ਲਈਏ। ਦੇਖਣਾ ਏਨ੍ਹਾਂ ਗੱਲਾਂ ਵਿੱਚ ਨਹੀਂ ਆ ਜਾਣਾ, ਕਿਉਂਕਿ ਇੱਥੋਂ ਧੋਖਾ ਹੋ ਜਾਂਦਾ ਹੈ, ਇਹ ਤਿਲਕਣ ਬਾਜ਼ੀ ਵਿਹੜਾ ਹੈ। ਇਸ ਗੱਲ ਦਾ ਧਿਆਨ ਰੱਖਣ ਦੀ ਬੜੀ ਲੋੜ ਹੈ।

ਹਨੂਮਾਨ ਨੂੰ ਅਯੁੱਧਿਆ ਵਿੱਚ ਆ ਕੇ, ਰਾਮ ਚੰਦਰ ਜੀ ਮਹਾਰਾਜ ਇੱਕ ਮਾਲਾ ਦਿੰਦੇ ਹਨ—ਮਣੀਆਂ ਦੀ। ਹਨੂਮਾਨ ਲੈ ਕੇ ਮਾਲਾ, ਦੇਖਦਾ

ਹੈ, ਦੰਦ ਹੇਠ ਲੈਂਦਾ ਹੈ, ਤੋੜ ਦਿੰਦਾ ਹੈ। ਉਸ ਨੂੰ ਕਿਹਾ, ''ਉਏ, ਹਨੂਮਾਨ ਤੂੰ ਬਾਂਦਰ ਹੀ ਸੀ ਨ, ਅਖੀਰ ਬਾਂਦਰ ਹੀ ਰਿਹਾ। ਰਾਮ ਚੰਦਰ ਜੀ ਮਹਾਰਾਜ ਨੇ ਤੈਨੂੰ ਦਿੱਤੀ ਮਾਲਾ, ਉਏ ਉਹ ਮਾਲਾ ਕੀਮਤੀ ਮਣੀਆਂ ਦੀ, ਤੂੰ ਇਹਨੂੰ ਭੰਨਦਾ ਹੈਂ।''

ਕਹਿੰਦਾ, ''ਤੂੰ ਇਸ ਮਰਮ ਨੂੰ ਨਹੀਂ ਜਾਣ ਸਕਦਾ।''

ਬਿਹਾਰੀ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਕਵੀ ਹੋਏ, ਸਾਹਿਬ, ਜਿਸ ਵੇਲੇ ਨਿਕਲ ਕੇ ਲੱਖੀ ਜੰਗਲ ਵਿੱਚ ਆਉਂਦੇ ਹਨ, ਓਦੋਂ ਦਿਵਾਨ ਨੰਦ ਲਾਲ ਜੀ ਪਹੁੰਚ ਜਾਂਦੇ ਹਨ, ਬਿਹਾਰੀ ਜੀ ਪਹੁੰਚ ਜਾਂਦੇ ਹਨ, ਕਮਲੀਆ ਆ ਜਾਂਦਾ ਹੈ। ਸਾਹਿਬ ਬੈਠ ਕੇ ਸੱਦ ਮਾਰਦੇ ਹਨ, ਕਹਿੰਦੇ :-

**ਲੱਖੀ ਜੰਗਲ[੧੩] ਖਾਲਸਾ[੧੪] ਦੀਦਾਰ ਆਇ ਲਗਾ ਤਬ ਉਚਾਰ ਹੋਇਆ।**
**ਸੁਣ ਕੈ ਸੱਦੂ[੧੫] ਮਾਹੀ[੧੬] ਦਾ ਮੇਹੀ[੧੭] ਪਾਣੀ ਘਾਹੁ ਮੁਤੋ[੧੮] ਨੇ।।**
**ਕਿਸੇ ਨਾਲ ਨ ਰਲੀਆ ਕਾਈ ਕੋਈ ਸੌਕ ਪਿਯੋ ਨੇ।।**
**ਗਇਆ ਫਿਰਾਕੁ[੧੯] ਮਿਲਿਆ ਮਿਤੁ[੨੦] ਮਾਹੀ ਤਾਂਹੀ ਸੁਕਰ[੨੧] ਕੀਤੋ ਨੇ।।**

ਨੰਦ ਲਾਲ ਜੀ ਆਏ, ਕਹਿੰਦੇ ਹਨ :-

*ਇਕ ਦਿਨ ਮੈਂ ਸਤਿਗੁਰ ਪਾਸੋਂ ਪ੍ਰੇਮ ਸੁਰਾਹੀ ਪੀਤੀ।*
*ਭਾਏ ਅਸਾਡੇ ਲਿਖੀ ਫਕੀਰੀ ਸੋ ਮਸਤਕ ਧਰ ਲੀਤੀ।*
*ਪਿਛਲੀ ਉਮਰ ਗੁਨਾਹੀਂ ਬੀਤੀ ਹਰ ਕੀ ਭਗਤ ਨ ਕੀਤੀ।*
*ਆਗੇ ਸਮਝ ਚਲੋ ਨੰਦ ਲਾਲਾ ਪਾਛੈ ਜੋ ਬੀਤੀ ਸੋ ਬੀਤੀ।*

ਬਿਹਾਰੀ ਜੀ ਦੀ ਵਾਰੀ ਆਉਂਦੀ ਹੈ, ਬਿਹਾਰੀ ਜੀ ਕਹਿੰਦੇ ਹਨ,

*ਆਸ਼ਕ-ਆਸ਼ਕ ਸਭ ਕੋਈ ਆਖੇ ਸਿਰ ਟੇਢੀ ਪਗੜੀ ਧਰਕੇ।*
*ਸਿਰੋਂ ਪਰੇ ਇਸ਼ਕ ਦਾ ਡੇਰਾ ਸਬ ਮੁੜ ਆਏ ਡਰਕੇ।*
*ਮਾਨ ਮਣੀ ਤੇ ਖੁਦੀ ਤਕੱਬਰ ਕੋਈ ਨ ਰਹਿਓ ਉਸ ਜਰ ਕੇ।*
*ਉਹ ਮਹਿਬੂਬਾਂ ਦੇ ਮਹਿਲ ਬਿਹਾਰੀ ਕੋਈ, ਬਿਰਲਾ ਪਹੁੰਚਾ ਮਰਕੇ।*

ਜਿੰਨਾਂ ਚਿਰ ਜਿਊਂਦਾ ਹੈ,

*ਮੁਰਦਾ ਹੋਏ, ਮਰੀਦ ਨ ਗਲੀਂ ਹੋਵਨਾ।*
*ਮੁਰਦਾ ਹੋਏ ਮਰੀਦ ਤਾਂ ਗੁਰ ਗੋਦ ਸਮਾਵੈ।*

ਗੁਰੂ ਰੂਪ ਗੋਦ ਦੇ ਵਿੱਚ ਤਾਂ ਸਮਾਉਂਦਾ ਹੈ ਜੇ ਮੁਰਦਾ ਹੋ ਜਾਏ। ਜੇ ਇਸਨੂੰ ਇਹ ਹੈ-ਇਉਂ ਨਹੀਂ ਚਾਹੀਦਾ, ਇਉਂ ਚਾਹੀਦਾ ਹੈ, ਇਹ ਗੱਲ ਨਹੀਂ, ਇਹ ਲੋਕ ਗੱਲਾਂ ਕਰਦੇ ਹਨ-*ਮਨ ਮੁਖ ਕਥਨੀ ਹੈ, ਪਰ ਰਹਿਤ ਨ ਹੋਈ*।

ਹਨੂਮਾਨ ਕਹਿੰਦਾ ਹੈ, ''ਓਏ ਇਹ ਮਣਕੇ ਮੇਰੇ ਕੰਮ ਦੇ ਨਹੀਂ ਓਏ।''

''ਕਿਉਂ ਨਹੀਂ ਕੰਮ ਦੇ?''

''ਇਹਨਾਂ ਤੇ ਰਾਮ ਨਹੀਂ ਲਿਖਿਆ ਹੋਇਆ।''

ਫੇਰ ਅਖੇ ''ਤੂੰ''

ਕਹਿੰਦਾ, ''ਮੈਂ ਆਪਣੀ ਦੇਹ ਵੀ ਨਾ ਰੱਖਾਂ ਜੇ ਇਹਦੇ ਵਿੱਚ ਰਾਮ ਨਾ ਹੋਵੇ''—ਐਉਂ ਕਰਕੇ ਹਨੂਮਾਨ ਨਹੁੰ ਨਾਲ ਫੜਕੇ ਚੰਮ ਪਾੜਦਾ ਹੈ, ਐਸ ਤਰ੍ਹਾਂ ਚਮੜਾ ਖੜਾ ਹੁੰਦਾ ਕਿਤੇ-ਕਿਤੇ ਤਸਵੀਰ ਬਣੀ ਹੈ, ਹਰ ਇੱਕ ਰੋਮ ਤੇ ਰਾਮ-ਰਾਮ ਲਿਖਿਆ ਹੈ।

ਭਾਈ ਸੱਜਣੋਂ ਮੇਰਾ ਫਰਜ਼ ਹੈ ਤੁਹਾਡੀ ਸਾਧ-ਸੰਗਤ ਦੀ ਸੇਵਾ ਵਿੱਚ ਅਰਜ਼ ਕਰਨੀ ਕਿ ਕੋਈ-ਕੋਈ ਸੱਜਣ, ਐਸੇ ਰਸਤੇ ਚਲਣਾ ਚਾਹੁੰਦੇ ਹਨ ਜਿਹੜੇ ਦੋ ਬੇੜੀਆਂ ਵਿੱਚ ਲੱਤ ਧਰਨੀ ਚਾਹੁੰਦੇ ਹਨ। ਕਦੇ ਦੋ ਬੇੜੀਆਂ ਵਿੱਚ ਲੱਤ ਧਰਕੇ ਕੋਈ ਆਦਮੀ ਪਾਰ ਨਹੀਂ ਹੋਇਆ। ਨਾਲੇ ਤਾਂ ਉਹ ਕੂਕੇ ਬਣਦੇ ਹਨ, ਨਾਲੇ ਪਾਤਸ਼ਾਹੀ ਦਸ ਕਹਿ ਕੇ ਅਰਦਾਸਾ ਕਰਦੇ ਹਨ। ਗੁਰੂ ਹਰੀ ਸਿੰਘ ਦਾ ਨਹੀਂ ਲੈਂਦੇ ਨਾਉ। ਤੁਸੀਂ ਇਹ ਗੱਲ ਦਸੋ ਬਈ, ਜਿਨ੍ਹਾਂ ਲੋਕਾਂ ਨੂੰ ਗੁਰੂ ਨਾਨਕ ਨੇ ਆਖਿਆ, ''ਇਹ ਮੇਰੇ ਥਾਂ ਅੰਗਦ ਹੋ ਗਿਆ, ਜਿਹਨੂੰ ਬਹਾ ਕੇ ਮੱਥਾ ਟੇਕ ਦਿੱਤਾ, ਜਿਹਨੇ ਗੁਰੂ ਅੰਗਦ ਨੂੰ ਨਹੀਂ ਮੰਨਿਆ-ਉਹਨੇ ਗੁਰੂ ਨਾਨਕ ਨੂੰ ਮੰਨ ਲਿਆ।'' ਜਦੋਂ ਗੁਰੂ ਹਰਕ੍ਰਿਸ਼ਨ ਨੇ ਕਿਹਾ, ''ਬਾਬਾ ਬਕਾਲੇ,'' ਜਿਹਨਾਂ ਨੇ ਬਾਬੇ ਬਕਾਲੇ ਨੂੰ ਨਾ ਮੰਨਿਆ, ਉਹਨਾਂ ਨੇ ਗੁਰੂ ਹਰਕ੍ਰਿਸ਼ਨ ਨੂੰ ਮੰਨ ਲਿਆ ? ਧਿਆਨ ਦਿਉਂ, ਧੀਰਮਲ ਕੋਲੋਂ ਬੀੜ ਗ੍ਰੰਥ ਸਾਹਿਬ ਜੀ ਦੀ ਸਿੱਖ ਖੋਹ ਲੈਂਦੇ ਹਨ। ਗੁਰੂ ਤੇਗ ਬਹਾਦਰ ਜੀ ਨੂੰ ਪਤਾ ਨਹੀਂ, ਤੁਰੇ ਜਾਂਦੇ ਹੁਕਮ ਦਿੰਦੇ ਹਨ, ''ਇਹ ਕਿਉ''।

ਕਹਿੰਦੇ ਜੀ, ''ਖੋਹ ਲਿਆਏ,''।

ਕਹਿੰਦੇ , ''ਜਾਓ ਵਾਪਸ ਦਿਓ।''

ਜਾ ਸਕਦੇ ਨਹੀਂ। ਉੱਥੇ ਸੁਨੇਹਾ ਭੇਜਦੇ ਹਨ-ਪੜ੍ਹੋ ਇਤਿਹਾਸ-ਬਿਆਸਾ ਦਰਿਆ ਨੂੰ ਕਹਿੰਦੇ ਹਨ, ''ਲੈ ਭਾਈ, ਇਹ ਅਸਾਡੀ ਅਮਾਨਤ ਹੈ, ਤੂੰ ਏਨਾ ਚਿਰ ਇਸਨੂੰ ਰੱਖਣਾ ਹੈ, ਅੱਠ ਪਹਿਰ ਜਾਂ ਸੋਲ੍ਹਾਂ ਪਹਿਰ।''

ਧੀਰਮਲ ਨੂੰ ਸੁਨੇਹਾ ਪਹੁੰਚਦਾ ਹੈ, ਅਠਵੇਂ ਪਹਿਰ ਜਦੋਂ ਉਹ ਆਉਂਦਾ ਹੈ, ਉਹ ਆ ਕੇ ਚੁੱਭੀਆਂ ਮਾਰਦੇ ਹਨ, ਸੱਤਾਂ ਪਾਤਸ਼ਾਹੀਆਂ ਦਾ ਅਰਦਾਸਾ-ਅੱਠਾਂ ਦਾ ਕਰਦਾ ਹੈ, ਨੌਵੀਂ ਦਾ ਨਾਂ ਨਹੀਂ ਲੈਂਦਾ, ਗ੍ਰੰਥ ਸਾਹਿਬ ਨਹੀਂ ਲੱਭਦਾ। ਉਹ ਕਿਸੇ ਨੇ ਕੋਲੋਂ ਕਿਹਾ, ''ਉਹ ਗੁਰੂ ਤੇਗ ਬਹਾਦਰ ਦਾ ਨਾਂ ਲਓ, ਉਹ ਜਿਹੜਾ ਗੱਦੀ ਦਾ ਮਾਲਕ ਹੈ''। ਜਿਸ ਵੇਲੇ ਨਾਂ ਲਿਆ ਤਾਂ ਉਹ ਬੀੜ ਲੱਭ ਆਈ, ਉਹਦੇ ਪੱਤਰੇ ਛਿੱਜੇ ਹੋਏ, ਲਾਂਭਾਂ ਤੋਂ ਗਲ ਗਏ ਹਨ-ਹਾਸ਼ੀਆ। ਸਤਿਗੁਰਾਂ ਦਾ ਜਿੱਥੇ ਨਾਂ ਆ ਜਾਏ ਉਹ ਚੀਜ਼ ਨਹੀਂ ਅੱਗ ਵੀ ਸਾੜਦੀ। ਮੈਨੂੰ ਇਹ ਚੰਗੀ ਤਰ੍ਹਾਂ ਪਤਾ ਹੈ, ਜਿਹੜਾ ਗ੍ਰੰਥ ਸਤਿਗੁਰਾਂ ਵਾਲਾ ਭਾਈ ਸੰਤੋਖ ਸਿੰਘ ਨੇ ਲਿਖਿਐ-ਸਤਿਗੁਰੂ ਰਾਮ ਸਿੰਘ ਦਾ—ਮੇਰੇ ਸਾਹਮਣੇ ਦੀ ਇਹ ਗੱਲ ਹੈ, ਮੈਨੂੰ ਹੋਸ਼ ਹੈ ਚੰਗੀ ਤਰ੍ਹਾਂ-ਉਹਨਾਂ ਨੇ ਇੱਕ ਝੁੱਗੀ ਪਾਈ ਹੋਈ ਸੀ, ਜਿਹੜਾ ਪਿਛਲਾ ਤਬੇਲਾ ਹੈ ਉਹਦੇ ਵਿੱਚ, ਜਿਥੇ ਹੁਣ ਖੂਹੀ ਲੱਗੀ ਹੈ-ਇੱਥੇ, ਅੱਗ ਲੱਗ ਗਈ। ਰੁੱਤ ਗਰਮੀ ਦੀ ਹੈ, ਗੁਰੂ ਹਰੀ ਸਿੰਘ ਜੀ ਆਏ, ਤਬੇਲੇ ਉੱਤੇ ਚੜ੍ਹ ਕੇ ਦੇਖ ਰਹੇ ਹਨ-ਅੱਗ ਲੱਗੀ ਨੂੰ, ਝੁੱਗੀ ਸੜ੍ਹ ਗਈ। ਸੰਤੋਖ ਸਿੰਘ ਪਿੱਟਦਾ ਹੈ, ''ਮੇਰੀ ਕਰੀ ਕਰਾਈ ਖੂਹ ਵਿੱਚ ਪੈ ਗਈ।'' ਝੁੱਗੀ ਸੜ ਜਾਂਦੀ ਹੈ। ਉਹ ਪੀਲਾ ਦਸਤਾਰਾ ਸਜਾ ਲੈਂਦੇ ਸੀ-ਸੰਤੋਖ ਸਿੰਘ, ਹੁਰੀਂ, ਕਿਉਂਕਿ ਨਾਮਧਾਰੀਆਂ ਵਿੱਚ ਪੀਲੇ ਦਸਤਾਰੇ ਦੀ ਕੋਈ ਮਨਾਹੀ ਨਹੀਂ ਹੈ, ਇਸ ਤਰ੍ਹਾਂ ਆਮ ਤੌਰ ਤੇ ਚਿੱਟਾ ਨਹੀਂ ਪੀਲਾ ਵੀ, ਉਹਨਾਂ ਦੀ ਉਹ ਪੱਗ ਜਲੀ ਹੋਈ ਦੇ ਐਨੇ-ਐਨੇ ਟੁਕੜੇ ਮੈਂ ਦੇਖੇ, ਰੁਮਾਲੀਆਂ ਜਿਹੀਆਂ। ਬਾਹਰ ਸੰਤੋਖ ਸਿੰਘ ਹੁਰੀਂ ਬੜੇ ਦੁਖੀ, ਗੁਰੂ ਹਰੀ ਸਿੰਘ ਜੀ ਕੋਠੇ ਉੱਤੇ ਖਲੋਤੇ-ਉਹ ਨਾ ਜਲਿਆ।

ਮੇਰੇ ਸਾਹਮਣੇ ਇੱਕ ਗੱਲ ਹੋਈ, ਭੈਣੀ ਸਾਹਿਬ ਵਿਚ ਕਿ ਭਾਈ

ਰਾਏ ਸਿੰਘ ਜੀ ਸਨ-ਉਹ ਰਾਏ ਸਿੰਘ ਨਹੀਂ ਜਿਹੜੇ ਹਜ਼ੂਰ ਸਾਹਿਬ ਗਏ। ਇਹ ਭਾਈ ਰਾਏ ਸਿੰਘ ਜੀ-ਖਟੜੇ ਨਗਰ ਦਾ ਜਨਮ ਸੀ—ਇਹਨਾਂ ਦਾ, ਕਾਰੀਗਰ ਸਿੱਖ ਸਨ। ਇਹਨਾਂ ਦੇ ਪੁੱਤਰਾਂ ਦੇ ਨਾਂ—ਇੱਕ ਦਾ ਨੱਥਾ ਸਿੰਘ ਸੀ, ਇੱਕ ਦਾ ਨਾਂ, ਕਰਮ ਸਿੰਘ, ਇੱਕ ਦਾ ਨਾਂ ਅਜੈਬ ਸਿੰਘ। ਉਹ ਛੋਟਾ ਜਿਊਂਦਾ ਹੈ ਅਜੇ, ਜਿਹੜਾ ਵਿਚਲਾ ਪੁੱਤਰ ਸੀ, ਕਰਮ ਸਿੰਘ ਉਹ ਬਹੁਤ ਸਿਦਕ ਵਾਲਾ ਸੀ। ਦੂਸਰੇ ਨੂੰ—ਸੰਤ ਸੂਰਤ ਸਿੰਘ ਜੀ ਸਤਿਗੁਰਾਂ ਦੇ ਵਿਚਕਾਰਲੇ ਦੋਹਤਰੇ ਸਨ, ਉਹ ਸਿੰਘ ਸਭਾ ਵੱਲ ਬਹੁਤ ਖਿਆਲ ਰੱਖਦੇ ਸਨ—ਉਹਨਾਂ ਦੇ ਉਹ ਕੁਛ ਨੇੜੇ ਲਗਦੇ ਸਨ। ਅਖੰਡ ਪਾਠ ਤੋਰਨ ਲੱਗੇ, ਭਾਈ ਰਾਏ ਸਿੰਘ ਨੇ ਪਾਤਸ਼ਾਹੀ ਦਸ ਕਹਿ ਕੇ ਅਰਦਾਸਾ ਕੀਤਾ, -ਗੁਰੂ ਹਰੀ ਸਿੰਘ ਜੀ ਦਾ ਨਾਂ ਨਹੀਂ ਲਿਆ, ਦੋ ਵੇਰ ਅਰਦਾਸਾ ਕੀਤਾ, ਦੋਵੇ। ਵੇਰ ਜੋਤ ਬੁਝ ਗਈ। ਇਹ ਮੇਰੇ ਅੱਖੀਂ ਵੇਖਣ ਦੀ ਗੱਲ ਹੈ, ਸਾਹਮਣੇ ਦੀ। ਉਹ ਪੁੱਤਰ ਉਹਦਾ ਬਾਹਰ ਨਿਕਲ ਕੇ-ਉਹ ਧੂਪੀਆ ਬੈਠਾ ਸੀ-ਉਹ ਲੜ ਪਿਆ, ਕਹਿੰਦਾ ਪਿਉ ਨੂੰ, ''ਕੰਜਰਾ, ਤੇਰੀ ਮਤ ਕਿਉਂ ਮਾਰੀ ਗਈ ਤੂੰ ਅਰਦਾਸ ਸਤਿਗੁਰਾਂ ਦਾ ਨਾਂ ਲੈ ਕੇ ਕਰ।''

ਜਿਸ ਵੇਲੇ ਅਰਦਾਸਾ ਕੀਤਾ, ਉਹ ਫਿਰ ਜੋਤੀ ਜਗੀ। ਇਹ ਮੈਂ ਕਿਸੇ ਵਾਸਤੇ ਨਹੀਂ ਕਹਿ ਰਿਹਾ, ਕੋਈ ਇੱਕ ਨੂੰ ਮੰਨਣ ਵਾਲਾ-ਉਹ ਵੀ ਸਾਡਾ ਹੀ ਹੈ, ਜਿਹੜਾ ਗੁਰੂ ਨਾਨਕ ਨੂੰ ਮੰਨਦਾ ਹੈ।

## ਸ਼ਬਦਾਰਥ

੧. ਸ਼ਕਤੀਆਂ ਵਾਲਾ - ਸੋਲਾਂ ਕਲਾਂ- (੧) ਗਿਆਨ (੨) ਧਿਆਨ (੩) ਸ਼ੁਭਕਰਮ (੪) ਹਠ (੫) ਸੰਜਮ (੬) ਧਰਮ (੭) ਦਾਨ (੮) ਵਿਦਿਆ (੯) ਭਜਨ (੧੦) ਸ਼ੁਭਧਰਮ (੧੧) ਜਤ (੧੨) ਅਧਯਾਤਮ (੧੩) ਦਇਆ (੧੪) ਨੇਮ (੧੫) ਚਤੁਰਤਾ (੧੬) ਨਿਰਮਲ ਬੁਧੀ

੨. ਅਨੇਕ

੩. ਪਰਗਟ ਹੋਇਆ ਹੈ

੪. ਕੋਈ ਵੀ

੫. ਅਰਬਾਂ ਦੀ ਗਿਣਤੀ ਤਥਾ ਕਈ ਅਰਬ

੬. ਅਨਗਿਣਤ ਸਮਾਂ

੭. ਪ੍ਰਿਥਵੀ

੮. ਅਕਾਸ਼

੯. ਪਾਰਬ੍ਰਹਮ ਦਾ ਹੁਕਮ ਹੀ ਵਰਤ ਰਿਹਾ ਸੀ

੧੦. ਲੱਖਾਂ ਵੇਰ, ਲੱਖਾਂ ਬਰਸ

੧੧. ਜਿਸ ਵਲ, ਜਦੋਂ

੧੨. ਲੱਖਾਂ ਬਾਹਾਂ (ਵਾਲੀਆਂ ਫੌਜਾਂ)

੧੩. ਅਫਗਾਨ ਰਾਜ ਸਮੇਂ ਦੇ ਸੂਬੇ ਦੀਪਾਲ ਦਾ ਪੂਰਬ ਭਾਗ ਜਾ ਘਾਘਰਾ ਨਦੀ (ਸਤਲੁਜ-ਬਿਆਸ ਦੀ ਸਾਂਝੀ ਧਾਰਾ) ਤੋਂ ਸਾਬੋ ਕੀ ਤਲਵੰਡੀ ਤਕ ਫੈਲਿਆ ਹੈ। ਇਸ ਦੀ ਦੱਖਣੀ ਬਾਹੀ ਬੀਕਾਨੇਰ ਰਿਆਸਤ ਨਾਲ ਉਤਰੀ ਮਲੇਰੀਆ ਦੇ ਇਲਾਕੇ ਦੇ ਤਿਹਾੜੇ ਨਾਲ ਮਿਲਦੀ ਸੀ ਮੁਗਲਰਾਜ ਵਿੱਚ, ਇਹ ਇਕ, ਡਿਵਿਯਨ (ਸਰਕਾਰਂ) ਸੀ; ਤੇ ਸੂਬਾ 'ਲਾਹੌਰ ਯਾ ਮੁਲਤਾਨ' ਦੇ ਅਧੀਨ ਹੁੰਦਾ ਸੀ।

੧੪. ਖੰਡੇ ਦਾ ਅੰਮ੍ਰਿਤ ਛਕਣ ਵਾਲੇ ਸਿੰਘ

੧੫. ਸੱਦਾ, ਸੰਦੇਸ਼ਾ, ਅਵਾਜ਼ਾ, ਬੁਲਾਵਾ

੧੬. ਮੱਝਾਂ ਚਾਰਨ ਵਾਲੇ ਭਾਵ 'ਗੁਰੂ ਸਾਹਿਬ' ਦਾ

੧੭. ਮੱਝਾਂ, ਗੁਰੂ ਕੇ ਪਿਆਰੇ ਸਿੰਘਾਂ ਨੇ

੧੮. (ਘਾਹ ਚਰਨਾ) ਛੱਡ ਦਿੱਤਾ- ਭਾਵ-ਘਰੋਗੀ ਕਾਰ ਵਿਹਾਰ ਵਿਸਾਰ ਦਿੱਤੇ।

੧੯. ਜੁਦਾਈ, ਵਿਜੋਗ, ਵਿਛੋੜਾ

੨੦. ਯਾਰ, ਦੋਸਤ

੨੧. ਸ਼ੁਕ੍ਰ ਗੁਜ਼ਾਰੀ, ਧੰਨਵਾਦ, ਕ੍ਰਿੱਤਗਤਾ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

# ਬੰਕੌਕ ੭-੨-੧੯੫੧

*ਬਾਰ ਬਾਰ ਜੈਕਾਰਾ ਗਾਜੈ।*
*ਸੁਣਤ ਜਿਸੈ ਭੈ ਜਮ ਕੋ ਭਾਜੈ।*
*ਬੀਚ ਦੀਵਾਨ ਫਿਰੈ ਮਸਤਾਨੇ।*
*ਮੈ ਮੋਹਿਤ ਹੋਯੋ ਤਿਸ ਥਾਨੇ।।੬੨।।* ★[੧]

## ਮਸਤਾਨੇ ਦੀ ਕਥਾ

ਦੀਵਾਨ ਲੱਗਾ ਹੋਇਆ ਹੈ, ਦੀਵਾਨ ਵਿੱਚ ਮਸਤਾਨੇ ਫਿਰ ਰਹੇ ਹਨ। ਜੇ ਇਸ (ਮਸਤੀ) ਨੂੰ ਅਸੀਂ ਦੇਖੀਏ-ਇਤਿਹਾਸ ਪੜ੍ਹੋ-ਗੁਰੂ ਨਾਨਕ ਦੇਵ ਜੀ ਦੇ ਵਕਤ ਕਮਲੀਆ ਮਹਾਰਾਜ ਦਾ ਸੇਵਕ, ਜਿਹੜਾ ਸ੍ਰੀ ਚੰਦ ਜੀ ਪਾਸ ਰਿਹਾ ਤੇ ਫਿਰ ਜਦੋਂ ਗੁਰੂ ਹਰਿ ਗੋਬਿੰਦ ਸਾਹਿਬ, ਨਾਨਕ ਮਤੇ, ਗੋਰਖ ਮਤੇ ਗਏ-ਉੱਥੇ ਕਮਲੀਆ ਬੈਠਾ ਸੀ। ਉਹਦਾ ਨਾਂ ਹੀ ਕਮਲਾ ਹੋਣ ਕਰਕੇ ਕਮਲੀਆ ਸੀ, ਇਸਨੂੰ ਲੋਕ ਕਮਲਾ ਕਹਿੰਦੇ ਸਨ—ਮਸਤ।

ਫੇਰ, ਸੂਰਜ ਪ੍ਰਕਾਸ਼ 'ਚ ਪ੍ਰਸੰਗ ਆਉਂਦਾ ਹੈ ਕਿ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਵਕਤ ਵਿੱਚ, ਇੱਕ ਸਿੱਖ ਜਿਸ ਦਾ ਸਿਰ ਮੁੰਨਿਆ ਹੋਇਆ ਹੈ, ਤੇੜ ਕਛਹਿਰਾ ਹੈ, ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਉਂਦਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਅੰਦਰ ਬਿਰਾਜਮਾਨ ਹਨ। ਪਹਿਰੇ ਵਾਲੇ ਨੂੰ ਤਲਵਾਰ ਦਿੱਤੀ ਹੈ ਕਿ ਕੋਈ ਆਦਮੀ ਨੇੜੇ ਨਾ ਆਵੇ। ਪਹਿਰੂ ਹਰ ਵਕਤ ਸ਼ਸਤਰ ਧਾਰੀ ਸਾਹਿਬਾਂ ਦੇ ਨਾਲ ਹੁੰਦੇ ਹੀ ਸਨ। ਉਹ ਪਹਿਰਾ

ਦੇ ਰਿਹਾ ਹੈ। ਉਹ ਜਿਹੜਾ ਮਸਤਾਨਾ ਹੈ, ਜਿਹਦਾ ਸਿਰ ਮੁੰਨਿਆ ਹੋਇਆ ਹੈ, ਤੇੜ ਕਛਹਿਰਾ ਹੈ, ਕਹਿੰਦਾ ਹੈ, ''ਮੈਂ ਦਰਸ਼ਨ ਕਰਨਾ ਹੈ।''

ਉਹ ਪਹਿਰੇ ਵਾਲਾ ਕਹਿੰਦਾ ਹੈ; ''ਮੈਂ ਅੰਦਰ ਨਹੀਂ ਜਾਣ ਦੇਣਾ।''

ਇਸ ਗੱਲ ਤੇ ਤਕਰਾਰ ਹੁੰਦਿਆਂ-ਹੁੰਦਿਆਂ ਪਹਿਰੇ ਵਾਲੇ ਨੇ ਉਸ ਦੇ ਤਲਵਾਰ ਮਾਰੀ, ਉਸ ਦਾ ਗਲ ਕੱਟਿਆ ਗਿਆ, ਅਗਲੀ ਘੰਡੀ ਅੜੀ ਰਹਿ ਗਈ। ਉਹ ਹੱਥ ਸਿਰ ਤੇ ਪਾ ਕੇ ਕਹਿੰਦਾ ਹੈ, ''ਤੂੰ ਹੁਣ ਆਪਣਾ ਕੰਮ ਤੇ ਕਰ ਲਿਆ ਹੈ, ਮੈਨੂੰ ਦਰਸ਼ਨ ਤੇ ਕਰਾ ਦੇ।''

ਸਾਹਿਬ ਕੌਤਕ ਦੇ ਰਚਣ ਵਾਲੇ ਨੇ, ਉਹਨਾਂ ਨੂੰ ਕਿਹੜੀ ਚੀਜ਼ ਹੈ ਜਿਹਦਾ ਪਤਾ ਨਹੀਂ ਕਿ ਬਾਹਰ ਕੀ ਹੋ ਰਿਹਾ ਹੈ ? ਇਹ ਤਾਂ ਉਹਨਾਂ ਦੀ ਮੌਜ ਦੀ ਖੇਡ ਸੀ। ਮਹਾਰਾਜ ਬਾਹਰ ਆ ਗਏ। ਬਾਹਰ ਆ ਕੇ ਉਸਨੂੰ ਦੇਖਦੇ ਹਨ। ਦੇਖ ਕੇ, ਕਹਿੰਦੇ ਹਨ, ''ਦੱਸ ਹੁਣ ਤੇਰਾ ਸਰੀਰ ਰੱਖ ਲਈਏ''?

ਮਸਤਾਨਾ ਕਹਿੰਦਾ ਹੈ, ''ਸੱਚੇ ਪਾਤਸ਼ਾਹ ਕੋਈ ਲੋੜ ਨਹੀਂ, ਤੇਰਾ ਦਰਸ਼ਨ ਕਰਨਾ ਸੀ ਉਹ ਹੋ ਗਿਐ, ਹੁਣ ਦੇਹ ਦੀ ਕੋਈ ਲੋੜ ਨਹੀਂ।''

ਫੇਰ ਕਹਿੰਦੇ ਹਨ, ''ਇਹਨੂੰ ਕੋਈ ਸਜ਼ਾ ਦੇਈਏ, ਜਿਨ੍ਹੇ ਤੈਨੂੰ ਮਾਰਿਆ ਹੈ?''

ਕਹਿੰਦਾ, ''ਸੱਚਿਆ ਪਾਤਸ਼ਾਹ! ਜੇ ਕਿਰਪਾ ਕਰਦਾ ਹੈਂ ਤਾਂ ਇਹਨੂੰ ਅੱਖਾਂ ਬਖਸ਼।''

ਇਹ ਜ਼ਰੂਰ ਗੱਲ ਹੈ—ਝੱਲ ਵਿੱਚ ਗਿੱਦੜ, ਬਘਿਆੜ, ਲੂੰਬੜ ਵੀ ਵੜ ਜਾਂਦੇ ਹਨ। ਮਸਤੀ ਦੇ ਵਿੱਚ ਆ ਕੇ ਕਈ ਆਦਮੀ ਪਖੰਡ ਕਰਦੇ ਹਨ, ਪਰ ਗੁਰੂ ਦੇ ਘਰ ਵਿੱਚ ਮਸਤੀ ਉਹ ਚੀਜ਼ ਹੈ—ਕਬੀਰ ਨੇ ਆਖਿਆ ਹੈ :-

**ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ।।**
**ਮੈ ਬਿਗਰਿਓ[1] ਬਿਗਰੈ ਮਤਿ ਅਉਰਾ[2]।।੧।। ਰਹਾਉ।।**
**ਆਪਿ ਨ ਬਉਰਾ ਰਾਮ ਕੀਓ ਬਉਰਾ।।**

*- ਪੰਨਾ-੮੫੫*

ਜਿਨ੍ਹਾਂ ਨੂੰ ਰਾਮ ਬਉਰਾ ਕਰਦਾ ਹੈ, ਉਹ ਜਿਹੜੇ ਬਉਰੇ, ਉਹ ਜਿਹੜੇ ਮਸਤ ਲੋਕ ਹਨ—ਕਬੀਰ ਜੀ ਕਹਿੰਦੇ ਹਨ :-

**ਕਬੀਰ ਚੋਟ ਸੁਹੇਲੀ ਸੇਲ[3] ਕੀ ਲਾਗਤ ਲੇਇ[4] ਉਸਾਸ।**

ਸੇਲੇ ਦੀ ਚੋਟ ਸੌਖੀ ਹੈ, ਬਰਛੇ ਦੀ ਚੋਟ ਸੌਖੀ ਹੈ, ਲੱਗੀ ਤੋਂ ਆਦਮੀ ਸਾਹ ਲੈ ਸਕਦਾ ਹੈ, ਪਰ ਕਹਿੰਦੇ ਨੇ :-

**ਚੋਟ ਸਹਾਰੈ ਸਬਦ ਕੀ ਤਾਸੁ ਗੁਰੂ ਮੈ ਦਾਸ।**

*— ਪੰਨਾ-੧੩੭੪*

—ਸ਼ਬਦ ਦੀ ਚੋਟ ਜਿਹੜੀ ਹੈ, ਜਿਹਨੂੰ ਲਗਦੀ ਹੈ ਉਹੀ ਜਾਣਦਾ ਹੈ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਅਕਾਲ ਪੁਰਖ ਨੇ ਰੰਗੂਨ ਤੋਂ ਹੁਕਮਨਾਮੇ ਵਿੱਚ ਲਿਖਿਆ ਹੈ, **''ਭਾਈ ਹਰੀ ਸਿੰਘ ਜੀ, ਤੁਸੀਂ ਸੂਤਰੀਆਂ ਕੋ ਇਹ ਬਾਤ ਬੋਲ ਦੇਣੀ, ਜੋ ਕੋਈ ਆਦਮੀ ਜਾਣਕੇ ਭੜਥੂ ਪਾਊਗਾ, ਉਹਦਾ ਦੂਹੀਂ ਜਹਾਨੀਂ ਮੂੰਹ ਕਾਲਾ ਹੋਊ; ਗੁਰੂ ਸਾਹਿਬ ਕਾ ਉਹ ਚੋਰ ਹੋਊ; ਜੇ ਬੇਵੱਸ ਨੂੰ ਅਮਲ ਹੋ ਜਾਏ ਤਾਂ ਉਹ ਜਾਣੇ।''** ਭਾਈ ਜੇ ਕੋਈ ਪਖੰਡ ਕਰਦਾ ਹੈ ਤਾਂ ਆਪਣੇ ਸਿਰ ਉੱਤੇ। ਇਹ ਗੱਲ ਜ਼ਰੂਰ ਹੈ, ਬਈ, ਇਹ ਮਸਤੀ ਜਿਹੜੀ ਚੀਜ਼ ਹੈ, ਜਿਨ੍ਹਾਂ ਨੂੰ ਹੋਈ, ਉਹਨਾਂ ਦੇ ਦਰਸ਼ਨ ਕੀਤੇ, ਉਹਨਾਂ ਦੀ ਹਾਲਤ ਦੇਖੀ, ਉਹ ਏਸ ਤਰਾਂ ਭੀ ਦੇਖੇ—ਜੇ ਉਨ੍ਹਾਂ ਦੀ ਮਰਜ਼ੀ ਆਈ ਏ ਨ, ਤੇ ਉਹ ਅੱਗ ਵਿੱਚ ਬਹਿ ਗਏ ਨੇ ਤੇ ਨਹੀਂ ਸੜੇ।''

ਇੱਕ ਅਬਲੂ ਨਗਰ ਹੈ, ਫਰੀਦਕੋਟ ਦਾ ਇਲਾਕਾ ਸੀ ਹੁਣ ਤੇ ਰਲ ਗਿਆ ਹੈ—ਵਿੱਚ। ਓਥੋਂ ਦਾ ਇੱਕ ਮਸਤਾਨਾ ਸਿੰਘ ਸੀ, ਸਤਿਗੁਰੂ ਰਾਮ ਸਿੰਘ ਦੇ ਵਕਤ ਦਾ। ਸੱਚੇ ਪਾਤਸ਼ਾਹ ਪ੍ਰਦੇਸ ਗਏ ਹਨ। ਰਿਆਸਤ ਪਟਿਆਲੇ ਵਿੱਚ ਬਠਿੰਡਾ ਹੈ, ਉੱਥੇ ਕਿਲ੍ਹਾ ਬਣਿਆ ਹੋਇਆ ਹੈ, ਉਸ ਉੱਤੇ ਕੀੜੀ ਦਾ ਚੜ੍ਹਨਾ ਵੀ ਮੁਸ਼ਕਿਲ ਹੈ—ਤਿੰਨ ਮੰਜ਼ਿਲਾਂ ਤੋਂ ਘੱਟ, ਦੋਂ ਤੋਂ ਜ਼ਿਆਦਾ ਹੋਵੇਗਾ, ਏਦੂੰ ਛੋਟਾ ਨਹੀਂ। ਉੱਥੇ-ਉੱਤੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਗੁਰਦੁਆਰਾ ਹੈ, ਜਿੱਥੇ ਕਾਣੇ ਦਿਓ ਨੂੰ ਸੱਚੇ ਪਾਤਸ਼ਾਹ ਨੇ ਕੱਢਿਐ। ਉਹ ਮਸਤਾਨਾ ਉਹਨਾਂ (ਪਹਿਰੇਦਾਰਾਂ) ਨੂੰ ਕਹਿੰਦਾ ਹੈ, ''ਮੈਂ ਦਰਸ਼ਨ ਕਰਨਾ ਹੈ—ਗੁਰਦੁਆਰੇ ਦਾ, ਮੈਨੂੰ ਦਰਸ਼ਨ ਕਰ ਆਉਣ ਦਿਉ।''

ਉਹ ਉਹਨੂੰ ਜਾਣ ਨਹੀਂ ਦਿੰਦੇ।

## ਅੰਗਰੇਜ਼ਾਂ ਦੀ ਕੁਟਿਲ ਨੀਤੀ

ਉਸ ਵੇਲੇ ਜਿਹੜਾ ਕੋਈ ਰਈਸ ਸੀ, ਜਿਹੜਾ ਕੋਈ ਸਰਦਾਰ ਸੀ, ਜਿਹੜਾ ਕੋਈ ਮਹੰਤ ਸੀ, ਜਿਹੜਾ ਕੋਈ ਥੋੜੀ ਬਹੁਤੀ ਜਾਇਦਾਦ ਵਾਲਾ ਸੀ, ਉਹ ਸਭ ਅੰਗਰੇਜ਼ਾਂ ਦੇ ਹੁਕਮ ਵਿੱਚ ਚਲਦੇ ਸੀ। ਨਾਮਧਾਰੀ ਸਿੱਖ ਵਾਸਤੇ ਉਸ ਵੇਲੇ ਕੋਈ ਥਾਂ ਨਹੀਂ ਸੀ ਖੜੇ ਹੋਣ ਨੂੰ—ਪਟਿਆਲੇ ਦੇ ਰਾਜ ਵਿੱਚ। ਜਿਸ ਵੇਲੇ ਸਤਿਗੁਰਾਂ ਨੂੰ ਲੈ ਗਏ ਸਨ, ਜਿਹੜੇ ਰਿਆਸਤ ਦੇ ਸਿੱਖ ਸਨ, ਉਹਨਾਂ (ਕੂਕਿਆਂ) ਨੂੰ ਜ਼ਬਰਨ ਭੇਜ ਕੇ-ਕਿਸੇ ਨੂੰ ਅਕਾਲ ਬੁੰਗੇ ਭੇਜਿਆ, ਕਿਸੇ ਨੂੰ ਕਿਤੇ ਭੇਜਿਆ-ਉਹਨਾਂ ਨੂੰ ਜ਼ਬਰਨ ਫੜ-ਫੜਕੇ ਅੰਮ੍ਰਿਤ ਛਕਾ ਕੇ ਕਿਹਾ, ''ਸਾਡੇ ਰਾਜ ਵਿੱਚ ਕੂਕਾ ਕੋਈ ਨਹੀਂ''-ਕਿਉਂਕਿ ਅੰਗਰੇਜ਼ ਦੀ ਵਫਾਦਾਰੀ ਨਹੀਂ ਸੀ ਨ ਰਹਿ ਸਕਦੀ, ਰਾਜਿਆਂ ਦਾ ਰਾਜ ਨਹੀਂ ਸੀ ਰਹਿ ਸਕਦਾ। ਜੋ ਉੱਥੇ ਨਾਮਧਾਰੀ ਸਿੱਖਾਂ ਨਾਲ ਹੋਇਆ, ਕੋਈ ਵਕਤ ਆਵੇਗਾ ਇਤਿਹਾਸ ਦੱਸੇਗਾ। ਹੁਣ ਤਾਂ ਉਹ ਸਰੀਰ ਹੀ ਨਹੀਂ ਰਹਿ ਗਏ, ਜਿਨ੍ਹਾਂ ਨੇ ਉਹ ਹਾਲਤਾਂ ਵੇਖੀਆਂ, ਜਿਹੜੇ ਸਾਨੂੰ ਦੱਸਦੇ ਸੀ। ਅੱਠ-ਅੱਠ, ਨੌ-ਨੌ ਸਾਲ ਦੇ ਲੜਕੇ, ਸੰਤ ਕਿਸ਼ਨ ਸਿੰਘ ਜੀ ਛੂਤੀਏ, ਜਿਨ੍ਹਾਂ ਦੀ ਸੱਤ ਸਾਲ ਜਾਂ ਛੇ ਸਾਲ ਦੀ ਉਮਰ ਸੀ—ਇਹਨਾਂ ਨੂੰ, ਇਹਨਾਂ ਦੇ ਪਿਤਾ ਨੂੰ, ਇਹਨਾਂ ਦੇ ਭਰਾਵਾਂ ਨੂੰ, ਇਹਨਾਂ ਦੇ ਸਾਥੀਆਂ ਨੂੰ—ਰਿਆਸਤ ਸੰਗਰੂਰ ਵਿੱਚ ਭੰਬਾਬੱਧੀ ਇਹ ਰਹਿੰਦੇ ਸਨ-ਕਾਠ ਮਾਰੇ ਸਨ। ਉਹਨਾਂ ਦਿਨਾਂ 'ਚ ਇੱਕ ਲੱਕੜ ਦਾ ਕਾਠ ਹੁੰਦਾ ਸੀ, ਜਿਹੜਾ ਲੱਤ ਵਿੱਚ ਮਾਰਕੇ ਫਾਨਾ ਠੋਕ ਦਿੰਦੇ ਸਨ। ਮੈਨੂੰ ਉਹਨਾਂ ਨੇ ਸੁਣਾਇਆ—ਛੋਟੀ ਉਮਰ ਸੀ, ਪਿਤਾ ਜੀ ਨਾਲ ਸਨ, ਭੁੱਖ ਲੱਗ ਆਈ ਚਾਰ ਪਹਿਰ, ਛੇ ਪਹਿਰ ਲੰਘ ਗਏ—''ਪਿਤਾ ਜੀ, ਭੁੱਖ ਲੱਗੀ ਹੈ।'' (ਪਿਤਾ ਜੀ) ਕਹਿੰਦੇ ਨੇ, ''ਭਾਈ, ਭਜਨ ਕਰ''।

ਸੁਣਦਾ ਤੇ ਕੋਈ ਹੈ ਨਹੀਂ ਸੀ। ਫੇਰ ਆਖਿਆ ''ਭੁੱਖ ਲੱਗੀ ਹੈ''। ਇਤਨੇ ਚਿਰ ਨੂੰ ਇੱਕ ਮਾਈ ਆਈ ਕੋਈ ਬਾਹਰੋਂ, ਜਿਹਨੂੰ ਕੋਈ ਨਹੀਂ ਸੀ ਜਾਣਦਾ। ਉਸਨੇ ਪੰਜ-ਪੰਜ ਸੌ ਗਾਲ੍ਹ ਉਹਨਾਂ ਸਾਰਿਆ ਨੂੰ ਪੁਲਿਸ

ਵਾਲਿਆਂ ਨੂੰ ਤੇ ਅਫਸਰਾਂ ਨੂੰ ਕੱਢੀ। ਉਸਨੇ ਕਹਿ ਕੇ ਸਿੱਖ ਛੁਡਵਾਏ, ਆਖਿਆ, ''ਤੁਹਾਡਾ ਕੱਖ ਨਹੀਂ ਰਹਿਣਾ-ਤੁਸੀਂ ਇਹਨਾਂ ਨੂੰ ਕਿਉਂ ਮਾਰਦੇ ਹੋ?'' ਉਸੇ ਵੇਲੇ ਉਹਨੇ ਸਾਰਿਆਂ ਦੀਆਂ ਬੇੜੀਆਂ ਲੁਹਾ ਦਿੱਤੀਆਂ।

ਉਹ ਮਸਤਾਨਾ ਸਿੱਖ—ਰਿਆਸਤ ਵਾਲੇ ਕਿੱਥੇ ਉਸਨੂੰ ਗੁਰਦੁਆਰੇ ਜਾਣ ਦਿੰਦੇ ਸਨ। ਗੁਰਦੁਆਰੇ ਦੇ ਪੁਜਾਰੀਆਂ ਨੇ ਪਹਿਲਾ ਹੱਥ ਉਠਾਇਆ ਨਿਰਮਲਿਆਂ ਉੱਤੇ ਕਿ ਇਹ ਸਿੱਖ ਨਹੀਂ, ਦੂਸਰਾ ਹੱਥ ਉਠਾਇਆ ਕਿ ਨਾਮਧਾਰੀ ਸਿੱਖ ਨਹੀਂ; ਤੀਸਰਾ ਹੱਥ ਉਠਾਇਆ ਕਿ ਸਿੰਘ ਸਭੀਏ ਸਿੱਖ ਨਹੀਂ; ਚੌਥਾ ਹੱਥ ਉਠਾਇਆ ਕਿ ਕਾਮਾ ਗਾਟਾ ਮਾਰੂ ਵਾਲੇ ਜਿਹੜੇ ਸਨ-ਇਹ ਸਿੱਖ ਨਹੀਂ; ਕਿਉਂਕਿ ਚਾਬੀ ਤੇ ਅੰਗਰੇਜ਼ ਦੇ ਹੱਥ ਵਿੱਚ ਸੀ, ਜਿਹਨੂੰ ਮਰਜ਼ੀ ਹੈ ਲਾਉਂਦਾ ਸੀ, ਜਿਹਨੂੰ ਚਾਹੁੰਦਾ ਸੀ—ਸਿੱਖ ਬਣਾਉਂਦਾ ਸੀ। ਉਹ ਐਸੀ ਗੱਲ ਬਣੀ—ਵਿਚਾਰਿਆਂ ਦਾ ਆਪ ਹੀ ਕੱਖ ਨਹੀਂ ਰਿਹਾ।

ਸਤਿਗੁਰਾਂ ਨੇ ਲਿਖਿਆ ਸੀ, ਉਨ੍ਹੀ ਸੌ ਅਠੱਤੀ ਵਿੱਚ ਰੰਗੂਨ ਤੋਂ, **''ਹੱਛਾ ਭਾਈ, ਜੇ ਵੇਲਾ ਆਵੇਗਾ ਜੇ ਤੇ ਇਹ ਰਚਨਾ ਹੈ-ਗੁਰੂ ਸਾਹਿਬ ਦੀ ਤਾਂ ਤੇ ਤੁਹਾਥੋਂ ਮਿਟਦੀ ਨਹੀਂ, ਨਹੀਂ ਤਾਂ ਤੁਸੀਂ ਰਲਕੇ ਸਾਰੇ ਹੀ ਕੂਕਾ ਪੰਥ ਨੂੰ ਮਿਟਾ ਦਿਉ, ਜੇ ਰਾਮ ਸਿੰਘ ਨੇ ਹੀ ਡੂੰਡਾ ਖੜਾ ਕੀਤਾ ਹੈ, ਜੇ ਤੁਹਾਡੇ ਕੋਲੋਂ ਨਹੀਂ ਮਿਟਦਾ ਤਾਂ ਤੁਸੀਂ ਆਪ ਖੜੇ ਹੋ ਕੇ ਤਨਖਾਹ ਬਖਸ਼ਾਓ ਕਿ ਅਸੀਂ ਗੁਰੂ ਦੇ ਸ਼ਬਦ ਨੂੰ ਕਲਾਮ ਆਖਿਆ ਹੈ।''**

ਅਕਾਲ ਬੁੰਗੇ ਵਾਲਿਆਂ ਨੇ ਲਿਖ ਕੇ ਸਾਰਿਆਂ ਤਖ਼ਤੀਂ-ਸਾਡੇ ਕੋਲ ਉਸ ਚਿੱਠੀ ਦੀ ਨਕਲ ਹੈ—ਉਹ ਜਿਹੜੇ ਸਿੱਖ ਨੂੰ ਹਜ਼ੂਰ ਸਾਹਿਬ, ਪਟਨੇ ਸਾਹਿਬ ਭੇਜਿਆ ਉਹ ਸਤਿਗੁਰਾਂ ਦਾ ਪ੍ਰੇਰਿਆ ਹੋਇਆ ਅਕਾਲ ਬੁੰਗਿਉਂ ਭੈਣੀ ਸਾਹਿਬ ਆਇਆ—ਉਹਦੀ ਨਕਲ ਸਾਡੇ ਗ੍ਰੰਥ ਵਿੱਚ ਹੈ, ਜਿਹਦੇ ਤੇ ਇਹ ਲਿਖਿਆ ਸੀ, ਇਹ ਕੂਕੇ ਜਿਹੜੇ ਨੇ ਇਹ ਮੁਸਲਮਾਨੀ ਕਲਾਮ ਪੜ੍ਹਦੇ ਨੇ, ਸਿੱਖ ਨਹੀਂ, ਇਹਨਾਂ ਨੂੰ ਤਖਤਾਂ ਉੱਤੇ ਨਾ ਚੜ੍ਹਨ ਦਿੱਤਾ ਜਾਏ। ਸਤਿਗੁਰਾਂ ਕਿਹਾ, ''ਤੁਸੀਂ ਸਾਰਿਆਂ ਨੂੰ ਨਾਲ ਲੈ ਲੈਣਾ, ਜਿਤਨੇ ਹੋਰ ਹੈਣ-ਉਸ ਵਕਤ।'' ਅੱਜ ਕੁਝ ਚੀਜ਼ ਹੋਰ ਹੈ। ਜਿਸ ਤਰ੍ਹਾਂ ਸਿੱਖ

ਸੁਧਾਰ ਕਮੇਟੀ ਬਣਾ ਕੇ, ਜੈਤੋ ਵਾਲੇ ਮੋਰਚੇ ਤੇ ਅੰਗਰੇਜ਼ਾਂ ਨੇ ਅਕਾਲੀ ਦਲ ਨੂੰ ਖ਼ਰਾਬੀ ਪਹੁੰਚਾਈ ਸੀ—ਉਸ ਵਕਤ ਸਿੰਘ ਸਭਾ ਦਾ ਮੁੱਢ ਏਸ ਗੱਲ ਨਾਲ ਬੱਧਾ ਗਿਆ ਸੀ—ਕੂਕਾ, ਨਾਮਧਾਰੀ ਸਿੱਖ ਦੇ ਬਰਖ਼ਿਲਾਫ। ਇਹ ਕਿਤਾਬਾਂ ਦੀ ਗਵਾਹੀ ਹੈ, ਇਹ ਲਿਖਤ ਦੀਆਂ ਗਵਾਹੀਆਂ ਹਨ।

ਉਹ ਆਦਮੀ, ਜਿਹੜੇ ਉਸ ਵੇਲੇ ਦੇ ਸਨ—ਡਾ: ਜਗਜੀਤ ਸਿੰਘ ਤਰਨਤਾਰਨ ਵਾਲਿਆਂ ਦਾ ਲਿਖਿਆ ਪੜ੍ਹਕੇ ਦੇਖੋ, 'ਸਿੰਘ ਸਭਾ ਲਹਿਰ' ਕਿ ਉਸ ਵੇਲੇ ਅੰਗਰੇਜ਼ਾਂ ਨੇ ਇਹਨੂੰ ਕੀ ਬਣਾਇਆ ਸੀ ? ਕੋਈ ਨੰਬਰਦਾਰ, ਕੋਈ ਜ਼ੈਲਦਾਰ, ਕੋਈ ਜਾਗੀਰਦਾਰ, ਸਰਦਾਰ, ਕੋਈ ਗੱਦੀ ਦਾਰ ਮਹੰਤ—ਦੋ ਆਦਮੀ, ਇੱਕ ਬਾਬਾ ਨਰੈਣ ਸਿੰਘ ਜੀ ਨਿਰਮਲੇ ਸੰਤ, ਇੱਕ ਬ੍ਰਹਮ ਬੂਟਾ ਜੀ ਮਹਾਤਮਾ ਉਦਾਸੀ ਅੰਮ੍ਰਿਤਸਰ ਵਾਲਿਆਂ ਤੋਂ ਬਗੈਰ–-ਪੰਜਾਬ ਵਿੱਚ ਹੈ ਕੋਈ ਰਈਸ; ਕੋਈ ਨੰਬਰਦਾਰ; ਕੋਈ ਡੇਰੇ ਵਾਲਾ ਔਰ ਸਿੰਘ ਸਭਾ ਫਲਾਣੀ ਦਾ ਦਿਵਾਨ, ਫਲਾਣੀ ਦਾ ਪ੍ਰੈਜ਼ੀਡੈਂਟ-ਸਾਡੇ ਕੋਲ ਇਹ ਨਕਲ ਹੈ, ਸਾਰਿਆਂ ਦੇ ਦਸਖ਼ਤ ਹਨ-ਕਿਹਾ, ''ਰਾਮ ਸਿੰਘ ਮੁੜਕੇ ਇੱਥੇ ਨਾ ਆਵੇ, ਜੇ ਆਇਆ ਤਾਂ ਸਾਰੇ ਮੁਲਕ 'ਚ ਰੌਲਾ ਪੈ ਜਾਏਗਾ।''

ਹੁਣ ਦੱਸੋ ਬਾਬੇ ਗੁਰਦਿੱਤ ਸਿੰਘ ਵਰਗੇ ਆਦਮੀ ਜਿਹੜੇ ਗੋਲੀਆਂ ਚਲਦੀਆਂ 'ਚੋਂ ਨਿਕਲੇ ਬੱਜ-ਬੱਜ ਦੇ ਘਾਟ ਤੋਂ ਕਾਮਾ ਗਾਟਾ ਮਾਰੂ ਵਾਲੇ, ਉਹਨਾਂ ਸਿੱਖਾਂ ਉੱਤੇ ਵੀ ਇਹੋ ਫਤਵੇ ਸਨ, ਜਿਨ੍ਹਾਂ ਨੇ ਕੁਝ ਅੰਗਰੇਜ਼ ਦੇ ਖਿਲਾਫ ਕੀਤਾ। ਉਹਨੇ (ਅੰਗਰੇਜ਼ਾਂ) ਆਪਣੀ ਚਾਲ ਬਣਾ ਕੇ, ਆਪਣੇ ਆਦਮੀ—ਉਹਨਾਂ ਨੂੰ ਹਰੀ ਚੋਗ ਪਾ ਕੇ, ਕਮੇਟੀ ਬਣਾ ਦਿੱਤੀ। ਦਸੋ, ਸਿੱਖ ਸੁਧਾਰ ਕਮੇਟੀ ਦਾ ਕੀ ਕੰਮ ਸੀ ? ਸਿੱਖ ਤੇ ਵਿਚਾਰੇ ਗੋਲੀਆਂ ਨਾਲ ਜੈਤੋ 'ਚ ਉੱਡ ਗਏ—ਅਕਾਲੀ। ਉਹਨਾਂ ਨੂੰ ਆਪਾਂ ਸਿੱਖ ਕਹਿ ਸਕਦੇ ਹਾਂ ਕਹਿਣ ਮਾਤਰ ਹੀ, ਜਿੰਨ੍ਹਾਂ ਨੇ ਉਹਨਾਂ ਦੇ ਖਿਲਾਫ ਜਾਕੇ ਉੱਥੇ ਅਖੰਡ ਪਾਠ ਕਰਕੇ, ਅੰਗਰੇਜ਼ਾਂ ਨਾਲ ਰਲ ਮਿਲਕੇ, ਗੱਲ ਕਰ ਲਈ।

ਮੈਨੂੰ ਇੱਥੇ ਇਹ ਗੱਲ ਯਾਦ ਆਈ ਹੈ—ਹੈਨਰੀ ਕਰੈਗ ਗਵਰਨਰ ਰਿਹਾ ਹੈ ਪੰਜਾਬ ਵਿੱਚ—ਪਹਿਲੇ ਇਹ ਸੈਕਟਰੀ ਹੁੰਦਾ ਸੀ। ਘੋੜ ਦੌੜ 'ਚ ਮੈਂ ਤੇ ਉਹ ਇਕੱਠੇ ਹੁੰਦੇ ਸਾਂ, ਇੱਕ ਗੱਲੋਂ ਸਾਡੀ ਲੜਾਈ ਹੋ ਗਈ। ਉਹ

ਸਟਿਉਰਡ ਸੀ—ਅਸਾਂ ਇੱਕ ਸੱਚੇ ਆਦਮੀ ਦਾ ਪੱਖ ਕੀਤਾ। ਉਹਨਾਂ ਨੇ ਆਖਿਆ, ''ਤੇਰਾ ਸਵਾਰ ਨਹੀਂ ਘੋੜੇ ਤੇ ਚੜ੍ਹ ਸਕਦਾ''।

ਮੈਂ ਕਿਹਾ, ''ਮੈਂ ਘੋੜੇ ਹੀ ਨਹੀਂ ਦੁੜਾਉਂਦਾ''।

ਉਹਨਾਂ ਆਖਿਆ, ''ਤੁਸੀਂ ਘੋੜ ਦੌੜ 'ਚ ਛੇ ਮਹੀਨੇ ਲਈ ਹਿੱਸਾ ਨਹੀਂ ਲੈ ਸਕਦੇ।''

ਮੈਂ ਕਿਹਾ, ''ਅੱਛਾ, ਸਤਿ ਸ੍ਰੀ ਅਕਾਲ''।

ਅਸੀਂ ਉਸੇ ਵੇਲੇ ਚਲੇ ਗਏ। ਛੇ ਮਹੀਨੇ ਤੋਂ ਬਾਅਦ, ਉਹਨੇ ਫੇਰ ਆਪਣਾ ਆਦਮੀ ਭੇਜਿਆ—ਬੁਲਾਇਆ। ਉਸ ਤੋਂ ਬਾਅਦ ਉਹ ਗਵਰਨਰ ਬਣਿਆ। ਇਹ ਉਹਨਾਂ ਦਿਨਾਂ ਦੀ ਗੱਲ ਹੈ ਜਿਸ ਵੇਲੇ ਸ਼ਹੀਦ ਗੰਜ ਦਾ ਮਾਮਲਾ ਲਾਹੌਰ ਵਾਲਾ, ਬਾਬੇ ਤਾਰੂ ਸਿੰਘ ਵਾਲਾ ਚਲ ਰਿਹਾ ਸੀ। ਇਹ ਇੱਕ ਖਾਸ ਗੱਲ ਹੈ, ਧਿਆਨ ਦੇ ਕੇ ਵੇਖਣ ਵਾਲੀ ਹੈ, ਓਦੋਂ ਤਕ ਵੀ ਸਾਡੇ ਮਹਾਤਮਾ, ਸਾਡੇ ਸਿੱਖ, ਮੈਂ ਨਾਮ ਨਹੀਂ ਉਹਨਾਂ ਦਾ ਲੈਂਦਾ...........। ਜਿਸ ਦਿਨ ਉਹ ਗਵਰਨਰ ਬਣ ਕੇ ਆਇਆ, ਫੇਰ ਮੇਰੇ ਨਾਲ ਉਹਦਾ ਪਿਆਰ ਪੈ ਗਿਆ, ਉਹ ਮੇਰਾ ਘੋੜਿਆਂ ਵਾਲਾ ਸਿੰਘ[੫] ਹੀ ਜਿਹੜੀ ਗੱਲ ਕਹਿ ਦੇਵੇ-ਦੂਜੀ ਸਾਰੀ ਦੌੜ ਇੱਕ ਪਾਸੇ ਹੋਵੇ-ਉਹਦੀ ਗੱਲ ਮੰਨਦਾ ਸੀ ਕਿ ਇਹ ਝੂਠ ਨਹੀਂ ਬੋਲਦੇ। ਮੈਂ ਉਹਨੂੰ ਗਵਰਨਰੀ ਦੀ ਵਧਾਈ ਦੇਣ ਗਿਆ, ਮੈਨੂੰ ਕਹਿਣ ਲੱਗਾ, ''ਮੈਂ ਤੇਰੇ ਨਾਲ ਇੱਕ ਗੱਲ ਕਰਨੀ ਚਾਹੁੰਦਾ ਹਾਂ''।

ਮੈਂ ਕਿਹਾ, ''ਦੱਸ!''

''ਕੁਝ ਸਿੱਖ ਕਹਿੰਦੇ ਹਨ, ਅਸੀਂ ਐਲਾਨ ਕਰ ਦੇਨੇ ਹਾਂ, ਮੁਸਲਮਾਨਾਂ ਨਾਲ ਰਾਜ਼ੀਨਾਮਾ ਕਰ ਲੈਂਦੇ ਹਾਂ-ਸ਼ਹੀਦ ਗੰਜ ਬਾਬਤ।''

ਮੈਂ ਉਸ ਨੂੰ ਕਿਹਾ, ''ਦੇਖੀਂ, ਤੂੰ ਪੰਜਾਬੀ ਦਾ ਲਫਜ਼ ਹੈ-ਦਹੀਂ ਦੇ ਭੁਲੇਖੇ ਕਪਾਹ ਦੀਆਂ ਫੁਟੀਆਂ ਨਾ ਖਾ ਲਈਂ।'' ਮੈਂ ਉਹਨੂੰ ਇਹ ਗੱਲ ਕਹੀ, ''ਸਿੱਖ ਪੰਥ ਐਸ ਵੇਲੇ-ਪੰਜ ਸੱਤ ਸਰਦਾਰ ਨਹੀਂ, ਜਿਹੜੇ ਤੁਹਾਡੇ ਕੋਲੋਂ ਜਗੀਰਾਂ ਲੈਂਦੇ ਨੇ—ਸਾਰਾ ਪੰਥ ਐਸ ਵੇਲੇ ਤੁੱਲਿਆ ਹੋਇਆ ਹੈ ਖ਼ਬਰਦਾਰ—ਇਸ ਚੀਜ਼ ਉੱਤੇ ਕਿ ਸਾਰੇ ਮਰ ਮਿਟਣਗੇ, ਪੰਜਾਬ ਸਾਰੀ 'ਚ ਰੌਲਾ ਪੈ ਜਾਏਗਾ, ਤੂੰ ਖ਼ਬਰਦਾਰ—ਇਸ ਕੰਮ ਦੇ ਨੇੜੇ ਨਾ ਜਾਈਂ। ਇਹ

ਮੈਂ ਤੈਨੂੰ ਪੱਕੀ ਸਲਾਹ ਦਿੰਦਾ ਹਾਂ।''

ਉਸਦੇ ਤਾਂ ਦਿਲ ਵਿੱਚ ਖਿਆਲ ਸੀ ਕਿ ਅਕਾਲੀ ਹੋਰ ਹਨ, ਤੇ ਇਹ ਕੂਕਾ ਹੈ, ਖ਼ਬਰੇ ਸਾਡੇ ਪੱਖ ਦੀ ਗੱਲ ਕਰੇ, ਇਹ ਵੀ ਸਾਡੇ ਨਾਲ ਰਲੇ। ਲੇਕਿਨ ਅਕਾਲੀ, ਕੂਕੇ ਦਾ ਤਾਂ ਸੁਆਲ ਹੀ ਨਹੀਂ, ਸੁਆਲ ਤਾਂ ਏਸ ਚੀਜ਼ ਦਾ ਹੈ ਕਿ ਦੇਸ਼ ਧਰੋਹੀ ਕਿਹੜੇ ਹਨ ਔਰ ਕੌਮ ਪ੍ਰਸਤ ਕੌਣ ਹਨ—ਭਾਵੇਂ ਉਹ ਅਕਾਲੀ ਹੈ; ਭਾਵੇਂ ਉਹ ਨਾਮਧਾਰੀ; ਭਾਵੇਂ ਨਿਹੰਗ ਹੈ; ਭਾਵੇਂ ਨਿਰਮਲਾ ਭਾਵੇਂ ਹਿੰਦੂ ਹੈ; ਭਾਵੇਂ ਸਨਾਤਨੀ ਹੈ; ਭਾਵੇਂ ਸਮਾਜੀ ਹੈ। ਸਾਡਾ ਤੇ ਇਸ ਗੱਲ ਨਾਲ ਤਅਲੱਕ ਸੀ, ਗੁਰਦੁਆਰਾ ਜੇ ਚਲਿਆ ਜਾਂਦਾ ਮੁਸਲਮਾਨਾਂ ਦੇ ਹੱਥ 'ਚ ਉੱਥੇ ਇਹ ਤਾਂ ਨਹੀਂ ਸੀ ਨਿਸ਼ਾਨ ਲੱਗਿਆ ਕਿ ਅਕਾਲੀ ਹੀ ਗੁਰਦੁਆਰੇ ਵਾਲੇ ਨੇ ਕੂਕਿਆਂ ਦਾ ਕੋਈ ਤਅਲੱਕ ਨਹੀਂ, ਨਿਰਮਲੇ ਨਿਹੰਗਾਂ ਦਾ ਕੋਈ ਨਹੀਂ, ਸਿੰਘ ਸਭਾ ਦਾ ਕੋਈ ਨਹੀਂ। ਪੰਜ ਸੱਤ ਆਦਮੀ ਸਨ; ਜਿਨ੍ਹਾਂ ਨੇ ਕਿਹਾ, ''ਐਲਾਨ ਕਰਦੇ ਹਾਂ।'' ਮੈਂ ਕਿਹਾ, ''ਦੇਖੀਂ ਇਸ ਗੱਲ 'ਚ ਨਾ ਆਈਂ।'' ਉਸਨੇ ਮੇਰੀ ਗੱਲ ਮੰਨ ਲਈ। ਗੁਰੂ ਨੇ ਕਿਰਪਾ ਕਰੀਂ, ਉਹ ਤੁਹਾਡਾ ਕੰਮ ਜਿਹੜਾ ਸੀ, ਉਸੇ ਤਰ੍ਹਾਂ ਦਾ ਉਸੇ ਤਰ੍ਹਾਂ ਰਿਹਾ।

ਅਸੀਂ ਹੁਣ ਤਕ ਵੀ ਐਸ ਚੀਜ਼ ਤੋਂ ਨਹੀ ਭਉਣ ਵਾਲੇ। ਮੈਂ ਉਹਦੇ ਵਿੱਚ ਆਇਆ, ਮਾਸਟਰ ਤਾਰਾ ਸਿੰਘ ਜੀ ਨੇਂ ਸਾਰਿਆਂ ਨੂੰ ਬੁਲਾਇਆ। ਇਹ ਅੰਗਰੇਜ਼-ਜਿਨ੍ਹਾਂ ਦੀ ਅਸੀਂ ਝੋਲੀ ਚੁੱਕ-ਚੁੱਕ ਕੇ, ਸੱਤਰ-ਅੱਸੀ ਵਰ੍ਹੇ, ਜਿੱਥੇ ਵੀ ਉਹਨਾਂ ਨੇ ਜੋ ਚਾਹਿਆ, ਟਰਾਂਸਵਾਲ ਜਾ ਮਰੇ, ਫਲਾਨੀ ਜਗ੍ਹਾ ਪਰ ਜਾ ਮਰੇ-ਉਹਨਾਂ ਅੰਗਰੇਜ਼ਾਂ ਨੇ, ਜਿਦਣ ਹਿੰਦੂ ਤੇ ਮੁਸਲਮਾਨਾਂ ਨੂੰ ਕੁਝ ਦੇਣ ਲੱਗੇ ਤਾਂ ਤੋਤੇ ਚਸ਼ਮ ਹੋ ਗਏ। ਸਿੱਖਾਂ ਨੂੰ ਜਵਾਬ ਦੇ ਦਿੱਤਾ, ਸਿੱਖਾਂ ਨੂੰ ਦੇਖਿਆ ਨਹੀਂ ਬਈ—ਕਿੱਥੇ ਹੁੰਦੇ ਹਨ ? ਮਾਸਟਰ ਜੀ ਨੇ ਸਾਰਿਆਂ ਨੂੰ ਬੁਲਾਇਆ ਅਸੀਂ ਵੀ ਉੱਥੇ ਗਏ, ਮੈਂ ਵੀ ਉਹਨਾਂ ਦੇ ਵਿੱਚ ਗਿਆ ਨਾਮਧਾਰੀਆਂ 'ਚ। ਉੱਥੇ ਗੱਲਬਾਤ ਹੋਈ, ਪੰਥਕ ਪ੍ਰਤੀਨਿਧ ਬੋਰਡ ਬਣਿਆ। ਉਸ ਵੇਲੇ ਪੰਡਤ ਜਵਾਹਰ ਲਾਲ ਜੀ, ਮੇਰੀ ਗੱਲ ਬਾਤ ਕੁਝ ਸੁਣ ਲੈਂਦੇ ਸੀ—ਚੰਗੀ ਤਰ੍ਹਾਂ। ਮੈਂ ਉਨ੍ਹਾਂ ਦੇ ਨਾਲ ਗਿਆ, ਅਸਾਂ ਜਾ ਕੇ

ਵਾਰਦਾ, ਸਾਰੀ ਵਰਕਿੰਗ ਕਮੇਟੀ ਦੀ ਮੀਟਿੰਗ ਸੀ, ਜਿਸ ਵਿੱਚ ਮਹਾਤਮਾ ਗਾਂਧੀ ਵੀ ਸਨ—ਜਾ ਕੇ ਉਹਨਾਂ ਨੂੰ ਕਿਹਾ ਕਿ ਤੁਸੀਂ ਸਿੱਖਾਂ ਨੂੰ ਅਗਰ ਨਾ ਕੁਝ ਦਿਓ ਤਾਂ ਬੜੀ ਬੁਰੀ ਚੀਜ਼ ਹੈ। ਰਾਤ ਨੂੰ ਮੈਨੂੰ ਵੱਖਰਾ ਪੰਡਤ ਜੀ ਨੇ ਬੁਲਾਇਆ, ਕੋਈ ਵੀਹ ਕੁ ਮਿੰਟ ਬੈਠੇ ਰਹੇ। ਮੈਂ ਕਿਹਾ, ''ਸਾਡੇ ਪੱਲੇ ਕੁਝ ਨਹੀਂ ਰਹਿੰਦਾ, ਜੇ ਹੁਣ ਇਹ ਗੱਲ ਨਾ ਹੋਵੇ।'' ਅਸੀਂ ਦਿੱਲੀ ਨਹੀਂ ਪਹੁੰਚੇ, ਐਲਾਨ ਪਹਿਲੇ ਹੋ ਗਿਆ ਕਿ ਸਿੱਖਾਂ ਨਾਲ ਬੇਇਨਸਾਫੀ ਹੋਈ ਹੈ, ਕਿਉਂਕਿ ਸਿੱਖ ਇੱਕ ਮੁੱਠ ਹੋ ਗਏ ਸਨ, ਇੱਕ ਵੀ ਸਿੱਖ ਨਹੀਂ ਸੀ ਉਸ ਵੇਲੇ ਜਿਹੜਾ ਲਾਂਭੇ ਰਿਹਾ ਸੀ। ਅੰਗਰੇਜ਼ਾਂ ਨੂੰ ਵੀ ਪਤਾ ਲੱਗਾ, ਉਹਨਾਂ ਨੇ ਵੀ ਚਾਰ ਸੀਟਾਂ ਸਾਨੂੰ ਦੇ ਦਿੱਤੀਆਂ–ਉਸ ਵੇਲੇ। ਪਰ ਫੇਰ ਵੀ ਸਾਡੇ ਬੋਰਡ ਵਿੱਚ ਐਸੇ ਪੁਰਸ਼ ਪੈ ਗਏ, ਮੈਂ ਜਿਨ੍ਹਾਂ ਦੇ ਨਾਂ ਨਹੀਂ ਲੈਂਦਾ, ਮਾਸਟਰ ਜੀ ਦੇ ਹੱਥ ਜਿਨ੍ਹਾਂ ਦੀਆਂ ਲਿਖੀਆਂ ਹੋਈਆਂ ਚਿੱਠੀਆਂ ਆ ਗਈਆਂ, ਜਿਹੜੇ ਬੋਰਡ ਦੇ ਵਿੱਚ ਕਰਤੇ-ਧਰਤੇ ਸਨ, ਜਿਹੜੇ ਉਹ ਸਾਡੀ ਸਾਰੀ ਰਿਪੋਰਟ ਫੇਰ ਅੰਗਰੇਜ਼ਾਂ ਨੂੰ ਦਿੰਦੇ ਰਹੇ। ਫੇਰ, ਬੋਰਡ ਟੁੱਟਿਆ, ਰੌਲਾ ਪਿਆ, ਖੱਪ ਪਈ।

ਇਸ ਹਾਲਤ ਵਿੱਚ, ਉਹ ਸਿੱਖ ਮਸਤਾਨੇ ਵੱਲ ਚੱਲੋ। ਉਸ ਵੇਲੇ ਨਾਮਧਾਰੀਆਂ ਨੂੰ ਕਿਤੇ ਕੋਈ ਖਲੋਣ ਨਹੀਂ ਸੀ ਦਿੰਦਾ। ਉਹ ਮਸਤਾਨਾ ਪਿਛਲੇ ਪਾਸੇ ਗਿਆ–ਕਿਲ੍ਹੇ ਦੇ। ਸਤਿਗੁਰੂ ਦੇ ਬਲ ਨਾਲ, ਉਹ ਤਾਂ ਹੀ ਉਹਨਾਂ ਨੂੰ ਪਤਾ ਲੱਗਾ, ਜਿਸ ਵੇਲੇ ਸ਼ਬਦ ਪੜ੍ਹਦਾ ਗੁਰਦੁਆਰੇ ਦੇ ਅੱਗੇ ਖਲੋਤਾ, ਜਿੱਥੇ ਕੀੜੀ ਨਹੀਂ ਚੜ੍ਹ ਸਕਦੀ ਸੀ। ਸੋ ਇਹ ਮਸਤੀ ਚੀਜ਼ ਬੜੀ ਹੈ, ਮੁਸਲਮਾਨਾਂ 'ਚ ਆਈ; ਹਿੰਦੂਆਂ 'ਚ ਆਈ; ਸਿੱਖਾਂ 'ਚ ਵੀ ਆਈ।

## ਬਹਿਲੋਲ ਇੱਕ ਮਸਤ ਫਕੀਰ

ਬਹਿਲੋਲ ਇੱਕ ਫਕੀਰ ਹੋਇਆ ਹੈ–ਬਾਦਸ਼ਾਹ ਸੀ ਬਹਿਲੋਲ। ਉਹ ਨਮਾਜ਼ ਪੜ੍ਹਦਾ-ਪੜ੍ਹਦਾ ਕਹਿੰਦਾ ਹੈ, ''ਮਨ ਖੁਦਾਇਮ-ਮਨ ਖੁਦਾਇਮ-ਮਨ ਖੁਦਾ।'' ਹੁਣ ਸ਼ਰ੍ਹਾ ਵਾਲੇ ਤੇ ਇਹ ਚੀਜ਼ ਨਹੀਂ ਨ ਦੇਖ ਸਕਦੇ। ਉਹ

ਜਿਸ ਵੇਲੇ ਆਪਣੇ ਹੋਸ਼ ਵਿੱਚ ਆਇਆ, ਉਹਨਾਂ ਨੇ ਉਹਨੂੰ ਕਿਹਾ, ''ਬਾਦਸ਼ਾਹ, ਤੂੰ ਬੜਾ ਕੁਫ਼ਰ ਬੋਲਦਾ ਹੈਂ।''

ਉਸ ਨੇ ਕਿਹਾ, ''ਕਿਆ ਕੁਫ਼ਰ ਬੋਲਦਾ ਹਾਂ''?

''ਤੂੰ ਕਹਿੰਦਾ ਹੈਂ, ਮੈਂ ਖੁਦਾ ਹਾਂ।''

''ਫੇਰ, ਇਹਦੀ ਕੀ ਸਜ਼ਾ ਚਾਹੀਦੀ ਹੈ?''

''ਇਸਦੀ ਸਜ਼ਾ ਚਾਹੀਦੀ ਹੈ, ਕਿ ਸਿਰ ਲਾਹਿਆ ਜਾਵੇ।''

''ਜਿਸ ਵੇਲੇ ਮੈਂ ਇਹ ਗੱਲ ਕਹਾਂ-ਤੁਸੀਂ ਬੇਸ਼ਕ ਮੇਰਾ ਸਿਰ ਕਤਲ ਕਰ ਦਿਉ।''

ਉਹ ਵਕਤ ਜਦੋਂ ਆਇਆ, ਹੁਣ ਅਸੀਂ ਬੈਠਦੇ ਸਾਰੇ ਹੀ ਹਾਂ; ਮੈਂ ਵੀ ਵਿੱਚੇ ਹੀ ਹਾਂ; ਨਿਤਨੇਮ ਵੀ ਕਰਦੇ ਹਾਂ; ਕੀਰਤਨ ਵੀ ਸੁਣਦੇ ਹਾਂ; ਜਾ ਕੇ ਬਾਣੀ ਵੀ ਪੜ੍ਹਦੇ ਹਾਂ; ਮਹਾਰਾਜ ਦਾ ਪਾਠ ਕਰਦੇ ਹਾਂ ਪਰ ਅੰਦਰ ਨਹੀਂ ਕਰਦਾ-ਰਾਮ-ਰਾਮ ਕਹਿੰਦਿਆਂ, ਤੇਰੀ ਜਿਹਵਾ ਘਸ ਗਈ ਅੰਦਰ ਰਾਮ ਨਾ ਵਸਿਆ, ਇਹ ਕੀ ਧਾੜ ਪਈ— ਜਿਹੜੇ ਅੰਦਰੋਂ ਹੋ ਕੇ ਕਰਦੇ ਹਨ, ਉਹ ਜੁੜ ਜਾਂਦੇ ਹਨ। ਉਹ ਤੇ :-

**ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ।**

*- ਮਾਰੂ ਮ: ੫, ਪੰਨਾ-੧੦੦੦*

ਜਿਸ ਵੇਲੇ ਬਾਦਸ਼ਾਹ ਤੇ ਉਹ ਵਕਤ ਆਇਆ, ਉਹਨੇ ਆਖਿਆ, ''ਮੈ ਖੁਦਾ।'' ਉਹਨਾਂ ਮਾਰੀ ਤਲਵਾਰ, ਸਿਰ ਵਿੱਚੋਂ ਦੀ ਲੰਘ ਗਈ। ਫੇਰ ਆਖਿਆ, ''ਮੈਂ ਖੁਦਾ।'' ਤਿੰਨ ਵੇਰ੍ਹਾਂ ਤਲਵਾਰ ਲੰਘ ਗਈ।

ਫੇਰ ਜਦੋਂ ਹੋਸ਼ 'ਚ ਆਇਆ, ''ਕਿਉਂ ਭਾਈ, ਸੁਣਾਉ ਗੱਲ ?''

ਕਹਿਣ ਲੱਗੇ, ''ਅੱਜ ਵੀ ਤੂੰ ਕਿਹਾ ਸੀ''।

''ਫੇਰ, ਮਾਰੀ ਸੀ ਤਲਵਾਰ''।

''ਮਾਰੀ ਤਲਵਾਰ-ਵਿੱਚੋਂ ਦੀ ਲੰਘ ਗਈ-ਸਿਰ ਨਹੀਂ ਲਹਿਆ।''

ਬਾਦਸ਼ਾਹ ਕਹਿੰਦਾ, ''ਫਿਰ ਮੈਂ ਨਹੀਂ ਸਾਂ, ਉਸ ਵੇਲੇ ਖੁਦਾ ਹੀ ਸੀ।''

*ਆਦਮੀ ਕੀ ਕਿਆ ਜ਼ੁਰਅਤ, ਦਾਵਾ ਖੁਦਾਈ ਕਾ ਕਰੇ,*
*ਬੋਲਤੇ ਥੇ ਆਪ ਹਜ਼ਰਤ ਨਾਮ ਥਾ ਮਨਸੂਰ ਕਾ।*

ਕੋਈ ਫਕੀਰ-ਹਿੰਦੂ, ਮੁਸਲਮਾਨ, ਸਿੱਖ-ਜਿਹਦੀ ਇਹ ਗੱਲ ਹੁੰਦੀ ਹੈ, ਉਸਦਾ ਕੋਈ ਕੱਖ ਨਹੀਂ ਵਿਗਾੜ ਸਕਦਾ। ਮਸਤਾਂ ਦੀ ਹਾਲਤ ਜੇ ਬਿਆਨ ਕਰੀਏ ਤਾਂ ਇਹ ਬਿਆਨ ਨਹੀਂ ਹੋ ਸਕਦੀ।

**ਮੂਸਨ ਮਰਮੁ[੭] ਨ ਜਾਨਈ ਮਰਤ[੮] ਹਿਰਤ[੯] ਸੰਸਾਰ।**
**ਪ੍ਰੇਮ ਪਿਰੰਮ[੧੦] ਨ ਬੇਧਿਓ[੧੧] ਉਰਝਿਓ ਮਿਥ ਬਿਉਹਾਰ[੧੨]।**

*– ਮ: ੫, ਪੰਨਾ-੧੩੬੪*

ਹੋਰਨਾਂ ਕੰਮਾਂ 'ਚ ਲੱਗੇ ਹੋਏ ਹਾਂ – ਮੇਰਾ ਪੁੱਤਰ ਵਿਆਹਿਆ ਜਾਵੇ; ਮੇਰੇ ਘਰ ਪੁੱਤਰ ਜੰਮ ਪਵੇ; ਮੇਰੇ ਘਰ ਧਨ ਬਹੁਤਾ ਹੋ ਜਾਵੇ; ਮੈਂ ਬਹੁਤ ਕੋਠੇ ਪਾ ਲਵਾਂ; ਬਹੁਤੇ ਵਪਾਰ 'ਚ ਪੈਸੇ ਕਮਾ ਲਵਾਂ; ਘੋੜੇ ਬਹੁਤੇ ਹੋਣ। ਫਿਰ ਏਦੂੰ ਜ਼ਰਾ ਕੁ ਅੱਗੇ ਹੁੰਦਾ ਹੈ, ਜ਼ਰਾ ਕੁ ਥੋੜਾ ਬਹੁਤ ਜੇ ਭਜਨ ਬਾਣੀ ਕਰਦਾ ਹੈ, ਫਿਰ ਇੱਕ ਹੋਰ ਅੰਦਰ ਕੰਡਾ ਪੈਦਾ ਹੁੰਦਾ ਹੈ, ਫੇਰ ਇਹ ਹੁੰਦਾ ਹੈ, ਕਿ ਲੋਕ ਮੈਨੂੰ ਮੱਥਾ ਟੇਕਣ; ਲੋਕ ਮੇਰੀ ਪੂਜਾ ਕਰਨ; ਲੋਕ ਮੈਨੂੰ ਚੰਗਾ ਕਹਿਣ; ਲੋਕ ਮੈਨੂੰ ਉਤਾਂਹ ਚੁੱਕਣ।

**ਹਮ ਬਡ ਕਬਿ[੧੩] ਕੁਲੀਨ[੧੪] ਹਮ ਪੰਡਿਤ ਹਮ ਜੋਗੀ ਸੰਨਿਆਸੀ।**
**ਗਿਆਨੀ ਗੁਨੀ ਸੂਰ[੧੫] ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ[੧੬]।**

*– ਰਾਮਕਲੀ ਰਵਿਦਾਸ ਜੀ, ਪੰਨਾ-੯੭੪*

ਰਵਿਦਾਸ ਜੀ ਕਹਿੰਦੇ ਨੇ :-

**ਕਹੁ ਰਵਿਦਾਸ ਸਭੈ ਨਹੀ ਸਮਝਸਿ,**

ਲੋਕ ਤਾਂ ਰਵਿਦਾਸ ਨੂੰ ਕਮਲਾ ਕਹਿੰਦੇ ਹਨ, ਉਹ ਕਹਿੰਦੇ ਹਨ,

**ਭੂਲਿ ਪਰੇ ਜੈਸੇ ਬਉਰੇ।**

*– ਪੰਨਾ-੯੭੪*

—ਸਭ ਬੇਵਕੂਫ ਹਨ।

ਭਾਈ ਹਰਮੀਤ ਸਿੰਘ ਜੀ ਗੁਰਦੁਆਰੇ ਆਏ ਹੋਏ ਹਨ। ਸਤਿਗੁਰੂ ਸੱਚੇ ਪਾਤਸ਼ਾਹ, ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ ਦੀਵਾਨ ਵਿੱਚ ਬਿਰਾਜੇ ਹੋਏ ਹਨ, ਸਿੰਘ ਵਿੱਚ ਮਸਤਾਨੇ ਹੋਏ-ਹੋਏ ਫਿਰਦੇ ਹਨ।

*ਮੈਂ ਮੋਹਿਤ ਹੋਯੋ ਤਿਸ ਥਾਨੇ।*

ਕਹਿੰਦੇ ਨੇ ਮੈਂ ਮੋਹਿਆ ਗਿਆ ਉੱਥੇ ਹੀ।

*ਛੋਡਨ ਕੋ ਚਿਤ ਚਾਹੈ ਨਾਹੀ।*

ਉਸ ਚੀਜ਼ ਨੂੰ ਚਿਤ ਛੱਡਣਾ ਨਹੀਂ ਚਾਹੁੰਦਾ।

*ਯੋ ਆਵੈ ਮਨ ਰਹੋਂ ਇਥਾਂਹੀ।*

ਮਨ ਇਹੋ ਹੀ ਚਾਹੇ ਕਿ ਏਥੇ ਹੀ ਰਹੀਏ, ਇੱਥੋਂ ਨਾ ਹਿਲੀਏ।

*ਮਾਨੋ ਇਹੁ ਬੈਕੁੰਠ ਸਥਾਨ।*

ਐਸਾ ਮਾਲੂਮ ਹੁੰਦਾ ਹੈ, ਕਿ ਇਹ ਬੈਕੁੰਠ ਹੈ।

## ਮੁਕਤਿ ਬੈਕੁੰਠੈ ਕਰੈ ਕਿਆ

ਬੈਕੁੰਠ ਕੋਈ ਹੋਰ ਨਹੀਂ, ਗੁਰੂ ਸਾਹਿਬ ਦੀ ਬਾਣੀ ਵਿੱਚ ਕਬੀਰ ਜੀ ਦੀ ਜ਼ਬਾਨੀ, ਗੁਰੂ ਅਰਜਨ ਦੇਵ ਮਹਾਰਾਜ ਲਿਖਦੇ ਹਨ :–

**ਸਭੁ ਕੋਈ ਚਲਨ ਕਹਤ ਹੈ ਊਹਾਂ[੧੭]।।**
**ਨਾ ਜਾਨਉ ਬੈਕੁੰਠੁ ਹੈ ਕਹਾਂ।।੧।।ਰਹਾਉ।।**
**ਆਪ ਆਪ ਕਾ ਮਰਮੁ[੧੮] ਨ ਜਾਨਾਂ।।**
**ਬਾਤਨ[੧੯] ਹੀ ਬੈਕੁੰਠੁ ਬਖਾਨਾਂ।।੧।।**
**ਜਬ ਲਗੁ ਮਨ ਬੈਕੁੰਠ ਕੀ ਆਸ।।**
**ਤਬ ਲਗੁ ਨਾਹੀ ਚਰਨ ਨਿਵਾਸ।।੨।।**
**ਖਾਈ ਕੋਟੁ ਨ ਪਰਲ[੨੦] ਪਗਾਰਾ[੨੧]।**
**ਨਾ ਜਾਨਉ ਬੈਕੁੰਠ ਦੁਆਰਾ।।੩।।**
**ਕਹਿ ਕਮੀਰ ਅਬ ਕਹੀਐ[੨੨] ਕਾਹਿ।।**
**ਸਾਧ ਸੰਗਤਿ ਬੈਕੁੰਠੈ ਆਹਿ।।੪।।**

*– ਭੈਰਉ ਕਬੀਰ ਜੀ, ਪੰਨਾ–੧੧੬੧*

ਸਾਧ ਸੰਗਤਿ ਬੈਕੁੰਠ ਹੈ।

**ਕਈ ਬੈਕੁੰਠ ਨਾਹੀਂ ਲਵੈ[੨੩] ਲਾਗੇ[੨੪]।।**
**ਮੁਕਤਿ ਬਪੁੜੀ[੨੫] ਭੀ ਗਿਆਨੀ ਤਿਆਗੇ।।**

*– ਮਾਰੂ ਮ: ੫, ਪੰਨਾ–੧੦੭੮*

ਉਹ ਕਈਆਂ ਬੈਕੁੰਠਾਂ ਨੂੰ ਛੱਡ ਜਾਂਦੇ ਹਨ, ਜਿਹੜੇ ਸਤਿਗੁਰੂ ਦੇ ਚਰਨਾਂ ਦੇ ਭੌਰੇ ਹਨ। ਰਾਧਿਕਾ ਨੂੰ ਆਖਿਆ, ''ਚੱਲ ਬੈਕੁੰਠ ਨੂੰ''।

ਉਹ ਕਹਿੰਦੀ ਹੈ, ''ਕਹਾ ਕਰੋਂ ਬੈਕੁੰਠੈ ਜਾਏ। ਮੈਂ ਬੈਕੁੰਠ 'ਚ ਜਾ ਕੇ ਕੀ ਕਰਨਾ ਹੈ- ਜਿੱਥੇ ਨਾ ਕ੍ਰਿਸ਼ਨ ਮਹਾਰਾਜ ਹਨ-ਨਾ ਕਦੰਬਾਂ[੨੬] ਦੀ ਛਾਂ ਹੈ-ਨਾ ਇਹ ਸਖੀਆਂ ਹਨ-ਨਾ ਇਹ ਚੀਜ਼ ਹੈ, ਮੈਨੂੰ ਬੈਕੁੰਠ ਨਾਲ ਕੀ ਹੈ- ਮੈਂ ਨਹੀਂ ਬੈਕੁੰਠ ਦੇਖਣਾ ਚਾਹੁੰਦੀ।''

ਗੁਰੂ ਜੀ ਨੇ ਲਿਖਿਆ ਹੈ :-

**ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ।**

*- ਆਸਾ ਮ. ੧, ਪੰਨਾ-੩੬੦*

ਮੁਕਤ ਦੀ ਵੀ ਪ੍ਰਵਾਹ ਨਹੀਂ ਕਰਦੇ। ਮੁਕਤ ਵਿੱਚ ਪੁਰਸ਼ ਮੁੱਕ ਜਾਂਦਾ ਹੈ, ਕੁਝ ਨਹੀਂ ਰਹਿ ਜਾਂਦਾ, ਜੰਮਣਾ ਮਰਨਾ, ਆਉਣਾ ਜਾਣਾ-ਸਭ ਮੁੱਕ ਜਾਂਦਾ ਹੈ। ਇਸ ਤੋਂ ਅੱਗੇ ਗੁਰੂ ਸਾਹਿਬ ਨੇ ਇੱਕ ਚੀਜ਼ ਦੱਸੀ ਹੈ ਕਿ ਜੀਵਨ ਮੁਕਤ,

**ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ**

*- ਸੂਹੀ ਮ:੩, ਪੰਨਾ-੭੭੧*

ਜੀਵਨ ਮੁਕਤ ਪੁਰਸ਼-ਪੜ੍ਹੋ ਰਮਾਇਣ, ਦੇਖੋ ਹਾਲ, ਇੱਕ ਥਾਂ ਨਹੀਂ ਉਹ ਸਾਰੇ ਇੱਕੋ ਚੀਜ਼ ਹੈ, ਕਿਉਂਕਿ ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਹਨ :-

**ਆਦਿ ਅੰਤਿ ਏਕੈ ਅਵਤਾਰਾ।।**
**ਸੋਈ ਗੁਰੂ ਸਮਝੀਅਹੁ ਹਮਾਰਾ।।**

*- ਦਸਮ ਗ੍ਰੰਥ, ਪੰਨਾ-੧੩੮੭*

ਕੋਈ ਦੂਸਰੀ ਚੀਜ਼ ਨਹੀਂ, ਅਸੀ ਭੁਲੇਖਿਆਂ 'ਚ ਪੈ ਜਾਂਦੇ ਹਾਂ, ਸਾਡੇ ਵਾਸਤੇ ਕੁਝ ਹੋਰ ਦਿੱਸਦਾ ਹੈ-ਇਹ ਦੂਸਰਾ, ਤੀਸਰਾ ਹੈ। ਜੇ ਕਿਰਪਾ ਕਰ ਦੇਵੇ ਤੇ ਨੇਤਰ ਬਣਾ ਦੇਵੇ, ਭਾਈ ਘਨੱ੍ਹਈਏ ਵਾਂਗੂੰ ਕਰ ਦੇਵੇ। ਉਹਨੇ ਆਖਿਆ, ''*ਤੈਨੂੰ ਪੀਆਂ ਪਿਲਾਵਾਂ ਪਾਣੀ ਤੂੰ ਦਿਸਨਾ ਹੈ ਸਭ ਥਾਈਂ*-ਮੈਂ ਕਿਸੇ ਮੁਸਲਮਾਨ ਨੂੰ ਪਾਣੀ ਨਹੀਂ ਪਿਲਾਉਂਦਾ।'' ਉਹ (ਸਿੱਖ) ਮਾਰਦੇ-ਮਾਰਦੇ ਥੱਕ ਗਏ। ਉਹ (ਮੁਸਲਮਾਨ) ਮਹਾਰਾਜ ਉੱਤੇ ਸ਼ਸਤਰ ਚਲਾਉਂਦੇ

ਹਨ—ਸੱਚੇ ਪਾਤਸ਼ਾਹ ਉੱਤੇ। ਉਹ (ਭਾਈ ਘਨੱਈਆ) ਕਹਿੰਦਾ ਹੈ, ''ਮੈਂ ਤਾਂ ਤੈਨੂੰ ਹੀ ਪਾਣੀ ਪਿਲਾਉਂਦਾ ਹਾਂ।''

ਤਾਂ, ਭਾਈ ਸਾਹਿਬ ਵੇਖ ਕੇ ਅਨੰਦ ਹੋਏ-ਹੋਏ ਉਥੋਂ ਚਿਤ ਨਹੀਂ ਉੱਖੜਦਾ।।

*ਬੈਠੇ ਆਪ ਵਿਸ਼ਣੁ ਭਗਵਾਨ।।੬੩।।*

ਆਪ ਵਿਸ਼ਨੂੰ ਰੂਪ ਸਤਿਗੁਰੂ ਬੈਠੇ ਹਨ—ਦੀਵਾਨ ਵਿੱਚ।

*ਅਨਹਦ ਬਾਜੇ ਬਜਤ ਦੁਾਰੇ।।*

ਜਿਸਦੇ ਦਰਵਾਜ਼ੇ ਉੱਤੇ ਅਨਹਦ—ਹੱਦ ਤੋਂ ਰਹਿਤ-ਵਾਜੇ, ਵੱਜਦੇ ਹਨ ਜਿੰਨ੍ਹਾਂ ਦੀ ਕੋਈ ਗਿਣਤੀ ਨਹੀਂ।

ਉਹ ਗੱਲ ਰਹਿ ਗਈ ਵਿੱਚ—ਜੀਵਨ ਮੁਕਤ ਵਾਲੀ। ਜੀਵਨ ਮੁਕਤ ਪੁਰਖ ਕੌਣ ਹਨ? ਹਨੂਮਾਨ ਜੀ, ਜਿਹੜਾ ਕੁਝ ਹਨੂਮਾਨ ਜੀ ਨੇ ਰਾਮਾਇਣ ਵਿੱਚ, ਇਸ ਜੰਗ ਵਿੱਚ, ਇਸ ਲੰਕਾ ਦੇ ਜਿੱਤਣ ਵਾਲੇ ਕੰਮ ਵਿੱਚ, ਰਾਮ ਚੰਦਰ ਜੀ ਦੇ ਹੁਕਮ ਵਿੱਚ ਕੀਤਾ—ਉਹ ਸਾਰਿਆਂ ਤੋਂ ਉੱਚੇ ਥੇ। ਮਹਾਰਾਜ ਨੇ ਕਿਹਾ, ''ਹਨੂਮਾਨ, ਕੁਝ ਮੰਗ''। ਕਹਿੰਦਾ ਹੈ–

**ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ।**

*– ਸੂਹੀ ਮ: ੫, ਪੰਨਾ–੭੬੧*

ਹੋਰ ਕੋਈ ਮੰਗ ਨਹੀਂ-ਇਕੋ ਮੰਗ ਹੈ। ਉਹ ਕਿਆ ਹੈ ? ਬਸ, ਤੇਰਾ ਦਰਸ਼ਨ ਹੋਵੇ, ਜਦੋਂ ਤੂੰ ਆਵੇਂ ਮਾਤ ਲੋਕ ਵਿੱਚ ਤਾਂ ਨਾਲ ਆਈਏ ਜੇ ਤੂੰ ਜਾਵੇਂ ਤਾਂ ਨਾਲ ਹੀ ਜਾਈਏ।

ਦਿਵਾਨ ਨੰਦ ਲਾਲ ਗੁਰੂ ਗੋਬਿੰਦ ਸਿੰਘ ਦੇ ਸਾਹਮਣੇ ਖੜਾ ਹੋ ਜਾਂਦਾ ਹੈ। ਅਨੰਦਪੁਰ ਵਿੱਚ ਸੰਤ ਸੰਪੂਰਣ ਸਿੰਘ ਜੀ ਮਹਾਤਮਾ ਸਨ, ਕਿਸੇ ਸੱਜਣ ਨੇ ਉਹਨਾਂ ਦੇ ਦਰਸ਼ਨ ਕੀਤੇ ਹੋਣਗੇ, ਬੜੇ ਉੱਚੇ ਪੁਰਸ਼ ਥੇ, ਨੱਬੇ ਸਾਲ ਤੋਂ ਉਪਰ ਉਮਰ ਹੋ ਗਈ ਹੋਵੇਗੀ। ਅੱਸੀ ਸਾਲ ਦੀ ਉਮਰ ਵਿੱਚ, ਉਨ੍ਹਾਂ ਦੀ ਖਰਲ-ਦਵਾਈ ਭੀ ਦੇਂਦੇ ਸੀ ਲੋਕਾਂ ਨੂੰ-ਜਿਹੜੀ ਜਵਾਨ ਭੀ ਨਹੀਂ ਸੀ ਚੁੱਕਦਾ, ਉਹ ਬਚਨ ਕਰਦੇ ਸੀ, ਕਿ ਦਿਵਾਨ ਜੀ ਗੁਰੂ ਗੋਬਿੰਦ ਸਿੰਘ ਦੇ ਸਰੂਪ ਦੇ ਆਸ਼ਕ ਥੇ। ਸਾਹਿਬ ਦੀਵਾਨ ਦੀ ਸਮਾਪਤੀ ਕਰਕੇ ਅਨੰਦ

ਗੜ੍ਹ ਕਿਲ੍ਹੇ ਵਿੱਚ ਜਿਸ ਵਕਤ ਬਿਰਾਜਦੇ, ਕਿਲ੍ਹੇ ਦਾ ਦਰਵਾਜ਼ਾ ਬੰਦ ਹੋ ਜਾਂਦਾ — ਰਾਤ ਨੂੰ। ਦਿਵਾਨ ਜੀ ਦਰਵਾਜ਼ੇ ਨਾਲ ਸਿਰ ਲਾ ਲੈਂਦੇ ਅਰ ਸਾਰੀ ਰਾਤ ਰੋਂਦੇ ਰਹਿੰਦੇ, 'ਹਾਏ ਸੂਰਜ ਛਿਪ ਗਿਆ !' 'ਹਾਏ ਸੂਰਜ ਛਿਪ ਗਿਆ!' ਇਹ ਤਿੰਨ ਪਹਿਰ ਰਾਤ ਦੇ, ਦਿਵਾਨ ਜੀ ਦੇ ਏਸੇ ਤਰ੍ਹਾਂ ਹੀ ਲੰਘਦੇ ਸੀ। ਉਹ ਕਦੇ ਕਹਿੰਦੇ ਹਨ।

*'ਗੋਇਆ' ਦਰ ਇੰਤਜ਼ਾਰਿ[੨੭] ਤੋ, ਚਸ਼ਮਮ[੨੮] ਸਫ਼ੈਦ ਸ਼ੁਦ[੨੯]।।*
*ਮਨ ਚੂੰ ਕੁਨਮ ਕਿ:, ਬੇ ਤੋ, ਦਿਲਾਸਾ ਨਮੇ ਸ਼ਵਦ।।*

*– ਗ਼ਜ਼ਲ – ੨੪*

ਕਹਿੰਦੇ ਹਨ, ''ਦੋਵੇਂ ਅੱਖਾਂ ਮੇਰੀਆਂ ਦਰਿਆ ਬਣਕੇ ਵਗਦੀਆਂ ਹਨ।'' ਫਿਰ ਜਿਸ ਵਕਤ ਸੱਚੇ ਪਾਤਸ਼ਾਹ ਸਵਾ ਪਹਿਰ ਦੇ ਤੜਕੇ ਬਾਹਰ ਨਿਕਲਦੇ ਉਸ ਵੇਲੇ, 'ਆਹਾ-ਹਾ-ਹਾ-ਹਾ!' 'ਸੂਰਜ ਚੜ੍ਹ ਆਇਆ!' 'ਸੂਰਜ ਚੜ੍ਹ ਆਇਆ!' ਉਸੇ ਰੰਗ ਵਿੱਚ ਸਾਹਮਣੇ ਰਹਿਣਾ। ਫਿਰ ਇਸੇ ਹਾਲਤ 'ਚ ਲਿਖਿਆ ਹੈ ਨ :-

*ਦੀਨੋ[੩੦] ਦੁਨੀਆ, ਦਰ ਕਮੰਦਿ-ਆਂ[੩੧] ਪਰੀ ਰੁਖ਼ਸਾਰਿ[੩੨] ਮਾ।*

ਆਹ, ਜਿਹੜੇ ਤੇਰੇ ਕੇਸ ਦੀ ਲਟ ਤੇਰੇ ਮੱਥੇ ਤੇ ਆਈ ਹੋਈ ਹੈ, ਦੋਵੇਂ ਜਹਾਨ ਇਹਦੇ ਵਿੱਚ ਬੱਧੇ ਹੋਏ ਨੇ।

*ਹਰ ਦੋ ਆਲਮ,[੩੩] ਕੀਮਤਿ ਯਕ[੩੪] ਤਾਰਿ[੩੫] ਮੂਏ ਯਾਰਿ[੩੬] ਮਾ।*

*– ਗਜ਼ਲ-੨*

ਦੋਵੇਂ ਜਹਾਨ ਤੇਰੇ ਇੱਕ ਰੋਮ ਦੀ ਕੀਮਤ ਨਹੀਂ ਲੈ ਸਕਦੇ। ਫੇਰ ਕਹਿੰਦੇ ਹਨ- ਸੱਚਿਆ ਪਾਤਸ਼ਾਹ!

*ਮਾ ਨਮੇ[੩੭] ਆਰੇਮ ਤਾਬਿ[੩੮] ਗ਼ਮਜ਼ਾ[੩੯] - ਇ ਮਿਯਗਾਨਿ[੪੦] ਊ[੪੧]।*

ਮੈਂ ਨਹੀਂ ਝੱਲ ਸਕਦਾ ਤੇਰੀ ਇੱਕ ਕੋਨੇ ਅੱਖ ਦਾ ਇਸ਼ਾਰਾ।

*ਯਕ ਨਿਗਾਹਿ ਜਾਂ ਫ਼ਜ਼ਾਇਸ਼[੪੨],*

ਇੱਕੋ ਨਿਗਾਹ ਤੇਰੀ ਜਿਹੜੀ ਹੈ:-

**ਕ੍ਰਿਪਾ ਕਟਾਖ੍ਹ[੪੩] ਅਵਲੋਕਨੁ[੪੪] ਕੀਨੋ ਦਾਸ ਕਾ ਦੂਖੁ ਬਿਦਾਰਿਓ[੪੫]।।**

*– ਧਨਾਸਰੀ ਮ: ੫, ਪੰਨਾ-੬੮੧*

ਮੈਨੂੰ ਸਾਰੇ ਜਹਾਨ ਦਾ ਫੈਜ਼ ਪਹੁੰਚ ਗਿਆ।

—*'ਬਸ ਬਵਦ ਦਰਕਾਰਿ ਮਾ'*—ਮੇਰੇ ਵਾਸਤੇ ਬਹੁਤ ਕੁਝ ਹੈ, ਜਿਹੜਾ ਤੇਰਾ ਇੱਕ ਵਾਰ ਦਰਸ਼ਨ ਦੇਣਾ ਹੈਂ। ਉਹ ਆਸ਼ਕ–**'ਦਰ ਦਰਸਨੁ ਕਾ ਪ੍ਰੀਤਮੁ ਹੋਵੈ'–** ਜਿਹੜੀ ਮੈਂ ਤੁਕ ਪੜ੍ਹੀ ਗੁਰਬਾਣੀ ਦੀ–**'ਮੁਕਤਿ ਬੈਕੁੰਠੈ ਕਰੈ ਕਿਆ।'** ਜਿਹੜੇ ਦਰਸ਼ਨ ਦੇ ਪ੍ਰੀਤਮ ਹਨ, ਉਹਨਾਂ ਦਾ ਤਅੱਲਕ ਵੀ ਇਹੋ ਜਿਹਾ ਹੀ ਹੈ ਕਿ ਜਦੋਂ ਸਤਿਗੁਰੂ, ਅਕਾਲ ਪੁਰਖ ਅਵਤਾਰ ਧਾਰ ਕੇ ਆਉਂਦਾ ਹੈ—ਨਾਲ ਹੀ ਆਉਂਦੇ ਹਨ, ਜਦੋਂ ਜਾਂਦਾ ਹੈ ਨਾਲ ਹੀ ਚਲੇ ਜਾਂਦੇ ਹਨ, ਉਹਨਾਂ ਨੂੰ ਇਹ ਨਹੀਂ,

**ਜੰਮਣੁ ਮਰਣੁ ਨ ਤਿਨ ਕਉ ਜੋ ਹਰਿ ਲੜਿ ਲਾਗੇ।**
**ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ।।**

*– ਮ: ੫, ਪੰਨਾ–੩੨੨*

## ਨਿਰਗੁਣ ਤੇ ਸਰਗੁਣ ਸਰੂਪ

ਜਿਸ ਤਰ੍ਹਾਂ ਅਕਾਲ ਪੁਰਖ ਨਿਰਗੁਣ ਤੋਂ ਸਰਗੁਣ ਹੋ ਜਾਂਦਾ ਹੈ—ਉਹਦਾ ਸਰੂਪ ਹੋ ਜਾਂਦੇ ਹਨ, ਉਹ ਵੀ ਨਾਲ ਹੀ ਸਰਗੁਣ ਬਣ ਜਾਂਦੇ ਹਨ, ਨਿਰਗੁਣ ਦੇ ਵੇਲੇ ਨਿਰਗੁਣ, ਸਰਗੁਣ ਦੇ ਵੇਲੇ ਸਰਗੁਣ। ਕਾਗ ਭਸੁੰਡ ਦੀ ਕਥਾ ਪੜ੍ਹੋ—ਉਹ ਕਹਿੰਦਾ ਹੈ, ''ਜਿਸ ਵੇਲੇ ਆਉਂਦੀ ਹੈ ਅੱਗ ਦੀ ਪਰਲੋ, ਮੈਂ ਅੱਗ ਦਾ ਰੂਪ ਹੋ ਜਾਨਾ ਹਾਂ''—ਗੁਰੂ ਨਾਨਕ ਦੇਵ ਦੇ ਅੱਗੇ ਕਹਿੰਦੇ ਹਨ; ''ਜਿਸ ਵੇਲੇ ਪਾਣੀ ਦੀ ਆਉਂਦੀ ਹੈ—ਪਾਣੀ ਹੋ ਜਾਨਾ ਹਾਂ, ਜਿਸ ਵੇਲੇ ਪਉਣ ਦੀ ਆਉਂਦੀ ਹੈ—ਪਉਣ ਹੋ ਜਾਨਾਂ ਹਾਂ।'' ਇਹ ਬਖਸ਼ ਹੈ—ਕਾਗ ਭਸੁੰਡ ਨੂੰ। ਇਹ ਕਿਉਂ ਚੀਜ਼ ਪ੍ਰਾਪਤ ਹੋਈ—ਸਰਗੁਣ ਦੀ ਉਪਾਸ਼ਨਾ ਤੋਂ।

ਦੇਖੋ ਭਾਈ, ਹੈ–ਉਹ ਹੀ,

**ਨਿਰਗੁਨੁ ਆਪਿ ਸਰਗੁਨੁ ਭੀ ਓਹੀ।**
**ਕਲਾ ਧਾਰਿ ਜਿਨਿ ਸਗਲੀ ਮੋਹੀ।।**

*– ਗਉੜੀ ਮ: ੫, ਪੰਨਾ–੨੮੭*

– **ਸਰਗੁਣ**[੪੬] **ਨਿਰਗੁਣ**[੪੭] **ਥਾਪੈ ਨਾਉ।**
**ਦੁਹ ਮਿਲਿ ਏਕੈ ਕੀਨੋ ਠਾਉ**[੪੮]**।।**

*– ਆਸਾ ਮ: ੫, ਪੰਨਾ–੩੮੭*

ਪਰ, ਨਿਰਗੁਣ ਸ਼ਬਦ ਜਿਹੜਾ ਹੈ, ਉਹ ਹੈ,
**ਅਰਬਦ**[੪੯] **ਨਰਬਦ**[੫੦] **ਧੁੰਧੂਕਾਰਾ।**
**ਧਰਣਿ**[੫੧] **ਨ ਗਗਨਾ**[੫੨] **ਹੁਕਮੁ ਅਪਾਰਾ**[੫੩]**।।**
– **ਨਾ ਤਦਿ ਸੁਰਗੁ ਮਛੁ ਪਇਆਲਾ।**

*– ਮਾਰੂ ਮ: ੧, ਪੰਨਾ–੧੦੩੫*

ਉਹ ਵਕਤ—ਪੜ੍ਹੋ ਮਾਰੂ ਦੇ ਸੋਹਲੇ, ਮਹਾਰਾਜ ਕਹਿੰਦੇ ਹਨ,—ਸੁੰਨਹੁ ਸੁੰਨ–ਕੋਈ ਚੀਜ਼ ਨਹੀਂ ਹੋਰ। ਤਾਂ, ਨਿਰਗੁਣ ਸਰੂਪ ਜਿਹੜਾ ਹੈ ਅਕਾਲ ਪੁਰਖ ਦਾ– ਉਹਦਾਂ ਨਾਂ ਹੈ ਨਿਰਗੁਣ–ਬਗੈਰ ਗੁਣ ਤੋਂ, ਜਿਸ ਵਿੱਚ ਕੋਈ ਗੁਣ ਨਹੀਂ, ਆਵਾਜ਼ ਨਹੀਂ, ਸ਼ਕਲ ਨਹੀਂ—ਨਾ ਉਹ ਉਸ ਤਰ੍ਹਾਂ ਦਾ ਨਿਰਗੁਣ ਹੋ ਕੇ ਕਿਸੇ ਨੂੰ ਤਾਰ ਸਕਦਾ ਹੈ; ਨਾ ਕਿਸੇ ਨੂੰ ਭਜਨ ਦੱਸ ਸਕਦਾ ਹੈ; ਨਾ ਕਿਸੇ ਨੂੰ ਦਰਸ਼ਨ ਦੇ ਸਕਦਾ ਹੈ। ਜਦੋਂ ਸਰਗੁਣ ਬਣ ਜਾਂਦਾ ਹੈ, ਫਿਰ ਸਰਗੁਣ ਹੋ ਕੇ ਉਹੀ ਰੂਪ ਉਹ ਧਾਰ ਕੇ, ਜਿਹੜਾ ਆਉਂਦਾ ਹੈ, ਜਿਸ ਰੂਪ 'ਚ ਆਉਂਦਾ ਹੈ, ਉਹਦੇ 'ਚ ਲੋਕਾਂ ਦਾ ਫਿਰ ਸਰਗੁਣ ਰੂਪ ਹੋ ਕੇ ਉਧਾਰ ਕਰਦਾ ਹੈ।

ਕਾਗ ਭਸੁੰਡ ਦੀ ਆਪਣੇ ਗੁਰੂ ਨਾਲ ਚਰਚਾ ਹੁੰਦਿਆਂ ਬਹਿਸ ਹੋ ਗਈ।

ਉਹਨੇ ਆਖਿਆ, ''ਮੈਂ ਸਰਗੁਣ ਦੀ ਉਪਾਸਨਾ ਕਰਦਾ ਹਾਂ।''

ਉਹਨੇ ਆਖਿਆ, ''ਤੂੰ ਕਿਉਂ ਕਾਂ–ਕਾਂ ਕਰਦਾ ਹੈਂ ?''

ਉਹਨੇ ਆਖਿਆ, ''ਹੱਛਾ, ਭਾਵੇਂ ਮੈਂ ਕਾਂ ਹੀ, ਕਾਂ ਹੀ ਬਣ ਜਾਵਾਂ, ਪਰ ਮੈਂ ਸਰਗੁਣ ਦੀ ਉਪਾਸਨਾ ਨਹੀਂ ਛੱਡਣੀ।''

ਗੁਰੂ ਜੀ ਦੇ ਦਿਲ 'ਚ ਆਇਆ ਕਿ ਕਿਤਨਾ ਦ੍ਰਿੜ ਵਿਸ਼ਵਾਸੀ ਆਦਮੀ ਹੈ। ਕਹਿਣ ਲੱਗੇ, ''ਤੇਰਾ ਹੁਣ ਕਾਂ ਦਾ ਚੋਲਾ''।

ਕਹਿੰਦਾ, ''ਹੁਣ ਤੁਸੀਂ ਕਿਰਪਾ ਕਰੋ ਮੈਨੂੰ ਇਸੇ 'ਚ ਹੀ ਗਿਆਨ

ਰਹਿਣ ਦਿਉ।''

ਗਰੜ ਜੀ ਦੇ ਚਿਤ 'ਚ ਸ਼ੰਕਾ ਹੋਈ। ਗਰੜ ਜੀ ਨੇ ਕਿਹਾ, ਕਿ ਰਾਮ ਚੰਦਰ ਕਰਨ ਕਾਰਨ ਔਰ ਸੀਤਾ ਪਿੱਛੇ ਰੋਂਦਾ ਫਿਰੇ। ਬ੍ਰਹਮਾ ਕੋਲ ਗਏ, ਸ਼ਿਵਾਂ ਕੋਲ ਗਏ, ਕੁਛ ਨਾਂ ਬਣਿਆ, ਸ਼ੇਸ਼ਨਾਗ ਕੋਲ ਗਏ, ਉਨ੍ਹਾਂ ਆਖਿਆ, ''ਤੂੰ ਕਾਗ ਭਸੁੰਡ ਕੋਲ ਜਾਹ।'' ਪੜ੍ਹੋ ਤੁਸੀਂ ਰਾਮਾਇਣ-ਪਤਾ ਲਗਦਾ ਹੈ —

ਅਸੀਂ ਇਹ ਤਾਂ ਕਹਿੰਦੇ ਹਾਂ ਕਿ ਉਹ ਹਿੰਦੂਆਂ ਦਾ ਗ੍ਰੰਥ ਹੈ, ਫਲਾਣੇ ਦਾ ਗ੍ਰੰਥ ਹੈ; ਉਹ ਭਾਈ ਅਸੀਂ ਜੇ ਮੁਸਲਮਾਨਾਂ ਨਾਲ, ਚੀਨੀਆਂ ਨਾਲ ਰਲ ਕੇ ਵਪਾਰ ਕਰ ਲੈਂਦੇ ਹਾਂ ਤੇ ਜੇ ਕੋਈ ਸਾਨੂੰ ਸੱਚ ਦੇ ਵਪਾਰ ਦੀ ਚੀਜ਼ ਕਿਸੇ ਪੁਸਤਕ 'ਚੋਂ ਮਿਲਦੀ ਹੈ ਤਾਂ ਕਿੱਡੀ ਸਾਡੀ ਗਲਤੀ ਹੈ ਜੇ ਅਸੀਂ ਉਸਨੂੰ ਨਾ ਲਈਏ।

ਕਾਗ ਭਸੁੰਡ ਨੇ ਆਖਿਆ, ''ਦੇਖੀਂ ਗਰੜ ਜੀ ਭੁਲ ਨਾ ਜਾਈਂ, ਇਹ ਇਹਦੇ ਕੌਤਕ ਹਨ—ਸਵਾਂਗੀ ਹੈ, ਸਵਾਂਗ ਰਚਦਾ ਹੈ।

**ਹਰਨ ਭਰਨ ਜਾ ਕਾ ਨੇਤ੍ਰ ਫੋਰੁ।**

*- ਗਉੜੀ ਮ: ੫, ਪੰਨਾ ੨੮੪*

ਜੋ ਸ੍ਰਿਸ਼ਟੀ ਨੂੰ ਰਚ ਸਕਦਾ ਹੈ, ਲਯ ਕਰ ਸਕਦਾ ਹੈ, ਉਸ ਗੁਰੂ ਗੋਬਿੰਦ ਸਿੰਘ ਨੂੰ, ਉਸ ਗੁਰੂ ਤੇਗ ਬਹਾਦਰ ਨੂੰ, ਗੁਰੂ ਅਰਜਨ ਦੇਵ ਨੂੰ, ਸਤਿਗੁਰੂ ਰਾਮ ਸਿੰਘ ਨੂੰ—ਕੋਈ ਪਕੜ ਸਕਦਾ ਹੈ ? ਪਰ ਜਿਹੜਾ ਉਹ ਰੂਪ ਧਾਰਦਾ ਹੈ-ਉਹ ਗੁਰੂ ਅਰਜਨ ਦੇਵ-ਪੜ੍ਹਕੇ ਦੇਖੋ ਪੁਸਤਕ-ਅੱਗ ਦੇ ਉੱਤੇ ਬੈਠੇ —

*ਕਦੀ ਵਸਦੇ ਹਰੀ ਮੰਦਰ, ਲੱਗਾ ਸੋਨਾ ਜਿਹਦੇ ਅੰਦਰ,*
*ਬੈਠੇ ਦੇਗ ਤੱਤੀ ਮੇਂ, ਸਮੇਂ ਨੇ, ਗੇੜ ਮਾਰਾ ਹੈ।*

ਸਮਾਂ ਬਣਾਇਆ ਕੀਹਦਾ ਹੈ—ਉਹਦਾ ਆਪਣਾ। ਉਹ ਆਪਣੇ ਕੌਤਕ ਆਪ ਕਰਦਾ ਹੈ। ਗੁਰੂ ਤੇਗ ਬਹਾਦਰ ਸਾਹਿਬ—ਜੇ ਕੋਈ ਪੜ੍ਹਕੇ ਦੇਖੇ ਤਾਂ ਪਤਾ ਲਗਦਾ ਹੈ ਕਿ—ਨੌਂ ਮਹੀਨੇ ਸੈਫਾਬਾਦ ਦੇ ਕਿਲ੍ਹੇ 'ਚ ਰਹੇ, ਜਿਹਦਾ ਨਾਂ ਹੁਣ ਬਹਾਦਰਗੜ੍ਹ ਹੈ—ਪਟਿਆਲੇ 'ਚ। ਮੁਸਲਮਾਨ ਨੇ

ਪਾਸ ਰੱਖੇ—ਮੁਸਲਮਾਨ ਸੇਵਕ ਬਣਿਆ ਰਿਹਾ- ਚਾਰ ਦਿਨ ਸਮਾਣੇ 'ਚ ਰਹੇ। ਸਮਾਣੇ ਅਹਿਦੀਏ ਆ ਕੇ ਮੁੜ ਗਏ। ਉਹਨਾਂ ਦੇ ਸੱਯਦ ਦੇ ਘਰ ਰਹੇ। ਜਿਦਣ ਆਪਣੀ ਰਜ਼ਾ ਆਈ, ਉੱਥੇ ਆਗਰੇ ਜਾ ਕੇ ਦੁਸ਼ਾਲਾ ਦੇ ਕੇ ਉਹ ਆਜੜੀ ਨੂੰ ਭੇਜ ਕੇ—ਆਪਣੀ ਮਰਜ਼ੀ ਸੀ, ਖੇਡ ਉਸ ਤਰ੍ਹਾਂ ਬਣਾਉਣੀ ਸੀ। ਜਿਹੜੇ ਪੁਰਸ਼ ਇਹ ਗੱਲ ਕਹਿੰਦੇ ਹਨ, ਉਹਨਾਂ ਨੂੰ ਕਿਸੇ ਨੇ ਫੜ ਲਿਆ-ਉਹਨਾਂ ਦੇ ਤਾਂ ਕੁੱਤੇ ਨੂੰ ਨਹੀਂ ਕੋਈ ਫੜ ਸਕਦਾ।

## ਤਖਤ ਸਿੰਘ ਗੁੱਜਰਪੁਰਾ

ਮੇਰੇ ਅੱਗੇ ਇੱਕ ਚੀਜ਼ ਆ ਗਈ ਹੈ, ਹੁਣ ਸੰਤ ਤਖਤ ਸਿੰਘ ਜੀ, ਗੁੱਜਰਪੁਰਾ ਪਿੰਡ ਸੀ ਉਹਨਾਂ ਦਾ, ਗੜ੍ਹਸ਼ੰਕਰ ਦੇ ਨਜ਼ਦੀਕ, ਨੱਬੇ ਸਾਲ ਤੋਂ ਉੱਤੇ ਸਰੀਰ ਹੋ ਕੇ ਚਲਿਆ ਹੈ। ਮੈਂ ਉਹਨਾਂ ਦਾ ਦਰਸ਼ਨ ਕੀਤਾ ਹੈ। ਸਤਿਗੁਰੂ ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ ਜਿਸ ਵੇਲੇ ਰੰਗੂਨ ਆ ਗਏ, ਉਹ ਕਲਕੱਤੇ ਰਹਿੰਦੇ ਰਹੇ। ਕਲਕੱਤੇ ਉਹਨਾਂ ਨੇ ਬੰਗਾਲੀਆਂ ਨੂੰ ਸਿੱਖ ਸਜਾਇਆ, ਉੱਥੇ ਉਹ ਰਹਿੰਦੇ ਸਨ। ਬਹੁਤ ਸਖਤ ਪਹਿਰਾ ਹੋ ਗਿਆ – ਜਹਾਜ਼ ਉੱਤੇ। ਸਤਿਗੁਰਾਂ ਦਾ ਦਰਸ਼ਨ ਕਰਨ ਕਿਸੇ ਨੂੰ ਨਾ ਜਾਣ ਦਿੱਤਾ ਜਾਏ। ਆਪ ਉਹਨਾਂ ਨੇ ਬਚਨ ਸੁਣਾਇਆ, ਚਿਤ ਨੂੰ ਖਿੱਚ ਬੜੀ ਲੱਗੀ ਹੋਈ। ਅਸੀਂ ਤਾਂ ਹੁਣ, ਸੁੰਨੀ ਸਿੱਖ ਹਾਂ, ਜਿਨ੍ਹਾਂ ਨੇ ਸਤਿਗੁਰਾਂ ਦੇ ਦਰਸ਼ਨ ਕੀਤੇ, ਜਿਨ੍ਹਾਂ ਨੂੰ ਉਹ ਚੀਜ਼ ਪ੍ਰਾਪਤ ਹੋਈ, ਇਸ ਗੱਲ ਨੂੰ ਉਹੋ ਹੀ ਜਾਣਦੇ ਹਨ। ਸਾਹਿਬ ਰਾਮ ਕੋਇਰ ਦਾ ਪ੍ਰਸੰਗ ਪੜ੍ਹੋ-ਜਦੋਂ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਦੱਖਣ ਨੂੰ ਜਾਣ ਲੱਗੇ, ਕਹਿਣ ਲੱਗੇ, ''ਸੱਚੇ ਪਾਤਸ਼ਾਹ ਮੈਂ ਤੇ ਤੇਰੇ ਦਰਸ਼ਨ ਤੋਂ ਬਗੈਰ ਪ੍ਰਸ਼ਾਦਾ ਨਹੀਂ ਛਕਦਾ, ਮੇਰਾ ਕੀ ਹਾਲ ਹੋਵੇਗਾ ?'' ਸਾਹਿਬ ਕਹਿੰਦੇ ਨੇ, ''ਤੈਨੂੰ ਰੋਜ਼ ਦਰਸ਼ਨ ਹੋਇਆ ਕਰੇਗਾ।'' ਉਹ ਨਹੀਂ ਬਗੈਰ ਦਰਸ਼ਨੋ ਬਚਦੇ।

(ਸੰਤ ਤਖਤ ਸਿੰਘ ਜੀ) ਕਹਿਣ ਲੱਗੇ, ''ਚਿਤ ਨੂੰ ਬੜੀ ਖਿੱਚ ਲੱਗੀ''– ਢਾਕੇ ਵਾਲੇ ਪਾਸੇ ਨੂੰ ਤੁਰ ਪਏ। ਹੁਣ ਦਾੜ੍ਹਾ ਵੱਡਾ-ਵੱਡਾ, ਗੋਰਾ ਰੰਗ, ਉਹ ਬੰਗਾਲੀ ਕਾਲੇ, ਸਿਰ ਮੂੰਹ ਮੁੰਨੇ, ਵਾਲ ਖੁੱਥੇ—ਕਿਸ ਤਰ੍ਹਾਂ ਰਲ

ਸਕਣ ਉਹਨਾਂ 'ਚ। ਢਾਕੇ ਦੇ ਸੁਪਰਡੈਂਟ ਪੁਲਿਸ ਨੇ ਪਕੜ ਲਏ। ਬਾਰਬਟਨ ਅੰਗਰੇਜ਼ ਮਿਸਾ ਜਿਹਾ ਸੀ-ਕਸ਼ਮੀਰਨ ਦੇ ਪੇਟੋਂ—ਇੱਕੀ ਸਾਲ ਪੁਲਿਸ ਸੁਪਰਡੈਂਟ ਉਹ ਲੁਧਿਆਣੇ ਲੱਗਾ ਰਿਹਾ ਹੈ, ਇਸੇ ਵਾਸਤੇ ਕਿ ਨਾਮਧਾਰੀ ਅਖੰਡ ਪਾਠ ਨਾ ਕਰਨ, ਕੁਛ ਨਾ ਕਰਨ। ਉਸਨੇ ਸਾਰੇ ਲਿਖਕੇ ਭੇਜਿਆ ਹੋਇਆ—ਅਸੀਂ ਸਵਾਮੀ ਜੀ ਇਨ੍ਹਾਂ ਨੂੰ ਕਹਿੰਦੇ ਸਾਂ-ਤਖਤ ਸਿੰਘ ਜੀ ਬਾਬਤ, ਕਿ ਇਹ ਉੱਡ ਜਾਂਦਾ ਹੈ। ਤਖਤ ਸਿੰਘ ਜੀ ਕਹਿਣ ਲੱਗੇ, ''ਢਾਕੇ ਵਾਲੇ ਨੇ ਸਾਨੂੰ ਫੜ ਕੇ ਪੈਰਾਂ 'ਚ ਬੇੜੀ ਪਾ ਲਈ, ਹੱਥਾਂ 'ਚ ਹੱਥਕੜੀਆਂ ਲਾ ਲਈਆਂ।'' ਜਿਸ ਵੇਲੇ ਸਾਨੂੰ ਲੈ ਕੇ ਗਏ, ਅੱਗੇ ਜਾ ਕੇ ਕਹਿੰਦਾ ਹੈ, ''ਮੈਨੇ ਸੁਣਾ ਹੈ, ਤੁਮ ਉੱਡ ਜਾਤੇ ਹੋ।''

''ਮੈਂ ਕਿਹਾ, ਜੀ, ਮੈਨੂੰ ਤੇ ਕੋਈ ਪਤਾ ਨਹੀਂ।'' ਕਹਿਣ ਲੱਗੇ, ''ਸਤਿਗੁਰੂ ਨੇ ਜਿਸ ਵੇਲੇ ਬਖਸ਼ਸ਼ ਕੀਤੀ, ਐਸ ਤਰ੍ਹਾਂ ਮੈਂ ਹੱਥਕੜੀਆਂ ਲਾਹ ਦਿਤੀਆਂ, ਐਸ ਤਰ੍ਹਾਂ ਬੇੜੀਆਂ ਲਾਹ ਦਿੱਤੀਆਂ'', ਆਖਿਆ, ''ਲਉ ਭਾਈ ਮੈਂ ਜਾਨਾਂ ਹਾਂ''—ਕੋਈ ਨਾ ਫੜ ਸਕਿਆ। ਜਦੋਂ ਸਤਿਗੁਰਾਂ ਕੋਲ ਰੰਗੂਨ ਪਤਾ ਪਹੁੰਚਿਆ, ਸਤਿਗੁਰਾਂ ਨੇ ਕਿਹਾ, ''ਨਹੀਂ ਬਈ ਤਖਤ ਸਿੰਘ, ਇਹ ਕੰਮ ਨਹੀਂ ਕਰਨਾ।''

ਉਸ ਤੋਂ ਬਾਅਦ ਫਿਰ ਆਪ ਕੈਦ ਹੋ ਕੇ, ਡੇਢ ਸਾਲ ਜਾ ਕੇ ਪਿਸ਼ੌਰ ਜੇਲ੍ਹ ਵਿੱਚ ਪੱਥਰ ਕੁੱਟੇ।

## ਦੋ ਕੇ ਤੀਨ

ਸਤਿਗੁਰੂ ਦੇ ਸਿੱਖ, ਪੜ੍ਹੋ ਇਤਿਹਾਸ, ਔਰੰਗਜ਼ੇਬ ਕਹਿੰਦਾ ਹੈ—ਜਿਸ ਵੇਲੇ ਭਾਈ ਦਇਆ ਸਿੰਘ ਜੀ ਜਾਕੇ ਕਹਿੰਦੇ ਹਨ, ''ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ'',-

(ਔਰੰਗਜ਼ੇਬ) ਕਹਿੰਦਾ ਹੈ, ''ਖਾਲਸਾ ਹੂਆ''!

(ਭਾਈ ਦਇਆ ਸਿੰਘ), ''ਹੂਆ''।

ਫੇਰ ਕਹਿੰਦਾ, ''ਪਹਿਲੇ ਹੋ ਗਿਆ, ਦੁੱਖ ਪਾਵੇਗਾ''—ਕਿਉਂਕਿ ਤਾਕਤ ਤਾਂ ਉਹਦੇ'ਚ ਵੀ ਸੀ। ਜ਼ਰਾ ਧਿਆਨ ਦੇਣ ਦੀ ਲੋੜ ਹੈ ਜੇ

ਇਤਿਹਾਸ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਔਰੰਗਜ਼ੇਬ ਦਾ ਨਾਂ– 'ਸੁਧਰ ਸਪਰਸ਼' ਸੀ, ਦੇਵਤਾ ਸੀ ਪਹਿਲੇ ਜਨਮ ਵਿੱਚ, ਸਾਹਿਬ, ਜਿਸ ਵਕਤ ਦੁਸ਼ਟ ਦਮਨ ਦੇ ਨਾਮ ਨਾਲ ਤਪ ਕਰਦੇ ਸਨ। ਇਸਨੇ–ਖਿਮਾ ਕਰਨਾ ਸਾਧ-ਸੰਗਤ ਜੀ ਜ਼ਰਾ ਧਿਆਨ ਦੇਣਾ, ਅਸੀਂ ਵੀ ਉਹਨਾਂ ਗੁਰੂਆਂ ਦੇ ਸਿੱਖ ਸਦਾਉਂਦੇ ਹਾਂ—ਰਾਖਸ਼ਾਂ ਦੀ ਸੰਗਤ ਕੀਤੀ, ਉਨ੍ਹਾਂ ਦੀ ਸੰਗਤ ਕਰਕੇ ਸ਼ਰਾਬ ਪੀਤੀ। ਇਸਨੇ ਸ਼ਰਾਬ ਪੀਤੀ ਹੋਈ ਸੀ ਜਿਸ ਵੇਲੇ ਮਹਾਰਾਜ ਦੇ ਦੀਵਾਨ ਵਿੱਚ ਆਇਆ, ਤਾਂ ਦੁੱਧ ਲਿਆਂਦਾ ਗਿਆ ਬਿਨਾਂ ਪੁਣਿਆ। ਬਿਨਾਂ ਪੁਣਿਆਂ ਦੁੱਧ ਗਊ ਦਾ ਪੀ ਗਿਆ। ਉਸ ਦੁੱਧ ਪੀਣ ਦੇ ਨਾਲ ਇਸਦਾ ਜਨਮ ਮਲੇਛਾਂ ਦੇ ਘਰ-ਮੁਸਲਮਾਨਾਂ ਦੇ ਹੋਇਆ। ਮਹਾਰਾਜ ਨੇ ਆਖਿਆ, ''ਜਾਹ ਉਏ ਮਲੇਛ ਬੁੱਧ, ਤੇਰੇ ਤਪ ਦਾ ਫਲ ਤੈਨੂੰ ਰਾਜ ਮਿਲੇਗਾ।''

ਉੱਥੋਂ ਤੁਰ ਪਿਆ। ਤੁਰਿਆ ਆਉਂਦਾ ਹੈ, ਕਹਿੰਦਾ ਆਉਂਦਾ ਹੈ, ''ਹੱਛਾ ! ਜੇ ਮੈਨੂੰ ਰਾਜ ਮਿਲ ਗਿਐ-ਦੋ ਕਾ ਏਕ, ਦੋ ਕਾ ਏਕ, ਦੋ ਕਾ ਏਕ।''

ਅੱਗੇ ਸਾਹਿਬ ਤਪ ਕਰਦੇ ਹਨ – ਗੁਰੂ ਗੋਬਿੰਦ ਸਿੰਘ ਸਾਹਿਬ। ਸਾਹਿਬ ਕਹਿੰਦੇ ਨੇ, ''ਦੋ ਕੇ ਤੀਨ।''

ਚੁਕੰਨਾ ਹੋਣਾ ਪਿਆ। ਕਹਿੰਦਾ, ''ਇਹ ਕੌਣ ਆਦਮੀ ਹੈ, ਜਿਸਨੇ ਮੇਰੀ ਸਾਰੀ ਗੱਲ ਵਿੱਚੇ—ਇਹ ਚੀਜ਼ ਕੀਤੀ ਹੈ।

ਕਹਿਣ ਲੱਗਾ, ''ਤੂੰ ਕੀ ਕਿਹਾ ਹੈ ?''

ਮਹਾਰਾਜ ਕਹਿੰਦੇ ਨੇ, ''ਤੂੰ ਦੱਸ ਬਈ, ਪਹਿਲਾਂ ਕੀ ਕਹਿੰਦਾ ਜਾਂਦਾ ਹੈਂ ?''

ਉਸਨੇ ਆਖਿਆ, ''ਮੈਨੂੰ ਇਹ ਹੁਕਮ ਮਿਲਿਆ ਹੈ—ਮੈਂ ਬਾਦਸ਼ਾਹ ਹੋ ਕੇ ਚਲਿਆ ਹਾਂ—ਇਕੋ ਹੀ ਮੁਸਲਮਾਨੀ ਕਰ ਦੇਣੀ ਹੈ।''

ਉਹਨਾਂ ਆਖਿਆ, ''ਦੇਖੀਂ ਸਾਡੀ ਸ਼ਕਤੀ, ਅਸੀਂ ਤੀਸਰਾ ਪੰਥ ਪੈਦਾ ਕਰਾਂਗੇ—ਵਿੱਚੋ''

ਕਹਿਣ ਲੱਗਾ, ''ਤੁਸੀਂ ਤਾਂ ਚਾਲ੍ਹੀਆਂ ਸਾਲਾਂ ਨੂੰ ਆਉਣਾ ਹੈ, ਮੈਂ ਤੇ ਉਦੋਂ ਤਕ ਖਤਮ ਕਰ ਦਿਆਂਗਾ।''

ਕਹਿਣ ਲੱਗੇ, ''ਦੇਖ ਜੇ ਤੇ ਤੂੰ ਰਿਹਾ ਆਪਣੇ ਇਕਰਾਰ ਸਿਰ,

ਫੇਰ ਤੇ ਅਸੀਂ ਚਾਲੀ ਸਾਲਾਂ ਨੂੰ ਆਵਾਂਗੇ-ਨਹੀਂ ਤੇ ਦੇ ਕੇ ਚਾਲੀ ਸਾਲ ਅਕਾਲ ਪੁਰਖ ਨੂੰ ਮੁਜਰੇ-ਅਸੀਂ ਤੇਰੇ ਮਗਰੇ-ਮਗਰ ਆਏ ਖੜੇ''।

ਇੱਕ ਸ਼ਰਾਬ ਦੇ ਪੀਣ ਦਾ ਇਹ ਫਲ ਹੋਇਆ, ਅਣ-ਪੁਨਿਆ ਗਊ ਦਾ ਦੁੱਧ ਪੀਤਾ। ਭਾਈ ਸੱਜਣੋ, ਕੋਈ ਸਿੱਖ-ਚਾਹੇ ਕੋਈ ਅਕਾਲੀ, ਚਾਹੇ ਕੋਈ ਕੂਕਾ, ਚਾਹੇ ਕੋਈ, ਗੁਰੂ ਕੇ ਸਿੱਖ ਤਾਂ ਸਾਰੇ ਹੀ ਹਾਂ, ਭਾਈ, ਸ਼ਰਾਬ-ਖਿਮਾ ਕਰੋ—ਇਹਦਾ ਖਹਿੜਾ ਛੱਡੋ, ਇਹ ਬੜੀ ਬੁਰੀ ਚੀਜ਼ ਹੈ। ਕੋਈ ਮਜ਼ਹਬ ਬਗੈਰ ਬਾਮ-ਮਾਰਗੀਆਂ ਤੋਂ, ਹਿੰਦੂਆਂ ਨੂੰ ਇਜਾਜ਼ਤ ਨਹੀਂ, ਸਿੱਖਾਂ ਨੂੰ ਇਜਾਜ਼ਤ ਨਹੀਂ, ਮੁਸਲਮਾਨਾਂ ਨੂੰ ਇਜਾਜ਼ਤ ਨਹੀਂ—ਪੀਵੇ ਕੋਈ। ਤਮਾਕੂ ਐਸੀ ਚੀਜ਼ ਹੈ, ਜਿਸ ਦੇ ਵਾਸਤੇ—ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸਦਾ ਨਾਉ ਜਗਤ ਜੂਠ ਲਿਖਿਆ ਹੈ :

*ਮਦਿਰਾ ਦਹਿਤਾ ਸਾਤ ਕੁਲ, ਭੰਗ ਦਹੇ ਤਨੁ ਏਕ*
*ਸ਼ਤ-ਕੁਲ ਦਹਿਤਾ ਜਗਤ ਜੂਠ ਨਿੰਦਾ ਦਹੈ ਅਨੇਕ।''*

*– ਸੌ ਸਾਖੀ*

ਤੁਸੀਂ ਪੁਰਾਣਾਂ ਵਿੱਚ ਲਿਖਿਆ ਹੋਇਆ ਪੜ੍ਹਕੇ ਦੇਖੋ ਉੱਥੇ ਲਿਖਿਆ ਹੈ :-

*'ਧੂਮਰਪਾਨੰ ਰਤਨੰ ਬਿਪ੍ਰਾ ਜਾਯਤੇ ਗਰਾਮ ਸੂਕਰਾ।'*

ਜੋ ਬ੍ਰਾਹਮਣ ਧੂਮਰਪਾਨ ਕਰਦਾ ਹੈ, ਧੂਆਂ ਪੀਂਦਾ ਹੈ, ਉਹ ਗ੍ਰਾਮ ਦਾ ਸੂਰ ਬਣਦਾ ਹੈ—ਜੰਗਲੀ ਸੂਰ ਨਹੀਂ ਜਿਹੜਾ ਬਾਹਰਲੀਆਂ ਕੋਈ ਖੇਤੀਆਂ ਖਾਵੇ-ਖਾਈਆਂ ਵਿੱਚ ਫਿਰਦਾ ਹੈ, ਵਿਸ਼ਟਾ ਖਾਂਦਾ ਹੈ। ਜਿਹੜਾ ਦਾਤਾ ਉਸਨੂੰ ਦਾਨ ਦੇਵੇ, ਉਹ ਨਰਕਾਂ ਵਿੱਚ ਜਾਂਦਾ ਹੈ—ਕਿਤਨਾ ਚਿਰ? ''ਇੰਦੁ ਦੇਵਾਕਰੁ''—ਜਿਤਨਾ ਚਿਰ ਚੰਦਰਮਾ ਔਰ ਸੂਰਜ ਹਨ।

ਬੀਕਾਨੇਰ ਦੇ ਰਾਜ ਵਿੱਚ ਨੌਹਰ ਮੈਂ ਗਿਆ ਸਾਂ। ਉਹਦੇ ਨਾਲ ਇੱਕ ਭੂਕਰਕਾ ਦੀ ਜਗ੍ਹਾ ਹੈ। ਉੱਥੇ ਦਾ ਰਾਓ-ਚਾਰ ਪੰਜ ਆਦਮੀ ਇਤਨੇ ਬੀਕਾਨੇਰ ਵਿੱਚ ਵੱਡੇ ਹਨ—ਕਈ ਪਿੰਡਾਂ ਦਾ ਮਾਲਕ ਹੈ, ਮੇਰੇ ਨਾਲ ਗੱਡੀ 'ਚ ਚੜ੍ਹ ਗਿਆ। ਬੈਠੇ-ਬੈਠੇ ਬਚਨ ਬਿਲਾਸ ਤੁਰ ਪਿਆ। ਉਹ ਸਿਗਰੇਟ ਪੀਂਦਾ ਸੀ। ਮੈਂ ਉਸਨੂੰ ਕਿਹਾ, ''ਭਾਈ ਮੇਰੀ ਗੱਲ ਤੇ ਜਾਣ ਦੇ

ਤੂੰ—ਸੱਜਣਾਂ, ਆਹ, ਹਿੰਦੂਆਂ ਦੇ ਗ੍ਰੰਥ 'ਚ—ਇਹ ਲਿਖਿਐ।'' ਉਸ ਨੇ ਕਿਹਾ, ''ਲਉ ਜੀ ਮੈਂ ਛੱਡ ਦਿੱਤੀ।'' ਮੈਨੂੰ ਸਾਲ ਬਾਅਦ ਮਿਲਿਆ, ਉਹਨੇ ਕਿਹਾ, ''ਜੀ ਮੈਂ ਨਹੀਂ ਮੁੜਕੇਂ ਹੱਥ ਲਾਇਆ''। ਮੈਂ ਉਹਦੇ ਚੋਂ ਕੁਝ ਨਹੀਂ ਲੈਣਾ, ਤੁਸੀਂ ਕੁਝ ਨਹੀਂ ਲੈਣਾ।

## ਮਾਸ ਨਹੀਂ ਖਾਣਾ

ਦੂਸਰੀ ਚੀਜ਼ ਭਾਈ ਧਿਆਨ ਦਿਉ-ਮਾਸ। ਵਿਚਾਰ ਨਾਲ ਦੇਖਿਆ ਜਾਵੇ ਤਾਂ ਗੁਰੂ ਸਾਹਿਬ ਸੀਹਾਂ ਉਪੱਲ*[੨] ਨੂੰ ਜਦੋਂ ਆਪਣੇ ਲੜਕੇ ਦੀਆਂ ਰੀਤਾਂ ਕਰਾਉਣ ਲੱਗਾ ਹੈ, ਬਕਰੇ ਮਾਰਨ ਲੱਗਾ—ਸਾਹਿਬਾਂ ਨੇ ਆਖਿਆ, ''ਉਏ, ਇਹ ਕੰਮ ਨਾ ਕਰ।''

ਕਹਿੰਦਾ, ''ਮੈਨੂੰ ਕੁੱਲ 'ਚ ਨਹੀਂ ਵੱਸਣ ਦੇਣਾ।''

ਉਹ ਕਹਿੰਦੇ, ''ਕਹੋ ਜਾ ਕੇ, ਨਾਂ ਲਓ ਕਿ ਗੁਰੂ ਸਾਹਿਬ ਨਹੀਂ ਮੈਨੂੰ ਕਰਨ ਦੇਂਦੇ''-ਪੜ੍ਹੋ ਸੂਰਜ ਪ੍ਰਕਾਸ਼। ਭਾਈ ਗੁਰਦਾਸ ਜੀ ਕਹਿੰਦੇ ਹਨ :-

*ਸੀਹ ਪਜੂਤੀ[੫੪] ਬਕਰੀ ਮਰਦੀ ਹੋਈ ਹੜ ਹੜ ਹਸੀ।*
*ਸੀਹੁ ਪੁਛੈ ਵਿਸਮਾਦੁ[੫੫] ਹੋਇ ਇਤੁ ਅਉਸਰਿ ਕਿਤੁ ਰਹਸਿ ਰਹਸੀ[੫੬]।*
*ਬਿਨਉ ਕਰੇਂਦੀ ਬਕਰੀ ਪੁਤ੍ਰ ਅਸਾਡੇ ਕੀਚਨਿ ਖਸੀ[੫੭]।*
*ਅਕ ਧਤੂਰਾ ਖਾਧਿਆਂ, ਕੁਹਿ ਕੁਹਿ ਖਲ ਉਖਲਿ ਵਿਣਸੀ[੫੮]।*
*ਮਾਸੁ ਖਾਨਿ ਗਲ ਵਢਿ ਕੈ ਹਾਲੁ ਤਿਨਾੜਾ ਕਉਣੁ ਹੋਵਸੀ।*

*– ਵਾਰ-੨੫, ਪਉੜੀ-੧੭*

*– ਕੁਹੈ ਕਸਾਈ ਬਕਰੀ ਲਾਇ ਲੂਣ ਸੀਖ ਮਾਸੁ ਪਰੋਆ।*
*ਹਸਿ ਹਸਿ ਬੋਲੇ ਕੁਹੀਂਦੀ ਖਾਧੇ ਅਕਿ ਹਾਲੁ ਇਹੁ ਹੋਆ।*
*ਮਾਸ ਖਾਨਿ ਗਲਿ ਛੁਰੀ ਦੇ ਹਾਲੁ ਤਿਨਾੜਾ ਕਉਣੁ ਅਲੋਆ[੫੯]।*

*– ਵਾਰ-੩੭, ਪਉੜੀ-੨੧*

ਹੁਣ ਵੱਡਾ ਭਾਰਾ ਸਾਡੇ ਵਿੱਚ ਬੁੱਧ ਮਜ਼੍ਹਬ ਹੈ। ਬੁੱਧ ਮਜ਼੍ਹਬ ਵਾਲੇ ਲੋਕ ਇਹ ਗੱਲ ਤਾਂ ਕਹਿੰਦੇ ਹਨ ਕਿ ਅਹਿੰਸਾ ਪਰਮੋਂ ਧਰਮਾ-ਪਰ ਕਰਦੇ ਕੀ ਹਨ? ''ਜੀ, ਮਾਰਨਾ ਨਹੀਂ, ਮਰਿਆ ਕੋਈ ਦੇਵੇ ਤਾਂ ਖਾ ਲੈਣਾ।''

ਚੱਕਰਵਰਤੀ ਜੀ ਨੇ ਉੱਥੇ ਦੱਸਿਆ ਸੀ ਕਿ ਬੁੱਧ ਮਹਾਤਮਾ ਜੀ ਦੀ ਮੌਤ ਹੀ ਸੂਰ ਦਾ ਮਾਸ★[੩] ਖਾਣ ਕਰਕੇ ਹੋਈ, ਜਿਹੜੇ ਅਹਿੰਸਾ ਪਰਮੋ ਧਰਮਾ ਦੇ ਅਵਤਾਰ ਹਨ। ਸਾਡੇ ਕੋਲ ਇੱਕ ਮਿਸਾਲ ਬੜੀ ਭਾਰੀ ਅਜੇ ਹੈ, ਕੋਈ ਆਦਮੀ—ਕੂਕਿਆਂ ਦਾ ਤੁਸੀਂ ਛੱਡੋ ਖਹਿੜਾ—ਹਜ਼ੂਰ ਸਾਹਿਬ ਜਿਹੜਾ ਜਾਵੇ ਉਹ ਪਤਾ ਕਰ ਸਕਦਾ ਹੈ, ਕਿ ਗੁਰੂ ਕੇ ਲੰਗਰ ਵਿੱਚ ਮਾਸ ਰਿੱਝ ਸਕਦਾ ਹੈ? ਹੁਕਮ ਨਹੀ। ਫੇਰ, ਲਾਂਗਰੀ ਸਿੰਘ ਜਿਹੜੇ ਜਾ ਕੇ ਲਗਦੇ ਹਨ, ਉਹ ਬਾਹਰ ਖਾ ਲੈਂਦੇ ਹਨ। ਜਿਹੜਾ ਪੁਜਾਰੀ ਸਾਹਿਬਾਂ ਦੇ ਤਖਤ ਦੀ, ਸ਼ਸਤਰਾਂ ਦੀ ਸੇਵਾ ਕਰਦਾ ਹੈ ਅੰਦਰਲੀ-ਉਹ ਉਸ ਲੰਗਰ ਦਾ ਪ੍ਰਸ਼ਾਦਾ ਵੀ ਨਹੀਂ ਛਕਦਾ। ਇਹ ਕੂਕੇ ਹੀ ਬੜੇ ਕਸੂਤੇ ਨਹੀਂ, ਜਿਹੜੇ ਗੜਵੀ ਨਹੀਂ ਦੇਂਦੇ ਨਹਾਉਣ ਨੂੰ— ਇਹਨਾਂ ਨੂੰ ਬੀ ਓਥੋਂ ਮਿਲਿਆ ਹੋਇਆ ਹੈ। ਸਾਹਿਬਾਂ ਨੇ ਸਾਢੇ ਤਿੰਨ ਮਹੀਨੇ ਭਾਈ ਰਾਏ ਸਿੰਘ ਜੀ ਨੂੰ ਭੇਜਿਆ, ਜਿਨ੍ਹਾਂ ਨੇ ਜਾ ਕੇ ਸਾਰੀ ਹਜ਼ੂਰ ਸਾਹਿਬ ਦੀ ਮਰਯਾਦਾ ਲਿਖੀ—ਮੁੜ ਕੇ ਲੈ ਕੇ ਆਏ। ਜਿਹੜਾ ਗੁਰੂ ਗੋਬਿੰਦ ਸਿੰਘ ਨੇ ਕਿਹਾ ਸੀ,

*ਠੇਡੇ ਖਾਵੈ ਖਾਲਸਾ ਮੋਹਿ ਸੰਮਾਲੋ ਸਾਸ।*

*– ਸੌ ਸਾਖੀ*

*– ਮੈਂ ਫੇਰ ਕਰੂੰਗਾ ਖਾਲਸਾ ਵਸੈ ਵਿੱਚ ਪੰਜਾਬ।*

*– ਜਨਮ ਸਾਖੀ*

ਗੁਰੂ ਨਾਨਕ ਨੇ ਕਰਨੀ ਨਾਮੇ ਵਿੱਚ ਕਿਹਾ ਸੀ। ਸਤਿਗੁਰਾਂ ਨੇ ਆਪਣੀ ਕੋਈ ਗੱਲ ਨਹੀ ਕੀਤੀ। ਮਰਯਾਦਾ ਹਜ਼ੂਰ ਸਾਹਿਬ ਤੋਂ ਲਿਖ ਕੇ ਲਿਜਾ ਕੇ, ਭੈਣੀ ਸਾਹਿਬ ਅੰਮ੍ਰਿਤ ਛਕਾ ਕੇ, ਫੇਰ ਸਿੱਖਾਂ ਨੂੰ ਮਰਯਾਦਾ ਤੇ ਤੋਰਿਆ।

ਹਜ਼ੂਰ ਸਾਹਿਬ ਦੇ ਲੰਗਰ ਵਿੱਚ ਭਾਈ ਖਾਲਸਿਓ, ਸਾਡਿਓ ਸੱਜਣੋਂ, ਮਿੱਤਰੋ, ਉੱਥੇ ਲੰਗਰ ਵਿੱਚ ਅਜੇ ਤਕ ਮਾਸ ਨਹੀਂ ਪੈ ਸਕਦਾ। ਜੇ ਮਾਸ ਪੈਂਦਾ ਹੋਵੇ ਤੇ ਮਾਸ ਦਾ ਭੋਗ ਵੀ ਲੱਗੇ। ਉੱਥੇ ਜਾਂ 'ਤਹਿ ਤੋੜਾਂ' (ਪਰੌਠਿਆਂ) ਦਾ ਭੋਗ ਲਗਦਾ ਹੈ ਜਾਂ ਸ਼ਹੀਦੀ ਦੇਗ ਦਾ ਲਗਦਾ ਹੈ— ਜਿਸ ਆਦਮੀ ਦੀ ਮਰਜ਼ੀ ਹੋਵੇ ਦੇਖ ਸਕਦਾ ਹੈ। ਕੱਲ੍ਹ ਨੂੰ ਪਤਾ ਨਹੀਂ

ਕੋਈ ਇੰਤਜ਼ਾਮ ਬਦਲ ਕੇ ਤੇ ਕੁਛ ਕਰ ਦੇਵੇ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਾਅਦ ਤੋਂ ਅੱਜ ਤਕ ਇਹ ਚੀਜ਼ ਹੈ-ਉੱਥੇ ਕਾਇਮ। ਇਹ ਚੀਜ਼ਾਂ, ਸਾਹਿਬਾਂ ਛਡਾਉਣ ਵਾਸਤੇ, ਜੇ ਫੇਰ ਸਮਾਂ ਮਿਲੇਗਾ ਤਾਂ ਫਿਰ ਮੈਂ ਦੱਸਾਂਗਾ........।

ਹੁਣ ਮੈਂ ਇੱਥੇ ਭੋਗ ਪਾ ਦੇਣਾ ਹੈ, ਵਕਤ ਥੋੜਾ ਹੈ। ਅੱਜ ਜ਼ਰਾ ਕੀਰਤਨ ਵਾਲਿਆਂ ਦਾ ਕੁਛ ਥੋੜਾ ਜਿਹਾ ਮੌਜ ਮੇਲਾ ਸੁਣਨਾ ਹੈ। ਚੱਕਰਵਰਤੀ ਜੀ ਕੁਛ ਕਿਰਪਾ ਕਰਨਗੇ ਥੋੜੀ ਜਿਹੀ ਤੇ ਨਿਤਨੇਮ ਵੀ ਕਰਨਾ ਹੈ। ਭਾਈ ਕਾਲੂ ਹੋਰੀਂ ਇੱਕ ਰਾਗੀ ਹੁੰਦੇ ਸੀ—ਅੱਜ ਕੱਲ੍ਹ ਜਦੋਂ ਬਸੰਤ ਦੇ ਦਿਨਾਂ 'ਚ ਆਸਾ ਦੀ ਵਾਰ ਤੋਂ ਮਗਰੋਂ ਬਸੰਤ ਦੀ ਵਾਰ ਵੀ ਜ਼ਰੂਰੀ ਗੱਲ ਹੈ, ਇੱਕ ਸ਼ਬਦ ਬਸੰਤ ਦਾ ਪੜ੍ਹ ਕੇ ਵਾਰ ਪੜ੍ਹਨੀ। ਮੈਂ ਕਿਹਾ, ''ਭਾਈ ਕਾਲੂ ਅੱਜ ਵਾਰ ਛੱਡ ਗਿਆਂ-ਬਸੰਤ ਦੀ।''

ਕਹਿੰਦਾ,—''ਸਾਥੋਂ ਤਾਂ ਆਸਾ ਦੀ ਵਾਰ ਦੇ ਲਾਗ ਹੀ ਨਹੀਂ ਮੁਕਦੇ।''

ਜੇ ਅਸੀਂ ਦੇਖਣ ਲੱਗੀਏ, ਸਾਡਾ ਤਾਂ ਵਕਤ ਹੀ.........? ਉਂਝ ਅਸੀਂ ਬੇਸ਼ਕ ਕੁਛ ਕਰੀਏ। ਸਿੱਖ ਦਾ ਜਿਹੜਾ ਟਾਈਮ ਹੈ, ਅਗਰ ਸਿੱਖ ਦਾ ਟਾਈਮ ਟੇਬਲ ਦੇਖਿਆ ਜਾਏ—ਇੱਕ ਪ੍ਰੇਮ ਸੁਮਾਰਗ ਗ੍ਰੰਥ ਹੈ, ਗੁਰੂ ਗੋਬਿੰਦ ਸਿੰਘ ਦਾ ਬਣਿਆ ਹੋਇਆ, ਉਹ ਲੱਭ ਨਹੀਂ ਅੱਜ ਕੱਲ੍ਹ ਸਕਦਾ, ਬਹੁਤ ਘੱਟ ਕਿਤੇ ਮਿਲਦਾ ਹੈ, ਦੇਖੋ ਪੜ੍ਹ ਕੇ—ਪੰਜ ਪਾਠ ਜਪੁ-ਜਾਪੁ ਦੇ ਸਿੱਖ ਕਰੇ। ਰਹਿਰਾਸ ਨਾਲ ਵੀ ਸਿੱਖ ਜਪੁ-ਜਾਪੁ ਦਾ ਪਾਠ ਕਰੇ; ਆਰਤੀ ਸੋਹਿਲੇ ਨਾਲ ਵੀ ਜਪੁ-ਜਾਪੁ ਦਾ ਪਾਠ ਕਰੇ; ਪੰਜ ਗ੍ਰੰਥ ਬਾਣੀ ਪੜ੍ਹੇ; ਸੌ ਪੱਤਰਾ ਮਹਾਰਾਜ ਦੇ ਗ੍ਰੰਥ ਸਾਹਿਬ ਜੀ ਦਾ ਪੜ੍ਹੇ; ਪੰਜ ਮਾਲਾ ਪੱਕੀਆਂ ਭਜਨ ਦੀਆਂ ਫੇਰੇ, ਜਿਹਨਾਂ ਨੂੰ ਦਸ ਘੰਟੇ ਲਗਦੇ, ਨਹੀਂ ਤੇ ਸਾਢੇ ਸੱਤਾਂ ਤੋਂ ਘੱਟ ਨਹੀਂ ਫਿਰਦੀਆਂ-ਖਿੱਚ ਕੇ ਤੇ ਭਾਵੇਂ ਇੱਕ ਘੰਟੇ ਵਿੱਚ ਪੰਜ ਲੰਘਾ ਦੇਈਏ; ਆਪਣੇ ਹੱਥ ਦਾ ਪ੍ਰਸ਼ਾਦਾ ਪਾਣੀ ਛਕੇ—ਇਹ ਬਿਹੰਗਮ ਦੀ ਰਹਿਤ ਹੈ। ਪੰਜ ਬਾਣੀਆਂ ਘੱਟ ਤੋਂ ਘੱਟ, ਢਾਈ ਮਾਲਾ ਘੱਟ ਤੋਂ ਘੱਟ, ਪੰਝੀ ਪੱਤਰੇ ਦਾ ਪਾਠ, ਇਹ ਘੱਟ ਤੋਂ ਘੱਟ ਗ੍ਰਿਹਸਤੀ ਸਿੱਖ ਵੀ ਰੋਜ਼ ਕਰੇ, ਪਰ ਹੁਣ ਸਾਡਾ ਤੇ ਕੰਮ ਹੀ ਹੋਰ ਹੋ ਗਿਆ ਹੈ।

## ਸਿਨੇਮਾ ਨਹੀਂ ਵੇਖਣਾ

ਇੱਕ ਮੈਂ ਹੋਰ ਅਰਜ਼ ਕਰਨੀ ਹੈ, ਬੜੀ ਕਿਰਪਾ ਹੈ ਗੁਰੂ ਦੀ। ਇੱਥੇ ਨਾਮਧਾਰੀ ਸਾਧ—ਸੰਗਤ ਤੇ ਬਹੁਤ ਕਿਰਪਾ ਹੋ ਗਈ ਹੈ। ਪਤਾ ਨਹੀਂ ਕਿਤੇ ਕੋਈ ਭੁਲ ਚੁਕ ਕੇ ਚਲਾ ਜਾਂਦਾ ਹੋਵੇ—ਸਿਨੇਮੇ। ਬਹੁਤ ਬਚਾਅ ਹੋ ਗਿਆ ਹੈ। ਮੇਰੀ ਅਰਜ਼ ਇੰਨ੍ਹਾਂ ਨੇ ਮੰਨ ਲਈ ਹੈ। ਮੈਂ ਸਾਰਿਆਂ ਸੱਜਣਾਂ ਅੱਗੇ ਹੀ ਅਰਜ਼ ਕਰਦਾ ਹਾਂ, ਜ਼ਰਾ ਇਸ ਗੱਲ ਵੱਲ ਧਿਆਨ ਦਿਓ ਕਿਉਂਕਿ ਜਿਧਰ ਨੂੰ ਨੀਵਾਂ ਥਾਂ ਹੋਵੇ, ਪਾਣੀ ਰੁੜ ਕੇ ਉਧਰ ਨੂੰ ਚਲਾ ਜਾਂਦਾ ਹੈ। ਮਨ ਦਾ ਕੰਮ ਹੈ—ਕਲਯੁਗ ਦਾ ਸਮਾਂ ਹੈ—ਮਨ ਵਿਸ਼ਿਆਂ ਵਿਕਾਰਾਂ ਨੂੰ, ਬੁਰਿਆਂ ਕੰਮਾਂ ਵੱਲ ਨੂੰ ਦੌੜਦਾ ਹੈ, ਪਰ ਜ਼ਰਾ ਧਿਆਨ ਦਿਓ। ਮੇਰੇ ਤੇ ਤਾਂ ਤੁਸਾਂ ਕਿਰਪਾ ਕੀਤੀ ਹੈ, ਮੈਨੂੰ ਤਾਂ ਅੱਜ ਤਕ ਦਰਸ਼ਨ ਨਹੀਂ ਹੋਇਆ– ਉਹਦਾ, ਬਈ ਕਿਆ ਚੀਜ਼ ਹੈ ਸਿਨੇਮਾ? ਪਰ ਜਿਹੜੇ ਜਾਂਦੇ ਨੇ, ਉਨ੍ਹਾਂ ਕੋਲੋਂ ਜੋ ਸੁਣਿਆ ਹੈ ਉੱਥੋਂ ਦੇ ਹਾਲਾਤ ਭਾਵੇਂ ਉਹ ਕਿਸੇ ਭਗਤ ਦੀ ਵੀ ਖੇਡ ਬਣਾਉਣ, ਪਰ ਔਰਤਾਂ ਦੀਆਂ ਤਸਵੀਰਾਂ ਫੇਰ ਵੀ ਲਿਆਉਂਦੇ ਨੇ-ਵਿੱਚ। ਤੁਸੀਂ ਜਾਂਦੇ ਹੋ, ਕੋਈ ਸੱਜਣ ਆਪਣੀਆਂ ਔਰਤਾਂ, ਆਪਣੀਆਂ ਬੇਟੀਆਂ, ਆਪਣੀਆਂ ਭੈਣਾਂ ਨਾਲ ਲੈ ਜਾਂਦੇ ਹਨ। ਕਿਆ ਇਹ ਮਨੁੱਖਪੁਣੇ ਦਾ ਇਖਲਾਕ ਹੈ—ਤੁਹਾਡਾ ? ਖਿਮਾ ਕਰਨਾ, ਮੇਰੇ ਤੇ ਨਰਾਜ਼ ਨਾ ਹੋਣਾ, ਮੈਂ ਅਪਣੱਤ ਨਾਲ ਤੁਹਾਨੂੰ ਇਹ ਗੱਲ ਕਹਿ ਰਿਹਾ ਹਾਂ।

ਮੇਰਾ ਮਨੁੱਖ ਦੇ ਨਾਤੇ ਨਾਲ-ਤੁਹਾਡੇ ਨਾਲ ਸਾਕ ਤੇ ਸਾਰਿਆਂ ਨਾਲ ਹੈ - ਪਰ ਹਿੰਦੁਸਤਾਨੀ ਹੋਣ ਨਾਲ ਓਦੂੰ ਬਹੁਤ; ਫੇਰ ਸਿੱਖ ਹੋਣ ਨਾਲ ਉਸ ਤੋਂ ਵੀ ਨੇੜੇ; ਹਿੰਦੂ ਹੋਣ ਨਾਲ ਨੇੜੇ; ਸਿੱਖ ਹੋਣ ਨਾਲ ਨੇੜੇ। ਹਿੰਦੂ ਤੇ ਸਿੱਖ ਅੰਗਰੇਜ਼ ਦੀ ਕਿਰਪਾ ਹੈ, ਜਿਹੜੀ ਅਜੇ ਵੀ ਫੁੱਟ ਸਾਡੇ ਹਿੰਦੁਸਤਾਨ ਵਿੱਚ ਪਈ ਹੋਈ ਹੈ, ਜਿਹੜੇ ਅਜੇ ਭੀ ਹਿੰਦੂ ਤੇ ਸਿੱਖ ਆਪਸ ਵਿੱਚ ਲੜਦੇ ਹਨ। ਮੈਂ ਬਹੁਤ ਚਿਰ ਤੋਂ ਇਹ ਅਰਜ਼ ਕਰ ਰਿਹਾ ਹਾਂ, ਕਿ ਹਿੰਦੂਆਂ, ਸਿੱਖਾਂ ਨੂੰ ਦੋ ਜਗ੍ਹਾ ਨਹੀਂ ਹੋਣਾ ਚਾਹੀਦਾ, ਨਹੀਂ ਤੇ ਇਹ ਮਾਰੇ ਜਾਣਗੇ। ਕਾਨਫਰੰਸਾਂ ਬੁਲਾਈਆਂ, ਸਭ ਕੁਝ ਕੀਤਾ, ਅਜੇ ਵੀ ਉਹ ਅੰਗਰੇਜ਼ ਜਿਹੜੀ

ਵਿਹੁ ਸਿਟ ਗਿਆ ਹੈ ਨ, ਉਹ ਅਜੇ ਵੀ ਹੈ।

ਭਾਈ, ਇਸ ਤਰ੍ਹਾਂ ਨਾਲ, ਇਸ ਤਰ੍ਹਾਂ ਹੀ ਦੋ ਹੱਥਾਂ ਨਾਲ ਤਾੜੀ ਵਜਦੀ ਹੈ। ਕਿਸੇ ਵੇਲੇ ਮੈਂ ਗਲਤੀ ਕਰਾਂ, ਤੁਸੀਂ ਮੈਨੂੰ ਆਖੋ—ਕਿਉਂ ਬਈ, ਤੂੰ ਸਾਨੂੰ ਇਹ ਗੱਲ ਕਹਿੰਦਾ ਸੀ, ਤੂੰ ਆਹ ਕਿਉਂ ਕਰਦਾ ਹੈ? ਕਿਸੇ ਵੇਲੇ ਮੈਂ ਤਹਾਨੂੰ ਆਖਾਂ—ਇਉਂ ਨਾ, ਬੁਰਾ ਕਹਿ ਕੇ ਨਾ, ਕਿਸੇ ਨੂੰ ਗਾਲ੍ਹ ਕੱਢ ਕੇ ਨਾ, ਕਿਸੇ ਨਾਲ ਨਫਰਤ ਕਰਕੇ ਨਾ—ਪਿਆਰ ਨਾਲ ਕਿ ਇਹ ਪੈਸੇ ਤੁਹਾਡੇ, ਜਿਹੜੇ ਅੱਜ ਇਹ ਪੈਸੇ ਹਨ, ਜਿਹੜੇ ਤੁਸੀਂ ਜਾ ਕੇ ਸਿਨੇਮੇ 'ਚ ਲਾਉਂਦੇ ਹੋ, ਤੁਸੀਂ ਏਨੇ ਪੈਸੇ ਹੀ ਮਿਹਰਬਾਨੀ ਕਰਕੇ ਇਕੱਠੇ ਕਰਕੇ, ਮੇਰੇ ਹੱਥੀਂ, ਨਹੀਂ—ਕਿਸੇ ਆਪਣੇ ਸੱਜਣ ਦੇ ਹੱਥੀਂ ਜਿਹੜੇ ਹਿੰਦੁਸਤਾਨ ਵਿੱਚ ਤੁਹਾਡੇ ਭਰਾ ਉਧਰੋਂ ਆਏ ਹੋਏ ਹਨ, ਜਿਹੜੇ ਐਤਕਾਂ ਪੰਜਾਬ ਵਿੱਚ ਮਾਰੇ ਗਏ ਹਨ, ਕਾਲ ਪੈ ਗਿਐ, ਜਿਹੜੇ ਸਾਡੇ ਸੋਨੇ ਦੀ ਚਿੜੀਆਂ ਇਲਾਕੇ ਸੀ ਹੜਾਂ ਨੇ ਤਬਾਹ ਕਰ ਦਿੱਤੇ ਹਨ, ਲੋਕਾਂ ਦੇ ਘਰ—ਖਾਣ ਨੂੰ ਨਹੀਂ, ਉੱਤੇ ਲੈਣ ਨੂੰ ਲੀੜਾ ਨਹੀਂ, ਡੰਗਰਾਂ ਨੂੰ ਪੱਠਾ ਨਹੀਂ ਮਿਲਦਾ—ਤੁਸੀਂ ਅਗਰ ਏਨਾ ਰਹਿਮ ਉਨ੍ਹਾਂ ਲੋਕਾਂ ਤੇ ਕਰੋ ਤੇ ਖਵਰੇ ਸਤਿਗੁਰੂ ਤੁਹਾਡੀ ਕਿੰਨੀ ਹੋਰ ਸੁਣੇ। ਘੱਟ ਤੋਂ ਘੱਟ ਏਨਾ ਕੰਮ ਕਰੋ ਬਈ, ਅਸੀਂ ਸਾਲ ਵਿੱਚ ਐਨਾ ਸਿਨੇਮਾ ਦੇਖਦੇ ਹਾਂ—ਉਹਦਾ ਕੋਈ ਹਿੱਸਾ ਹੀ, ਉਹਦਾ ਖਹਿੜਾ ਛੱਡੋ। ਅਕਾਲ-ਪੁਰਖ ਦਾ ਸਿਨੇਮਾ, ਸਤਿਗੁਰ ਦਾ ਤੁਸੀਂ ਵੇਖੋਗੇ ਜੇ ਉਨ੍ਹਾਂ ਗਰੀਬਾਂ ਵੱਲ ਤੁਸੀਂ ਧਿਆਨ ਦਿਉਗੇ। ਕੋਈ ਸੱਜਣ ਕਾਇਮ ਕਰੋ, ਜਿਹੜੇ ਇੱਥੋਂ ਇੱਕ ਦੋ ਜਾਣ, ਕਿਸੇ ਵੇਲੇ ਜਾਣ ਜਿਹੜੇ ਉੱਥੇ ਤੁਹਾਡੇ ਸਾਥੀ ਰਹਿੰਦੇ ਨੇ —ਕੋਈ ਖਿਆਲ ਨਾ ਕਰੋ, ਕਿ ਇਹ ਸਿੱਖ ਹੈ, ਹਿੰਦੂ ਹੈ, ਮੇਰਾ ਲੱਗਦਾ ਹੈ, ਕੀਹਦਾ ਲੱਗਦਾ ਹੈ—ਓਥੇ ਜਾ ਕੇ ਤੁਸੀਂ ਜੇ ਇੱਕ ਗਰੀਬ ਨੂੰ ਬੱਕਰੀ ਲੈ ਦਿਉਗੇ ਵੀਹ ਪੰਜਾਹ ਰੁਪਏ ਨੂੰ ਉਹਦੇ ਬੱਚੇ ਤੁਹਾਨੂੰ ਖਵਰੇ ਕਿੰਨੀਆਂ ਅਸੀਸਾਂ ਦੇਣਗੇ।

ਐਸ ਵੇਲੇ ਬੜਾ ਬੁਰਾ ਹਾਲ ਹੈ। ਹੁਣ ਮੁਨਸ਼ੀ ਜੀ ਵਰਗੇ ਸਾਡੇ ਵਜ਼ੀਰ ਲੱਗੇ ਹੋਏ ਨੇ—ਖੁਰਾਕ ਦੇ। ਉਹ ਵਿਚਾਰਾ ਪਾਈਏ ਕੁ ਦਾ ਆਦਮੀ ਹੈ। ਉਨ੍ਹਾਂ ਆਖਿਆ—ਚੌਥਾ ਕੁ ਹਿੱਸਾ ਹੋਰ ਖੁਰਾਕ ਘਟਾ ਦਿਉ। ਦੱਸੋ !

ਜਿਹੜੇ ਮੇਰੇ ਨਾਲੋਂ ਵੱਡੇ-ਵੱਡੇ ਆਦਮੀ ਨੇ, ਉਹ ਭੁੱਖੇ ਰਹਿ ਕੇ ਕਹੀ ਕਿਸ ਤਰ੍ਹਾਂ ਸਾਰਾ ਦਿਨ ਵਾਹ ਸਕਦੇ ਹਨ ? ਇੱਕ ਆਦਮੀ ਵਦਾਣ ਨਾਲ ਕੰਮ ਕਰਦਾ ਹੈ—ਸਾਰਾ ਦਿਨ, ਉਹ ਕਿਵੇਂ ਕਰ ਸਕਦਾ ਹੈ? ਇੱਕ ਬੈਠਣ ਵਾਲਾ ਤੇ ਮੰਨ ਵੀ ਲਓ ਬਈ ਅੰਦਰ ਬੈਠਾ ਹੈ, ਕੁਰਸੀ ਤੇ ਬੈਠਾ ਹੈ ਉਹਨੇ ਕੁਝ ਨਹੀਂ ਕਰਨਾ।

ਸਾਨੂੰ ਆਪਣੀ ਮਨੁੱਖਤਾਈ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ। ਇੱਥੇ ਇਹ ਨਹੀਂ ਗੱਲ ਬਈ—ਇਹ ਅਕਾਲੀ ਹੈ, ਸਿੰਘ ਸਭੀਆ ਹੈ, ਕੂਕਾ ਹੈ—ਹੈ ਸਭ ਕੁਛ-ਰਹੋ। ਔਰਤ ਆਪਣੇ ਪਤੀ ਨੂੰ ਪਤੀ ਜਾਣਦੀ ਹੋਈ ਹਰ ਇੱਕ ਦੀ ਸੇਵਾ, ਚਾਚਾ, ਬਾਬਾ, ਦਿਉਰ, ਜੇਠ, ਭਰਾ, ਪੁੱਤਰ ਜਾਣ ਕੇ ਕਰ ਸਕਦੀ ਹੈ—ਬੇਸ਼ਕ, ਆਪਣੇ ਪਤੀ ਨੂੰ ਪਤੀ ਮੰਨੇ। ਇਹ ਮੈਂ ਕਦੇ ਨਹੀਂ ਕਿਸੇ ਨੂੰ ਕਹਿਣ ਨੂੰ ਤਿਆਰ, ਕਿ ਆਪਣਾ ਇਮਾਨ ਕੋਈ ਵੇਚੇ—ਜਿੱਥੇ ਕਿਸੇ ਦਾ ਹੈ ਉੱਥੇ ਰੱਖੋ। ਕਿਸੇ ਨੂੰ ਕੋਈ ਚੀਜ਼ ਚੰਗੀ ਲੱਗਦੀ ਹੈ, ਬੇਸ਼ਕ ਦੂਜੀ ਲਵੇ ਲੇਕਿਨ ਮਲੋ—ਮੱਲੀ ਨਹੀਂ। ਕਿਸੇ ਨਾਲ ਕੋਈ ਗਰਜ਼ ਨਹੀਂ, ਲੇਕਿਨ ਮਨੁੱਖਤਾ ਦੇ ਨਾਤੇ ਨਾਲ ਤੁਹਾਡਾ ਇਹ ਹੱਕ ਹੈ, ਗੁਰੂ ਨੇ ਤੁਹਾਡੇ ਤੇ ਇਹ ਕਿਰਪਾ ਕੀਤੀ ਹੈ। ਉਹ ਵੀ ਦਿਨ ਤੁਹਾਨੂੰ ਯਾਦ ਨੇ ਜਿਹੜੇ ਇੱਥੇ ਓਦੋਂ ਰਹੇ ਨੇ, ਜਦੋਂ ਬੰਬ ਪੈਂਦੇ ਸੀ—ਉਸ ਵੇਲੇ ਸਤਿਗੁਰੂ ਨੂੰ ਯਾਦ ਕਰਦੇ ਸੀ, ਉਹਨੇ ਫੇਰ ਤੁਹਾਨੂੰ ਰੱਖ ਲਿਆ।

ਹੁਣ ਐਸ ਵੇਲੇ ਉਹਨੇ ਕਿਰਪਾ ਕਰ ਦਿੱਤੀ ਹੈ, ਬੇਅੰਤ ਗੱਫੇ ਦੇ ਦਿੱਤੇ ਹਨ। ਸਭ ਤੋਂ ਵੱਡੀ ਲੋੜ ਐਸ ਵੇਲੇ ਇਸ ਗੱਲ ਦੀ ਨਹੀਂ ਕਿ ਸੇਠ ਨਰੈਣ ਸਿੰਘ ਕੋਲ ਦੋ ਕਰੋੜ ਰੁਪਇਆ ਹੈ, ਮੇਰੇ ਕੋਲ ਪੰਜਾਹ ਲੱਖ ਹੈ, ਮੈਨੂੰ ਬੜਾ ਦੁੱਖ ਹੈ ਇਸ ਗੱਲ ਦਾ; ਦਿਆਲ ਸਿੰਘ ਹੁਰਾਂ ਕੋਲ ਲੱਖ ਹੈ ਤੇ ਮੇਰੇ ਕੋਲ ਪੰਜਾਹ ਹਜ਼ਾਰ ਹੈ, ਇਹ ਬੜਾ ਦੁੱਖ ਹੈ। ਇਹ ਨਾ ਤੁਸੀਂ ਦੁੱਖ ਦੇਖੋ। ਦੁੱਖ ਇਹ ਦੇਖੋ ਕਿ ਇਸ ਕੋਲ—ਕਰਤਾਰ ਸਿੰਘ ਕੋਲ—ਪੰਜ ਸੌ ਰੁਪਈਆ ਹੈ ਤੇ ਮੇਰੇ ਕੋਲ ਦਸ ਹਜ਼ਾਰ ਹੈ, ਮੈਂ ਇਹਨੂੰ ਵੀ ਦੋ ਹਜ਼ਾਰ ਵਾਲਾ ਹੋਰ ਬਣਾ ਲਵਾਂ। ਜੇ ਦੁੱਖ ਕਰਦੇ ਹੋ ਤਾਂ ਹੇਠੋਂ ਉਤਾਂਹ ਚੁੱਕਣ ਦਾ ਕਰੋ। ਉਤਲੀ ਤਕਲੀਫ ਨਾ ਕਰੋ, ਕਿਸੇ ਨਾਲ।

ਦੇਖੋ ਪਾਰਸੀਆਂ ਦੀ ਕੌਮ ਹੈ, ਉਹਨਾਂ ਵਿੱਚ ਕੋਈ ਗਰੀਬ ਨਹੀਂ ਲੱਭਦਾ। ਉਹ ਸਾਰੇ ਜਣੇ ਰਲ ਕੇ ਜਿਹੜਾ-ਕਿਹੜਾ ਮਾੜਾ ਹੁੰਦਾ ਹੈ, ਉਹਦੀ ਮਦਦ ਕਰ ਦੇਂਦੇ ਨੇ। ਤੁਸੀਂ ਤੇ ਗੁਰੂ ਗੋਬਿੰਦ ਸਿੰਘ ਦੇ ਸਿੱਖ, ਗੁਰੂ ਨਾਨਕ ਦੇ ਕਹਾਉਂਦੇ ਹੋ-ਤੇਰੇ ਭਾਣੇ ਸਰਬੱਤ ਦਾ ਭਲਾ—ਫੇਰ, ਨਾਮਧਾਰੀ ਗੁਰੂ ਰਾਮ ਸਿੰਘ ਦੇ, ਇਸ ਗੱਲ 'ਚ ਫਰਕ ਕੋਈ ਨਹੀਂ। ਜਿੱਥੋਂ ਤਕ ਕਿਸੇ ਦੀ ਮਰਜ਼ੀ ਹੈ ਕੋਈ ਮੰਨੇ। ਸਾਨੂੰ ਇਸ ਗੱਲ ਨਾਲ, ਕਿਸੇ ਨਾਲ ਜ਼ਿਦ ਨਹੀਂ, ਜਿੱਥੇ ਮੰਨਦੇ ਹੋ ਉੱਥੇ ਮੰਨੋ ਪਰ ਜਿਹੜਾ ਮੰਨਦੇ ਹੋ—ਸਿਧਾਂਤ ਤੇ ਸਾਰਿਆਂ ਦਾ ਇੱਕੋ ਹੈ। ਹੁਣ ਜੇ ਨਾਮਧਾਰੀ ਸਿੱਖ ਹੈ, ਉਹ ਕਿਸੇ ਪਿੰਡ ਵਿੱਚ ਚਲਾ ਜਾਂਦਾ ਹੈ, ਉੱਥੇ ਧਰਮਸ਼ਾਲਾ 'ਚ ਅਕਾਲੀ ਸਿੰਘ ਹੈ, ਉਹ ਕਹਿੰਦਾ ਹੈ, ''ਬਈ ! ਤੂੰ ਇੱਥੇ ਨਹੀਂ ਰਹਿ ਸਕਦਾ।'' ਜੇ ਕਿਸੇ ਵਿੱਚ ਕੂਕਾ ਸਿੰਘ ਰਹਿੰਦਾ, ਅਕਾਲੀ ਆ ਗਿਆ, ''ਤੂੰ ਐਥੇ ਨਹੀਂ ਰਹਿ ਸਕਦਾ।'' ਦੱਸੋ, ਹੁਣ ਉਨ੍ਹਾਂ ਨੇ ਮਸੀਤ ਵਿੱਚ ਤੇ ਸਿੱਖਾਂ ਨੇ ਜਾ ਨਹੀਂ ਵੜਨਾ, ਅਕਸਰ ਉਹਨਾਂ ਦਾ ਗੁਜ਼ਾਰਾ ਗੁਰਦੁਆਰੇ ਤੇ ਧਰਮਸ਼ਾਲਾ 'ਚ ਹੀ ਹੋਣਾ ਹੈ।

ਏਨੀਆਂ-ਏਨੀਆਂ ਗੱਲਾਂ ਤੋਂ ਅਸੀਂ ਥੋੜੀ-ਥੋੜੀ ਚੀਜ਼ ਤੋਂ ਲੜ-ਲੜ ਕੇ, ਰਤਾ-ਰਤਾ ਜਿੰਨੀ ਗੱਲ ਤੋਂ-ਸਾਨੂੰ ਏਸੇ ਗੱਲ ਤੇ ਖੁਸ਼ੀ ਹੈ, ਜੇ ਤੇ ਮੈਂ ਕਰਾਂ ਨ ਨਿੰਦਿਆ, ਕਿ ਫਲਾਣਾ ਸਰਦਾਰ ਸਿੰਘ ਜੀ ਪ੍ਰਧਾਨ ਇਹੋ ਜਿਹੈ, ਉਹ ਇਉਂ ਕਰਦੇ ਨੇ, ਉਹ ਇਉਂ ਕਰਦੇ ਨੇ ਤੇ ਮੇਰੇ ਨਾਲ ਵੀਹ ਆਦਮੀ ਕੰਨ ਲਾ ਕੇ ਸੁਣਨਗੇ; ਜੇ ਮੈਂ ਸਿਫਤ ਕਰਾਂ, ਉਹ ਬੜੇ ਚੰਗੇ ਨੇ, ਫੇਰ ਕੋਈ ਨਹੀਂ ਕੋਲ ਖਲੋਂਦਾ। ਕੋਈ ਵੀ ਕਿਸੇ ਆਦਮੀ ਦੀ ਗੱਲ ਕਰੇ—ਜਦੋਂ ਅਸੀਂ ਕਿਸੇ ਦੀ ਸਿਫਤ ਕਰਾਂਗੇ, ਕੋਈ ਸੁਣਨ ਨੂੰ ਤਿਆਰ ਨਹੀਂ ਹੁੰਦਾ। ਜੇ ਨਿੰਦਿਆ ਕਰੋ, ਕਿਸੇ ਦੇ ਬਰਖਿਲਾਫ ਬੋਲੋ, ਫਿਰ ਹੈਂ ! ਕੀ ਗੱਲ ਹੈ? ਉਹਦੇ ਵਿੱਚ ਬੜੇ ਰਾਜ਼ੀ ਹੁੰਦੇ ਹਨ।

ਧਿਆਨ ਦਿਆ ਕਰੋ ਇਸ ਗੱਲ ਵੱਲ—ਸਾਡਾ ਵਕਤ, ਸਾਡਾ ਸਮਾਂ ਔਰ ਖਾਸ ਕਰਕੇ ਹਿੰਦੁਸਤਾਨ ਮੁਲਕ ਅੱਜ ਬੜੀ ਔਕੜ ਵਿੱਚੋਂ ਲੰਘ ਰਿਹਾ ਹੈ। ਬੱਦਲ ਜੰਗ ਦੇ ਚੱਕਰ ਲਾ ਰਹੇ ਹਨ, ਇਹ ਪਤਾ ਨਹੀਂ ਕਿਸ

ਵੇਲੇ ਕੀ ਬਣ ਜਾਏ। ਇੱਕ ਤੇ ਇਹ ਚੀਜ਼ ਆ ਰਹੀ ਹੈ—ਨਾਸਤਿਕਤਾ ਕਿ ਕੋਈ ਗੁਰੂ ਨਹੀਂ; ਕੋਈ ਪੀਰ ਨਹੀਂ; ਕੋਈ ਰੱਬ ਨਹੀਂ; ਕੋਈ ਰਹੀਮ ਨਹੀਂ। ਤੁਹਾਡੀ ਇਹ ਡਿਊਟੀ ਹੈ—ਜਿਹੜੇ ਤੁਸੀਂ ਆਸਤਿਕ ਲੋਕ ਹੋ, ਜਿਹੜੇ ਅਕਾਲ ਪੁਰਖ ਨੂੰ, ਗੁਰੂ ਨੂੰ ਮੰਨਣ ਵਾਲੇ ਹੋ—ਤੁਹਾਡਾ ਇਹ ਫਰਜ਼ ਹੈ ਕਿ ਤੁਸੀਂ ਇਹਦੀ ਮਦਦ ਕਰੋ। ਚਾਹੇ ਕੋਈ ਕਿਸੇ ਤਰ੍ਹਾਂ ਮੰਨਦਾ ਹੈ––ਇਸ ਗੱਲ ਨਾਲ ਗਰਜ਼ ਨਹੀਂ ਦਸਾਂ ਵਾਲਾ, ਬਾਰ੍ਹਾਂ ਵਾਲਾ, ਇੱਕ ਵਾਲਾ––ਭਾਵੇਂ ਜਿੱਥੇ ਵੀ ਕੋਈ ਹੈ, ਉੱਥੇ ਰ੍ਹਵੇ ਪਰ ਆਸਤਿਕ ਤਾਂ ਹਨ, ਰੱਬ ਨੂੰ ਤਾਂ ਸਾਰੇ ਮੰਨਦੇ ਹਨ। ਏਸ ਗੱਲ ਵੱਲ ਧਿਆਨ ਦਿਉ ਔਰ ਤੁਸੀਂ ਤਾਂ ਹੀ ਇਹ ਕੁਝ ਕਰ ਸਕੋਗੇ ਜੇ ਆਪਣੀਆਂ ਆਤਮਾਵਾਂ ਉੱਚੀਆਂ ਕਰੋਗੇ। ਆਤਮਾਵਾਂ ਤਾਂ ਹੀ ਉੱਚੀਆਂ ਹੋਣਗੀਆਂ—ਗੁਰੂ ਸਾਹਿਬ ਦੀ ਬਾਣੀ, ਰੋਜ਼ ਜਪੁ ਸਾਹਿਬ ਪੜ੍ਹਦੇ ਹੋ,

**ਭਰੀਐ ਮਤਿ ਪਾਪਾ ਕੈ ਸੰਗਿ। ਓਹੁ ਧੋਪੈ ਨਾਵੈ ਕੈ ਰੰਗਿ।**

*– ਪੰਨਾ ੪*

ਨਾਮ ਜਪਿਆ ਕਰੋ। ਮੈਂ ਇੱਥੇ ਹੁਣ ਸਮਾਪਤ ਕਰਦਾ ਹਾਂ। ਹੁਣ ਚਕਰਵਰਤੀ ਜੀ, ਜੇ ਕਿਰਪਾ ਕਰਣਗੇ ਥੋੜੀ ਬਹੁਤੀ ਜੋ ਉਹ ਸੁਣਾਉਣ ਉਹਨਾਂ ਦੀ ਰਜ਼ਾ ਤੇ ਖੇਡ ਹੈ। ਮਗਰੋਂ ਫੇਰ ਨਿਤਨੇਮ ਕਰਕੇ ਅੱਜ ਥੋੜਾ ਬਹੁਤ ਇਹ ਜਿਹੜੇ ਇਥੋਂ ਦੇ ਲੜਕੇ ਹਨ ਸੰਗੀਤ ਕਰਨਗੇ। ਸੰਗੀਤ, ਭਾਵੇਂ ਇਹਨਾਂ ਨੂੰ ਆਉਂਦੈ, ਨਹੀਂ ਆਉਂਦੈ—ਮੈਂ ਇੱਥੇ ਵੀ ਹੁਣ ਦੋ ਚਾਰ ਮਿੰਟ ਹੋਰ ਅਰਜ਼ ਕਰ ਲਵਾਂ।

## ਰਾਗ ਦਾ ਅਰਥ ਹੈ ਪਿਆਰ

ਸਾਡੇ ਸਤਿਗੁਰੂ—'ਕਲਿਜੁਗ ਬਾਬੇ ਤਾਰਿਆ'—ਬਾਬੇ ਨੇ ਕਲਿਜੁਗ ਨੂੰ ਤਾਰਿਆ ਪਰ ਕੀ ਕੀਤਾ, ਲਿਖਿਆ ਕੀ—

**ਸਿਰੀ ਰਾਗੁ ਮਹਲਾ ਪਹਿਲਾ।।੧।। ਮੋਤੀ ਤ ਮੰਦਰ ਊਸਰਹਿ।।**

—ਪਹਿਲਾਂ ਸ੍ਰੀ ਰਾਗ। ਸਾਹਿਬ ਰਾਗ ਲੈ ਕੇ ਆਏ। ਰਾਗ ਸ਼ਬਦ ਦਾ ਅਰਥ ਹੈ—ਪਿਆਰ। ਰਾਗ ਨਾਂ ਹੀ ਪ੍ਰੀਤੀ ਦਾ ਹੈ। ਜਦੋਂ ਅਸੀਂ ਕਹਿੰਦੇ ਹਾਂ,

ਰਾਗ ਦਵੈਸ਼ ਨਹੀਂ ਕਰਨੀ—ਪਿਆਰ ਕਰਨਾ, ਕਿਸੇ ਨਾਲ ਦੁਸ਼ਮਣੀ ਨਹੀ ਕਰਨੀ। ਰਾਗ ਨਾਉ ਹੈ ਪਿਆਰ ਦਾ। ਸਤਿਗੁਰੂ ਜੀ ਕਹਿੰਦੇ ਹਨ,

**ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ।**
**ਰਾਗੈ ਨਾਦੈ[੬੦] ਬਾਹਰਾ[੬੧] ਇਨੀ[੬੨] ਹੁਕਮੁ ਨ ਬੂਝਿਆ ਜਾਇ।**

*– ਮ:੫, ਪੰਨਾ-੧੪੨੩*

ਸ਼ਬਦ ਤੋਂ ਬਗੈਰ, ਰਾਗ ਤੋਂ ਬਗੈਰ, ਹੁਕਮ ਦਾ ਪਤਾ ਨਹੀਂ ਲਗਦਾ, ਕਿਉਂਕਿ ਰਾਗ ਦੇ ਵਿੱਚ ਇੱਕ ਖਿੱਚ ਹੈ। ਜਦੋਂ ਗੁਰੂ ਬਾਬਾ ਗਾਉਂਦਾ ਸੀ ਬੈਠ ਕੇ ਬਾਹਰ ਜੰਗਲਾਂ ਵਿੱਚ, ਜਾਨਵਰ ਕਿਉਂ ਕੋਲ ਆ ਬੈਠਦੇ ਸੀ ? ਰਾਗ 'ਚ ਹੈ ਤੇ ਉਹਦੀ ਕ੍ਰਿਪਾ, ਪਰ ਗੁਰੂ ਨਾਨਕ ਦੇ ਮੂਹੋਂ ਰਾਗ........। ਰਾਗ ਇੱਕ ਐਸੀ ਚੀਜ਼ ਹੈ, ਜਿਹਦੇ ਤੇ ਸੱਪ ਬੇਲਦਾ ਹੈ। ਇਹ ਹੁਣ ਜਿਹੜੇ ਅੱਜ ਕੱਲ੍ਹ ਦੇ ਸਾਇੰਸਦਾਨ ਹਨ—ਸਾਇੰਸ ਵਾਲਿਆਂ ਨੇ ਇਹ ਗੱਲ ਮੰਨ ਲਈ ਹੈ, ਕਿ ਗਊਆਂ 'ਚ ਬੰਸਰੀ ਕਿਉਂ ਕ੍ਰਿਸ਼ਨ ਮਹਾਰਾਜ ਵਜਾਉਂਦੇ ਸੀ ? ਗਊਆਂ ਦੁੱਧ ਬਹੁਤਾ ਦਿੰਦੀਆ ਹਨ ਜੇ ਗਊਆਂ 'ਚ ਬੰਸਰੀ ਵਜਾਈਏ, ਜਾਂ ਰਾਗ ਗਾਈਏ। ਹੁਣ ਵੀ ਜਿਸ ਕਿਸੇ ਦੀ ਮਰਜ਼ੀ ਹੋਵੇ ਉਹ ਅਜ਼ਮਾ ਕੇ ਦੇਖ ਸਕਦਾ ਹੈ। ਪਹਿਲਾਂ ਦੁੱਧ ਤੋਲ ਲਏ ਫਿਰ ਉਹਨਾਂ ਵਿੱਚ ਕੋਈ ਰਾਗ, ਕੋਈ ਵਾਜਾ ਵਜਾਏ ਜਾਂ ਬੰਸਰੀ ਵਜਾਏ, ਗਊਆਂ ਚੋਣ ਤੋਂ ਪਹਿਲਾਂ—ਅਗਰ ਇਹ ਰੋਜ਼ ਕਰਦਾ ਰਹੇ, ਦੁੱਧ ਵੱਧ ਜਾਂਦਾ ਹੈ। ਜਾਨਵਰਾਂ ਤੇ ਇਹਦਾ ਅਸਰ ਹੈ। ਸਤਿਗੁਰੂ ਨੇ ਇਸ ਰਾਗ ਨੂੰ ਗੰਦੇ ਚਿੱਕੜ ਵਿੱਚੋਂ ਕੱਢ ਕੇ, ਲਿਆ ਕੇ ਸਾਨੂੰ ਦਿੱਤਾ ਹੈ, ਕਿਉਂਕਿ ਲੋਕ ਗਾਉਂਦੇ ਸਨ—ਗੰਦੇ ਗੀਤ, ਔਰਤ ਮਰਦ ਦਾ ਗਾਉਣਾ। ਸਤਿਗੁਰੂ ਨੇ ਅਕਾਲ ਪੁਰਖ ਦਾ ਤੇ ਸਿੱਖ ਦਾ ਮੇਲ ਕਰਨ ਵਾਸਤੇ ਇਹ ਰਾਗ ਲਿਆਂਦਾ। ਉੱਥੇ ਵੀ ਉਹਨਾਂ ਨੇ ਕਿਹਾ —

**ਮਨੁ ਮੋਤੀ[੬੩] ਜੇ ਗਹਣਾ ਹੋਵੈ ਪਉਣੁ[੬੪] ਹੋਵੈ ਸੂਤ[੬੫] ਧਾਰੀ।।**
**ਖਿਮਾ ਸੀਗਾਰੁ ਕਾਮਣਿ[੬੬] ਤਨਿ ਪਹਿਰੈ ਰਾਵੈ[੬੭] ਲਾਲ[੬੮] ਪਿਆਰੀ।।੧।।**
**ਲਾਲ ਬਹੁ ਗੁਣਿ ਕਾਮਣਿ ਮੋਹੀ[੬੯]।।**
**ਤੇਰੇ ਗੁਣ ਹੋਹਿ ਨ ਅਵਰੀ[੭੦]।।੧।। ਰਹਾਉ।।**

**ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ[੧੧]॥**
**ਕਰ ਕਰਿ[੧੨] ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ॥੨॥**
**ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ[੧੩]॥**
**ਧੀਰਜੁ ਧੜੀ ਬੰਧਾਵੈ[੧੪] ਕਾਮਣਿ ਸ੍ਰੀ ਰੰਗੁ ਸੁਰਮਾ ਦੇਈ॥੩॥**
**ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ॥**
**ਗਿਆਨ ਰਾਉ[੧੫] ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ[੧੬]॥੪॥**

*– ਆਸਾ ਮ:੧, ਪੰਨਾ–੩੫੯*

ਅਕਾਲ ਪੁਰਖ ਦਾ ਤੇ ਸਿੱਖ ਦਾ ਭੋਗ ਮਿਲਾਪ ਸਤਿਗੁਰੂ ਨੇ ਕੀਤਾ। ਫਰੀਦ ਕਹਿੰਦਾ ਹੈ :–

**ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ।**

*– ਪੰਨਾ–੧੩੭੯*

ਫਰੀਦ ਜਨਾਨੀ ਨਹੀਂ ਸੀ, ਲੇਕਿਨ ਇਹ ਰਸਤਾ ਹੀ ਹੋਰ ਹੈ। ਜਿਹੜੇ ਪੁਰਖ, ਜਿਨ੍ਹਾਂ ਨੂੰ ਏਧਰ ਦੀ ਲੱਗੀ, ਜਿਹਨਾਂ ਦੀ ਨਿਭੀ, ਜਿਹੜੇ ਅਕਾਲ ਪੁਰਖ ਨਾਲ ਜੁੜੇ, ਉਹਨਾਂ ਦੀ ਜਿਹੜੀ ਰਾਤ ਹੈ, ਉਹਨਾਂ ਦੀ ਰਾਤ ਦਾ ਉਹਨਾਂ ਨੂੰ ਪਤਾ ਹੈ। ਫੇਰ ਜਿਸ ਦਿਨ, ਕਿਸੇ ਦਿਨ ਦੀਦਾਰ ਨਹੀਂ ਹੁੰਦਾ, ਫਿਰ ਉਹ ਕਹਿੰਦੇ ਨੇ, ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਕਹਿੰਦੇ ਨੇ :–

**ਚਾਰਿ ਪਹਰ ਚਹੁ ਜੁਗਹ ਸਮਾਨੇ।**
**ਰੈਣਿ ਭਈ ਤਬ ਅੰਤੁ ਨ ਜਾਨੇ॥**

*– ਪੰਨਾ–੩੭੫*

ਇਸ ਗੱਲ ਨੂੰ ਉਹ ਜਾਣਦੇ ਹਨ। ਸਤਿਗੁਰੂ ਨੇ ਸਾਨੂੰ ਰਾਗ ਅੰਮ੍ਰਿਤ ਦਿੱਤਾ ਹੈ–ਲਿਆ ਕੇ।

**– ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ[੧੭] ਨਾਦੁ[੧੮] ਬਿਲਾਵਲੁ[੧੯] ਰਾਗੁ।**

*– ਮ: ੪, ਪੰਨਾ–੮੪੯*

**– ਗਉੜੀ[੨੦] ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ।**

*– ਮ: ੩, ਪੰਨਾ–੩੧੧*

**– ਰਾਗਾ ਵਿਚਿ ਸ੍ਰੀ ਰਾਗੁ[੮੧] ਹੈ ਜੇ ਸਚਿ ਧਰੇ ਪਿਆਰੁ।**

*– ਮ: ੩ ਪੰਨਾ–੮੩*

ਭਾਈ, ਇਸ ਦੇ ਵਾਸਤੇ ਹਰ ਸਿੱਖ ਦਾ ਫਰਜ਼ ਹੈ, ਕਿ ਇਸ ਰਾਗ ਨੂੰ ਮਰਨ ਨਾ ਦਿੱਤਾ ਜਾਵੇ। ਜੇ ਕੁਛ ਕਰਨ ਦੀ ਹਿੰਮਤ ਹੈ, ਕੁਛ ਸਿੱਖਿਆ ਕਰੋ, ਗਾਇਆ ਕਰੋ, ਕੁਛ ਸੁਣੋ। ਸਾਨੂੰ ਹੁਣ ਸ਼ਰਮ ਆਉਂਦੀ ਹੈ–ਗਾਉਂਦਿਆਂ ਨੂੰ ਜੇ ਅਸੀਂ ਮਰਾਸੀਆਂ ਵਾਂਗੂ ਗਾਈਏ, ਓਏ ! ਸਾਨੂੰ ਡੁੱਬ ਜਾਣਾ ਚਾਹੀਦਾ ਹੈ, ਓਏ ! ਗੁਰੂ ਅਰਜਨ ਦੇਵ ਤੇ ਸਾਡਾ ਫੜ ਕੇ ਤੰਬੂਰਾ ਮੋਹਨ ਦੇ ਚੁਬਾਰੇ ਦੇ ਅੱਗੇ ਬੈਠ ਕੇ ਕਹਿੰਦੇ ਹਨ :–

**ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ[੮੨]।।**

*– ਪੰਨਾ–੨੪੮*

ਅਸੀਂ ਏਦੂੰ ਭੱਜਦੇ ਹਾਂ। ਪੜ੍ਹੋ ਗੁਰੂ ਗੋਬਿੰਦ ਸਿੰਘ ਜੀ ਦਾ ਦਸਮ ਗ੍ਰੰਥ। ਮੈਨੂੰ ਇੱਕ ਆਦਮੀ ਨੇ ਦੇਵ ਗੰਧਾਰ ਦਾ ਇੱਕ ਭੇਦ ਦੱਸਿਆ—ਆਮ ਤੌਰ ਤੇ ਦੇਵਗੰਧਾਰੀ ਜਿਹੜੀ ਹੈ, ਇਸ ਨੂੰ ਆਸਾ ਮੇਲ ਗਾਉਂਦੇ ਹਨ ਸਾਰੇ—ਇਹਦੀ ਇੱਕ ਭੈਰੋਂ ਮੇਲ ਸ਼ਕਲ ਹੈ, ਉਸ ਮੈਨੂੰ ਦੱਸੀ। ਹੁਣ ਉਹਨੇ ਆਖਿਆ, ''ਇਸ ਤਰ੍ਹਾਂ ਘੱਟ ਆਦਮੀ ਗਾਉਂਦੇ ਹਨ।'' ਮੈਂ ਉਹਦੇ ਕੋਲੋਂ ਸੁਣੀ। ਜਿਸ ਵੇਲੇ ਮੈਂ ਦਸਮ ਗ੍ਰੰਥ ਪੜ੍ਹਿਆ ਤਾਂ ਪਾਰਸ ਨਾਥ ਦੇ ਪ੍ਰਸੰਗ ਵਿੱਚ ਸਾਹਿਬ ਗੁਰੂ ਗੋਬਿੰਦ ਸਿੰਘ ਕਹਿੰਦੇ ਨੇ-ਦੇਵਗੰਧਾਰ ਦੂਜੀ ਤਰ੍ਹਾਂ। ਸਾਹਿਬਾਂ ਨੇ ਇਹ ਚੀਜ਼ ਲਿੱਖੀ ਹੈ, ਦੇਵਗੰਧਾਰ ਦੂਜੀ[੮੩] ਤਰ੍ਹਾਂ ਬਹੁਤ ਘੱਟ ਗਾਉਂਦੇ ਹਨ। ਸਾਹਿਬ ਤਾਂ ਸਭ ਕੁਝ ਜਾਣਦੇ ਹਨ, ਸਰਬ ਕਲਾ ਸਮਰੱਥ ਹਨ। ਫੇਰ ਗੁਰੂ ਅਰਜਨ ਦੇਵ ਨੇ ਘਰ ਲਿਖੇ ਹਨ। ਪਹਿਲੇ ਤੋਂ ਲੈ ਕੇ ਸਤਾਰਾਂ (੧੭) ਤਕ। ਸਾਨੂੰ ਅਜੇ ਤਕ ਪਤਾ ਨਹੀਂ। ਮੈਂ ਸਾਧ ਸੰਗਤ ਵਿੱਚ ਇਹ ਗੱਲ ਕਰਦਾ ਹਾਂ, ਜੋ ਮੈਨੂੰ ਪਤਾ ਨਹੀਂ ਔਰ ਮੈਨੂੰ ਜਿੱਥੇ ਤਕ ਕੋਈ ਆਦਮੀ ਮਿਲਿਆ ਹੈ, ਕੋਈ ਨਹੀਂ ਮੈਨੂੰ ਇਹ ਦੱਸ ਸਕਿਆ ਕਿ ਘਰ ਦਾ ਕੀ ਮਤਲਬ ਹੈ। ਉਹ ਸਾਡੇ ਸਤਿਗੁਰੂ ਦੀ ਐਡੀ ਉੱਚੀ ਸਿੱਖਿਆ ! ਉਏ ਸਿੱਖੋ ! ਉਹ ਤੁਹਾਨੂੰ ਰਬਾਬੀਆਂ ਕੋਲੋਂ ਖੋਹ ਕੇ ਗੁਰੂ ਅਰਜਨ ਨੇ ਇਹ ਦਿੱਤੀ—ਸਿੱਖਾਂ ਨੂੰ ਰਾਗ ਦਿੱਤਾ। ਉਹ ਸਾਡੇ ਤੇ ਕੁੱਤਿਆਂ ਦੇ ਗਲ ਮਣੀ

ਪਈ ਹੋਈ ਹੈ, ਅਸੀਂ ਇਹਨੂੰ ਸੁੱਟੀ ਜਾਂਦੇ ਹਾਂ। ਸਾਨੂੰ ਕਦੇ ਧਿਆਨ ਨਹੀਂ ਆਉਂਦਾ। ਸਿੱਖ ਦਾ ਕੰਮ ਹੈ ਜੇ ਅਸੀਂ ਹੁਣ ਰਾਗ ਇਕੱਤੀ (੩੧) ਲਿਖੇ ਹੋਏ ਨੇ ਮਹਾਰਾਜ ਨੇ ਪਹਿਲਾਂ, ਫੇਰ ਰਾਗ ਮਾਲਾ 'ਚ ਜਿਹੜੇ ਛੇ (੬) ਰਾਗ, ਤੀਹ (੩੦) ਰਾਗਨੀਆਂ ਅੱਗੇ ਅਠਤਾਲੀ (੪੮) ਉਹਨਾਂ ਦੇ ਪੁੱਤਰ ਲਿਖੇ ਹਨ :–

**ਸਭੈ ਪੁਤ੍ਰ[★੪] ਰਾਗੰਨ[੮੪] ਕੇ ਅਠਾਰਹ ਦਸ ਬੀਸ[੮੫]।**

*– ਪੰਨਾ–੧੪੩੦*

ਕਦੇ ਗਿਆਨ ਹੈ, ਜਦੋਂ ਬਾਣੀ ਪੜ੍ਹਨ ਲਗਦੇ ਹੋ, ਕਦੇ ਖਿਆਲ ਆਇਆ ਹੈ, ਸ੍ਰੀ ਰਾਗ ਦੀ ਬਾਣੀ ਪੜ੍ਹਦਿਆਂ—ਸ੍ਰੀ ਰਾਗ ਦਾ ਕੋਈ ਸੁਰ ਵੀ ਲਗਦਾ ਹੈ, ਜੇ ਗਉੜੀ ਪੜ੍ਹਦੇ ਹਾਂ—ਗਉੜੀ ਦਾ ਭੀ ਕੋਈ ਪਤਾ ਹੈ––ਸੋਰਠ ਦਾ ਪਤਾ ਹੈ ? ਸਮੁੰਦਰ ਹੈ—ਗੁਰੂ ਕਾ ਘਰ। ਥੋੜਾ ਬਹੁਤਾ ਕਿਣਕਾ–ਕਿਣਕਾ ਸਿੱਖਿਆ ਕਰੋ ਕਿਤੋਂ, ਕੋਈ ਥੋੜੀ ਬਹੁਤੀ ਪ੍ਰਾਪਤੀ ਕਰੋ। ਜੇ ਤੁਸੀਂ ਸਕੂਲਾਂ ਵਾਸਤੇ ਲੱਖਾਂ ਰੁਪਏ ਇਕੱਠੇ ਕਰਦੇ ਹੋ, ਉੱਚ ਵਿੱਦਿਆ ਪ੍ਰਾਪਤ ਕਰਨ ਵਾਸਤੇ ਕਰਦੇ ਹੋ–ਸਾਡੇ ਲੜਕੇ ਵੱਡੇ ਹੋ ਜਾਣ, ਲਾਇਕ ਹੋ ਜਾਣ, ਪੜ੍ਹ ਜਾਣ, ਉਹ ਕਮਾਉਣ ਜੋਗੇ ਹੋ ਜਾਣ, ਪਰ ਇੱਕ ਚੀਜ਼ ਦੀ ਲੋੜ ਹੈ...।

## ਬਲਖ ਦਾ ਬਾਦਸ਼ਾਹ

ਬੁਲ੍ਹੇ ਸ਼ਾਹ, ਬਲਖ ਦੇ ਇੱਕ ਇਲਾਕੇ ਦਾ ਇੱਕ ਰਾਜੇ ਦਾ ਲੜਕਾ ਸੀ। ਓਥੋਂ ਚਲਿਆ, ਪਤਾ ਲੱਗਾ, ਸਾਈਂ ਮੀਆਂ ਮੀਰ ਲਾਹੌਰ ਦੇ ਪਾਸ ਰਹਿੰਦੇ ਹਨ। ਦਰਸ਼ਨ ਵਾਸਤੇ ਆਇਆ। ਸੌ (੧੦੦) ਸਵਾਰ ਨਾਲ ਹੈ। ਜਿਸ ਵੇਲੇ ਆਇਆ, ਆ ਕੇ ਮਿਲਿਆ ਪਹਿਰੇਦਾਰ ਨੂੰ। ਅੰਦਰ ਅਰਜ਼ ਹੋਈ, ''ਸਾਈਂ ਜੀ, ਬਲਖ ਦਾ ਇੱਕ ਸ਼ਹਿਜ਼ਾਦਾ ਮਿਲਣ ਵਾਸਤੇ ਆ ਰਿਹਾ ਹੈ।''

ਕਹਿਣ ਲੱਗੇ, ''ਕਿਸ ਭੇਸ ਵਿੱਚ ਹੈ ?''

ਉਸਨੇ ਕਿਹਾ, ''ਬਾਦਸ਼ਾਹੀ ਠਾਠ 'ਚ ਹੈ।''

ਉਹਨੂੰ ਕਹੋ, ''ਜਾਹ, ਦਰਸ਼ਨ ਨਹੀਂ ਹੁੰਦਾ।''

ਬਾਹਰ ਗਿਆ—ਪਰ ਜਿਹਨੂੰ ਦਰਸ਼ਨ ਦੀ ਖਾਹਿਸ਼ ਸੀ, ਫਰੀਦ ਨੂੰ ਸੀ ਨ ਦਰਸ਼ਨ ਦੀ ਲੋੜ। ਉਹਨੇ (ਫਰੀਦ) ਆਖਿਆ, ''ਅੱਗ ਚਾਹੀਦੀ ਹੈ।''

ਉਹਨੇ (ਵੇਸਵਾ) ਆਖਿਆ, ''ਆਨਾ ਦੇ।''

ਉਹਨੇ (ਫਰੀਦ) ਆਖਿਆ, ''ਪੈਸੇ ਤੇ ਕੋਲ ਨਹੀਂ।''

ਉਹਨੇ (ਵੇਸਵਾ) ਆਖਿਆ, ''ਅੱਖ ਦਾ ਆਨਾ।'' ਛੁਰੀ ਫੜ ਕੇ ਅੱਖ ਕੱਢ ਕੇ ਧਰ ਦਿੱਤੀ—ਹੱਥ ਤੇ।

ਖਾਹਿਸ਼ ਵਾਲਿਆਂ ਦੀਆਂ ਗੱਲਾਂ ਹਨ। ਉਹਨੇ ਜਾ ਕੇ ਵਜ਼ੀਰ ਨੂੰ ਕਿਹਾ, ''ਲੈ ਭਾਈ ! ਇਹ ਸੌ (੧੦੦) ਘੋੜਾ ਵੀ ਲੈ ਜਾ, ਆਹ ਮੇਰੀ ਪੁਸ਼ਾਕ ਭੀ ਲੈ ਲੈ, ਇਹ ਸਾਰੇ ਲੈ ਜਾ।''

ਉਹਨੇ (ਵਜ਼ੀਰ) ਆਖਿਆ, ''ਮੈਂ ਤੇ ਨਹੀਂ ਲਿਜਾਂਦਾ।''

ਉਹਨੇ ਆਖਿਆ, ''ਚੰਗਾ ! ਮੈਂ ਇੱਕ ਇੱਕ ਆਦਮੀ ਨੂੰ ਜਿਹੜੇ ਘੋੜਿਆਂ ਤੇ ਸਵਾਰ ਨੇ, ਇਹਨਾਂ ਨੂੰ ਘੋੜੇ ਦੇ ਦਿੰਦਾ ਹਾਂ, ਤੇਰੀ ਮਰਜ਼ੀ ਤੂੰ ਨਾ ਲਿਜਾ - ਮੋੜਕੇ।''

ਇੱਕ ਚਾਦਰ ਲੱਠੇ ਦੀ ਲੈ ਕੇ, ਫਿਰ ਇਕੱਲਾ ਆਇਆ—ਸਾਈਂ ਮੀਆਂ ਮੀਰ ਕੋਲ। ਫੇਰ ਅਰਜ਼ ਹੋਈ।

ਉਹਨੇ ਆਖਿਆ, ''ਜਾਹ, ਫਲਾਣੇ ਥਾਂ ਦਰਿਆ ਦੇ ਕੰਢੇ ਤੇ ਬੈਠਾ ਫਕੀਰ, ਤੇਰੀ ਉਹਦੇ ਕੋਲੋਂ ਨਜ਼ਾਤ ਹੋਣੀ ਹੈ।''

ਉੱਥੇ ਗਏ। ਉਹਨੇ ਆਖਿਆ, ''ਓਹ ! ਤੂੰ ਬਲਖ ਦਾ ਸ਼ਹਿਜ਼ਾਦਾ ਹੈਂ।''

ਉਸਨੇ ਆਖਿਆ, ''ਤੁਹਾਨੂੰ ਕਿਵੇਂ ਪਤਾ ਲੱਗਾ ?''

''ਮੇਰਾ ਗੁਰੂ ਨਹੀਂ ਕਦੇ ਝੂਠ ਬੋਲਦਾ।''

ਸਾਡੇ ਲੋਕਾਂ ਦੇ ਚਿਤ 'ਚ ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ, ਗੁਰੂ ਰਾਮ ਸਿੰਘ ਤੇ ਸ਼ਰਧਾ ਨਹੀਂ। ਅਸੀਂ ਹੁਣ ਤਕ ਮਖੌਲਾਂ ਵਿੱਚ ਹੀ ਲੰਘਾਇਆ ਹੈ। ਕੂਕਿਆਂ ਦੇ ਵੀ ਦਿਲ ਹਿੱਲ ਗਏ। ਜਿਹੜਾ ਸਤਿਗੁਰਾਂ ਕਿਹਾ ਸੀ, ਸੂਰਜ ਇੱਧਰੋਂ ਚੜ੍ਹਿਆ ਮੰਨ ਲੈਣਾ ਸੱਚੇ ਪਾਤਸ਼ਾਹ ਕਲਗੀ

ਵਾਲੇ ਦਾ ਹੁਕਮ ਪੂਰਾ ਪੂਰਾ ਵਰਤੇਗਾ। ਅਸੀਂ ਵੀ ਭੁੱਲ ਕੇ ਲੱਗ ਪਏ -ਮਾਇਆ 'ਚ । ਕੀ ਹੋਇਆ—ਫਿਰ? ਲਿਖਿਐ ਮਹਾਰਾਜ ਨੇ :—

*ਤੇਜ ਮੌਨੀਆਂ ਸਾਤ ਲੌ ਦੋ ਪਰ ਰੌਲ ਸਰੂਰ*

*– ਸੌ ਸਾਖੀ*

ਸੌ ਸਾਲ ਤਕ ਅੰਗਰੇਜ਼ ਦਾ ਤੇਜ ਰਹੇਗਾ, ਦੋ ਸਾਲ ਬਾਅਦ ਫਿਰ ਰੌਲਾ ਪੈ ਜਾਏਗਾ। ਉਨੀਂ ਸੌ ਦੋ (੧੯੦੨) ਵਿੱਚ ਲਾਹੌਰ ਮਾਰੀ ਸੀ, ਦੋ ਹਜ਼ਾਰ ਚਾਰ (੨੦੦੪) ਵਿੱਚ ਰੌਲਾ ਪੈ ਗਿਆ। ਇੱਕ ਜਗ੍ਹਾ ਲਿਖਿਆ- 'ਪੁਰਖ ਆਰਬਲਾ ਭੋਗਣਗੇ'—ਗੁਰੂ ਗੋਬਿੰਦ ਸਿੰਘ ਜੀ ਨੇ—ਸੌ ਸਾਲ। ਫੇਰ, ਕੀ ਲਿਖਿਆ ਹੈ :—

*ਘਰ ਘਰ ਉਜਰੈ ਘਰ ਘਰ ਵਸੈ ਘਰ ਘਰ ਰੋਵੈ ਨਾਰਿ।*

*– ਸੌ ਸਾਖੀ*

— ਹੋਇਆ। ਮਾਸਟਰ ਤਾਰਾ ਸਿੰਘ ਜੀ ਮੈਨੂੰ ਮਿਲੇ ਇੱਕ ਦਿਨ ਧਰਮਸ਼ਾਲਾ। ਕਹਿੰਦੇ ਨੇ, ''ਅਸੀਂ ਤਾਂ ਕਹਿੰਦੇ ਸੀ, ਇਹ ਬ੍ਰਾਹਮਣਾਂ ਦੇ ਲਿਖੇ ਗਪੌੜੇ ਸੀ, ਸੌ ਸਾਖੀ 'ਚ ਜੋ ਕੁੱਝ ਲਿਖਿਆ ਸੀ-ਸੱਚ ਹੋ ਰਿਹਾ ਹੈ।'' ਹੁਣ ਵੀ ਨਹੀਂ ਅਸੀਂ ਦੇਖਦੇ।

**ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ।**

*– ਪੰਨਾ-੧੩੭੭*

ਸਭ ਕੁਝ ਦੇਖ ਕੇ ਫਿਰ ਭੁੱਲਦੇ ਹਾਂ। ਫਿਰ ਸਾਡਾ ਇਹੋ ਚਿਤ ਕਰਦਾ ਹੈ, ਕਿ ਬਹੁਤੇ ਕੋਠੇ ਪਾ ਲਈਏ; ਬਹੁਤੇ ਪੈਸੇ ਸਾਡੇ ਕੋਲ ਹੋਣ; ਮੇਰਾ ਮੁੰਡਾ ਤੇ ਮੈਂ ਹੀ ਹੋਈਏ; ਦੂਏ ਮੇਰੇ ਭਰਾ ਵੀ ਮਰ ਜਾਣ। ਹੋਰ ਨਾ ਕੋਈ ਮੇਰੇ ਬਰਾਬਰ ਹੋ ਜਾਏ। ਇਹ ਅੱਗ ਸਾਨੂੰ ਈਰਖਾ ਦੀ ਸਾੜ ਰਹੀ ਹੈ।

**ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ**
**ਜਮ ਕਾਲੁ ਸਹਹਿ ਸਿਰਿ ਡੰਡਾ ਹੇ।**

*– ਗਉੜੀ ਮ: ੪, ਪੰਨਾ-੧੩*

ਸਾਡਾ ਫਰਜ਼ ਹੈ, ਅਸੀਂ ਸਿੱਖ ਹਾਂ ਉਸ ਗੁਰੂ ਦੇ, ਜਿਸ ਨੇ ਸਾਨੂੰ ਵੰਡ ਛਕਣ ਦੀ ਜਾਚ ਦੱਸੀ ਸੀ। ਅੱਗੇ ਬੜਾ ਅਜੇ ਭਿਆਨਕ ਸਮਾਂ ਹੈ;

ਅਜੇ ਬਹੁਤ ਕੁਝ ਹੋਣ ਵਾਲਾ ਹੈ; ਬਾਰ੍ਹਾਂ ਕੋਹਾਂ ਤੇ ਦੀਵਾ ਬਲਣ ਦਾ ਹੁਕਮ ਹੈ-ਸਤਿਗੁਰਾਂ ਦਾ। ਤੁਸੀਂ ਦੇਖਦੇ ਹੋ ਕਿ ਉਹ ਬੰਬ ਬਣੇ ਹਨ। ਅਸੀਂ ਸੁਣਦੇ, ਮਾਤਾ ਜੀ ਬਚਨ ਕਰਦੇ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਭੈਣੀ ਸਾਹਿਬ ਵਿੱਚ ਉਸ ਰਾਮ ਦਾਸ ਪੁਰੇ ਵਿੱਚ ਪਿਪਲਾਂ ਦੇ ਦਰੱਖਤ, ਮਸ਼ਕਾਂ ਦੇ ਪਾਣੀ ਨਾਲ ਪਾਲੇ ਹੋਏ, ਆਪ ਪਾਣੀ ਪਾ ਕੇ। ਸਿੱਖਾ ਨੇ ਪੁੱਛਣਾ, ਕਹਿਣਾ, ''ਭਾਈ ਰੌਲਾ ਪਵੇਗਾ, ਰੂਸ ਆਵੇਗਾ, ਇਹ ਪਿਪਲਾਂ ਦੀਆਂ ਜੜ੍ਹਾਂ ਦੇ ਮੁੱਢਾਂ ਦੇ ਨਿਸ਼ਾਨ ਤੋਂ ਅਸੀਂ ਮੁੜਕੇ ਭੈਣੀ ਸਾਹਿਬ ਭਾਲਾਂਗੇ। ਇੱਥੇ ਕੱਖ ਨਹੀਂ ਰਹਿਣਾ। ਭਾਈ ਰਾਤੋ ਰਾਤ ਰੂਸ ਆ ਜਾਣਗੇ।''

ਅਸੀਂ ਹੁਣ ਸੋਚੀਏ ਉਸ ਵੇਲੇ ਕਿ ਭੈਣੀ ਸਾਹਿਬ ਤੋਂ ਇੱਕ ਸੌ ਤੀਹ (੧੩੦) ਮੀਲ ਦੇ ਕਰੀਬ ਲਾਹੌਰ ਹੈ, ਇੱਕ ਸੌ ਸੱਤਰ (੧੭੦) ਮੀਲ ਅੱਗੇ ਰਾਵਲ ਪਿੰਡੀ ਹੈ—ਤਿੰਨ ਸੌ (੩੦੦) ਮੀਲ ਇਹ ਸਫਰ ਹੈ। ਇੱਕ ਸੌ ਚੌਦਾਂ (੧੧੪) ਮੀਲ ਅੱਗੇ ਪਿਸ਼ੌਰ ਹੈ—ਚਾਰ ਸੌ ਚੌਦਾਂ (੪੧੪) ਮੀਲ ਦੋ ਸੌ ਮੀਲ ਅੱਗੇ ਕਾਬਲ ਹੈ—ਛੇ ਸੌ ਚੌਦਾਂ (੬੧੪) ਹੋ ਜਾਂਦਾ ਹੈ। ਉੱਥੋਂ ਵੀ ਅੱਗੇ ਸੌ ਕੋਹ ਪੈਂਡਾ, ਸਵਾ ਸੌ ਮੀਲ ਬੁਖਾਰਾ ਹੈ—ਸਵਾ ਸਤ ਸੌ ਮੀਲ ਸਫਰ ਹੈ। ਰਾਤੋ ਰਾਤ ਕਿਵੇਂ ਆ ਜਾਣਗੇ ? ਹੁਣ ਜਦੋਂ ਪਤਾ ਲਗਦਾ ਹੈ, ਇੱਕ ਘੰਟੇ 'ਚ ਸਾਢੇ ਸਤ ਸੌ (੭੫੦) ਮੀਲ ਚਲੇ ਜਾਂਦੇ ਹਨ- ਹਵਾਈ ਜਹਾਜ਼। ਫੇਰ ਅਸੀਂ ਕਹਿੰਦੇ ਸੀ, ਐਡੇ-ਐਡੇ ਦਰੱਖ਼ਤ ਹਨ, ਭਾਈ ਤੋਪ ਖਾਨੇ ਲੰਘਣ, ਫੌਜਾਂ ਲੰਘਣ, ਉਦੋਂ ਘੋੜਿਆਂ ਵਾਲੀਆਂ ਤੋਪਾਂ ਸਨ—ਕੀ ਹੋਵੇਗਾ ? ਹੁਣ ਭਾਈ ਪਤਾ ਲੱਗਦਾ ਹੈ, ਜੋ ਟੈਂਕਾਂ ਦੇ ਅੱਗੇ ਉਹ ਐਸੀਆਂ ਬੱਤੀਆਂ ਲਾਈਆਂ ਹੋਈਆਂ ਹਨ, ਜਿਹੜੀਆਂ ਦਰੱਖਤਾਂ ਨੂੰ ਸਵਾਹ ਕਰਦੀਆਂ ਜਾਂਦੀਆਂ ਨੇ। ਅਸਮਾਨੀ ਗੋਲੇ ਛੁੱਟਣਗੇ—ਪੁਰਾਣੇ ਨਿਹੰਗ ਸਿੰਘ ਪੜ੍ਹਦੇ ਸੀ। ਡਿਗਦੇ ਨੇ, ਹੁਣ ਉੱਤੋਂ ਤੁਸੀਂ ਦੇਖਦੇ ਹੋ। ਬਚੇਗਾ ਕੌਣ ? ਸਾਹਿਬਾਂ ਨੇ ਕਿਹਾ—ਚੱਕੀ ਪੀਸੀਦੀ ਹੈ —

*ਖਲਕ ਖਾਲਕ ਖੀਸ ਈਸ ਮੂਸ,*
*ਹਿੰਦੂ ਖਲਕ ਪੀਸ ਦਿਖਾਉਂ ਦੀਪ।।*

*– ਸੌ ਸਾਖੀ*

ਗੁਰੂ ਗੋਬਿੰਦ ਸਿੰਘ ਨੇ ਲਿਖਿਆ ਹੈ। ਫੇਰ ਆਖਿਆ-ਹੋਊ ਤੇ ਆਟਾ ਸਣੇ ਰਾਜਾ ਪਰਜਾ ਨਹੀਂ ਦਲੀਆ ਜ਼ਰੂਰ ਹੋ ਜਾਊ। ਬਚੇਗਾ ਕੌਣ? ਬਚੇਗਾ ਉਹ, ਜਿਹੜਾ ਨਾਮ ਜਪੇਗਾ, ਜਿਸ ਤਰ੍ਹਾਂ ਕਿੱਲੀ ਦੇ ਕੋਲ ਚੱਕੀ ਵਿੱਚ ਦਾਣੇ ਬਚ ਜਾਂਦੇ ਨੇ। ਕਿਸੇ ਦੇ ਪਿਉ ਦੀ ਨਹੀਂ, ਜਿਸਦੀ ਮਰਜ਼ੀ ਹੈ—ਜੇ ਕੂਕਾ ਨਹੀਂ ਜਪੇਗਾ, ਇਹ ਵੀ ਨਹੀਂ ਬਚੇਗਾ—ਜਿਹੜਾ ਜਪੇਗਾ, ਉਹੋ ਬਚੇਗਾ। ਕੋਈ ਹਿੰਦੂ ਹੈ, ਕੋਈ ਸਿੱਖ ਹੈ, ਸਮਾਜੀ ਹੈ, ਸਨਾਤਨੀ ਹੈ, ਅਕਾਲੀ ਹੈ, ਕੋਈ ਹੈ, ਜਿਹੜਾ ਗੁਰੂ ਦਾ ਨਾਮ ਜਪੇਗਾ-ਉਹ ਬਚੇਗਾ। ਉੱਥੇ ਲਿਹਾਜ਼ ਕਿਸੇ ਦਾ ਨਹੀਂ। ਉੱਥੇ ਕਿਸੇ ਦੀ ਜਾਤ ਨਹੀਂ, ਕਿਸੇ ਦਾ ਮਜ਼ਹਬ ਨਹੀਂ, ਕੁਝ ਨਹੀਂ। ਉਹ ਸਾਰਿਆਂ ਦਾ ਇੱਕੋ ਹੀ ਮਾਲਕ ਹੈ।

ਆਉ, ਹੁਣ ਰਾਗ ਵੱਲ-ਫੇਰ ਆ ਜਾਓ। ਸਤਿਗੁਰੂ ਦੇ ਹੁਕਮਾਂ ਨੂੰ ਅਸੀਂ ਭੁਲਾ ਦਿੰਦੇ ਹਾਂ। ਸਾਡੇ ਸਾਰੇ ਸਤਿਗੁਰੂ, ਗੁਰੂ ਨਾਨਕ ਦੇਵ ਤੋਂ ਲੈ ਕੇ ਰਾਗਾਂ ਵਿੱਚ ਬਾਣੀ ਉਚਾਰਦੇ ਆਏ ਹਨ। ਹੁਣ ਸਾਡੇ ਕੋਲ ਆ ਗਈ ਢੱਡ ਸਾਰੰਗੀ ਹੋ ਹੋ.....ਹੋ ਹੋ—ਨਾ, ਕੋਈ ਅੱਗਾ-ਨਾ ਕੋਈ ਪਿੱਛਾ। ਜਿਹੜੀ ਰਹਿੰਦੀ ਖੂੰਹਦੀ ਜੜ੍ਹ ਸੀ, ਉਹਦੀ-ਮਾਫ ਕਰਨਾ—ਸਿਨੇਮੇ ਨੇ ਗਾਲ ਦਿੱਤੀ। ਆਹ ਸਿਨੇਮੇ ਦੀਆਂ ਤਰਜ਼ਾਂ, ਇਹ ਸਾਡੇ ਰਾਗੀ—ਜਦੋਂ ਮੈਂ ਲਾਂਭੇ ਹੋ ਜਾਂਦਾ ਹਾਂ—ਤੁਸੀਂ ਸਾਰੇ ਬੜੇ ਖੁਸ਼ ਹੁੰਦੇ ਹੋ ਸੁਣਕੇ ਇਹਨਾਂ ਕੋਲੋਂ। ਲੇਕਿਨ ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਗੁਰੂਆਂ ਨੇ ਕੀ ਬਣਾਇਆ, ਅਸੀਂ ਉਹਦੇ ਵਿੱਚ ਕੀ ਰਲਾ ਕੇ ਖਾਂਦੇ ਹਾਂ। ਸਿਨੇਮੇ ' ਚ ਕੋਈ ਰਾਗ ਨਹੀਂ ਰਹਿ ਗਿਆ। ਹੁਣ ਮਗਰੋਂ ਕਰਦੇ ਨੇ—ਆ ਆ...............ਇਹ ਗਧੇ ਦੀ ਆਦਤ ਹੈ ਕਿ ਪਹਿਲਾਂ ਜ਼ੋਰ ਨਾਲ ਬੋਲਣਾ, ਪਿਛੋਂ ਹੋਲੀ ਹੋ ਜਾਣਾ। ਰਾਗ ਦਾ ਰੂਪ ਨਹੀਂ।

ਤਾਂ ਤੇ ਸਾਨੂੰ ਧਿਆਨ ਦੇਣਾ ਚਾਹੀਦਾ ਹੈ, ਜੋ ਤੁਸੀ ਆਪਣੇ ਲੜਕਿਆਂ ਨੂੰ ਉੱਚਾ ਕਰਦੇ ਹੋ, ਗੁਰੂ ਕੇ ਦਰਬਾਰ ਵਾਸਤੇ ਵੀ ਉੱਚਾ ਕਰੋ। ਇਨ੍ਹਾਂ ਨੂੰ ਥੋੜਾ ਬਹੁਤਾ ਰਾਗ ਦੀ ਵੀ ਸਮਝ ਦੱਸੋ। ਕੋਸ਼ਿਸ਼ ਤੇ ਮੈਂ ਬੜੀ ਕੀਤੀ ਹੈ, ਪਰ ਸਤਿਗੁਰਾਂ ਦੀ ਕੋਈ ਰਜ਼ਾ ਖਬਰੇ ਅਜੇ ਇਸੇ ਤਰ੍ਹਾਂ ਹੈ। ਬਾਰ੍ਹਾਂ ਸਾਲਾਂ ਵਿੱਚ ਅੱਠ ਨੌ ਲੜਕੇ ਰੱਖੇ। ਗਣਾਉਤ ਰੱਖੇ, ਰਬਾਬੀ

ਅੰਮ੍ਰਿਤਸਰ ਵਾਲੇ ਬੁਲਾਏ, ਆਪਣੇ ਰਬਾਬੀ ਬੁਲਾਏ, ਜੋ ਰੀਤਾਂ ਸਾਨੂੰ ਯਾਦ ਸੀਆਂ, ਉਹਨਾਂ ਨੂੰ ਸਿਖਾਈਆਂ। ਅੱਗੋਂ ਉਹ ਹੁਣ ਉਨ੍ਹਾਂ 'ਚੋਂ ਕਈ ਸਾਡੇ ਕੋਲੋਂ ਤੁਰਕੇ, ਜਾ ਕੇ ਕਹਿੰਦੇ ਨੇ, ''ਸਾਡਾ ਬਣਿਆ ਕੁਝ ਨਹੀਂ।'' ਅਸੀਂ ਅਠ੍ਹਾਰਾਂ ਹਜ਼ਾਰ ਰੁਪੱਈਆ ਖਰਚ ਉਹਨਾਂ ਤੇ ਕਰ ਦਿੱਤਾ, ਖਾਣ ਤੋਂ ਬਿਨਾਂ। ਉਹ ਕਹਿੰਦੇ ਨੇ, ''ਸਾਡਾ ਬਣਿਆ ਕੁਝ ਨਹੀਂ'', ਕਿਉਂਕਿ ਉਹਨਾਂ ਨੂੰ ਖਰਚ ਨਹੀਂ ਨ ਕੁਝ ਕਰਨਾ ਪਿਆ। ਜੇ ਉਨ੍ਹਾਂ ਨੂੰ ਨਾਲ ਫੀਸ ਵੀ ਦੇਣੀ ਪੈਂਦੀ, ਉਸਤਾਦ ਦੇ ਪੈਰ ਵੀ ਧੋਣੇ ਪੈਂਦੇ ਜਾ ਕੇ, ਫੇਰ ਪਤਾ ਲਗਦਾ ਬਈ ਕੀ ਖਰਚ ਕਰੀਦਾ ਹੈ। ਲੇਕਿਨ ਅਜੇ ਵੀ ਜੇ ਤੁਸੀਂ ਉਹਨਾਂ ਨੂੰ ਗਾਉਂਦਿਆਂ ਨੂੰ ਸੁਣੋ ਤਾਂ ਤੁਸੀਂ ਕਹੋਗੇ ਕਿ ਕਿਸੇ ਤੋਂ ਇਹਨਾਂ ਨੇ ਸਿਖਿਆ ਹੈ। ਸਤਿਗੁਰੂ ਸੱਚੇ ਪਾਤਸ਼ਾਹ ਨੇ ਸਾਨੂੰ ਰਾਗ ਦੀ ਅਮੋਲਕ ਦਾਤ ਦਿੱਤੀ ਹੈ। ਸਾਡਾ ਫਰਜ਼ ਹੈ—ਸਿੱਖਾਂ ਦਾ, ਕਿ ਹਰ ਇੱਕ ਸਿੱਖ ਦੇ ਬੱਚਿਆਂ 'ਚ ਥੋੜੀ ਬਹੁਤੀ ਇਹਦੀ ਖੁਸ਼ਬੋ ਆਉਣੀ ਚਾਹੀਦੀ ਹੈ।

ਉਸਦੇ ਵਾਸਤੇ ਹੁਣ ਅਸੀਂ ਥੋੜਾ ਜਿਹਾ ਟਾਈਮ ਰੱਖਿਆ ਹੈ, ਭਾਵੇਂ ਛੋਟਾ ਗਾਉਣ, ਮੋਟਾ ਗਾਉਣ, ਜਿੰਨੇ ਇੱਥੇ ਸਨ ਇੱਥੇ ਇਹ ਕੋਈ ਖਿਆਲ ਨਹੀਂ ਰੱਖਿਆ, ਇਹ ਕੂਕਾ ਹੈ, ਅਕਾਲੀ ਹੈ, ਹਿੰਦੂ ਹੈ ਜਿਹਦੀ ਮਰਜ਼ੀ ਹੈ ਆਵੇ, ਜਿਹੜਾ ਉਹਦੇ ਵਿੱਚ ਹਿੱਸਾ ਲਵੇ। ਜਿੰਨੀ ਕੁ ਸਾਡੀ ਸਮਝ ਆਏਗੀ, ਮਾੜਾ ਮੋਟਾ ਉਹਨੂੰ ਸੋਚਾਂਗੇ, ਵਿਚਾਰਾਂਗੇ ! ਇੱਕ ਸ਼ਬਦਾਂ ਦਾ ਵੱਖਰਾ ਕਰਾਂਗੇ ਜਿਹੜੇ ਬਿਨਾ ਸ਼ਬਦਾਂ ਤੋਂ ਦੂਸਰੇ ਵੀ ਹੋਣ, ਉਹ ਵੀ ਥੋੜਾ ਬਹੁਤਾ ਸੁਣਾਂਗੇ। ਦੋ ਥਾਈਂ ਕਰਕੇ ਕੁਝ ਐਵੇਂ ਮਾੜ ਮੋਟ, ਤਿਲ ਫੁੱਲ ਜ਼ਰਾ ਕੁ ਇਹ ਆਦਤ ਪੈ ਜਾਵੇ।

ਸਾਧ ਸੰਗਤ, ਇਹ ਅਰਜ਼ ਮੈਂ ਹੁਣ ਤੋਂ ਹੀ ਕਰਦਾ ਹਾਂ ਬਈ, ਸਾਰੇ ਸੱਜਣ ਬੈਠ ਕੇ ਸੁਣਨ। ਗਾਉਣਾ ਤੇ ਹੁਣ ਬੜਾ ਹੀ ਮੁਸ਼ਕਿਲ ਹੈ। ਮੇਰੀ ਸੱਠਾਂ ਵਰ੍ਹਿਆਂ ਦੀ ਉਮਰ ਹੋ ਗਈ ਹੈ, ਮੈਂ ਬਾਰ੍ਹਾਂ ਤੇਰ੍ਹਾਂ ਸਾਲਾਂ ਦਾ ਸੀ ਜਦੋਂ ਦਾ ਸੁਣਨ ਲੱਗਿਆ ਹਾਂ ਅਜੇ ਮੈਨੂੰ ਪਤਾ ਨਹੀਂ ਲੱਗਿਆ ਬਈ ਕੀ ਚੀਜ਼ ਹੈ—ਰਾਗ ? ਲੋਕ ਮੈਨੂੰ ਕਹਿੰਦੇ ਨੇ ਬੜਾ ਕੁਝ ਜਾਣਦਾ ਹੈ—ਮੈਨੂੰ ਪਤਾ ਹੈ। ਤਾਂ ਤੇ ਹੱਸਣਾ, ਮਖੌਲ ਨਹੀਂ ਇਹਨਾਂ ਨੂੰ ਕਰਨਾ, ਜਿਹੜੇ

ਗਾਉਣ। ਬੈਠ ਕੇ ਸੁਣੋਂ, ਕਿਉਂਕਿ ਉਨ੍ਹਾਂ ਦੇ ਦਿਲ ਨਹੀਂ ਵਧਦੇ ਫਿਰ, ਇਸ ਤਰ੍ਹਾਂ ਜੇ ਅਸੀਂ ਉਨ੍ਹਾਂ ਨੂੰ ਮਖੌਲ ਕਰੀਏ। ਮਖੌਲ ਕਰਿਆ ਕਰੋ ਜੇ ਕੋਈ ਕੰਜਰਾਂ ਦੇ ਜਾਵੇ; ਕੋਈ ਸ਼ਰਾਬ ਪੀਵੇ; ਤਮਾਸ਼ਾ ਵੇਖਣ ਜਾਵੇ; ਕੋਈ ਬੁਰਾ ਕੰਮ ਕਰੇ; ਕੋਈ ਕਿਸੇ ਦੀ ਧੀ-ਭੈਣ ਨੂੰ ਮਖੌਲ ਕਰੇ; ਜੂਆ ਖੇਡੇ—ਉਹਨੂੰ ਤੁਸੀਂ ਮਖੌਲ ਕਰਿਆ ਕਰੋ।

ਇੱਥੇ ਜਿਹੜੇ ਲੋਕ ਆਓਣ, ਇੱਥੇ ਬੈਠਣ, ਪ੍ਰੇਮ ਨਾਲ ਸੁਣਨ, ਜਿਹਦਾ ਚਿਤ ਕਰੇ, ਉਹ ਫਿਰ ਤੁਰ ਆਏ। ਇੱਕ ਘੰਟਾ ਲਾ ਕੇ, ਅਸੀਂ ਹੁਣ ਇਹ ਅਰਦਾਸ ਕਰਕੇ—ਇਹ ਵੀ ਅਸੀਂ ਦੁਨੀਆਦਾਰੀ ਕਰਦੇ ਹਾਂ, ਭਜਨ ਨਹੀਂ ਸਾਥੋਂ ਹੁੰਦਾ—ਪਰ ਅਸੀਂ ਕਹਿੰਦੇ ਹਾਂ ਹੱਛਾ ! ਫੇਰ ਵੀ ਕੋਈ ਡਰ ਨਹੀਂ। ਉਹ ਇੱਕ ਸਿੰਘ ਸੀ ਸਾਡੇ-ਠਾਕਰ ਸਿੰਘ, ਉਹਨੇ ਜੇ ਬਹੁਤਾ ਘਿਉ ਖਾ ਲੈਣਾ, ਉਹਨੂੰ ਉਲਟੀ ਆ ਗਈ, ਕਹਿੰਦਾ, ਆਦਰਾਂ ਤੇ ਥਿੰਦੀਆਂ ਹੋ ਜਾਣਗੀਆਂ। ਇਹ ਸਾਡੀਆਂ ਆਦਰਾਂ ਤੇ ਥਿੰਦੀਆਂ ਹੋ ਈ ਜਾਣਗੀਆਂ, ਜੇ ਅਸੀਂ ਕੁਝ ਵੀ ਨਾ ਕਰਾਂਗੇ। ਬੈਠ ਕੇ ਸਤਿਗੁਰੂ ਦਾ ਨਾਉ ਲਵਾਂਗੇ, ਫੇਰ ਉਸਨੂੰ ਲਾਜ ਹੈ। ਅਕਸਰ ਉਹਦੇ ਨਾਂ ਉੱਤੇ ਗੱਲ ਹੋਣੀ ਹੈ, ਤੇ ਇਸ ਤੋਂ ਬਾਅਦ ਫਿਰ ਥੋੜਾ ਚਿਰ ਸੰਗੀਤ ਦਰਬਾਰ ਹੋਵੇਗਾ। ਸਾਧ ਸੰਗਤ ਕ੍ਰਿਪਾ ਕਰਕੇ ਦਰਸ਼ਨ ਦੇਵੇ। ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੋਵੇਗਾ। ਹੁਣ ਅਰਦਾਸ ਕਰਕੇ ਨਿਤਨੇਮ ਹੋ ਜਾਏ।

# ਟਿੱਪਣੀਆਂ

★੧. ਇਸ ਅਧਿਆਏ ਦੀ ਅੰਗ ੧ ਤੋਂ ੩੦ ਤਕ ਦੀ ਕਥਾ 'ਲਾਲ ਏਹਿ ਰਤਨ' ਭਾਗ ੧ ਦੇ ਪੰਨਾ ੩੨੩ ਤੇ ਦੇਖੋ। ਅੰਗ ੩੧ ਤੋਂ ੯੧ ਤਕ ਦੀ ਕਥਾ ਉਪਦੇਸ਼ਾਂ ਵਿਚੋਂ ਉਪਲਬਧ ਨਾ ਹੋਣ ਕਰਕੇ, ਇਹ ਹਿੱਸਾ ਸਤਿਗੁਰੂ ਬਿਲਾਸ ਪਾਤਸਾਹੀ ੧੨ ਵਿਚੋਂ ਜਿਉਂ ਦਾ ਤਿਉ ਹੇਠਾਂ ਦਿੱਤਾ ਜਾ ਰਿਹਾ ਹੈ।

ਚੌਪਈ।

ਐਸੀ ਜਿਸ ਗੁਰ ਕੀ ਹੈ ਬਾਣੀ। ਤਿਸ ਪਗ ਪਰੋਂ ਸਿਦਕ ਮਨ ਠਾਣੀ।
ਬਾਲਕ ਜੌ ਨਿਰਭੈ ਹੁਇ ਖੇਲੇ। ਬੜੇ ਤੋ ਫਿਰਤ ਹੋਇ ਅਲਬੇਲੇ।।੩੧।।

ਦੋਹਰਾ।

ਦੇਖਤ ਬਾਲ ਕ੍ਰਿਪਾਲ ਕੋ ਧਿਆਨ ਸਿੰਘ ਮਮ ਮੀਤ।
ਪ੍ਰੇਮ ਲਗੋ ਗੁਰ ਦਰਸ ਕੋ ਕਹਿਓ ਸਿੰਘ ਹਰਿਮੀਤ।।੩੨।।

ਚੌਪਈ।

ਪਿਆ ਭੋਗ ਪੜ ਸੋਹਿਲਾ ਜਬੈ। ਮੈਂ ਤਿਨ ਸੰਗ ਪੂਛਿਓ ਤਬੈ।
ਤੁਮ ਸਿਖ ਭਾਈ ਜੀ ਕਿਸ ਕੇਰੇ। ਅਜਬ ਤੌਰ ਤੁਮਰੇ ਮੈ ਹੇਰੇ।।੩੩।।
ਬਾਲਕ ਬੀਚ ਪੜਾ ਜੇ ਆਗ। ਸੜਾ ਨਾਹਿ ਇਹ ਪੂਰਨ ਭਾਗ।
ਬੋਲੇ ਭਾਈ ਸਬਦ ਚਰਿਤਰ। ਡੂਬੇ ਜਾਲੇ ਆਗ ਨ ਮਿਤਰ।।੩੪।।
ਪੁਨਿ ਕਹਾ ਕੌਣ ਕਹਾ ਕੇ ਵਾਸੀ। ਕੌਣ ਗੁਰੂ ਐਸੋ ਸੁਖ ਰਾਸੀ।
ਸ੍ਰੀ ਅਮ੍ਰਿਤਸਰ ਕੇ ਬਾਸਿੰਦੇ। ਸਿੰਘ ਨਾਮਧਾਰੀ ਹਮ ਹੁੰਦੇ।।੩੫।।

ਦੋਹਰਾ।

ਗ੍ਰਾਮ ਠਾਮ ਗੁਰ ਨਾਮ ਕੋ ਲਿਯੋ ਪਤਾ ਸਬ ਟੇਰ।
ਜਾਮ ਅਰਾਮ ਨ ਕਾਮ ਤਾਮ ਭਾਵੈ ਰਾਮ ਨ ਦੇਰ।।੩੬।।

ਚੌਪਈ।

ਗੁਰੂ ਰਾਮ ਸਿੰਘ ਨਾਮ ਅਲਾਯੋ। ਸਾਹਿਬ ਭੈਣੀ ਗ੍ਰਾਮ ਬਤਾਯੋ।
ਅਜਮਤ ਵੰਤ ਬਹੁਤ ਗੁਰ ਪੂਰਨ। ਬਿਨਾ ਦੇਰ ਜਾ ਮਿਲ ਸਿਖ ਤੂਰਨ।।੩੭।।
ਇਸ ਪ੍ਰਕਾਰ ਜਬ ਉਨ ਉਪਦੇਸਾ। ਮੈਂ ਉਠ ਚਲਾ ਗੁਰੂ ਕੇ ਦੇਸਾ।
ਮਾਰਗ ਮਾਹਿ ਖਾਂਡ ਮੁਲ ਲੀਨੀ। ਚੌਦਾਂ ਸੌ ਕੀ ਪੂਰੀ ਕੀਨੀ।।੩੮।।

ਬੋਰੀ ਭਰੀ ਰਾਖ ਇਕ ਜਾਇ। ਸਾਰਬਾਨ ਕੇ ਜੁੰਮੇ ਲਾਇ।
ਫੇਰ ਲਗਾ ਢੂੰਢਨ ਅਸਵਾਰੀ। ਬਿਨਾ ਦੇਰ ਜਾਵੌਂ ਗੁਰਦ੍ਵਾਰੀ।।੩੯।।
ਸਾਹਿਬਜਾਦਾ ਇਕ ਮੁਹਿ ਨਾਲ। ਬੰਗੇ ਗ੍ਰਾਮ ਥਕੇ ਹਮ ਭਾਲ।
ਕੋਇ ਨ ਮਿਲੀ ਮੋਹਿ ਅਸਵਾਰੀ। ਬੈਠੇ ਏਕ ਤਲਾਬ ਕਿਨਾਰੀ।।੪੦।।
ਡੋਲਾ ਮਨ ਅਬ ਜਾਤੇ ਨਾਹੀ। ਫੇਰ ਕਬੀ ਜਾਵੈ ਗੁਰ ਪਾਹੀ।
ਤਤ ਛਿਨ ਆਗੇ ਨੈਨਨ ਕੇਰੇ। ਘੋਰਾ ਤੇ ਨਰ ਇਕ ਹਮ ਹੇਰੇ।।੪੧।।
ਸਾਹਿਬਜਾਦੇ ਸਾਥ ਹੁਲਾਸ। ਪੂਛਾ ਕੈਸ ਅਸੂ ਤੁਝ ਪਾਸ।
ਬੋਲਾ ਆਹਿ ਕਰਾਏ ਦਾਰ। ਦੇਵੇ ਜੋ ਸੋ ਹੋਇ ਅਸਵਾਰ।।੪੨।।
ਮੋਕੋ ਕਹਾ ਕਰੋ ਅਸਵਾਰੀ। ਬਿਨਾ ਦੇਰ ਚਾਲੋ ਗੁਰਦ੍ਵਾਰੀ।
ਮੇਰਾ ਮਨ ਡੋਲੇ ਇਤ ਊਤ। ਖਾਂਡ ਭਰੀ ਅਬ ਬੜਾ ਕਸੂਤ।।੪੩।।
ਆਹਿ ਬਲੋਚ ਬਗਾਨੇ ਪੂਤ। ਪਰੇ ਕੋਇ ਮਤ ਤਸਕਰ ਦੂਤ।
ਸਾਹਿਬ ਜਾਦੇ ਯੋ ਮੁਖ ਪ੍ਰਾਹੀ। ਲੈ ਭਾਈ ਚੜ੍ਹ ਡੋਲੋ ਨਾਹੀ।।੪੪।।

ਦੋਹਰਾ।

ਭੁਜ ਫੜ ਘੋੜੇ ਵਾਲੜੇ ਮੋਕੋ ਲੀਆ ਉਠਾਇ।
ਦੇਰ ਨਾ ਚੰਗੀ ਖਾਲਸਾ ਸਾਧੂ ਗੁਰ ਮਿਲ ਭਾਇ।।੪੫।।

ਸੋਰਠਾ।

ਹੈ ਪਰ ਲਿਯਾ ਚੜ੍ਹਾਇ ਏਤੀ ਕਹਿ ਸਿਖਿਆ ਭਲੀ।
ਦੇਵੌਂ ਅਬੈ ਪੁਚਾਇ ਭੈਣੀ ਸਾਹਿਬ ਕੇ ਵਿਖੇ।।੪੬।।
ਮਿਲੀਏ ਕਿਸ ਪ੍ਰਕਾਰ ਮੈਂ ਚਿਤਵਤ ਜਾਤ ਥਾ।
ਕਹੇ ਜੇ ਰਾਮ ਮ੍ਰਿਗਾਰ ਲੱਜਾ ਤਾਕੋ ਨਾਮ ਨਿਜ।।੪੭।।

ਚੋਪਈ।

ਪਹੁੰਚਯੋ ਜਬ ਸਤਿਗੁਰ ਕੇ ਪੌਰ। ਤਪ ਕਰਤੇ ਬਾਢੀ ਸਿਰ ਮੌਰ।
ਔਧ ਪੁਰੀ ਸਮ ਪੁਰ ਗੁਰਦ੍ਵਾਰਾ। ਮਾਨੋ ਨਾਮ ਰੂਪ ਤਨ ਧਾਰਾ।।੪੮।।
ਦਰਸਨ ਜਬ ਸਤਿਗੁਰ ਕਾ ਪਾਇਆ। ਰਾਮ ਕ੍ਰਿਸਨ ਨਾਨਕ ਹਰਿ ਰਾਇਆ।
ਗੋਬਿੰਦ ਕੇਹਰ ਕੇਹਰ ਰੂਪ। ਗੁਰੂ ਰਾਮ ਸਿੰਘ ਦਿਖੇ ਅਨੂਪ।।੪੯।।

ਕਬਿੱਤ।

ਕੁਸਲ ਨਿਵਾਸੀ ਮਾਨੋ ਸੂਖਨ ਕੇ ਰਾਸੀ ਕਿਧੋ ਦੂਖਨ ਬਿਨਾਸੀ ਜਗ ਮਾਹਿ ਪ੍ਰਗਟਾਇ ਹੈ।
ਚੇਤਨ ਹੁਲਾਸੀ ਠੀਕ ਕਾਟੇ ਜਮ ਫਾਸੀ ਅਹੇ ਮਾਯਾ ਜਾਕੀ ਦਾਸੀ ਬੇਦ ਨਿਤਹਿ ਜਿਸ ਗਾਏ ਹੈ।
ਸੀਆ ਪਤੀ ਰਾਮ ਅਹੇ ਦਾਸਨ ਅਰਾਮ ਇਕੇ ਦੇਵਨ ਕੇ ਕਾਮ ਅਵਤਾਰ ਧਾਰ ਆਏ ਹੈ।

ਦੇਖਤ ਅਨੰਦੇ ਮਿਲੇ ਪੂਰਨਾ ਕੋ ਚੰਦੇ ਹਾਥ ਬੰਦੇ ਬਿਨੈ ਸੰਦੇ ਬੰਦੇ ਗੁਰੂ ਜੀ ਕੇ ਪਾਏ ਹੈ।।੫੦।।
ਪਤਲੀ ਸੀ ਮੂਰਤਿ ਵਾ ਲਾਂਬੀ ਸੁਭ ਸੂਰਤ ਸੋ ਕਾਮਨਾ ਕੇ ਪੂਰਤ ਜਪਾਇ ਰਾਮ ਹਰਿ ਹੈ।
ਸੁੰਦਰ ਪਿਆਰੇ ਨੈਨ ਕਰਤ ਰਸਾਲ ਬੈਨ ਇਛ ਫਲ ਦੈਨ ਕਾਮ ਧੈਨ ਸੁਰ ਤਰ ਹੈ।
ਲਾਂਬੀ ਭੁਜਾ ਜਾਇ ਫਲੀ ਅੰਗਰੀ ਰਵਾਹਿ ਪਗ ਪੰਕਜ ਸਰਾਹਿ ਤੇ ਮਿਟਾਹਿ ਜਮ ਡਰ ਹੈ।
ਗਲੇ ਊਨ ਮਾਲਾ ਸ੍ਵੇਤ ਬਾਣਾ ਹੈ ਨਿਰਾਲਾ ਮਨੋ ਹੰਸ ਹੂੰ ਕੀ ਚਾਲਾ ਸਿੰਘ ਜਾਕੇ ਏਕ ਸਰ ਹੈ।।੫੧।।
ਗੁਰੂ ਜੀ ਕੋ ਗ੍ਰਾਮ ਧਾਮ ਸੁੰਦਰ ਭਿਰਾਮ ਦੋਇ ਲੋਕਨ ਅਰਾਮ ਜਹਾ ਸਦ ਹੀ ਦਿਖਾਇ ਹੈ।
ਆਠ ਜਾਮ ਰਾਮ ਹੀ ਕੋ ਨਾਮ ਸੁ ਬਿਕੁੰਠ ਸਾਮ ਕਲਿ ਦਾਮ ਕਟ ਖਾਮ, ਕਾਮਨਾ ਕੇ ਪਾਇ ਹੈ।
ਕੀਰਤ ਵ ਬਾਨੀ ਜਹਾਂ ਕਹਾਂ ਪਰਤ ਕਾਨੀ ਕਹੂੰ ਪਾਪ ਕੀ ਨਿਸ਼ਾਨੀ ਨਹਿ ਦਾਨੀ ਜਾਨੀ ਜਾਇ ਹੈ।
ਏਕ ਦਿਸਾ ਘੋਰਨ ਤਬੇਲਾ ਜੇ ਮਹੇਲਾ ਖਾਤ ਏਕ ਦਿਸਾ ਦੇਗ ਸੰਤ ਖਾਲਸਾ ਅਚਾਇ ਹੈ।।੫੨।।

ਦੋਹਰਾ।

ਅਚਰਜ ਭੇ ਹਰਿਮੀਤ ਸਿੰਘ ਦੇਖ ਚਰਿਤ੍ਰ ਅਭਾਰ
ਜਾਣਾ ਨਿਸਚੇ ਇਹੋ ਹੈ ਪੂਰਨ ਗੁਰ ਅਵਤਾਰ।।੫੩।।

ਚੌਪਈ।

ਧੁਨਿ ਸਬਦਨ ਕੀ ਜਹ ਕਹ ਲਾਗੀ। ਸੰਗਤ ਸਭੀ ਪ੍ਰੇਮ ਰਸ ਪਾਗੀ।
ਕੋ ਸਿਖ ਲੰਗਰ ਕੋ ਜਲ ਭਰਈ। ਕੋ ਦੇਗਾ ਕੋ ਪੰਖਾ ਕਰਈ।।੫੪।।
ਕੋਇ ਪਕਾਵੈ ਕੋਇ ਛਕਾਵੈ। ਪਰ ਮੁਖ ਸੇ ਬਾਣੀ ਗੁਰ ਗਾਵੈ।
ਗੁਰ ਨਾਨਕ ਕੇ ਸਬਦ ਰਸਾਲਾ। ਪੜ੍ਹਤ ਸੁਨਤ ਹਰਿ ਜਨ ਸਭ ਕਾਲਾ।।੫੫।।

ਦੋਹਰਾ।

ਬੈਠੇ ਸਤਿਗੁਰ ਰਾਮ ਸਿੰਘ ਆਪ ਦਿਵਾਨ ਲਗਾਇ।
ਦੇਵਪੁਰੀ ਮੈ ਇੰਦ ਜਿਵ ਤਾਰਕ ਮੰਡਲ ਰਾਇ।।੫੬।।
ਦੇਸ ਬਿਦੇਸੀ ਖਾਲਸਾ ਧਰੈ ਉਪਾਇਨ ਪਾਇ।
ਦੋ ਕਰ ਜੋਰੇ ਬੰਦਨਾ ਕਰਹੈ ਸੀਸ ਝੁਕਾਇ।।੫੭।।

ਚੌਪਈ।

ਏਕ ਰੁਪਈਆ ਵਾ ਪਰਸਾਦ। ਮੈਂ ਭੀ ਭੇਟ ਧਰੀ ਮਰਯਾਦ।
ਬੜੀ ਭੀੜ ਕੁਛ ਅੰਤ ਨ ਆਵੈ। ਸਤਿ ਸ੍ਰੀ ਅਕਾਲ ਗਜਾਵੈ।।੫੮।।
ਬਾਣੀ ਢੋਲਕ ਛੈਣੇ ਸੰਗ। ਪੜ੍ਹੇ ਸਿੰਘ ਬਹੁ ਲਾਗਿਓ ਰੰਗ।
ਸਬਦ ਤਾਲ ਸੋ ਸਮਸਰ ਹੋਵੈ। ਬੇਧਤ ਰਿਦਾ ਪਾਪ ਗਨ ਖੋਵੈ।।੫੯।।
ਕਿਤੋ ਛੁਡਾਵਤ ਦੁਨੀਆ ਪਾਸਾ। ਸਾਚੇ ਪੰਥ ਚਲਾਵੈ ਖਾਸਾ।

ਗੁਰੂ ਰਾਮ ਸਿੰਘ ਬੀਚ ਸੁਹੰਤੇ। ਤਾਰਕ ਜੱਗ ਰਟਾਵੈ ਮੰਤੇ।।੬੦।।
ਐਸੀ ਮੌਜ ਫੌਜ ਕੇ ਵਾਲੀ। ਮਸਤ ਗੰਭੀਰ ਤਬ੍ਹਾ ਲੌਬਾਲੀ।
ਸੋਗ ਹਰਖ ਤੇ ਸਦਾ ਅਤੀਤਾ। ਗੁਰ ਦਸਵੇਂ ਕੀ ਧਾਰੀ ਰੀਤਾ।।੬੧।।

★੨. ਦੇਖੋ ਲਾਲ ਏਹ ਰਤਨ ਭਾਗ ੧ ਪੰਨਾ ੧੩

★੩. ਚੰਗਮਈ ਥਾਈਲੈਂਡ ਵਿੱਚ ਮਹਾਤਮ ਬੁੱਧ ਦਾ 'ਡੋਏ ਸੁਥੇਵ' ਨਾਮ ਦਾ ਮੰਦਰ ਹੈ। ਇਸ ਦੀਆਂ ਕੰਧਾਂ ਤੇ ਮਹਾਤਮਾ ਬੁੱਧ ਦੀ ਜੀਵਨੀ ਚਿਤਰਾਂ ਰਾਹੀ ਦਰਸਾਈ ਹੋਈ ਹੈ। ਤਸਵੀਰ ਦੇ ਹੇਠਾਂ ਥਾਈ ਭਾਸ਼ਾ ਵਿੱਚ ਉਸ ਚਿਤਰ ਵਿੱਚ ਜੋ ਹੋ ਰਿਹਾ ਹੈ ਲਿਖਿਆ ਹੋਇਆ ਹੈ। ਮਹਾਤਮਾ ਬੁੱਧ ਦੇ ਅੰਤਮ ਸਮੇ ਦੇ ਚਿਤਰ ਤੇ ਲਿਖਿਤ ਦੀ ਨਕਲ ਪਾਠਕਾਂ ਦੀ ਜਾਣਕਾਰੀ ਲਈ ਹੇਠਾਂ ਦਿੱਤੀ ਜਾ ਰਹੀ ਹੈ।

**งเสวยสุกรอ่อนที่บ้านนาย จุนทะ**
**นั่นเป็นปัจฉิมบิณฑบาต**

ਇਸ ਦਾ ਪੰਜਾਬੀ ਉਲਥਾ ਇਸ ਤਰ੍ਹਾਂ ਹੈ :-

''ਮਹਾਤਮਾ ਬੁਧ ਨੇਂ ਸੂਰ ਦੇ ਛੋਟੇ ਬੱਚੇ ਦਾ ਮਾਸ ਛਕਿਆ
ਵੰਦਾ ਦੇ ਘਰ। ਇਹ ਉਹਨਾਂ ਦੀ ਆਖਰੀ ਭਿਖਸ਼ਾ ਸੀ।''

ਬੰਕੌਕ ੭-੨-੧੯੫੧

## ਸ਼ਬਦਾਰਥ

੧. ਵਿਗੜਿਆ ਹਾਂ
੨. ਹੋਰ ਕੋਈ (ਭਾਵ ਮੈਂ ਵਿਗੜ ਗਿਆ ਹਾਂ ਹੋਰ ਕੋਈ ਨਾ ਵਿਗੜੇ।)
੩. ਬਰਛੀ ਦੀ
੪. ਸਵਾਸ ਲੈ ਲੈਂਦੀ ਹੈ।
੫. ਸ: ਭਗਤ ਸਿੰਘ
੬. ਪੰਥਕ ਪ੍ਰਤੀਨਿਧੀ ਬੋਰਡ ੪.੬.੧੯੪੭ ਨੂੰ ਬਣਾਇਆ ਗਿਆ
੭. ਭੇਦ
੮. ਮਰਦਾ ਹੋਇਆ
੯. ਵੇਖੀਦਾ ਹੈ
੧੦. ਪਿਆਰੇ ਪ੍ਰਮਾਤਮਾ ਦਾ
੧੧. ਵਿੰਨ੍ਹਿਆ ਗਿਆ
੧੨. ਝੂਠੇ ਵਿਹਾਰਾਂ ਵਿੱਚ ਫੱਸਿਆ ਹੈ।
੧੩. ਵੱਡੇ ਕਵੀ ਹਾਂ
੧੪. ਉੱਚੀ ਕੁੱਲ ਵਾਲੇ
੧੫. ਸੂਰਮੇ
੧੬. ਦੂਰ ਹੋਈ
੧੭. ਉੱਥੇ ਬੈਕੁੰਠ ਵਿੱਚ
੧੮. ਭੇਦ
੧੯. ਗੱਲਾਂ ਨਾਲ ਹੀ ਬੈਕੁੰਠ ਨੂੰ ਬਿਆਨ ਪਏ ਕਰਦੇ ਹਨ।
੨੦. ਬਸਤੀ, ਨਗਰ
੨੧. ਮਹਲ, ਮੰਦਿਰ
੨੨. ਹੁਣ ਇਸ ਤੋਂ ਬਿਨਾਂ ਕੀ ਕਹਿ ਸਕਦੇ ਹਾਂ ਕਿ ਸਾਧ-ਸੰਗਤ ਹੀ ਬੈਕੁੰਠ ਹੈ।
੨੩. ਬਰਾਬਰੀ
੨੪. ਕਰ ਸਕਦੇ
੨੫. ਵਿਚਾਰੀ
੨੬. ਇੱਕ ਖਾਸ ਬਿਰਛ ਹੈ ਜਿਸ ਤੇ ਪੀਲੇ ਫੁੱਲ ਲੱਗਦੇ ਹਨ ਇਹ ਬਿਰਛ ਕ੍ਰਿਸ਼ਨ ਜੀ ਦੇ ਬਹੁਤ ਪਿਆਰੇ ਸਨ। ਇਹਨਾਂ ਦੇ ਜੰਗਲ ਵਿੱਚ ਹੀ ਬਹੁਤ ਖੇਲ ਕੀਤੀ ਹੈ, ਹੁਣ ਵਿੰਦ੍ਰਾਬਨ ਵਿੱਚ ਕ੍ਰਿਸ਼ਨ ਜੀ ਦੇ ਭਗਤ ਕਦੰਬ ਦੇ ਫੁਲਾਂ ਦੀ ਮਾਲਾ ਕ੍ਰਿਸ਼ਨ ਜੀ ਦੀ ਮੂਰਤੀ ਨੂੰ ਪਹਿਨਾਉਂਦੇ ਹਨ। (NAUCLEA-CADAMBA)
੨੭. ਤੇਰੀ ਉਡੀਕ
੨੮. ਮੇਰੀ ਅੱਖ
੨੯. ਚਿੱਟੀ ਹੋ ਗਈ ਹੈ।
੩੦. ਧਰਮ
੩੧. ਫਾਹੀ
੩੨. ਗੱਲਾਂ ਭਾਵ ਚਿਹਰਾ
੩੩. ਦੋਵੇਂ ਜਹਾਨ ਲੋਕ ਪਰਲੋਕ
੩੪. ਇੱਕ
੩੫. ਵਾਲ ਦੀ ਤਾਰ
੩੬. ਮਿੱਤਰ
੩੭. ਨਹੀਂ ਲਿਆਉਂਦੇ
੩੮. ਸਹਿਣਸ਼ਕਤੀ
੩੯. (ਪ੍ਰੀਤਮ ਦੀਆਂ) ਅੱਖਾਂ ਜਾਂ

ਭਰਵੱਟਿਆਂ ਦਾ ਇੱਕ ਇਸ਼ਾਰਾ
੪੦. ਝਿਮਣੀਆਂ
੪੧. ਉਸ ਦੀਆਂ
੪੨. ਜਿੰਦਗੀ ਵਿੱਚ ਵਾਧਾ ਕਰਨ ਵਾਲੀ
੪੩. ਦ੍ਰਿਸ਼ਟੀ ਕਰਕੇ
੪੪. ਵੇਖਣਾ
੪੫. ਨਾਸ ਕਰ ਦਿੱਤਾ
੪੬. ਅਸਥੂਲ ਸਰੂਪ
੪੭. ਸੂਖਮ ਸਰੂਪ
੪੮. ਇੱਕ ਹੀ ਥਾਂ ਰਹਿਣਾ ਕੀਤਾ ਹੈ (ਪ੍ਰਮਾਤਮਾ ਨੇ)
੪੯. ਅਰਬਾਂ
੫੦. ਅਨਗਿਣਤ ਸਮਾਂ
੫੧. ਪ੍ਰਿਥਵੀ
੫੨. ਅਕਾਸ਼
੫੩. ਪਾਰਬ੍ਰਹਮ ਦਾ ਹੁਕਮ ਹੀ ਵਰਤ ਰਿਹਾ ਸੀ।
੫੪. ਪਕੜੀ
੫੫. ਹੈਰਾਨ
੫੬. ਖੁਸ਼ੀ ਹੋਈ
੫੭. ਨਾਮਰਦ
੫੮. ਨਾਸ ਕਰਨਾ
੫੯. ਵੇਖਣਾ
੬੦. ਸ਼ਬਦਾਂ ਤੋਂ
੬੧. ਬਾਹਰ ਹੈ
੬੨. ਇਨ੍ਹਾਂ ਮਨਮੁਖਾਂ ਤੋਂ
੬੩. ਸਿਰ ਦਾ ਮੋਤੀਚੂਰ ਗਹਿਣਾ
੬੪. ਪ੍ਰਾਣ, ਸਵਾਸ
੬੫. ਸੂਤਰ, ਧਾਗਾ
੬੬. ਇਸਤ੍ਰੀ, ਜੀਵ
੬੭. ਮਾਣੇ, ਭੋਗੇ
੬੮. ਪਿਆਰਾ
੬੯. ਮੋਹਤ ਹੋ ਗਈ
੭੦. ਹੋਰ ਕਿਸੇ ਵਿੱਚ
੭੧. ਦੰਦਾਸਾ ਲਵੇ
੭੨. ਹੱਥ
੭੩. ਰੇਸ਼ਮੀ ਕਪੜੇ ਪਾਵੇ
੭੪. ਪਟੀਆਂ ਗੁੰਦੇ
੭੫. ਗਿਆਨ ਰੂਪ ਰਾਜਾ
੭੬. (ਬ੍ਰਹਮ ਸੁਖ ਨੂੰ ਭੋਗਦਾ) ਅਭੇਦ ਕਰ ਲੈਂਦਾ ਹੈ।
੭੭. ਕਰਕੇ
੭੮. ਸ਼ਬਦ
੭੯. ਬਿਲਾਵਲ : ਇਹ ਸੰਪੂਰਣ ਜਾਤਿ ਦਾ ਰਾਗ ਹੈ, ਸਾਰੇ ਸ਼ੁੱਧ ਸੁਰ ਹਨ, ਵਾਦੀ ਸ਼ੜਜ ਅਤੇ ਸੰਵਾਦੀ ਪੰਚਮ ਹੈ। ਇਸ ਦੇ ਗਾਉਣ ਦਾ ਵੇਲਾ ਦਿਨ ਦੇ ਦੂਜੇ ਪਹਿਰ ਦਾ ਆਰੰਭ ਹੈ, ਅਨੰਦ ਮੰਗਲ ਦੇ ਵੇਲੇ ਇਸ ਦੇ ਗਾਉਣ ਦੀ ਰੀਤਿ ਹੈ। ਸ੍ਰੀ ਆਦਿ ਗ੍ਰੰਥ ਸਾਹਿਬ ਵਿੱਚ ਬਿਲਾਵਲ ਦਾ ਸੋਲਵਾਂ ਨੰਬਰ ਹੈ।
੮੦. ਗਉੜੀ : ਇੱਕ ਰਾਗਿਨੀ, ਜੋ ਪੂਰਬੀ ਠਾਟ ਦੀ ਔੜਵ ਸ਼ਾੜਵ ਹੈ। ਇਸ ਵਿੱਚ ਸ੍ਰੀ ਰਾਗ ਦਾ ਅੰਗ ਹੈ। ਇਸ ਦੀ ਆਰੋਹੀ ਵਿੱਚ ਗਾਂਧਾਰ ਅਤੇ ਧੈਵਤ ਵਰਜਿਤ

ਹੈ। ਅਵਰੋਹੀ ਵਿੱਚ ਗਾਂਧਾਰ ਵਰਜਿਤ ਹੈ। ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਹੈ। ਰਿਸ਼ਭ ਅਤੇ ਧੈਵਤ ਕੋਮਲ, ਮੱਧਮ ਤੀਵ੍ਰ। ਬਾਕੀ ਸੁਰ ਸ਼ੁੱਧ ਹਨ। ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ।

ਆਰੋਹੀ : ਸ ਰੇ ਮ ਪ ਨੀ ਸ

ਅਵਰੋਹੀ : ਸ ਨੀ ਧਾ ਪ ਮ ਰੇ ਸ

ਸ੍ਰੀ ਆਦਿ ਗ੍ਰੰਥ ਸਾਹਿਬ ਵਿੱਚ ਗਉੜੀ ਦਾ ਨੰਬਰ ਤੀਜਾ ਹੈ, ਅਤੇ ਇਸ ਰਾਗ ਦੇ ਅਨੇਕ ਭੇਦ ਲਿਖੇ ਹਨ।

ਯਥਾ : ਗੁਆਰੇਰੀ, ਚੇਤੀ, ਦੱਖਣੀ, ਦੀਪਕੀ, ਪੂਰਬੀ, ਬੈਰਾਗਣ, ਮਾਝ, ਮਾਲਵਾ ਅਤੇ ਮਾਲਾ, ਦੂਜੇ ਰਾਗਾਂ ਨਾਲ ਸੰਕੀਰਣ ਹੋਣ ਤੋਂ ਇਹ ਭੇਦ ਬਣ ਗਏ ਹਨ।

੮੧. ਸਿਰੀਰਾਗ : ਸ੍ਰੀ ਰਾਗ ਇਸ ਰਾਗ ਦਾ ਨਾਉਂ ਤਾਂ ਕੇਵਲ ''ਸ੍ਰੀ'' ਹੈ ਪਰ ਰਾਗ ਸ਼ਬਦ ਵਾਧੂ ਸਾਥ ਜੋੜਿਆ ਗਿਆ ਹੈ, ਇਹ ਪੂਰਬੀ ਠਾਟ ਦਾ ਔੜਵ ਸੰਪੂਰਣ ਰਾਗ ਹੈ ਅਰਥਾਤ ਆਰੋਹੀ ਵਿੱਚ ਪੰਜ ਅਤੇ ਅਵਰੋਹੀ ਵਿੱਚ ਸੱਤ ਸੁਰ ਹਨ, ਆਰੋਹੀ ਵਿੱਚ ਗਾਂਧਾਰ ਅਤੇ ਧੈਵਤ ਵਰਜਿਤ ਹਨ, ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਸੁਰ ਹੈ, ਰਿਸ਼ਭ ਅਤੇ ਧੈਵਤ ਕੋਮਲ ਹਨ, ਮੱਧਮ ਤੀਵ੍ਰ ਹੈ, ਬਾਕੀ ਸੁਰ ਸ਼ੁੱਧ ਹਨ,

ਆਰੋਹੀ : ਸ ਰੇ ਮ ਪ ਨੀ ਸ

ਅਵਰੋਹੀ : ਸ ਨੀ ਧਾ ਪ ਮ ਗ ਰੇ ਸ

ਇਸ ਦੇ ਗਾਉਣ ਦਾ ਸਮਾਂ ਲੌਢਾ ਵੇਲਾ ਹੈ।

ਸ੍ਰੀ ਆਦਿ ਗ੍ਰੰਥ ਸਾਹਿਬ ਵਿੱਚ ਸ੍ਰੀ ਪਹਿਲਾ ਰਾਗ ਹੈ, ਰਾਗਾਂ ਦੀ ਬਾਣੀ ਇਸੇ ਤੋਂ ਆਰੰਭ ਹੁੰਦੀ ਹੈ।

੮੨. ਬੇਅੰਤ

੮੩, ਪੰਨਾ ੬੮੨ ਦਸਮ ਗ੍ਰੰਥ ਸਾਹਿਬ

੮੪. ਰਾਗਾਂ ਦੇ

੮੫. ੧ ੮ + ੧ ੦ + ੨ ੦ = ੪ ੮ (ਅਠਤਾਲੀ)

★੪ ਰਾਗ, ਉਨ੍ਹਾਂ ਦੀਆਂ ਰਾਗਨੀਆਂ

| ਰਾਗੁ | ਰਾਗਨੀਆਂ (ਇਸਤ੍ਰੀਆਂ) |
|---|---|
| ੧. ਭੈਰਉ (ਭੈਰਵ) | ੧. ਭੈਰਵੀ। ੨. ਬਿਲਾਵਲੀ। ੩.<br>੪. ਬੰਗਲੀ। ੫ ਅਸਲੇਖੀ |
| ੨. ਮਾਲ ਕਉਸਕ (ਕਉਸ) | ੧. ਗੌਂਡਕਰੀ। ੨. ਦੇਵ ਗੰਧਾਰੀ।<br>੩. ਗੰਧਾਰੀ। ੪ ਸੀਹੁਤੀ। ੫. ਧ |
| ੩. ਹਿੰਡੋਲ | ੧. ਤੇਲੰਗੀ। ੨. ਦੇਵਕਰੀ। ੩.<br>੪. ਸੰਦੂਰੀ। ੫. ਅਹੀਰੀ। |
| ੪. ਦੀਪਕ | ੧. ਕਛੇਲੀ। ੨. ਪਟ ਮੰਜਰੀ। ੩<br>੪. ਕਾਮੋਦੀ ੫. ਗੂਜਰੀ। |
| ੫. ਸਿਰੀ ਰਾਗੁ | ੧. ਬੈਰਾਰੀ। ੨. ਕਰਨਾਟੀ। ੩.<br>੪. ਆਸਾਵਰੀ। ੫. ਸਿੰਧਵੀ। |
| ੬. ਮੇਘ | ਸੋਰਠਿ। ੨. ਗੌਂਡ। ੩. ਮਲਾਰੀ।<br>੪. ਆਸਾ। ੫. ਸੂਹਉ (ਸੂਹੀ) |

(ਇਸਤ੍ਰੀਆਂ) ਅਤੇ ਉਨ੍ਹਾਂ ਦੇ ਪੁਤਰਾਂ ਦਾ ਨਕਸ਼ਾ।

| | ਪੁੱਤਰ |
|---|---|
| ਪੁੰਨਿਆਕੀ | ੧. ਪੰਚਮ। ੨. ਹਰਖ ੩. ਦਿਸਾਖ। ੪. ਬੰਗਾਲਮ।<br>੫. ਮਧੁ ੬. ਮਾਧਵ। ੭ ਲਲਿਤ। ੮. ਬਿਲਾਵਲ। |
| ।<br>ਧਨਾਸਰੀ। | ੧. ਮਾਰੂ। ੨. ਮਸਤ। ੩. ਅੰਗਮੇਵਾਰਾ। ੪. ਪ੍ਰਬਲ ਚੰਡ।<br>ਪੰ. ਕਉਸਕ ੬. ਉਭਾਰਾ। ੭. ਖਉਖਟ। ੮. ਭਉਰਾਨਦ। |
| ਬਸੰਤੀ। | ੧. ਸੁਰਮਾਨੰਦ। ੨. ਭਾਸਕਰ। ੩. ਚੰਦਰ ਬਿੰਬ। ੪. ਮੰਗਲਨ।<br>੫. ਸਰਸਬਾਨ। ੬. ਬਿਨੋਦ। ੭. ਬਸੰਤ। ੮. ਕਮੋਦ। |
| ੩. ਟੋਡੀ। | ੧. ਕਾਲੰਕਾ। ੨. ਕੁੰਤਲ। ੩. ਰਾਮਾ। ੪. ਕਮਲਕੁਸਮ।<br>੫. ਚੰਪਕ। ੬. ਗਉਰਾ। ੭. ਕਾਨੜਾ। ੮. ਕਲਿਆਨ। |
| ਗਵਰੀ | ੧. ਸਾਲੂ ੨. ਸਾਰੰਗ। ੩. ਸਾਗਰਾ। ੪. ਗੌਂਡ<br>੫. ਗੰਭੀਰ। ੬. ਗੁੰਡ। ੭. ਕੁੰਭ। ੮. ਹਮੀਰ। |
| | ੧. ਬੈਰਾਧਰ। ੨. ਗਜਧਰ। ੩. ਕੇਦਾਰਾ। ੪. ਜਬਲੀਧਰ।<br>੫. ਨਟ। ੬. ਜਲਧਾਰਾ। ੭. ਸੰਕਰ। ੮. ਸਿਆਮਾ। |

ਸੰਕੇਤ ੭-੨-੧੯੫੧

# ਬੰਕੋਕ ੯-੨-੧੯੫੧

*ਸ਼ਬਦ ਅੰਨ ਅਸੂ ਮਹਿਖੀ ਧੈਨ।*
*ਬੈਲ ਗਾਡੀਆਂ ਊਂਟ ਫਿਰੈਨ।*
*ਚਲੇ ਹਾਟ ਬਿਨ ਤੋਲ ਤਰਾਜੂ।*
*ਪੂਰਨ ਕਾ ਪੂਰਨ ਸਭ ਸਾਜੂ।।੬੫।।*

## ਸਤਿਗੁਰੂ ਦਾ ਜਸ

ਸਾਧ-ਸੰਗਤ ਜੀ, ਜ਼ਰਾ ਕੁ ਧਿਆਨ ਦਿਉ, ਹੁਣ ਆਪਣੇ ਪਾਸੇ ਆਉ। ਕਥਾ ਸਤਿਗੁਰਾਂ ਦੀ-ਇਸ ਨੂੰ ਕੋਈ ਲਿਖ ਨਹੀਂ ਸਕਦਾ। ਜਿਸ ਤਰ੍ਹਾਂ ਅਸਮਾਨ ਹੈ, ਅਸਮਾਨ ਵਿੱਚ ਮੱਛਰ ਵੀ ਉੱਡਦਾ ਹੈ; ਮੱਖੀਆਂ ਉੱਡਦੀਆਂ ਹਨ; ਫਿਰ ਚਿੜੀਆਂ ਉੱਡਦੀਆਂ ਹਨ; ਇੱਲ੍ਹਾਂ ਉੱਡਦੀਆਂ ਹਨ। ਹੁਣ ਹਵਾਈ ਜਹਾਜ਼ਾਂ ਵਾਲੇ ਉੱਡਦੇ ਹਨ ਕਈ ਐਸੀਆਂ ਚੀਜ਼ਾਂ ਲੈ ਕੇ, ਜਿਹੜੇ ਦੇਖਦੇ ਹਨ, ਪਰ ਅੰਤ ਕਿਸੇ ਨੂੰ ਨਹੀਂ ਆਉਂਦਾ। ਇਸੇ ਤਰ੍ਹਾਂ ਸਤਿਗੁਰੂ ਦਾ ਜਸ ਕੋਈ ਆਦਮੀ ਨਹੀਂ ਲਿਖ ਸਕਦਾ, ਪਰ ਜਿਤਨਾ-ਜਿਤਨਾ ਕਿਸੇ ਨੂੰ ਕਿਤੋਂ ਪ੍ਰਾਪਤ ਹੋਇਆ ਹੈ। ਸੰਤ ਜੀ ਨੇ ਪਹਿਲਾਂ ਲਿਖਿਆ ਹੈ, ਆਰੰਭ ਵਿੱਚ ਕਿ,

*ਗੁਰ ਕਾ ਜਸ ਹੈ ਸੈਲ ਨਬਾਤੇ।*
*ਮੈਂ ਚੀਟੀ ਕਿਆ ਚੁਕਹੂੰ ਤਾਂਤੇ।*

ਸਤਿਗੁਰੂ ਦਾ ਜਸ ਤਾਂ ਮਿਸਰੀ ਦਾ ਪਹਾੜ ਹੈ, ਮੈਂ ਕੀੜੀ ਉਹਦੇ ਵਿਚੋਂ ਕਿੰਨਾ ਕੁ ਚੁੱਕ ਸਕਦੀ ਹਾਂ। ਸਤਿਗੁਰੂ ਦੀ ਕਥਾ ਕਿਉਂਕਿ ਉਹ –

**ਬਿਅੰਤ ਬਿਅੰਤ ਬਿਅੰਤ ਕੋ ਕਰੰਤ ਪਾਠ ਪੇਖੀਐ।**

*– ਦਸਮ ਗ੍ਰੰਥ, ਪੰਨਾ ੨੭*

– ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਹਨ।

ਸੋ ਭਾਈ ਹਰਮੀਤ ਸਿੰਘ, ਸ੍ਰੀ ਭੈਣੀ ਸਾਹਿਬ ਗਏ ਹੋਏ ਹਨ-ਕੀ ਦੇਖ ਰਹੇ ਹਨ ? ਉੱਥੇ ਸਤਿਗੁਰਾਂ ਦਾ ਦਰਸ਼ਨ ਕੀਤਾ, ਕਿਆ ਦੇਖਿਆ –

*ਅਨਹਦ ਬਾਜੇ ਬਜਤ ਦਵਾਰੇ।*

ਜਿੱਥੇ ਅਨਹਦ ਵਾਜੇ ਵਜਦੇ ਹਨ, ਜਿਨ੍ਹਾਂ ਦੀ ਹੱਦ ਕੋਈ ਨਹੀਂ।

*ਅਚਰਜ ਤੇ ਅਚਰਜ ਮਨ ਧਾਰੇ।*

## ਬਾਬਾ ਫੂਲਾ ਸਿੰਘ ਅਕਾਲੀ

ਦੇਖ-ਦੇਖ ਕੇ ਇਉਂ-ਕਿਉਂ ਭਾਈ ਨੂੰ ਅਸਚਰਜ ਹੋਇਆ? ਜਿਸ ਵੇਲੇ ਗੁਰੂ ਨਾਨਕ ਮਹਾਰਾਜ ਨੇ ਪ੍ਰਕਾਸ਼ ਕੀਤਾ, ਕਿਰਪਾ ਕੀਤੀ, ਗੁਰੂ ਗੋਬਿੰਦ ਸਿੰਘ ਤਕ ਸਿਲਸਿਲਾ ਚਲਿਆ ਆਇਆ। ਜਿਹੜੇ ਸਿੱਖ ਨਾਲ ਦੇਖਦੇ ਰਹੇ, ਉਹਨਾਂ ਨੂੰ ਕਿਆ ਅਸਚਰਜ ਹੋ ਗਿਆ। ਇਤਿਹਾਸ ਇਹ ਗੱਲ ਦੱਸਦਾ ਹੈ, ਕਿ ਬਾਬੇ ਫੂਲਾ ਸਿੰਘ ਅਕਾਲੀ ਦੇ ਹੁੰਦਿਆਂ, ਮਹਾਰਾਜਾ ਨੇ ਜਿਸ ਵੇਲੇ ਕੰਜਰੀ ਲਿਆਂਦੀ-ਮੋਰਾਂ, ਤਾਂ ਮਹਾਰਾਜੇ ਨੂੰ ਪਕੜ ਕੇ ਦਰਸ਼ਨੀ ਡਿਉਢੀ ਦੇ ਪਾਸ, ਅਕਾਲ ਤਖਤ ਦੇ ਅੱਗੇ ਬੇਰੀ ਨਾਲ ਬੰਨ੍ਹ ਲਿਆ ਗਿਆ ਨੰਗਾ ਕਰਕੇ, ਕੋਰੜੇ ਮਾਰਨ ਵਾਸਤੇ। ਮਹਾਰਾਜਾ ਨੇ ਇਹ ਗੱਲ ਮੰਨੀ,''ਮੇਰਾ ਪਾਪ ਕੀਤਾ ਹੋਇਆ ਹੈ; ਮੈਂ ਗਲਤੀ ਕੀਤੀ ਹੈਃ ਜੋ ਮਰਜ਼ੀ ਹੈ ਸਜ਼ਾ ਦਿਉ।'' ਵਾਹ ! ਮਹਾਰਾਜਾ ਰਣਜੀਤ ਸਿੰਘ ! ਅਸੀਂ ਜ਼ਰਾ ਕੁ ਜਿੰਨੀ ਗੱਲ ਹੁੰਦੀ ਹੈ, ਕਹਿੰਦੇ ਹਾਂ-ਉਹ ਮੈਂ ਕਿਹੜੀ ਗਧੀ ਨੂੰ ਹੱਥ ਲਾਇਆ ਹੈ, ਫਲਾਣਾਂ ਇਹ ਕਰਦਾ ਹੈ, ਢਿਮਕਾ ਇਹ ਕਰਦਾ ਹੈ। ਪਰ ਉਹ ਮਹਾਰਾਜਾ ਨੇ ਆਪਣੇ ਆਪ ਨੂੰ ਨੰਗਾ ਕਰਕੇ ਬੇਰੀ ਨਾਲ ਬੰਨ੍ਹਵਾਇਆ।

ਸਾਧ ਸੰਗਤ ਨੇ ਅਰਜ਼ ਕਰੀ, ਅਕਾਲੀ ਫੂਲਾ ਸਿੰਘ ਜੀ-ਅੱਗੇ। ਉਹ ਕੈਸੇ ਸੀ ਬਾਬਾ ਫੂਲਾ ਸਿੰਘ ਜੀ ਜਿਨ੍ਹਾਂ ਨੂੰ ਕੋਈ ਲਿਹਾਜ਼ ਨਹੀਂ ਸੀ ਮਹਾਰਾਜੇ ਰਣਜੀਤ ਸਿੰਘ ਦਾ, ਜਿਨ੍ਹਾਂ ਨੇ ਧਰਮ ਪਿਆਰਾ ਰੱਖਿਆ ਹੋਇਆ ਸੀ, ਜਿਨ੍ਹਾਂ ਨੇ ਆਪਣੀ ਸ਼ਰ੍ਹਾ ਨੂੰ ਕਾਇਮ ਰੱਖਿਆ ਹੋਇਆ ਸੀ ਕਿ ਮਹਾਰਾਜਾ ਹੋ ਕੇ ਇਹ ਕੰਮ ਕਰੇ ਤੇ ਹੋਰ ਲੋਕ ਕਦੋਂ ਹਟਣਗੇ। ਬਾਬੇ ਫੂਲਾ ਸਿੰਘ ਹੋਰਾਂ ਦੇ ਸਰੀਰ ਛੱਡ ਦੇਣ ਨਾਲ ਕੋਈ ਕੁੰਡਾ ਸਿਰ ਉੱਤੇ ਨਾ ਰਿਹਾ। ਜਿਸ ਮਜ਼ਹਬ ਵਿੱਚ ਕੋਈ ਕੁੰਡਾ ਨਹੀਂ, ਅੱਜ ਗੁਰੂ ਗੋਬਿੰਦ ਸਿੰਘ ਹੋਵੇ ਸਾਡੇ ਪਾਸ-ਉਹ ਹੈ ਤੇ ਸਦਾ ਹੀ, ਪਰ ਦੇਹ ਕਰਕੇ-ਜਿਸ ਨੇ ਬਾਈ ਸੌ ਮਸੰਦ ਆਪਣਾ, ਗਿਆਰਾਂ ਸੌ ਮਸੰਦ ਰਾਮ ਰਾਏ ਦਾ ਤੇਲ ਪਾ ਕੇ ਫੂਕ ਦਿੱਤਾ ਤਾਂ ਸਾਡੀ ਵਾਰੀ ਨਾ ਹੁਣ ਆਵੇ ਜੋ ਕੁਝ ਕੰਮ ਅਸੀਂ ਕਰ ਦਿੰਦੇ ਹਾਂ ? ਜੇ ਮੈਂ ਕਹਿੰਦਾ ਹਾਂ, ਤਾਂ ਉਹ ਦੂਸਰੇ ਪਾਸੇ ਹੋ ਜਾਂਦਾ ਹੈ, ਜੇ ਦੂਜੇ ਪਾਸੇ ਵਾਲਾ ਕਹਿੰਦਾ ਹੈ—ਉਦੋਂ ਦੂਸਰਾ ਪਾਸਾ ਤੇ ਕੋਈ ਹੋਇਆ ਹੀ ਨਹੀਂ ਸੀ। ਗੁਰੂ ਸਾਹਿਬ ਦੇ ਹੁਕਮ ਅੱਗੇ ਕਿਸੇ ਨੂੰ ਤਾਕਤ ਨਹੀਂ ਸੀ। ਜਿਹੜੇ ਚੇਤੋ ਵਰਗੇ ਮਸੰਦ ਸੇ, ਜਿਨ੍ਹਾਂ ਨੇ ਬੜਾ ਕੁਛ ਨੁਕਸਾਨ ਕੀਤਾ ਸੀ, ਗੁਰੂ ਸਾਹਿਬ ਨੇ ਸੱਦ ਕੇ ਘਰਾਂ ਤੋਂ ਫੜ ਕੇ ਮੰਗਵਾਏ। ਸਿੱਖਾਂ ਨੇ ਲਿਆ ਕੇ ਸਤਿਗੁਰਾਂ ਦੇ ਅੱਗੇ ਖੜੇ ਕੀਤੇ ਔਰ ਮਹਾਰਾਜ ਨੇ ਤੇਲ ਪਾ-ਪਾ ਕੇ ਫੂਕੇ।

ਉਸ ਤੋਂ ਬਾਅਦ ਬੰਦੇ ਦਾ ਵਕਤ ਰਿਹਾ-ਬੰਦੇ ਦੇ ਵਕਤ ਵਿੱਚ, ਬੰਦੇ ਨੇ ਜੋ ਕੁਝ ਆਖਿਆ............। ਮੁਸਲਮਾਨਾਂ ਨੂੰ ਵੀ ਇਹ ਵਕਤ ਮਿਲਿਆ, ਜਿਨ੍ਹਾਂ ਨੇ ਇਹ ਚਾਲ ਚੱਲੀ ਜਿਹੜੀ ਅੰਗਰੇਜ਼ ਚਲਦੇ ਹਨ। ਮਾਤਾ ਸੁੰਦਰੀ ਨੂੰ ਕਹਿ ਕੇ ਲਿਖਵਾਇਆ-ਬੰਦੇ ਵੱਲ। ਬੰਦੇ ਨੇ ਆਖਿਆ, ''ਮਾਤਾ ਜੀ, ਤੁਸੀਂ ਇਨ੍ਹਾਂ ਮੁਸਲਮਾਨਾਂ ਦੀਆਂ ਚਾਲਾਂ ਨੂੰ ਨਹੀਂ ਜਾਣਦੇ, ਤੁਸੀਂ ਇਸ ਕੰਮ ਵਿੱਚ ਨਾ ਆਉ।'' ਹੁਕਮ ਐਸਾ ਸੀ, ਵਰਤਣਾ ਸੀ, ਸਿੱਖ ਵੱਖਰੇ ਹੋ ਗਏ। ਬੰਦਾ ਮਾਰਦਾ-ਮਾਰਦਾ ਜਿਸ ਵੇਲੇ ਲਾਹੌਰ ਦੇ ਨੇੜੇ ਗਿਆ ਮੁਸਲਮਾਨਾਂ ਨਾਲ ਲੜਾਈ ਕਰਦਾ, ਜਿਸ ਵੇਲੇ ਅੱਗੋਂ ਸਿੱਖ ਦੇਖੇ ਮੁਸਲਮਾਨਾਂ ਦੇ ਵੱਲ ਹੋਏ-ਹੋਏ—ਮਾਤਾ ਜੀ ਨੇ ਲਿਖ ਦਿੱਤਾ, ਕਿ ਤੁਸੀਂ ਨਾਲ ਰਲ ਜਾਉ—ਉੱਥੇ ਹੀ ਸੁੱਟ ਕੇ ਹਥਿਆਰ ਰੋ ਪਿਆ, ਕਹਿੰਦਾ, ''ਹੁਣ ਸਾਡਾ ਘਰ ਪਾਟ ਗਿਐ, ਹੁਣ ਨਹੀਂ ਅਸੀਂ ਬਚ

ਸਕਦੇ।'' ਉੱਥੋਂ ਹਥਿਆਰ ਲੈ ਕੇ ਪਿਛੇ ਮੁੜ ਗਿਆ। ਉਹ, ਜਿਸ ਬੰਦੇ ਦੇ ਅੱਗੇ ਕਬਰਾਂ ਮੁਸਲਮਾਨਾਂ ਦੀਆਂ ਕੰਬਦੀਆਂ ਸਨ - ਸਾਡੇ ਆਪਸ ਵਿੱਚ ਦੇ ਘਰ ਪਾਟਣੇ ਨੇਂ ..........। ਬੰਦੇ ਤੋਂ ਬਾਅਦ-ਖੇਲ ਖਤਮ ਹੋ ਗਈ।

ਫਿਰ ਕੁਝ ਦਿਨ ਜਥੇਦਾਰੀ ਰਹੀ। ਬਾਬਾ ਜੱਸਾ ਸਿੰਘ ਜੀ ਜਥੇਦਾਰ ਰਹੇ। ਨਵਾਬ ਕਪੂਰ ਸਿੰਘ ਜਥੇਦਾਰ ਰਿਹਾ। ਫੇਰ ਕੀ ਗੱਲ ਹੈ? ਹੁਣ ਤਾਂ ਅਸੀਂ ਕਹਿੰਦੇ ਹਾਂ ਹੇਠਲੇ ਉਤਾਂਹ ਨੂੰ ਚੁੱਕਦੇ ਨੇ ਆਪਣੇ ਆਪ ਨੂੰ। ਉਹਨਾਂ ਨੇ ਮੋਹਰ ਬਣਾਈ, ਕਪੂਰਥਲਾ ਨਾਂ ਕਿਉਂ ਰੱਖਿਆ-ਕਿ ਕਪੂਰ ਸਿੰਘ ਦੇ ਚਾਟਰੇ ਸਨ-ਬਾਬਾ ਜੱਸਾ ਸਿੰਘ ਜੀ ਆਹਲੂਵਾਲੀਏ। ਨਾਉਂ ਆਪਣੇ ਸ਼ਹਿਰ ਦਾ ਕਪੂਰਥਲਾ ਰੱਖਿਆ ਉਹਨਾਂ ਦੇ ਨਾਂ ਉੱਤੇ—ਤੇ ਆਪਣਾ ਨਾਂ ਕੀ ਲਿਖਿਆ ਮੋਹਰ ਉੱਤੇ—ਜੱਸਾ ਕਲਾਲ ਕਿ ਹਉਮੈਂ ਨਾ ਆਵੇ।

ਸਿੱਖਾਂ 'ਚੋਂ ਜਥੇਦਾਰੀ ਖਤਮ ਹੋ ਗਈ। ਕੋਈ ਇੱਕ ਆਦਮੀ ਦਾ ਹੁਕਮ ਨਾ ਰਹਿ ਗਿਆ। ਫੇਰ ਮਹਾਰਾਜਾ ਰਣਜੀਤ ਸਿੰਘ ਨੇ ਮਿਸਲਾਂ ਤੋੜ ਕੇ ਇੱਕ ਰਾਜ ਕਾਇਮ ਕੀਤਾ ਔਰ ਕਿਹਾ, ''ਸਿੱਖੋ, ਜੇ ਇਕੱਠੇ ਰਹੋਗੇ ਤੇ ਇਹ ਚੀਜ਼ ਤੁਹਾਡੀ ਬਣੀ ਹੋਈ ਹੈ।'' ਮੈਂ ਇਹ ਕਹਿ ਸਕਦਾ ਹਾਂ ਕਿ ਅੰਗਰੇਜ਼ ਇੱਧਰੋਂ ਕਈ ਹਜ਼ਾਰ ਮੀਲ ਜਾਂਦੇ-ਜਾਂਦੇ, ਜਿੱਥੇ ਤਕ ਸਰਦਾਰ ਹਰੀ ਸਿੰਘ ਨਲੂਏ ਨੇ ਜਾ ਕੇ ਝੰਡੇ ਗੱਡੇ ਸਨ, ਓਦੂੰ ਇੱਕ ਇੰਚ ਅੱਗੇ ਨਹੀਂ ਕਾਬਲ ਵਲ ਵਧ ਸਕੇ। ਉਹ ਕਿਹੋ ਜਿਹੇ ਸਿੱਖ ਸਨ-ਉਹ ਕਮਾਂਡਰ ਇਨ ਚੀਫ ਮਹਾਰਾਜਾ ਰਣਜੀਤ ਸਿੰਘ ਦਾ। ਜਾ ਕੇ ਕਿਲ੍ਹਾ ਦੇਖਿਆ ਹੈ ਜਮਰੌਦ ਦਾ, ਯਾਦ ਆਉਂਦੀਆਂ ਹਨ ਉਹ ਘਟਨਾਵਾਂ। ਮੈਂ ਉੱਥੇ ਗਿਆ ਹਾਂ। ਖੱਚਰਾਂ ਬਾਹਰ ਜਲ ਵਾਸਤੇ ਭੇਜੀਆਂ, ਪਾਣੀ ਲੈਣ ਗਈਆਂ ਖੱਚਰਾਂ, ਪਠਾਣਾਂ ਨੇ ਮਾਰ ਦਿੱਤੀਆਂ। ਕਹਿਣ ਲਗੇ, ''ਖਾਲਸਾ ਹੁਣ ਜਲ ਕੱਢ ਕੇ ਹੀ, ਛਕ ਕੇ ਹੀ ਦਮ ਲਵੇਗਾ।'' ਇੱਕ ਸੌ ਚਾਲੀ ਹੱਥ ਪਾਣੀ, ਪੱਥਰ ਲੱਗੇ ਹੋਏ, ਪੱਥਰਾਂ ਦੇ ਵਿੱਚੋਂ ਕੱਢ ਕੇ, ਨੌਂ ਹੱਥ ਕਿ ਸੱਤ ਹੱਥ ਚੌੜਾ ਖੂਹ-ਮੈਨੂੰ ਹੁਣ ਚੇਤਾ ਭੁੱਲ ਗਿਆ ਹੈ - ਸੱਤ ਹੱਥ ਤੋਂ ਘੱਟ ਨਹੀਂ, ਪਾਣੀ ਕੱਢ ਕੇ ਖੂਹ 'ਚੋਂ ਪੀਤਾ। ਐਡਾ ਉੱਚਾ ਡੋਲ ਉੱਥੇ ਪਿਆ ਸੀ ਜਿਹੜਾ ਅੱਜ ਕੱਲ੍ਹ ਤੇ ਇਕੱਲੇ ਆਦਮੀ ਨੂੰ ਖਾਲੀ ਚੁੱਕਣਾ ਔਖਾ ਹੈ, ਉਸ ਵੇਲੇ ਦਾ।

ਫੇਰ ਮਹਾਰਾਜ ਦੀ ਬੀੜ ਪਾਸ ਰੱਖਣੀ। ਕੱਚਾ ਬੁਰਜ ਜਮਰੌਦ ਦੇ ਕਿਲ੍ਹੇ ਦੇ ਵਿੱਚ, ਸਰਦਾਰ ਹਰੀ ਸਿੰਘ ਨਲੂਆ ਕਮਾਂਡਰ ਇਨ ਚੀਫ ਭੁੰਜੇ ਬਿਸਤਰਾ ਵਿਛਾਉਦਾਂ ਹੈ। ਉੱਤੇ ਇੱਕ ਆਲਾ ਬਣਿਆ ਹੋਇਆ ਹੈ, ਜਿਹਨੂੰ ਤਖਤਾ ਕੋਈ ਨਹੀਂ, ਜਿੱਥੇ ਮਹਾਰਾਜ ਦੀ ਬੀੜ ਰੱਖਦਾ ਹੈ, ਆਪ ਭੁੰਜੇ ਸੌਂਦਾ ਹੈ। ਹੁਣ ਤਾਂ ਸਾਨੂੰ ਨੀਂਦ ਨਹੀਂ ਆਉਂਦੀ, ਜਿਨ੍ਹਾਂ ਚਿਰ ਦੋ ਆਦਮੀ ਘੁੱਟਣ ਵਾਲੇ ਨਾ ਹੋਣ ਔਰ ਇਹ ਸ਼ਰਤ ਸੀ ਉਦੋਂ ਤਕ, ਜਦੋਂ ਤਕ ਮੈਂ ਗਿਆ ਹਾਂ ਕਿ ਕੋਈ ਆਦਮੀ ਹੋਰ, ਅੰਗਰੇਜ਼ ਜਾ ਕੇ ਉਸ ਬੁਰਜ 'ਚ ਸੌਂ ਨਹੀਂ ਸਕੇ, ਉਸਨੂੰ ਸੌਣਾ ਨਹੀਂ ਸੀ ਮਿਲਦਾ। ਉਹ ਸਿੱਖੀ ਸੀ। ਗਿਆਨ ਸਿੰਘ ਜੀ ਗਿਆਨੀ ਨੇ, ਜਿੱਥੇ ਜ਼ਮਾਨੇ ਦਾ ਬਦਲ ਸਦਲ ਲਿਖਿਆ ਹੈ, ਉੱਥੇ ਲਿਖਿਆ ਹੈ :-

## ਸਿੱਖੀ ਦੀ ਨਿਘਰਦੀ ਦਸ਼ਾ

*ਸਿਖੀ ਦਸਮੇਸ਼ ਕੀ ਸੁ ਕੀ ਅਪਰ ਦੇਸ ਕੀ*
*ਅਸਿੱਖੀ ਪਰੀ ਪੇਸ਼ਗੀ ਛਿਨਾਰ ਬਨ ਠਨ ਕੇ।*

*– ਪੰਥ ਪ੍ਰਕਾਸ਼*

ਗੁਰੂ ਸਾਹਿਬ ਦੀ ਸਿੱਖੀ, ਹੋਰ ਦੇਸ ਦੀ ਪਰਦੇਸਣ ਬਣਾ ਦਿੱਤੀ। ਅਸਿੱਖੀ ਪੇਸ਼ ਪੈ ਗਈ-ਛਿਨਾਰ ਬਣਕੇ। ਇਹੋ ਜਹੇ ਸ਼ਬਦ ਉਹਨਾਂ ਨੇ ਲਿਖੇ ਨੇ :-

*ਨਿਜ ਤਿਯ ਤਜ ਕੁਲਟਾ ਬਿਭਚਾਰਨ ਮੁੰਡਿਓਂ ਸੰਗ ਰਮੈ ਹੈਂ ਜੋ।*
*ਤਿਨ ਕੇ ਸੰਗੀ ਬਾਦ ਫਿਰੰਗੀ, ਬਹੁਤ ਨਮਰਦ ਥਵੈ ਹੈਂ ਜੋ।*
*ਸਿੰਘ ਸੁਨਿਹਰੀ ਕਬਜੇ ਵਾਰੇ ਤਿਨੈ ਮਸਖਰੀ ਲੋਗ ਕਰੈਂ।*
*ਸਰਮ ਹਿਆਉ ਸੁਕਰਮ ਧਰਮ ਤਜ, ਪੈ ਕੁਕਰਮ ਮੈਂ ਸੋਊ ਮਰੈਂ।*

*– ਪੰਥ ਪ੍ਰਕਾਸ਼*

ਸਿੱਖਾਂ ਦੇ ਪੁੱਤਰ ਲਿਖਿਆ ਹੈ—ਭਾਈ ਜੀ ਨੇ :-

*ਜਾਗ ਜਿਨ ਕੇ ਬਡੇਰੇ ਬਾਣੀ ਪੜ੍ਹਤੇ ਸਵੇਰੇ,*
*ਗੁਰੂ ਗ੍ਰੰਥ ਬਿਨ ਹੇਰੇ ਅੰਨ ਜਲ ਪਾਨ ਨ ਕਰੈਂ।*
*ਤਿਨਹੀ ਕੇ ਨਾਤੀ, ਧੂਪ ਦੀਪ ਕੀ ਕਹਾਂ ਬਖਆਤੀ,*

*ਪਾਇ ਹੈਂ ਨਾ ਝਾਤੀ ਮੂਸ ਖਾਤ ਗ੍ਰੰਥ ਜੇ ਪਰੈਂ।*

*– ਪੰਥ ਪ੍ਰਕਾਸ਼*

ਗ੍ਰੰਥ ਸਾਹਿਬ ਦੀਆਂ ਜਿਲਦਾਂ ਨੂੰ ਚੂਹੇ ਖਾ ਗਏ ਆਲਿਆਂ 'ਚੋਂ। ਉਦੋਂ ਅਲਮਾਰੀਆਂ ਨਹੀਂ ਸਨ। ਮੇਰੀ ਛੋਟੀ ਉਮਰ ਹੈ, ਬਹੁਤ ਵੱਡੀ ਨਹੀਂ, ਮੇਰੇ ਵੇਖਣ 'ਚ ਬਹੁਤ ਅਲਮਾਰੀਆਂ ਘੱਟ ਸੀ। ਲੋਕਾਂ ਦੇ ਘਰਾਂ ਵਿੱਚ ਆਲੇ ਹੁੰਦੇ ਸਨ। ਜਿਲਦ ਨੂੰ ਲੱਗੀ ਹੋਈ ਸੀ ਲੇਵੀ ਕਿਉਂਕਿ ਕਿਸੇ ਨੇ ਦੇਖਣਾ ਤੇ ਹੋਇਆ ਹੀ ਨਾ, ਚੂਹਿਆਂ ਨੇ ਜਿਲਦਾਂ ਖਾ ਲਈਆਂ। ਫੇਰ,

*ਜਪੁਜੀ ਨ ਰਹਿਰਾਸ ਪਢੈਂ ਸੁਨੈ ਕਬੀ ਖਾਸ,*
*ਔਰ ਜੋ ਪਢਤ ਪਾਸ ਹਾਸ ਤਿਨ ਯੌਂ ਰਰੈ।*

ਨਾ ਜਪੁ ਸਾਹਿਬ, ਨਾ ਰਹਿਰਾਸ ਪੜ੍ਹਨੀ, ਜੇ ਕੋਈ ਪੜ੍ਹਦਾ ਹੈ, ਉਏ! ਰੱਬ ਬੋਲਾ ਹੈ? ਤੂੰ ਉਹਨੂੰ ਪੜ੍ਹ-ਪੜ੍ਹ ਕੇ ਸੁਣਾਉਂਦਾ ਏਂ ?

*ਕਹਾਂ ਰਬ ਬਹਿਰਾ ਹੈ ਗਹਿਰਾ ਪੁਕਾਰੈ ਜੌ ਤੂੰ,*
*ਸ਼ਹਿਰਾਂ ਮੈਂ ਜਾਇ, ਲੁਕਮੇ ਰਿਝਾਇ ਲੈ ਤਰੈਂ।*

*– ਪੰਥ ਪ੍ਰਕਾਸ਼*

ਖਾਣ ਦਾ ਮਾਰਾ, ਬਈ, ਤੁਹਾਡਾ ਤਾਂ ਇਹ ਕੜਾਹ ਖਾਣ ਦਾ ਸਬੰਧ ਬਣਾਇਆ ਹੈ। ਕਦੇ-ਕਦੇ ਤੁਰੇ ਜਾਂਦੇ ਹੋਈਏ, ਉਧਰ ਮੁਲਕ 'ਚ ਕਿਸੇ ਜ਼ਕਿਸੇ ਜ਼ਿੰਮੀਦਾਰਾਂ ਦੇ ਕੋਲੋਂ ਦੀ ਲੰਘਦੇ ਹੋਣਾ, ਤੇ ਬਲਦ ਦੇ ਚਢਿਆਂ 'ਚ ਪਰਾਣੀ ਦੇ ਕੇ ਆਖਣਾ, — ਉਏ ਤੈਨੂੰ ਕੜਾਹ ਦਿੱਤਾ, ਮਖੌਲ ਕਰਨਾ। ਸਿੱਖੀ ਦੀ ਇਹ ਹਾਲਤ ਹੋਈ। ਕਹਿੰਦੇ ਹਨ:-

*ਸਿਖਨ ਕੇ ਪੂਤ ਮਜਬੂਤ ਸਿੰਘ ਨਾਮ ਵਾਰੇ,*
*ਹਾਇ ਵੇ ਕਸਾਈ ਰਹੇ ਸਿਖੀ ਗਊ ਘਾਏ ਹੈਂ।*

*– ਪੰਥ ਪ੍ਰਕਾਸ਼*

ਭਾਈ ਗਿਆਨ ਸਿੰਘ ਜੀ ਕਹਿੰਦੇ ਨੇ, ਉਹ ਕਸਾਈ ਬਣਕੇ ਸਿੱਖੀ ਗਊ ਦੇ ਗੱਲ ਤੇ ........।

*'ਕੇਈ ਬਾਰ ਪਾਰੈ*-ਸਿੱਖਾਂ ਵਿੱਚ ਦਾੜ੍ਹੀ ਬੰਨਣ ਦਾ, ਪਾੜਨ ਦਾ ਬਿਲਕੁਲ ਹੁਕਮ ਨਹੀਂ। ਜੇ ਇਤਿਹਾਸ ਪੜ੍ਹੀਏ ਤਾਂ ਭਾਈ ਬਿਧੀ ਚੰਦ ਨੇ

—ਬਹੁਤ ਭਾਰਾ ਦਾੜ੍ਹਾ ਸੀ – ਜਿਸ ਵੇਲੇ ਉਪਰ ਨੂੰ ਬੰਨਿਆ, ਉੱਥੇ ਲਿਖਿਆ ਹੈ ਉਹਨਾਂ ਕਿਹਾ, ''ਮਹਾਰਾਜ ਮੈਂ ਆ ਕੇ ਤਨਖਾਹ ਬਖਸ਼ਾ ਲਵਾਂਗਾ, ਘੋੜਾ ਨਹੀਂ ਕੱਢ ਸਕਦਾ, ਬਹੁਰੂਪੀਏ ਦਾ ਰੂਪ ਨਹੀਂ ਮੇਰਾ ਬਦਲ ਸਕਦਾ।'' ਹੁਣ ਸਾਡੇ ਬੱਚਿਆਂ ਦੇ ਅਜੇ ਉਂਗਲ ਉਂਗਲ ਦਾੜ੍ਹੀ ਆਉਂਦੀ ਹੈ, ਉਸੇ ਵੇਲੇ ਹੀ ਉਹਨੂੰ ਵਲ੍ਹੇਟਣ ਲੱਗ ਪੈਂਦੇ ਹਨ, ਚੁੱਕਦੇ ਹਨ, ਪਾੜਦੇ ਹਨ। ਭਾਈ ਜੀ ਕਹਿੰਦੇ ਨੇ :-

*ਕੇਈ ਬਾਰ ਪਾਰੈਂ ਓਚੈਂ*—ਕਈ ਪਾੜਦੇ ਹਨ ਬਾਲ, ਉੱਚੇ ਕਰਦੇ ਹਨ।
*ਨਾਕ ਨੋਚੈਂ ਮੋਚਨੇ ਲੈ*—ਮੋਚਨੇ ਨਾਲ ਨੱਕ ਵਿੱਚੋਂ ਵਾਲ ਪੁੱਟਦੇ ਹਨ।
*ਕੋਊ ਦਾੜ੍ਹੈ ਹੀ ਉਖਾੜੈਂ*—ਐਥੋਂ ਠੋਡੀ ਤੋਂ ਵਾਲ ਸਾਫ ਕਰਨੇ,—
*ਹਾਥ ਮਾਥ ਪੈ ਚਲਾਇ ਹੈਂ,*—ਫਿਰ ਮੱਥੇ 'ਚੋਂ ਐਥੋਂ ਕਢਣੇ।

*ਸਿਖਨ ਕੇ ਪੂਤ ਮਜਬੂਤ ਸਿੰਘ ਨਾਮ ਵਾਰੇ*
*ਹਾਇ ਵੇ ਕਸਾਈ ਰਹੇ ਸਿਖੀ ਗਊ ਘਾਏ ਹੈਂ।*

*– ਪੰਥ ਪ੍ਰਕਾਸ਼*

ਇਹ ਹਾਲਤ ਸਿੱਖਾਂ ਦੀ ਹੋਈ। ਕੋਈ ਆਗੂ ਨਾ ਰਿਹਾ-ਸਿੱਖਾਂ ਦਾ। ਮਹਾਰਾਜਾ ਰਣਜੀਤ ਸਿੰਘ ਅਖੀਰ ਜਦੋਂ ਮਰਿਆ ਹੈ, ਬਾਬਾ ਫੂਲਾ ਸਿੰਘ ਹੋਰਾਂ ਦੇ ਸਰੀਰ ਛੱਡ ਜਾਣ ਦੇ ਪਿਛੋਂ, ਸ਼ਰਾਬ ਪੀ ਕੇ ਲਕਵਾ ਹੋ ਕੇ ਮਰਿਆ ਹੈ-ਇਹ ਇਤਿਹਾਸ ਦੱਸ ਰਿਹਾ ਹੈ। ਫੇਰ ਮਗਰਲਾ ਹਾਲ ਤਾਂ ਜਿਹੜਾ ਸੀ, ਪੜ੍ਹੋ ਸ਼ਾਹ ਮੁਹੰਮਦ ਦਾ ਕਿੱਸਾ –

*ਸ਼ਾਹ ਮੁਹੰਮਦਾ ਬੁਰਸ਼ਿਆਂ ਅਤ ਚਾਈ,*
*ਜਿਹੜਾ ਬਹੈ ਗਦੀ ਉਹਨੂੰ ਮਾਰ ਦੇਂਦੇ।*

ਫੇਰ ਬਾਬੇ ਵੀਰ ਸਿੰਘ ਹੋਰਾਂ ਔਰੰਗਾਬਾਦ ਵਾਲਿਆਂ ਨੂੰ ਮਾਰ ਕੇ ਉਹਨਾਂ ਨੂੰ ਕਹਿੰਦੇ ਨੇ :-

*ਵੀਰ ਸਿੰਘ ਜੇਹੇ ਅਸੀਂ ਮਾਰ ਦਿਤੇ,*
*ਨਹੀਂ ਛਡਣਾ ਸਾਧ ਤੇ ਸੰਤ ਮੀਆਂ।*

ਇਹ ਇੱਕ ਮੁਸਲਮਾਨ ਕਵੀ ਲਿਖ ਰਿਹਾ ਹੈ। ਸਿੱਖਾਂ ਨੂੰ ਇਹ ਪਤਾ ਹੀ ਨਹੀਂ ਰਹਿ ਗਿਆ। ਸਤਿਗੁਰੂ ਬਖਸ਼ਿਸ਼ ਕਰੇ ਸਾਡੇ ਉੱਤੇ, ਦਾਤ

ਦੇਵੇ, ਸਾਨੂੰ ਸਿੱਖ ਦੇ ਵਿੱਚ ਭਰਾ ਪੁਣਾ ਹੀ ਮਾਲੂਮ ਹੋਵੇ—ਗੁਰੂ ਦਾ ਰੂਪ ਨਾ ਦਿੱਸੇ, ਮਨੁੱਖ ਹੀ ਅਸੀਂ ਸਮਝੀਏ—ਜਾਨਦਾਰ ਜਾਨਵਰ ਸਮਝ ਕੇ ਹੀ ਨਾ ਬੁਰਾ ਕਰੀਏ। ਸਾਡੀ ਹਾਲਤ ਬਹੁਤ ਤਰਸਯੋਗ ਹੈ, ਕਹਿਣ ਦੀਆਂ ਗੱਲਾਂ ਨੇ, ਮੈਂ ਵੀ ਟਾਹਰਾਂ ਹੀ ਮਾਰ ਛਡਦਾ ਹਾਂ-ਕਰ ਕੁਝ ਨਹੀਂ ਸਕਦਾ। ਸਾਧ ਸੰਗਤ ਕ੍ਰਿਪਾ ਕਰੇ, ਅੰਦਰੋਂ ਅਰਦਾਸ ਕਰੇ ਕਿ ਕਹਿਣੀ ਕਰਨੀ ਇੱਕ ਹੋ ਜਾਏ, ਕੁਝ ਕਰ ਸਕੀਏ, ਵਾਹ ਕੋਈ ਨਹੀਂ। ਜੇ ਦੋ ਕੜਾਹੀਆਂ ਭਰ ਕੇ ਰੇਤ ਦੀਆਂ, ਕਿਸੇ ਦਰਿਆ ਦੇ ਅੱਗੇ ਧਰੀਏ ਤਾਂ ਉਹ ਹਾਲਤ ਸਾਡੀ ਅੱਜ ਹੈ। ਜੇ ਅਸੀਂ ਕਿਸੇ ਨੂੰ ਸੁਧਾਰਨਾ ਚਾਹੀਏ-ਅਸੀਂ ਨਹੀਂ ਸੁਧਾਰ ਸਕਦੇ, ਜਿਸ ਤਰ੍ਹਾਂ ਦਰਿਆ ਰੋੜ੍ਹ ਕੇ ਦੋ ਕੜਾਹੀਆਂ ਰੇਤ ਦੀਆਂ ਲੈ ਜਾਏ। ਭਾਈ ਗੁਰਦਾਸ ਨੇ ਆਖਿਆ :-

*ਹੜ ਆਏ ਕਿਨਿ ਥੰਮੀਅਨਿ ਦਰੀਆਉ ਵਹੰਦੇ।*

*- ਵਾਰ ੩੫, ਪਉੜੀ-੨੧*

ਸਤਿਗੁਰੂ ਬਖਸ਼ਿਸ਼ ਕਰੇ ਸਿੱਖਾਂ ਦਾ ਆਚਰਣ ਉੱਚਾ ਹੋ ਜਾਏ। ਪੜ੍ਹੋ, ਮੁਸਲਮਾਨਾਂ ਦੀਆਂ ਕਿਤਾਬਾਂ। ਮੁਸਲਮਾਨਾਂ ਨੇ ਸਿੱਖਾਂ ਨੂੰ ਫਾਰਸੀ ਸ਼ਬਦ 'ਸੱਗ' ਲਿਖਿਆ ਹੈ - ਕੁੱਤੇ। ਪਰ, ਕਿਹਾ ਕਿ ਇਹਨਾਂ ਸੱਗਾਂ ਵਿੱਚ ਇਹ ਬੜੀ ਤਾਰੀਫ ਹੈ, ਕਿਸੇ ਦੀ ਧੀ ਭੈਣ ਵਲ ਨਹੀਂ ਝਾਕਦੇ, ਸੱਗਾਂ ਵਿੱਚ ਇਹ ਬੜੀ ਤਾਰੀਫ ਹੈ, ਇਹ ਝੂਠ ਨਹੀਂ ਬੋਲਦੇ।

ਅੰਗਰੇਜ਼ ਦਾ ਕੂਕਿਆਂ ਨਾਲ ਵੈਰ ਸੀ। ਅੰਗਰੇਜ਼ ਨੂੰ ਮਾਸ ਦਾ ਤੇ ਪਤਾ ਹੀ ਨਹੀਂ ਸੀ ਕਿ ਸਿੱਖਾਂ 'ਚ ਮਾਸ ਖਾਣਾ ਹੈ ਕਿ ਨਹੀਂ। ਉਹ ਤਿੰਨ ਗੱਲਾਂ ਕਹਿੰਦਾ ਹੈ। ਕੂਕਾ ਜਿਹੜਾ ਹੈ, ਉਹ ਇੱਕ ਤਾਂ ਝੂਠ ਨਹੀਂ ਬੋਲਦਾ। ਹੁਣ ਬਈ ਆਪਾਂ ਨਾਮਧਾਰੀ ਸਿੱਧੀਆਂ ਪੱਗਾਂ ਵਾਲੇ ਹਾਂ, ਆਪਾਂ ਹਿਸਾਬ ਲਾ ਲਈਏ, ਕਿੰਨਾ ਕੁ ਆਪਾਂ ਸੱਚ ਬੋਲਦੇ ਹਾਂ, ਕਿਡੇ ਕੁ ਕੂਕੇ ਹਾਂ। ਕੂਕਾ ਝੂਠ ਨਹੀਂ ਬੋਲਦਾ, ਕੂਕਾ ਸ਼ਰਾਬ ਨਹੀਂ ਪੀਂਦਾ, ਕੂਕਾ ਅੰਗਰੇਜ਼ ਦਾ ਵਫਾਦਾਰ ਨਹੀਂ ਕਦੇ ਹੋ ਸਕਦਾ-ਤਿੰਨ ਚੀਜ਼ਾਂ ਉਨ੍ਹਾਂ ਨੇ ਲਿਖੀਆਂ ਹੋਈਆਂ ਹਨ। ਅੱਜ ਹੁਣ ਅਸੀਂ ਕੂਕੇ ਹਾਂ। ਦੋ ਰਲ ਕੇ ਇੱਕ ਉੱਤੇ ਦਾਅਵਾ ਕਰ ਦਿੰਦੇ ਹਨ। ਉੱਥੇ ਜਾ ਕੇ ਇੱਕ ਧਰਮ ਨੂੰ ਜਾਣ ਕੇ ਸੱਚ ਕਹਿੰਦਾ ਹੈ,

''ਬਈ, ਮੈਂ ਇਹਦੇ ਕੋਲੋਂ ਲੈਣਾ ਹੈ।'' ਦੂਆ ਕਹਿੰਦਾ ਹੈ, ''ਮੈਂ ਧਰਮ ਨੂੰ ਜਾਣ ਕੇ ਕਹਿੰਦਾ ਹਾਂ, ਦੇਣਾ ਕੱਖ ਨਹੀਂ।'' ਕਿਸੇ ਤੇ ਕੀ ਗੱਲ ਕਰੀਏ।

ਹੁਣ ਦੂਜੀ ਚੀਜ਼ ਮੇਰੇ ਅੱਗੇ ਆ ਗਈ ਹੈ-ਕੋਈ ਸੱਜਣਾਂ ਨੇ ਜਾਣਾ ਹੁੰਦਾ ਹੈ, ਕੋਈ ਨਹੀਂ ਕਿਸੇ ਦੀ ਮਰਜ਼ੀ, ਪਰ ਮੈਂ ਨਾਮਧਾਰੀਆਂ ਨੂੰ ਇਹ ਕਹਿੰਦਾ ਹਾਂ, ਮੈਂ ਪਰਸੋਂ ਇੱਥੇ ਨੌਜਵਾਨ ਮੁੰਡੇ ਬਾਹਰ ਖੜੇ ਹੱਸਦੇ ਦੇਖੇ, ਜਦੋਂ ਨਿਤਨੇਮ ਅਸੀਂ ਕਰਨ ਲੱਗੇ। ਉਹ ਸਾਹਮਣੇ ਖਲੋਤੇ ਸੀ, ਉਹਨਾਂ ਨੂੰ ਕੋਈ ਪਤਾ ਨਹੀਂ, ਉਹ ਆਪਣੇ ਰੰਗ ਵਿੱਚ ਐਸੇ ਮਸਤ ਸੀ ਕਿ ਕੋਈ ਨਿਤਨੇਮ ਹੁੰਦਾ ਹੈ ਕਿ ਨਹੀਂ। ਇੱਥੋਂ ਜਿਸ ਵੇਲੇ ਅਰਦਾਸ ਹੁੰਦੀ ਹੈ, ਫੇਰ ਭੁਰ ਰ ਰ....., ਉਠਦੇ ਨੇ ਬਾਹਰ ਨੂੰ। ਇਹ ਕੈਦ ਸਮਝਦੇ ਨੇ-ਇਸ ਗੱਲ ਨੂੰ। ਇਹ ਗੱਲ ਯਾਦ ਰੱਖੋ ਨਾਮਧਾਰੀਓ, **ਜਿਹੜਾ ਆਦਮੀ ਨਾਮ ਨਹੀਂ ਜਪੇਗਾ, ਭਜਨ ਨਹੀਂ ਕਰੇਗਾ, ਉਹ ਮਾਰ ਖਾਏਗਾ।** ਸਤਿਗੁਰਾਂ ਦਾ ਹੁਕਮ ਹੈ, ਮੇਰੀ ਗੱਲ ਨਹੀਂ। ਦੋ ਤਿੰਨ ਸਾਲ—ਯਾਦ ਨਹੀਂ ਮੈਨੂੰ,— ਇਸ ਰੌਲਾ ਪੈਣ ਤੋਂ ਬਾਅਦ ਇੱਕ ਲੜਕੇ ਨੂੰ ਦਰਸ਼ਨ ਹੋਇਆ ਔਰ ਉਹਨੂੰ ਹੁਕਮ ਦਿੱਤਾ, **''ਤੂੰ ਸੁਣਾ ਦੇ ਕਿ ਅਸੀਂ ਇੱਕ ਘੰਟੇ ਦਾ ਨਿਤਨੇਮ ਰੱਖਿਆ ਹੈ, ਜਿਹੜਾ ਨਾ ਕਰੇਗਾ, ਉਹਨੂੰ ਮਾਰ ਪਵੇਗੀ।''** ਆਪੋ ਆਪਣੇ ਥਾਂ ਸਮਝ ਲਉ। ਮਾਰੀਂਦੇ, ਕੁਟੀਂਦੇ-ਕਰੋ, ਕੁਛ ਕਰੋ, ਬੈਠੋ।

ਤੁਹਾਡਾ ਇਹ ਫਰਜ਼ ਹੈ, ਤੁਹਾਡੇ ਵਾਸਤੇ ਇਹ ਗੱਲ ਹੈ, ਸਤਿਗੁਰਾਂ ਦਾ ਹੁਕਮ ਹੈ। ਫੇਰ ਮੈਨੂੰ ਇੱਥੇ ਸੱਦ ਕੇ ਤੁਹਾਡੇ ਰੁਪਈਏ ਦੇਣੇ, ਘਰੀਂ ਲਿਜਾ ਕੇ ਫਲ ਦੇਣੇ, ਕਪੜੇ ਦੇਣੇ ਮੈਂ ਇਹ ਕਹਿੰਦਾ ਹਾਂ—ਸਭ ਨਿਸਫਲ ਹੈ ਜੇ ਤੁਸੀਂ ਨਿਤਨੇਮ 'ਚ ਨਹੀਂ ਬੈਠਦੇ।

ਸਿੱਖਾਂ ਦਾ ਉਹ ਜਿਹੜਾ ਵਕਤ ਸੀ-ਉਹ ਕੈਸਾ ਬਦਲਿਆ-ਔਰਤਾਂ ਛੱਡ ਦਿੱਤੀਆਂ, ਕੰਜਰੀਆਂ ਰੱਖ ਲਈਆਂ, ਸਿੱਖੀ ਤੋਂ ਲਾਂਭੇ ਹੋ ਗਏ, ਬੀੜਾਂ ਮਹਾਰਾਜ ਦੀਆਂ ਨੂੰ ਚੂਹੇ ਖਾ ਗਏ। ਫੇਰ, ਸਤਿਗੁਰ ਪਿੰਡਾਂ ਵਿੱਚ ਗਏ, ਲੋਕ ਨੇੜੇ ਲੱਗੇ, ਭਜਨ ਪੁੱਛਿਆ। ਹੁਕਮ ਦਿੱਤਾ, ''ਓ ਭਾਈ, ਓ ਲੰਬੜਦਾਰਾ ! ਤੁਹਾਡੇ ਮਹਾਰਾਜ ਦੀ ਬੀੜ-ਦਰਬਾਰ ਸਾਹਿਬ-ਕਿੱਥੇ ਰੱਖਿਆ ਹੈ, ਗ੍ਰੰਥ ਸਾਹਿਬ ਜੀ ਕਿੱਥੇ ਹਨ?''

''ਉਹ ਜੀ ਫਲਾਣੇ ਥਾਂ ਪਏ ਨੇ।''

ਫੇਰ ਕੀ ਦੇਖਿਆ, ਧਰਮਸਾਲਾ ਜਿਸਦਾ ਨਾਂ ਅੱਜ ਸਿੱਖ ਗੁਰਦੁਆਰਾ ਕਹਿੰਦੇ ਨੇ—ਉਹ ਮੁਬਾਰਕ ਹੋਵੇ ਉਨ੍ਹਾਂ ਨੂੰ, ਲੇਕਿਨ ਗੁਰੂ ਨਾਨਕ ਨੇ ਇਹਦਾ ਨਾਮ ਧਰਮਸਾਲਾ ਰੱਖਿਆ ਹੈ। ਗੁਰਦੁਆਰੇ ਉਹ ਸਨ ਜਿਥੇ ਖਾਸ ਤੌਰ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਜਾਂ ਕੋਈ ਗੁਰੂ ਸਾਹਿਬ ਬੈਠ ਕੇ ਕੋਈ ਕੌਤਕ ਕੀਤਾ-ਉਸ ਦਾ ਨਾਂ ਗੁਰਦੁਆਰਾ ਸੀ। ਜੇ ਕੋਈ ਗੁਰਦੁਆਰਾ ਕਹਿੰਦਾ ਹੈ ਉਹ ਕੋਈ ਬੇਅਦਬੀ ਨਹੀਂ ਕਰਦਾ ਉਤਾਂਹ ਹੀ ਕਹਿੰਦਾ ਹੈ-ਕਹੇ। ਬਈ, ਧਰਮਸਾਲਾ ਦਾ ਕੀ ਹਾਲ-ਉੱਥੇ ਬੱਕਰਿਆਂ ਦੀਆਂ ਮੀਂਗਣਾਂ, ਜਿਹੜੇ ਸਾਨ੍ਹ ਛੱਡੇ ਹੁੰਦੇ ਨੇ ਪਿੰਡਾਂ 'ਚ—ਪਿੰਡਾਂ ਵਾਲਿਆਂ ਨੂੰ ਪਤਾ ਹੈ ਉੱਥੇ ਕਿਸੇ ਨੇ ਰਹਿਣਾ ਨਾ, ਸਿਆਲ ਦੇ ਮਹੀਨੇ—ਉਹਦੇ ਅੰਦਰ ਵੜ ਕੇ ਬੈਠਣਾ, ਉੱਥੇ ਗਰਮੀਆਂ ਨੂੰ ਦਿਨੇ ਬੈਠਣਾ, ਜਾਂ ਬੈਲਾਂ, ਸਾਨ੍ਹਾਂ ਨੇ ਬੈਠਣਾ, ਸੰਢਿਆਂ ਨੇ ਬੈਠਣਾ ਤੇ ਜਾਂ ਹੁੱਕਿਆਂ ਦੇ ਗੁੱਲ।

ਸਤਿਗੁਰਾਂ ਨੇ ਧਰਮਸਾਲਾਂ ਸਾਫ ਕਰਵਾਈਆਂ, ਪੋਚਾ ਲਗਵਾਇਆ; ਬੀੜ ਮੰਗਵਾਈ, ਨਵੇਂ ਰੁਮਾਲ ਲਿਆਂਦੇ। ਮੰਜੀ ਸਾਹਿਬ ਦੇਖਿਆ-ਕਿਤੋਂ ਜਾਲਿਆਂ ਦਾ ਖਾਧਾ-ਧੋਤਾ। ਪ੍ਰਕਾਸ਼ ਕਰਵਾ ਕੇ ਆਖਿਆ, ''ਗੁਰਬਾਣੀ ਪੜ੍ਹਿਆ ਕਰੋ, ਤੁਹਾਡਾ ਜੀਵਨ ਹੋਰ ਕਿਸੇ ਚੀਜ਼ ਨਾਲ ਨਹੀਂ।''

ਤਾਂ, ਭੈਣੀ ਸਾਹਿਬ ਵਿੱਚ ਭਾਈ ਹਰਮੀਤ ਸਿੰਘ ਜੀ ਆਏ ਹਨ-ਕਿਆ ਦੇਖਦੇ ਹਨ-ਕਿਤੇ ਕੋਈ ਸਿੱਖ ਸ਼ਬਦ ਪੜ੍ਹਦਾ ਹੈ, ਕਿਤੇ ਪੱਖਾ ਕਰਦਾ ਹੈ, ਜਿਹੜਾ ਕੁਝ ਦੇਖਦੇ ਹਨ-ਅਨਹਦ ਵਾਜੇ ਵਜਦੇ ਹਨ।

ਸਿੰਘ ਸਭਾ ਦੇ ਉਪਦੇਸ਼ਕ ਭਾਈ ਗੰਗਾ ਸਿੰਘ ਜੀ ਮੈਨੂੰ ਸ਼ਿਮਲੇ ਮਿਲੇ -ਕਹਿਣ ਲੱਗੇ, ''ਜੀ ਮੈਂ ਗਿਆ, ਜਾਂ ਮੈਂ ਦੇਖਾਂ ਝਾੜੂ ਦਿੰਦੀ ਮਾਈ ਤਾਂ ਉਹਦੇ ਮੂੰਹ 'ਚ ਸੁਖਮਨੀ ਸਾਹਿਬ-ਜੇ ਕੋਈ ਘੋੜੇ ਦੀ ਮਾਲਸ਼ ਕਰਦਾ ਹੈ ਤਾਂ ਜਪੁ ਸਾਹਿਬ - ਜੇ ਕੋਈ ਲਕੜਾਂ ਢੋਂਦਾ ਹੈ ਤਾਂ ਜਾਪੁ ਸਾਹਿਬ, ਕੋਈ ਬਾਣੀ ਤੋਂ ਬਿਨਾਂ ਨਹੀਂ ਸੀ।'' ਹੁਣ ਸਾਡਾ ਕੰਮ, ਬਗੈਰ ਟਿਚਕਰਾਂ ਤੋਂ, ਨਾਮਧਾਰੀਆਂ ਦਾ ਵੀ - ਮਖੌਲ ਤੋਂ ਬਿਨਾਂ ਹੋਰ ਕੁਛ ਨਹੀਂ ਰਹਿ ਗਿਆ-ਸਾਡੇ ਪੱਲੇ। ਇਸ਼ਨਾਨ ਕਰਨਾ ਨਹੀਂ,

*ਨਾ ਜਾਗੈ ਬੜੀ ਰਾਤ ਹੈ।*
*ਨਾ ਬਾਣੀ ਗੁਰ ਗਾਤ ਹੈਂ।*
*ਨਾ ਪਿੰਡੇ ਕਬੀ ਨ੍ਹਾਤ ਹੈ।*

*– ਪੰਥ ਪ੍ਰਕਾਸ਼*

## ਸਣੇ ਕੇਸੀ ਇਸ਼ਨਾਨ ਕਰੋ

ਗੁਰੂ ਬਾਲਕ ਸਿੰਘ ਜੀ ਨੇ ਹੁਕਮ ਦਿੱਤਾ ਹੈ, ਸੁਣੋ ਨਾਮਧਾਰੀਓ, ਜਿਹੜਾ ਸਿੱਖ ਸਣੇ ਕੇਸੀ ਇਸ਼ਨਾਨ ਕਰੇ ਤੋਂ ਬਗੈਰ 'ਆਸਾ ਦੀ ਵਾਰ 'ਚ ਆਉਂਦਾ ਹੈ, ਪੁੰਨ ਦੇ ਥਾਂ ਉਹਨੂੰ ਪਾਪ ਲਗਦਾ ਹੈ—ਪੜ੍ਹਨ ਵਾਲੇ ਨੂੰ ਵੀ ਤੇ ਸੁਨਣ ਵਾਲੇ ਨੂੰ ਵੀ। ਤੁਹਾਡਾ ਇਹ ਕੂਕਿਆਂ ਦਾ ਫਰਜ਼ ਹੈ ਕਿ ਬਗੈਰ ਸਣੇ ਕੇਸੀ ਇਸ਼ਨਾਨ ਕਰੇ ਤੋਂ ਕਦੇ ਆਸਾ ਦੀ ਵਾਰ 'ਚ ਨਾ ਆਉ। ਇਸ਼ਨਾਨ ਕਰੋ ਔਰ ਫਿਰ ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ-ਸਤਿਗੁਰਾਂ ਨੇ ਇੱਕ ਹੁਕਮਨਾਮੇ 'ਚ ਲਿਖਿਆ ਹੈ, **''ਭਾਈ, ਗੁਰੂ ਜੀ ਦਾ ਹੁਕਮ ਹੈ, ਸਵਾ ਪਹਿਰ ਰਾਤ ਰਹਿੰਦੀ ਨਾਲ ਜੇ ਕੋਈ ਆਦਮੀ ਸਣੇ ਕੇਸੀ ਇਸ਼ਨਾਨ ਕਰਕੇ ਨਾਮ ਜਪਦਾ ਹੈ, ਬਾਣੀ ਪੜ੍ਹਦਾ ਹੈ ਤਾਂ ਉਹਨੂੰ ਸਵਾ ਮਣ ਮੋਤੀਆਂ ਦਾ ਪੁੰਨ ਹੁੰਦਾ ਹੈ।''** ਮੇਰਾ ਖਿਆਲ ਹੈ ਅਗਰ ਸੇਠ ਦਿਆਲ ਸਿੰਘ ਹੋਰੀਂ ਵੀ—ਏ ਥੇਂ ਸਾਡੇ 'ਚ ਵੱਡੇ ਹਨ-ਜੇ ਸਵਾ ਮਣ ਮੋਤੀ ਪੱਕੇ ਇਕੱਠੇ ਕਰਨ ਤਾਂ ਸ਼ਾਇਦ ਮੁਸ਼ਕਿਲ ਹੋ ਜਾਏ। ਕਿੰਨੀ ਕੁ ਜਾਇਦਾਦ ਖਰਚ ਆ ਜਾਏ-ਮਾੜੇ ਦੀ ਗੱਲ ਕੀ ਕਰਨੀ ਹੈ, ਪਰ ਜੇ ਇੱਕ ਗਰੀਬ ਸਿੱਖ ਉਠ ਕੇ ਇਸ਼ਨਾਨ ਕਰਕੇ ਬਾਣੀ ਪੜ੍ਹਦਾ ਹੈ ਤਾਂ ਉਹ ਸਵਾ ਮਣ ਮੋਤੀ ਰੋਜ਼ ਪੁੰਨ ਕਰਦਾ ਹੈ, ਫੇਰ ਸਵਾ ਮਣਾ ਸੋਨਾ, ਫੇਰ ਰੁਪਾ—ਚਾਂਦੀ, ਫੇਰ ਅੰਨ, ਤਾਂਬਾ, ਦੁੱਧ, ਜਲ। ਫੇਰ ਕਹਿੰਦੇ ਨੇ, ਦਿਨ ਚੜ੍ਹੇ ਪੁੰਨ ਕੁਝ ਨਹੀਂ ਪਿੰਡਾ ਧੋਣਾ ਹੈ। ਦਿਨ ਚੜ੍ਹੇ ਬਿਰਤੀ ਹੋਰ ਹੋ ਜਾਂਦੀ ਹੈ। ਉਹ ਜਿਹੜਾ ਵਕਤ ਹੈ, ਹੁਣ ਇੱਥੇ ਬੱਤੀਆਂ ਜਗਦੀਆਂ ਹਨ, ਜਿਸ ਵੇਲੇ ਬੁਝਾ ਦੇਈਦੀਆਂ ਹਨ, ਕਦੇ-ਕਦੇ ਸਾਧ ਸੰਗਤ ਬੈਠਕੇ ਕ੍ਰਿਪਾ ਕਰਦੀ ਹੈ :–

**ਤਹ ਦੀਪਕ ਜਲੈ ਛੰਛਾਰਾ[੧]।**

*– ਸੋਰਠ ਨਾਮ ਦੇਵ ਜੀ, ਪੰਨਾ–੬੫੭*

ਜਿੱਥੇ ਸਾਧ ਕੀਰਤਨ ਕਰਦੇ ਸਨ 'ਆਸਾ ਦੀ ਵਾਰ' ਦਾ, ਉੱਥੇ ਐਨਾ ਕੁ ਚਾਨਣ ਅੰਦਰ ਹੁੰਦਾ, ਕਿ ਇੱਕ ਸਰੀਰ ਦੂਏ ਦੇ ਉੱਤੇ ਬੈਠ ਨਾ ਜਾਏ –ਆਉਣ ਵਾਲਾ, ਨਾ ਕਿਸੇ ਨੂੰ ਕਿਸੇ ਦੀਆਂ ਅੱਖਾਂ ਦਿੱਸਣ ਤੇ ਕੀਰਤਨ ਦਾ ਭੋਗ—ਕਈ-ਕਈ ਤਾਂ ਐਸੇ ਪ੍ਰੇਮੀ ਸਨ ਜੇ ਮਾੜੇ ਮੋਟੇ ਮਕਾਨ ਹੋਣੇ, ਝੀਤਾਂ 'ਚ ਲੀਰਾਂ ਦੇ ਦੇਣੀਆਂ ਕਿ ਬਾਹਰਲਾ ਚਾਨਣ ਨਾ ਪਵੇ ਅੰਦਰ, ਬਿਰਤੀ ਨਾ ਉਖੜੇ ਕਿ ਦਿਨ ਚੜ੍ਹ ਗਿਆ ਹੈ।

ਸਾਨੂੰ ਹੁਣ ਦਿਨ ਚੜ੍ਹੇ ਤੋਂ ਬਿਨਾਂ ਗੱਲ ਹੀ ਨਹੀਂ ਕੁਝ ਆਉਂਦੀ। ਇੱਥੇ ਦੇਖਦੇ ਰਹੀਦਾ ਹੈ, ਚੌਥਾ ਹਿੱਸਾ ਅੰਦਰ ਹੁੰਦੇ ਹਨ, ਤਿੰਨ ਹਿੱਸੇ ਨਾਮਧਾਰੀ ਬਾਹਰ ਬੈਠੇ ਹੁੰਦੇ ਹਨ, ਪੰਜ ਵਜੇ ਨੂੰ ਵੀ ਨਹੀਂ ਪਹੁੰਚਦੇ। ਸ਼ਾਮ ਨੂੰ ਵੀ ਨਿੱਤਨੇਮ 'ਚੋਂ ਭੱਜ ਜਾਂਦੇ ਹਨ। ਮੈਂ ਕਿਸੇ ਹੋਰ ਨਾਲ ਗੱਲ ਨਹੀਂ ਕਰਦਾ, ਤੁਸੀਂ ਪੈਸੇ ਖਰਚਦੇ ਹੋ, ਹਜ਼ਾਰਾਂ ਰੁਪਏ ਕਿਰਾਏ ਤੇ ਲਗਦੇ ਹਨ, ਮੈਂ ਉੱਥੋਂ ਆਉਨਾਂ ਹਾਂ, ਤੁਸੀਂ ਇੱਥੇ ਬੜਾ ਪਿਆਰ, ਬੜਾ ਕੁਝ ਦਿਖਾਉਂਦੇ ਹੋ। ਮੈਂ ਓਦਣ ਅਰਜ਼ ਕਰੀ ਸੀ ਕਿ ਉੱਥੇ ਤੌਨ ਮੌਂਗ ਤੇ ਜਾ ਕੇ ਏਨਾ ਜਲੂਸ, ਏਨੇ ਆਦਮੀ, ਖਰਚ ਕਰਕੇ, ਜਾ ਕੇ, ਪੈਸੇ ਲਾਉਂਦੇ ਹੋ,—ਜੇ ਤੁਸੀਂ ਭਜਨ ਬਾਣੀ ਨਹੀਂ ਕਰਦੇ, ਤਾਂ ਸਤਿਗੁਰੂ ਰਾਮ ਸਿੰਘ ਦੀ ਦਰਗਾਹ 'ਚ ਸਾਨੂੰ ਤੁਹਾਨੂੰ ਕਿਸੇ ਨੂੰ ਥਾਂ ਨਹੀਂ ਮਿਲਣਾ। ਕੋਈ ਹੋਰ ਥਾਂ ਨਹੀਂ ਭਜਨ ਬਾਣੀ ਤੋਂ ਬਗੈਰ। ਮਹਾਰਾਜ ਨੇ ਕਿਹਾ, ''ਭਾਈ ! ਸਿੱਖੀ, ਭਜਨ ਬਾਣੀ ਦੀ ਹੈ''—ਸਤਿਗੁਰੂ ਰਾਮ ਸਿੰਘ ਜੀ ਨੇ ਲਿਖਿਆ ਹੈ—ਕਛਮਾਲਾ ਇੱਕ ਸੰਨ੍ਹ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਨੇ:–

*ਰਹਿਣੀ ਰਹੈ ਸੋਈ ਸਿਖ ਮੇਰਾ,*
*ਓਹ ਸਾਹਿਬ ਮੈਂ ਉਸਕਾ ਚੇਰਾ।*

*– ਰਹਿਤ ਪਿਆਰੀ ਮੁਝ ਕਉ ਸਿੱਖ ਪਿਆਰਾ ਨਾਹਿ।*

ਰਹਿਤ ਦਾ ਇਹ ਮਤਲਬ ਨਹੀਂ ਬਈ, ਇੱਥੋਂ ਪਾਣੀ ਖੂਹ ਦਾ ਭਰ ਕੇ ਪੀ ਲਿਆ, ਜਿਹੜਾ ਨੇੜੇ ਆਇਆ ਉਹਨੂੰ ਗਾਲ੍ਹਾਂ ਕੱਢੀਆਂ—ਮੇਰੇ ਨਾਲ ਕਿਉਂ ਲੱਗਦਾ ਹੈਂ? ਪਾਣੀ ਨਾ ਕਿਸੇ ਨੂੰ ਦਿੱਤਾ—ਅੰਦਰਲੇ ਪਾਸੇ ਨੂੰ ਵੀ ਰਹਿਤ ਜਾਵੇ। ਅੰਦਰਲੇ ਕੰਮ ਵੀ ਨੇ ਜਿਹੜੇ, ਇਹ ਵੀ ਸਤਿਗੁਰੂ ਛੁਡਾਵੇ।

ਬਾਹਰਲੀਆਂ ਗੱਲਾਂ ਨਾਲ ਨਹੀਂ ਨਿਰਾ ਕੁਝ ਹੁੰਦਾ। ਉਹ ਮਹਾਰਾਜ ਦੀ ਬਾਣੀ 'ਚ ਲਿਖਿਆ ਹੈ :-

**ਕੁਬੁਧਿ[੨] ਡੂਮਣੀ[੩] ਕੁਦਇਆ[੪] ਕਸਾਇਣਿ**
**ਪਰ ਨਿੰਦਾ[੫] ਘਟ[੬] ਚੂਹੜੀ ਮੁਠੀ[੭] ਕ੍ਰੋਧਿ ਚੰਡਾਲਿ।**
**ਕਾਰੀ[੮] ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ।**

*- ਮ: ੧, ਪੰਨਾ-੯੧*

ਧਿਆਨ ਦਿਉ, ਉੱਥੇ ਅਨਹਦ ਵਾਜੇ ਵਜਦੇ ਹਨ ਸਤਿਗੁਰੂ ਦੇ ਦਰਵਾਜੇ ਉੱਤੇ।

*ਕਿਸੀ ਚੀਜ ਕੀ ਊਹਾਂ ਨ ਤੋਟ।*

ਕਹਿੰਦੇ ਨੇ ਉੱਥੇ ਕਿਸੇ ਚੀਜ਼ ਦੀ ਤੋਟ ਨਹੀਂ। ਗੁਰੂ ਸਾਹਿਬ ਕਹਿੰਦੇ ਨੇ :-

**ਜਿਸੁ ਨਾਮੁ ਰਿਦੈ ਸੋਈ ਵਡ ਰਾਜਾ।।**
**ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ।।**
**ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ।।**
**ਨਾਮ ਬਿਨਾ ਜਨਮੁ ਬਿਰਥਾ ਜਾਏ।।੧।।**

*- ਭੈਰਉ ਮ:੫, ਪੰਨਾ-੧੧੫੫*

ਜਿੱਥੇ ਨਾਮ ਹੈ, ਉੱਥੇ ਕਿਸ ਚੀਜ਼ ਦਾ ਘਾਟਾ ਹੈ। ਕੋਈ ਗੁਰਦੁਆਰਾ, ਕੋਈ ਡੇਰਾ, ਹੁਣ ਦੇਖੋ ਨਨਕਾਣੇ ਸਾਹਿਬ ਦਾ ਗੁਰਦੁਆਰਾ ਜਿੱਥੇ ਸੱਚੇ ਪਾਤਿਸ਼ਾਹ ਗੁਰੂ ਨਾਨਕ ਦੇਵ ਨੇ ਪਰਕਾਸ਼ ਕੀਤਾ। ਪੀਲੂ ਖਾ-ਖਾ ਕੇ, ਜਿਹੜੇ ਓਥੇ ਸਾਧੂ ਬਹਿੰਦੇ ਉਹ ਭਿਖਿਆ ਮੰਗ-ਮੰਗ ਕੇ ਲਿਆ ਕੇ, ਉਹਨਾਂ ਨੇ ਕਿੰਨਾ ਕੰਮ ਕੀਤਾ। ਪਾਣੀ ਤਾਂ ਥੋੜੇ ਚਿਰ ਤੋਂ ਆਇਆ ਹੈ ਨਹਿਰਾਂ ਵਿੱਚ ਮੇਰੇ ਦੇਖਦਿਆਂ-ਦੇਖਦਿਆਂ, ਮੰਡੀ, ਸਭ ਕੁੱਝ ਬਣਿਆ ਹੈ, ਮੈਂ ਜਾ ਕੇ ਦਰਸ਼ਨ ਪਹਿਲੇ ਕੀਤਾ ਹੈ। ਉਨ੍ਹਾਂ ਲੋਕਾਂ ਦੀ ਭਜਨ ਬਾਣੀ ਦਾ ਇਹ ਪ੍ਰਤਾਪ ਸੀ ਕਿ ਉੱਥੇ ਇੰਨਾ ਕੁਝ ਹੋ ਗਿਆ। ਜਿੱਥੇ ਨਾਮ ਜਪਣ ਵਾਲੇ ਮਹਾਂਪੁਰਖ ਸਾਧੂ, ਕੋਈ ਮਹਾਤਮਾ ਬੈਠਦਾ ਹੈ, ਉੱਥੇ ਕਿਸੇ ਚੀਜ਼ ਦਾ ਘਾਟਾ ਨਹੀਂ ਰਹਿੰਦਾ।

*ਜੋ ਦੇਖਾ ਸੋ ਸਰਬ ਅਤੋਟ।।੬੪।।*

ਕਹਿੰਦੇ ਨੇ-ਕੋਈ ਚੀਜ਼ ਮੈਂ ਤੋਟ ਵਾਲੀ ਨਹੀਂ ਦੇਖੀ। ਜਿਧਰ ਦੇਖਿਆ ਹੈ ਉਹ ਅਤੋਟ ਹੀ ਅਤੋਟ ਹੈ-ਉਹ ਮੁੱਕਦਾ ਹੀ ਨਹੀਂ।

*ਸਬਦ ਅੰਨ ਅਸੂ ਮਹਿਖੀ ਧੈਨ।*

ਸ਼ਬਦ ਵੀ ਅਤੁੱਟ—ਕਿਸੇ ਵੇਲੇ ਬੰਦ ਨਹੀਂ ਹੁੰਦਾ। ਜੇ ਅੰਨ ਦੇਖੋ ਤਾਂ ਲੰਗਰ ਸਦਾ ਵਰਤ—ਕਿਸੇ ਕਿਸੇ ਜਗ੍ਹਾ ਰਾਜਿਆਂ ਦੇ ਲਾਏ ਹੋਏ-ਕਿਸੇ ਤੀਰਥ ਉੱਤੇ ਇਹ ਸਦਾ ਵਰਤ ਦੋ ਵਜੇ ਤੋਂ ਚਾਰ ਵਜੇ ਤਕ ਖੁਲ੍ਹੇਗਾ, ਤਾਂ ਘੰਟੇ ਵਰਤ ਲਿਖਣਾ ਚਾਹੀਦਾ ਹੈ—ਸਦਾ ਵਰਤ ਤਾਂ ਉਹ ਹੈ ਜਿੱਥੇ ਸਦਾ ਵਰਤੇ, ਜਾਂ ਪਹਿਰ ਵਰਤੇ। ਸਤਿਗੁਰੂ ਦੇ ਘਰ ਅਜੇ ਵੀ ਉਹਨਾਂ ਦੀ ਕਿਰਪਾ, ਉਸ ਬਖਸ਼ਿਸ਼ ਨਾਲ, ਸਾਨੂੰ ਪਤਾ ਨਹੀਂ ਅੱਸੀ ਸਾਲ ਹੋ ਗਏ ਹਨ ਕਿ ਨੱਬੇ, ਉਹਨਾਂ ਨੇ ਚਲਾਇਆ ਹੈ, ਅੱਜ ਵੀ ਉਹਨਾਂ ਦੀ ਬਖਸ਼ਿਸ਼ ਨਾਲ ਅੱਠ ਪਹਿਰ, ਕਿਸੇ ਵਕਤ ਕੋਈ ਆਦਮੀ ਜਾਏ ਦਰਵਾਜ਼ੇ ਵਿੱਚ-ਇੱਕ ਟੋਕਰਾ ਪ੍ਰਸ਼ਾਦਿਆਂ ਦਾ, ਇੱਕ ਦਾਲ ਦਾ ਤਾਸ ਭਰਿਆ ਰਹਿੰਦਾ ਹੈ। ਰਾਤ ਨੂੰ ਉੱਥੇ ਸਰੀਰ ਬੈਠਦਾ ਹੈ, ਜੇ ਕਿਸੇ ਵੇਲੇ ਵੀ ਕੋਈ ਅਵਾਜ਼ ਮਾਰੇ ਉਹਨਾਂ ਦੀ ਕਿਰਪਾ ਦੀ ਇਹ ਬਰਕਤ ਹੈ। ਨਹੀਂ ਦੱਸੋ ਤੁਸੀਂ ਭਾਈ, ਜਿਹੜਾ ਮੁਲਕ ਕੰਮ ਦਾ ਸੀ, ਜਿੱਥੋਂ ਦਾਣੇ ਲੰਗਰ ਵਾਸਤੇ ਆਉਂਦੇ ਸਨ, ਸਾਰਾ ਉਧਰ ਰਹਿ ਗਿਆ, ਲਾਇਲਪੁਰ, ਮਿੰਟਗੁਮਰੀ, ਸ਼ੇਖੂਪੁਰਾ, ਜਿੱਥੇ ਨਹਿਰਾਂ ਪੈਂਦੀਆਂ ਸਨ, ਪਰ ਇਹ ਸਤਿਗੁਰਾਂ ਦੀ ਬਖਸ਼ਿਸ਼ ਹੈ। ਉਹਨ੍ਹਾਂ ਨੇ ਅਜੇ ਵੀ ਉਹ ਆਪਣੀ ਬਖਸ਼ਿਸ਼ ਨਾਲ, ਕਿਹਾ **''ਭਾਈ ਧਨ ਕੁਚਾਲ ਚਲਣ ਤੇ ਘਟਦਾ ਹੈ, ਪੁੰਨ ਦਾਨ ਤੇ ਧਨ ਨਹੀਂ ਘਟਦਾ''।** ਜਿਹੜੇ ਪੁੰਨ ਦਾਨ ਕਰਦੇ ਹਨ ਉਹਨਾਂ ਦਾ ਕਦੇ ਧਨ ਨਹੀਂ ਘਟਦਾ, ਇਹ ਉਹਨਾਂ ਦੀ ਬਖਸ਼ਿਸ਼ ਦਾ ਫਲ ਹੈ। ਕੋਈ ਚੀਜ਼ ਦਾ, ਕਹਿੰਦੇ ਨੇ ਘਾਟਾ ਨਹੀਂ-ਨਾ ਘੋੜਿਆਂ ਦਾ, ਨਾ ਮੱਝੀ ਦਾ, ਨਾ ਗਊਆਂ ਦਾ।

*ਬੈਲ ਗਾਡੀਆਂ ਊਂਟ ਫਿਰੈਨ।*

ਬਲਦ ਗੱਡੇ ਜੁੜ ਕੇ ਜਾਂਦੇ ਹਨ, ਜਿਹੜੇ ਦਾਣੇ ਲਿਆਉਂਦੇ ਹਨ, ਊਠ ਬਾਹਰੋਂ ਦਾਣੇ ਲਿਆਉਂਦੇ ਹਨ।

*ਚਲੇ ਹਾਟ ਬਿਨ ਤੋਲ ਤਰਾਜੂ।*

ਹੱਟੀ ਇੱਕ ਐਸੀ ਚਲਦੀ ਹੈ ਜਿੱਥੇ ਤਕੜੀ ਵੱਟਾ ਨਹੀਂ।

*ਪੂਰਨ ਕਾ ਪੂਰਨ ਸਭ ਸਾਜੂ।।੬੫।।*

ਪੂਰੇ ਦਾ ਪੂਰਾ ਹੀ ਸਾਜ ਹੈ।

*ਕਈ ਸੈਂਕੜੇ ਸੰਗਤਿ ਆਵੈ।*

ਕਈ ਸੈਂਕੜੇ ਰੋਜ਼ ਸੰਗਤ ਆਉਂਦੀ ਹੈ।

*ਸਬਦ ਅੰਨ ਮਨ ਭਾਵਤ ਪਾਵੈ।*

ਸ਼ਬਦ ਵੀ ਪੁੱਛਦੇ ਹਨ, ਭਜਨ ਪੁੱਛਦੇ ਹਨ, ਕੀਰਤਨ ਸੁਣਦੇ ਹਨ, ਔਰ ਅੰਨ ਮਨ ਭਾਉਂਦਾ ਛਕਦੇ ਹਨ।

*ਮੈਂ ਭੀ ਮਨ ਮੈ ਐਸ ਵਿਚਾਰੀ।*

ਕਹਿੰਦੇ ਨੇ ਮੈਂ ਵੀ ਇਹ ਸੋਚਿਆ;

*ਤਾਰੈਂਗੇ ਨਿਜ ਕਿਰਪਾ ਧਾਰੀ।।੬੬।।*

ਮੈਨੂੰ ਵੀ ਸਤਿਗੁਰੂ ਬਖਸ਼ਿਸ਼ ਕਰਨਗੇ। ਨਾਮ ਦੇਣਗੇ। ਆਪਣੀ ਕਿਰਪਾ ਕਰਨਗੇ।

*ਫੇਰ ਬਿਨੈ ਮੈਂ ਭੀ ਉਠ ਕਰੀ।*

ਮੈਂ ਭੀ ਉਠ ਕੇ ਬੇਨਤੀ ਕੀਤੀ।

*ਸੰਤਨ ਕੇ ਸੁਖ ਦਾਇਕ ਹਰੀ।*

ਹੇ ਸੰਤਾ ਦੇ ਸੁਖਦਾਇਕ ਹਰੀ, ਸੰਤਾਂ ਨੂੰ ਸੁੱਖ ਦੇਣ ਵਾਸਤੇ-ਜਦੋਂ ਵੀ ਸੰਤਾਂ ਤੇ ਭੀੜ ਪੈਂਦੀ ਹੈ-ਤੁਸੀਂ ਕਿਰਪਾ ਕਰਦੇ ਹੋ। ਕਹਿੰਦੇ ਹਨ,

**ਸੰਤਨ ਦੂਖ ਪਾਏ ਤੇ ਦੂਖੀ।**
**ਸੁਖ ਪਾਏ ਸਾਧਨ ਕੇ ਸੁਖੀ।**

*- ਦਸਮ ਗ੍ਰੰਥ, ਪੰਨਾ-੧੩੮੭*

*ਕ੍ਰਿਪਾ ਸਿੰਧੁ ਪੂਰਨ ਅਵਤਾਰੇ।*

ਹੇ ਕਿਰਪਾ ਦੇ ਸਮੁੰਦਰ, ਪੂਰਨ ਅਵਤਾਰ।

*ਮੈਂ ਡੂਬਤ ਸਾਗਰ ਸੰਸਾਰੇ।।੬੭।।*

ਮੈਂ ਸੰਸਾਰ ਸਾਗਰ ਵਿੱਚ ਡੁੱਬ ਰਿਹਾ ਹਾਂ।

*ਮੋਕੋ ਚਾੜ੍ਹੋ ਨਾਮੁ ਜਹਾਜ।*

ਮੈਨੂੰ ਨਾਮ ਦੇ ਜਹਾਜ਼ ਉੱਤੇ ਚਾੜ੍ਹੋ।

**ਭਵਜਲੁ[੯] ਸਾਇਰੁ[੧੦] ਸੇਤੁ[੧੧] ਨਾਮੁ ਹਰੀ ਕਾ ਬੋਹਿਥਾ[੧੨]।**

*– ਮ: ੫, ਪੰਨਾ – ੧੪੦੯*

ਮੈਨੂੰ ਚਾੜ੍ਹੋ, ਸੰਸਾਰ ਸਮੁੰਦਰ ਤੋਂ ਕੱਢਕੇ, ਨਾਮ ਰੂਪੀ ਜਹਾਜ਼ ਉੱਤੇ।

*ਪਾਵਨ ਪਤਿਤ ਬਿਰਦ ਦੀ ਲਾਜ।*

ਆਪ ਦਾ ਕੰਮ ਹੈ ਪਾਪੀਆਂ ਨੂੰ ਪਵਿਤਰ ਕਰਨਾ, ਆਪਣੇ ਬਿਰਦ ਦੀ ਲਾਜ ਰੱਖੋ।

*ਅਜਮਲ ਗਨਕਾ ਸਧਨ ਕਸਾਈ।*

ਤੁਸਾਂ ਜਿਹਦੇ ਉੱਤੇ ਕਿਰਪਾ ਕੀਤੀ–ਅਜਾਮਲ ਤਾਰਿਆ, ਗਨਿਕਾ ਤਾਰੀ, ਸਦਨਾ ਕਸਾਈ ਤਾਰਿਆ।

*ਤਾਰਤ ਤਾਹਿ ਅਵਾਰ ਨ ਲਾਈ।।੬੮।।*

ਉਹਨਾਂ ਨੂੰ ਤਾਰਨ ਲੱਗਿਆਂ ਦੇਰ ਨਹੀਂ ਲਾਈ।

*ਪਾਹਨ ਸਾਗਰ ਮਹਿ ਜਿਵ ਤਾਰੇ।*

ਜਿਸ ਤਰ੍ਹਾਂ ਰਾਰਾ ਤੇ ਮਮਾ ਲਿਖਕੇ ਪੱਥਰ ਤਾਰ ਦਿੱਤੇ–ਸਮੁੰਦਰ ਵਿੱਚ।

*ਤਿਵ ਮੁਹਿ ਤਾਰੋ ਰਾਮ ਮੁਰਾਰੇ।*

ਹੇ ਰਾਮ ਰੂਪ, ਹੇ ਮੁਰ ਦੇ ਮਾਰਨ ਵਾਲੇ, ਮੈਨੂੰ ਤਾਰੋ ਉਸੇ ਤਰ੍ਹਾਂ।

*ਦੀਨ ਮਨੋ ਜਬ ਬਿਨਤੀ ਠਾਨੀ।*

ਜਦੋਂ ਮੈਂ ਮਨੋਂ ਦੀਨ ਹੋ ਕੇ ਬੇਨਤੀ ਕੀਤੀ,

*ਬੋਲੇ ਤਬ ਸਤਿਗੁਰ ਸੁਰ ਗਯਾਨੀ।।੬੯।।*

ਸਤਿਗੁਰੂ ਜੋ ਦੇਵਤਿਆਂ ਨੂੰ ਗਿਆਨ ਦੇਣ ਵਾਲੇ ਹਨ, ਕਹਿੰਦੇ ਹਨ,

*ਤੋਕੋ ਮਿਲੇ ਨਾਮ ਕੀ ਦਾਤ।*

ਭਾਈ ਤੈਨੂੰ ਵੀ ਨਾਮ ਦੀ ਦਾਤ ਮਿਲੇਗੀ।

*ਜੌ ਤੁਹਿ ਭਲੇ ਭਾਗ ਬਖਯਾਤ।*

ਜਦੋਂ ਤੇਰੇ ਭਲੇ ਭਾਗ ਹੋ ਗਏ,

*ਆਜ ਰਹੋ ਈਹਾਂ ਤੁਮ ਭਾਈ।*

ਭਾਈ ਅੱਜ ਤੂੰ ਇੱਥੇ ਰਹੋ,

*ਰਾਤ੍ਰ ਪਾਵੋ ਦਾਤ ਅਲਾਹੀ।।੭੦।।*

ਤੈਨੂੰ ਰਾਤ ਨੂੰ ਇਹ ਦਾਤ ਮਿਲੇਗੀ,

*ਦੋਹਰਾ।।ਮੋਕੋ ਯੌ ਜਬ ਧਿਆਨ ਸਿੰਘ ਸਤਿਗੁਰ ਕਹੀ ਅਲਾਇ।*

*ਮੇਰੇ ਉਰ ਸੰਸਾਂ ਪੜਾ ਬੈਠਤ ਹੀ ਤਿਸ ਥਾਇ।।੭੧।।*

ਧਿਆਨ ਸਿੰਘ ਜੀ ਨੂੰ ਸੁਣਾ ਰਹੇ ਹਨ ਭਾਈ ਹਰਮੀਤ ਸਿੰਘ ਜੀ, ਜਿਹੜੇ ਇਸ ਗ੍ਰੰਥ ਦੇ ਕਰਤਾ ਹਨ ਕਿ ਭਾਈ, ਜਿਸ ਵੇਲੇ ਸਤਿਗੁਰਾਂ ਮੈਨੂੰ ਇਸ ਤਰ੍ਹਾਂ ਕਿਹਾ, ਮੇਰੇ ਚਿਤ ਨੂੰ ਸੰਸਾ ਹੋ ਗਿਆ, ਉੱਥੇ ਹੀ ਬੈਠਣ ਲੱਗੇ ਨੂੰ।

ਮੈਂ ਜੋ ਭੇਟਾ ਧਰੀ ਹੈ ਦਮੜਾ ਵਾ ਪ੍ਰਸਾਦਿ।

*ਮੈਂ ਜਿਹੜਾ ਪਰਸ਼ਾਦ ਤੇ ਰੁਪੱਿਆ ਮੱਥਾ ਟੇਕਿਆ ਹੈ,*

*ਕਈ ਸੈਂਕੜੇ ਆਹਿ ਸਿਖ ਦੀਨ ਕਹਾ ਕੋ ਯਾਦ।।੭੨।।*

ਇੱਥੇ ਸੈਂਕੜੇ ਸਿੱਖਾਂ ਨੇ, ਇੱਥੇ ਸੈਕੜੇ ਹਜ਼ਾਰਾਂ ਰੁਪਏ ਮੱਥਾ ਟੇਕੇ ਹਨ, ਮੈਂ ਗਰੀਬ ਕਿੱਥੇ ਯਾਦ ਹੋਵਾਂਗਾ।

*ਚੌਪਈ।। ਸਤਿਗੁਰੂ ਮਨ ਮੇਰੇ ਕੀ ਜਾਨੀ।*

ਸਤਿਗੁਰੂ ਵੀ ਅੰਤਰਯਾਮੀ, ਜਾਣ ਗਏ ਮਨ ਦੀ।

*ਬੋਲਤ ਭਏ, ਵਾਕ ਗੁਣ ਖਾਨੀ।*

ਸਤਿਗੁਰੂ ਜੀ ਕਹਿੰਦੇ ਹਨ :-

*ਇਕ ਇਕ ਦਮੜਾ ਪਕੜ ਉਠਾਯੋ।*

ਇੱਕ-ਇੱਕ ਰੁਪਇਆ ਫੜ ਕੇ ਉਠਾਈ ਗਏ :

*ਯਿਹ ਕਾਕੋ ਯਿਹ ਕਾਕੋ ਗਾਯੋ।।੭੩।।*

ਭਾਈ ਇਹ ਕਿਸ ਦਾ ਹੈ; ਇਹ ਕਿਸਦਾ ਹੈ।

*ਸੂਬੇ ਸਿੰਘ ਗੁਰੂ ਕੇ ਪਾਸ।*

ਜਿਹੜੇ ਸੂਬੇ ਪਾਸ ਬੈਠੇ ਸੀ ਸਤਿਗੁਰਾਂ ਦੇ।

*ਦਿਯਾ ਭੇਵ ਨਿਰਨੈ ਕਰ ਖਾਸ।*

ਉਹ ਕਹਿੰਦੇ ਗਏ ਮਹਾਰਾਜ ਫਲਾਣਾ ਸਿੰਘ, ਫਲਾਣੇ ਇਲਾਕੇ ਦਾ ਹੈ, ਇਹ ਫਲਾਣਾ ਸਿੰਘ ਹੈ ਜੀ, ਇਹ ਇਸਨੇ ਦਿੱਤਾ ਹੈ।

*ਮੈਂ ਦਿਸ ਦਿਖ ਕਰ ਗਿਰਾ ਅਲਾਈ।*

ਮੇਰੇ ਵੱਲ ਦੇਖ ਕਰਕੇ ਕਹਿੰਦੇ ਹਨ :–

*ਇਸ ਕਾ ਆਹਿ ਰੁਪੱਯਾ ਭਾਈ।।੭੪।।*

ਭਾਈ ਐਸ ਸਿੰਘ ਦਾ ਵੀ ਇੱਕ ਰੁਪਈਆ ਹੈ।

*ਸੂਬੇ ਗੁਰ ਕਰ ਦੀਨ ਰੁਪੱਯਾ।।*

ਸੂਬਿਆਂ ਨੇ ਸੱਚੇ ਪਾਤਸ਼ਾਹ ਦੇ ਹੱਥ 'ਚ ਰੁਪਇਆ ਦੇ ਦਿੱਤਾ।

*ਬੋਲੇ ਤੇ ਜੱਸਾ ਸਿੰਘ ਜੱਯਾ।*

ਇਹ ਸਤਿਗੁਰਾਂ ਨੇ ਖੇਡ ਬਣਾਈ ਹੈ। ਕਬੀਰ ਜੀ ਕਹਿੰਦੇ ਹਨ :–

**ਤੁਮ ਜੁ ਕਹਤ ਹਉ ਨੰਦ ਕੋ ਨੰਦਨੁ[੧੩] ਨੰਦ[੧੪] ਸੁ ਨੰਦਨੁ ਕਾ ਕੋ[੧੫] ਰੇ।।**
**ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ।।੧।।ਰਹਾਉ।।**
**ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ।।**
**ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ।।**

*– ਪੰਨਾ–੩੩੮*

ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਨੇ,

**ਨ ਤਾਕੋ ਕੋਈ ਤਾਤ[੧੬] ਮਾਤੰ ਨ ਭਾਯੰ[੧੭]।।**
**ਨ ਪੁਤ੍ਰੰ ਨ ਪੌਤ੍ਰੰ ਨ ਦਾਯਾ[੧੮] ਨ ਦਾਯੰ[੧੯]।।**

*– ਦਸਮ ਗ੍ਰੰਥ, ਪੰਨਾ–੪੦*

ਪਰ ਜਿਸ ਵੇਲੇ ਸਾਂਗ ਰਚਦਾ ਹੈ ਤਾਂ ਪਿਤਾ ਦਾ ਭੀ ਨਾਮ ਬਣਾ ਲੈਂਦਾ ਹੈ, ਮਾਤਾ ਦਾ ਭੀ ਨਾਮ ਬਣਾ ਲੈਂਦਾ ਹੈ। ਭਾਈ ਜੀ ਕਹਿੰਦੇ ਹਨ– ਜੱਸਾ ਸਿੰਘ ਦੇ ਘਰ ਜਿਹੜੇ ਪਰਗਟ ਹੋਏ ਹਨ, ਉਹ ਬੋਲਦੇ ਨੇਂ।

*ਤੋਕੋ ਪੰਥ ਖਰਚ ਹੋਇ ਲੋੜੇ।*

ਭਾਈ ਤੈਨੂੰ ਰਸਤੇ ਵਿੱਚ ਖਰਚ ਦੀ ਲੋੜ ਹੋਵੇਗੀ,

*ਤੇਰਾ ਦਮੜਾ ਦੇ ਤੁਝ ਮੋੜੇ।।੭੫।।*

ਤੂੰ ਆਪਣਾ ਰੁਪਈਆ ਭਾਈ ਲੈ–ਲੈ, ਤੇਰਾ ਰੁਪਈਆ ਭਾਈ ਮੋੜ ਦੇਨੇ ਹਾਂ, ਤੈਨੂੰ ਰਸਤੇ ਵਿੱਚ ਖਰਚ ਦੀ ਲੋੜ ਪਵੇਗੀ।

*ਪ੍ਰਭ ਜੀ ਦਯਾ ਦੀਨ ਜਨ ਚਾਹੇ।*

ਮੈਂ ਕਿਹਾ, ਹੇ ਸੱਚੇ ਪਾਤਸ਼ਾਹ; ਮੈਂ ਗਰੀਬ ਹਾਂ, ਮੇਰੇ ਤੇ ਦਇਆ ਕਰੋ।

*ਇਤ ਉਤ ਕਰੋ ਆਪ ਨਿਰਬਾਹੇ।*

ਸੱਚੇ ਪਾਤਸ਼ਾਹ ! ਰੁਪਏ ਦੀ ਕਿਹੜੀ ਗੱਲ ਹੈ, ਤੁਸੀਂ ਇਸ ਲੋਕ ਵਿੱਚ, ਪਰਲੋਕ ਵਿੱਚ ਵੀ ਤੁਸੀਂ ਨਿਰਬਾਹ ਕਰਨਾ ਹੈ।

*ਕੋਇ ਨ ਕਮੀ ਬਹੁਤ ਕੁਛ ਦੀਆ।*

ਤੁਸੀਂ ਬੜਾ ਕੁਝ ਦਿੱਤਾ ਹੈ, ਕੋਈ ਘਾਟਾ ਨਹੀਂ।

*ਤੇਰਾ ਦੀਆ ਸਭਨੀ ਲੀਆ।।੭੬।।*

ਉਹ ਤੁਕ ਜਿਹੜੀ ਮਹਾਰਾਜ ਦੀ ਬਾਣੀ 'ਚ ਲਿਖੀ ਹੈ—*ਤੇਰਾ ਦੀਆ ਸਭਨੀ ਲੀਆ।*

ਦਾਤਾ ਇੱਕ ਹੈ ਅਕਾਲ ਪੁਰਖ ਸਾਰਿਆਂ ਨੂੰ ਦੇਣ ਵਾਲਾ ਜਿਹੜੇ ਸਾਰੇ, ਉਸ ਦਾ ਦਿੱਤਾ ਖਾਂਦੇ ਹਨ।

*ਵਾਹਿ ਵਾਹਿ ਪ੍ਰਭ ਅੰਤਰਜਾਮੀ।*

ਧੰਨ ਹੈ, ਸਤਿਗੁਰੂ ਤੂੰ ਅਚਰਜ ਸਰੂਪ ਹੈਂ, ਅੰਦਰ ਦੀ ਜਾਨਣ ਵਾਲਾ ਹੈਂ।

*ਲਖੋ ਆਪ ਘਟ ਘਟ ਕੀ ਸੁਾਮੀ।*

ਤੁਸੀਂ ਹਰ ਇੱਕ ਘਟ ਦੀ ਜਾਨਣ ਵਾਲੇ ਹੋ।

*ਚੂਕ ਗਯੋ ਮਨ ਸੇ ਸਭ ਭਰਮ।*

ਮੇਰੇ ਮਨ ਦਾ ਸੰਸਾ ਦੂਰ ਹੋ ਗਿਆ।

*ਪਾਏ ਗੁਰ ਪੂਰੇ ਸੁਭ ਕਰਮ।।੭੭।।*

ਗੁਰੂ ਪੂਰੇ ਮਿਲੇ ਮੇਰੇ ਸਰੇਸ਼ਟ ਕਰਮ ਹੋਏ।

*ਰਾਤ ਪਰੀ ਕੀਨੀ ਤਬ ਦਾਤ।*

ਜਿਸ ਵੇਲੇ ਰਾਤ ਪਈ ਤਾਂ ਦਿੱਤੀ ਦਾਤ, ਸਤਿਗੁਰਾਂ ਨੇ ਕਰੀ ਕਿਰਪਾ।

*ਰਾਤ ਮਿਟੀ ਹੋਈ ਪ੍ਰਭਾਤ।*

ਫਿਰ ਰਾਤ ਦੂਰ ਹੋ ਗਈ, ਫਿਰ ਦਿਨ ਚੜ੍ਹ ਗਿਆ, ਚਾਨਣ ਹੋ ਗਿਆ।

*ਗਿਆਨ ਸੁਲਾਕਾ ਦੇ ਬੁਧ ਲੋਚਨ,*
*ਕਰ ਹੈ, ਤਮ ਅਗਿਆਨ ਵਿਮੋਚਨ।*

ਸਾਹਿਬ ਦੀ ਦਾਤ, ਉਹ ਗੁਰੂ ਨਾਨਕ ਦੇਵ ਸੱਚਾ ਪਾਤਸ਼ਾਹ-ਮੈਂ ਬੜੀ ਕੋਸ਼ਿਸ਼ ਇਸ ਗੱਲ ਦੀ ਕੀਤੀ ਹੈ ਜਿਸ ਤਰ੍ਹਾਂ ਮੈਂ ਕੱਲ੍ਹ ਪਰਸੋਂ ਅਰਜ ਕੀਤੀ ਸੀ, ਕਿ ਘਰਾਂ ਦਾ ਸਾਨੂੰ ਕੋਈ ਪਤਾ ਨਹੀਂ ਲੱਗਾ—ਜਿਹੜੀ ਜਨਮ ਸਾਖੀ ਗੁਰੂ ਨਾਨਕ ਦੇਵ ਦੀ ਹੈ, ਉਹਦੇ ਵਿੱਚ ਇੱਕ ਜੁਗਾਵਲੀ[*੧] ਲਿਖੀ ਹੋਈ ਹੈ। ਜੁਗਾਵਲੀ ਵਿੱਚ ਸੱਚੇ ਪਾਤਸ਼ਾਹ ਨੇ ਚਹੁੰ ਅਖਰਾਂ ਨੂੰ ਨੌਂ-ਨੌਂ ਯੁਗ, ਇੱਕ-ਇੱਕ ਨੂੰ ਅਰਾਧਿਆ ਹੈ, ਪਰ ਇੱਕ ਅੱਖਰ ਜਿਹੜਾ ਹਾਹਾ ਹੈ, ਮੇਰਾ ਜਿੱਥੋਂ ਤਕ ਖਿਆਲ ਹੈ, ਹਾਹਾ ਹੀ ਅੱਖਰ ਹੈ, ਜਿਸ ਦੇ ਇੱਕ ਦੋ ਜੁਗ ਨਹੀਂ ਮਿਲਦੇ, ਉਹਨਾਂ ਦੇ ਜੋੜ ਨਹੀਂ ਪੂਰੇ ਹੁੰਦੇ ਕਿਸੇ ਜਨਮ ਸਾਖੀ ਵਿੱਚ। ਮੈਂ ਬੜੀ ਕੋਸ਼ਿਸ਼ ਕੀਤੀ ਹੈ ਅਗਰ ਕਿਸੇ ਸੱਜਣ ਕੋਲ ਪੁਰਾਣੀ ਜਨਮ ਸਾਖੀ ਵਿੱਚ ਹੋਵੇ। ਜਿਸ ਨੂੰ ਇਹ ਹਿਸਾਬ ਆ ਜਾਏ ਕਿ ਨੌਂ-ਨੌਂ ਯੁਗ ਸਤਿਗੁਰੂ ਨਾਨਕ ਦੇਵ ਮਹਾਰਾਜ ਨੇ, ਪਹਿਲੇ ਇੱਕ ਇੱਕ ਅੱਖਰ ਤੇ ਮਿਹਨਤ ਕੀਤੀ, ਛਤੀਹ ਯੁਗ ਕਰਕੇ ਉੱਥੇ ਲਿਖਿਆ ਕਿ ਫੇਰ ਚਾਰ ਯੁਗ ਚਾਰੇ ਅੱਖਰ ਇਕੱਠੇ ਜੋੜ ਕੇ ਕੀਤੀ।

ਮੈਨੂੰ ਇੱਥੇ ਇੱਕ ਪ੍ਰਮਾਣ ਯਾਦ ਆਉਂਦਾ ਹੈ—ਕੋਈ ਚੀਜ਼ ਨਹੀਂ ਉਸਦੇ ਅੱਗੇ—ਪ੍ਰਮਾਣ। ਸੂਰਜ ਦੇ ਸਾਹਮਣੇ ਅਸੀਂ ਤਾਰੇ ਦਾ ਜਾਂ ਦੀਵੇ ਦਾ ਪ੍ਰਮਾਣ ਦੇਈਏ ਕੋਈ ਨਹੀਂ, ਪਰ ਇੱਕ ਚੀਜ਼ ਅਸੀਂ ਲੈਂਦੇ ਹਾਂ ਚਮਕ ਇਹਦੇ ਵਿੱਚ ਵੀ ਹੈ, ਉਹਦੇ ਵਿੱਚ ਵੀ ਹੈ। ਸਾਹਿਬਾਂ ਨੇ ਐਡੀ ਵੱਡੀ ਦਾਤ ਸਾਨੂੰ ਦਿੱਤੀ।

## ਹਕੀਮਾਂ ਦੀ ਕਾਨਫਰੰਸ

ਹਕੀਮਾਂ ਦੀ ਕਾਨਫਰੰਸ ਹੋਈ ਸੀ ਅੰਮ੍ਰਿਤਸਰ ਵਿੱਚ-ਸੰਮਤ ਮੈਨੂੰ ਭੁੱਲ ਗਿਆ ਹੈ-ਬੱਤੀ, ਚੌਤੀ, ਪੈਂਤੀ ਸਾਲ ਹੋ ਗਏ ਹੋਣਗੇ। ਉੱਥੇ ਭਾਈ ਈਸ਼ਰ ਸਿੰਘ ਜੀ ਇੱਕ ਆਪਣੇ ਹਕੀਮ ਹੁੰਦੇ ਸਨ, ਉਹ ਉੱਥੇ ਜਾਂਦੇ ਹੁੰਦੇ ਸਨ। ਉਹਨਾਂ ਨੇ ਦੱਸਿਆ ਕਿ ਹੈਦਰਾਬਾਦ ਦਾ ਇੱਕ ਹਿੰਦੂ ਹਕੀਮ ਆਇਆ-

ਹੈਦਰਾਬਾਦ ਸਿੰਧ ਤੋਂ—ਜਿਸ ਨੇ ਆ ਕੇ ਇੱਕ ਰੱਤੀ ਪਾਰਾ ਪਾਣੀ ਉੱਤੇ ਪਾਇਆ ਔਰ ਪੰਜ ਸੇਰ ਪੱਕਾ ਵੱਟਾ ਉੱਤੇ ਰੱਖ ਦਿੱਤਾ। ਜਿਸ ਤਰ੍ਹਾਂ ਲੋਕ ਧਾਤ ਮਾਰਦੇ ਹਨ, ਪਾਣੀ ਉੱਤੇ ਸੁੱਟ ਕੇ, ਉੱਤੇ ਦਾਣੇ ਧਰਦੇ ਸਨ। ਕੋਈ-ਕੋਈ ਸੱਜਣ ਜਿਨ੍ਹਾਂ ਦੇਖੇ ਨੇ, ਉਹ ਜਾਣਦੇ ਹਨ ਕਿ ਦਾਣੇ ਚੁੱਕਦੀ ਹੈ ਕਿ ਨਹੀਂ। ਲੇਕਿਨ ਉਸ ਦੇ ਪਾਰੇ 'ਚ ਐਸੀ ਤਾਕਤ ਸੀ, ਕਿ ਪੰਜ ਸੇਰ ਪੱਕਾ ਵੱਟਾ ਇੱਕ ਰੱਤੀ ਪਾਰੇ ਨੇ ਚੁੱਕ ਲਿਆ। ਉਸ ਨੇ ਕਿਹਾ, ''ਮੈਂ ਇੱਕ ਰੱਤੀ ਹੋਰ ਪਾ ਦਿਆਂ ਤਾਂ ਪੰਦਰਾਂ ਸੇਰ ਚੁੱਕ ਜਾਏਗਾ।''

ਇਸੇ ਤਰ੍ਹਾਂ ਹੀ ਹਕੀਮ ਅਜਮਲ ਖਾਂ ਨੇ ਫੌਲਾਦ ਰੱਖਿਆ। ਉਹਨੇ ਵੀ ਪੰਜ ਸੇਰ ਪੱਕਾ ਚੁੱਕ ਲਿਆ। ਇੱਕ ਰਤੀ ਚੀਜ਼ ਸੇਰ ਪੱਕਾ ਵਜ਼ਨ ਚੁਕਦੀ ਹੈ। ਤੁਸੀਂ ਗਿਣ ਕੇ ਦੇਖੋ ਕਿ ਅੱਠ ਰੱਤੀਆਂ ਦਾ ਮਾਸਾ, ੧੨ ਮਾਸਿਆਂ-੯੬ ਰਤੀਆਂ ਦਾ ਇੱਕ ਤੋਲਾ ਬਣਦਾ ਹੈ। ਛਿਅਤਰ (੭੬) ਸੌਵਾਂ ਹਿੱਸਾ ਇੱਕ ਸੇਰ ਦਾ ਬਣਿਆ, ਤੇ ਇਹਨੂੰ ਪੰਜ ਗੁਣਾ ਕਰ ਲਈਏ ਫਿਰ ਕਿੱਥੇ ਜਾਵਾਂਗਾ-ਸੱਤੂ-ਪਾਂਜੇ, ਪੈਂਤੀ ਹਜ਼ਾਰ ਤੇ ਛੇ ਪਾਂਜੇ ਤੀਹ ਤਿੰਨ ਹੋਰ ਅਠੱਤੀ, ਚਾਲੀ ਹਜ਼ਾਰ ਦਾ ਹਿੱਸਾ, ਇਕੋਂ ਚੀਜ਼ ਜਿਹੜੀ ਹੈ ਚਾਲੀ ਹਜ਼ਾਰ ਗੁਣਾਂ ਭਾਰ ਚੁੱਕ ਲੈਂਦੀ ਹੈ। ਫਿਰ ਇਹਦਾ ਪ੍ਰਮਾਣ ਸਾਨੂੰ ਭਾਈ ਗੁਰਦਾਸ ਜੀ ਕੋਲੋਂ ਮਿਲਦਾ ਹੈ।

*ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ।*
*ਦੇਵ ਲੋਕ ਨੋ ਚਲਿਆ ਗਣ ਗੰਧਰਬ ਸਭਾ ਸੁਖਵਾਸੀ।*
*ਜਮਪੁਰਿ ਗਇਆ ਪੁਕਾਰ ਸੁਣਿ ਵਿਲਲਾਵਨਿ*[20] *ਜੀਅ ਨਰਕ ਨਿਵਾਸੀ।*
*ਧਰਮ ਰਾਇ ਨੋ ਆਖਿਓਨੁ ਸਭਨਾ ਦੀ ਕਰਿ ਬੰਦ ਖਲਾਸੀ।*
*ਕਰੇ ਬੇਨਤੀ ਧਰਮਰਾਇ ਹਉ ਸੇਵਕੁ ਠਾਕੁਰੁ ਅਬਿਨਾਸੀ।*

ਮਹਾਰਾਜ ਮੈਂ ਤਾਂ ਸੇਵਕ ਹਾਂ। ਇਹਨਾਂ ਨੇ ਪਾਪ ਕੀਤੇ ਹੋਏ ਹਨ। ਕਹਿੰਦੇ, ''ਲਿਆ ਫੇਰ ਤਕੜੀ'' :-

*ਗਹਿਣੇ ਧਰਿਓਨੁ ਇਕੁ ਨਾਉ*

ਇਹ ਲੋਕ ਜਿਹੜੇ ਇੱਥੇ ਦੁਕਾਨਾਂ ਗਹਿਣੇ ਧਰਦੇ ਹਨ, ਜਿਹੜੇ ਜ਼ਮੀਨ ਗਹਿਣੇ ਧਰਦੇ ਹਨ ਉਨ੍ਹਾਂ ਨੂੰ ਪਤਾ ਹੈ ਕਿ ਦਸ ਹਜ਼ਾਰ ਦੀ ਚੀਜ਼

ਪੰਜ ਹਜ਼ਾਰ 'ਚ ਗਹਿਣੇ ਧਰੀ ਜਾਂਦੀ ਹੈ।

*ਗਹਿਣੇ ਧਰਿਓਨੁ ਇਕ ਨਾਉ ਪਾਪਾ ਨਾਲਿ ਕਰੈ ਨਿਰ ਜਾਸੀ*[੨੧]
*ਪਾ ਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ।*

ਨਾਮ ਦਾ ਪਲੜਾ ਉੱਚਾ ਚੁੱਕਿਆ ਗਿਆ।

*ਨਰਕਹੁ ਛੁਟੇ ਜੀਅ ਜੰਤ ਕਟੀ ਗਲਹੁੰ ਸਿਲਕ*[੨੨] *ਜਮ ਫਾਸੀ।*
*ਮੁਕਤਿ ਜੁਗਤਿ ਨਾਵੈ ਦੀ ਦਾਸੀ*[੨੩]*।*

*– ਵਾਰ ੧੦, ਪਉੜੀ ੫*

ਉਹ ਨਾਮ ਗੁਰੂ ਨਾਨਕ ਦੇਵ ਜੀ ਨੇ (੪੦) ਚਾਲੀ ਜੁਗ ਮਿਹਨਤ ਕਰਕੇ ਸਾਨੂੰ ਲਿਆ ਕੇ ਦਿੱਤਾ। ਅਸੀਂ ਏਡੇ ਨਾ ਸ਼ੁਕਰੇ, ਅਕਿਰਤਘਣ ਹਾਂ, ਜਿਹਨਾਂ ਉਸ ਸਤਿਗੁਰੂ ਦੇ ਨਾਮ ਦੀ ਕਦਰ ਨਹੀਂ ਜਾਣੀ ਔਰ ਨਾ ਹੀ ਨਾਮ ਜਪਦੇ ਹਾਂ–ਨਾਮ ਵੱਲ ਨਹੀਂ ਜਾਂਦੇ।

ਅਕਿਰਤਘਣ ਪੁਰਸ਼ ਦਾ ਦਰਜਾ ਕਿਹੋ ਜਿਹਾ ਹੈ? ਭਾਈ ਗੁਰਦਾਸ ਜੀ ਕਹਿੰਦੇ ਹਨ ਇੱਕ ਜਗ੍ਹਾ :–

*ਮਦ ਵਿਚਿ ਰਿਧਾ ਪਾਇ ਕੈ ਕੁਤੇ ਦਾ ਮਾਸੁ।*

ਪਾਣੀ ਨਹੀਂ ਪਾਇਆ, ਘਿਉ ਨਹੀਂ ਪਾਇਆ, ਸ਼ਰਾਬ ਦੇ ਵਿੱਚ ਕੁੱਤੇ ਦਾ ਮਾਸ ਰਿੰਨਿਆ, ਧਰਿਆ ਕਾਹਦੇ ਵਿਚ–

*ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ।*

ਮਨੁੱਖ ਦੀ ਖੋਪੜੀ ਸੱਜਰੀ 'ਚ ਲਿਆ ਕੇ ਜਿਹੜੀ 'ਚੋਂ ਬੋ ਆਉਂਦੀ ਸੀ।

*ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ।*

ਲਹੂ ਦਾ ਭਰਿਆ ਹੋਇਆ ਕਪੜਾ, ਕਿਹੜੇ ਲਹੂ ਦਾ—ਗੁਰੂ ਜੀ ਕਹਿੰਦੇ ਹਨ, **ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ**—ਉਹ ਮਹੀਨੇ ਬਾਅਦ ਜਿਹੜੀ ਮਾਈਆਂ ਨੂੰ ਤਕਲੀਫ ਹੁੰਦੀ ਹੈ, ਉਹ ਲਹੂ।

ਹੁਣ ਤੇ ਸਾਨੂੰ ਪਤਾ ਨਹੀਂ, ਕਿਉਂਕਿ ਹੁਣ ਅੰਗਰੇਜ਼ੀ ਸਭਿਅਤਾ ਨੇ ਆ ਕੇ ਲੋਕਾਂ 'ਚ ਪਵਿੱਤਰਤਾ ਨਹੀਂ ਰਹਿਣ ਦਿੱਤੀ, ਨਹੀਂ ਤੇ ਸਾਡੀਆਂ ਮਾਈਆਂ–ਬੀਬੀਆਂ ਉਨਾਂ ਚਿਰ ਲੰਗਰ ਨੂੰ ਹੱਥ ਨਹੀਂ ਸਨ ਲਾਉਂਦੀਆਂ। ਅਜੇ ਵੀ ਜਿਨ੍ਹਾਂ ਨਾਮਧਾਰਨਾਂ ਨੂੰ ਇਸ ਗੱਲ ਦਾ ਪਤਾ ਹੈ–ਇਸ਼ਨਾਨ ਕਰਨ

ਤੋਂ, ਅਰਦਾਸ ਕਰਨ ਤੋਂ ਬਗੈਰ, ਭਾਂਡਿਆਂ ਨੂੰ ਹੱਥ ਨਹੀਂ ਸਨ ਲਾਉਂਦੀਆਂ, ਬਾਹਰ ਰਹਿੰਦੀਆਂ ਸਨ—ਲੰਗਰ ਤੋਂ।

ਓਸ ਰੱਤ ਦਾ ਭਰਿਆ ਹੋਇਆ ਕਪੜਾ ਉੱਤੇ ਪਾਇਆ ਹੋਇਆ ਹੈ ਤੇ,

*ਢਕਿ ਲੈ ਚਲੀ ਚੂਹੜੀ*—ਚੂਹੜੀ ਲੈ ਕੇ ਚਲੀ, ਉਹਨੇ ਇਸ਼ਨਾਨ ਪਾਣੀ ਕੀਤਾ ਸੀ-ਨਹੀਂ।

*ਕਰਿ ਭੋਗ ਬਿਲਾਸੁ*—ਉਹ ਵੀ ਵਿਸ਼ੇ ਵਿਕਾਰ 'ਚ ਲਿਬੜੀ ਹੋਈ ਸੀ-ਉਸੇ ਤਰ੍ਹਾਂ।

*ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ।*

ਰਸਤੇ ਵਿੱਚ ਪੁੱਛਿਆ ਕਿਸੇ ਨੇ, ਕੀ ਢੱਕੀ ਲਜਾਂਦੀ ਹੈਂ? ਉਹ ਕਹਿੰਦੀ ਹੈ-

*ਨਦਰੀ ਪਵੈ ਅਕਿਰਤਘਣੁ ਮਤੁ ਹੋਇ ਵਿਣਾਸੁ।*

*- ਵਾਰ ੩੫, ਪਉੜੀ ੯*

ਜੇ ਕਿਸੇ ਅਕਿਰਤਘਣ ਦੀ ਨਿਗਾਹ ਨਾ ਪੈ ਜਾਏ, ਖਰਾਬ ਹੋ ਜਾਏਗਾ-ਇਹ ਖਾਣਾ ਮੇਰਾ।

ਧਿਆਨ ਦਿਉ-ਅਕਿਰਤਘਣ-ਅਸੀਂ ਜਿਹੜੇ ਸਤਿਗੁਰੂ ਦੀ ਕੀਤੀ ਨੂੰ ਨਹੀਂ ਜਾਣਦੇ। ਜੋ ਕੁਝ ਸਾਨੂੰ ਦਿੱਤਾ ਹੈ, ਸਾਨੂੰ ਧਿਆਨ ਨਹੀਂ। ਕਿਸੇ ਨੂੰ ਜ਼ਮੀਨ, ਕਿਸੇ ਨੂੰ ਵਪਾਰ, ਕਿਸੇ ਨੂੰ ਔਰਤ, ਕਿਸੇ ਨੂੰ ਹੋਰ ਕੁਛ ਨਹੀਂ ਤਾਂ ਈਰਖਾ ਹੀ ਸਹੀ, ਕਿ ਕਿਸੇ ਨਾਲ ਜ਼ਿਦ ਹੀ ਕਰਦੇ ਰਹੀਏ। ਭਾਈ ਲਾਭ ਸਿੰਘ ਹੋਰੀਂ ਨੇ, ਇਹ ਕਿਉਂ ਵੱਡੇ ਹੋ ਗਏ, ਇਹਨਾਂ ਨੇ ਆਹ ਗੱਲ ਕਹੀ ਹੈ; ਬੂੜ ਸਿੰਘ ਨੇ ਇਹ ਕਹੀ ਹੈ; ਫਲਾਣੇ ਨੇ ਇਹ ਕਹਿ ਦਿੱਤੀ ਹੈ; ਉਹ ਅਕਾਲੀ ਹੈ; ਉਹਨੇ ਮੈਨੂੰ ਆਹ ਕਿਹਾ ਸੀ-ਏਸੇ ਗੱਲ ਨੇ ਸਾੜ ਦਿੱਤੇ।

*ਜਗ ਮਹਿ ਕ੍ਰੋਧ ਬੜੋ ਦੁਖਦਾਈ;*
*ਪਹਿਲੇ ਆਗ ਲਗੇ ਤਨੁ ਆਪਣੇ ਪਾਛੇ ਅਵਰ ਜਲਾਈ।*

ਕਿਸੇ ਨੂੰ ਤੇ ਸਾੜਦਾ ਹੀ ਸਾੜੂ ਪਹਿਲਾਂ ਆਪਣਾ ਅੰਦਰ ਤੇ ਸੜੂਗਾ ਹੀ-ਬਗੈਰ ਕਿਸੇ ਮਤਲਬ ਤੋਂ। ਉਹ ਅਕਿਰਤਘਣ ਪੁਰਸ਼ ਜਿਸ ਨੂੰ ਭਾਈ ਗੁਰਦਾਸ ਕਹਿੰਦੇ ਹਨ :-

*ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ[੨੪]।*
*ਨਾ ਤਿਸੁ ਭਾਰੇ ਕੋਟ ਗੜ੍ਹ[੨੫] ਘਰ ਬਾਰ ਦਿਸੰਦੇ।*
*ਨਾ ਤਿਸੁ ਭਾਰੇ ਸਾਇਰਾਂ[੨੬] ਨਦ ਵਾਹ ਵਹੰਦੇ।*
*ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।*
*ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ।*

ਤਾਂ ਫਿਰ ਭਾਰਾ ਕੀ ਹੈ ? –ਧਰਤੀ ਕਹਿੰਦੀ ਹੈ ਮਹਾਰਾਜ :–

*ਭਾਰੇ ਭੁਈਂ[੨੭] ਅਕਿਰਤਘਣ[੨੮] ਮੰਦੀ ਹੂ ਮੰਦੇ।।*

*– ਵਾਰ ੩੫, ਪਉੜੀ ੮*

ਕਵੀ ਕਾਲਾ ਸਿੰਘ ਜੀ ਨਾਮਧਾਰੀਆਂ ਵਿੱਚ ਕਵੀ ਹੋਏ ਨੇ ਜਿਨ੍ਹਾਂ ਨੂੰ ਮੈਂ ਆਪਣੇ ਹਿਸਾਬ ਨਾਲ ਦੂਜੇ ਕਵੀ ਕਹਿ ਸਕਦਾਂ। ਪਹਿਲੇ ਚੰਦਾ ਸਿੰਘ ਜੀ ਨੇ ਬਾਰਾਂਮਾਹ ਬਣਾਇਆ, ਫੇਰ ਕਾਲਾ ਸਿੰਘ ਜੀ ਨੇ ਉੱਥੇ ਲਿਖਿਆ ਹੈ :–

*ਜੀਹਨੂੰ ਆਖਦੇ ਅਕਾਲ, ਸੁਰਗ ਲੋਕ ਤੇ ਪਇਆਲ[੨੯],*
*ਸੋਈ ਪ੍ਰਗਟਿਆ ਗੁਪਾਲ, ਰਾਮ ਸਿੰਘ ਜੋ ਕਹਾਂਵਦਾ।*
*ਜਿਹੜਾ ਸੁਣੀਂਦਾ ਸੀ ਦੂਰ, ਸੋਈ ਦੇਖਿਆ ਹਜੂਰ,*
*ਜੀਕੂੰ ਪਾਣੀ ਉੱਤੇ ਬੂਰ, ਪਉਣ ਛਿਨ ਮੈਂ ਹਟਾਵਦਾ।*
*ਕੀਤੀ ਧਰਤ ਨੇ ਪੁਕਾਰ, ਜੀ ਮੈਂ ਹੋਈਆਂ ਲਾਚਾਰ,*
*ਮੈਂਨੂੰ ਦੇਣਾ ਜੀ ਦੀਦਾਰ, ਭਾਰ ਚੁਕਿਆ ਨਹੀਂ ਜਾਂਵਦਾ।*
*ਸੁਣੀ ਅਰਜੋਈ, ਮਹਾਰਾਜ ਮੰਨੀ ਸੋਈ,*
*ਫਿਰ ਧਾਰਕੇ ਅਵਤਾਰ ਤੇ ਧਰਤ ਉਤੇ ਆਂਵਦਾ।*

ਪੜ੍ਹੋ ਦਸਮ ਗ੍ਰੰਥ ਕਲਕੀ ਅਵਤਾਰ ਦਾ ਹਾਲ,

**ਭਾਰਾ[੩੦] ਕ੍ਰਿਤ ਹੋਤ ਜਬ ਧਰਣੀ।**
**ਪਾਪ ਗ੍ਰਸਤ[੩੧] ਕਛੂ ਜਾਤ ਨ ਬਰਣੀ[੩੨] ।**

*– ਦਸਮ ਗ੍ਰੰਥ, ਪੰਨਾ–੫੭੧*

ਗਊ ਦਾ ਰੂਪ ਧਾਰਕੇ ਧਰਤੀ ਪੇਸ਼ ਹੁੰਦੀ ਹੈ– ਕਹਿੰਦੀ ਹੈ, ''ਹੇ ਮਹਾਰਾਜ ਮੇਰੇ ਕੋਲੋਂ ਭਾਰ ਚੁੱਕਿਆ ਨਹੀਂ ਜਾਂਵਦਾ–ਅਕਿਰਤਘਣਾਂ ਦਾ।''

ਆਪਣੇ ਆਪ 'ਚ ਝਾਤੀ ਮਾਰੀਏ ਦੂਸਰੇ ਨੂੰ ਕਹੀਦਾ ਹੈ, ਮੈਂ ਸਿੱਖਿਆ ਦੇਨਾਂ ਹਾਂ—ਭਾਈ ਐਉਂ ਕਰੋ। ਦੂਸਰਾ ਕਹਿੰਦਾ ਹੈ—ਤੂੰ ਐਉਂ ਨਹੀਂ ਕਰਦਾ। ਜ਼ਰਾ ਆਪਣੇ ਅੰਦਰ ਝਾਤੀ ਮਾਰੀਏ ਕੀ ਕਰਦੇ ਹਾਂ?

ਫਰੀਦ ਜੀ ਕਹਿੰਦੇ –

**ਫਰੀਦਾ ਜੇ ਤੂ ਅਕਲਿ ਲਤੀਫੁ[੩੩] ਕਾਲੇ[੩੪] ਲਿਖੁ ਨ ਲੇਖੁ॥**
**ਆਪਨੜੇ[੩੫] ਗਿਰੀਵਾਨ[੩੬] ਮਹਿ ਸਿਰੁ ਨੀਂਵਾਂ ਕਰਿ ਦੇਖੁ॥**

*– ਪੰਨਾ-੧੩੭੮*

ਆਪਣੇ ਅੰਦਰ ਦੀ ਮਾਰ ਝਾਤੀ, ਦੇਖ ਕੀ ਕਰਦਾ ਹੈਂ ? ਭਾਈ ਸੱਜਣੋਂ ਤੁਸੀਂ ਸਤਿਗੁਰੂ ਦੇ ਸਿੱਖ ਸਦਾਉਂਦੇ ਹੋ। ਸਾਨੂੰ ਮੋਹਰ ਛਾਪ ਸਤਿਗੁਰੂ ਦੀ ਹੈ। ਸਤਿਗੁਰੂ ਅੱਗੇ ਅਰਦਾਸ ਕਰਿਆ ਕਰੋ, ਸੱਚਿਆ ਪਾਤਸ਼ਾਹ; ''ਸਾਨੂੰ ਬਖਸ਼ਿਸ਼ ਕਰ, ਜਿਹੜਾ ਤੇਰਾ ਹੁਕਮ ਹੈ ਤੇਰਾ ਨਾਮ ਜਪੀਏ ਤੇਰੀ ਬਾਣੀ ਪੜ੍ਹੀਏ।'' ਭਾਈ ਜੀ ਕਹਿੰਦੇ ਨੇ :-

*ਰਾਤ ਮਿਟੀ ਹੋਈ ਪਰਭਾਤ।*

ਮਹਾਰਾਜ ਨੇ ਲਿਖਿਆ ਹੈ–**'ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ'**

ਗੁਰੂ ਰਾਮਦਾਸ ਜੀ ਰਾਗ ਪ੍ਰਭਾਤੀ ਵਿੱਚ ਕਹਿੰਦੇ ਹਨ :-

**ਹਮਰੇ ਜਗਜੀਵਨ ਹਰਿ ਪ੍ਰਾਨ॥**
**ਹਰਿ ਊਤਮੁ ਰਿਦ ਅੰਤਰਿ ਭਾਇਓ ਗੁਰਿ ਮੰਤੁ ਦੀਓ ਹਰਿ ਕਾਨ॥੧॥**

*– ਪ੍ਰਭਾਤੀ ਮ: ੪, ਪੰਨਾ-੧੩੩੫*

ਗੁਰੂ ਅਰਜਨ ਦੇਵ ਜੀ ਕਾਨੜਾ ਰਾਗ ਵਿੱਚ ਕਹਿੰਦੇ ਹਨ :-

**ਘਟਿ ਘਟਿ ਪੂਰਿ ਰਹੇ ਸੁਖ ਸਾਗਰ ਭੈ ਭੰਜਨ[੩੭] ਮੇਰੇ ਪ੍ਰਾਨ॥**
**ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ॥੧॥**

*– ਕਾਨੜਾ ਮ: ੫ ਪੰਨਾ-੧੩੦੨*

ਕਰਤਾਰ ਸਿੰਘ ਜੀ ਕਲਾਸ ਵਾਲੀਏ ਲਿਖਦੇ ਨੇ –

*ਫੂਕ ਕੰਨ ਦੇ ਵਿੱਚ ਅਜੇਹੀ ਮਾਰੀ ਬੰਦਾ ਗਿਦੜੋਂ ਸ਼ੇਰ ਬਣਾ ਦਿੱਤਾ।*

ਕੰਨ ਦੇ ਵਿੱਚ ਨਾਮ-'ਮੰਤਰ' ਸ਼ਬਦ ਹੈ।

ਮੰਤਰੀ ਧਾਤੂ ਹੈ ਸੰਸਕ੍ਰਿਤ ਸ਼ਬਦ, ਸੰਸਕ੍ਰਿਤ ਵਾਲੇ ਲੋਕ ਜਾਣਦੇ

ਹਨ–ਅਸੀਂ ਲੋਕਾਂ ਨੇ ਸੰਸਕ੍ਰਿਤ ਦੇ ਨੇੜੇ ਨਹੀਂ ਜਾਣਾ; ਇਹ ਹਿੰਦੂ ਲੋਕ ਹਨ ਇਨ੍ਹਾਂ ਦੀ ਬਾਣੀ ਨਹੀਂ ਵੇਖਣੀ; ਇਹ ਫਲਾਣਾ ਹੈ; ਇਹ ਕੂਕਾ ਹੈ; ਇਹ ਅਕਾਲੀ ਹੈ। ਜਿਹੜਾ ਇਹ ਗੱਲ ਕਹਿੰਦਾ ਹੈ-ਉਹ ਗਲਤ ਹੈ। ਨਫਰਤ ਨਾਲ ਹੀ ਫ਼ਰਕ ਹੈ, ਪ੍ਰੇਮ ਨਾ ਸਾਨੂੰ ਮਿਲਿਆ। ਮੰਤਰੀ ਧਾਤੂ ਹੈ-ਸੰਸਕ੍ਰਿਤ ਸ਼ਬਦ, ਸੰਸਕ੍ਰਿਤ ਭਾਸ਼ਾ ਹੈ, ਜਿਸਤੇ ਮੰਤਰ ਬਣਦਾ ਹੈ। ਮੰਤਰ ਉਹ ਹੈ ਜਿਹੜਾ–''ਨਾਮ ਮੰਤਰ ਗੁਰੂ ਹਿਰਦੇ ਵਸਿਓ।'' ਮੰਤਰ ਸ਼ਬਦ ਜਿਹੜਾ ਹੈ, ਉਹ ਕੰਨ ਵਿੱਚ ਦੱਸਿਆ ਜਾਂਦਾ ਹੈ।

*ਸਿੱਧ ਔਖਦੀ ਮਣੀ ਕੀਮੀਆਂ ਬੀਰ ਰੁ ਮੰਤਰ।*
*ਇਨਕੇ ਪ੍ਰਗਟ ਕਰੇ ਜਗਤ ਮੈਂ ਬਢੈ ਉਪਾਧੀ।*

*– ਪੰਥ ਪ੍ਰਕਾਸ਼, ਪੰਨਾ–੧੯੯੨*

*ਭੋਜਨ, ਭਜਨ, ਖਜਾਨਾ, ਨਾਰੀ, ਚਾਰੇ ਪੜਦੇ ਕੇ ਅਧਿਕਾਰੀ।*
ਇਹ ਉੱਚੀ ਨਹੀਂ ਕਰਨਾ। ਮਹਾਰਾਜ ਕਹਿੰਦੇ ਨੇ,

**ਊਚਾ ਨਹੀ ਕਹਣਾ ਮਨ ਮਹਿ ਰਹਣਾ**

*– ਰਾਮਕਲੀ ਮ:੧, ਪੰਨਾ–੯੭੭*

ਭਜਨ ਦੱਸਿਆ ਕੰਨ ਵਿੱਚ,
*ਰਾਤ ਮਿਟੀ ਹੋਈ ਪਰਭਾਤ*
ਚਾਨਣ ਹੋ ਗਿਆ–ਭਾਈ ਹਰਮੀਤ ਸਿੰਘ ਨੂੰ।
*ਲੋਕ ਕਹੇਂ ਜੋ ਤੁਰਕ ਕਲਾਮ।*

ਉਨ੍ਹਾਂ ਦਿਨਾਂ 'ਚ ਇਹ ਬੜੀ ਭਾਰੀ ਕਿਰਪਾ ਹੋਈ–ਹੋਈ ਸੀ, ਅੰਗਰੇਜ਼ ਦੀ ਮਿਹਰਬਾਨੀ ਨਾਲ–ਪੁਜਾਰੀਆਂ ਵਲੋਂ, ਕਿ ਕੂਕੇ ਕਲਾਮ ਪੜ੍ਹਦੇ ਨੇ, ਸਿਰ ਤਾਂ ਮਾਰਦੇ ਹਨ। ਸੂਤਰ ਉੱਤੇ, ਫੇਰ ਕੱਲ੍ਹ ਨੂੰ ਵਕਤ ਮਿਲਿਆ ਜੇ ਕੋਈ ਹੋਇਆ, ਫਿਰ ਮੈ ਅਰਜ਼ ਕਰਾਂਗਾ, ਸੂਤਰ ਕਿਸ ਚੀਜ਼ ਦਾ ਨਾਓਂ ਹੈ। ਕੱਲ੍ਹ ਦੱਸ ਹੀ ਦਿੱਤਾ ਸੀ ਕੁਝ ਸੰਤਾਂ ਨੇ, ਚੱਕਰਵਰਤੀ ਜੀ ਨੇ। ਕਹਿੰਦਾ—ਜੋ ਮੈਂ ਸੁਣਿਆ ਸੀ ਕਲਾਮ, ਗਿਆਨੀ ਗਿਆਨ ਸਿੰਘ ਜੀ ਕਹਿੰਦੇ ਹਨ :–

*ਕੋਊ ਜੋ ਕਹਿਤ ਥੇ ਕਲਾਮ ਦੀਨ ਸੱਯਦਾਨੀ,*

*ਸੋਊ ਸਭ ਕੂਰ ਹਮ ਪੇਖਲੋ ਅਜਮਾਏ ਕੈ।*

– *ਪੰਥ ਪ੍ਰਕਾਸ਼*

*ਮੋਕੋ ਮਿਲਾ ਮੰਤ ਸੁਖ ਧਾਮ।।੭੮।।*

ਭਾਈ ਸਾਹਿਬ ਕਹਿੰਦੇ ਨੇ ਮੈਨੂੰ ਮੰਤਰ ਮਿਲ ਗਿਆ, ਸੁੱਖਾਂ ਦਾ ਘਰ, ਸੁੱਖ ਪ੍ਰਾਪਤ ਹੋ ਗਿਆ।

*ਦੈ ਕਰ ਮੰਤ ਸੋ ਯੌ ਫੁਰਮਾਈ।*

ਮੈਨੰ ਦੱਸ ਕੇ ਭਜਨ, ਕਿਹਾ ਭਾਈ,

*ਬੈਠ ਜਪੋ ਘਰੀਆਂ ਦੋ ਢਾਈ।*

ਦੋ ਢਾਈ ਘੜੀਆਂ ਭਾਈ ਹਰਮੀਤ ਸਿੰਘ ਇੱਕ ਵੇਰ ਬੈਠ ਕੇ ਇਕਸਾਰ ਜਪੁ, ਕਰ ਭਜਨ, ਰਸਨਾ ਨੂੰ ਚਲਾ :-

*ਸ੍ਵਾਸ ਸ੍ਵਾਸ ਕਰ ਯਾਦ ਚਿਤਾਰੋ।*

ਹਰ ਸਵਾਸ ਖਾਲੀ ਨਾ ਜਾਣ ਦੇ।

*ਸਭ ਸੁਖ ਦੇਵੈ ਰਖਹਿ ਸੁਖਾਰੋ।।੭੯।।*

ਤੈਨੂੰ ਫਿਰ ਸੁਖ ਦੇਵੇਗਾ। ਜਿਹੜਾ ਨਾਮ ਨੂੰ ਕਿਸੇ ਸਵਾਸ ਨਹੀਂ ਵਿਸਾਰਦਾ, ਉਹ ਸੁਖੀ ਰਹਿੰਦਾ ਹੈ।

*ਸਭ ਸਿਖਿਆ ਆਛੇ ਸਮਝਾਈ।*

ਸਾਰੀ ਸਿਖਿਆ ਦਿੱਤੀ। ਮਾਸ ਨਹੀ ਪਾਣਾ, ਸ਼ਰਾਬ ਨਹੀਂ ਪੀਣੀ, ਠੱਗੀ ਨਹੀਂ ਕਰਨੀ, ਯਾਰੀ ਨਹੀਂ ਕਰਨੀ, ਝੂਠ ਨਹੀਂ ਬੋਲਣਾਂ ਕੇਸਾਂ ਨੂੰ ਉਸਤਰਾ ਕੈਂਚੀ ਨਹੀਂ ਲਾਉਣਾ ਕਿਸੇ ਦੀ ਚੀਜ਼ ਨਹੀਂ ਚੁਕਣੀ, ਕਿਸੇ ਦੀ ਚੀਜ਼ ਨਹੀਂ ਲੈਣੀ, ਜੇ ਡਿੱਗੀ ਪਈ ਹੋਵੇ ਤਾਂ ਵੀ ਹੋਕਾ ਦੇ ਕੇ ਦੇਣੀਂ।

*ਮਾਸ ਸ਼ਰਾਬ ਵਿਕਰਮ ਛੁਡਾਈ।*

ਮਾਸ, ਸ਼ਰਾਬ ਆਦਿਕ ਬੇਕਰਮ ਜਿਹੜੇ ਸੀ ਇਹ ਛੁਡਾਏ।

*ਮੈਂ ਬੈਠ ਯੋ ਗੁਰ ਬਾਹਰ ਆਏ।*

ਭਾਈ ਹਰਮੀਤ ਸਿੰਘ ਕਹਿੰਦਾ ਹੈ, ਮੈਂ ਗਿਆ ਬੈਠ, ਸਤਿਗੁਰੂ ਆ ਗਏ ਬਾਹਰ।

*ਉਠੋਂ ਨਹਿ, ਮੈਂ ਬਿਨਾ ਬੁਲਾਏ।।੮੦।।*

ਚਿਤ ਵਿੱਚ ਇਹ ਖਿਆਲ ਆਇਆ, ਸਤਿਗੁਰ ਜਿੰਨਾ ਚਿਰ ਹੁਕਮ ਨਾ ਦੇਣ ਮੈਂ ਉਠਣਾ ਨਹੀਂ।

*ਇਹ ਨਿਸਚਾ ਮੈਂ ਮਨ ਮੈ ਠਾਨਾ।*

ਨਿਸਚਾ ਕਰਕੇ ਮਨ ਵਿੱਚ ਬੈਠ ਗਿਆ, ਲੱਗਾ ਭਜਨ ਕਰਨ।

ਲਗਾ ਮੰਤ ਗੁਰ ਜਪਨ ਨਿਧਾਨਾ।

ਇੱਕ ਰਸ, ਨਿਧਾਨ-ਦਾ ਅਰਥ ਹੈ ਇੱਕ ਰਸ, ਲੱਗਾ ਗੁਰੂ ਦਾ ਜਪਣ-ਮੰਤਰ।

**ਰਾਮ ਰਸੁ ਪੀਆ ਰੇ।**
**ਜਿਹ ਰਸ ਬਿਸਰਿ ਗਏ ਰਸ ਅਉਰ।**

*- ਗਉੜੀ ਕਬੀਰ ਜੀ, ਪੰਨਾ-੩੩੭*

ਉਹ ਕਹਿੰਦੇ ਹਨ :-

**ਫਰੀਦਾ ਸਕਰ ਖੰਡੁ ਨਿਵਾਤ[੩੮] ਗੁੜੁ ਮਾਖਿਉ ਮਾਂਝਾ ਦੁਧੁ।**
**ਸਭੇ ਵਸਤੂ ਮਿਠੀਆਂ ਰਬ ਨ ਪੁਜਨਿ[੩੯] ਤੁਧੁ।**

*- ਪੰਨਾ-੧੩੭੯*

**- ਰਾਮ ਰਸੁ ਪੀਆ ਰੇ।**
**ਜਿਹ ਰਸ ਬਿਸਰਿ ਗਏ ਰਸ ਅਉਰ।**

*ਢਾਈ ਘੜੀਆਂ ਭਈ ਬਿਤੀਤ।*

ਢਾਈ ਘੜੀਆਂ ਬਿਤੀਤ ਹੋ ਗਈਆਂ, ਇੱਕ ਘੰਟਾ ਲੰਘ ਗਿਆ।

*ਬੋਲੇ ਗੁਰੂ ਹੇ ਸਿੰਘ ਹਰਮੀਤ।।੮੧।।*

ਸੱਚੇ ਪਾਤਿਸ਼ਾਹ ਕਹਿੰਦੇ ਨੇ-ਹੇ ਭਾਈ ਹਰਮੀਤ ਸਿੰਹਾਂ, ਤੂੰ ਜੋ ਚਿੱਤ 'ਚ ਧਾਰਿਆ ਸੀ ਮੈਂ ਬਿਨਾਂ ਬੁਲਾਏ ਨਹੀਂ ਉਠਣਾ।

*ਬਾਹਰ ਆ ਬੈਠੋ ਗੁਰ ਪਿਆਰੇ।*

ਗੁਰੂ ਕੇ ਪਿਆਰਿਆ, ਆ ਬਾਹਰ, ਆ ਬੈਠ।

*ਮੈਂ ਅਬ ਤੁਝ ਕੋ ਕੀਆ ਹਕਾਰੇ।*

ਮੈਂ ਹੀ ਤੈਨੂੰ ਬੁਲਾਇਆ ਹੈ, ਤੂੰ ਜੋ ਕਿਹਾ ਸੀ ਚਿਤ 'ਚ, ਕਿ ਮੈਂ ਉਨ੍ਹਾਂ ਚਿਰ ਬਾਹਰ ਨਹੀਂ ਜਾਣਾ।

*ਹੋਯੋ ਸੁਣਤੇ ਹੀ ਹੈਰਾਨ।*

ਸੁਣ ਕਰਕੇ ਹੈਰਾਨ ਹੋਇਆ, ਮਨ ਅਸਚਰਜ ਹੋਇਆ।

*ਗੁਰੂ ਰਾਮ ਸਿੰਘ ਜਾਣੀ ਜਾਣ।।੮੨।।*

ਸਤਿਗੁਰੂ ਜਾਣੀ ਜਾਣ ਹੈ।

*ਮੋ ਮਨ ਕੀ ਲਖ ਮੋਹਿ ਬੁਲਯੋ।*

ਮੇਰੇ ਮਨ ਦੀ ਜਾਣ ਕੇ ਮੈਨੂੰ ਸੱਦ ਲਿਆ ਹੈ।

*ਨਿਕਸ ਨਿੰਮ੍ਰ; ਪਗ ਸੀਸ ਨਿਵਾਯੋ।*

ਬਾਹਰ ਨਿਕਲਿਆ ਚਰਨਾਂ ਉੱਤੇ ਨਮਸ਼ਕਾਰ ਕੀਤੀ।

*ਕਾਰਨ ਕਰਨ ਹਾਰ ਗੁਰੂ ਮਿਲੇ।*

ਜਗਤ ਜੋ ਹੈ ਕਾਰਣ, ਇਸਨੂੰ ਕਰਨ ਵਾਲੇ ਸਤਿਗੁਰੂ ਮਿਲ ਗਏ -ਜਗਤ ਦੇ ਰਚਣ ਵਾਲੇ।

**ਹਰਨ ਭਰਨ ਜਾ ਕਾ ਨੇਤ੍ਰ ਫੋਰ।**

*- ਮ: ੫, ਪੰਨਾ-੨੮੪*

*ਦੇਖਤ ਹੀ ਮਨ ਮੀਟਾ ਖਿਲੇ।।੮੩।।*

ਜਿਨ੍ਹਾਂ ਦੇ ਦਰਸ਼ਨ ਨਾਲ ਕੌਲ ਜਿਹੜਾ ਸੀ ਨ, ਮੀਟਿਆ ਹੋਇਆ, ਉਹ ਖਿਲ ਗਿਆ।

*ਦੋਹਿਰਾ।। ਮਿਲਾ ਸੰਤ ਯੋ ਧਿਆਨ ਸਿੰਘ ਲਾਲ ਅਮੋਲਕ ਮੋਹਿ।*

ਭਾਈ ਧਿਆਨ ਸਿੰਘ ਜੀ ਨੂੰ ਕਹਿ ਰਹੇ ਹਨ—ਭਾਈ ਧਿਆਨ ਸਿੰਘ ਜੀ ! ਮੈਨੂੰ ਅਮੋਲਕ ਲਾਲ ਮਿਲਿਆ। ਗੁਰੂ ਜੀ ਕਹਿੰਦੇ ਨੇ :-

**ਲਾਲ ਅਮੋਲਾ ਲਾਲੋ। ਅਗਹ ਅਤੋਲਾ ਨਾਮੋ।।**

*- ਮਾਰੂ ਮ: ੫, ਪੰਨਾ-੧੦੦੬*

## ਨਾਮ ਅਮੋਲਕ ਲਾਲ

ਉਹ ਨਾਮ ਅਮੋਲਕ ਲਾਲ, ਮੁੱਲ ਵਾਲੀਆਂ ਚੀਜ਼ਾਂ ਤੇ ਹਨ। ਗੁਰੂ ਨਾਨਕ ਦੇਵ ਦੀ ਜਨਮ ਸਾਖੀ ਵਿੱਚ ਲਿਖਿਆ ਹੈ ਕਿ ਇੱਕ ਲਾਲ ਮਹਾਰਾਜ ਨੇ ਦਿੱਤਾ, ਮਰਦਾਨੇ ਨੂੰ, ਕਿਹਾ, ''ਜਾਹ-ਲੈ ਕੇ, ਜਾਹ ਸ਼ਹਿਰ ' ਚ ਵੇਚ ਆ''।

ਮਰਦਾਨਾ ਜਿਸ ਵੇਲੇ ਸ਼ਹਿਰ ਨੂੰ ਗਿਆ ਤਾਂ ਅਗਲਿਆਂ ਨੇ ਸੌ (੧੦੦) ਰੁਪੱਏ ਭੇਟਾ ਦਿੱਤੀ ਤੇ ਕਿਹਾ, ''ਮਹਾਰਾਜ ਇਹ ਤਾਂ ਇਹਦੇ ਦਰਸ਼ਨ ਦੀ ਭੇਟਾ ਹੈ-ਇਸਦਾ ਮੁੱਲ ਨਹੀਂ ਦੇ ਸਕਦੇ''।

ਸੋ ਭਾਈ ਜਿਹੜੇ ਨਾਮ ਜਪਦੇ ਹਨ, ਉਸਨੂੰ ਕਿਸੇ ਚੀਜ਼ ਦਾ ਘਾਟਾ ਨਹੀਂ ਰਹਿੰਦਾ। ਨਾਮ ਦੀ ਜਿਹੜੀ ਚੀਜ਼ ਹੈ, ਨਾਮ ਦਾ ਕੋਈ ਮੁੱਲ ਨਹੀਂ ਪਾ ਸਕਦਾ। ਨਾਮ ਸਤਿਗੁਰੂ ਨੇ ਬਣਾਇਆ ਹੀ ਅਮੋਲਕ ਹੈ, ਜਿਹਦਾ ਮੁੱਲ ਕੋਈ ਹੈ ਹੀ ਨਹੀਂ। ਕੋਈ ਚੀਜ਼ ਇਹਦੇ ਬਰਾਬਰ ਬਣਾਈ ਹੀ ਨਹੀਂ।

*ਗੁਰ ਚਰਿਤ੍ਰ ਜੇ ਜੇ ਦਿਖੇ ਔਰ ਸੁਣਾਵੋ ਤੋਹਿ।।੮੪।।*

ਅੱਗੋਂ ਕਹਿੰਦੇ ਨੇ ਇਸ ਤਰ੍ਹਾਂ ਮੈਨੂੰ ਮੰਤਰ ਮਿਲਿਆ-ਨਾਮ, ਔਰ ਮੈਂ ਅੱਗੋਂ ਜਿਹੜੇ ਸਤਿਗੁਰਾਂ ਦੇ ਚਰਿਤ੍ਰ ਦੇਖੇ ਹਨ, ਮੈਂ ਉਹ ਤੁਹਾਨੂੰ ਦੱਸਾਂਗਾ :-

*ਯੌ ਭਾਈ ਹਰਿਮੀਤ ਸਿੰਘ ਗੁਰੂ ਸੈਲ ਕੀ ਗਾਥ।*

ਇਹ ਕਥਾ ਭਾਈ ਹਰਮੀਤ ਸਿੰਘ ਜੀ ਨੇ ਦੱਸੀ ਕਿ ਕਿਸ ਤਰ੍ਹਾਂ ਉਨ੍ਹਾ ਨੂੰ ਸਤਿਗੁਰੂ ਮਿਲੇ।

*ਆਗੇ ਭਾਖੈ ਸੋ ਲਿਖੌਂ ਸੁਣੌ ਮੀਤ ਹਿਤ ਸਾਥ।।੮੫।।*

ਅੱਗੋਂ ਜੋ ਕੁਝ ਭਾਈ ਸਾਹਿਬ ਕਹਿਣਗੇ, ਕਹਿੰਦੇ ਨੇ ਕਿ ਮੈਂ ਲਿਖਾਂਗਾ। ਹੇ ਮਿੱਤਰੋ ਪ੍ਰੇਮ ਨਾਲ ਸੁਣੋ। ਅਧਿਆਇ ਸੰਪੂਰਨ ਹੋ ਗਿਐ।

ਸਾਧ ਸੰਗਤ ਅੱਗੇ ਅਰਜ਼ ਬੇਨਤੀ ਹੈ, ਕ੍ਰਿਪਾ ਕਰਕੇ ਤੜਕੇ ਇਸ਼ਨਾਨ ਕਰਕੇ ਵੇਲੇ ਨਾਲ ਆ ਜਾਇਆ ਕਰੋ। ਕੋਈ ਇੱਕ ਘੰਟਾ ਤਾਂ ਆਪਾਂ ਟਿਕ ਕੇ ਬਹਿ ਜਾਈਏ, ਜਿਸਦੇ ਵਿੱਚ ਹਿਲ ਜੁਲ ਨਾ ਰਹੇ, ਤੇ ਪਹਿਰੇ ਵਾਲਿਆਂ ਅੱਗੇ ਇਹ ਅਰਜ਼ ਬੇਨਤੀ ਹੈ ਜਿਹੜੇ ਸਿੰਘ ਨਾਮਧਾਰੀਆਂ ਤੋਂ ਬਿਨਾਂ ਆਉਂਦੇ ਹਨ, ਉਹਨਾਂ ਨੂੰ ਉੱਥੇ ਬਿਠਾ ਦੇਣ, ਤੇ ਜਿਹੜੀਆਂ ਮਾਈਆਂ ਆਉਣ ਉਨ੍ਹਾਂ ਨੂੰ ਉੱਥੇ ਹੀ ਬਿਠਾ ਦੇਣ। ਉਹ ਮੱਥਾ ਟੇਕਣ ਦੀ ਉਸ ਵੇਲੇ ਖੇਚਲ ਨਾ ਕਰਨ।

ਅੱਗੇ ਕਿਹੜੇ ਸਾਡੇ ਮਨ ਇਹੋ ਜਿਹੇ ਨੇ ਜਿਹੜੇ ਜਦੋਂ ਚਾਹੀਏ ਉਦੋਂ ਟਿਕ ਜਾਣ, ਐਵੇਂ ਕਿਤੇ ਸਾਧ-ਸੰਗਤ ਦੀ ਕ੍ਰਿਪਾ ਨਾਲ ਕਿਤੇ ਕੋਈ ਥੋੜ੍ਹਾ ਬਹੁਤ ਮਿੰਟ ਦੋ ਮਿੰਟ ਲਗਦਾ ਹੈ, ਉਹ ਫਿਰ ਹਿਲ ਜੁਲ ਹੋ ਜਾਂਦੀ ਹੈ,

ਹਿਲਦਾ ਹੈ, ਤਾਂ ਸਤਿਗੁਰੂ ਅੱਗੇ ਅਰਦਾਸ ਕਰਿਆ ਕਰੋ ਤੇ ਸਾਧ-ਸੰਗਤ ਵੀ ਅਰਦਾਸ ਕਰੇ, ਭਾਈ ਮੈਨੂੰ ਜੇ ਕਥਾ ਕਰਨ ਲਾਉਂਦੇ ਹੋ ਤਾਂ ਇਸਨੂੰ ਸਿਰੇ ਚੜ੍ਹਾਉਣ ਵਾਲਾ ਤੁਸਾਂ ਨੇ ਬਣਾਨਾ ਹੈ, ਜਿਹੜੀ ਮੈਂ ਕਹਾਂ ਮੇਰੇ ਨਾਲ ਵੀ ਵਰਤੇ। ਇਹ ਨਾ ਹੋਵੇ, ਮੈਂ ਤੁਹਾਨੂੰ ਕਹਿੰਦਾ ਰਵ੍ਹਾਂ ਤੇ ਕੁਝ ਨਾ ਸਿਰੇ ਚੜ੍ਹੇ। ਸਾਧ-ਸੰਗਤ ਦੀ ਕ੍ਰਿਪਾ ਮੈਂ ਉੱਥੇ (ਦੇਸ ਵਿੱਚ) ਹੁਣ ਕਥਾ ਨਹੀਂ ਕਰਦਾ। ਮੇਰਾ ਚਿਤ ਨਹੀਂ ਕਥਾ ਕਰਨ ਨੂੰ ਮੰਨਦਾ, ਕਿਉਂਕਿ ਜੇ ਪੂਰਾ ਨਾ, ਹੋਵੇ ਕੰਮ ਤਾਂ ਸਵਾਦ ਨਹੀਂ ਆਉਂਦਾ ਤੇ ਇਥੇ ਸਾਧ-ਸੰਗਤ ਦਾ ਮੈਂ ਹੁਕਮ ਨਹੀਂ ਮੋੜ ਸਕਦਾ। ਸਾਧ ਸੰਗਤ ਇਹ ਕ੍ਰਿਪਾ ਕਰੇ ਜੇ ਕਥਾ ਕਰਾਉਂਦੀ ਹੈ ਤੇ ਕਰਨ ਵਾਲੇ ਬਣਾਈ ਰੱਖੇ :-

**ਹੇ ਅਚੁਤ[੪੦] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ[੪੧]॥**
**ਹੇ ਪੂਰਨ ਹੇ ਸਰਬ[੪੨] ਮੈ ਦੂਖ ਭੰਜਨ[੪੩] ਗੁਣਤਾਸ[੪੪]॥**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੪੫] ਸਭ ਟੇਕ[੪੬]॥**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ[੪੭]॥**
**ਹੇ ਅਪਰੰਪਰ[੪੮] ਹਰਿ ਹਰੇ ਹਹਿ[੪੯] ਭੀ ਹੋਵਨ ਹਾਰ[੫੦]॥**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੫੧] ਆਧਾਰ॥**
**ਹੇ ਠਾਕੁਰ ਹਉ ਦਾਸਰੋ[੫੨] ਮੈ ਨਿਰਗੁਨ ਗੁਨੁ ਨਹੀ ਕੋਇ॥**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ॥੫੫॥**

*-ਪੰਨਾ-੨੬੧*

**- ਜਾਹੀ ਕੁਲ ਤੇ ਪ੍ਰਗਟ ਹੋਏ ਤਾਹੀਂ ਕੁਲ ਕੋ ਨਾਮ।**
**ਪੁੰਨ ਦੁਆਦਸ ਗੁਰਿੰਡ ਕੋ ਮੇਰੀ ਹੈ ਪਰ ਨਾਮ।**

## ਟਿੱਪਣੀਆਂ

### ੧* ਜੁਗਾਵਲੀ

| ਅਖਰ | | ਜੁਗ ਦਾ ਨਾਮ | ਮਿਆਦ (ਸਾਲ) | ਕੁਲ ਜੋੜ (ਸਾਲ) |
|---|---|---|---|---|
| ਵ | ੧ | ਅਨੰਦ ਜੁਗ | ੧੭੨੨੮੦੦੦ | |
| | ੨ | ਦਰਲੁਬਿਆ ਜੁਗ | ੧੬੮੪੮੦੦੦ | |
| | ੩ | ਬਜਰ ਜੁਗ | ੧੫੯੮੪੦੦੦ | |
| | ੪ | ਧਰਮ ਜੁਗ | ੧੫੫੫੨੦੦੦ | |
| | ੫ | ਗਉਸਲਿਆ ਜੁਗ | ੧੫੨੪੨੦੦੦ | |
| | ੬ | ਦਬਲੰਭ ਜੁਗ | ੧੫੦੮੮੦੦੦ | |
| | ੭ | ਰੇਚਕ ਜੁਗ | ੧੪੨੫੬੦੦੦ | |
| | ੮ | ਚਕਰਿ ਜੁਗ | ੧੩੮੪੨੦੦੦ | |
| | ੯ | ਮਨਮਾਲ ਜੁਗ | ੧੩੩੯੨੦੦੦ | ੧੩੭੪੩੨੦੦੦ |
| ਹ | ੧ | ਬਿਦਿਆ ਜੁਗ | ੧੨੬੬੦੦੦੦ | |
| | ੨ | ਅੰਧ ਜੁਗ | ੧੨੫੨੮੦੦੦ | |
| | ੩ | ਨਲ ਜੁਗ | ੧੧੬੬੪੦੦੦ | |
| | ੪ | ਤਿਪਰ ਜੁਗ | ੧੧੨੩੦੦੦੦ | |
| | ੫ | ਨਿਹਾਲ ਜੁਗ | ੧੧੧੪੦੦੦੦ | |
| | ੬ | ਗੌ ਕੰਗ ਜੁਗ | ੧੦੫੬੦੦੦੦ | |
| | ੭ | ਗੰਤ ਜੁਗ | ੯੯੩੦੦੦੦ | |
| | ੮ | ਬਿਨੋਦ ਜੁਗ | ੯੨੪੦੦੦੦ | |
| | ੯ | ਸੰਘਰ ਜੁਗ | ੮੯੭੦੦੦੦ | ੯੭੯੧੪੦੦੦ |
| ਗ | ੧ | ਘੋਰ ਜੁਗ | ੮੬੬੪੦੦੦ | |

| | | | | |
|---|---|---|---|---|
| | ੨ | ਅਰਧ ਜੁਗ | ੮੨੦੮੦੦੦ | |
| | ੩ | ਉਨਮਨ ਜੁਗ | ੭੭੭੬੦੦੦ | |
| | ੪ | ਸੋਵੰ ਜੁਗ | ੭੨੮੪੦੦੦ | |
| | ੫ | ਦਇਆ ਜੁਗ | ੬੭੩੨੦੦੦ | |
| | ੬ | ਮੇਘ ਜੁਗ | ੬੪੧੮੦੦੦ | |
| | ੭ | ਚਿਨਭੈ ਜੁਗ | ੬੦੪੮੦੦੦ | |
| | ੮ | ਨਿਰਭਿਆ ਜੁਗ | ੫੮੧੬੦੦੦ | |
| | ੯ | ਨਿਰੰਕਾਰ ਜੁਗ | ੫੧੮੪੦੦੦ | ੬੨੧੩੦੦੦੦ |
| ਰ | ੧ | ਸੈਲ ਜੁਗ | ੪੭੪੨੦੦੦ | |
| | ੨ | ਪਸ਼ੂਆ ਜੁਗ | ੪੨੨੦੦੦੦ | |
| | ੩ | ਸ੍ਰੀ ਜਾਮ ਜੁਗ | ੩੮੮੮੦੦੦ | |
| | ੪ | ਅਕਿਰਤ ਜੁਗ | ੩੪੫੬੦੦੦ | |
| | ੫ | ਨਿਸੰਕ ਜੁਗ | ੨੫੯੨੦੦੦ | |
| | ੬ | ਸਲੋਕ ਜੁਗ | ੨੫੬੪੦੦੦ | |
| | ੭ | ਤਰਲ ਜੁਗ | ੨੩੪੫੦੦੦ | |
| | ੮ | ਖਲਲੁ ਜੁਗ | ੨੨੫੬੦੦੦ | |
| | ੯ | ਅਰੰਭ ਜੁਗ | ੨੧੬੦੦੦੦ | ੨੮੨੨੩੦੦੦ |
| ਚਾਰ | ੧ | ਸਤਿਜੁਗ ਜੁਗ | ੧੭੨੮੦੦੦ | |
| ਅਖਰ | ੨ | ਤ੍ਰੇਤੇ ਜੁਗ | ੧੨੯੬੦੦੦ | |
| ਵ, ਹ, | ੩ | ਦੁਆਪੁਰ ਜੁਗ | ੮੬੪੦੦੦ | |
| ਗ, ਰ | ੪ | ਕਲ ਜੁਗ | ੪੩੨੦੦੦ | ੪੩੨੦੦੦੦ |

(੩੬ ਜੁਗਾਂ) ਦਾ ਜੋੜ ੩੨੫੬੯੯੦੦੦ ਸਾਲ

ਚਾਂਰ ਜੁਗਾਂ ਦਾ ਜੋੜ ੪੩੨੦੦੦੦ ਸਾਲ

੪੦ ਜੁਗਾਂ ਦਾ ਜੋੜ ੩੩੦੦੧੯੦੦੦ ਸਾਲ

## ਸ਼ਬਦਾਰਥ

੧. ਮੱਧਮ, ਧੁੰਦਲਾ
੨. ਖੋਟੀ ਬੁੱਧੀ
੩. ਮਿਰਾਸਣ ਹੈ
੪. ਬੇ-ਰਹਿਮੀ
੫. ਪਰਾਈ ਨਿੰਦਾ
੬. ਹਿਰਦੇ ਵਿੱਚ
੭. ਠੱਗਣ ਵਾਲੀਆਂ
੮. ਲਕੀਰਾਂ
੯. ਸੰਸਾਰ
੧੦. ਸਮੁੰਦਰ ਉੱਤੇ
੧੧. ਪੁਲ
੧੨. ਜਹਾਜ਼ ਹੈ
੧੩. ਪੁੱਤਰ (ਕ੍ਰਿਸ਼ਨ)
੧੪. ਬਾਬਾ ਨੰਦ
੧੫. ਕਿਸਦਾ ਹੈ
੧੬. ਪਿਤਾ, ਬਾਪ
੧੭. ਭਾਈ ਹੈ
੧੮. ਪਾਲਨ ਵਾਲੀ ਦਾਈ
੧੯. ਖਿਡਾਉਨ ਵਾਲਾ
੨੦. ਰੋਣਾ ਤੇ ਕੁਰਲਾਣਾ
੨੧. ਤੋਲ ਕਰਨਾ, ਨਿਰਣਾ
੨੨. ਨਾ ਟੁੱਟਣ ਵਾਲੇ ਜ਼ੰਜੀਰ
੨੩. ਸੇਵਕ
੨੪. ਖਹਿਣ ਵਾਲੇ
੨੫. ਕਿਲੇ
੨੬. ਸਮੁੰਦਰ
੨੭. ਧਰਤੀ ਨੂੰ
੨੮. ਕੀਤਾ ਨਾ ਜਾਨਣ ਵਾਲਾ ਮਨੁੱਖ
੨੯. ਪਾਤਾਲ
੩੦. ਭਾਰ ਨਾਲ ਔਖੀ ਹੁੰਦੀ ਹੈ
੩੧. ਪਾਪਾਂ ਨਾਲ ਜਕੜੀ ਹੋਈ
੩੨. ਬਿਆਨ
੩੩. ਬੁੱਧੀ ਦਾ (ਕੋਮਲ) ਚਤ੍ਰ ਹੈ।
੩੪. ਖੋਟੇ
੩੫. ਆਪਣੇ ਅੰਦਰ
੩੬. ਬੁੱਕਲ, ਦਿਲ
੩੭. ਜੰਮਣ ਮਰਣ ਦਾ ਡਰ ਦੂਰ ਕਰਨ ਵਾਲੇ
੩੮. ਮਿਸਰੀ
੩੯. ਹੇ ਰੱਬਾ ਤੇਰੇ ਨਾਮ ਦੀ ਮਿਠਾਸ ਨਾਲ ਨਹੀਂ ਪੁੱਜਦੀਆਂ।
੪੦. ਅਟਲ, ਨਾ ਡੋਲਣ ਵਾਲਾ
੪੧. ਪਾਪਾ ਨੂੰ ਨਾਸ ਕਰਨ ਵਾਲਾ
੪੨. ਸਰਬ ਰੂਪ
੪੩. ਦੁਖਾਂ ਦਾ ਨਾਸ ਕਰਨ ਵਾਲਾ
੪੪. ਗੁਣਾਂ ਦਾ ਭੰਡਾਰ
੪੫. ਤਿਨਾਂ ਗੁਣਾਂ ਤੋਂ ਨਿਰਲੇਪ
੪੬. ਆਸਰੇ
੪੭. ਗਿਆਨ ਪ੍ਰਕਾਸ਼
੪੮. ਪਾਰਾਵਾਰ ਤੋਂ ਪਰੇ
੪੯. ਹੈ ਹੁਣ
੫੦. ਅਗੇ ਨੂੰ ਵੀ ਹੋਣ ਵਾਲਾ ਹੈ
੫੧. ਨਿਰਆਸਰੇ
੫੨. ਦਾਸ

# ਬੈਂਕੋਕ ੧੧-੨-੧੯੫੧

★[੧]ਕਬਿੱਤ।।

*ਕਾਰਨ ਕਰਨ ਪ੍ਰਭੁ ਤਾਰਨ ਤਰਨ ਪ੍ਰਭੁ,*
*ਦੁਖ ਕੇ ਹਰਨ ਪ੍ਰਭੁ ਕੌਣ ਲਖੇ ਗਤਿ ਕੋ।*
*ਸੁੰਦਰ ਸੁਜਾਨ ਹਰੀ ਰੂਪ ਭਗਵਾਨ ਪ੍ਰਭ,*
*ਜਾਣੀ ਜਾਣ ਸਭ ਲਖੇ ਦੀਨ ਕਹਾ ਮਤਿ ਕੋ।*
*ਬਾਣ ਕਲਿਆਣ ਵਾ ਨਿਤਾਣੇ ਤਾਣ ਜਾਣ ਸਦ,*
*ਭਗਤਿ ਕਮਾਨ ਬਾਨ ਹਰੇਂ ਪਤਿ ਰਤਿ ਕੋ।*
*ਅਹੋ ਬਲਿਹਾਰੀ ਕੋਟ ਬੰਦਨਾ ਹਮਾਰੀ ਹਰੀ ਰਾਇ,*
*ਦੁਖ ਟਾਰੀ ਧਿਆਨ ਸਿੰਘ ਗੁਰੂ ਸਤਿ ਕੋ।੧।*

ਸੋਰਠਾ।।

*ਯੌ ਫਿਰ ਕਰਤ ਬਖਾਨ ਕਥਾ ਭਾਈ ਹਰਮੀਤ ਸਿੰਘ।*
*ਸਾਖੀ ਗੁਰ ਕਲਿਆਣ ਕਰੈ ਸਿਦਕ ਜੋ ਧਾਰ ਹੀ।੨।*

ਚੌਪਈ।।

*ਸਤਿਗੁਰ ਖਿਰੈ ਦੀਵਾਨ ਲਗਾਈ।*
*ਢੋਲਕ ਛੈਣੇ ਮੌਜ ਬਨਾਈ।*
ਆਹ ਢੋਲਕੀ ਛੈਣਿਆਂ ਨਾਲ ਕੀਰਤਨ ਹੁੰਦਾ ਹੈ।
*ਸਿੰਘ ਲਾਂਗਰੀ ਲੰਗਰ ਲਾਗੇ।*
*ਸੇਵਾ ਨਿਜ ਨਿਜ ਕਰਤ ਸੁਭਾਗੇ।੩।*

# ਸੇਵਕ ਨੂੰ ਸੁੱਖ ਪ੍ਰਾਪਤ ਹੁੰਦਾ ਹੈ

ਲਾਂਗਰੀ ਸਿੰਘ ਲੰਗਰ ਕਰਦੇ ਹਨ, ਸਭ ਕੋਈ ਆਪੋ ਆਪਣੀ ਸੇਵਾ ਕਰਕੇ ਆਪਣਾ ਧੰਨ ਭਾਗ ਸਮਝਦਾ ਹੈ, ਜਿਹੜਾ ਸਾਨੂੰ ਹੁਣ ਜੰਗਲ ਜਾਣਾ ਵੀ ਆਪ ਮੁਸ਼ਕਿਲ ਹੈ; ਲੀੜਾ ਧੋਣਾ ਵੀ ਮੁਸ਼ਕਿਲ ਹੈ। ਸਿੱਖ ਜਿਹੜਾ ਸੀ ਇਹ ਸੇਵਾ ਕਰਨ ਨੂੰ ਐਡੀ ਉੱਚੀ ਚੀਜ਼ ਸਮਝਦਾ ਸੀ, ਕਿਉਂਕਿ ਗੁਰੂ ਜੀ ਦਾ ਬਾਣੀ ਵਿੱਚ ਵਾਕ ਹੈ :

**ਸੁਖ ਸੇਵਾ ਅੰਦਰਿ ਰਖਿਐ,**

*- ਸ੍ਰੀ ਰਾਗ ਮ: ੧, ਪੰਨਾ-੭੨*

ਸੇਵਾ ਕਰਨ ਵਾਲੇ ਨੂੰ ਸੁੱਖ ਪ੍ਰਾਪਤ ਹੁੰਦਾ ਹੈ। ਰੋਜ਼ ਤੁਸੀਂ ਪੜ੍ਹਦੇ ਹੋ, ਆਸਾ ਜੀ ਦੀ ਵਾਰ ਦਾ ਕੀਰਤਨ ਹੁੰਦਾ ਹੈ - ਬਾਈਵੇਂ ਸਲੋਕ ਦੇ ਨਾਲ ਬਾਈਵਾਂ ਛੱਕਾ ਜੋ ਅਸੀਂ ਪੜ੍ਹਦੇ ਹਾਂ :-

**ਜਿਨੀ ਸਤਿਗੁਰੁ ਪਿਆਰਾ ਸੇਵਿਆ ਤਿਨਾ ਸੁਖੁ ਸਦ ਹੋਈ।।**

*- ਆਸਾ ਮ: ੪, ਪੰਨਾ-੪੫੧*

—ਜਿਨ੍ਹਾਂ ਨੇ ਸਤਿਗੁਰੂ ਜੀ ਦੀ ਸੇਵਾ ਕੀਤੀ ਹੈ, ਸਤਿਗੁਰੂ ਜੀ ਦਾ ਹੁਕਮ ਮੰਨਿਆ ਹੈ। ਸੇਵਾ ਨੂੰ ਬਹੁਤ ਉੱਚਾ ਦਰਜਾ ਮਹਾਰਾਜ ਨੇ ਦਿੱਤਾ ਹੈ। ਭਾਈ ਮਨੀ ਸਿੰਘ ਜਦੋਂ ਸਤਿਗੁਰਾਂ ਦੇ ਕੋਲ ਗਏ ਮਨੀਏ ਦੇ ਨਾਮ ਨਾਲ-ਗੁਰੂ ਗੋਬਿੰਦ ਸਿੰਘ ਸਾਹਿਬ ਦੇ-ਤਾਂ ਕਹਿਣ ਲੱਗੇ, ''ਮਨੀਆ ਭਾਂਡੇ ਮਾਂਜਿਆ ਕਰ, ਜਿਉਂ ਜਿਉਂ ਭਾਂਡੇ ਮਾਂਜੇਗਾ, ਤੇਰਾ ਮਨ ਵੀ ਨਿਰਮਲ ਹੋ ਜਾਵੇਗਾ।'' ਸੇਵਾ ਨੂੰ ਸੁਭਾਗ ਜਾਣਦੇ ਸਨ-ਸਿੱਖ, ਔਰ ਸੇਵਾ ਕਰਕੇ ਸਰਦਾਰੀ ਨੂੰ ਸਫਲ ਸਮਝਦੇ ਸਨ; ਸ਼ਾਹੂਕਾਰੀ ਨੂੰ, ਵਡਿਆਈ ਨੂੰ ਸਫਲ ਸਮਝਦੇ ਸਨ; ਜਦੋਂ ਸੇਵਾ ਕਰਦੇ ਸਨ। ਜਾ ਕੇ ਦੀਵਾਨਾਂ ਵਿੱਚ, ਮੇਲਿਆਂ ਵਿੱਚ, ਲੰਗਰਾਂ ਵਿੱਚ ਜਾ ਕੇ ਭਾਂਡੇ ਮਾਂਜਣੇ, ਪ੍ਰਸ਼ਾਦਾ ਵਰਤਾਉਣਾ ਔਰ ਲੰਗਰ ਵਿੱਚ ਪ੍ਰਸ਼ਾਦ ਛਕਣਾ-ਇਹ ਇੱਕ ਵੱਡੀ, ਉੱਤਮ ਚੀਜ ਮੰਨੀ ਜਾਂਦੀ ਸੀ। ਸਭ ਆਪੋ ਆਪਣੀ ਜਗ੍ਹਾ-ਸੰਤ ਜੀ ਕਹਿੰਦੇ ਨੇ-ਸੇਵਾ ਕਰ ਰਹੇ ਸਨ।

*ਪੰਚਾਮ੍ਰਿਤ ਫੁਲਕੇ ਅਰ ਭਾਜੇ।*

ਕੜਾਹ ਪ੍ਰਸ਼ਾਦ ਬਨਿਐ, ਪ੍ਰਸ਼ਾਦੇ ਬਣੇ ਔਰ ਭਾਜੇ ਨਾਲ ਬਣਾਏ ਹੋਏ ਨੇ।

*ਰੋਜ ਬਨਾਵਤ ਅਨਿਕ ਤਰਾਂ ਜੇ।*

ਰੋਜ ਬਣਾਉਂਦੇ ਹਨ-ਅਨੇਕ ਤਰ੍ਹਾਂ ਦੇ।

*ਕਈ ਜੋਤ ਗਾਡੀ ਵ ਖਰਾਸ।*

ਕੋਈ ਗੱਡੇ ਜੋਤ ਕੇ ਜੋੜਦੇ ਹਨ, ਕੋਈ ਖਰਾਸ ਜੋੜਦੇ ਹਨ।

*ਮੈਦਾ ਲਕੜੀ ਕਰਤੇ ਰਾਸ।।੪।।*

ਮੈਦਾ ਲਿਆਉਂਦੇ ਹਨ, ਲਕੜੀਆਂ ਲਿਆਉਂਦੇ ਹਨ-ਲੰਗਰ ਵਾਸਤੇ।

*ਮਾਲ ਅਸੂ ਤ੍ਰਿਣ ਅੰਨ ਨਿਹਾਰੀ।*

ਘੋੜਿਆਂ ਨੂੰ ਦਾਣਾ ਅੰਨ ਨਿਹਾਰੀ।

*ਦੌਰ ਦੌਰ ਕਰਤੇ ਸਭ ਕਾਰੀ।*

ਸਾਰੇ ਕਾਰਜਾਂ ਨੂੰ ਖੁਸ਼ੀ ਨਾਲ, ਚਾਅ ਨਾਲ ਧੰਨ ਭਾਗ ਸਮਝ ਕੇ ਕਰਦੇ ਹਨ।

*ਆਪੋ ਅਪਨੇ ਰੂਝੇ ਕਾਮ।*

ਸਭ ਆਪਣੇ ਆਪਣੇ ਕੰਮ ਕਰ ਰਹੇ ਹਨ।

*ਪ੍ਰੇਮੀ ਗੁਰ ਕੇ ਸਿਖ ਭਿਰਾਮ।।੫।।*

ਸਤਿਗੁਰਾਂ ਦੇ ਜਿਹੜੇ ਬੜੇ ਪ੍ਰੇਮੀ ਹਨ।

*ਲੰਗਰ ਤਿਆਰ ਕਰੀ ਅਰਦਾਸ।*

ਲੰਗਰ ਤਿਆਰ ਹੋਇਆ, ਸਤਿਗੁਰਾਂ ਕੋਲ ਅਰਦਾਸ ਹੋਈ।

*ਅਚਨ ਹੇਤ ਗਏ ਗੁਰ ਸੁਖ ਰਾਸ।*

ਸਤਿਗੁਰੂ ਜੀ ਗਏ ਪ੍ਰਸ਼ਾਦ ਛਕਣ ਵਾਸਤੇ।

*ਲਗੀ ਸੈਂਕੜੇ ਸੰਗਤਿ ਪੰਗਤ।*

ਸੈਂਕੜੇ ਸਾਧ-ਸੰਗਤ ਦੀ ਪੰਗਤ ਲੱਗ ਗਈ।

*ਚੜੀ ਸ਼ਾਮ ਘਟ ਬਰਖਾ ਰੰਗਤ।।੬।।*

ਭਾਈ ਸਾਹਿਬ ਦਾ ਪ੍ਰਸੰਗ ਯਾਦ ਕਰੋ। ਚੌਦਾਂ ਸੌ ਰੁਪਏ ਦੀ ਖੰਡ ਲੈ ਕੇ ਬੰਗੇ ਪਿੰਡ, ਜਿਹੜਾ ਗੁਰਦੁਆਰਾ ਭੈਣੀ ਸਾਹਿਬ ਤੋਂ ਪਹਾੜ ਦੀ ਤਰਫ਼ ਹੈ, ਰੱਖ ਗਏ ਸਨ। ਕਹਿਣ ਲੱਗੇ ਕਿ-ਸੰਗਤ ਦੀ ਤਾਂ ਪੰਗਤ ਲੱਗੀ,

ਪਰ ਕਾਲੇ ਰੰਗ ਦੀ ਘਟਾ ਚੜ੍ਹੀ-ਭਾਰੀ।

*ਛਕਾ ਅੰਨ ਗੁਰ ਆਨ ਪ੍ਰਸੰਨ।*

ਸਤਿਗੁਰੂ ਜੀ ਨੇ ਤੇ ਸਾਧ-ਸੰਗਤ ਨੇ ਪ੍ਰਸ਼ਾਦ ਛਕਿਆ-ਸਾਰਿਆਂ ਨੇ।

*ਪਲੰਘ ਖਿਰੇ ਜਾਂ ਹਿਤ ਸੋਵੰਨ।*

ਸਤਿਗੁਰੂ ਜੀ ਪਲੰਘ ਉੱਤੇ ਬਿਰਾਜਣ ਵਾਸਤੇ ਚਲੇ ਗਏ।

*ਲਗੀ ਹੋਨ ਤਬ ਬਰਖਾ ਭਾਰੀ।*

ਬਾਰਸ਼ ਸ਼ੁਰੂ ਹੋ ਗਈ ਬੜੇ ਜ਼ੋਰ ਦੀ।

*ਮੇਰੇ ਮਨ ਕੋ ਲਗੀ ਦੁਖਾਰੀ।।੭।।*

ਭਾਈ ਸਾਹਿਬ ਕਹਿੰਦੇ ਨੇ-ਕਿਉਂਕਿ ਮਨੁੱਖ ਦਾ ਮਨ ਹੈ—ਮੇਰੇ ਮਨ ਨੂੰ ਬੜਾ ਦੁੱਖ ਲੱਗਿਆ ਕਿ ਇਹ ਬਾਰਸ਼ ਸ਼ੁਰੂ ਹੋਈ ਹੈ, ਮੇਰੀ ਤਾਂ ਖੰਡ ਹੈ !

*ਪਰੈ ਖਾਂਡ ਪਰ ਸਰਬਤ ਹੋਈ।*

ਜੋ ਖੰਡ ਉਪਰ ਬਾਰਸ਼ ਹੋ ਗਈ, ਮੇਰੀ ਤਾਂ ਸਾਰੀ ਖੰਡ ਸ਼ਰਬਤ ਹੋ ਜਾਵੇਗੀ।

*ਚੌਦਾਂ ਸੌ ਹੀ ਦਮੜਾ ਖੋਈ।*

ਮੇਰਾ ਚੌਦਾਂ ਸੌ ਰੁਪਇਆ ਐਵੇਂ ਹੀ ਜਾਵੇਗਾ।

*ਕੌਡੀ ਏਕ ਹਾਥ ਨਹੀ ਆਵੈ।*

ਮੇਰੇ ਹੱਥ ਕੌਡੀ ਇੱਕ ਨਹੀਂ ਆਉਣੀ।

*ਸਭ ਸਰਬਤ ਹੋਇ ਵਹਿ ਵਹਿ ਜਾਵੈ।।੮।।*

ਸਾਰੀ ਸ਼ਰਬਤ ਹੋ ਕੇ ਵਗ ਜਾਵੇਗੀ।

*ਤੇ ਬਲੋਚ ਕੁਝ ਸਾਰ ਨ ਲੈਂਗੇ।*

ਮੈਂ ਬਲੋਚਾਂ ਪਾਸ ਛੱਡ ਆਇਆ ਹਾਂ—ਉਹਨਾਂ ਨੂੰ ਕੀ ਲੋੜ ਹੈ, ਉਨ੍ਹਾਂ ਨੇ ਕੀ ਖ਼ਬਰ ਰੱਖਣੀ ਹੈ।

*ਗ੍ਰਾਮ ਗਏ ਕੋ ਲੋਕ ਹਸੈਂਗੇ।*

ਜਦੋਂ ਮੈਂ ਪਿੰਡ ਜਾਵਾਂਗਾ-ਲੋਕ ਮਖੌਲ ਕਰਨਗੇ-ਸਿੱਖ ਬਣ ਕੇ ਆਇਆ ਹੈ, ਭਜਨ ਪੁੱਛ ਕੇ ਆਇਆ ਹੈ।

*ਇਕ ਹੋਵੈ ਏਤਾ ਨੁਕਸਾਨ।*

ਇੱਕ ਨੁਕਸਾਨ ਹੋ ਜਾਵੇਗਾ।

*ਦੁਤੀਆ ਤਾਨ੍ਹਾਂ ਸਗਲ ਜਹਾਨ।।੯।।*

ਦੂਜਾ ਸਾਰੀ ਦੁਨੀਆ ਦਾ ਮਿਹਣਾ ਮਿਲੇਗਾ।

*ਹੋਇ ਸਹਾਈ ਸਤਿਗੁਰੂ ਮੇਰੇ।*

ਹੱਛਾ ਭਾਈ ! ਸਤਿਗੁਰੂ ਹੀ ਹਨ, ਜੇ ਸਹਾਇਤਾ ਮੇਰੀ ਕਰਨ।

*ਪੂਰਨ ਕਲਾਵਾਨ ਜੇ ਹੇਰੇ।*

ਜੋ ਪੂਰੀ ਕਲਾ ਵਾਲੇ ਸਤਿਗੁਰੂ ਹਨ।

*ਮੋ ਕੋ ਬਨੀ ਬਹੁਤ ਲਾਚਾਰੀ।*

ਮੇਰਾ ਦਿਲ ਬੜਾ ਦੁਖੀ ਹੋਇਆ।

*ਕਰੌਂ ਬੇਨਤੀ ਪ੍ਰਭੂ ਅਗਾਰੀ।।੧੦।।*

ਮੈਂ ਸਤਿਗੁਰਾਂ ਅੱਗੇ ਚਲ ਕੇ ਬੇਨਤੀ ਕਰਾਂ।

*ਖਬਰ ਖਾਂਡ ਅਬਹੀ ਜਾ ਲੈਹੈਂ।*

ਮੈਂ ਹੁਣੇ ਚਲਿਆ ਜਾਵਾਂ, ਖੰਡ ਦੀ ਜਾ ਖ਼ਬਰ ਲਵਾਂ।

*ਚਾਰਾ ਆਪਨੋ ਜੇ ਬਚ ਜੈ ਹੈ।*

ਆਪਣਾ ਚਾਰਾ ਕਰਾਂ ਜੇ ਬਚ ਜਾਵੇ।

*ਐਸਾ ਮੈਂ ਮਨ ਮਤਾ ਪਕਾਇ।*

ਐਸੀ ਸਲਾਹ ਕਰਕੇ।

*ਚਲਾ ਤਾਹਿ ਜਾਹਿ ਥਿਰ ਜਗ ਰਾਇ।।੧੧।।*

ਜਿੱਥੇ ਸਾਰੇ ਜਗਤ ਦੇ ਵਾਲੀ ਸਤਿਗੁਰੂ ਬਿਰਾਜਮਾਨ ਹਨ-ਮੈਂ ਗਿਆ।

*ਆਹਿ ਤਬੇਲੇ ਦਿਸ ਜੋ ਪੌਰ।*

ਤਬੇਲੇ ਦੀ ਤਰਫ ਜਿਹੜੀ ਡਿਓੜੀ ਸੀ।

*ਪ੍ਰਭੂ ਬਿਰਾਜਮਾਨ ਤਿਸ ਠੌਰ।*

ਉੱਥੇ ਬਿਰਾਜੇ ਹੋਏ ਸੀ-ਸਤਿਗੁਰੂ।

*ਜਹਿ ਦਿਸ ਗੁਰੁ ਪਗ ਕੰਜ ਨਿਹਾਰੇ।*

ਜਿਸ ਪਾਸੇ ਸਤਿਗੁਰਾਂ ਦੇ ਚਰਨ ਦੇਖੇ।

*ਜੋਰੇ ਕਰ ਚਿੰਤਾ ਮਨ ਧਾਰੇ।।੧੨।।*

ਹੱਥ ਜੋੜ ਕੇ ਚਿੰਤਾ ਹੋਈ ਮਨ ਵਿੱਚ, ਜਾ ਕੇ ਖਲੋ ਗਿਆ।

ਇਹ ਗੱਲ ਹੈ ਵਿਚਾਰਨ ਵਾਲੀ ਕਿ ਕੋਈ ਪੁਰਸ਼ ਜਦੋਂ ਕਿਸੇ ਦੇ ਕੋਲ ਜਾਂਦਾ ਹੈ, ਉਹਦੇ ਸਿਰ੍ਹਾਣੇ ਵੱਲ ਨਾ ਖਲੋਵੇ। ਇਹਦੇ ਤੇ ਇੱਕ ਦੋ ਪ੍ਰਮਾਣ ਹਨ। ਰਾਮ ਚੰਦਰ ਜੀ ਕਹਿੰਦੇ ਨੇ, ''ਰਾਵਣ ਮਰਨ ਲੱਗਾ ਹੈ, ਅੰਤ ਦੇ ਸਵਾਸ ਲੈ ਰਿਹਾ ਹੈ, ਲਛਮਨ ਜਾ, ਉਹਨੂੰ ਕੁਛ ਪੁਛਕੇ ਆ-ਕੋਈ ਨੀਤੀ ਦੀ ਗੱਲ।''

ਲਛਮਨ ਜੀ ਸਿਰ੍ਹਾਣੇ ਜਾ ਖਲੋਤੇ, ਬੁਲਾਇਆ-ਬੋਲਿਆ ਹੀ ਨਾ। ਆ ਕੇ ਕਹਿੰਦਾ, ''ਜੀ, ਉਹ ਬੋਲਦਾ ਹੀ ਨਹੀਂ।''

ਰਾਮ ਚੰਦਰ ਜੀ ਕਹਿੰਦੇ ਨੇ, ''ਤੂੰ ਕਿੱਧਰ ਖਲੋਤਾ ਸੀ''

ਕਹਿੰਦਾ, ''ਸਿਰ੍ਹਾਣੇ।''

''ਨਾ ਭਾਈ, ਸਿਰ ਵੱਲ ਖਲੋਤਿਆਂ ਨਹੀਂ ਉਸ ਬੋਲਣਾ। ਪੈਰਾਂ ਵੱਲ ਜਾ ਕੇ ਖਲੋ।''

ਪੈਰਾਂ ਵੱਲ ਜਾ ਕੇ ਖਲੋਤਾ ਤਾਂ ਬੁਲਾਇਆ ਰਾਵਣ ਨੂੰ, ਪੁਛਿਆ, ''ਕੋਈ ਨੀਤੀ ਦੀ ਗੱਲ ਦੱਸ।''

ਕਹਿਣ ਲੱਗਾ, ''ਜਿਹੜਾ ਕੰਮ ਕਰਨਾ ਹੋਵੇ ਉਹਨੂੰ ਢਿੱਲ ਨਾ ਕਰੀਏ, ਮੈਂ ਜਿਸ ਕਾਲ ਨੂੰ ਪਾਵੇ ਨਾਲ ਬੰਨ੍ਹ ਰੱਖਿਆ, ਜੇ ਮਾਰ ਛੱਡਦਾ ਤਾਂ ਅੱਜ ਮੈਂ ਨਾ ਮਰਦਾ।''

ਫਿਰ ਕ੍ਰਿਸ਼ਨ ਮਹਾਰਾਜ ਦੇ ਪਾਸ ਦੁਰਯੋਧਨ ਵੀ ਆਉਂਦੈ ਸਹਾਇਤਾ ਮੰਗਣ ਵਾਸਤੇ, ਅਰਜਨ ਵੀ ਆਉਂਦਾ ਹੈ। ਦੁਰਯੋਧਨ ਆਪਣੇ ਅਭਿਮਾਨ ਵਿੱਚ ਆ ਕੇ ਕ੍ਰਿਸ਼ਨ ਮਹਾਰਾਜ ਦੇ ਸਿਰਹਾਣੇ ਖਲੋ ਜਾਂਦਾ ਹੈ-ਬਿਰਾਜੇ ਹੋਏ ਹਨ ਆਪ। ਅਰਜਨ ਅੱਗੇ ਹੀ ਸੇਵਕ ਸੀ, ਉਹ ਚਰਨਾਂ ਵੱਲ ਖਲੋ ਗਿਆ। ਜਿਸ ਵੇਲੇ ਮਹਾਰਾਜ ਉੱਠੇ ਤਾਂ ਉੱਠਦਿਆਂ ਮੂੰਹ ਅਰਜਨ ਵੱਲ ਹੋ ਗਿਆ। ਕਹਿੰਦੇ ਨੇ, ''ਆ ਭਾਈ ਅਰਜਨ, ਕਿਸ ਤਰ੍ਹਾਂ ਆਉਣੇ ਹੋਏ।'' ਮਗਰੋਂ ਭੱਜ ਕੇ ਦੁਰਯੋਧਨ ਕਹਿੰਦਾ, ''ਮਹਾਰਾਜ ਮੈਂ ਵੀ ਆਇਆ ਹੋਇਆ ਹਾਂ'', ਪਿੱਠ ਹੋ ਗਈ ਉਹਦੇ ਵੱਲ।'' ਸੋ ਜਿਹੜੇ ਮਹਾਪੁਰਸ਼ਾਂ ਦੇ ਪਾਸ ਜਾਂਦੇ ਹਨ-ਉਹ ਚਰਣਾਂ ਵੱਲ ਖਲੋ ਕੇ, ਕਿਸੇ ਵੀ ਵੱਡੇ ਆਦਮੀ ਕੋਲ ਜਾਈਏ ਤਾਂ ਕਦੇ ਵੀ ਇਸ ਖਿਆਲ ਨਾਲ ਨਾ ਜਾਈਏ ਕਿ ਉਹਦੇ ਸਿਰ

ਵੱਲ ਜਾ ਖਲੋਈਏ।

*ਤੂਸਨ ਖੜਾ ਨ ਬੋਲ ਸਕੈ ਹੌਂ।*

ਕਹਿੰਦੈ, ''ਮੈਂ ਚੁੱਪ ਕੀਤਾ ਖਲੋਤਾ-ਨਾ ਕਹਿ ਸਕਦਾਂ, ਸੱਚੇ ਪਾਤਸ਼ਾਹ ਜਾਗੋ, ਮੈਨੂੰ ਦੱਸੋ''।

*ਊਠੈਂਗੇ ਗੁਰੂ ਅਰਜ ਕਰੈ ਹੌਂ।*

ਜਦੋਂ ਮਹਾਰਾਜ ਉਠਣਗੇ ਮੈਂ ਅਰਜ਼ ਕਰਾਂਗਾ।

*ਪ੍ਰਭੁ ਘਟ ਘਟ ਕੀ ਜਾਨਣ ਹਾਰੇ।*

ਉਹ ਸਦਾ ਹਰ ਇੱਕ ਘਟ ਦੀ ਜਾਨਣ ਵਾਲੇ ਹਨ, ਸਤਿਗੁਰੂ।

*ਬੋਲੋ-ਸਿੰਘ ਹਰਿਮੀਤ ਪਿਆਰੇ।।੧੩।।*

ਆ ਭਾਈ ਹਰਮੀਤ ਸਿੰਘਾ, ਕੀ ਗੱਲ ਹੈ ਪਿਆਰਿਆ?

*ਈਹਾਂ ਕੌਣ ਕਾਜ ਤੂੰ ਖੜਾ।*

ਤੂੰ ਭਾਈ ਕਿਉਂ ਇੱਥੇ ਖਲੋਤਾ ਹੈ?

*ਚਿੰਤਾਵਾਨ ਹੋਇ ਮਨ ਬੜਾ।*

ਤੇਰਾ ਚਿਤ ਬੁਝਿਆ ਹੋਇਆ ਹੈ, ਮਨ ਚਿੰਤਾਵਾਨ ਹੋਇਆ ਹੈ ਤੇਰਾ, ਕੀ ਗੱਲ ਹੈ?

*ਦੁਇ ਕਰ ਜੋਰੇ ਅਰਜ ਗੁਜਾਰੀ।*

ਹੱਥ ਜੋੜ ਕੇ ਅਰਜ਼ ਕਰਦਾ ਹੈ।

*ਮੋ ਕੋ ਆਗਿਆ ਦੇਹੁ ਮੁਰਾਰੀ।।੧੪।।*

ਮੈਨੂੰ ਆਗਿਆ ਦਿਉ, ਸੋ ਆਗਿਆ ਲੈ ਕੇ ਜਾਵਾਂ।

*ਮੋਲ ਖਾਂਡ ਲੈ ਮੈਂ ਧਰ ਆਇਆ।*

ਮੈਂ ਖੰਡ ਧਰ ਆਇਆ ਹਾਂ ਸੱਚੇ ਪਾਤਸ਼ਾਹ, ਮੁੱਲ ਲੈ ਕੇ।

*ਆਹਿ ਮੈਦਾਨ ਨ ਤੰਬੂ ਸਾਇਆ।*

ਨਾ ਉੱਥੇ ਕੋਈ ਛਾਂ ਹੈ, ਨ ਕੋਈ ਤੰਬੂ ਹੈ, ਮੈਦਾਨ ਵਿੱਚ ਖੰਡ ਪਈ ਹੈ।

*ਛੋੜੀ ਤਾਹਿ ਬਲੋਚਨ ਧਿਆਨ।*

ਬਲੋਚਾਂ ਦੇ ਧਿਆਨ ਵਿੱਚ ਛੱਡ ਕੇ ਆਇਆ ਹਾਂ।

*ਪੂਤ ਬਿਗਾਨੇ ਲਾਭ ਨ ਹਾਨ।।੧੫।।*

ਉਹ ਬਿਗਾਨੇ ਪੁੱਤਰ ਹਨ। ਉਨ੍ਹਾਂ ਨੂੰ ਹਾਨ, ਲਾਭ ਦਾ ਕੋਈ ਨਹੀਂ।

*ਲਵੌਂ ਜਾਇ ਕੁਛ ਤਾ ਕੀ ਸਾਰਾ।*

ਮੈਂ ਵੀ ਜਾ ਕੇ ਉਹਦੀ ਸਾਰ ਲਵਾਂ।

*ਸਾਈਆਂ ਵਾਲਾ ਕਰਸਾਂ ਚਾਰਾ।*

ਮੈਂ ਉਹਦਾ ਸਾਈਂ ਹਾਂ, ਕੋਈ ਸਾਈਆਂ ਵਾਲਾ ਚਾਰਾ ਕਰਾਂਗਾ ਜੇ ਭਿਜਦੀ ਹੋਈ ਤੇ,

*ਏਤੀ ਵਰਖਾ ਤਾਂ ਪਰ ਹੋਸੀ।*

ਜੇ ਇੰਨੀ ਵਰਖਾ ਉਹਦੇ ਉੱਤੇ ਹੋ ਗਈ,

*ਏਕ ਹਜਾਰ ਚਾਰ ਸੌ ਖੋਸੀ।।੧੬।।*

ਮੇਰਾ ਚੌਦਾਂ ਸੌ ਹੀ ਚਲਾ ਜਾਵੇਗਾ।

*ਗੁਰ ਦਰਸਨ ਤਨ ਤਾਪ ਨਿਵਾਰੇ।*

ਸੱਚੇ ਪਾਤਸ਼ਾਹ, ਤੁਹਾਡਾ ਦਰਸ਼ਨ, ਸਤਿਗੁਰੂ ਦਾ ਦਰਸ਼ਨ ਤਾਂ ਤਾਪ ਦੂਰ ਕਰ ਦਿੰਦਾ ਹੈ।

*ਮੋ ਕੋ ਇਹ ਚਿੰਤਾ ਤਨ ਜਾਰੇ।*

ਮੈਨੂੰ ਇਹ ਚਿੰਤਾ ਜਾਲ ਰਹੀ ਹੈ-ਮੈਂ ਇਸ ਵਾਸਤੇ ਆ ਕੇ ਖਲੋਤਾ ਹਾਂ।

*ਤੌ ਬੋਲੇ ਮੁਸਕਾਇ ਗੁਸਾਈ।*

ਸਤਿਗੁਰੂ ਜੀ ਮੁਸਕਰਾਏ ਹੱਸੇ, ਕਿਉਂਕਿ ਉਹ,

**ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ[੧]।**
**ਹਉ ਸੰਮਲਿ[੨] ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।**

*- ਸੂਹੀ ਮ:੫, ਪੰਨਾ-੭੮੪*

*ਤੇਰੇ ਰਖਵਾਲੇ ਗੁਰ ਸਾਂਈ।।੧੭।।*

ਭਾਈ, ਤੇਰੇ ਸਤਿਗੁਰੂ ਰਾਖੇ ਹਨ।

*ਗੁਰ ਦਰਸਨ ਕੋ ਜੋ ਚਲ ਆਵੈ।*

ਜੋ ਗੁਰੂ ਦੇ ਦਰਸ਼ਨ ਨੂੰ ਆਉਂਦਾ ਹੈ।

*ਸਤਿਗੁਰ ਰਾਖਾ ਤਾਹਿ ਸਦਾਵੈ।*

ਸਤਿਗੁਰੂ ਉਹਦੀ ਰਾਖੀ ਕਰਦਾ ਹੈ।

*ਤਾਤੀ ਵਾਉ ਨ ਲਾਗਨ ਦੇਈ।*

ਤੱਤੀ ਵਾਉ ਨਹੀਂ ਲੱਗਣ ਦਿੰਦਾ-ਸਤਿਗੁਰੂ ਸਿੱਖ ਨੂੰ।

*ਦਰਸਨ ਕੋ ਆਵਤ ਹੈ ਜੇਈ।।੧੮।।*

ਜੋ ਕੋਈ ਦਰਸ਼ਨ ਵਾਸਤੇ ਸਤਿਗੁਰੂ ਦੇ ਨੂੰ ਆਵੇ।

*ਮੇਘ ਉਰੇਰੇ ਖਾਂਡ ਪਰੇਰੇ।*

ਤੂੰ ਨਾ ਫਿਕਰ ਕਰ, ਬੱਦਲ ਉਰ੍ਹਾਂ-ਉਰ੍ਹਾਂ ਵਸਿਆ ਹੈ, ਖੰਡ ਤੇਰੀ ਪਰ੍ਹਾਂ ਹੈ।

*ਬਾਦਲ ਹੁਕਮ ਨ ਜਾਏ ਅਗੇਰੇ।*

ਬੱਦਲ ਨੂੰ ਹੁਕਮ ਹੈ ਉਹ ਨਹੀਂ ਅੱਗੇ ਜਾ ਸਕਦਾ।

ਸਤਿਗੁਰਾਂ ਦੀ ਖੇਡ ਬੜੀ ਬੇਅੰਤ ਹੈ। ਮੈਂ ਦੋ ਚਾਰ ਸਰੀਰਾਂ ਦੀ ਗੱਲ ਤੁਹਾਨੂੰ ਅਰਜ਼ ਕਰਦਾ ਹਾਂ। ਮਹਾਂਪੁਰਖ ਬਾਬਾ ਮਹਿਤਾਬ ਸਿੰਘ ਜੀ ਸ਼ਾਹਦਰੇ ' ਚ ਰਹਿੰਦੇ ਸਨ, ਨਾਮਧਾਰੀ ਸਨ, ਸਤਿਗੁਰਾਂ ਤੋਂ ਵਰੋਸਾਏ ਸਨ। ਉਹ ਬਾਬਾ ਜੀ ਸ਼ਾਹਦਰੇ-ਅਗਲੇ ਬੰਨੇ, ਅੱਡਨ ਸ਼ਾਹੀਆਂ ਦੀ ਧਰਮਸਾਲਾ, ਉਸ ਤੋਂ ਉਰ੍ਹੇ ਬਾਬਾ ਜੀ ਰਹਿੰਦੇ ਸਨ। ਰਾਵੀ ਦਾ ਦਰਿਆ ਔਰ ਰਾਵੀ ਨੂੰ ਜਿਹੜੇ ਲੋਕ ਜਾਣਦੇ ਹਨ, ਉਹ ਜਾਣਦੇ ਨੇ ਕਿ ਰਾਵੀ ਕਿਸ ਤਰ੍ਹਾਂ ਦੀ ਢਾਅ ਲਾਉਂਦੀ ਹੈ, ਇੱਕ ਦਮ ਚੁੱਕ ਮਾਰਦੀ ਹੈ। ਰਾਵੀ ਦੀ ਢਾਅ ਆ ਲੱਗੀ। ਬਾਬਾ ਜੀ ਲੈ ਕੇ ਥਾਲ ਪਰਸ਼ਾਦ ਦਾ, ਕੰਢੇ ਤੇ ਜਾ ਕੇ-ਲੋਕਾਂ ਸ਼ਹਿਰ ਦਿਆਂ ਆਖਿਆ, ਕਿ ਮਹਾਰਾਜ ਸ਼ਹਿਰ ਢਹਿ ਜਾਏਗਾ-ਬਾਬਾ ਜੀ ਨੇ ਖਲੋ ਕੇ, ਅਰਦਾਸ ਕਰਕੇ ਪ੍ਰਸ਼ਾਦ ਵਿੱਚ ਪਾਇਆ, ਕਿ ਭਾਈ ਪਰ੍ਹਾਂ ਹਟ ਜਾ। ਦਰਿਆ ਉੱਥੋਂ ਹੀ ਪਿੱਛੇ ਹਟ ਗਿਆ।

ਫੇਰ, ਬਾਬਾ ਹਰਨਾਮ ਸਿੰਘ ਜੀ ਮਹਾਰਾਜ ਗੜ੍ਹਦੀ ਵਾਲੇ – ਉਹ ਲੋਕ ਜਾਣਦੇ ਹਨ-ਜਿਹੜੇ ਬੜੇ ਮਹਾਂਪੁਰਖ, ਜਿਨ੍ਹਾਂ ਦੀ ਜ਼ਿੰਦਗੀ ਬੜੀ ਉੱਚੀ ਸੀ। ਸਰੀਰ ਬਿਮਾਰ ਹੋਇਆ, ਮੰਜੇ ਦੇ ਉੱਤੇ ਚੁੱਕ ਕੇ ਲੋਕ ਲੈ ਜਾਣ-ਉੱਥੇ ਰੌ ਪਾਣੀ ਦੇ ਵਗਦੇ, ਨੇੜੇ ਪਹਾੜ ਹੈ, ਪੂਰਬ ਦੀ ਬੋਲੀ ਬੋਲਦੇ ਸੀ, ਮੈਂ ਚੰਗੀ ਤਰ੍ਹਾਂ ਦਰਸ਼ਨ ਕੀਤਾ ਹੈ-ਛਿਟੀ ਫੜ ਕੇ ਕਹਿਣਾ, ''ਇਸ ਤਰਫ ਕੋ ਹੋ ਜਾਓ।'' ਖੜ੍ਹੇ ਦਾ ਖੜ੍ਹਾ ਪਾਣੀ ਇਸ ਤਰ੍ਹਾਂ ਪਿੱਛੇ ਹਟਦਾ

ਤੁਰਿਆ ਜਾਂਦਾ ਸੀ-ਇਹ ਕੋਈ ਵੱਡੀ ਚੀਜ਼ ਨਹੀਂ। ਸਤਿਗੁਰੂ ਦੇ ਤਾਂ ਕੁੱਤਿਆਂ 'ਚ ਕਰਾਮਾਤ। ਮੈਂ ਅੱਗੇ ਅਰਜ਼ ਕੀਤੀ ਸੀ ਕਿ ਬਾਬੇ ਦਯਾ ਸਿੰਘ ਹੋਰਾਂ ਨੂੰ ਔਰੰਗਾਬਾਦ 'ਚ ਜਾ ਕੇ ਜਿਸ ਵੇਲੇ ਔਰੰਗਜ਼ੇਬ ਨੇ ਕਿਹਾ, ''ਕੋਈ ਕਰਾਮਾਤ''-ਉਨ੍ਹਾਂ ਆਖਿਆ, ''ਗੁਰੂ ਦੇ ਕੁੱਤਿਆਂ 'ਚ ਕਰਾਮਾਤ।'' ਅਗਲੇ ਦਿਨ ਕੁੱਤੇ ਨੂੰ ਨਾਲ ਲੈ ਗਏ, ਔਰੰਗਜ਼ੇਬ ਨੇ ਜੋ ਪੁੱਛਿਆ, ਸਾਰਾ ਉਸ ਨੂੰ ਜਵਾਬ ਦਿੱਤਾ।

ਸਤਿਗੁਰੂ ਦੇ ਘਰ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਤਾਂ ਇਹ ਕਹਿੰਦੇ ਹਨ :-

**ਨਾਟਕ[3] ਚੇਟਕ[4] ਕੀਏ ਕੁਕਾਜਾ।**
**ਪ੍ਰਭ ਲੋਗਨ[5] ਕਹ ਆਵਤ ਲਾਜਾ।।**

*- ਦਸਮ ਗ੍ਰੰਥ, ਪੰਨਾ-੫੪*

ਕਰਾਮਾਤ ਦਿਖਾਉਣੀ—ਕਿਸੇ ਨੂੰ ਪੁੱਤਰ ਦਿੱਤਾ, ਕਿਸੇ ਨੂੰ ਆਖਿਆ--ਜਾ ਤੈਨੂੰ ਧਨ ਹੋ ਜਾਉ, ਜਾਂ ਆਹ ਕੁਛ, ਜਾਂ ਕਿਸੇ ਨੇ ਕਿਹਾ ਭਾਈ ਕੁਛ ਦਿਖਾ ਤੇ ਦਿਖਾਇਆ ਤਾਂ ਕਹਿੰਦੇ ਨੇ,

**ਪ੍ਰਭ ਲੋਗਨ ਕਹ ਆਵਤ ਲਾਜਾ।**

ਜਿਹੜੇ ਪ੍ਰਭੂ ਦੇ ਲੋਕ ਹਨ, ਉਨ੍ਹਾਂ ਨੂੰ ਸ਼ਰਮ ਆਉਂਦੀ ਹੈ। ਜਿਸ ਤਰ੍ਹਾਂ ਇੱਕ ਕਰੋੜਪਤੀ ਜੇ ਪੈਸਿਆਂ ਨਾਲ ਵਪਾਰ ਕਰੇ ਤਾਂ ਸੰਗ ਲਗਦੀ ਹੈ। ਇਸ ਤਰ੍ਹਾਂ ਅਕਾਲ ਪੁਰਖ ਦੇ ਦਰਵਾਜ਼ੇ, ਸਤਿਗੁਰਾਂ ਦੇ ਘਰ ਵਿੱਚ ਇਹ ਕਰਾਮਾਤ-ਗੁਰੂ ਨਾਨਕ ਦੇਵ ਕਹਿੰਦੇ ਨੇ, ਰੋਜ਼ ਜਪੁ ਸਾਹਿਬ ਪੜ੍ਹਦੇ ਹੋ—**ਰਿਧਿ ਸਿਧਿ ਅਵਰਾ ਸਾਦ**—ਇਹ ਕੋਈ ਚੀਜ਼ ਨਹੀਂ।

ਸਤਿਗੁਰੂ ਕਹਿੰਦੇ ਨੇ, ''ਭਾਈ ਖੰਡ ਤੇਰੀ ਪਰ੍ਹੇ ਹੈ।''

*ਤੂੰ ਨਿਸਚਿੰਤ ਬੈਠ ਰਹੁ ਭਾਈ।*

ਭਾਈ ਤੂੰ ਨਿਸਚਿੰਤ ਹੋ ਕੇ ਰਹੋ।

*ਮੇਘ ਹਟੈ ਤੋ ਤੂੰ ਫਿਰ ਜਾਈਂ।।੧੯।।*

ਬੱਦਲ ਹੱਟ ਜਾਏ-ਬਾਰਸ਼, ਤੂੰ ਚਲਾ ਜਾਈਂ।

ਪੁਨਾ ਕਾਮ ਗੁਰ ਘਰ ਕੇ ਕੇਤੇ।

ਹੋਰ ਗੁਰੂ ਕੇ ਘਰ ਦੇ ਕਈ ਕੰਮ ਹਨ, ਜਿਹੜੇ ਤੈਨੂੰ ਦੱਸਣੇ ਹਨ।

*ਦੈ ਦਮੜੇ ਭੇਜੈਂ ਸਿਖ ਕੇਤੇ।*

ਤੇਰੇ ਵੱਲ ਸਿੱਖ ਭੇਜਾਂਗੇ ਦਮੜੇ ਦੇ ਕੇ-ਰੁਪਏ।

*ਤੋ ਦਿਸ ਸਸਤੇ ਊਂਟ ਬਿਕਾਵੈ।*

ਤੇਰੀ ਤਰਫ ਭਾਈ ਊਠ ਸਸਤੇ ਨੇ, ਇੱਥੇ ਲੰਗਰ ਵਾਸਤੇ ਦਾਣਿਆਂ ਦੀ ਲੋੜ ਹੈ-ਢੋਣ ਦੀ।

*ਲੈ ਦੇਹੁ ਮੋਲ ਸਿੰਘ ਜਬ ਆਵੇ।।੨੦।।*

ਸਿੰਘ ਆਉਣਗੇ ਤਾਂ ਮੁੱਲ ਲੈ ਦੇਵੀਂ।

*ਸਤਿ ਬਚਨ ਕਹਿ ਜੋਰੇ ਪਾਨ।*

ਸੱਤ ਬਚਨ ਕੀਤਾ ਹੱਥ ਜੋੜੇ।

*ਫੇਰ ਪਰਾ ਜਾ ਖੰਡ ਧਿਆਨ।*

ਉੱਥੋਂ ਸਤ ਬਚਨ ਤਾਂ ਕਹਿ ਆਇਆ, ਪਰ ਇਹ ਮਨ ਹੈ, ਇਹ ਜੀਵ ਹੈ, ਫਿਰ ਧਿਆਨ ਖੰਡ ਵਿੱਚ ਗਿਆ।

*ਸ਼ਾਂਤੀ ਕੁਛ ਕੁਛ ਫੇਰ ਉਦਾਸੀ।*

ਕਦੇ ਸ਼ਾਂਤੀ ਆ ਜਾਂਦੀ ਹੈ, ਕਦੇ ਉਦਾਸੀ ਹੋ ਜਾਂਦੀ ਹੈ।

*ਰੋਗੀ ਕੋ ਜਿਵ ਵੈਦ ਹੁਲਾਸੀ।।੨੧।।*

ਕਿਸ ਤਰ੍ਹਾਂ-ਕਹਿੰਦੇ ਨੇ-ਜਿਸ ਤਰ੍ਹਾਂ ਤਾਪ ਚੜੇ 'ਚ ਵੈਦ ਆ ਕੇ ਕਹਿੰਦਾ ਹੈ-ਤੇਰਾ ਤਾਪ ਉਤਰ ਜਾਏਗਾ। ਵੈਦ ਦੀ ਗੱਲ ਯਾਦ ਆ ਜਾਏ, ਤਾਂ ਖੁਸ਼ੀ ਹੋ ਜਾਂਦੀ ਹੈ, ਪਰ ਜਦੋਂ ਤਾਪ ਦਾ ਦੁੱਖ ਹੁੰਦਾ ਹੈ, ਫਿਰ ਉਹ ਹੀ ਤਕਲੀਫ ਮਾਲੂਮ ਹੁੰਦੀ ਹੈ। ਇਸੇ ਤਰ੍ਹਾਂ ਜਦੋਂ ਚਿਤ 'ਚ ਚਿੰਤਾ ਆਉਂਦੀ ਹੈ, ਮੇਰੀ ਖੰਡ ਨਾ ਰੁੜ੍ਹ ਜਾਏ-ਉਦੋਂ ਮਨ ਉਦਾਸ ਹੋ ਜਾਂਦਾ ਹੈ, ਜਦੋਂ ਸਤਿਗੁਰੂ ਦਾ ਬਚਨ ਯਾਦ ਆਉਂਦਾ ਹੈ ਕਿ ਮੀਂਹ ਨਹੀਂ ਪਿਆ, ਫਿਰ ਜ਼ਰਾ ਚਿਤ ਖੁਸ਼ ਹੋ ਜਾਂਦਾ ਹੈ।

*ਦੇ ਧੀਰਜ ਪਰ ਤਾਹਿ ਨ ਆਵੈ।*

ਮਨ ਨੂੰ ਧੀਰਜ-ਕਹਿੰਦੇ-ਦੇਨਾਂ ਨਹੀਂ ਆਉਂਦਾ।

*ਠੀਕ ਜਹਾ ਤਕ ਰੋਗ ਨ ਜਾਵੈ।*

ਕਹਿੰਦੇ ਹਨ, ਧੀਰਜ ਦਿੰਦਾ ਹੈ ਵੈਦ, ਪਰ ਪੂਰਾ ਨਹੀਂ ਆਉਂਦਾ ਉਨਾਂ ਚਿਰ ਰੋਗੀ ਨੂੰ, ਜਿੰਨਾ ਚਿਰ ਉਹਦਾ ਰੋਗ ਪੂਰਾ ਨਾ ਹਟ ਜਾਵੇ।

*ਦੇਖੋਂ ਜਬ ਬਰਖਾ ਕਾ ਪਾਨੀ।*

ਜਦੋਂ ਮੈਂ ਵਰਖਾ ਦਾ ਪਾਣੀ ਵੇਖਦਾ ਹਾਂ।

*ਊਹਾਂ ਨ ਹੋਸੀ ਖਾਂਡ ਨਿਸ਼ਾਨੀ।।੨੨।।*

ਚਿਤ ਵਿੱਚ ਆਉਂਦੈ, ਬਈ, ਖੰਡ ਦੀ ਤਾਂ ਨਿਸ਼ਾਨੀ ਨਹੀਂ ਰਹਿ ਗਈ ਹੋਣੀ।

*ਵਾਕ ਗੁਰੂ ਕੋ ਜਬ ਚਿਤਿ ਆਵੈ।*

ਜਦੋਂ ਗੁਰੂ ਦਾ ਬਚਨ ਯਾਦ-ਸਤਿਗੁਰਾਂ ਦਾ-ਆਉਂਦਾ ਹੈ।

*ਸ਼ਾਂਤੀ ਤਬ ਕਿਛ ਮਨ ਹੋ ਜਾਵੈ।*

ਫਿਰ ਮਨ ਸ਼ਾਂਤ ਹੋ ਜਾਂਦਾ ਹੈ।

*ਸੋਗ ਹਰਖ ਚਿਤਵਨ ਚਿਤ ਮੇਰੇ।*

ਮੇਰੇ ਚਿਤ ਵਿੱਚ ਕਦੇ ਖੁਸ਼ੀ ਹੁੰਦੀ ਹੈ; ਕਦੇ ਦੁੱਖ ਹੁੰਦਾ ਹੈ; ਕਦੇ ਸੋਗ ਹੁੰਦਾ ਹੈ; ਕਦੇ ਖੁਸ਼ੀ ਹੁੰਦੀ ਹੈ-ਇਹ ਮੇਰੇ ਚਿਤ ਵਿੱਚ ਚਿਤਵਨੀ ਲੱਗੀ ਹੋਈ ਹੈ।

*ਲੈ ਆਗਿਆ ਮਗ ਪੜਾ ਸਵੇਰੇ।।੨੩।।*

ਲੈ ਕੇ ਆਗਿਆ ਸਵੇਰੇ ਤੁਰ ਪਿਆ।

*ਮਿਲਾ ਸਿੰਘ ਇਕ ਰਾਹਿ ਅਜੀਬ।*

ਕਹਿੰਦੇ, ਕਿ ਰਾਹ ਵਿੱਚ ਇੱਕ ਸਿੱਖ ਮਿਲਿਆ, ਅਜੀਬ ਕਿਸਮ ਦਾ।

*ਬਿਰਧ ਪੁਸਾਕੀ ਬਹੁਤ ਗ੍ਰੀਬ।*

ਜਿਹਦੇ ਬਸਤਰ ਪਾਟੇ ਹੋਏ ਨੇ, ਉਹ ਜਿਹਨੂੰ ਗੁਰੂ ਅਰਜਨ ਦੇਵ ਮਹਾਰਾਜ ਕਹਿੰਦੇ ਨੇ :-

**ਬਸਤਾ ਤੂਟੀ ਝੁੰਪੜੀ[੬] ਚੀਰ[੭] ਸਭਿ ਛਿੰਨਾ[੮]।।**
**ਜਾਤਿ ਨ ਪਤਿ ਨ ਆਦਰੋ[੯] ਉਦਿਆਨ[੧੦] ਭ੍ਰਮਿੰਨਾ[੧੧]।।**
**ਮਿਤ੍ਰ ਨ ਇਠ[੧੨] ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ[੧੩]।।**
**ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ[੧੪] ਭਿੰਨਾ।।**

**ਤਿਸ ਕੀ ਧੂੜਿ ਮਨੁ ਉਧਰੈ[੧੫] ਪ੍ਰਭੁ ਹੋਇ ਸੁਪ੍ਰਸੰਨਾ।।**

*– ਮ: ੫, ਪੰਨਾ-੭੦੭*

ਇਸ ਤਰ੍ਹਾਂ ਦਾ ਸਿੱਖ ਮਿਲਿਆ, ਪਾਟੇ ਹੋਏ ਲੀੜਿਆਂ ਵਾਲਾ, ਪਰ ਇਉਂ ਨਹੀਂ ਨ—ਰੋਜ਼ ਆਸਾ ਦੀ ਵਾਰ ਪੜ੍ਹਦੇ ਹੋ :–

**ਜਿੰਨ ਪਟੁ[੧੬] ਅੰਦਰਿ ਬਾਹਰਿ ਗੁਦੜੁ[੧੭] ਤੇ ਭਲੇ ਸੰਸਾਰਿ।।**
**ਤਿਨ ਨੇਹੁ[੧੮] ਲਗਾ ਰਬ ਸੇਤੀ ਦੇਖਨੇ ਵੀਚਾਰਿ।।**

*– ਮ: ੫, ਪੰਨਾ-੪੭੩*

*ਵਾਹਿਗੁਰੂ ਕੀ ਫਤੇ ਬੁਲਾਈ*

ਆਪਸ ਵਿੱਚ ਫਤਹਿ ਬੁਲਾਈ।

*ਪੂਛਤ ਮੋ ਕੋ ਹੇ ਗੁਰ ਭਾਈ।।੨੪।।*

ਮੈਨੂੰ ਕਹਿੰਦਾ, ਉਹ ਭਾਈ-ਗੁਰ ਭਾਈ ਸਿੰਘਾ।

*ਕਹਾਂ ਗਯੋ ਥੋ ਵਾ ਕਿਤ ਕਾਜ।*

ਇਸ ਪਾਸੇ ਤੂੰ ਕਿਸ ਕੰਮ ਗਿਆ ਸੈਂ?

*ਮੈਂ ਬੋਲਾ ਦਰਸ਼ਨ ਮਹਾਰਾਜ।*

ਮੈਂ ਕਿਹਾ, ਮੈਂ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਕਰਨ ਗਿਆ ਸਾਂ।

*ਪੂਰਾ ਗੁਰ ਨਿਜ ਨੈਨਨ ਚੀਨਾ।*

ਸਤਿਗੁਰੂ ਪੂਰਾ ਮਿਲਿਆ ਮੈਨੂੰ, ਮੈਂ ਨੇਤਰਾਂ ਨਾਲ ਵੇਖਿਆ।

*ਦੇ ਮੰਤਰ ਗੁਰ ਕਾਰਜ ਕੀਨਾ।।੨੫।।*

ਮੈਨੂੰ ਮੰਤਰ ਦਿੱਤਾ ਹੈ, ਮੇਰਾ ਕਾਰਜ ਸਫਲ ਕਰ ਦਿੱਤਾ ਹੈ।

*ਸਤਿਗੁਰੂ ਰਾਮ ਸਿੰਘ ਜੀ ਨਾਮ।*

ਨਾਉਂ ਹੈ ਜਿਹਦਾ—ਸਤਿਗੁਰੂ ਰਾਮ ਸਿੰਘ ਜੀ।

*ਸਾਹਿਬ ਭੈਣੀ ਜਾ ਕੋ ਗ੍ਰਾਮ।*

ਭੈਣੀ ਸਾਹਿਬ ਜਿਨ੍ਹਾਂ ਦੇ ਪਿੰਡ ਦਾ ਨਾਮ ਹੈ।

*ਕਾਰਜ ਨਾਮ ਦਰਸ ਗੁਰ ਕੀਆ।*

ਮੈਂ ਨਾਮ ਲੈਣ, ਤੇ ਦਰਸ਼ਨ ਕਰਨ ਦੇ ਕੰਮ ਵਾਸਤੇ ਸਤਿਗੁਰਾਂ ਪਾਸ ਗਿਆ ਸਾਂ।

*ਪੁਨ ਖਟ ਪਟੀ ਏਕ ਮਮ ਜੀਆ।।੨੬।।*

ਪਰ ਮੇਰੇ ਚਿਤ ਵਿੱਚ ਇਹ ਖਟਪਟੀ ਪਈ ਹੋਈ ਚੜ੍ਹਦੀ ਹੈ, ਉਤਰਦੀ ਹੈ।

*ਏਕ ਹਜਾਰ ਚਾਰ ਸੌ ਕੇਰੀ।*

ਮੈਂ ਚੌਦਾਂ ਸੌ ਰੁਪਏ ਦੀ ਖੰਡ,

*ਖਾਂਡ ਖ੍ਰੀਦ ਪਈ ਹੈ ਮੇਰੀ।*

ਮੈਂ ਖੰਡ ਧਰ ਆਇਆ ਹਾਂ-ਖਰੀਦ ਕੇ।

*ਹੋ ਗਈ ਹੋਗੁ ਖਰਾਬ ਸੁਇ ਭਾਈ।*

ਉਹ ਸਾਰੀ ਖ਼ਰਾਬ ਹੋ ਗਈ ਹੋਵੇਗੀ ਭਾਈ, ਮੈਂ ਇਹ ਗੱਲ ਕਹੀ ਹੈ—ਸਿੰਘ ਨਾਲ।

*ਮੋ ਕੋ ਹਰ ਦਮ ਇਹ ਗਮ ਖਾਈ।।੨੭।।*

ਮੈਨੂੰ ਇਹੋ ਗਮ ਖਾ ਰਿਹਾ ਹੈ।

*ਤਬ ਉਸ ਸਿਖ ਯੌ ਉਤਰ ਦੀਆ।*

ਤਬ ਉਸ ਸਿੰਘ ਨੇ ਉੱਤਰ ਦਿੱਤਾ।

*ਸੀਤਲ ਰਾਖੋ ਅਪਨਾ ਹੀਆ।*

ਤੂੰ ਭਾਈ ਆਪਣਾ ਰਿਦਾ ਠੰਢਾ ਰੱਖ।

*ਚੌਦਾਂ ਸੌ ਜੇ ਜਾਵੈ ਤੇਰਾ।*

ਜੇ ਤੇਰਾ ਚੌਦ੍ਹਾਂ ਸੌ ਜਾਵੇ।

*ਠਾਈ ਸੈ ਕਾ ਜਿੰਮਾ ਮੇਰਾ।।੨੮।।*

ਅਠਾਈ ਸੌ ਦਾ ਜ਼ੁੰਮਾ ਤੇਰਾ ਚੁਕਦਾ ਹਾਂ, ਜੇ ਤੂੰ ਸਤਿਗੁਰੂ ਦੇ ਦਰਸ਼ਨ ਨੂੰ ਗਿਆਂ, ਤੇਰੀ ਖੰਡ ਖਰਾਬ ਨਹੀਂ ਹੋਈ। ਗੱਲ ਲੀੜੇ ਵੀ ਪਾਟੇ-ਪਰ ਕਿਉਂ? ਗੁਰੂ ਜੀ ਕਹਿੰਦੇ ਨੇ,

**ਜਿਸੁ ਨਾਮੁ ਰਿਦੈ ਸੋਈ ਵਡ ਰਾਜਾ।**
**ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ।**
**ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ।**

*– ਭੈਰਉ ਮ: ੫, ਪੰਨਾ-੧੧੫੫*

*ਪੰਥ ਗੁਰੂ ਜੋ ਪੈਰ ਟਿਕਾਵੈ।*

ਜੋ ਸਤਿਗੁਰੂ ਦੇ ਰਸਤੇ 'ਚ ਪੈਰ ਧਰਦਾ ਹੈ।

*ਤਾਕਾ ਰੋਮ ਨ ਕੋਇ ਦੁਖਾਵੈ।*

ਉਹਦਾ ਕੋਈ ਰੋਮ ਨਹੀਂ ਦੁਖਾ ਸਕਦਾ, ਵਾਲ ਨਹੀਂ ਵਿੰਗਾ ਕਰ ਸਕਦਾ।

*ਸ੍ਰੀ ਗੁਰੂ ਸਾਹਿਬ ਕੇ ਬੈਣ।*

ਸੱਚੇ ਪਾਤਿਸ਼ਾਹ ਨੇ ਹੁਕਮ ਲਿਖਿਆ ਹੋਇਆ ਹੈ, ਪੜ੍ਹੋ।

*ਯਾਦ ਕਰੋ ਮਮ ਸਾਜਨ ਸੈਣ।।੨੯।।*

ਓ ਮੇਰੇ ਮਿੱਤਰਾ ਪਿਆਰਿਆ, ਤੂੰ ਯਾਦ ਕਰ ਭਾਈ।

*ਮਾਨਸ ਕੀ ਕਹੁ ਕੇਤਕ ਬਾਤ।*

ਸਤਿਗੁਰੂ ਕੈਸੀ ਚੀਜ਼ ਹੈ। ਸਤਿਗੁਰੂ ਲਿਖਦੇ ਹਨ ਗੁਬਰਾਣੀ 'ਚ।

**ਮਾਨਸ ਕੀ ਕਹੁ ਕੇਤਕ ਬਾਤ।**
**ਜਮ ਤੇ ਰਾਖੈ ਦੇ ਕਰ ਹਾਥ।**

*– ਭੈਰਉ ਮ: ੫, ਪੰਨਾ-੧੧੪੯*

ਫਿਰ ਤੂੰ ਇੱਥੇ ਹੀ ਕਿਉਂ ਡਰਦਾ ਹੈ।

*ਸਤਿਗੁਰੂ ਦੋਇ ਲੋਕਨ ਰਖਵਾਰੇ।*

ਸਤਿਗੁਰੂ ਦੋਹਾਂ ਲੋਕਾਂ ਦੇ ਰਾਖੇ ਹਨ।

*ਸਿਦਕ ਕਰੋ ਭਾਈ ਗੁਰੁ ਪਿਆਰੇ।*

ਭਾਈ ਗੁਰੂ ਦੇ ਪਿਆਰਿਆ, ਸਿਦਕ ਕਰ, ਨਿਸਚਾ ਕਰ।

*ਏਕ ਰਤੀ ਨਾ ਹੋਇ ਨੁਕਸਾਨਾ।*

ਤੇਰਾ ਇੱਕ ਰਤੀ ਨੁਕਸਾਨ ਨਹੀਂ ਹੁੰਦਾ।

*ਭਜਨ ਕਰੋ ਉਰਿ ਗੁਰ ਕੋ ਧਿਆਨਾ।।੩੦।।*

ਭਜਨ ਕਰਦਾ ਜਾਹ, ਗੁਰੂ ਦਾ ਰਿਦੇ 'ਚ ਧਿਆਨ,–

**ਸਤਿਗੁਰ ਕੀ ਮੂਰਤਿ ਹਿਰਦੈ ਵਸਾਏ।**
**ਜੋ ਇਛੈ ਸੋਈ ਫਲੁ ਪਾਏ।**

*– ਧਨਾਸਰੀ ਮ: ੧, ਪੰਨਾ-੬੬੧*

ਗੁਰੂ ਦੀ ਬਾਣੀ ਵਿੱਚ ਲਿਖਿਆ ਹੈ ਜੋ ਕੁਛ, ਬਾਣੀ ਪੜ੍ਹਣ ਵਾਸਤੇ ਹੈ, ਚੇਤਾ ਕਰਨ ਵਾਸਤੇ ਹੈ, ਯਾਦ ਕਰਾਉਂਦੀ ਹੈ ਕਿ ਗੁਰੂ ਸਾਹਿਬ ਇਹ ਹੁਕਮ ਦਿੰਦੇ ਹਨ :–

*ਸਹੀ ਸਲਾਮਤ ਬਨਜ ਤੁਮਾਰਾ।*

ਤੇਰਾ ਵਣਜ ਸਹੀ ਸਲਾਮਤ ਹੈ।

*ਕੌਤਕ ਗੁਰ ਕੋ ਜਗ ਸੇ ਨਿਆਰਾ।*

ਸਤਿਗੁਰੂ ਦੇ ਕੌਤਕ ਜਗ ਤੋਂ ਨਿਆਰੇ ਹੁੰਦੇ ਹਨ।

## ਸਤਿਗੁਰੂ ਤੇ ਸੰਤਾਂ ਦੇ ਚੋਜ ਨਿਆਰੇ ਨੇ

ਮੈਨੂੰ ਹੁਣ ਇੱਥੇ ਬਚਨ ਯਾਦ ਆ ਗਿਆ ਹੈ। ਗੁਜਰਾਂ ਵਾਲੇ ਵਿੱਚ ਬਾਬੇ ਕੇਸਰ ਸਿੰਘ ਜੀ ਸੰਤ ਚਵਿੰਡੇ ਵਾਲੇ ਮਹਾਂਪੁਰਖ ਬਹੁਤ ਦੇਰ ਪਿੱਛੋਂ ਰਹੇ। ਪਹਿਲੇ ਤੇ ਰੋਜ਼ ਚਲਦੇ ਰਹਿੰਦੇ, ਫੇਰ ਵੀ ਇਹ ਬਿਹੰਗਮੀ ਸੀ, ਇੱਕ ਘਰ ਦੋ ਰਾਤਾਂ ਨਹੀਂ ਸਨ ਕਟਦੇ। ਬੜੇ ਉੱਚੇ ਮਹਾਤਮਾ ਸੀ। ਭਾਈ ਗੰਡਾ ਸਿੰਘ ਹੋਰੀਂ ਮਿਸਤਰੀ ਹਨ – ਉੱਥੋਂ ਦੇ। ਉਹ ਚਾਰ ਭਾਈ[੧੯] ਸਨ। ਉਨ੍ਹਾਂ ਦੇ ਪਿਤਾ[੨੦] ਜੀ ਸਨ, ਉਹਨਾਂ ਨੂੰ ਆਰੇ ਵਾਲੇ ਕਹਿੰਦੇ ਸਨ। ਉਹਨਾਂ ਨਾਲ ਜ਼ਰਾ ਬਹੁਤ ਪ੍ਰੇਮ ਸੀ। ਆਪ ਬਾਹਰ ਬੈਠੇ ਹਨ। ਇੱਕ ਭਾਈ ਸੁੰਦਰ ਸਿੰਘ ਜੀ ਵਾਜਿਆਂ ਵਾਲੇ ਉੱਥੋਂ ਦੇ ਗੁਜਰਾਂ ਵਾਲੇ ਦੇ ਕੀਰਤਨ ਕਰਦੇ ਹੁੰਦੇ ਸਨ, ਉਹ ਕੋਲ ਬੈਠੇ ਹਨ। ਪਤਾ ਲੱਗਾ, ਸੰਤ ਜੀ, ਗੰਡਾ ਸਿੰਘ ਹੋਰਾਂ ਦੇ ਨਾਲ ਦਾ ਮਕਾਨ ਜਲ ਰਿਹਾ ਹੈ ਔਰ ਉਹ ਸੜ ਕੇ ਸੁਆਹ ਹੁੰਦਾ ਜਾਂਦਾ ਹੈ ਔਰ ਘਰ ਦੇ ਨਾਲ ਨੂੰ–ਗੰਡਾ ਸਿੰਘ ਹੁਰਾ ਦੇ, ਅੱਗ ਤੁਰੀ ਆਉਂਦੀ ਹੈ।

ਸੰਤ ਕਹਿੰਦੇ ਨੇ, ''ਓ ਸੁੰਦਰ ਸਿੰਘਾ ਜਾਹ, ਜਿਹੜੇ ਬੰਨੇ ਆਰੇ ਵਾਲਿਆਂ ਦਾ ਘਰ ਹੈ, ਉਸ ਕੰਧ ਵਿੱਚ ਮੁੱਘ ਕਰ ਦੇ, ਅੱਗ ਵਾਲੇ ਪਾਸੇ।''

ਸੁੰਦਰ ਸਿੰਘ ਇੱਕ ਵਾਰ ਜ਼ਰਾ ਬੈਠ ਗਿਆ–''ਬਈ''–ਸੰਤ ਜੀ ਕੀ ਕਹਿੰਦੇ ਨੇ ? ''ਤੂੰ ਬਚਨ ਨਹੀਂ ਮੰਨਦਾ''–ਬੋਲ ਨਹੀਂ ਸੀ ਦੂਸਰੀ ਵਾਰ ਕੋਈ ਸਕਦਾ।

ਗੁਰੂ ਗੋਬਿੰਦ ਸਿੰਘ ਨੇ ਗਿਆਨ ਪ੍ਰਬੋਧ ਵਿੱਚ ਇੱਕ ਸਾਧੂ ਦੇ

ਆਸ਼ਰਮ ਦਾ ਹਾਲ ਲਿਖਿਆ ਹੈ। ਮਹਾਰਾਜ ਕਹਿੰਦੇ ਨੇ :—

**ਕਹੂੰ ਸਿੰਘਨੀ ਦੂਧ ਬੱਛੇ ਚੁੰਘਾਵੈ।।**
**ਕਹੂੰ ਸਿੰਘ ਲੈ ਸੰਗ ਗਊਆਂ ਚਰਾਵੈ।।**

*– ਦਸਮ ਗ੍ਰੰਥ, ਪੰਨਾ-੧੫੧*

ਉਸ ਮਹਾਂਪੁਰਖ ਦਾ ਬਲ, ਇਹ ਉੱਥੇ ਚੀਜ਼ ਸੀ ਕਿ ਸ਼ੇਰਨੀ ਜਿਹੜੀ ਸੀ, ਉਹਨੂੰ ਵੱਛੇ ਚੁੰਘ ਜਾਂਦੇ ਸਨ ਅਤੇ ਸ਼ੇਰ ਗਊਆਂ ਚਾਰਦਾ ਸੀ। ਮੈਂ ਇਹ ਗੱਲ ਕਹਿੰਦਾ ਹਾਂ ਕਿ ਸੰਤਾਂ ਦੇ ਬੈਠਿਆਂ ਦੀਵਾਨ ਵਿੱਚ, ਗੁਜਰਾਂ ਵਾਲੇ ਜਾ ਕੇ ਇਹ ਦੇਖਿਆ ਹੈ ਕਿ ਉੱਥੇ ਇਹ ਨਹੀਂ ਸੀ ਪਤਾ ਲਗਦਾ ਕਿ ਕੌਣ ਮਾਈ ਆਈ ਹੈ, ਤੇ ਕੌਣ ਭਾਈ ਆਇਆ ਹੈ, ਜਿਸ ਵੇਲੇ ਬੈਠੇ ਹੁੰਦੇ ਸਨ-ਦੀਵਾਨ ਵਿੱਚ।

ਉਹ ਸੁੰਦਰ ਸਿੰਘ ਚਲਾ ਗਿਆ। ਅੱਗ ਤੁਰੀ ਆ ਰਹੀ ਹੈ, ਨੇੜੇ ਹੁੰਦੀ ਜਾਂਦੀ ਹੈ, ਉਹਨੇ ਜਾ ਕੇ ਮੁੱਘ ਕਰ ਦਿੱਤਾ-ਉੱਥੇ ਹੀ ਅੱਗ ਬੁਝ ਗਈ। ਸਤਿਗੁਰੂ ਦੇ, ਸੰਤਾਂ ਦੇ, ਚੋਜ-ਨਿਆਰੇ ਹਨ, ਵੱਖਰੀ ਚੀਜ਼ ਹੈ।

ਸਰਦਾਰ ਅਮਰ ਸਿੰਘ ਇੱਕ ਝੋਰੜ ਸਿੱਖ ਸੀ ਮਾਲਵੇ ਦਾ, ਪਿੰਡ ਦਾ ਨਾਂ ਗਦੋਡੋਬ ਸੀ। ਪਹਿਲੇ, ਹੁਣ ਗੁਰੂ ਸਰ ਗੁਰੂ ਹਰੀ ਸਿੰਘ ਜੀ ਰੱਖਿਆ ਹੈ। ਉਸਨੂੰ (ਅਮਰ ਸਿੰਘ ਨੂੰ) ਤਪਦਿਕ ਹੋ ਗਈ। ਸੁੰਦਰ ਸਿੰਘ ਜੀ ਤੇ ਸਦਾ ਸਿੰਘ ਹੋਰੀ ਦੋ ਭਰਾ ਸਨ। ਓਥੇ ਨਾਮਧਾਰੀਆਂ ਦਾ ਘਰ ਵੱਡਾ ਸੀ। ਉਹਨਾਂ ਦੇ ਨਾਲ-ਇਹ (ਅਮਰ ਸਿੰਘ) ਵੀ ਉਹਨਾਂ ਦੇ ਲਾਗ ਨਾਲ, ਉਹਨਾਂ ਦੀ ਭੂਆ ਦਾ ਪੁੱਤਰ ਤੇ ਪੋਤਰਾ ਭੂਆ ਦਾ ਨਾਲ ਚਲਾ ਗਿਆ, ਜਾ ਕੇ ਦਰਸ਼ਨ ਕੀਤੇ।

ਸਵੇਰ ਦਾ ਵਕਤ ਹੈ, ਸਿਆਲ ਦਾ ਮਹੀਨਾ ਹੈ। ਗੁਰੂ ਹਰੀ ਸਿੰਘ ਜੀ ਖੱਟੀ ਲੱਸੀ ਛਕੀ, ਇਹ ਕੋਲ ਜਾ ਕੇ ਬੈਠਾ ਹੈ-ਉਹ ਆਪਣੀ ਜ਼ਬਾਨੀ ਮੈਨੂੰ ਦੱਸਦਾ ਰਿਹਾ ਹੈ-ਕਹਿਣ ਲੱਗੇ, ''ਲੈ ਭਾਈ ਛਕ ਲੈ।''

''ਮੇਰੇ ਪਹਿਲੇ ਤੇ ਚਿਤ 'ਚ ਆਈ ਕਿ ਮੈਨੂੰ ਤੇ ਤਪਦਿਕ ਹੋਈ ਹੈ; ਉੱਠਣ ਦੀ ਵਾਹ ਨਹੀਂ ਤੇ ਬੁਖ਼ਾਰ ਚੜ੍ਹਿਆ ਹੋਇਆ ਹੈ। ਮੈਂ ਬਹੁਤ ਕਮਜ਼ੋਰ ਹਾਂ। ਫੇਰ, ਮੈਂ ਬਚਨ ਮੰਨ ਕੇ ਛਕ ਲਈ। ਸੱਚ ਜਾਣਿਓ ਉਸੇ

ਲੱਸੀ ਤੋਂ-ਮੈਂ ਕੋਈ ਦਵਾਈ ਨਹੀਂ ਖਾਧੀ-ਮੇਰੀ ਤਪਦਿਕ ਹਟ ਗਈ।''

ਸਤਿਗੁਰੂ ਦੇ ਕੌਤਕ ਨਿਆਰੇ ਹਨ-ਸਤਿਗੁਰਾਂ ਦੀਆਂ ਖੇਡਾਂ ਨਿਆਰੀਆਂ ਹਨ-ਜੋ ਕੁਝ ਉਹ ਕਰਦਾ ਹੈ-ਉਹ ਆਪ ਹੀ ਜਾਣਦਾ ਹੈ-ਹੋਰ ਨਹੀਂ ਕੋਈ ਸਮਝ ਸਕਦਾ।

*ਦੇ ਇਸ ਬਿਧਿ ਮੋਕੇ ਧੀਰ।*

ਇਸ ਤਰ੍ਹਾਂ ਦੀ ਸਿੱਖ ਮੈਨੂੰ ਧੀਰਜ ਦੇ ਕੇ, ਭਾਈ ਜੀ ਕਹਿੰਦੇ ਹਨ :-

*ਚਲਾ ਪਾਇ ਨਿੱਜ ਪੰਥ ਵਹੀਰ।।੩੧।।*

ਉਹ ਆਪਣੇ ਰਸਤੇ ਤੁਰ ਪਿਆ ਮੈਂ ਆਪਣੇ ਰਸਤੇ ਤੁਰ ਪਿਆ।

*ਮੈਂ ਗੁਣ ਗਾਵਤ ਮਗ ਮੈਂ ਚਲਾ।*

ਮੈਂ ਰਸਤੇ ਵਿੱਚ ਗੁਣ ਗਾਉਂਦਾ ਜਾਂਦਾ ਹਾਂ।

**ਤੇਰੇ ਕਵਨ ਕਵਨ ਗੁਣ ਕਹਿ**
**ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ।**

*- ਸੂਹੀ ਮ: ੪, ਪੰਨਾ-੭੩੫*

*ਜਾਨੂ ਕੇ ਸਮ ਮੇਘਨ ਜਲਾ*

ਕਹਿੰਦਾ-ਗੋਡੇ ਗੋਡੇ ਜਿੰਨਾ ਪਾਣੀ ਮੈਨੂੰ ਰਸਤੇ ਵਿੱਚ ਆਉਂਦਾ ਜਾਂਦਾ ਹੈ।

*ਤੂਰਨ ਚਲਾ ਜਾਤ ਬਡ ਚਿੰਤਾ।*

ਇਹ ਚਿਤ ਨੂੰ ਚਿੰਤਾ ਅਜੇ ਵੀ ਨਹੀਂ ਹਟਦੀ। ਮੈਂ ਛੇਤੀ ਛੇਤੀ ਤੁਰਦਾ ਹਾਂ।

*ਕਈ ਭਾਂਤ ਕੀ ਸੋਚ ਉਠੰਤਾ।।੩੨।।*

ਕਈ ਤਰ੍ਹਾਂ ਦੀ ਸੋਚਾਂ ਕਰਦਾ।

*।।ਦੋਹਿਰਾ।।ਏਤੀ ਬਰਖਾ ਕੇ ਹੁਤੇ ਖਾਂਡ ਬਚੀ ਕਿਮ ਹੋਇ।*

ਕਿਸ ਤਰ੍ਹਾਂ ਖੰਡ ਬਚੀ ਹੋਏਗੀ, ਏਨੀ ਵਰਖਾ ਦੇ ਹੁੰਦਿਆਂ।

*ਕਿਆ ਜਾਣੋ ਕਿਛ ਸਤਿਗੁਰੂ ਕਿਰਪਾ ਕਰਿ ਹੈ ਸੋਇ।।੩੩।।*

ਕਿਆ ਜਾਣੀਏ ਸਤਿਗੁਰ ਕੁਛ ਕ੍ਰਿਪਾ ਕਰਨਗੇ। ਕਿਆ ਕ੍ਰਿਪਾ ਕਰਨਗੇ, ਮੈਨੂੰ ਪਤਾ ਨਹੀਂ ਲਗਦਾ।

*ਚੌਪਈ।। ਸੋਚਤ ਸਾਚ ਚਲਾ ਨਿਜ ਡੇਰੇ।*

ਸੋਚਦਾ ਸੋਚਦਾ ਤੁਰਿਆ ਜਾਂਦਾ ਹੈ।

*ਪੈਂਡਾ ਜਬ ਦੋ ਕੋਸ ਉਰੇਰੇ।*

ਜਦੋਂ ਦੋ ਕੋਹ ਪੈਂਡਾ ਬੰਗਾ ਰਹਿ ਗਿਆ, ਜਿੱਥੇ ਖੰਡ ਸੀ।

*ਬੂੰਦ ਨ ਏਕ ਤਹਾਂ ਦ੍ਰਿਸਟਾਵੈ।*

ਇੱਕ ਕਣੀ ਨਹੀਂ ਪਈ ਹੋਈ-ਉੱਥੇ।

*ਉਡਤ ਖਾਕ ਤਿਹ ਮਗ ਮੈਂ ਜਾਵੈ।।੩੪।।*

ਰਸਤੇ ਵਿੱਚ ਤੁਰਿਆਂ ਘੱਟਾ ਉਡਦਾ ਹੈ।

*ਦੇਖ ਚਰਿਤ ਮੈਂ ਭਾ ਬਿਸਮਾਦ।*

ਚਰਿਤਰ ਦੇਖ ਕੇ ਕਹਿੰਦਾ ਮੈਂ ਹੈਰਾਨ ਹੋਇਆ।

*ਵਾਕ ਆਏ ਸਤਿਗੁਰ ਕੇ ਯਾਦ।*

ਸਤਿਗੁਰਾਂ ਦੇ ਬਚਨ ਯਾਦ ਆ ਗਏ।

*ਗੁਰ ਰਖਵਾਲੇ ਸਿਖਨ ਠੀਕ।*

ਭਾਈ, ਗੁਰ ਸਿੱਖਾਂ ਦੇ ਸਦਾ ਹੀ ਰਾਖੇ ਹਨ।

*ਲੋਕ ਪਰਲੋਕ ਰਖੇ ਤਹਕੀਕ।।੩੫।।*

ਲੋਕ ਵਿੱਚ ਔਰ ਪਰਲੋਕ ਵਿੱਚ ਨਿਸਚੇ ਕਰਕੇ ਸਤਿਗੁਰੂ ਰੱਖਦੇ ਹਨ।

*ਇਹ ਕੁਦਰਤ ਕੁਈ ਪ੍ਰਭ ਵਰਤਾਈ।*

ਇਹ ਸਤਿਗੁਰਾਂ ਨੇ ਕੁਦਰਤ ਵਰਤਾਈ ਹੈ।

*ਗੁਰੂ ਰਾਮ ਸਿੰਘ ਰਾਜਨ ਰਾਈ।*

ਸਤਿਗੁਰੂ ਰਾਜਿਆਂ ਦਾ ਰਾਜਾ ਹੈ।

*ਕਹੇ ਬੈਠ ਤਹਿ ਖਾਂਡ ਨ ਭੀਜੈ।*

ਮੈਨੂੰ ਕਿਹਾ ਸੀ ਨ, ਤੇਰੀ ਖੰਡ ਨਹੀਂ ਭਿਜਦੀ।

*ਸੋ ਅਬ ਸਾਚੈ ਸਾਚ ਪਤੀਜੈ।।੩੬।।*

ਸੱਚੇ ਦਾ ਹੁਕਮ ਸੱਚਾ ਹੋ ਗਿਆ।

*ਬੋਰੀ ਖਾਂਡ ਲਦਾਈ ਸਾਰੀ।*

ਭਾਈ ਸਾਹਿਬ ਪਹੁੰਚ ਗਏ, ਖੰਡ ਲੱਦ ਕੇ ਆਪਣੇ ਘਰ ਨੂੰ ਤੁਰਨ ਲੱਗੇ।

ਹੁਣ ਮੈ ਅਰਜ਼ ਕਰਾਂ ਕਿ ਅੱਜ ਦਾ ਦਿਨ-ਇਤਿਹਾਸਕਾਰਾਂ ਦਾ ਲੇਖ ਹੈ, ਪੰਚਮੀ, ਗੁਰੂ ਗੋਬਿੰਦ ਸਿੰਘ ਦਾ ਲੇਖ ਹੈ-ਖਸ਼ਟਮੀ। ਅਸੀਂ ਇਸ ਚੀਜ਼ ਨੂੰ ਮੰਨ ਕੇ ਜਿਹੜੀ ਹੁਣ ਵਾਲੀ ਰਾਤ ਹੈ, ਇਸ ਨੂੰ ਸਤਿਗੁਰਾਂ ਦਾ ਪ੍ਰਕਾਸ਼ ਉਤਸਵ ਸਮਝਦੇ ਹਾਂ, ਕਿਉਂਕਿ ਗੁਰਿੰਡ ਨਾਮਾ ਜਿਸ ਵੇਲੇ ਪੜ੍ਹੀਏ, ਪਤਾ ਲੱਗਦਾ ਹੈ,

*ਥਿਤ ਖਸ਼ਟਮੀ ਸੁਰ ਗੁਰ ਵਾਰਾ।*
*ਭਸਮੰਤ ਨਗਰ ਸਤਿਲੁਦ ਕਿਨਾਰਾ।*

ਭਾਈ ਗਿਆਨ ਸਿੰਘ ਜੀ ਗਿਆਨੀ ਕਹਿੰਦੇ ਹਨ,

*ਮਾਘ ਸੁਦੀ ਪੰਚਮੀ ਸਵੇਰੇ ਗੁਰੂ ਵਾਰ ਕੈ।*

ਪੰਚਮੀ ਨੂੰ ਅਸੀਂ ਮਨਾ ਲੈਂਦੇ ਹਾਂ ਪਰ ਸਤਿਗੁਰੂ ਦੇ ਨਾਲ, ਗੁਰੂ ਗੋਬਿੰਦ ਸਿੰਘ ਦਾ ਕਥਨ ਜਿਹੜਾ ਹੈ-ਭਾਈ ਸਾਹਿਬ ਗਿਆਨ ਸਿੰਘ ਜੀ ਦਾ, ਉਹਨਾਂ ਦੇ ਮੁਕਾਬਲੇ ਵਿੱਚ ਨਹੀਂ ਅਸੀਂ ਮੰਨ ਸਕਦੇ, ਸਾਡੇ ਨਾਲੋ ਜ਼ਰੂਰ ਉਹ ਚੰਗੇ ਨੇ। ਇਹ ਜਿਹੜੀ ਹੁਣ ਵਾਲੀ ਰਾਤ ਆਉਣੀ ਹੈ-ਇਹ ਸਤਿਗੁਰਾਂ ਦਾ ਪ੍ਰਕਾਸ਼ ਉਤਸਵ ਹੈ। ਸਤਿਗੁਰੂ ਰਾਮ ਸਿੰਘ ਦਾ ਆਉਣਾ, ਗੁਰ ਅਵਤਾਰ ਦਾ ਪ੍ਰਗਟ ਹੋਣਾ-ਇਹ ਇੱਕ ਜਗ੍ਹਾ ਨਹੀਂ ਲਿਖਿਆ ਹੋਇਆ। ਗੁਰੂ ਸਾਹਿਬ-ਸੂਰਜ ਪ੍ਰਕਾਸ਼ ਨੂੰ ਪੜ੍ਹੋ ਤਾਂ ਲਿਖਿਆ ਹੈ :-

*ਬੇਰ ਗਿਆਰਵੀਂ ਹਮ ਚਲ ਆਵਹਿੰ।*
*ਤਿਸ ਤੇ ਕੋਇ ਕੁ ਹਮ ਲਖ ਪਾਵਹਿ।*
*ਪੰਥ ਖਾਲਸਾ ਖੇਤੀ ਮੇਰੀ।*
*ਕਰਹੁ ਸੰਭਾਲਨ ਮੈਂ ਤਿਸ ਬੇਰੀ।*

*- ਸੂਰਜ ਪ੍ਰਕਾਸ਼, ਪੰਨਾ-੫੬੪੨*

## ਬਾਰ੍ਹਵਾਂ ਜਾਮਾ ਸਭ ਤੋਂ ਨਿਆਰਾ

ਪੜ੍ਹੋ ਅਜਿਤੇ ਰੰਧਾਵੇ ਦੀ ਸਾਖੀ, ਜਿੱਥੇ ਕਿਸੇ-ਕਿਸੇ ਨੇ ਇਹ ਵੀ ਕਿਰਪਾ ਕੀਤੀ ਹੈ-ਹੁਣ ਮੈਨੂੰ ਪਤਾ ਲੱਗੈ, ਮੈਨੂੰ ਇਉਂ ਜਾਪਦਾ ਹੈ ਕਿ ਐਸ ਮੱਘਰ ਵਿੱਚ ਦੋ ਜਾਂ ਤਿੰਨ ਸਾਲ ਹੋ ਗਏ, ਪਟਿਆਲੇ ਮਹਾਰਾਜਾ ਨੇ ਸਿੱਖਾਂ

ਨੂੰ ਬੁਲਾਇਆ ਸੀ, ਇੱਕ ਪੰਥਕ ਇਕੱਠ ਕੀਤਾ ਸੀ, ਜਿਸ ਇਕੱਠ ਵਿੱਚ ਉਨ੍ਹਾਂ ਨੇ ਪੰਥਕ ਦਰਬਾਰ ਬਣਾਇਆ। ਕੋਈ ਐਸੀਆਂ ਗੱਲਾਂ ਸਨ, ਮੈਂ ਮਹਾਰਾਜੇ ਨੂੰ ਕਿਹਾ, ਕਿ ਮੈਨੂੰ ਤੂੰ ਥੋੜਾ ਜਿਹਾ ਵਕਤ ਦੇ ਤੇ ਮੈਂ ਤੈਨੂੰ ਕੁਝ ਦੱਸਾਂ, ਕਿ ਇਹਦੇ ਵਿੱਚ ਹੋਰ ਕੀ ਹੋਣਾ ਚਾਹੀਦਾ ਹੈ। ਸ਼ਾਮ ਦੇ ਵੇਲੇ ਮੋਤੀ ਬਾਗ ਦਾ ਵਕਤ ਮਿਲਿਆ। ਉੱਥੇ ਭਾਈ ਸਾਹਿਬ ਕਾਹਨ ਸਿੰਘ ਨਾਭੇ ਵਾਲਿਆਂ ਦੇ ਪੁੱਤਰ ਹਰੀ ਜੀ-ਭਗਵੰਤ ਸਿੰਘ, ਜਿਨ੍ਹਾਂ ਦਾ ਨਾਮ ਹੈ, ਅੱਜ-ਕੱਲ੍ਹ ਉਹ ਬਾਬਾ ਅਜਾਪਾਲ ਸਿੰਘ ਜੀ ਦੇ ਡੇਰੇ ਦੇ ਮਹੰਤ ਹਨ-ਉਹ ਮਿਲੇ। ਉੱਥੇ ਇਹ ਗੱਲ ਚਲ ਪਈ-ਜਥੇਦਾਰ ਉਦਮ ਸਿੰਘ ਹੋਰੀਂ ਨਾਗੋਕਿਆਂ ਵਾਲੇ, ਹੋਰ ਇੱਕ ਦੋ ਸੱਜਣ ਸਿੱਖ ਬੈਠੇ, ਤੇਜਾ ਸਿੰਘ ਅਕਰਪੁਰੀ-ਉਹਨਾ (ਹਰੀ ਜੀ) ਨੇ ਇਹ ਗੱਲ ਦੱਸੀ ਕਿ ਸਾਡੇ ਬਾਬਾ ਨਰੈਣ ਸਿੰਘ ਜੀ ਪਾਸ ਕਾਹਨ ਸਿੰਘ ਹੋਰਾਂ ਦੇ ਪਿਤਾ ਸ੍ਰ: ਬਹਾਦਰ ਦੇ ਪਾਸ ਆਇਆ—ਇੱਕ ਸਿੱਖ ਜਿਹਦਾ ਨਾਂ ਪਰਤਾਪ ਸਿੰਘ ਸੀ। ਉਹ ਕੌਣ ਆਦਮੀ ਸੀ—ਜਿਸਨੂੰ ਅੰਗਰੇਜ਼ਾਂ ਨੇ ਸਿੱਖਾਂ ਦੇ ਲੜਕਿਆਂ ਵਿੱਚ ਗਿਆਨੀ ਨੂੰ ਰੱਖਿਆ ਹੋਇਆ ਸੀ ਚੀਫ ਕਾਲਜ ਲਾਹੌਰ ਵਿੱਚ। ਉਸ ਨੇ ਆਪਣੀ ਜ਼ਬਾਨੀ ਆ ਕੇ ਦੱਸਿਆ,''ਮੇਰੀ ਡਿਊਟੀ ਅੰਗਰੇਜ਼ ਗੌਰਮਿੰਟ ਨੇ ਇਹ ਲਾਈ ਸੀ, ਕਿ ਕੋਈ ਸੌ ਸਾਖੀ ਤੂੰ ਸਾਬਤ ਨਹੀਂ ਰਹਿਣ ਦੇਣੀ। ਮੈਂ ਇਹੋ ਹੀ ਕੰਮ ਕੀਤਾ ਹੈ, ਕਿ ਉਹਨਾਂ ਸੌ ਸਾਖੀਆਂ ਦੇ ਅੱਖਰ ਭੰਨੇ ਤੋੜੇ ਹਨ ਔਰ ਮੈਂ ਇਸ ਤਰ੍ਹਾਂ ਭੰਨੇ ਤੋੜੇ ਨੇ ਜਿਨ੍ਹਾਂ ਨੂੰ ਮੈਂ ਵੀ ਹੁਣ ਠੀਕ ਨਹੀਂ ਕਰ ਸਕਦਾ।''

ਉਹ ਲੋਕਾਂ ਨੇ ਕੋਸ਼ਿਸ਼ ਕੀਤੀ, ਜਨਮ ਸਾਖੀ ਨੂੰ ਕਿਵੇਂ ਭੰਨਿਆ। ਗੁਰੂ ਨਾਨਕ ਦੀ ਜਨਮ ਸਾਖੀ, ਅਜਿਤੇ ਰੰਧਾਵੇ ਦੀ ਗੋਸ਼ਟ ਵਿੱਚ ਗੁਰੂ ਸਾਹਿਬ ਨੇ ਕਿਹਾ ਔਰ ਅਜੇ ਉਹ ਛਪੀਆਂ ਹੋਈਆਂ ਪੁਸਤਕਾਂ ਹੈਨ, ਓਦੂੰ ਬਾਅਦ ਜਿਹੜੀਆਂ ਛਪੀਆਂ ਉਹਦੀ ਸ਼ਕਲ ਬਦਲੀ ਗਈ। ਉੱਥੇ ਲਿਖਿਆ ਹੈ :-

*ਸਤਰਿ ਜਾਮੇ ਭਗਤ ਜਨਿ ਚਉਦਾਂ ਸਤਿਗੁਰੂ ਰਾਇ।।*
*ਗੁਰਮੁਖਿ ਹੋਇ ਸੋ ਮਿਲ ਰਹੈ ਮਨਮੁਖ ਲਹੈ ਸਜਾਇ।।*
*ਭਰਿ ਬੇੜੇ ਲੈ ਜਾਹਿਗਾ ਸਾਧ ਜਨਾ ਕੇ ਪੂਰ।।*
*ਬੇ ਮੁਖਿ ਤੁਟੇ ਤੁਟਿ ਮੂਏ ਸਨਮੁਖਿ ਭਏ ਕਬੂਲ।।*

*ਗੁਰੁਸ਼ਬਦ ਜਿਨੀ ਜਾਨਿਆ ਮਿਟਿਆ ਆਵਣ ਜਾਣ।।*
*ਨਾਨਕ ਜਾਤਾ ਖਸਮ ਜਿਨਿ ਆਏ ਤੇ ਪਰਵਾਨ।।*

*– ਅਜਿੱਤੇ ਰੰਧਾਵੇ ਦੀ ਗੋਸ਼ਟ*

ਬੱਚਾ ਅਜਿਤਿਆ ਬ੍ਹਾਰਵਾਂ ਜਾਮਾ ਨਿਰਲੰਬ ਸਭ ਤੇ ਨਿਆਰਾ ਰਹੇਗਾ–ਕਰੜਾ ਰਾਹ ਦੱਸੇਗਾ, ਸੂਲੀ ਸ਼ਬਦ ਉਚਰੇਗਾ। ਫੇਰ ਉਸ ਤੋਂ ਮਗਰੋਂ ਪੜ੍ਹੋ ਸੌ ਸਾਖੀ।

*ਤਿਸ ਮੈਂ ਰਾਮ ਸਿੰਘ ਮਮ ਸਾਰਾ।*
*ਦੇਸ਼ ਮਾਲਵੇ ਮਹਿ ਅਵਤਾਰਾ।*
*— ਰਾਮ ਸਿੰਘ ਉਚ ਨੀਚਨ ਡਰੈ।*
*ਅਵਨੀ ਇਕ ਰਸੋਈ ਕਰੇ।*

ਉਠੈ ਨੀਚਨ ਡਰੈ, ਕਈ ਲੋਕ ਪੜ੍ਹਦੇ ਹਨ, ਇਹ ਅੱਖਰ ਗਲਤ ਕੀਤੇ ਹੋਏ ਨੇ। ਰਾਮ ਸਿੰਘ ਉੱਚਿਆਂ ਨੂੰ ਉੱਚਤਾਈ ਤੋਂ ਹਟਾਵੇਗਾ, ਨੀਵਿਆਂ ਨੂੰ ਨੀਵੇਂਤਾਈ ਤੋਂ ਚੁੱਕ ਕੇ ਇੱਕੋ ਜਿਹੇ ਕਰ ਦੇਵੇਗਾ। ਸਤਿਗੁਰਾਂ ਦੇ ਵਕਤ ਵਿੱਚ—ਚੱਕਰਵਰਤੀ ਜੀ ਨੇ ਤੁਹਾਨੂੰ ਸੁਣਾਇਆ ਸੀ–ਬਈ, ਉਹ ਰੁਪਈਆ ਸਿੱਖ ਨੇ ਦਿੱਤਾ—ਨਾ ਉੱਥੇ ਤਰਖਾਣ, ਨਾ ਓਥੇ ਜੱਟ, ਨਾ ਉੱਥੇ ਖੱਤਰੀ, ਨਾ ਉੱਥੇ ਬ੍ਰਾਹਮਣ, ਨਾ ਉੱਥੇ ਮਜ਼ਹਬੀ, ਨਾ ਉੱਥੇ ਚੂੜ੍ਹਾ। ਸਿੱਖ– –ਹਰ ਇੱਕ ਸਿੱਖ ਨੂੰ ਆਪਣੇ ਵਰਗਾ ਰੂਪ ਜਾਣਦਾ ਸੀ। ਅੱਜੇ ਵੀ ਸਤਿਗੁਰਾਂ ਦੀ ਬੜੀ ਕਿਰਪਾ ਹੈ, ਅੱਜੇ ਵੀ ਕੋਈ–ਕੋਈ ਸਿੱਖ–ਬੀਜ ਨਾਸ ਨਹੀਂ ਪਰ ਅਸੀਂ ਵੀ ਬਹੁਤ ਦੂਰ ਚਲੇ ਗਏ ਹਾਂ, ਉਹ ਹਾਲਤ ਨਹੀਂ—ਅਜੇ ਉਹ ਗੁਰੂ ਦੇ ਸਿੱਖ ਹੈਗੇ ਨੇ, ਜਿਹੜੇ ਸਿੱਖਾਂ ਦੀ ਮਦਦ ਕਰਨ ਲੱਗੇ ਹੋਏ ਹਨ।

ਮੈਂ ਅੱਗੇ ਵੀ ਸ਼ਾਇਦ ਦੱਸਿਆ ਹੋਵੇ, ਇਕ ਨੁਸ਼ਹਿਰੇ ਵਿਰਕਾਂ ਦਾ ਸਿੰਘ ਹੈ ਵਿਰਸਾ ਸਿੰਘ, ਉੱਥੋਂ ਦਾ ਇੱਕ ਘੁਮਿਆਰ ਸਿੰਘ–ਮੱਘਰ ਸਿੰਘ, ਜਿਹਨੂੰ ਉਸਨੇ ਆਪਣੇ ਕੋਲੋਂ ਪੈਸੇ ਦੇ ਕੇ ਮੁਰੱਬਾ ਜ਼ਮੀਨ ਲੈ ਦਿੱਤੀ।

ਇੱਕ ਮੈਂ ਅਰਜ਼ ਕਰਨੀ ਹੈ। ਉਸ ਦਿਨ ਉਹ ਗਿਆਨੀ ਹਰਬੰਸ ਸਿੰਘ ਉਨਾਂ ਦਾ ਨਾਂ ਹੈ, ਲੇਖ ਪੜ੍ਹਨ ਵਾਲੇ ਗਿਆਨੀ ਜੀ ਨੇ ਇੱਕ ਲੇਖ ਪੜ੍ਹਿਆ ਸੀ। ਉਹਨਾਂ ਨੂੰ ਪਤਾ ਨਹੀਂ, ਥੋੜੀ ਜਿਹੀ ਗਲਤੀ ਲੱਗ

ਗਈ, ਕਿ ਜਿਨ੍ਹਾਂ ਨੇ ਪੈਸੇ ਦਿੱਤੇ ਸੀ ਸਾਰਿਆਂ ਨੂੰ ਮੁਰੱਬੇ ਇੱਕੋ ਜਿਹੇ ਕਰ ਦਿੱਤੇ—ਇਹ ਗੱਲ ਨਹੀਂ। ਗੱਲ ਇਹ ਹੈ ਕਿ ਜਿਨ੍ਹਾਂ ਨੇ ਪੈਸੇ ਦਿੱਤੇ ਉਨ੍ਹਾਂ ਦੇ ਪੈਸੇ ਦੇਣ ਦੇ ਪਰਤਾਪ ਜ਼ਮੀਨ ਵਾਧੂ ਆ ਗਈ, ਅੱਸੀ ਕੁ ਮੁਰੱਬੇ— ਇੱਕ ਗੱਲ।

ਦੂਸਰੀ ਚੀਜ਼ ਉੱਥੇ ਇਹ ਹੈ, ਅਜੇ ਤਕ ਉਹ ਜ਼ਮੀਨ ਮੇਰੇ ਨਾਂ ਹੈ, ਕੋਈ ਲਿਖਤ ਪੜ੍ਹਤ ਨਹੀਂ—ਵਾਹੁੰਦੇ ਉਹ ਹਨ। ਹੁਣ ਉਨ੍ਹਾਂ ਦੇ ਨਾਂ ਚੜ੍ਹਨੀ ਹੈ, ਮੇਰਾ ਵੀ ਫ਼ਰਜ਼ ਹੈ, ਉਹਨਾਂ ਨੇ ਆਪਣਾ ਪੂਰਾ ਕਰ ਦਿੱਤਾ ਹੈ। ਕਿਸੇ ਨੇ ਕੋਈ ਛਿੱਟ ਨਹੀਂ ਪਵਾਈ ਪੰਝੀ ਲੱਖ ਰੁਪਈਆ ਦੇ ਕੇ। ਉਹਦੇ 'ਚ ਇੱਕ ਸ਼ਰਤ ਕਰ ਲਈ ਸੀ ਕਿ ਪੰਝੀ ਘੁਮਾਂ ਜ਼ਮੀਨ ਹੋਵੇਗੀ-ਦੋ ਜਗ੍ਹਾ ਹੋਵੇਗੀ, ਉਹਦੇ 'ਚ ਚੌਥਾ ਹਿੱਸਾ ਮਰੂਸ ਹੋਵੇਗੀ —ਪਚਵੰਜਾ ਸੌ ਰੁਪਈਆ।

ਦੋ ਆਦਮੀਆਂ ਨੂੰ-ਕੁਝ ਉਹ ਸੱਜਣ ਸਨ ਜਿਹੜੇ ਕੰਮੋ ਸਿੱਖ, ਜਿਨ੍ਹਾਂ ਦੀ ਪਿੱਛੇ ਕੋਈ ਕਨਾਲ-ਕਨਾਲ ਜ਼ਮੀਨ ਨਹੀਂ ਸੀ, ਉਨ੍ਹਾਂ ਵੀ ਪੈਸੇ ਪਾਏ। ਕੁਝ ਸੈਣੀ ਸਿੱਖ ਸਨ—ਜਿਹੜੇ ਲੋਕਾਂ ਦੀਆਂ ਜ਼ਮੀਨਾਂ ਮੁਜਾਰੇ ਹੋ ਕੇ; ਕੁਝ ਮਾਨਾਂ ਵਾਲੇ ਵਾਹੁੰਦੇ ਸਨ, ਕੁਝ ਬਾਰ ਬਟਨ ਦੁਆਲੇ ਵਾਹੁੰਦੇ ਸਨ, ਉਹਨਾਂ ਨੂੰ ਪਹਿਲੇ ਅਰਜ਼-ਸਿੱਖਾਂ ਨੂੰ, ਪੈਸੇ ਦੇਣ ਵਾਲਿਆਂ ਨੂੰ—ਕਰ ਲਈ ਸੀ ਕਿ ਇਹ ਗਰੀਬ ਆਦਮੀ ਹਨ, ਤੁਹਾਡਾ ਪਿੱਛੇ ਵੀ ਗੁਜ਼ਾਰਾ ਹੁੰਦਾ ਹੈ, ਇਹਨਾਂ ਨੂੰ ਪਹਿਲਾਂ ਚੋਣਵੀਂ ਜ਼ਮੀਨ ਦੇ ਦੇਣੀ ਹੈ, ਜਿੱਥੋਂ ਇਹਨਾਂ ਦੀ ਮਰਜ਼ੀ ਹੈ, ਲੈ ਸਕਦੇ ਹਨ। ਤੁਹਾਨੂੰ ਦੋ ਥਾਈਂ ਦਿਆਂਗੇ-ਅੱਧੀ ਬਾਹਰਲੇ ਉੱਚੇ ਥਾਂ, ਅੱਧੀ ਨੀਵੇਂ—ਇਹ ਜਿੱਥੋਂ ਚਾਹੁਣ ਲੈ ਲੈਣ। ਉਹ ਉਨ੍ਹਾਂ ਨੇ ਮੰਨ ਕੇ, ੨੯ ਮੁਰੱਬੇ ਕਮੋਆਂ ਸਿੰਘਾਂ ਨੂੰ, ੨੬ ਮੁੱਰਬੇ ਸੈਣੀਆਂ ਨੂੰ, ਉਹ ਬਿਲਕੁਲ ਜਿੱਥੋਂ ਉਹਨਾਂ ਨੇ ਚਾਹਿਆ ਹੈ-ਇਹ ਉਹਨਾਂ ਨੂੰ ਕਹਿ ਦਿੱਤਾ ਸੀ ਇੱਕ ਪਾਸੇ ਲੈ ਲਓ, ਵਿਚਕਾਰ ਨਾ ਪਾਉ ਹੱਥ—ਉਹਨਾਂ ਨੇ ਚੰਗੇ ਤੋਂ ਚੰਗਾ ਥਾਂ ਜਿਹੜਾ ਮੱਲਿਆ ਹੈ, ਦੇ ਦਿੱਤਾ ਹੈ।

ਕੁਝ ਹੋਰਨਾਂ ਸਿੱਖਾਂ ਨੂੰ-ਉਹ ਜਿਹੜੀ ਦੂਸਰੀ ਜ਼ਮੀਨ ਹੈ, ਉਹਦੇ ਵਿੱਚ ਕੁਝ ਉੱਦਮ ਕੀਤਾ ਹੈ ਜੇ ਵਿਦਿਆਲਾ ਗੁਰੂ ਨੇ ਬਣਾ ਦਿਤਾ। ਨਹਿਰ ਪੈ ਗਈ ਹੈ ਅਜੇ ਤਾਂ ਆਮਦਨ ਨਹੀਂ-ਕੁਝ ਲੰਗਰ ਵਾਸਤੇ; ਕੁਝ ਜਿਹੜੇ

ਗਰੀਬ ਆਦਮੀ ਹਨ—ਕਿਸੇ ਨੂੰ ਮੁਰੱਬਾ, ਕਿਸੇ ਨੂੰ ਅੱਧਾ ਮੁਰੱਬਾ, ਕਿਸੇ ਨੂੰ ਛੇ ਪੈਲੀਆਂ, ਕਿਸੇ ਨੂੰ ਤਿੰਨ ਪੈਲੀਆਂ, ਕਿਸੇ ਨੂੰ ਚਾਰ ਪੈਲੀਆਂ—ਉਹ ਜ਼ਰੂਰ ਉਹਨਾਂ ਨੂੰ ਜਿਹੜੀ ਵਾਧੂ ਜ਼ਮੀਨ ਮਿਲੀ ਹੈ ਮੁਫਤ ਦਿੱਤੀ ਹੈ, ਕਿਉਂਕਿ ਇਹ, ਇਤਿਹਾਸਕ ਗੱਲ ਕੱਲ੍ਹ ਨੂੰ ਆ ਜਾਣੀ ਹੈ। ਗਿਆਨੀ ਜੀ ਹੁਰਾਂ ਨੂੰ ਕੋਈ ਪਤਾ ਨਹੀਂ ਸੀ, ਉਹਨਾਂ ਨੂੰ ਵੀ ਅਰਜ਼ ਕੀਤੀ ਹੈ, ਕਿ ਮੈਂ ਸਾਰੀ ਜ਼ਮੀਨ ਨੂੰ ਇਉਂ ਨਹੀਂ ਕਰ ਸਕਦਾ। ਇੱਕ ਆਦਮੀ ਨੇ ਸੱਤ-ਅੱਠ ਮੁਰੱਬੇ ਖਰੀਦੇ ਨੇ, ਉਹਦੇ ਉਹਨੂੰ ਓਨੇ ਹੀ ਮਿਲ ਗਏ ਨੇ, ਜਿਨ੍ਹੇ ਪੰਜ ਖਰੀਦੇ ਨੇਂ ਉਸ ਨੂੰ ਪੰਜ ਹੀ ਮਿਲ ਗਏ ਹਨ, ਪਰ ਜਿਹੜੀ ਜ਼ਮੀਨ ਵੱਧ ਗਈ ਹੈ ਉਹ ਉਹਨਾਂ ਤੋਂ ਰੱਖ ਕੇ ਉਹਦੇ 'ਚ ਗਰੀਬ ਗੁਰਬੇ ਦਾ ਗੁਜ਼ਾਰਾ ਹੋ ਰਿਹਾ ਹੈ। ਉਹ ਧੰਨ ਹਨ ਗੁਰੂ ਕੇ ਸਿੱਖ ! ਉਹ ਐਨਾ ਰੁਪਈਆ ਲਾ ਕੇ, ਉਹਦੇ ਵਿੱਚੋਂ ਇੱਕ ਸਿੱਖ ਨੇ ਦੋ ਮੁਰੱਬੇ ਖਰੀਦੇ, ਇੱਕ ਮੁਰੱਬੇ ਦੇ ਪੈਸੇ ਲੈ ਕੇ ਅਖੰਡ ਪਾਠ ਕਰਵਾ ਦਿੱਤੇ ਨੇ।

ਸਤਿਗੁਰੂ ਰਾਮ ਸਿੰਘ ਨੇ ਇਹ ਚੀਜ਼ ਬਣਾਈ-ਅਵਨੀ ਏਕ ਰਸੋਈ ਕਰੈ-ਇੱਕ ਰਸ ਕੀਤੀ। ਤਾਂ ਉਹਨਾਂ ਦੱਸਿਆ ਕਿ ਅਸਾਂ ਪੁਸਤਕਾਂ ਨੂੰ ਖ਼ਰਾਬ ਕੀਤਾ। ਪੁਸਤਕਾਂ ਖ਼ਰਾਬ ਹੋ ਜਾਣ-ਕੁਝ ਹੋ ਜਾਏ, ਜਿਹੜਾ ਵਕਤ ਹੈ ਉਸੇ ਤਰ੍ਹਾਂ ਬਣੇਗਾ। ਆਹ ਕੂਕਿਆਂ ਦੇ ਜਿੰਮੇ ਰੋਜ਼ ਇਹ ਗੱਲ ਲੱਗੀ ਰਹਿੰਦੀ ਕਿਉਂਕਿ ਅਸੀਂ ਤੇ ਸੁੰਨੀ ਸਿੱਖ ਹਾਂ ਜਿਹੜੇ ਸਾਡੇ ਬਜ਼ੁਰਗ, ਜਿਹੜੇ ਪੁਰਾਤਨ ਸਨ, ਮਾਤਾ ਜੀ ਜਾਂ ਹੋਰ ਉਨ੍ਹਾਂ ਦੇ ਵਕਤ ਦੇ-ਜਿਨ੍ਹਾਂ ਨੇ ਸਤਿਗੁਰਾਂ ਦੇ ਦਰਸ਼ਨ ਕੀਤੇ ਹੋਏ ਸੀ-ਉਹ ਕਹਿੰਦੇ ਸੀ, **''ਭਾਈ ਵਕਤ ਬੜਾ ਬੁਰਾ ਆਵੇਗਾ। ਸਤਿਗੁਰਾਂ ਦੇ ਹੁਕਮ ਸੁਣਾਉਂਦੇ ਸੀ-ਕਿ ਪਤਾ ਸਭ ਨੂੰ ਲੱਗ ਜਾਵੇਗਾ, ਨਿਕਲੇਗਾ ਕੋਈ ਵਿਰਲਾ।''**

ਸੇਠ ਦਿਆਲ ਸਿੰਘ ਹੁਰੀਂ ਕੋਲ ਬੈਠੇ ਹਨ, ਹੋਰ ਕਈ ਸੱਜਣ ਇੱਥੇ ਆਏ ਹੋਏ ਨੇ। ਹੋਲੇ ਦੇ ਦੀਵਾਨ ਵਿੱਚ ਮੈਂ ਕਦੇ ਨਹੀਂ ਸੀ ਬੋਲਿਆ। ਮੈਂ ਅਰਜ਼ ਕੀਤੀ ਜਿਦਣ ਰਾਵਲ ਪਿੰਡੀ ਵਿੱਚ ਰੌਲਾ ਪਿਆ ਛੇ ਮਾਰਚ ਨੂੰ ਕਿ ਤੁਸੀਂ ਹੁਣ ਆਪਣਾ ਬਾਲ-ਬੱਚਾ ਬਚਾਓ—ਸਤਿਗੁਰਾਂ ਦੇ ਹੁਕਮ ਦੀ ਗੱਲ ਸੀ, ਮੇਰੀ ਕੋਈ ਗੱਲ ਨਹੀਂ ਸੀ, ਜੇ ਮੈਂ ਕਹਾਂ ਕਿ ਮੇਰੀ ਅਕਲਮੰਦੀ ਨਾਲ

ਹੈ, ਇਹ ਬਿਲਕੁਲ ਗਲਤ ਹੈ—ਤੁਸੀਂ ਆਪਣੇ ਬਾਲ-ਬੱਚੇ, ਪੈਸਾ-ਟਕਾ, ਕਪੜਾ-ਲੀੜਾ ਬਾਹਰ ਕੱਢ ਲਉ, ਸਰੀਰ ਇੱਕ-ਇੱਕ, ਦੋ-ਦੋ, ਚਾਰ-ਚਾਰ ਰਹੋ। ਕੁਦਰਤ ਨੂੰ ਮਨਜ਼ੂਰ ਐਸਾ ਹੈ, ਉਹ ਨਹੀਂ ਨਿਕਲਣਾ ਮਿਲਿਆ, ਬਹੁਤ ਥੋੜਿਆਂ ਨੇ ਕੱਢਿਆ। ਲਾਇਲਪੁਰ ਦੇ ਜ਼ਿਲ੍ਹੇ 'ਚੋਂ ਇੱਕ ਆਦਮੀ[੨੧] ਆਪਣੇ ਇੱਕ ਸਾਲ ਦਾ ਠੇਕਾ ਲੈ ਕੇ ਅਤੇ ਆਪਣੇ ਬਾਲ-ਬੱਚੇ ਲੈ ਕੇ ਨਿਕਲਿਆ ਹੋਰ ਕੋਈ ਨਹੀ ਨਿਕਲਿਆ। ਇਸੇ ਤਰ੍ਹਾਂ ਹੁਕਮ ਸੀ, ਕਿ ਪਤਾ ਸਭ ਨੂੰ ਲੱਗੂ, ਨਿਕਲੂ ਕੋਈ ਵਿਰਲਾ।

ਸਤਿਗੁਰਾਂ ਦਾ ਪ੍ਰਗਟ ਹੋਣਾ—ਸਤਿਗੁਰਾਂ ਦਾ ਪ੍ਰਕਾਸ਼ ਹੋਣਾ-ਗੁਰੂ ਗੋਬਿੰਦ ਸਿੰਘ ਦਾ ਲਿਖਿਆ ਹੋਇਆ,

*ਥਿਤ ਖਸਟਮੀ ਸੁਰ ਗੁਰ ਵਾਰਾ।*
*ਭਸਮੰਤ ਨਗਰ ਸਤਿਲੁਦ ਕਨਾਰਾ।*
*ਧੰਨ ਉਹ ਦਿਵਸ ਪ੍ਰਗਟ ਬਪ ਧਾਰੈ।*
*ਬਹੁ ਨਿਵਾਸੁ ਸਤਿਲੁਦ ਕਿਨਾਰੈ।*

## ਗੁਰੂ ਜੋ ਚਾਹੇ ਸੋ ਕਰੇ

ਜੇ ਅਸੀਂ ਹੁਣ ਇਹ ਕਹੀਏ, ਕਿ ਗੁਰੂ ਨਾਨਕ ਹੋਰ, ਗੁਰੂ ਹਰਿ ਗੋਬਿੰਦ ਹੋਰ ਤੇ, ਲੈ ਇਹ ਗੁਰੂ ਦਾ ਕੰਮ ਹੈ ਸ਼ਿਕਾਰ ਖੇਡਣੇ, ਘੁਲਣਾ--ਗੁਰੂ ਜੋ ਚਾਹੇ ਸੋ ਕਰੇ। ਉਹ ਗੁਰੂ ਕੀ ਹੈ—ਜੇ ਉਹ ਕਿਸੇ ਦੇ ਹੱਥ 'ਚ ਪੈ ਕੇ ਜਾਂ ਕਿਸੇ ਦੀ ਮਰਜ਼ੀ ਨਾਲ ਚਲਦਾ ਹੈ। ਮਾਤਾ ਗੁਜਰੀ ਨੇ ਗੁਰੂ ਗੋਬਿੰਦ ਸਿੰਘ ਨੂੰ ਕਿਹਾ, ''ਤੂੰ ਰਾਜਿਆਂ ਨੂੰ ਅੰਮ੍ਰਿਤ ਛਕਾ।''

ਗੁਰੂ ਗੋਬਿੰਦ ਸਿੰਘ ਕਹਿੰਦੇ ਨੇ, ''ਮਾਈ, ਤੂੰ ਨਹੀਂ ਇਨ੍ਹਾਂ ਗੱਲਾਂ ਨੂੰ ਜਾਣਦੀ।'' ਉਹ ਜਿਹੜੇ ਸਾਡੇ ਵਰਗੇ ਕੁਣਕਾ ਖਾਣ ਵਾਲੇ, ਮੋਟੇ ਪੇਟਾਂ ਵਾਲੇ, ਰੱਜ-ਰੱਜ ਪੇਟ ਭਰਨ ਵਾਲੇ ਮਸੰਦ ਸੀ, ਉਹ ਵੀ ਮਾਈ ਦੇ ਨਾਲ ਰਲੇ, ਭਾਈ ਇਹਨਾਂ ਰਾਜਿਆਂ ਨੂੰ ਵੱਡਿਆਂ ਆਦਮੀਆਂ ਦੀ ਮਦਦ ਕਰੋ।

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ, ''ਮਾਈ ! ਤੂੰ ਕੀ ਜਾਣਦੀ ਹੈ ਇਸ ਗੱਲ ਨੂੰ, ਇਹ ਰਾਜੇ ਕਹਿਣਗੇ—ਸਾਡੇ ਕੋਲ ਰਾਜ ਵੀ ਅੱਗੇ ਸੀ, ਭਾਗ

ਵੀ ਅੱਗੇ ਸੀ, ਘੋੜੇ ਵੀ ਸੀ, ਹਥਿਆਰ ਵੀ ਸੀ, ਗੁਰੂ ਨੇ ਇੱਕ ਸ਼ਰਬਤ ਦੀ ਚੁਲੀ ਪਿਆਈ ਹੈ, ਖ਼ਬਰ ਨਹੀਂ ਉਹਦਾ ਕਦੋਂ ਸੁਆਦ ਆਊ।''

ਬਚਨ ਕਰਨ ਲੱਗੇ, ''ਮੈਂ ਗੁਰਿਆਈ ਆਪਣੇ ਪੋਤਰਿਆਂ ਨੂੰ ਦੇ ਦਿਆਂਗੀ।''

ਗੁਰੂ ਗੋਬਿੰਦ ਸਿੰਘ ਕਹਿੰਦੇ ਨੇ, ''ਜਾ ਗੁਜਰੀਏ ! ਉਜੜੀਏ ! ਮੈਂ ਪੋਤਰਾ ਰਹਿਣ ਹੀ ਤੇਰਾ ਕੋਈ ਨਹੀਂ ਦੇਣਾ।''

ਉਹਦਾ ਹੈ ਹੀ ਕੋਈ ਨਹੀਂ—ਸਾਰੇ ਹੀ ਉਹਦੇ ਨੇ। ਉਹ ਏਹੋ ਜਿਹੀ ਚੀਜ਼ ਨਹੀ ਨ, ਬਈ, ਉਹ ਪੁੱਤਰ ਜੰਮਦਾ ਹੈ-ਉਹਦੀ ਮਾਂ ਹੈ :-

**ਨ ਤਾਕੋ ਕੋਈ ਤਾਤ[੨੨] ਮਾਤੰ ਨ ਭਾਯੰ[੨੩]।।**
**ਨ ਪੁਤ੍ਰੰ ਨ ਪੌਤ੍ਰੰ ਨ ਦਾਯਾ[੨੪] ਨ ਦਾਯੰ[੨੫]।।**

*- ਦਸਮ ਗ੍ਰੰਥ, ਪੰਨਾ - ੪੦*

ਮੈਂ ਹੁਣ ਥੋੜੇ ਜਿਹੇ ਮਿੰਟਾਂ ਵਿੱਚ ਅਰਜ਼ ਕਰਕੇ—ਨਿਤਨੇਮ ਦਾ ਵਕਤ ਹੋ ਗਿਆ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਜਿਸ ਤਰ੍ਹਾਂ ਹੋਇਆ--ਇਹ ਮਸ਼ਹੂਰ ਗੱਲ ਹੈ। ਬਾਬਾ ਜੀ—ਜਿਹਨਾਂ ਨੂੰ ਪਿਤਾ ਸਤਿਗੁਰਾਂ ਦੇ ਕਹਿੰਦੇ ਸੀ। ਸਿੱਖਾਂ ਦੇ ਸਾਹਮਣੇ ਇੱਕ ਦਿਨ ਬੈਠਿਆਂ (ਸਤਿਗੁਰੂ ਰਾਮ ਸਿੰਘ ਜੀ) ਕਹਿੰਦੇ ਨੇ-''ਤੂੰ ਕਹਿੰਦਾ ਹੋਵੇਂਗਾ ਮੇਰਾ ਪੁੱਤਰ ਹੈ, ਤੂੰ ਸੱਚ ਦੱਸ ਮੈਂ ਤੇਰੇ ਘਰ ਪੈਦਾ ਹੋਇਆਂ''? ਸਾਧ-ਸੰਗਤ ਦੇ ਵਿੱਚ ਬੈਠਿਆਂ।

ਸਾਧ-ਸੰਗਤ ਨੇ ਇਹ ਅਰਜ਼ ਕਰੀ, ਬਾਬਾ ਜੀ ਅੱਗੇ-ਬਾਬਾ ਜੱਸਾ ਸਿੰਘ ਜੀ ਉਦੋਂ ਤੇ ਜੱਸੇ ਹੀ ਸਨ, ਸਤਿਗੁਰਾਂ ਦੀ ਕਿਰਪਾ ਨਾਲ ਮੁੜ ਕੇ ਕਛਹਿਰਾ ਪਾਇਆ। ਕਹਿਣ ਲੱਗੇ, ''ਸਾਨੂੰ ਪਤਾ ਸੀ ਕਿ ਸਾਡੇ ਘਰ ਬੱਚਾ ਹੋਣਾ ਹੈ।'' ਜਿਸ ਦਿਨ ਬੱਚਾ ਹੋਣ ਦਾ ਵਕਤ ਹੋਇਆ-ਏਹੋ ਹੀ ਰਾਤ ਜਿਹੜੀ ਆਉਣ ਵਾਲੀ ਹੈ-ਉਹ ਦਾਈ ਨੂੰ ਬੁਲਾਇਆ, ਇੱਕ ਅੰਦਰੋ ਜਲ ਪਾਣੀ ਦੀ ਗੰਢ, ਮਸ਼ਕ ਜਿਹੀ ਬਣੀ ਹੋਈ ਨਿਕਲੀ। ਦਾਈ ਨੇ ਬਾਬੇ ਹੁਰਾਂ ਨੂੰ ਸੱਦਿਆ, ਕਿ ਆਹ ਕੁਝ ਨਿਕਲਿਆ ਹੈ। ਹਿੰਦੂ ਮਤ ਅਨੁਸਾਰ ਉਸ ਨੂੰ ਤੀਲਾ ਲਾਇਆ ਪਾਣੀ ਨਿਕਲ ਗਿਆ। ਹਿੰਦੂ ਮਤ ਅਨੁਸਾਰ ਜਿਹੜੀ ਇਹੋ ਜਿਹੀ ਚੀਜ਼ ਹੋਵੇ-ਹਿੰਦੂ ਬਾਹਰ ਨਹੀਂ ਉਹਨੂੰ ਲਿਜਾਂਦੇ, ਉਹਨਾਂ ਉੱਥੇ

ਟੋਆ ਪੁੱਟਿਆ ਇੱਕ ਪਾਸੇ ਦੱਬ ਦਿੱਤੀ। ਬਾਬਾ ਜੀ ਰਾਮ-ਰਾਮ ਦਾ ਭਜਨ ਕਰਦੇ ਹੁੰਦੇ, ਕਹਿਣ ਲੱਗੇ, ''ਹੇ ਰਾਮ, ਕੀ ਥਾ, ਕੀ ਹੋ ਗਿਆ !'' ਹੁਣ ਇਹ ਗੱਲਾਂ ਕਰਦੇ ਹਨ, ਮਾਤਾ ਜੀ ਨੇ ਇਸ਼ਨਾਨ ਕਰ ਲਿਐ, ਸਤਿਗੁਰੂ ਜੀ ਪਲੰਘ ਉੱਤੇ ਖੇਡਦੇ ਹਨ। ਕਬੀਰ ਜੀ ਨੇ ਲਿਖਿਆ ਹੈ :-

**ਸੰਕਟਿ[੨੬] ਨਹੀ ਪਰੈ ਜੋਨਿ[੨੭] ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ।।**
**ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ।।**

*- ਪੰਨਾ-੩੩੯*

ਗੁਰੂ ਅਰਜਨ ਦੇਵ ਮਹਾਰਾਜ ਭੈਰਉ ਰਾਗ ਵਿੱਚ ਕਹਿੰਦੇ ਨੇ :-

**ਸਗਲੀ ਥੀਤਿ ਪਾਸਿ ਡਾਰਿ ਰਾਖੀ।।**
**ਅਸਟਮ ਥੀਤਿ ਗੋਵਿੰਦ ਜਨਮਾ ਸੀ।।੧।।**
**ਭਰਮਿ ਭੂਲੇ ਨਰ ਕਰਤ ਕਚਰਾਇਣ[੨੮]।।**
**ਜਨਮ ਮਰਣ ਤੇ ਰਹਤ ਨਾਰਾਇਣ।।**
**ਕਰਿ ਪੰਜੀਰੁ ਖਵਾਇਓ ਚੋਰ[੨੯]।।**
**ਓਹੁ ਜਨਮਿ ਨ ਮਰੈ ਰੇ ਸਾਕਤ[੩੦] ਢੋਰ[੩੧]।।**
**ਸਗਲ ਪਰਾਧ ਦੇਹਿ ਲੋਰੋਨੀ।।**
**ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ।।**

*- ਭੈਰਉ ਮ: ੫, ਪੰਨਾ-੧੧੩੬*

## ਸਤਿਗੁਰੂ ਅਜੂਨੀ ਹੈ

ਉਹ ਸੜ ਜਾਏ ਮੂੰਹ, ਜਿਹੜਾ ਕਹਿੰਦਾ ਹੈ ਸਤਿਗੁਰੂ ਜੂਨ ਦੇ ਰਸਤੇ ਆਉਂਦਾ ਹੈ, ਕਿਉਂਕਿ ਉਹ ਅਜੂਨੀ ਹੈ। ਸਤਿਗੁਰਾਂ ਨੇ ਇਸ ਤਰ੍ਹਾਂ ਪ੍ਰਕਾਸ਼ ਕੀਤਾ। ਰੌਲਾ ਪਿਆ—ਦਾਈ ਤੇ ਆ ਕੇ ਆਖੇ, ''ਜੱਸੇ ਲੁਹਾਰ ਦੇ ਘਰ ਮਸ਼ਕ ਜੰਮੀ ਹੈ''—ਮਾਈਆਂ ਜਾ ਕੇ ਦਰਸ਼ਨ ਕਰਕੇ, ਕਈ ਜਿਹੜੀਆਂ ਪਿੰਡ ਦੀਆਂ ਜਨਾਨੀਆਂ-ਉਨ੍ਹਾਂ ਆਖਿਆ, ''ਤੂੰ ਐਵੇ ਝੂਠ ਬੋਲਦੀ ਹੈਂ, ਉਹ ਤੇ ਸੂਰਜ ਵਰਗੇ, ਪ੍ਰਕਾਸ਼ ਵਾਲਾ ਬੱਚਾ ਉਹਨਾਂ ਦੇ ਘਰ ਹੈ।''

ਦਾਈ ਕਹਿੰਦੀ ਹੈ, ''ਮੈਂ ਆਪਣੇ ਹੱਥੀਂ ਦੱਬ ਕੇ ਆਈ ਹਾਂ-ਮਸ਼ਕ।''

ਉਹ ਕਹਿੰਦੀਆਂ, ''ਜਾਂ ਕੇ ਵੇਖ।''

ਜਿਸ ਵੇਲੇ ਦਾਈ ਨੇ ਜਾ ਕੇ ਵੇਖਿਆ-ਉਹ ਮੁਸਲਮਾਨੀ ਸੀ-ਉਸਨੇ ਹੋਕਾ ਦਿੱਤਾ ਪਿੰਡ ਵਿੱਚ ''ਇਹ ਖ਼ਾਕੀ ਨਹੀਂ, ਇਹ ਨੂਰੀ ਹੈ।''

ਗੁਰੂ ਨਾਨਕ ਦੇਵ ਮਹਾਰਾਜ ਜਿਸ ਵੇਲੇ ਓਹਲਾ ਕਰਦੇ ਹਨ-ਸਰੀਰ ਆਪਣੇ ਦਾ, ਉਹ ਮਰਦੇ ਜੰਮਦੇ ਨਹੀਂ, ਸਾਡੀ ਮੱਤ ਨਹੀਂ ਟਿਕਾਣੇ, ਅਸੀਂ ਅੱਜ ਪੜ੍ਹਕੇ ਅੰਗਰਜ਼ ਤੇ ਹੋਰ ਵਿੱਦਿਆ

*ਪੜ੍ਹ ਅੰਗਰੇਜ਼ੀ ਫਾਰਸੀ ਤੇ ਭਏ ਆਰਸੀ ਹੈ,*
*ਖਾਰਸੀ ਸਮਝ ਔਰ ਕਾਮ ਸਭ ਖੋ ਦਹੈ।*

ਉਹ-ਹਿੰਦੂ ਕਹਿੰਦੇ ਨੇ-ਸਾਡਾ ਗੁਰੂ ਹੈ, ਮੁਸਲਮਾਨ ਕਹਿੰਦੇ ਨੇ-ਸਾਡਾ ਪੀਰ ਹੈ। ਉਹ-ਸਾਧੂ ਇੱਕ ਆ ਕੇ ਕਹਿੰਦਾ ਹੈ, ''ਵੇਖੋ ਤੇ ਸਹੀ?'' ਜਦੋਂ ਚਾਦਰ ਚੁਕਦੇ ਹਨ ਥੱਲੇ ਕੁਝ ਵੀ ਨਹੀਂ, ਹੱਡ ਚੰਮ ਹੋਵੇ ਤੇ ਲੱਭੇ। ਗੁਰੂ ਗੋਬਿੰਦ ਸਿੰਘ ਦਾ ਅੰਗੀਠਾ ਫੋਲ ਕੇ ਕੀ ਕੀਤਾ। ਸਾਡੇ ਹਿਸਾਬ ਨਾਲ ਤਾਂ ਗੁਰੂ ਗੋਬਿੰਦ ਸਿੰਘ ਨੇ ਸਰੀਰ ਨਹੀਂ ਛੱਡਿਆ—ਹਜੂਰ ਸਾਹਿਬ। ਅਸੀਂ ਜਦੋਂ ਦੇਖਦੇ ਹਾਂ ਕਿ ਨੌਵਾਂ ਗੁਰੂਆਂ ਤੱਕ, ਗੁਰੂ ਹਰਿ ਗੋਬਿੰਦ ਸਾਹਿਬ ਦੇ ਕਿਤੇ ਕੋਤਲ ਨਹੀਂ ਰੱਖੇ ਜਾਂਦੇ, ਹਜ਼ੂਰ ਸਾਹਿਬ ਅਜੇ ਤਕ ਘੋੜਾ ਗੁਰੂ ਗੋਬਿੰਦ ਸਿੰਘ ਦੀ ਸਵਾਰੀ ਵਾਸਤੇ ਰਹਿੰਦਾ ਹੈ। ਫੇਰ, ਸਾਹਿਬ ਅੰਗੀਠੇ ਵੱਲ ਜਾਂਦੇ ਹਨ, ਕੀ ਹੁਕਮ ਦੇਂਦੇ ਹਨ :-

*ਦੂਰ ਕਨਾਤੋ ਖੜੇ ਰਹਾਇਓ ! ਹਮ ਦਿਸ ਝਾਤ ਨ ਕੋਈ ਪਾਇਓ।*
*ਫੋਲਿਓ ਹਮਰਾ ਨਾਹਿੰ ਅੰਗੀਠਾ। ਨਾਹਿੰ ਸਮਾਧ ਬਨਾਇਓ ਨੀਠਾ।*
*ਜੋ ਸਮਾਧ ਹਮਰੀ ਬਨਵੈ ਹੈ। ਤਿਸ ਕਾ ਸਬ ਸਰਬੰਸ ਨਸੈ ਹੈ।*
*- ਸ੍ਰੀ ਗੁਰੂ ਪੰਥ ਪਰਕਾਸ਼*

ਜੇ ਗੁਰੂ ਤੇਗ ਬਹਾਦਰ ਦਾ ਸੀਸ, ਸਿੱਖ ਲੈ ਕੇ ਪਹੁੰਚਦਾ ਹੈ—ਅਨੰਦਪੁਰ ਸਾਹਿਬ, ਉਸਦਾ ਓੱਥੇ ਦੇਹੁਰਾ ਬਣਾਉਂਦੇ ਹਨ ਤੇ ਆਪਣੇ ਤੇ ਕਿਉਂ ਜਵਾਬ ਦੇਂਦੇ ਹਨ। ਫੇਰ, ਥੋੜੀ ਦੇਰ ਬਾਅਦ ਜਦੋਂ ਰੌਲਾ ਪਿਆ, ਬਸੰਤਰ ਨੂੰ ਲਾ ਦਿੱਤੀ ਅੱਗ—ਓਦੂੰ ਥੋੜਾ ਚਿਰ ਬਾਅਦ ਸਿੱਖ ਵੈਰਾਗ ਕਰਦੇ ਹਨ—ਓਨੇ ਨੂੰ ਸਾਧੂ*[੨] ਆਉਂਦੇ ਹਨ—ਪੰਜਾਬ ਤੋਂ।

(ਸਾਧੂ) ਕਹਿੰਦੇ ਹਨ, ''ਤੁਸੀਂ ਕਿਉਂ ਵੈਰਾਗ ਕਰਦੇ ਹੋ?''

(ਸਿੱਖ) ਕਹਿੰਦੇ ਹਨ, ''ਗੁਰੂ ਗੋਬਿੰਦ ਸਿੰਘ ਸਰੀਰ ਛੱਡ ਗਏ।''

ਉਹ (ਸਾਧੂ) ਕਹਿੰਦੇ, ''ਝੂਠ ਬੋਲਦੇ ਹੋ, ਸਾਨੂੰ ਓਥੇ [੩੨] ਸ਼ਿਕਾਰ ਖੇਡਦੇ ਮਿਲੇ ਹਨ ਔਰ ਕਿਹਾ ਕਿ ਸਾਡਾ ਅਫਸੋਸ ਨਾ ਕਰਨ, ਅਸੀਂ ਖਾਲਸੇ ਦੇ ਵਿੱਚ ਹਾਂ।''

ਫੇਰ, ਪੜ੍ਹੋ ਇਤਿਹਾਸ[★੩] ਰੁਸਤਮ ਰਾਓ ਤੇ ਬਾਲੇ ਰਾਓ ਨੂੰ ਜਾ ਕੇ -ਪੂਨੇ ਦੇ ਕਿਲ੍ਹੇ[੩੩] ਵਿੱਚ ਘੋੜੇ ਤੇ ਚੜ੍ਹੇ ਹੋਏ ਜਾਂਦੇ ਨੇ, ਉਹ ਗੁਰੂ ਸਾਹਿਬ ਨੂੰ ਧਿਆਉਂਦੇ ਹਨ—ਉਨ੍ਹਾਂ ਦੋਨਾਂ ਨੂੰ ਰਕਾਬਾਂ ਫੜਾ ਕੇ ਉਹਨਾਂ ਨੂੰ ਕਹਿੰਦੇ ਨੇ, ''ਫੜੋ ਦੋਨਾਂ ਰਕਾਬਾਂ'', ਸਣੇ ਘੋੜੇ ਕਿਲ੍ਹੇ 'ਚੋਂ ਬਾਹਰ ਲਿਆਕੇ ਉਹਨਾਂ ਨੂੰ ਛੱਡਦੇ[੩੪] ਹਨ। ਜੇ ਮੰਨ ਵੀ ਲਈਏ, ਕਿ ਗੁਰੂ ਸਾਹਿਬ ਨੇ ਓਥੇ ਦੇਹ ਤਿਆਗੀ ਤਾਂ ਜਿਸ ਵੇਲੇ ਅੰਗੀਠਾ ਫੋਲਿਆ, ਇੱਕ ਕਰਦ ਨਿਕਲੀ, ਹੱਡ ਚੰਮ ਕੋਈ ਨਹੀਂ ਲੱਭਿਆ ਕਿਉਂਕਿ ਗੁਰੂ ਚੀਜ਼ ਹੀ ਐਸੀ ਹੈ। ਜੇ ਇਹਦੇ ਵੱਲ ਧਿਆਨ ਦਿੱਤਾ ਜਾਏ ਜੇ ਐਸ ਪਾਸੇ ਨੂੰ ਭੀ ਮੰਨ ਲਈਏ, ਤਾਂ ਸਤਿਗੁਰੂ ਅਜੋਨੀ ਹੈ, ਔਰ ਆਦਿ ਅੰਤ ਏਕੈ ਅਵਤਾਰਾ-ਇੱਕੋ ਹੈ ਦੂਸਰਾ ਨਹੀਂ। ਇਸ ਗੱਲ ਨਾਲ ਕਿਸੇ ਨਾਲ ਜ਼ਿਦ ਨਹੀਂ, ਕਿਸੇ ਨਾਲ ਗੁੱਸਾ ਨਹੀਂ; ਜਿੱਥੋਂ ਤਕ ਕਿਸੇ ਦਾ ਚਿਤ ਕਰਦਾ ਹੈ-ਕੋਈ ਮੰਨੇ। ਜੇ ਅਸੀਂ ਕਿਸੇ ਦੇ ਆਖੇ ਲੱਗ ਕੇ ਆਪਣਾ ਯਕੀਨ ਨਹੀਂ ਬਦਲਦੇ ਕਿਸੇ ਵਾਸਤੇ, ਅਸੀਂ ਵੀ ਕਿਸੇ ਨੂੰ ਨਾ ਕਹੀਏ ਮਜਬੂਰ ਹੋ ਕੇ ਕਿ ਤੂੰ ਏਸੇ ਤਰ੍ਹਾਂ ਮੰਨ-ਨਹੀਂ, ਜਿਵੇਂ ਮਰਜ਼ੀ ਹੈ ਮੰਨੇ।

ਸਾਡੇ ਯਕੀਨ ਮੁਤਾਬਕ ਸਾਨੂੰ ਜੋ ਕੁਝ ਗੁਰੂ ਦੀ ਲਿਖਤ ਮਿਲੀ ਹੈ, ਲਿਖਿਆ ਮਹਾਰਾਜ ਨੇ ਗੁਰਿੰਡ ਨਾਮੇ ਵਿੱਚ

*ਸ਼ਕਤ ਅਨੰਤੀ ਆਇ ਹੈ ਆਦਿ 'ਇਹੈ ਨਹੀਂ ਔਰ।*

**– ਸੋਲਹ ਕਲਾ ਸੰਪੂਰਨ ਫਲਿਆ।**

ਗੁਰਬਾਣੀ 'ਚ ਆਦਿ ਗ੍ਰੰਥ ਸਾਹਿਬ ਜੀ 'ਚ ਲਿਖਿਆ ਹੈ—

**ਅਨਤ ਕਲਾ ਹੋਇ ਠਾਕੁਰੁ ਚੜਿਆ।**

*– ਮਾਰੂ ਮ: ੫, ਪੰਨਾ-੧੦੮੧*

ਅਨੰਤ ਕਲਾ-ਜਿਹੜੀਆਂ ਗਿਣੀਆਂ ਨਹੀਂ ਜਾਂਦੀਆਂ। ਅਵਤਾਰ ਗਿਣਤੀ ਵਿੱਚ ਆ ਜਾਂਦੇ ਹਨ, ਸਤਿਗੁਰੂ ਦੀ ਗਤਿ ਬੜੀ ਬੇਅੰਤ ਹੈ। ਫੇਰ, ਪ੍ਰਕਾਸ਼ ਕਰਕੇ ਛੋਟੇ, ਬਚਪਨ ਤੋਂ ਹੀ ਬਾਹਰ ਜਾਣਾ, ਬੈਠ ਕੇ ਸਮਾਧੀ ਲਾਉਣੀ, ਕੋਈ ਵਕਤ ਨਹੀਂ ਜਦੋਂ ਬੁੱਲ ਨਹੀਂ ਸੀ ਹਿਲਦੇ, ਜਿਹੜੇ ਨਾਲ ਦੇ ਬੱਚੇ ਹਨ, ਉਹ ਦੇਖਦੇ ਹਨ। ਉਸ (ਬਾਲ) ਵਿਆਹ ਦੀ ਰਸਮ ਨੂੰ ਮੁੜ ਕੇ ਸਤਿਗੁਰਾਂ ਬੰਦ ਕੀਤਾ ਦੇਖ ਕੇ-ਬਾਲ ਅਵਸਥਾ 'ਚ ਪੰਜ ਸਾਲ ਦੇ ਮੰਗੇ, ਸੱਤ ਸਾਲ ਦਿਆਂ ਦੀ ਸ਼ਾਦੀ ਕੀਤੀ। ਬਾਈ ਸਾਲ ਦੀ ਉਮਰ ਵਿੱਚ ਖਾਲਸਾ ਫੌਜ ਵਿੱਚ ਭਰਤੀ ਹੋਏ। ਚੌਰਾਨਵੇਂ (ਸੰਮਤ ੧੮੯੪ ਬਿਕਰਮੀ) ਵਿੱਚ ਜਾ ਕੇ ਭਰਤੀ ਹੋਏ, ਉੱਥੇ ਰਹੇ ਛੇ ਸਾਲ। ਅਠਾਨਵੇਂ ਵਿੱਚ ਜਾਕੇ ਗੁਰੂ ਬਾਲਕ ਸਿੰਘ ਨੂੰ ਮਿਲੇ। ਉਨੀਂ ਸੌ ਦੋ (੧੯੦੨ ਬਿਕਰਮੀ) ਵਿੱਚ ਲਾਹੌਰ ਮਾਰੀ ਗਈ।

ਮੁਦਕੀ ਦੀ ਜੰਗ ਤੋਂ ਪਹਿਲਾਂ ਮਸਤਾਨਾ ਕਹਿਕੇ ਲੋਕ ਬੁਲਾਂਉੱਦੇ। ਫੌਜ ਵਿੱਚ ਮਸਤ ਰਹਿਣਾ। ਨਾਲ ਦਿਆਂ ਨੇ ਪਹਿਰਾ ਸਤਿਗੁਰਾਂ ਦਾ ਛੱਡ ਛੱਡਿਆ ਸੀ, ਬਈ ਗਿਣ ਕੇ ਆਪ ਦੇ ਦੇਣਾ। ਇਸ ਫੌਜ ਦਾ ਨਾਂ ਭਗਤਾਂ ਵਾਲੀ ਫੌਜ ਹੋ ਗਿਆ ਸੀ, ਜਿੰਨੇ ਨਾਲ ਦੇ ਸਾਥੀ ਸੀ, ਸਾਰੇ ਭਜਨ ਬਾਣੀ ਕਰਦੇ ਸੀ। ਸਿੱਖਾਂ ਦੀ ਹਾਲਤ ਕੀ ਸੀ? ਸਤਿਗੁਰੂ ਬਾਹਰ ਜਾ ਕੇ ਭਜਨ ਕਰਦੇ ਹਨ—ਬਸਤਰ ਪਾਏ ਹਨ ਸਾਰੇ। ਉਹੀ ਨਾਲ ਦੇ ਫੌਜ ਦੇ ਸਿੱਖ ਜਾ ਕੇ ਕਹਿੰਦੇ ਨੇ, ''ਲਾਹ ਕੇ ਲੀੜੇ ਇੱਥੇ ਰੱਖ ਦੇਹ।''

ਕੰਠਾਂ, ਕੜੇ-ਉਹਨਾਂ ਦਿਨਾਂ ਵਿਚ ਇਹ ਰਿਵਾਜ ਸੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ-ਸਭ ਕੁਝ ਲੁਹਾ ਲਿਆ। (ਸਤਿਗੁਰੂ) ਕਹਿਣ ਲੱਗੇ, ''ਦਸਤਾਰ ਤੇ ਨਾ ਲੁਹਾਉ।''

ਕਹਿਣ ਲੱਗੇ, ''ਨਹੀਂ ਬਸ, ਓ ਆਪਾਂ ਇਕੋ ਫੌਜ ਦੇ ਰਹਿਣ ਵਾਲੇ ਹਾਂ, ਇਹ ਵੀ ਲਾਹ ਕੇ ਦੇਹ''।

(ਸਤਿਗੁਰੂ) ਕਹਿਣ ਲੱਗੇ, ''ਇਹ ਵੀ ਲਉ, ਤੁਹਾਡੀਆਂ ਜੜ੍ਹਾਂ ਪੁੱਟੀਆਂ।''

ਸਤਿਗੁਰੂ ਜਦੋਂ ਉੱਥੇ ਬੈਠਦੇ, ਦੋ ਇੱਟਾਂ ਲੈ ਕੇ ਘਸਾਉਂਦੇ ਹੇਠ ਉੱਤੇ

ਰੱਖ ਕੇ। (ਸਾਥੀ) ਕਹਿੰਦੇ, ''ਕੀ ਕਰਨਾ ਏਂ''?

(ਸਤਿਗੁਰੂ ਕਹਿੰਦੇ), ''ਮਲੇਛ ਖਾਲਸੇ ਦਾ ਨਾਸ ਕਰਨਾ ਹੈ।''

ਇੱਕ ਪੰਜਾਬ ਸਿੰਘ ਜਮਾਂਦਾਰ ਆਉਂਦਾ ਹੈ। ਸਤਿਗੁਰ ਕਹਿੰਦੇ ਹਨ, ''ਮੰਗ ਲੈ ਪੰਜਾਬ ਸਿੰਘਾ, ਜੋ ਕੁਝ ਮੰਗਣਾਂ ਹੈ।''

ਕਹਿੰਦਾ, ''ਤੂੰ ਦੇ ਸਕਦਾ ਹੈ?''

-''ਹਾਂ, ਲੈ-ਲੈ।''

ਮਸਤਾਨਿਆ ਕਹਿਕੇ ਲੋਕ ਬੁਲਾਉਂਦੇ ਸੀ-ਕਹਿਣ ਲੱਗਾ, ''ਫਿਰ ਮਾਸ, ਸ਼ਰਾਬ ਤੇ ਕੰਜਰੀ ਮਿਲੇ।''

(ਸਤਿਗੁਰੂ) ਕਹਿਣ ਲੱਗੇ, 'ਜਾ ਉਹ ਪੰਜਾਬਿਆਂ, ਖਰਾਬਿਆ ਗਲ, ਕੇ ਮਰੇਂਗਾ। ਥੋੜੇ ਚਿਰ ਬਾਅਦ, ਮਨਸਾ ਦੇਵੀ ਦੇ ਦਰਸ਼ਨ ਕਰਨ ਗਿਆ, ਪਹਾੜ ਵਿੱਚ ਜਾ ਕੇ ਆਤਸ਼ਕ ਹੋ ਗਿਆ, ਆ ਕੇ ਗਲ ਕੇ ਮਰ ਗਿਆ- ਥੋੜਿਆਂ ਮਹੀਨਿਆਂ ਵਿੱਚ।

## ਕੜਾਹ ਕਰਨ ਦੀ ਬਿਧਿ

ਉੱਥੇ ਸਿੱਖਾਂ ਨੇ ਭੋਗ ਪਾਉਣਾ ਸੀ, ਤੁਰਨਾ ਸੀ ਮੁਦਕੀ ਦੀ ਲੜਾਈ ਨੂੰ, ਕਹਿੰਦੇ, ''ਬਈ, ਮਸਤਾਨੇ ਨੂੰ ਆ ਲੈਣ ਦਿਉ''।

ਗੁਰੂ ਗੋਬਿੰਦ ਸਿੰਘ ਨੇ ਇਹ ਗੱਲ ਲਿੱਖੀ ਹੈ :-

*ਕੜਾਹ ਕਰਨ ਦੀ ਬਿਧਿ ਸੁਨ ਲੀਜੈ।*
*ਤੀਨ ਭਾਗ ਕੋ ਸਮਸਰ ਕੀਜੈ।*
*ਲੇਪਨ ਆਗੈ ਬਹੁਕਰ ਦੀਜੈ।*

ਪਹਿਲਾਂ ਬਹੁਕਰ ਦੇਓ, ਲੇਪਨ ਹੀ ਨਾ ਕਰੋ, ਵਿੱਚੇ ਵਿੱਠਾਂ ਭੀ ਮੱਲ ਛੱਡੋ-ਪਾਣੀ ਵਿੱਚ,

*ਮਾਂਜਨ ਕਰ ਭਾਂਜਨ ਧੋਵੀਜੈ।*

ਮਾਂਜ ਕੇ ਭਾਂਡੇ ਧੋਵੋ, ਫਿਰ ਖੰਡ ਜਿਹੜੀ ਹੈ ਇਸ ਨੂੰ ਪਹਿਲੇ ਪੁਣ ਲਉ, ਪੁਣ ਕੇ ਫਿਰ ਚਾਸ ਵਾਸਤੇ ਪਾਉ ਤਾਂ ਕਿ ਕੀੜਿਆਂ ਦੀਆਂ ਲੱਤਾਂ, ਠੀਕਰੀਆਂ ਕੋਈ ਚੀਜ਼ ਵਿੱਚ ਨਾ ਜਾਣ। ਫਿਰ ਕਹਿੰਦੇ ਨੇ -

*ਕਰ ਇਸਨਾਨ ਪਵਿਤ੍ਰ ਹ੍ਵੈ ਬਹੈ।*
*ਵਾਹਿਗੁਰੂ ਬਿਨ ਅਵਰ ਨਾ ਕਹੈ।*

ਭਜਨ ਕਰੇ, ਮੂੰਹ ਬੰਨ੍ਹਿਆ ਹੋਇਆ ਹੋਵੇ, ਗਾਲ੍ਹਾਂ ਹੀ ਨਾ ਉੱਥੇ ਬੈਠ ਕੇ ਕੱਢਦਾ ਹੋਵੇ, ਥੁੱਕ ਕੜਾਹ ਪ੍ਰਸ਼ਾਦ 'ਚ ਡਿੱਗਣ-ਸਤਿਗੁਰੂ ਨੂੰ ਭੋਗ ਲਵਾਉਣਾ ਹੈ। ਸਾਧ ਸੰਗਤ 'ਚ ਐਵੇਂ ਨਹੀਂ ਇਹ ਰਿਵਾਜ, ਕਿ ਕੜਾਹ ਪ੍ਰਸਾਦ ਆਏ ਤੋਂ ਖੜੇ ਹੋਣਾ। ਸਤਿਗੁਰੂ ਦੇ ਭੋਗ ਲੱਗਣ ਵਾਲੀ ਚੀਜ਼ ਹੈ। ਅਦਬ ਸਤਿਗੁਰੂ ਦਾ ਹੈ। ਜਿੱਥੇ ਉਹਦਾ ਨਾਮ ਆਉਂਦਾ ਹੈ, ਉਸ ਚੀਜ਼ ਦਾ ਅਦਬ ਹੈ। ਉਹ ਆਪਣੀ ਮਰਜ਼ੀ ਹੈ, ਕੋਈ ਉੱਠੇ ਨਾ ਉੱਠੇ। ਲੇਕਿਨ ਇਸ ਚੀਜ਼ ਵਾਸਤੇ, ਅਕਾਲ ਪੁਰਖ ਨੂੰ ਭੋਗ ਲਵਾਉਣ ਵਾਸਤੇ ਲਿਆਈਦਾ ਹੈ। ਉਸ ਦਾ ਅਦਬ ਕਰਨ ਵਾਸਤੇ ਖੜੇ ਹੋਣੈ।

ਅੰਨ ਦੀ ਬਾਬਤ ਲਿਖਿਆ ਹੈ ਕਿ ਮਹਾਰਾਜ ਭਗਵਾਨ ਜੀ-ਜਿਸ ਵੇਲੇ ਦਰਗਾਹ ਵਿੱਚ ਅੰਨ ਨੇ ਜਾਣਾ ਤੇ ਖੜੇ ਹੋ ਜਾਣਾ। ਦੂਸਰੇ ਦੇਵਤਿਆਂ ਨੇ ਬੜੀ ਈਰਖਾ ਕੀਤੀ, ''ਮਹਾਰਾਜ, ਤੁਸੀਂ ਅੰਨ ਦੇ ਆਇਆਂ ਖੜੇ ਹੁੰਦੇ ਹੋ।''

ਮੌਜ 'ਚ ਆ ਕੇ ਕਹਿਣ ਲੱਗੇ, ''ਚੰਗਾ ਭਾਈ, ਇੱਕ-ਇੱਕ ਚੀਜ਼ ਛੱਡੋ।''

ਅੰਨ ਜਦ ਨਾ ਮਿਲਿਆ ਤਾਂ ਲੱਗੇ ਸਾਰੇ ਮਰਨ। ਕਬੀਰ ਜੀ ਨੇ ਇਸੇ ਕਰਕੇ ਲਿਖਿਆ ਹੈ-

**ਧੰਨੁ ਗੁਪਾਲ ਧੰਨੁ ਗੁਰਦੇਵ॥**
**ਧੰਨੁ ਅਨਾਦਿ[੩੫] ਭੂਖੇ ਕਵਲੁ[੩੬] ਟਹਕੇਵ[੩੭]॥**
**ਧਨੁ ਓਇ ਸੰਤ ਜਿਨ ਐਸੀ ਜਾਨੀ॥**
**ਤਿਨ ਕਉ ਮਿਲਿਬੋ[੩੮] ਸਾਰਿੰਗਪਾਨੀ॥੧॥**
**ਆਦਿ[੩੯] ਪੁਰਖ ਤੇ ਹੋਇ ਅਨਾਦਿ॥**
**ਜਪੀਐ ਨਾਮੁ ਅੰਨ ਕੈ ਸਾਦਿ[੪੦]॥੧॥ਰਹਾਉ॥**
**ਜਪੀਐ ਨਾਮੁ ਜਪੀਐ[੪੧] ਅੰਨੁ॥**

ਨਾਮੁ ਦੇ ਨਾਲ ਅੰਨ ਨੂੰ ਮੰਨਿਆ ਹੈ।

**ਅੰਭੈ ਕੈ ਸੰਗਿ ਨੀਕਾ ਵੰਨੁ।**
**ਅੰਨੈ ਬਾਹਰਿ ਜੋ ਨਰ ਹੋਵਹਿ।**
**ਤੀਨਿ ਭਵਨ ਮਹਿ ਅਪਨੀ ਖੋਵਹਿ।**

*- ਗੋਂਡ ਕਬੀਰ ਜੀ, ਪੰਨਾ-੮੭੩*

ਸਤਿਗੁਰੂ ਨੇਂ ਮਰਯਾਦਾ ਬਣਾਈ ਹੈ, ਕਿਸੇ ਦੀ ਮਰਜ਼ੀ ਹੈ ਕੋਈ ਮੰਨੇ ਨਾ ਮੰਨੇ। ਕੜਾਹ ਪ੍ਰਸ਼ਾਦ ਲਿਆ ਕੇ ਧਰਿਆ ਹੋਇਐ, ਭੋਗ ਦੀ ਤਿਆਰੀ ਹੈ, ਕਹਿੰਦੇ, ''ਮਸਤਾਨਾ ਆ ਜਾਏ, ਤਾਂ ਭੋਗ ਪਾਉਂਦੇ ਹਾਂ''। ਸਤਿਗੁਰ ਆਏ, ਫੜ ਕੇ ਸੋਟਾ, ਦੇ ਕੇ ਥਾਲ ਦੇ ਹੇਠ ਕੜਾਹ ਪ੍ਰਸ਼ਾਦ ਬਾਹਰ ਮਾਰਿਆ ਵਗਾਹ ਕੇ।

''ਮਸਤਾਨਿਆ ਕੀ ਕੀਤਾ ਹੈ?''

ਕਹਿੰਦੇ, ''ਓਏ ਐਸੀ-ਤੈਸੀ ਤੁਹਾਡੀ, ਤੁਸੀਂ ਲਵਾਉ ਗੁਰੂ ਨੂੰ ਭੋਗ - ਹੁੱਕੇ ਦੇ ਪਾਣੀ ਦਾ ਕੜਾਹ ਪ੍ਰਸ਼ਾਦ ਕੀਤਾ ਹੋਵੇ''।

ਹੈਰਾਨ ਹੋਏ ਕਿਉਂਕਿ ਕੜਾਹ ਪ੍ਰਸ਼ਾਦ ਹਲਵਾਈਆਂ ਤੋਂ ਕਰਾਉਣ ਲੱਗ ਪਏ ਸੀ। ਮੋਨਿਆਂ, ਹੁੱਕੇ ਪੀਣਿਆ ਦੇ ਹੱਥ ਦਾ ਖਾਂਦੇ ਸੀ। ਗੁਰੂ ਗੋਬਿੰਦ ਸਿੰਘ ਨੇ ਲਿਖਿਆ ਹੈ -

*ਜਹਾਂ ਕਹਾਂ ਕਾ ਛਕੈ ਪ੍ਰਸਾਦਿ।*
*ਸਿੱਖ ਨਹੀਂ ਮੇਰਾ ਆਦਿ ਜੁਗਾਦਿ।*
— *ਜਾਕੀ ਰਹਿਤ ਨਾ ਜਾਣੀਐ ਗੁਰ ਮੰਤ੍ਰ ਨਹੀਂ ਚੀਤ।*
*ਤਾਕਾ ਭੋਜਨ ਖਾਇਕੈ ਵਿਸਰੈ ਹਰਿਸਿਉ ਪ੍ਰੀਤ।*

ਕੋਈ ਮੇਰੀਆਂ ਗੱਲਾਂ ਨਹੀਂ। ਹੁਣ ਤੇ ਸਾਡੇ ਨਾਮਧਾਰੀ ਵੀ ਬੈਠ ਜਾਂਦੇ ਨੇ ਹੋਟਲਾਂ 'ਚ, ਜਾ ਕੇ ਇਹ ਵੀ ਛਕਦੇ ਨੇ ਗੱਫੇ।

ਸੱਦਿਆ ਹਲਵਾਈ ਨੂੰ, ''ਬਈ, ਸੱਚ ਦੱਸ, ਤੈਨੂੰ ਕਹਿੰਦੇ ਕੁਝ ਨਹੀਂ।''

ਕਹਿਣ ਲੱਗਾ, ''ਬਈ ਸੱਚ ਜੇ ਪੁੱਛਦੇ ਹੋ, ਮੈਂ ਜਦੋਂ ਸਵੇਰੇ ਉਠਿਆਂ, ਉਹ ਜਿਹੜਾ ਮੇਰਾ ਹੁੱਕੇ ਵਾਲਾ ਲਲੇਰਾ ਥੱਲੇ ਲਗਾ ਸੀ, ਮੈਂ ਲਲੇਰਾ ਇਸ ਚਾਟੀ 'ਚੋਂ ਡੁਬਕੋਇਆ ਤੇ ਉਹਦੇ ਨਾਲ ਕੜਾਹ ਪ੍ਰਸ਼ਾਦ ਬਣਾਇਆ।''

ਖੜੇ ਹੋਏ (ਸਿੱਖ) ਕਹਿਣ ਲੱਗੇ, ''ਬਈ, ਚੜ੍ਹਾਈ ਕਰਨੀ ਹੈ।''

ਕਹਿਣ ਲੱਗੇ, ''ਹੱਛਾ, ਤੁਹਾਨੂੰ ਦੱਸਦੇ ਹਾਂ।'' ਸੂਰਜ ਵੱਲ ਧਿਆਨ ਕਰਕੇ ਕੁਝ ਚਿਰ ਖੜੇ ਰਹੇ, ਖੜੇ-ਖੜੇ ਡਿੱਗ ਪਏ। ਡਿੱਗ ਕੇ ਉਠ ਕੇ ਕਹਿੰਦੇ, ''ਤੁਹਾਡੀ ਖਾਲਸੇ ਦੀ ਹੁਣ ਫਤਹਿ ਨਹੀਂ ਹੁੰਦੀ, ਚੜ੍ਹਾਈ ਬੇਸ਼ਕ ਕਰੋ।''

ਕਈ ਉਹੋ ਜਿਹੇ ਮੁਸ਼ਟੰਡੇ ਕਹਿੰਦੇ, ''ਉਹ ਇਹਦੇ ਆਖੇ ਕਮਲੇ ਦੇ ਹੋਣਾ ਏ।'' ਮੁਦਕੀ ਦੀ ਲੜਾਈ ਨੂੰ ਜਾਂਦੇ ਹਨ, ਦਰਿਆ ਲੰਘਣ ਲੱਗੇ ਹਨ। ਸਤਿਗੁਰੂ ਸੱਚੇ ਪਾਤਸ਼ਾਹ ਬੰਦੂਕ ਵਿੱਚ ਸੁੱਟ ਦਿੰਦੇ ਹਨ-ਦਰਿਆ 'ਚ।

ਉਹ ਮਸਤਾਨਿਆ ''ਕੀ ਕੀਤਾ?''

ਕਹਿੰਦੇ, ''ਭਾਈ ਮੈਂ ਅੱਜ ਸੁੱਟੀ ਹੈ, ਤੁਸੀਂ ਕੱਲ੍ਹ ਨੂੰ ਸੁੱਟ ਕੇ ਭਜੋਗੇ।''

ਉੱਥੇ ਸੁੱਟ ਕੇ ਤੁਰ ਆਏ। ਆ ਕੇ ਖੇਤੀ ਕੀਤੀ, ਭਜਨ ਦੱਸਿਆ-ਲੋਕਾਂ ਦਾ ਪਾਰ ਉਤਾਰਾ ਕੀਤਾ।

ਹੁਣ ਵਕਤ ਬੜਾ ਹੋ ਗਿਆ ਹੈ, ਮੈਂ ਇੱਥੇ ਸਮਾਪਤ ਕਰਦਾ ਹਾਂ। ਸਤਿਗੁਰੂ ਦੀ ਕਥਾ ਬੇਅੰਤ ਚੀਜ਼ ਹੈ-ਕੋਈ ਆਦਮੀ ਕਿਸ ਤਰ੍ਹਾਂ ਸਮਝ ਸਕਦਾ ਹੈ। ਸੋ ਭਾਈ ਅੱਜ ਉਹ ਦਿਨ ਹੈ ਜਿਸ ਦਿਨ ਸਿੱਖ ਪੰਥ ਮੁੜਕੇ ਸੁਰਜੀਤ ਕੀਤਾ, ਜਿਹੜਾ ਗੁਰੂ ਗੋਬਿੰਦ ਸਿੰਘ ਜੀ ਕਿਹੈ, ਭਾਈ-

*ਠੇਡੇ ਖਾਵੈ ਖਾਲਸਾ ਮੋਹਿ ਸੰਮਾਲੋ ਸਾਸਿ।*

*- ਸੌ ਸਾਖੀ*

ਉਹ ਸਿੱਖਾਂ ਦੀ ਹਾਲਤ ਬਿਗੜੀ ਨੂੰ ਸਤਿਗੁਰਾਂ ਨੇ ਸਵਾਰਿਆ। ਅੱਜ ਉਹਨਾਂ ਦਾ ਪ੍ਰਕਾਸ਼ ਉਤਸਵ ਦਾ ਦਿਨ ਹੈ, ਮਨਾਓ, ਚਿਤ 'ਚ ਧਾਰੋ, ਅਰਦਾਸ ਕਰੋ, ਕਿ ਜੋ ਗੁਰੂ ਗੋਬਿੰਦ ਸਿੰਘ ਨੇ ਮਰਯਾਦਾ ਕਾਇਮ ਕੀਤੀ--ਸਤਿਗੁਰੂ ਰਾਮ ਸਿੰਘ ਨੇ ਕਿਹਾ, **''ਭਾਈ, ਮੈਂ ਤਾਂ ਰਪਟੀਏ ਕੀ ਮਾਫਕ ਹਾਂ, ਬਰਵਾਲਾ ਕੋਈ ਵੱਡਾ ਆਦਮੀ ਨਹੀਂ ਹੁੰਦਾ, ਮੈਂ ਤਾਂ ਜੋ ਕੁਝ ਗੁਰੂ ਜੀ ਨੇ ਲਿਖਿਆ ਹੈ, ਉਸ ਨੂੰ ਮਨਾਉਣਾ ਹੈ।''** ਅਜੇ ਬੜਾ ਵਕਤ ਹੈ, ਅਜੇ ਬੜਾ ਕੁਝ ਹੋਰ ਹੋਣ ਵਾਲਾ ਹੈ, ਅਜੇ ਕੋਈ ਪਤਾ ਨਹੀਂ ਕਿਹੜੇ ਦਿਨ

ਕੀ ਹੁੰਦਾ ਹੈ। ਅਸੀਂ ਤਾਂ ਜਿਦਣ ਦੇ ਇੱਥੇ ਆਏ ਹਾਂ, ਸਾਧ-ਸੰਗਤ ਦੇ ਦਰਸ਼ਨ ਹੀ ਕਰਦੇ ਹਾਂ, ਸਾਨੂੰ ਅਖਬਾਰਾਂ ਦਾ ਵੀ ਪਤਾ ਨਹੀਂ ਕੋਰੀਆ ਦਾ ਕੀ ਹਾਲ ਹੋਇਐ? ਇੱਥੇ ਅਜੇ ਪਤਾ ਨਹੀਂ, ਕਿੱਥੇ ਜਾ ਕੇ ਖਲੋਂਦੀ ਹੈ, ਕਿਉਂਕਿ ਬਾਰ੍ਹੀਂ ਕੋਹੀਂ ਦੀਵਾ-ਗੁਰੂ ਗੋਬਿੰਦ ਸਿੰਘ ਦਾ ਹੁਕਮ ਹੈ-ਬਲਣ ਦਾ।

## ਕਲਗੀ ਵਾਲੇ ਦਾ ਹੁਕਮ ਅੱਖਰ ਅੱਖਰ ਪੂਰਾ ਵਰਤੇਗਾ

ਸਤਿਗੁਰਾਂ ਰੰਗੂਨੋਂ ਹੁਕਮ ਨਾਮੇ ' ਚ ਲਿਖਿਆ ਹੈ, "**ਸੂਰਜ ਲਹਿੰਦਿਉ ਚੜ੍ਹਿਆ ਮੰਨ ਲੈਣਾ, ਜੋ ਕੁਝ ਸੱਚੇ ਪਾਤਿਸ਼ਾਹ ਕਲਗੀ ਵਾਲੇ ਦਾ ਹੁਕਮ ਹੈ, ਉਹ ਅੱਖਰ-ਅੱਖਰ ਪੂਰਾ ਵਰਤ ਕੇ ਰਹੇਗਾ। ਉਹਨੂੰ ਕੋਈ ਆਦਮੀ ਰੋਕ ਨਹੀਂ ਸਕਦਾ।**" ਸਾਡੀ ਹਾਲਤ ਵੀ ਐਸੀ ਹੈ ਆਪਣੇ ਅੰਦਰ ਝਾਤੀ ਮਾਰ ਕੇ ਵੇਖੋ, ਬੱਧੇ-ਰੁੱਧੇ ਇਕੱਠੇ ਹੋ ਜਾਂਦੇ ਹਾਂ, ਉੱਤੋਂ ਉੱਤੋਂ ਇੱਕ ਦੂਜੇ ਨੂੰ ਫਤਹਿ ਬੁਲਾ ਲੈਂਦੇ ਹਾਂ, ਆਪਣੇ ਘਰਾਂ ਵਿੱਚ ਵੀ ਇਹੋ ਹਾਲ ਹੈ-ਮਾਈ ਜਿਹੜੀ ਹੈ, ਉਸ ਦੀ ਆਪਣੀ ਜੇਬ, ਪੁੱਤਰ ਦੀ ਵੱਖਰੀ ਜੇਬ, ਧੀ ਦੀ ਵੱਖਰੀ ਜੇਬ, ਪਿਉ ਦੀ ਵੱਖਰੀ, ਨੂੰਹ ਦੀ ਵੱਖਰੀ—ਕੋਈ ਪ੍ਰੇਮ, ਕੋਈ ਇਤਫਾਕ ਨਹੀਂ। ਕਲਕੀ ਅਵਤਾਰ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਲਿਖਿਆ ਹੈ –

**ਅਬ ਮੈ ਮਹਾ ਸੁੱਧ ਮਤਿ ਕਰਿ ਕੈ।।**
**ਕਹੋ ਕਥਾ ਚਿਤੁ ਲਾਇ ਬਿਚਰਕੈ[੪੨]।।**
**ਚਉਬੀਸਵੌ ਕਲਕੀ ਅਵਤਾਰਾ।।**
**ਤਾ ਕਰ ਕਹੋ ਪ੍ਰਸੰਗ ਸੁਧਾਰਾ।।੧।।**
**ਭਾਰਾਕ੍ਰਿਤ[੪੩] ਹੋਤ ਜਬ ਧਰਣੀ।।**
**ਪਾਪ ਗ੍ਰਸਤ[੪੪] ਕਛੁ ਜਾਤ ਨ ਬਰਣੀ[੪੫]।।**
**ਭਾਂਤ ਭਾਂਤ ਤਨ[੪੬] ਹੋਤ ਉਤਪਾਤਾ[੪੭]।।**
**ਪੁਤ੍ਰਹ[੪੮] ਸੇਜ ਸੋਵਤ ਲੈ ਮਾਤਾ।।**
**ਸੁਤਾ[੪੯] ਪਿਤਾ ਤਨ ਰਮਤ[੫੦] ਨਿਸੰਕਾ[੫੧]।।**
**ਭਗਨੀ[੫੨] ਭਰਤ ਭ੍ਰਾਤ ਕਹ ਅੰਕਾ[੫੩]।।**

**ਭ੍ਰਾਤ ਬਹਿਨ[੫੪] ਤਨ ਕਰਤ ਬਿਹਾਰਾ[੫੫]।।**
**ਇਸਤ੍ਰੀ ਤਜੀ ਸਕਲ ਸੰਸਾਰਾ।।**

*– ਦਸਮ ਗ੍ਰੰਥ, ਪੰਨਾ–੫੭੧*

**– ਕਹੂੰ ਨ ਪੂਜਾ ਕਹੂੰ ਨ ਅਰਚਾ[੫੬]।।**
**ਕਹੂੰ ਨ ਸ੍ਰੂਤ[੫੭] ਧੁਨਿ ਸਿੰਮ੍ਰਿਤ ਨ ਚਰਚਾ।।**
**ਕਹੂੰ ਨ ਹੋਮੈ[੫੮] ਕਹੂੰ ਨ ਦਾਨੰ।।**
**ਕਹੂੰ ਨ ਸੰਜਮ[੫੯] ਕਹੂੰ ਨ ਇਸਨਾਨੰ।।''**

*– ਦਸਮ ਗ੍ਰੰਥ, ਪੰਨਾ–੫੮੦*

ਕਿਸੇ ਨੂੰ ਜਪ ਤਪ ਕਰਨ ਨਹੀਂ ਦੇਣਗੇ, ਜੇ ਕੋਈ ਕਰੇ ਉਨ੍ਹਾਂ ਦੇ ਗ੍ਰੰਥ ਫੜ ਕੇ ਗੋਬਰ 'ਚ ਦੇ ਦੇਣਗੇ। ਇਹ ਵਕਤ ਆਇਆ ਖੜ੍ਹਾ ਹੈ, ਅਤੇ ਸਾਡੇ ਸਿਰ ਤੇ ਅੱਜ ਵਰਤ ਰਿਹਾ ਹੈ। ਆਪਣੇ ਘਰਾਂ 'ਚ ਹਾਲਾਤ ਦੇਖੋ।

ਤਾਂ, ਹੁਣ ਮੈਂ ਅਰਜ਼ ਕਰਦਾ ਹਾਂ ਕਿ ਇਹਨੂੰ ਇੱਥੇ, ਸਮਾਪਤ ਕਰਕੇ ਨਿਤਨੇਮ ਦਾ ਘੰਟਾ ਲੱਗਣਾ ਹੈ। ਫੇਰ ਕਵੀਆਂ ਨੇ ਕਵਿਤਾਵਾਂ ਪੜ੍ਹਨੀਆਂ ਹਨ। ਜੋ ਅੱਗੇ ਗੁਰੂ ਨੂੰ ਭਾਵੇਂ, ਜਿਹੜਾ ਵਕਤ ਹੁੰਦਾ ਹੈ, ਜਿਸ ਤਰ੍ਹਾਂ ਸਤਿਗੁਰੂ ਚਾਹੁਣਗੇ-ਉਸੇ ਤਰ੍ਹਾਂ ਹੋਵੇਗੀ। ਸਾਧ ਸੰਗਤ ਕ੍ਰਿਪਾ ਕਰੇ। ਮੇਰਾ ਅੱਜ ਬੋਲਣ ਵਾਲਾ ਗਲ ਨਹੀਂ ਸੀ ਰਿਹਾ—ਸਵੇਰੇ ਆਸਾ ਦੀ ਵਾਰ ਵਿੱਚ। ਸਾਧ ਸੰਗਤ ਨੇ—'ਸਾਧ ਸੰਗਤ ਮਿਲ ਮੋਆ ਜੀਜੈ'–ਹੋ ਜਾਂਦਾ ਹੈ। ਆਪਣੀ ਹਾਲਤ ਕੋਈ ਨਹੀਂ ਹੁੰਦੀ। ਰਾਤ ਵੀ ਮੇਰੀ ਤਬੀਅਤ ਖ਼ਰਾਬ ਜਿਹੀ ਮਲੂਮ ਹੁੰਦੀ ਸੀ, ਪਰ ਜਿਸ ਵੇਲੇ ਸਾਧ ਸੰਗਤ ਵਿੱਚ ਆਏ ਹਾਂ–ਇਹ ਐਸੀ ਜਗ੍ਹਾ ਹੈ, ਇਹ ਮਰਿਆਂ ਨੂੰ ਜਿਵਾ ਦੇਂਦੀ ਹੈ–**''ਸੂਕੇ ਕਾਸਟ ਹਰਿਆ''**–ਸਾਧ ਸੰਗਤ ਦਾ ਪ੍ਰਤਾਪ ਹੈ। ਮੈਂ ਸਾਧ ਸੰਗਤ ਤੋਂ ਖਿਮਾ ਮੰਗਦਾਂ, ਜੇ ਕੋਈ ਬਚਨ ਬਲਾਸ ਐਸਾ ਹੋਵੇ। ਇੱਕ ਗੱਲ ਯਾਦ ਰੱਖਣ ਵਾਲੀ ਹੈ–ਉਹ ਇਹ ਹੈ ਕਿ ਰੋਜ਼ ਅਰਦਾਸ ਕਰਿਆ ਕਰੋ ਕਿ ਸਮਾਂ ਬੜਾ ਭਿਆਨਕ ਹੈ, ਸਤਿਗੁਰੂ ਤੇਰੇ ਆਸਰੇ ਅਸੀਂ ਬਚ ਸਕਦੇ ਹਾਂ–ਆਪਣੀ ਅਕਲ ਨਾਲ ਅਸੀ ਨਹੀਂ ਬਚ ਸਕਦੇ ਔਰ ਇੱਕ ਦੂਏ ਨਾਲ ਪਿਆਰ ਕਰਿਆ ਕਰੋ। ਮੇਰੇ ਉੱਤੇ

ਵੀ ਇਹ ਕਿਰਪਾ ਹੋਵੇ, ਕਿ ਮੈਂ ਕਹਿੰਦਾ ਨਾ ਰ੍ਹਵਾਂ, ਸਾਧ ਸੰਗਤ ਦੀ ਅਰਦਾਸ ਨਾਲ ਕਿ ਜਿਹੜਾ ਕਹਾਂ, ਉਹ ਕਰਾਂ।

**ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ।।**
**ਹੇ ਪੂਰਨ ਹੇ ਸਰਬ ਮੈ ਦੂਖ ਭੰਜਨ ਗੁਣ ਤਾਸ।।**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ।।**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ।।**
**ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ।।**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ।।**
**ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ।।**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।**

*- ਪੰਨਾ-੨੬੨*

**- ਜਾਹੀ ਕੁਲ ਤੇ ਪ੍ਰਗਟ ਹੋਏ ਤਾਹੀਂ ਕੁਲ ਕੋ ਨਾਮ,**
**ਪੁਨ ਦੁਆਦਸ ਗਰਿੰਡ ਕੌ ਮੇਰੀ ਹੈ ਪਰਨਾਮ।।**

*- ਗੁਰਿੰਡ ਨਾਮ: ੫ : ੧੦*

## ਟਿੱਪਣੀਆਂ

*੧ ਇਸ ਕਬਿਤ ਅਤੇ ਸੋਰਠਾ ਦੀ ਕਥਾ ਟੇਪਾਂ ਵਿਚੋਂ ਉਪਲਬੱਧ ਨਾ ਹੋਣ ਕਰਕੇ ਪਾਠਕਾਂ ਦੀ ਜਾਣਕਾਰੀ ਲਈ ਸ. ਬਿਲਾਸ ੫:੧੨ ਵਿਚੋਂ ਲੜੀ ਜੋੜਨ ਲਈ ਉਪਦੇਸ਼ ਦੇ ਆਰੰਭ ਵਿਚ ਜਿਓਂ ਦੇ ਤਿਓਂ ਦਿਤੇ ਗਏ ਹਨ।

— ਇਸ ਅਧਿਆਏ ਵਿੱਚ ਭਾਈ ਹਰਮੀਤ ਸਿੰਘ ਦੀ ਕਥਾ ਹੈ। ਇਸ ਕਥਾ ਦਾ ਪਹਿਲਾ ਹਿਸਾ ੭.੨.੫੧ ਦੇ ਉਪਦੇਸ ਵਿੱਚ ਦੇਖੋ।

***੨ (ੳ) ਸ੍ਰੀ ਗੁਰੂ ਪੰਥ ਪ੍ਰਕਾਸ਼ ਪੰਨਾ ੧੭੨੫**

*ਤਬਿ ਲੌ ਪਹੁੰਚੇ ਸਾਧੁ ਤਹਿ ਠਾਂ, ਚਲਿ ਪੰਜਾਬੌਂ ਚਾਰ ਹੈਂ।।*
*ਤਿਨ ਤਈਂ ਪਾਂਚਕ ਕੋਸ ਪੈ, ਗੁਰੁ ਮਿਲੇ ਕਰਤ ਸ਼ਿਕਾਰ ਹੈਂ।*
*ਉਨ ਪੇਖਿ ਅਬਚਲ ਨਗਰ ਬਯਾਕੁਲ, ਸਗਰ ਸਿੰਘਹਿਂ ਬੂਝਯੋ।*
*ਤਬਿ ਕਹਯੋ ਸਿੰਘਨ ਗੁਰੂ ਜੀ, ਪਰਲੋਕ ਗਮਨੇ ਗੂਝਯੋ।।੧੨੫।।*
*ਫਿਰ ਕਹਯੋ ਸੰਤਹਿਂ ਕੂਰ ਕਹਿ ਹੋ, ਮਿਲੇ ਹਮ ਕੋ ਸੋ ਅਬੈ।*
*ਅਸਵਾਰ ਬਾਜ ਕੁਮੈਤ ਪੈ, ਸਿਤ ਬਾਜ ਕਰ ਪਰ ਥਾ ਫਬੈ।*
*ਅਤਿ ਚਟਤ ਕਾਠੀ ਜਟਿਤ ਸਬਜਯੋਂ ਠਟਤ ਅਘਟਤ ਦਿਪਤ ਥੀ।*
*ਯੁਤ ਸਵਾਨ ਬਗੁਲੇ ਦਸਕ ਸਿੰਘਨ, ਪਿਖੇ ਬ੍ਰਿਤਿ ਆਛਿਪਤ ਥੀ।।੧੨੬।।*
*ਸੁਨਿ ਸਿੰਘਨ ਅਚਰਜ ਮਾਨਿ, ਹੇਰਯੋ ਜੌ ਤਬੇਲਾ ਜਾਇ ਹੈ।*
*ਨਹਿਂ ਅਸੂ ਕਾਠੀ ਵ੍ਰਾਨ ਬਗੁਲਾ, ਬਾਜ ਸਿਤ ਤਿਸ ਥਾਇ ਹੈ।*
*ਤਬਿ ਧਾਰ ਨਿਸਚੈ ਕਹਯੋ ਸਿੰਘੈਂ, ਚਰਿਤ ਗੁਰੁ ਇਹੁ ਕਿਆ ਕੀਓ।*
*ਹਮ ਤਈਂ ਏਕਲ ਛੋਰਿ ਧੋਖਾ ਦੈ, ਸੁ ਪੰਥਾ ਅਨ ਲੀਓ।।੧੨੭।।*

– – – – – – – – – – –

*ਬਿਨ ਸਿਦਕ ਜੋ ਥੇ ਬੀਚ ਮੈਂ, ਉਨ ਥਾਪ ਕੈ ਮਨਿ ਏਹੁ ਹੈ।*
*ਨਹਿਂ ਮਿਲੈ ਅਸਥੀ ਇਹਾਂ ਸੈ ਜੇ, ਗਏ ਗੁਰੁ ਸਣ ਦੇਹ ਹੈਂ।*
*ਇਹੁ ਸੋਚ ਫੋਲਯੋ ਤਿਨ ਅੰਗੀਠਾ, ਕਰਦ ਲਘੁ ਇਕ ਪਾਈਆ।*
*ਨਹਿਂ ਮਿਲਯੋ ਸ਼ਸਤ੍ਰ ਅਸਥ ਕੋਊ, ਗੁਰੂ ਜੋ ਥੇ ਲਾਈਆ।।੧੩੨।।*
*ਪਿਖਿ ਭਯੋ ਨਿਸਚਾ ਸਭੀ ਕੋ, ਸਣ ਦੇਹ ਗੁਰੁ ਕੇ ਜਾਣ ਕਾ।*

**(ਅ) ਸ੍ਰੀ ਗੁਰੂ ਪ੍ਰਤਾਪ ਸੂਰਜੁ ਪੰਨਾ ੬੩੩੮**

ਸ੍ਰੀ ਗੁਰ ਆਇਸੁ ਕੇ ਬਸਿ ਹ੍ਵੈ ਕਰਿ ਪ੍ਰਾਤ ਲੌ ਚਾਰਹੂੰ ਓਰ ਖਿਰੇ।
ਦਾਸ ਤੁਰੰਗਨ ਮਹਿਂ ਗਮਨਯੋਂ ਇਕ, ਰੰਗ ਕੁਮੈਤ ਨ ਡੀਠ ਪਰੇ।
ਦਾਮ ਖੁਲੇ ਅਗਵਾਰ ਪਿਛਾਰਿ, ਬਿਲੋਕਤਿ ਭਾ ਤਿਸਥਾਨ ਪਰੇ।
ਕੌਨ ਸੇ ਪੰਥ ਉਲੰਘ ਗਯੋ ਤਿਸ ਰੀਤਿ ਰਹੇ ਇਹ ਦੂਾਰ ਭਿਰੇ।।੩੫।।
ਆਨਿ ਭਨਯੋਂ ਸਭਿ ਸਿੰਘਨ ਬੀਚ'ਤੁਰੰਗ ਕੁਮੈਤ ਨਹੀਂ ਨਿਜ ਥਾਨੇ।
ਜ਼ੀਨ ਕੋ ਪਾਇਕੈ ਤਯਾਰ ਕਰੇ ਸਭ ਏਕ ਪੈ ਆਪ ਚਢੇ ਪ੍ਰਸਥਾਨੇ।
ਸ਼੍ਰੋਨ ਸੁਨੇ ਬਿਸਮਾਇ ਬਿਲੋਕਤਿ'ਏਕ ਨਹੀਂ, ਹਿਤ ਜਾਂ ਪਰ ਠਾਨੇ।
ਔਰ ਖਰੇ ਅਸੁ ਮੋਚਤਿ ਹੈਂ ਅਸੁ, ਹੀਯ ਸੰਦੇਹ ਭਏ, ਕਿਮ ਜਾਨੇ।।੩੬।।
ਦੋਇ ਘਰੀ ਜਬਿ ਦਯੋਸ ਚਢਯੋ ਬਹੁਰੋ ਚਿਤ ਸੋਚਤਿ ਸੰਕਟ ਪਾਏ।
ਈਂਧਨ ਲਯਾਵਨਿ ਹਾਰਿ ਹੁਤੋ ਤਿਨ ਬਾਹਰਿ ਸ੍ਰੀ ਪ੍ਰਭੁ ਕੋ ਦਰਸਾਏ।
ਆਇ ਗਯੋ ਪੁਨ ਸਿੰਘਨ ਮਹਿਂ ਜਹਿਂ ਸ਼ੋਕ ਸਮੇਤ ਰਿਦੈ ਸਮੁਦਾਏ।
ਹੇਰਿ ਖਰੋ ਹੁਇ ਦੀਨ ਸੰਦੇਸਹਿ ਮੋਹਿ ਮਿਲੇ ਗੁਰ ਦੂਰ ਸਥਾਏ।।੩੭।।
ਸ੍ਰੀ ਮੁਖ ਤੇ ਫੁਰਮਾਵਨ ਕੀਨਿ-ਕਹੁ ਸਭਿ ਸਿੰਘਨ ਕੋ ਸਮੁਝਾਏ।
ਆਇ ਤੁਰੰਗਮ ਤੀਰ ਗਯੋ ਹਮ, ਵਾਹਿਨ ਬੇਗ ਬਲੀ ਚਪਲਾਏ।
ਸ਼ੋਕ ਨ ਚਿੰਤ ਕਰੋ ਚਿਤ ਮਹਿਂ ਸਤਿਨਾਮ ਜਪਹੁ ਹੁਇ ਅੰਤ ਸਹਾਏ।
ਯੌਂ ਕਹਿ ਸ੍ਰੀ ਪ੍ਰਭੁ ਜਾਤਿ ਭਏ ਸੁਨਿਕੈ ਗੁਰ ਬਾਤ ਸਬੈ ਬਿਸਮਾਏ।।੩੮।।

**ਪੰਨਾ ੬੩੩੯**

ਦੋਹਰਾ।। ਸ਼ੋਕ ਕਰਹਿਂ ਬੈਠੇ ਸਕਲ ਸੁਨਿ ਤੁਰੰਗ ਕੀ ਬਾਤ।
ਨਿਜ ਵਾਹਨ ਕੋ ਲੇ ਗਏ ਗੁਰੂ ਬੀਰ ਬੱਖਯਾਤ।।੧।।
ਚੌਪਈ।। ਜਾਮ ਦਿਵਸ ਜਬਿ ਹੀ ਚਢਿ ਆਏ। ਚਿਤਵਹਿਂ ਗੁਰ ਚਰਿੱਤ੍ਰ ਬਿਸਮਾਏ।
ਏਕ ਸਾਧ ਪੁਨ ਚਲਿ ਕਰਿ ਆਯੋ। ਸਿੰਘਨ ਕੋ ਅਵਿਲੋਕ ਅਲਾਯੋ।।੨।।
'ਤੁਮ ਕਿਮ ਬੈਠੇ ਹੋ ਮਿਲਿ ਕਰਿਕੈ? ਸ਼ੋਕ ਸਚਿੰਤ ਮੌਨ ਮੁਖ ਧਰਿਕੈ।'
ਸੁਨਿ ਕਰਿ ਕਹਯੋ ਪ੍ਰਸੰਗ ਉਦਾਰੇ। 'ਸ੍ਰੀ ਸਤਿਗੁਰ ਬੈਕੁੰਠ ਸਿਧਾਰੇ।।੩।।
ਸੈਨ ਦੀਨ ਜਿਮ ਮਹਿ ਪਤਿ ਹੀਨਾ। ਚੰਦ ਬਿਨਾ ਜਿਮ ਰਾਤਿ ਮਲੀਨਾ।

ਜਿਮ ਮਥਰਾ ਮਹਿੰ ਸ਼ਯਾਮ ਸਿਧਾਯੋ। ਪੀਛੇ ਗੋਪੀ ਗਨ ਬਿਕੁਲਾਯੋ।।੪।।
ਜਥਾ ਰਾਮ ਬਨ ਬਿਖੈ ਸਿਧਾਰੇ। ਔਧਪੁਰੀ ਕੇ ਨਰ ਦੁਖਿਯਾਰੇ।
ਤਿਮ ਸਤਿਗੁਰ ਬਿਨ ਸਿੰਘ ਰਹੇ ਹੈਂ। ਰਿਦੇ ਬਿਖਾਦ ਬਿਸਾਲ ਲਹੇ ਹੈਂ।।੫।।
ਬੋਲਯੋ ਸਾਧ ਪੰਥ ਮਹਿੰ ਜਾਵਤਿ। ਦੇਖੇ ਤਹਿੰ ਗੁਰ ਅੱਗ੍ਰ ਸਿਧਾਵਤਿ।
ਮੈਂ ਕਰ ਬੰਦਿ ਕੀਨਿ ਪਗ ਨਮੋ। ਮੁਸਕਾਵਤਿ ਬੋਲੇ ਤਿਹ ਸਮੋਂ।।੬।।
– ਆਵਹੁ ਸੰਤ ਦਰਸ ਲਿਹੁ ਦੇਹੁ। ਹਰਿ ਜਨ ਮਿਲਿਨਿ ਅਨੰਦ ਅਛਹੁ।
ਅੰਤ ਸਮੈਂ ਕੋ ਮੇਲ ਤੁਹਾਰੋ। ਜਹਿੰ ਸੰਜੋਗ, ਬਿਯੋਗ ਬਿਚਾਰੋ।।੭।।
ਮੈਂ ਸੁਨਿ ਕਰਿ ਬੂਝਯੋ ਕਰ ਜੋਰਿ। ਰਾਵਰ ਕੋ ਪਯਾਨ ਕਿਤ ਓਰ?
ਦਾਸ ਨਹੀਂ ਕੋ ਸਾਥ ਤਿਹਾਰੇ। ਨਾਥ ! ਇਕਾਕੀ ਕਹਾਂ ਪਧਾਰੇ?।।੮।।
ਬੋਲੇ ਸ੍ਰੀ ਮੁਖ ਤੇ ਮੁਸਕਾਵਤਿ–ਹਮ ਅਖੇਰ ਹਿਤ ਬਨ ਕੋ ਜਾਵਤਿ।
ਕਰਹਿੰ ਸੈਲ ਜੇਤਿਕ ਮਨ ਭਾਵਤਿ। ਜਿਤ ਕਿਤ ਬਿਚਰਤਿ ਆਨੰਦ ਪਾਵਤਿ।।੯।।
ਇਮ ਕਹਿ ਸਤਿਗੁਰ ਅੱਗ੍ਰ ਸਿਧਾਰੇ। ਹਯ ਕੁਮੈਤ ਪਰ, ਆਯੁਧ ਧਾਰੇ।
ਅਬਿ ਹੀ ਮੈਂ ਬਿਲੋਕਿ ਚਲਿਆਯੋ। ਤੁਮਹੁੰ ਅਚਾਨਕ ਕਹਾਂ ਸੁਨਾਯੋ।।੧੦।।
ਜੇ ਤਿਨਿ ਹੋਤਿ ਗਮਨ ਪਰਲੋਕ। ਮੈਂ ਕਿਮ ਲੇਤੋ ਦਰਸ ਬਿਲੋਕਿ।
ਪੰਥ ਪਯਾਨਤਿ ਭਲਿ ਬਿਧਿ ਹੇਰੇ। ਤੌ ਪ੍ਰਲੋਕ ਕਿਮ? ਸੰਸੈ ਮੇਰੇ।।੧੧।।
ਅਦਭੁਤ ਚਲਿਤ ਗੁਰੂ ਕੇ ਐਸੇ। ਕਹਿ ਸੁਨਿ ਕਰਿ ਬਿਸਮਤਿ ਸਭਿ ਬੈਸੇ।
ਸਭਿਹਿਨਿ ਮਿਲਿ ਨਿਸ਼ਚੈ ਠਹਿਰਾਯੋ। ਗੁਰ ਇਕ ਸਮ ਸਭਿ ਬਿਖੈ ਸਮਾਯੋ।।੧੨।।

––– ––– –––

––– ––– –––

**ਪੰਨਾ ੬੩੪੧**

ਪ੍ਰਥਮ ਕਨਾਤ ਸੁ ਖੋਲਿ ਹਟਾਈ। ਚਿਤਾ ਭਸਮ ਕੀਨਸਿ ਇਕ ਥਾਈਂ।
ਆਯੁਧ ਨਹੀਂ ਏਕ ਤਹਿੰ ਪਾਯੋ। ਹੇਰਿ ਸਭਿਨਿ ਕੋ ਮਨ ਬਿਸਮਾਯੋ।।੨੫।।
ਅਸਥੀ ਕੋ ਤਹਿੰ ਲੇਸ਼ ਨ ਕੋਈ। ਈਂਧਨ ਭਸਮ ਪਰੀ ਬਹੁ ਜੋਈ।
ਦੇਹਿ ਸਹਿਤ ਕੀਨਸਿ ਪ੍ਰਸਥਾਨਾ। ਮਗ ਗਮਨੇ ਪਿਖਿ ਨਿਸ਼ਚੈ ਠਾਨਾ।।੨੬।।
ਧੰਨ ਗੁਰੂ ਤੁਮਰੀ ਗਤਿ ਨਯਾਰੀ। ਨਿਰਨੈ ਕਰਿ ਕਰਿ ਸਭਿਨਿ ਉਚਾਰੀ।
ਸਕਲ ਬਿਭੂਤਿ ਬਟੋਰਿ ਬਨਾਈ। ਰਚਯੋ ਸਿੰਘਾਸਨ ਪੁਨ ਤਿਸ ਥਾਈਂ।।੨੭।।

***੩ ਸ੍ਰੀ ਗੁਰੂ ਪ੍ਰਤਾਪ ਸੂਰਜ਼ ਪੰਨਾ ੬੩੪੪**

*ਅਰਧ ਰਾਤਿ ਸਿਮਰਤਿ ਉਰ ਜਬੈ। ਪ੍ਰਗਟੇ ਸ੍ਰੀ ਗੋਬਿੰਦ ਸਿੰਘ ਤਬੈ।*
*ਸ਼ਬਦ ਤੁਰੰਗਮ ਕੋ ਸੁਨਿ ਪਾਯੋ। ਉਠਯੋ ਰਾਇ ਤਿਤ ਨੈਨ ਲਗਾਯੋ।।੪੮।।*
*ਬਿਸਮਤਿ ਬੂਝਯੋ 'ਕਹੁ ਤੁਮ ਕੌਨ?' 'ਸ੍ਰੀ ਪ੍ਰਭੁ ਕਹਹਿੰ' ਅਰਾਧਹਿੰ ਜੌਨ।*
*ਸੋ ਪਹੁੰਚਯੋ ਤੁਵ ਕਰਨਿ ਸਹਾਇ। ਉਠਹੁ ਅਬਹਿ ਨਹਿੰ ਬਿਲਮ ਲਗਾਇ।।੪੯।।*
*ਸ੍ਰੀ ਗੁਰ ਮੋਹਿ ਪਗਹੁੰ ਮਹਿੰ ਬੇਰੀ। ਅਨੁਜ ਸੁਪਤਿ ਤਿਮਹੀ ਢਿਗ ਮੇਰੀ।*
*'ਭ੍ਰਾਤ ਜਗਾਵਹੁ ਸੰਗ ਨ ਹੂਟੈ। ਵਾਹਿਗੁਰੂ ਕਹੁ ਬੇਰੀ ਟੂਟੈ।।੫੦।।*
*ਸੁਨਿ ਪ੍ਰਭੁ ਤੇ ਨਿਜ ਅਨੁਜ ਜਗਾਯੋ। ਸੰਗਲ ਟੂਟੇ ਨਾਮ ਧਿਆਯੋ।*
*ਉਠਿ ਦੋਨਹੁੰ ਗੁਰ ਚਰਨੀ ਪਰੇ। 'ਧੰਨ ਗੁਰੂ ਕਿਰਤਾਰਥ ਕਰੇ'।।੫੧।।*
*ਪ੍ਰਭੁ ਬੋਲੇ 'ਜੋ ਹੈਂ ਸਿਖ ਮੇਰੇ। ਸਿਮਰਤਿ ਸਤਿਗੁਰ ਸੰਝ ਸਵੇਰੇ।*
*ਨਰ ਤੇ ਕਹਾਂ ਬਚਾਵਨ ਗਾਥਾ। ਜਮ ਤੇ ਰਾਖੌਂ ਦੈ ਕਰਿ ਹਾਥਾ।।੫੨।।*
*ਅਬਿ ਦੋਨਹੁੰ ਦਿਸ਼ਿ ਹੈ ਤੁਮ ਠਾਢੇ। ਗਹਹੁ ਰਕਾਬ ਦੁਾਲ ਦ੍ਵੈ ਗਾਢੇ।*
*ਚੌਂਕੀਦਾਰਨ ਦੇਹੁ ਜਗਾਇ। - ਘੇਰ ਲੇਹੁ ਅਬਿ ਹਮ ਚਲਿ ਜਾਇੰ'।।੫੩।।*
*ਗਹਿ ਕੈ ਦੁਾਲ ਕਹਯੋ ਦ੍ਵੈ ਭਾਈ। ਅਬਿ ਹਮਰੇ ਗੁਰ ਭਏ ਸਹਾਈ।*
*ਜੇ ਬਲ ਹੈ ਤੌ ਲੀਜੈ ਘੇਰੇ। ਨਾਂਹਿ ਤ ਹਮ ਪਹੁੰਚਹਿੰ ਨਿਜ ਡੇਰੇ।।੫੪।।*
*ਸੁਨਿ ਊਚੀ ਧੁਨਿ ਕੋ ਤਬਿ ਜਾਗੇ। ਉਠ ਕਰਿ ਘੇਰ ਪਕਰਨੇ ਲਾਗੇ।*
*ਤਬਿ ਸਤਿਗੁਰੂ ਤੁਰੰਗਮ ਪ੍ਰੇਰਾ। ਪੰਛੀ ਜਿਮ ਗਮਨੇ ਤਿਸ ਬੇਰਾ।।੫੫।।*
*ਦੁਾਦਸ਼ ਕੋਸ ਬਿੰਧਾਚਲ ਗਏ। ਦੁਾਲ ਛੁਰਾਇ ਬਖਾਨਤਿ ਭਏ।*
*'ਇਹ ਦਰਸ਼ਨ ਕੋ ਹਠ ਨਹਿੰ ਕਰੀਅਹਿ। ਅਵਚਲ ਨਗਰ ਸਿਧਾਰਨ ਕਰੀਅਹਿ'।।੫੬।।*
*ਅਰਪਨ ਚਹਹੁ ਸੁ ਅਰਪਹੁ ਤਹਾਂ। ਪੰਚ ਸਿੰਘ ਮੇਰੇ ਹੈਂ ਜਹਾਂ।*
*ਸ਼ਰਧਾ ਧਰਹੁ ਸਰੂਪ ਸੁ ਮੇਰਹੁ। ਪੁਰਹੁ ਕਾਮਨਾ ਪੂਜਹੁ ਹੇਰਹੁ।।੫੭।।*
*ਇਮ ਕਹਿ ਹੋਏ ਅੰਤਰ ਧਯਾਨ। ਸ੍ਰੀ ਗੁਰ ਗੋਬਿੰਦ ਸਿੰਘ ਸੁਜਾਨ।*
*ਬਨੇ ਸਹਾਇਕ ਬੰਦ ਖਲਾਸੀ। ਨਿਜ ਦਾਸਨ ਕਾਟਤ ਜਮ ਫਾਸੀ।।੫੮।।*

## ਸ਼ਬਦਾਰਥ

੧. ਮੇਰਾ
੨. ਬਹੁਤ ਪਰਖ ਚੁੱਕੀ ਹਾਂ
੩. ਸਵਾਂਗ, ਦਿਖਾਵਾ, ਦੰਭ, ਪਾਖੰਡ
੪. ਇੰਦ੍ਰਜਾਲ ਦਾ ਤਮਾਸ਼ਾ ਭਾਵ–ਕਰਾਮਾਤ
੫. ਪਰਮਾਤਮਾ ਦੇ ਦਾਸਾਂ (ਪਿਆਰਿਆਂ) ਨੂੰ
੬. ਝੌਂਪੜੀ ਵਿੱਚ
੭. ਕੱਪੜੇ
੮. ਪਾਟੇ ਹੋਏ ਹਨ
੯. ਆਦਰ
੧੦. ਉਜਾੜਾਂ ਵਿੱਚ
੧੧. ਭੌਂਦਾ ਫਿਰਦਾ ਹੈ
੧੨. ਪਿਆਰਾ
੧੩. ਸਨੇਹੀ, ਸਨਬੰਧੀ
੧੪. ਜੀਵ
੧੫. ਮੁਕਤ ਹੁੰਦਾ ਹੈ
੧੬. ਰੇਸ਼ਮ, ਸ਼ੁਭ ਗੁਣਾ ਰੂਪ
੧੭. ਗੋਦੜੀ
੧੮. ਪ੍ਰੇਮ
੧੯. ਭਰਾ–ਸੰਤ ਹਰੀ ਸਿੰਘ, ਸੂਬਾ ਗੰਢਾ ਸਿੰਘ, ਸੰਤ ਹਰਨਾਮ ਸਿੰਘ, ਸੰਤ ਹਜ਼ੂਰ ਸਿੰਘ
੨੦. ਸੰਤ ਦਇਆਲ ਸਿੰਘ
੨੧. ਸ. ਰਛਪਾਲ ਸਿੰਘ, ਪਿੰਡ ੩੧੯ ਚੱਕ
੨੨. ਪਿਤਾ, ਬਾਪ
੨੩. ਭਾਈ ਹੈ
੨੪. ਬਾਲਕ ਨੂੰ ਪਾਲਣ, ਖਿਡਾਉਣ ਵਾਲਾ ਦਾਇਆ
੨੫. ਦਾਈ, ਖਿਡਾਵੀ, ਖਿਡਾਉਣ ਵਾਲੀ
੨੬. ਕਸ਼ਟ ਵਿੱਚ
੨੭. ਮਾਤਾ ਦੇ ਪੇਟ ਵਿੱਚ
੨੮. ਕੱਚਪੁਣੇ ਦੀਆਂ ਗੱਲਾਂ
੨੯. ਚੋਰੀ, ਭਾਵ ਪਰਦਾ ਕਰਕੇ (ਚਾਕਰਾਂ ਨੂੰ ਭੋਗ ਲਗਾਉਂਦੇ ਹੋ)
੩੦. ਹੇ ਮਨਮੁਖ
੩੧. ਪਸ਼ੂ
੩੨. ਗੁਰਦੁਆਰਾ ਨਦਰਗੜ੍ਹ–ਸਾਧੂਆਂ ਨੂੰ ਮਿਲਨ ਦੀ ਥਾਂ
੩੩. ਪੂਨਾ ਸਿਤਾਰਾ
੩੪. ਗੁਰਦੁਆਰਾ ਗੁਪਤਸਰ, ਬਾਲਾਰਾਓ ਰੁਸਤਮ ਰਾਓ ਨੂੰ ਏਥੇ ਲਿਆਕੇ ਛੱਡਿਆ ਮਨਮਾੜ
੩੫. ਅਨਾਜ (ਅੰਨ) ਹੈ

੩੬. ਭੁਖੇ ਦਾ ਹਿਰਦਾ
੩੭. ਟਹਕ (ਖਿੜ) ਜਾਂਦਾ ਹੈ
੩੮. ਮਿਲਿਆ ਹੈ
੩੯. ਪ੍ਰਮਾਤਮਾ
੪੦. ਸੁਆਦ ਨਾਲ
੪੧. ਅੰਨ ਖਾਈਏ
੪੨. ਵਿਚਾਰ ਕੇ
੪੩. ਭਾਰ ਨਾਲ ਅਉਖੀ ਹੁੰਦੀ ਹੈ
੪੪. ਪਾਪਾਂ ਨਾਲ ਜਕੜੀ ਹੋਈ
੪੫. ਬਿਆਨ
੪੬. ਕਈ ਤਰੀਕਿਆਂ ਨਾਲ
੪੭. ਖਰੂਦ, ਸ਼ਰਾਰਤਾਂ, ਖਰਾਬੀਆਂ, ਉਪੱਦਰ
੪੮. ਪੁੱਤ੍ਰ ਨੂੰ
੪੯. ਬੇਟੀ, ਧੀਅ
੫੦. ਭੋਗ ਬਿਲਾਸ
੫੧. ਨਿਰਲੱਜ ਹੋ ਕੇ ਬੇਸ਼ਰਮੀ ਨਾਲ
੫੨. ਭੈਣ
੫੩. ਜੱਫੀਆਂ ਗੱਲਵਕੜੀਆਂ ਪਾਉਂਦੀ
੫੪. ਭੈਣ ਨਾਲ
੫੫. ਭੋਗ ਕਰਮ
੫੬. ਸੇਵਾ, ਪੂਜਾ, ਆਦਰ, ਸਤਿਕਾਰ
੫੭. ਵੇਦਾਂ ਦੀ ਧੁਨਿ
੫੮. ਹਵਨ
੫੯. ਸੰਜਮ ਦਾ ਵਰਤੋਂ ਵਿਹਾਰ।

# ਬੈਂਕੋਕ ੧੫-੯-੧੯੫੧

**ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ।**
**ਹਰਿ ਕਿਰਪਾ ਤੇ ਸੰਤ ਤੇ ਭੇਟਿਆ ਨਾਨਕ ਮਨਿ ਪਰਗਾਸੁ।**

**— ਜਾਹੀ ਕੁਲ ਤੇ ਪ੍ਰਗਟ ਹੋਏ ਤਾਹੀ ਕੁਲ ਕੋ ਨਾਮ।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।।**

*ਸਵੈਯਾ :-*

*ਦੀਨਨ ਕੇ ਦੁਖ ਦਾਹਿਨ ਕੋ ਅਰਿ ਗਾਹਨ ਵਾ ਸੁਖ ਸਾਰ ਨ ਕੋ।*
*ਪਾਪਨ ਮੂਲ ਉਖਾਰਨ ਕੋ ਨਿਜ ਸੰਤ ਧ੍ਰੰਮ ਉਬਾਰਨ ਕੋ।*
*ਦੁਖ ਦਾਰਨ ਮੇਟਨ ਕੇ ਹਿਤ ਵਾ ਧਰ ਕੇ ਸਭ ਭਾਰ ਉਤਾਰਨ ਕੋ।*
*ਅਵਤਾਰਨ ਜੇ ਕਲ ਕੇ ਨਰ ਨਾਰ ਗੁਰ ਤੇਗ ਬਹਾਦਰ ਪਾਰ ਨ ਕੋ।।੧।।*

ਏਥੇ ਗੁਰੂ ਤੇਗ ਬਹਾਦਰ ਸਾਹਿਬ ਦੇ ਮੰਗਲ ਨਾਲ ਦਸਵੇ ਅਧਿਆਏ ਦਾ ਆਰੰਭ ਕਰਦੇ ਹਨ। ਨੌਵੇਂ ਗੁਰੂ ਦਾ ਮੰਗਲ ਹੈ, ਕਿਉਂਕਿ ਪਹਿਲਾ ਮੰਗਲ ਅਕਾਲ ਪੁਰਖ ਦਾ ਹੈ—ਪਹਿਲੇ ਅਧਿਆਇ ਦਾ; ਇਸ ਕਰਕੇ ਦੂਸਰੇ ਤੋਂ ਗੁਰੂ ਨਾਨਕ ਦੇਵ ਦਾ - ਪਹਿਲੀ, ਦੂਸਰੀ, ਤੀਸਰੀ ਪਾਤਸ਼ਾਹੀ, ਇਸ ਤਰ੍ਹਾਂ ਕਰਦੇ ਹੁਣ ਨੌਵੀਂ ਪਾਤਸ਼ਾਹੀ ਤੇ ਸੰਤ ਜੀ ਆਏ ਹਨ, ਗੁਰੂ ਤੇਗ ਬਹਾਦਰ ਜੀ ਦਾ ਮੰਗਲ ਹੈ। ਇਸ ਤੋਂ ਅੱਗੇ ਜਿਹੜੀ ਕਥਾ ਆਰੰਭ ਹੋਵੇਗੀ, ਉਹ ਹੈ। ਕੈਸੇ ਹਨ ਗੁਰੂ ਤੇਗ ਬਹਾਦਰ—ਉਹ ਦੱਸਦੇ ਹਨ।

*ਦੀਨਨ ਕੇ ਦੁੱਖ ਦਾਹਿਨ ਕੋ।*

ਗਰੀਬਾਂ ਦੇ ਦੁੱਖਾਂ ਨੂੰ ਦਾਹਨ ਵਾਸਤੇ, ਉਹਨਾਂ ਨੂੰ ਸਾੜ ਦੇਣ ਵਾਸਤੇ, ਦੂਰ ਕਰਨ ਵਾਸਤੇ।

*ਦੀਨਨ ਕੇ ਦੁਖ ਦਾਹਿਨ ਕੋ ਆਰਿ ਗਾਹਨ ਵਾ ਸੁਖ ਸਾਰ ਨ ਕੋ-*

*ਅਰ ਗਾਹਿਨ*—ਜਿਹੜੇ ਗਰੀਬਾਂ ਦੇ ਵੈਰੀ ਹਨ, ਉਹਨਾਂ ਨੂੰ ਗਾਹਨ, ਵਾਸਤੇ। *ਸੁੱਖ ਸਾਰ ਨ ਕੋ,*—ਸਤਿਗੁਰੂ ਜੈਸਾ ਸੁੱਖਾਂ ਦਾ ਸਾਰ, ਗੁਰੂ ਤੇਗ ਬਹਾਦਰ ਜੈਸਾ-ਔਰ ਨ ਕੋ-ਹੋਰ ਕੋਈ ਨਹੀਂ ਹੈ।

*ਪਾਪਨ ਮੂਲ ਉਖਾਰਨ ਕੋ*

ਸਤਿਗੁਰੂ ਕੈਸੇ ਹਨ? ਪਾਪਾਂ ਦਾ ਮੂਲ ਪੁੱਟ ਦੇਣ ਵਾਲੇ ਹਨ, ਪਾਪਾਂ ਨੂੰ ਜੜ੍ਹ ਤੋਂ ਪੁੱਟਣ ਵਾਲੇ ਹਨ।

*ਨਿਜ ਸੰਤ ਧ੍ਰੰਮ ਉਬਾਰਨ ਕੋ।*

ਆਪਣੇ ਸੰਤਾਂ ਦੇ ਧਰਮ ਦੀ ਰੱਖਿਆ, ਜਿਹੜੀ ਮੈਂ ਅਰਜ਼ ਕੀਤੀ ਸੀ, ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਨੇ,

***ਧਰਮ ਚਲਾਵਨ ਸੰਤ ਉਬਾਰਨ।।***

*- ਦਸਮ ਗ੍ਰੰਥ, ਪਨਾ-੫੭*

*ਦੁਖ ਦਾਰਨ ਮੇਟਨ ਕੇ ਹਿਤ ਵਾ*

ਦੁੱਖ ਦਰਿਦਰ ਜਿਹੜੇ ਦਾਰਨ-ਬੜੇ ਭਿਆਨਕ ਦੁੱਖ ਹਨ, ਉਹਨਾਂ ਨੂੰ ਮੇਟਣ ਦੇ ਵਾਸਤੇ।

*ਧਰ ਕੇ ਸਭ ਭਾਰ ਉਤਾਰਨ ਕੋ।*

ਹੁਣ, ਕੋਈ ਪੁਰਸ਼ ਐਨਾ ਖਿਆਲ ਕਰਦਾ ਹੈ, ਕਿ ''ਮੈਂ ਸੌਖਾ ਰ੍ਹਵਾਂ, ਮੈਨੂੰ ਕੋਈ ਦੁੱਖ ਨਾ ਹੋਵੇ''। ਜ਼ਉਰਾ ਕੁ ਉਸ ਤੋਂ ਕੋਈ ਤਕੜਾ ਹੈ—ਉਹ ਕਹਿੰਦਾ ਹੈ, ''ਮੇਰਾ ਟੱਬਰ ਬਚ ਰ੍ਹਵੇ''। ਉਸ ਤੋਂ ਕੋਈ ਜ਼ਰਾ ਅੱਗੇ ਜਾਂਦਾ ਹੈ, ਉਹ ਕਹਿੰਦਾ ਹੈ, ''ਸਾਡੀ ਕੁੱਲ ਬਚ ਰਹੇ''। ਉਸ ਤੋਂ ਅੱਗੇ ਕੋਈ ਜਾਂਦਾ ਹੈ, ''ਸਾਡੀ ਕੌਮ ਬਚ ਰਹੇ''। ਕੋਈ ਅੱਗੇ ਉਸ ਤੋਂ ਜਾਂਦਾ ਹੈ, ਕਹਿੰਦਾ ਹੈ, ''ਮੇਰਾ ਮੁਲਕ ਬਚ ਰਹੇ''। ਪਰ,

*ਧਰ ਕੈ ਸਭ ਭਾਰ ਉਤਾਰਨ ਕੋ।*

ਬਿਨਾਂ ਸਤਿਗੁਰੂ ਦੇ ਸਾਰੀ ਧਰਤੀ ਦੇ ਭਾਰ ਉਤਾਰਨ ਦਾ ਕੋਈ

ਠੇਕਾ ਨਹੀਂ ਲੈਂਦਾ। ਵੱਡੇ ਨੇਤਾ ਸਾਡੇ ਹਿੰਦੁਸਤਾਨ ਦਾ ਸੁੱਖ ਤੱਕਦੇ ਹਨ। ਉਹ ਕਹਿੰਦੇ ਹਨ ਜੇ ਲੜਾਈ ਲੱਗੇ ਤੇ ਹਿੰਦੁਸਤਾਨ 'ਚ ਨਾ ਲੱਗੇ। ਇਹ ਉਹਨਾਂ ਦੀ ਵੱਡੀ ਹੀ ਭਾਰੀ ਚੀਜ਼ ਹੈ ਔਰ, ਉਹ ਬੜਾ ਸੋਚਦੇ ਹਨ, ਜਿਹੜੇ ਸਾਡੇ ਆਗੂ ਹਨ, ਅੱਜ ਕੱਲ੍ਹ ਉਹਨਾਂ ਦੀ ਇਹੋ ਕੋਸ਼ਿਸ਼ ਹੈ। ਉਹਨਾਂ ਬੜਾ ਪਿਆਰ ਲੋਕਾਂ ਨਾਲ ਦੂਰ ਤਕ ਵਧਾਇਆ ਹੈ ਪਰ ਲੋਕਾਂ ਦੇ ਪਾਪ ਨਹੀਂ ਉਹ ਦੂਰ ਕਰ ਸਕਦੇ।

## ਸਤਿਗੁਰੂ ਸਾਰੀ ਸ਼੍ਰਿਸ਼ਟੀ ਦਾ ਮਾਲਕ ਹੈ

ਇਹ ਕੌਣ ਹੈ? ਇਹ ਸਤਿਗੁਰੂ ਹੈ। ਜਿੰਨਾਂ-ਜਿੰਨਾਂ ਕਿਸੇ ਦਾ ਕਿਸੇ ਨਾਲ ਤਅੱਲਕ ਹੈ, ਓਨਾ-ਉਤਨਾ ਹੀ ਉਹ ਕੁਛ ਕਰਦਾ ਹੈ। ਇੱਕ ਘਰ ਵਿੱਚ ਬੱਚਾ ਹੈ—ਉਹਨੂੰ ਆਪਣੇ ਦੁੱਖ ਦਾ ਪਤਾ ਹੈ। ਜਿਹੜਾ ਉਸ ਤੋਂ ਵੱਡਾ ਲੜਕਾ ਹੈ, ਉਹ ਕਦੇ ਆਪਣੇ ਛੋਟੇ ਭਰਾ ਦਾ ਖਿਆਲ ਕਰ ਲਏਗਾ। ਜੇ ਵਿਆਹਿਆ ਹੈ ਕੋਈ ਤੇ ਆਪਣੀ ਔਰਤ ਵਲ ਝਾਕ ਲਏਗਾ। ਪਰ, ਜੇ ਕੋਈ ਪੁਰਸ਼ ਵੱਡਾ ਹੈ ਜਿਹੜਾ ਸਾਰੇ ਟੱਬਰ ਦਾ ਮਾਲਕ ਹੈ, ਉੱਥੇ ਕੋਈ ਵੀ ਦੁਖੀ ਹੋਵੇਗਾ, ਉਹਨੂੰ ਸਾਰਿਆ ਦਾ ਦੁੱਖ ਜਾਪਦਾ ਹੈ। ਇਸ ਤਰ੍ਹਾਂ ਇਹ ਬੜਾ ਛੋਟਾ ਪ੍ਰਮਾਣ ਹੈ। ਸਤਿਗੁਰੂ ਸਾਰੀ ਸ਼੍ਰਿਸ਼ਟੀ ਦਾ ਮਾਲਕ ਹੈ, ਸਭ ਦਾ ਉਹ ਕਰਤਾ ਹਰਤਾ ਹੈ। ਇਸ ਕਰਕੇ ਧਰਤੀ ਦੇ ਸਭ ਪਾਪ ਉਤਾਰਨ, ਧਰਤੀ ਦੇ ਸਾਰੇ ਭਾਰ ਦੂਰ ਕਰਨਾ, ਸਤਿਗੁਰੂ ਦਾ ਹੀ ਕੰਮ ਹੈ।

*ਅਵਤਾਰਨ ਜੇ ਕਲ ਕੇ ਨਰ ਨਾਰ*

ਜਿਹੜੇ ਨਾ ਤਰਨ ਵਾਲੇ ਅਵਤਰ ਹੋਏ-ਹੋਏ ਹਨ, ਪੁਰਖ ਕਲਜੁਗ ਦੇ ਇਸਤਰੀਆਂ, ਪੁਰਸ਼—ਉਹਨਾ ਦੇ ਵਾਸਤੇ।

*ਗੁਰੂ ਤੇਗ ਬਹਾਦਰ ਪਾਰ ਨ ਕੋ*

ਉਹ ਅਵ-ਤਾਰਨ ਜਿਹੜੇ ਮਨ ਤਾਰੂ ਹਨ ਤਰਨ ਜੋਗ ਨਹੀਂ,

*ਗੁਰੂ ਤੇਗ ਬਹਾਦਰ ਪਾਰਨ ਕੋ।*

ਬਿਨਾਂ ਗੁਰੂ ਤੇਗ ਬਹਾਦਰ ਤੋਂ ਉਹਨਾਂ ਨੂੰ ਪਾਰ ਨਹੀਂ ਕੋਈ ਲੰਘਾ ਸਕਦਾ।

*ਦੋਹਰਾ — ਗੁਰੂ ਰਾਮ ਸਿੰਘ ਸੁਧਾ ਸਰ ਆਏ ਹੈ ਜਿਸ ਭਾਇ।*

ਅੱਗੇ ਹੁਣ ਭਾਈ ਜੀ ਕਥਾ ਸੁਣਾਉਂਦੇ ਹਨ—ਕਹਿੰਦੇ ਹਨ, ਸਤਿਗੁਰੂ ਰਾਮ ਸਿੰਘ ਜੀ ਜਿਸ ਤਰ੍ਹਾ ਅੰਮ੍ਰਿਤਸਰ ਜੀ ਆਏ।

*ਸੁਣੋ ਸ੍ਰੋਤਾ ਕਾਨ ਦੇ ਜਿਹ ਬਿਧਿ ਕਹੀ ਸੁਣਾਇ।*

ਭਾਈ ਹਰਮੀਤ ਸਿੰਘ ਜੀ ਨੇ ਦਰਸ਼ਨ ਕੀਤਾ, ਜਿਨ੍ਹਾਂ ਸਿੱਖਾਂ ਨੇ ਉਸ ਵੇਲੇ ਸਤਿਗੁਰੂ ਰਾਮ ਸਿੰਘ ਜੀ ਦਾ ਅੰਮ੍ਰਿਤਸਰ ਜਾਣ ਵੇਲੇ ਦਰਸ਼ਨ ਕੀਤਾ, ਕਹਿੰਦੇ ਨੇ—''ਸਰੋਤਾ ਪੁਰਸ਼ੋ, ਹੈ ਭਾਈ ਸੁਣਨ ਵਾਲਿਓ ਸੱਜਣੋ, ਕੰਨ ਦੇ ਕੇ ਉਹ ਸੁਣੋ, ਜਿਸ ਤਰ੍ਹਾਂ ਉਹਨਾਂ ਨੇ ਦੱਸੀ, ਜਿਸ ਤਰ੍ਹਾਂ ਉਨ੍ਹਾਂ ਨੇ ਦੇਖੀ।

*ਸਵੈਯਾ—ਵਾਹਿ ਸੁ ਰਾਮ ਮ੍ਰਿਗਿੰਦ ਗੁਰੂ,*

ਸਤਿਗੁਰੂ ਰਾਮ ਸਿੰਘ ਕਿਆ ਹੈ—ਉਹ ਵਾਹਿ ਹੈ, ਉਹ ਅਸਚਰਜ ਹੈ। ਮਹਾਰਾਜ ਸੰਸਕ੍ਰਿਤੀ ਵਿੱਚ ਲਿਖਦੇ ਹਨ।

**ਅਸ੍ਚਰਜ ਰੂਪੰ[੧] ਰਹੰਤ ਜਨਮੰ[੨]।**

*– ਮ: ੫, ਪੰਨਾ-੧੩੫੯*

ਉਸਦਾ ਰੂਪ ਅਸਚਰਜ ਹੈ। ਉਹ ਜਨਮ ਮਰਨ ਸੇ ਰਹਿਤ ਹੈ। ਗੁਰੂ ਅਰਜਨ ਦੇਵ ਮਹਾਰਾਜ ਭੈਰਉ ਰਾਗ ਵਿੱਚ ਇਹ ਗੱਲ ਦੱਸਦੇ ਹਨ ਕਿ ਲੋਕਾਂ ਨੇ ਮੰਨਿਆ ਹੈ ਗੋਬਿੰਦ-ਅਸ਼ਟਮੀ ਨੂੰ ਜਨਮਿਆ, ਜਨਮ-ਅਸ਼ਟਮੀ ਲੋਕ ਮਨਾਉਂਦੇ ਹਨ। ਉਹ ਕਹਿੰਦੇ ਹਨ :-

**ਸਗਲੀ ਥੀਤਿ[੩] ਪਾਸਿ ਡਾਰਿ[੪] ਰਾਖੀ।**
**ਅਸਟਮ ਥੀਤਿ ਗੋਵਿੰਦ ਜਨਮਾ ਸੀ।**
**ਭਰਮਿ ਭੂਲੇ ਨਰ ਕਰਤ ਕਚਰਾਇਣ[੫]।**
**ਜਨਮ ਮਰਣ ਤੇ ਰਹਤ ਨਾਰਾਇਣ।**

*– ਭੈਰਉ ਮ: ੫, ਪੰਨਾ-੧੧੩੬*

ਹੋਰ ਖਿਤਾਂ ਛੱਡ ਦਿੱਤੀਆਂ, ਇੱਕ ਥਿੱਤ ਉਹਦੇ ਵਾਸਤੇ ਮੰਨ ਲਈ। ਇਹ ਲੋਕ ਭਰਮੀ ਹਨ ਜਿਹੜੇ ਪ੍ਰਮੇਸ਼ਰ ਨੂੰ, ਜਿਹੜੇ ਸਤਿਗੁਰੂ ਨੂੰ ਇਹ ਚੀਜ਼ ਮੰਨਦੇ ਹਨ, ਕਿ ਉਹ ਜੰਮਦਾ ਮਰਦਾ ਹੈ—ਉਹ ਕਾਲੂ ਦਾ ਪੁੱਤਰ ਹੋਇਆ, ਉਹ ਫਲਾਣੇ ਦਾ ਪੁੱਤਰ ਹੋਇਆ, ਉਹ ਨੰਦ ਦੇ ਘਰ ਜੰਮਿਆ।

ਕਬੀਰ ਜੀ ਕਹਿੰਦੇ ਹਨ-

**ਤੁਮ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ।**

*- ਗਉੜੀ ਕਬੀਰ ਜੀ, ਪੰਨਾ-੩੩੮*

ਤੁਸੀਂ ਤੇ ਕਹਿੰਦੇ ਹੋ, ਨੰਦ ਕਾ ਨੰਦਨ—ਤੁਹਾਨੂੰ ਇਹ ਪਤਾ ਹੈ, ਨੰਦ ਵੀ ਉਸੇ ਦਾ ਹੀ ਬਣਾਇਆ ਹੋਇਆ ਹੈ—ਨੰਦ ਕੀਹਦਾ ਪੁੱਤਰ ਹੈ?

**ਸੰਕਟਿ ਨਹੀ ਪਰੈ ਜੋਨਿ ਨਹੀ ਆਵੈ,**

ਉਸਦਾ ਨਾਂ ਹੋਇਐ-ਅਜੋਨੀ। ਕ੍ਰਿਸ਼ਨ ਮਹਾਰਾਜ ਨੇ ਗੀਤਾ ਵਿੱਚ ਕਿਹਾ ਹੈ -''ਮੈਂ ਅਜਨਮਾ, ਅਜੂਨੀ ਹੁੰਦਾ ਹੋਇਆ-ਆਪਣੀ ਜੋਗ ਮਾਇਆ ਦੇ ਬਲ ਕਰਕੇ ਪ੍ਰਗਟ ਹੁੰਦਾ ਹਾਂ।''

ਗੁਰੂ ਨਾਨਕ ਦੇਵ ਮਹਾਰਾਜ ਦਾ ਪ੍ਰਕਾਸ਼ ਦੁਨੀਆਂ ਉੱਤੇ ਕਿਸ ਵਕਤ ਹੋਇਆ, ਕਿਆ ਉਸ ਵਕਤ ਦੀ ਹਾਲਤ ਸੀ-

*ਸੱਯਦ ਸ਼ੇਖ ਮੁਗਲ ਪਾਠਾਨ।*
*ਜ਼ਾਲਮ ਭਏ ਜਬੀ ਬਲਵਾਨ।*
*ਹਿੰਦੁਨ ਕੋ ਦੁਖ ਦਯੋ ਮੁਹਾਇ।*
*ਦੇਵਨ ਕੇ ਮੰਦਰ ਗਿਰਵਾਏ।*

ਧਿਆਨ ਰਖਣਾ ਹੁਣ ਵੀ ਗਿਰ ਰਹੇ ਹਨ।

*ਤੀਰਥ ਵਰਤ ਪੁੰਨਯ ਜਗਯ ਦਾਨ।*
*ਖਿਯਾਹਿ ਸਰਾਧ ਹੋਮ ਵਖਿਆਂਨ।*
*ਧਰਮ ਕਰਮ ਕੋਊ ਕਰਨ ਨ ਪਾਇ।*
*ਕਰੈ ਜੁ ਤਿਹ ਦੁਖ ਦੈ ਮਰਵਾਏ।*
*ਘੋਰ ਨਾਥ ਸੇ ਔਘੜ ਸਾਧੂ।*
*ਪੰਡਤ ਦੱਤ ਸੇ, ਸੁਮਤ ਅਗਾਧੂ।*
*ਮਰਵਾ ਚੀਲਾਂ ਕੇ ਖਲਵਾਏ।*
*ਕੇਚਿਤ ਕੁਤਿਆ ਤੇ ਪੜਵਾਏ।*
*ਕੇਚਿਤ ਕੱਚੇ ਚੱਮ ਮੜਾਏ।*
*ਕੇਚਿਤ ਮੇਖੈਂ ਠੋਕ ਸੁਕਾਏ।*

*ਤੁਰਕ ਹੋਵਣਾ ਜਿਨੈ ਨ ਮਾਨਿਓ।*
*ਤਿਨ ਤਿਨ ਕੋ ਅਤਿ ਦੈ ਦੁਖ ਹਾਨਿਓ।*
*ਗੋ ਗਰੀਬ ਕੋ ਬਧ ਕਰ ਸੂਟੇ।*
*ਧਨੀ ਦੇਖ ਤਾਂਕਾ ਧਨ ਲੂਟੇ।*
*ਰਾਜ ਨੀਤ ਰਾਜਨ ਤੇ ਛੂਟੀ।*
*ਨਿਸ ਦਿਨ ਕਰੈ ਕੁਕ੍ਰਿਤ ਅਨੂਠੀ।*
*ਦੂਰਾ ਚਾਰ ਮੰਤਰੀ ਸਬ ਹੋਏ।*
*ਲੋਲਪ ਲੋਭੀ ਕਾਮ ਵਗੋਏ।*
*ਸੰਦਰ ਪਿਖੈ ਜਾਂਹਿ ਕੀ ਤਰਨੀ।*
*ਪਕਰ ਕਰੈ ਬਲ ਸੋ ਨਿਜ ਘਰਨੀ।*
*ਛੁਟੀ ਨੀਤੀ ਕੀ ਸਭ ਮਰਯਾਦਾ।*
*ਪਰਜਾ ਕੀ ਨ ਸੁਣੈ ਫਰਿਆਦਾ।*
*ਕਾਜੀ ਰਿਸਵਤ ਲੈਕੇ ਸਾਰੇ।*
*ਝੂਠੇ ਕੋ ਸਾਚਾ ਕਰ ਡਾਰੇ।*

*– ਪੰਥ ਪ੍ਰਕਾਸ਼*

ਬਹੁਤ ਸਾਰਾ ਲਿਖਿਐ ਭਾਈ ਸਾਹਿਬ ਨੇ।
— *ਭਈ ਅਧਿਕ ਜਬ ਐਸ ਬਿਰਾਮੀ।*
*ਤਬ ਵਿਚਾਰ ਈਸ਼ਵਰ ਜਗ ਸੁਆਮੀ।*
*ਪਾਲਿਨ ਹੇਤ ਸਨਾਤਨ ਨੇਤੈ।।*
*ਵੈਦਿਕ ਧਰਮ ਰਖਨ ਕੇ ਹੇਤੈ।*
*ਆਪ ਪ੍ਰਭੂ ਗੁਰੂ ਨਾਨਕ ਰੂਪੰ।*
*ਪਰਗਟ ਭਏ ਜਗ ਮੈਂ ਸੁਖ ਭੂਪੰ।*

*– ਪੰਥ ਪ੍ਰਕਾਸ਼*

— ਯਦਾ ਯਦਾ ਹਿ ਧਰਮਸਯ ਗਲਾਨਿਰਭਵਤਿ ਭਾਰਤ।

*— ਭਾਗਵਤ ਗੀਤਾ*

## ਸਤਿਗੁਰੂ ਮੌਜ ਦਾ ਮਾਲਕ

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ :-

**ਜਬ ਜਬ ਹੋਤ ਅਰਿਸਟਿ ਅਪਾਰਾ।**
**ਤਬ ਤਬ ਦੇਹ ਧਰਤ ਅਵਤਾਰਾ।**

*- ਦਸਮ ਗ੍ਰੰਥ, ਪੰਨਾ-੧੫੫*

ਦੇਹ ਧਾਰ ਕੇ ਆਉਂਦਾ ਹੈ—ਸਤਿਗੁਰੂ, ਅਕਾਲ ਪੁਰਖ।

*ਆਪ ਪ੍ਰਭੂ ਗੁਰੂ ਨਾਨਕ ਰੂਪੰ।*
*ਪ੍ਰਗਟ ਭਏ ਜਗ ਮੈਂ ਸੁਖ ਭੂਪੰ।*

ਅਕਾਲ ਪੁਰਖ ਆਪ ਗੁਰੂ ਨਾਨਕ ਦੇਵ ਬਣ ਕੇ ਆਇਆ—ਲੋਕੋ, ਸਿੱਖੋ, ਧਿਆਨ ਦਿਆ ਕਰੋ। ਅੱਜ ਕੱਲ੍ਹ ਪੜ੍ਹ ਕੇ ਲੋਕਾਂ ਦੀ ਮੱਤ ਛੋਟੀ ਹੋ ਗਈ ਹੈ। ਉਹ ਤੇ ਕਹਿੰਦੇ ਨੇ, ''ਅਸੀਂ ਵਿਦਵਾਨ ਹੋ ਗਏ ਹਾਂ।'' ਜਿਹੜੇ ਗੁਰੂ ਨਾਨਕ ਨੂੰ ਕਹਿੰਦੇ ਨੇ ਮਨੁੱਖ ਬਣਿਆ, ਇੱਕ ਮਨੁੱਖ ਦੇ ਘਰ ਜੰਮਿਆ। ਓ ! ਗੁਰੂ ਜੰਮਣ ਵਾਲੀ ਚੀਜ਼ ਨਹੀਂ, ਗੁਰੂ ਮਰਨ ਵਾਲੀ ਚੀਜ਼ ਨਹੀਂ—ਜੇ ਗੁਰੂ ਨਾਨਕ ਨੂੰ ਜੰਮਿਆਂ ਮੰਨੀਏ ਤਾਂ ਮਰਿਆ ਵੀ ਮੰਨੀਏ। ਓ, ਪਤਾ ਜੇ, ਇਤਿਹਾਸ ਪੜ੍ਹ ਕੇ ਦੇਖਿਆ ਹੈ—ਜਦੋਂ ਮੁਸਲਮਾਨਾਂ ਆਖਿਆ—ਸਾਡਾ ਪੀਰ ਹੈ, ਤੇ ਹਿੰਦੂਆ ਆਖਿਆ—ਸਾਡਾ ਗੁਰੂ ਹੈ। ਜਾ ਕੇ ਦੇਖਿਆ ਤਾਂ ਚਾਦਰ ਹੀ ਸੀ, ਪੰਜ ਤੱਤ ਦੀ ਦੇਹ, ਹੱਡ ਚੰਮ ਹੁੰਦਾ ਤੇ ਲੱਭਦਾ। ਗੁਰੂ ਇਹ ਚੀਜ਼ ਨਹੀਂ, ਉਹ ਜਨਮ ਮਰਨ 'ਚ ਨਹੀਂ ਆਉਂਦਾ, ਉਹ ਆਪਣੀ ਮੌਜ ਦਾ ਮਾਲਕ ਹੈ। ਜਦੋਂ ਚਿਤ ਕਰੇ—ਗੁਰੂ ਗੋਬਿੰਦ ਸਿੰਘ ਕਹਿੰਦੇ ਹਨ।

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।***

ਰੋਜ਼ ਜਾਪੁ ਸਾਹਿਬ ਦਾ ਪਾਠ ਕਰਦੇ ਹੋ,

***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।***

*- ਦਸਮ ਗ੍ਰੰਥ, ਪੰਨਾਂ-੫*

– **ਬਾਜੀਗਰਿ ਜੈਸੇ ਬਾਜੀ ਪਾਈ।**
**ਨਾਨਾ ਰੂਪ ਭੇਖ ਦਿਖਲਾਈ।**

ਬਾਜੀਗਰ ਤੋਂ ਅਰਥ-ਮਦਾਰੀ ਸਮਝ ਲਉ, ਉਹ ਲੂੰਬੜ ਕੱਢ ਦਿੰਦਾ ਹੈ ਵਿੱਚੋਂ, ਬਾਗ ਲਾ ਦਿੰਦਾ ਹੈ, ਪੈਸੇ ਦਿਖਾ ਦਿੰਦਾ ਹੈ।

**ਸਾਂਗੁ ਉਤਾਰਿ ਥੰਮਿਓ ਪਾਸਾਰਾ।**
**ਤਬ ਏਕੋ ਏਕੰਕਾਰਾ।**

*– ਸੂਹੀ ਮ: ੫, ਪੰਨਾ ੭੩੬*

ਜਦੋਂ ਝੋਲੀ ਲਪੇਟੀ, ਇਕੱਠੇ ਕਰਕੇ ਤੁਰਿਆ—ਨਾ ਬਾਗ, ਨਾ ਬੂਟਾ, ਨਾ ਕੁਛ, ਨਾ ਕੁਛ—ਇਹ ਉਸਦੀ ਖੇਡ ਹੈ। ਉਹ ਆਪਣੀ ਖੇਡ ਆਪ ਕਰਦਾ ਹੈ, ਆਪ ਰਚਦਾ ਹੈ, ਔਰ ਜੋ ਕੁਛ ਦੇਖਦਾ ਹੈ। ਜਿਸ ਵੇਲੇ ਇਹ ਖੇਡ ਬਣਾਉਂਦਾ ਹੈ, ਸਾਧੂਆਂ ਨੂੰ ਦੁੱਖ ਹੁੰਦਾ ਹੈ'।

ਹੁਣ ਦੱਸੋ ਤੁਸੀਂ ਗੱਲ, ਸਾਡੀ ਗੌਰਮਿੰਟ ਇਤਨਾ ਨਰਮ ਸਲੂਕ ਕਰ ਰਹੀ ਹੈ – ਮੁਸਲਮਾਨਾਂ ਨਾਲ। ਉਹਨਾਂ ਦੇ ਆਦਮੀ ਆ ਜਾਂਦੇ ਹਨ, ਉਹ ਆਪਦੇ ਉਰਸ ਮਨਾ ਜਾਂਦੇ ਹਨ, ਉਹ ਆਪਦੇ ਪੀਰਾਂ ਦੀ ਜਗ੍ਹਾ ਉੱਤੇ ਜਾਂਦੇ ਹਨ। ਪਰ, ਕਿਆ ਅਸੀਂ ਲੋਕ ਵੀ ਕਿਸੇ ਆਪਣੇ ਠਾਕੁਰ ਦੁਆਰੇ, ਕਿਸੇ ਹਿੰਦੂ ਮੰਦਰ ਵਿੱਚ, ਕਿਸੇ ਸਿੱਖ ਗੁਰਦੁਆਰੇ ਵਿਚ ਜਾ ਸਕਦੇ ਹਾਂ? ਉਹ ਜਾਣ ਆਉਣ ਮੁਕਾ ਦਿੱਤਾ। ਇੱਕ ਸਾਡਾ ਮੱਕਾ-ਸਿੱਖਾਂ ਦਾ ਸੀ, ਨਨਕਾਣਾ ਸਾਹਿਬ, ਉੱਥੇ ਵੀ ਖਬਰ ਨਹੀਂ ਕੀ ਭਾ ਵਿਕਦੀ ਹੈ, ਅਸੀਂ ਕੁਝ ਨਹੀਂ ਕਹਿ ਸਕਦੇ।

ਦੱਸੋ ਹੁਣ ਬਈ, ਜੇ ਗੁਰੂ ਨਾਨਕ ਦੇਵ ਉਸ ਪਾਪ ਵੇਲੇ, ਉਸ ਧੱਕੇ ਵੇਲੇ ਆਇਆ ਤੇ ਹੁਣ ਜਿੱਥੇ ਹਜ਼ਾਰਾਂ ਦੇਵੀਆਂ, ਹਿੰਦੂ ਸਿੱਖਾਂ ਦੀਆਂ ਲੜਕੀਆਂ ਕੁਰਲਾਅ ਰਹੀਆਂ ਸਨ, ਜਿਨ੍ਹਾਂ ਦੀ ਕੋਈ ਪੇਸ਼ ਨਹੀਂ ਸੀ ਜਾਂਦੀ; ਜਿਨ੍ਹਾਂ ਦੀ ਕੋਈ ਸੁਣ ਨਹੀਂ ਸਕਦਾ, ਜਿਨ੍ਹਾਂ ਨੂੰ ਆਉਂਣਾ ਨਹੀਂ ਮਿਲਦਾ। ਮੁਸਲਮਾਨਾਂ ਦੀ ਗਾਰਦ ਆਵੇ ਸਾਡੇ ਪਿੰਡਾਂ 'ਚ, ਫਿਰਕੇ ਲੜਕੀਆਂ ਫੜ ਕੇ ਲੈ ਜਾਵੇ ਪਰ ਜੇ ਸਾਡੀ ਇਧਰੋਂ ਗਾਰਦ ਜਾਵੇ ਤੇ ਲਾਹੌਰ ਨਹੀਂ ਟੱਪ ਸਕਦੀ। ਕਿਆ ਹੁਣ ਗੁਰੂ ਨਾਨਕ ਦੀ ਲੋੜ ਨਹੀਂ? ਹੁਣ ਉਹ ਗੁਰਦੁਆਰੇ ਨਹੀਂ ਢਾਹੁੰਦੇ, ਉਹ ਗੁਰਦੁਆਰਿਆਂ ਦੀ ਬੇ-ਅਦਬੀ ਨਹੀਂ ਹੁੰਦੀ, ਉਹ ਲੜਕੀਆਂ ਨਹੀਂ ਫੜ ਕੇ ਉਨ੍ਹਾਂ ਨੇ ਆਪਣੇ ਘਰੀਂ ਵਾੜੀਆਂ ? ਗੁਰੂ ਨਾਨਕ

ਇਹ ਚੀਜ਼ ਨਹੀਂ ਬਈ ਦੋ ਸੌ-ਤਿੰਨ ਸੌ-ਪੰਦਰਾਂ ਸੌ ਛੱਬੀ ਤੋਂ ਹੋਇਆ ਤੇ ੧੭੬੫, 'ਚ ਖਤਮ ਹੋ ਗਿਆ।

ਗ੍ਰੰਥ, ਪੁਸਤਕ ਪੜ੍ਹੋ-ਹਰੀ ਚੰਦ ਰਾਜੇ ਦਾ ਵਕਤ ਹੈ। ਸਾਨੂੰ ਨਹੀਂ ਪਤਾ, ਉਹ ਕਿਹੜਾ ਵੇਲਾ ਹੈ, ਉਹ ਇਤਿਹਾਸਕਾਰ ਦੱਸ ਸਕਦਾ ਹੈ। ਭਾਈ ਗੁਰਦਾਸ ਕਹਿੰਦਾ ਹੈ—

*ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।*
*ਸਾਧ ਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੇ ਗੁਰਬਾਣੀ।*

*– ਵਾਰ ੧੦, ਪਾਉੜੀ ੬*

## ਨਿੱਤ ਤੇ ਨਮਿੱਤ ਅਵਤਾਰ★੧

ਅਕਾਲ ਪੁਰਖ ਨੇ ਜਦੋਂ ਤੋਂ ਸ੍ਰਿਸ਼ਟੀ ਰਚੀ ਹੈ, ਗੁਰਬਾਣੀ, ਸਾਧ ਸੰਗਤ, ਗੁਰੂ, ਅਵਤਾਰ ਜੋ ਉਹਦੀ ਰਜ਼ਾ ਹੈ, ਉਹ ਆਪਣਾ ਜੋ ਮਰਜ਼ੀ ਹੈ—ਕਰੇ। ਉਹ ਏਡਾ ਕੁ ਨਹੀਂ—ਸਾਨੂੰ ਪਤਾ ਨਹੀਂ-ਜਦੋਂ ਨਹੀਂ ਸੀ ਕੁਝ ਉਦੋਂ ਵੀ ਸੀ; ਜਦੋਂ ਕੁਝ ਨਹੀਂ ਰਹੇਗਾ ਉਦੋਂ ਵੀ ਹੋਵੇਗਾ; ਉਹ ਹਰ ਵਕਤ ਹੈ ਔਰ ਉਹ ਆਪਣੀ ਮੌਜ ਦਾ ਮਾਲਕ ਹੈ। ਦੋ ਰੂਪਾਂ ਵਿੱਚ ਉਹ ਆਉਂਦਾ ਹੈ—ਇੱਕ ਨਿੱਤ ਅਵਤਾਰ ਸੰਤ ਮਹਾਤਮਾ; ਇੱਕ ਨਮਿੱਤ ਅਵਤਾਰ-ਕੋਈ ਕਾਰਨ ਬਣਿਆ—ਹਰਨਾਖਸ਼ ਨੇ ਦੁੱਖ ਦਿੱਤਾ ਤਾਂ ਨਰ ਸਿੰਘ ਰੂਪ ਹੋ ਕੇ ਪ੍ਰਗਟਿਆ; ਰਾਵਣ ਨੇ ਲੋਕਾਂ ਨੂੰ ਦੁੱਖ ਦਿੱਤਾ—ਰਾਮ ਦਾ ਰੂਪ ਹੋ ਕੇ ਪ੍ਰਗਟਿਆ; ਕੰਸ ਨੇ ਦੁੱਖ ਦਿੱਤਾ—ਕ੍ਰਿਸ਼ਨ ਹੋ ਕੇ ਪ੍ਰਗਟਿਆ, ਕਦੇ ਨਾਨਕ ਹੋ ਗਿਆ-ਕਦੇ ਖੜਗਧਾਰੀ। ਫਿਰ, ਇੱਕ ਹੋਰ ਚੀਜ਼ ਬੜੀ ਹੈ।

**ਸ੍ਵਾਂਗੀ ਸਿਉ ਜੋ ਮਨੁ ਰੀਝਾਵੈ।**

ਮਹਾਰਾਜ ਕਹਿੰਦੇ ਹਨ :-

**ਸ੍ਵਾਗਿ ਉਤਾਰਿਐ ਫਿਰਿ ਪਛੁਤਾਵੈ।**

*– ਭੈਰਉ ਮ: ੫, ਪੰਨਾ-੧੧੪੫*

ਜਿਹੜੇ ਲੋਕ ਬਾਹਰਲੀ ਚੀਜ਼ ਨੂੰ ਦੇਖਦੇ ਹਨ—ਪੰਜਾਂ ਗੁਰੂਆਂ ਨੇ ਮਾਲਾ ਫੇਰੀ, ਸੇਲੀ ਟੋਪੀ ਰੱਖੀ, ਮੰਜੀ ਤੇ ਬੈਠਦੇ ਰਹੇ, ਜਦੋਂ ਛੇਵੇਂ ਗੁਰੂ ਨੇ

ਸ਼ਸਤਰ ਧਾਰਨ ਕੀਤੇ ਤਾਂ ਬਹੁਤ ਸਾਰੇ ਆਦਮੀ ਜਿਹੜੇ ਕੱਚੇ ਪਿੱਲੇ ਸੀ, ਉਹ ਝੜ ਗਏ ਕਿ ਗੁਰੂ ਦਾ ਕੀ ਕੰਮ ਹੈ—ਸ਼ਿਕਾਰ ਖੇਡਦਾ ਹੈ ? ਮੈਂ ਤੁਹਾਨੂੰ ਅਰਜ਼ ਕਰਾਂ—ਸਾਡਾ ਰੀਸ ਕਰਨਾ ਕੰਮ ਨਹੀਂ।

## ਸਤਿਗੁਰੂ ਸਰਬ ਕਲਾ ਸਮਰਥ ਹੈ

ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਸ਼ਾਹ—ਪੜ੍ਹੋ ਇਤਿਹਾਸ-ਕਿਸੇ ਜਗ੍ਹਾ ਦੁਰਗਾ ਦੱਤ ਪੰਡਿਤ ਦਾ ਨਾਂ ਲਿਖਿਆ ਹੈ, ਕਿਸੇ ਜਗ੍ਹਾ ਕੇਸ਼ਵ ਦਾਸ ਲਿਖਿਆ ਹੈ ਤੇ ਦੇਵੀ ਪ੍ਰਗਟ ਕਰਨ ਲੱਗੇ—ਸ਼ਕਤੀ, ਇਹਦੇ ਵਿੱਚ ਵੀ ਬੜਾ ਭੇਦ ਹੈ।

ਸਾਡੇ ਅਨਜਾਣ ਆਦਮੀ ਕਹਿੰਦੇ ਹਨ, ਜੇ ਗੁਰੂ ਨਾਨਕ ਦੇਵ ਦੇ ਦੇਵੀ ਝਾੜੂ ਦਿੰਦੀ ਸੀ, ਤਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਗਟ ਕਿਉਂ ਕਰਨੀ ਪਈ ? ਜ਼ਰਾ ਚੰਡੀ ਦੀ ਵਾਰ ਦਾ ਪਾਠ ਕਰੋ, ਪਤਾ ਲੱਗੂ ਕਿਆ ਚੀਜ਼ ਸੀ, ਜਿਹਨੂੰ ਗੁਰੂ ਗੋਬਿੰਦ ਸਿੰਘ ਨੇ ਪ੍ਰਗਟ ਕੀਤਾ। ਉਹ ਕਹਿੰਦੇ ਹਨ-

**ਤੈਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸੁ ਕਰਾਇਆ।**
**ਤੈਥੋ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ।**
**ਤੈਥੋ ਹੀ ਬਲੁ ਕ੍ਰਿਸਨ ਲੈ ਕੰਸੁ[1] ਕੇਸੀ[2] ਪਕੜਿ ਗਿਰਾਇਆ।**

*- ਦਸਮ ਗ੍ਰੰਥ, ਪੰਨਾ-੧੧੯*

-ਕਿਆ ਚੀਜ਼ ਹੈ ! ਗੁਰੂ ਸਾਹਿਬ ਬੈਠੇ ਹਨ, ਅੱਠ ਪਹਿਰ, ਚਾਰ ਪਹਿਰ, ਬਾਰ੍ਹਾਂ ਪਹਿਰ, ਇੱਕ ਚੌਂਕੜੇ ਬੈਠ ਕੇ ਅਰਾਧਨਾ ਕਰਦੇ ਹਨ। ਇੱਕ ਦਿਨ ਮੌਜ ਆ ਗਈ, ਲੈ ਕੇ ਨਾਲ ਸਾਧ-ਸੰਗਤ ਨੂੰ, ਫੌਜੀਆਂ ਨੂੰ, ਜਾ ਸ਼ਿਕਾਰ[2] ਚੜ੍ਹੇ। ਮੈਂ ਹੁਣ ਕਿੰਨੀ ਗਿਣਤੀ ਕਰਾਂ, ਕੋਈ ਲਿਖੀ ਹੋਈ ਤਾਂ ਮੇਰੇ ਕੋਲ ਨਹੀਂ—ਹਰ ਇੱਕ ਤਰਾਂ ਦੇ ਜਾਨਵਰ ਮਾਰ ਲਿਆਂਦੇ। ਪੰਡਿਤ ਕਹਿੰਦਾ ਹੈ, ''ਮਹਾਰਾਜ ! ਤੁਸੀਂ ਤਾਂ ਪ੍ਰਯੋਗ ਵਿੱਚ ਬੈਠੇ ਸਓ, ਐਸ ਵੇਲੇ ਤੁਹਾਨੂੰ ਜਾਨਵਰ ਨਹੀਂ ਸੀ ਮਾਰਨੇ ਚਾਹੀਦੇ।'' ਉਹ ਪੰਡਤ ਨੂੰ ਜਿੰਨੀ ਕੁ ਨਿਗਾਹ ਦਿੱਤੀ ਸੀ, ਓਨਾ ਹੀ ਜਾਣਦਾ ਸੀ-ਗੁਰੂ ਨੂੰ ਮਨੁੱਖ ਜਾਣਦਾ ਸੀ।

ਕਹਿੰਦੇ ਨੇ, ''ਪੰਡਿਤ ਜੀ ਅੱਛਾ ! ਇਹ ਗੱਲ ਹੈ, ਪ੍ਰਯੋਗ 'ਚ ਨਹੀਂ

ਸੀ ਕੁਝ ਕਰਨਾ।'' ਉਹ ਜਿਹੜੇ ਜਾਨਵਰ-ਲੱਦ ਕੇ ਲਿਆਂਦੇ ਹਾਥੀਆਂ ਉੱਤੇ, ਊਠਾਂ ਉੱਤੇ, ਕਹਿੰਦੇ ਨੇ, ''ਲਾਹੋ ਸਾਰਿਆਂ ਦੀਆਂ ਰੱਸੀਆਂ।''

ਜਦੋਂ ਲਾਹੀਆਂ-ਕਹਿੰਦੇ ਨੇ, ''ਜਾਉ ਬਈ''। ਉੱਡਣ ਵਾਲੇ ਉੱਡ ਗਏ,-ਦੌੜਨ ਵਾਲੇ ਦੌੜ ਗਏ।

**ਹਰਨ ਭਰਨ ਜਾਕਾ ਨੇਤ੍ਰ ਫੋਰੁ।।**

ਸ੍ਰਿਸ਼ਟੀ ਦੀ ਰਚਨਾ, ਸ੍ਰਿਸ਼ਟੀ ਦੀ ਲਯਤਾ ਕਰਨੀ, ਨੇਤਰ ਬੰਦ ਕਰ ਲਿਆ-ਲਯਤਾ ਕਰ ਦਿੱਤੀ, ਨੇਤਰ ਖੋਲ੍ਹ ਲਿਆ-ਰਚ ਦਿੱਤੀ।

**ਤਿਸਕਾ ਮੰਤ੍ਰੁ ਨ ਜਾਨੈ ਹੋਰੁ।।**

*- ਗਉੜੀ ਮ: ੫, ਪੰਨਾ-੨੮੪*

ਹੋਰ ਕੋਈ ਨਹੀਂ ਉਸ ਨੂੰ ਸਮਝ ਸਕਦਾ। ਅਸੀਂ ਲੋਕ ਸ਼ਿਕਾਰ ਖੇਡਣ ਨੂੰ ਤਾਂ ਗੁਰੂ ਗੋਬਿੰਦ ਸਿੰਘ ਦੀ ਰੀਸ ਕਰਦੇ ਹਾਂ ਪਰ ਇੱਕ ਜਾਨਵਰ ਦੀ ਚੁੰਝ ਵੀ ਨਹੀਂ ਬਣਾ ਸਕਦੇ-ਉਡਾ ਦੇਣਾ, ਤੋਰ ਦੇਣਾ ਤਾਂ ਕਿਤੇ ਹੋਇਆ। ਉਹ ਸਰਬ ਕਲਾ ਸਮਰੱਥ ਹੈ, ਜਿਸਨੂੰ ਅਣਗਿਣਤ ਜੀਵ ਰਚਣ ਦਾ ਕੋਈ ਪੁੰਨ ਨਹੀਂ ਔਰ ਸਾਰੀ ਸ੍ਰਿਸ਼ਟੀ ਨੂੰ ਜਿਦਣ, ਪਰਲੋ, ਮਹਾਂ ਪਰਲੋ ਕਰਕੇ ਲਯ ਕਰ ਦਿੰਦਾ ਹੈ, ਕੋਈ ਪਾਪ ਨਹੀਂ। ਉਸਦੇ ਨਾਲ ਸਾਡਾ ਦਾਅਵਾ ਕੋਈ ਨਹੀਂ, ਪਰ ਇੱਕੋ ਚੀਜ਼ ਹੈ ਕਿ ਉਹ ਸਰਬ ਕਲਾ ਸਮਰੱਥ ਹੈ, ਉਹ ਅਜੂਨੀ ਹੈ, ਉਹ ਜੂਨ ਵਿੱਚ ਨਹੀਂ ਕਦੇ ਆਉਂਦਾ।

ਤਾਂ ਕਹਿੰਦੇ ਨੇ, ਸਤਿਗੁਰੂ ਵਾਹਿ-ਅਸਚਰਜ ਹੈ। ਅਸਚਰਜ ਚੀਜ਼ ਨੂੰ ਅਸੀਂ ਸਮਝ ਨਹੀਂ ਸਕਦੇ, ਕਿ ਉਹ ਕਿਆ ਹੈ।

*ਜਸ ਚੰਦ ਜੋ ਤਾਤ ਅੰਨੰਦਹ ਮੂਰਤ।*

ਕਿਆ ਬਣਿਆ ਹੋਇਆ ਹੈ-ਜਦੋਂ ਕੋਈ ਨਾ ਕੋਈ ਖੇਡ ਬਣਾਉਂਦਾ ਹੈ ਨ, ਕੋਈ ਪੁਰਸ਼ ਜਦੋਂ ਸਵਾਂਗ ਰਚਦਾ ਹੈ ਤੇ ਜਿਹੜੇ ਸਵਾਂਗ ਵਾਲੇ ਹਨ, ਸਵਾਂਗ ਬਣਾਉਣ ਵਾਲੇ, ਉਹਨੂੰ ਪੂਰਾ ਕਰਕੇ ਵਿਖਾਉਂਦੇ ਹਨ। ਗੁਰੂ ਨਾਨਕ ਦੇਵ ਨੂੰ ਬਾਬਰ ਫੜ ਲੈਂਦਾ ਹੈ, ਚੱਕੀ ਪੀਹਣ ਲਾ ਦਿੰਦਾ ਹੈ, ਉਹ ਵੀ-ਬਾਬਰ ਦੀ ਜੇਲ੍ਹ-ਵੀ ਕੱਟੀ ਪਰ ਜੇਲ੍ਹ ਕੱਟ ਦਿੱਤੀ, ਹੋਰਨਾਂ ਦੀ ਵੀ ਕੱਟ ਦਿੱਤੀ, ਨਾਲ ਆਪਣੇ ਲੈ ਕੇ। ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ

ਕਿਲ੍ਹੇ ਵਿੱਚ ਜੇਲ੍ਹ ਵਿੱਚ ਗਏ-ਰਾਜਿਆਂ ਨੂੰ ਪਾਰ ਉਤਾਰਾ ਕਰ ਦਿੱਤਾ। ਇਸੇ ਤਰ੍ਹਾਂ ਉਹ ਉਸ ਵੇਲੇ ਪਿਉ ਦਾ ਨਾਂ ਵੀ ਬਣਾ ਲੈਂਦਾ ਹੈ-ਲੋਕਾਂ ਦੇ ਵੇਖਣ ਨੂੰ-ਭਰਾਵਾਂ ਦਾ ਵੀ ਬਣਾ ਲੈਂਦਾ ਹੈ; ਇਸਤਰੀ ਦਾ ਵੀ ਬਣਾ ਲੈਂਦਾ ਹੈ; ਪੁੱਤਰ ਵੀ ਬਣਾ ਲੈਂਦਾ ਹੈ। ਗੁਰੂ ਨਾਨਕ ਨੂੰ—ਕਾਲੂ ਪਿਤਾ, ਬੇਬੇ ਨਾਨਕੀ ਭੈਣ, ਜੈ ਰਾਮ ਭਣਵਈਆ, ਮਾਤਾ ਸੁਲਖੱਣੀ ਗੁਰੂ ਨਾਨਕ ਦੇ ਘਰੋਂ, ਮਾਤਾ ਤ੍ਰਿਪਤਾ ਗੁਰੂ ਨਾਨਕ ਦੀ ਮਾਤਾ-ਪਰ ਕਿਆ ਹੈ ਉਹ ? ਗੁਰੂ ਗੋਬਿੰਦ ਸਿੰਘ ਕਹਿੰਦੇ ਨੇ-

**ਨ ਤਾਕੋ ਕੋਈ ਤਾਤ[੯] ਮਾਤੰ ਨ ਭਾਯੰ[੯]।।**
**ਨ ਪੁਤ੍ਰੰ ਨ ਪੌਤ੍ਰੰ ਨ ਦਾਯਾ[੧੦] ਨ ਦਾਯੰ[੧੧]।।**

*- ਦਸਮ ਗ੍ਰੰਥ, ਪੰਨਾ-੪੦*

ਸੰਤ ਲਾਲ ਸਿੰਘ ਹੋਰੀਂ ਕਦੇ-ਕਦੇ ਮੌਜ 'ਚ ਆ ਕੇ ਕਹਿੰਦੇ ਨੇ-ਉਹ ਮੁੱਢੋਂ ਹੀ ਕੱਲ ਖੋਰ ਹੈ। ਉਹ ਇੱਕ ਹੈ ਜਿਸਦੇ ਨਾਲ ਹੋਰ ਕੋਈ ਚੀਜ਼ ਨਹੀਂ-ਦੂਸਰੀ। ਤਾਂ, ਕਹਿੰਦੇ ਨੇ 'ਜਸ ਚੰਦ'-ਜੱਸਾ ਸਿੰਘ ਦਾ ਪੁੱਤਰ ਬਣਿਆ ਹੋਇਆ ਹੈ।

*ਜਸ ਚੰਦ ਜੋ ਤਾਤ ਅਨੰਦਹ ਮੂਰਤ।*

ਜੱਸੇ ਦਾ ਚੰਦਰਮਾ ਪੁੱਤਰ ਬਣਕੇ, ਜਿਹੜਾ ਅਨੰਦ ਦੀ ਮੂਰਤ ਹੈ, ਉਹ ਦਸ਼ਰਥ ਦੇ ਘਰ ਵੀ ਇੱਕ ਬਣਕੇ ਆਉਂਦਾ ਹੈ ਤੇ ਉਹ ਹੈ ਕਿਸੇ ਦਾ ਵੀ ਨਹੀਂ-ਸਾਰਿਆਂ ਦਾ ਹੀ ਹੈ।

*ਮੁਸਕਾਵਤ ਮੰਦ ਮੁਕੰਦ ਜਬੈ,*

ਜਦੋਂ ਮੰਦ-ਮੰਦ ਮੁਸਕਰਾਉਣ, ਥੋੜਾ ਹਾਸਾ, ਉਹ ਪੜ੍ਹਦੇ ਹਟੇ ਨੇ ਰਾਗੀ, **'ਉਹ ਕਦੇ ਨਾ ਬੋਲੈ ਕੌੜਾ'।** ਫਿਰ ਇੱਕ ਜਗ੍ਹਾ ਗੁਰੂ ਜੀ ਲਿਖਦੇ ਹਨ—**ਸੱਜਣੁ ਮੈਡਾ ਚਾਈਆ।** ਉੱਥੇ 'ਚਾਈਐ'-ਪਾਠ ਨਹੀਂ, ਕਦੇ-ਕਦੇ ਗਲਤੀ ਨਾਲ ਪਾਠ ਸਾਨੂੰ ਸਮਝ ਨਹੀਂ ਆਉਂਦਾ, ਸੱਜਣੁ ਮੈਡਾ ਚਾਈਐ-ਕਹਿੰਦੇ ਨੇ। ਸੱਜਣੁ ਮੈਡਾ ਚਾਈਆ — ਮੇਰਾ ਸੱਜਣ ਸਦਾ ਹੀ ਚਾਅ ਵਾਲਾ ਹੈ—'ਹਭ ਕਹੀਦਾ ਮਿਤੁ'।

**ਸਜਣੁ ਮੈਡਾ ਚਾਈਆ ਹਭ ਕਹੀ ਦਾ ਮਿਤੁ।**

ਫੇਰ ਕੈਸਾ ਹੈ–

**ਹਭੇ ਜਾਣਨਿ ਆਪਣਾ ਕਹੀ ਨ ਠਾਹੇ ਚਿਤੁ।।**

*– ਮ: ੫, ਪੰਨਾ–੧੦੯੬*

ਸਾਰੇ ਹੀ ਉਹਨੂੰ ਆਪਣਾ ਜਾਣਕੇ ਮੰਨਦੇ ਹਨ, ਉਹ ਕਿਸੇ ਦਾ ਵੀ ਚਿਤ ਨਹੀਂ ਢਾਹੁੰਦਾ, ਉਹ ਸਭ ਦਾ ਹੀ ਹੈ। ਤਾਂ, ਸਾਹਿਬ ਜਿਸ ਵੇਲੇ ਮੁਸਕਰਾਉਂਦੇ ਹਨ,

*ਸੁਖ ਕੰਦ ਮਨੋ ਹਰਿਭਾਵਨ ਪੂਰਤ।*

ਸੁੱਖ ਦਾ ਸੋਮਾ ਵਗਦਾ ਹੈ, ਸਭ ਦੀਆਂ ਭਾਵਨਾ ਪੂਰੀਆਂ ਕਰਦੇ ਹਨ।

*ਪੂਜਤ ਇੰਦ ਨਰਿੰਦ ਫਨਿੰਦ,*

ਪੂਜਤ–ਜਿਸਨੂੰ ਪੂਜਦੇ ਹਨ, ਇੰਦਰ, ਨਰ–ਇੰਦ–ਰਾਜੇ, ਫਨਿੰਦ–ਸ਼ੇਸ਼ਨਾਗ ਜੈਸੇ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ–

**ਸੇਸਨਾਗ ਸਿਰ ਸਹਸ ਬਨਾਈ। ਦ੍ਵੈ ਸਹੰਸ ਰਸਨਾਹ ਸੁਹਾਈ।**

*– ਦਸਮ ਗ੍ਰੰਥ ਪੰਨਾ–੪੭*

ਸ਼ੇਸ਼ਨਾਗ–ਸੱਪ ਦੇ ਮੂੰਹ 'ਚ ਜੀਭਾਂ ਦੋ ਹੁੰਦੀਆਂ ਹਨ। ਐਉਂ ਕਰਦਾ ਹੈਂ—ਕਦੇ ਧਿਆਨ ਦੇ ਕੇ ਦੇਖੀਏ—ਜਦੋਂ ਬਾਹਰ ਜੀਭ ਹਲਾਉਂਦਾ ਹੈ, ਐਉਂ ਮਲੂਮ ਹੁੰਦੀ ਹੈ। ਤਾਂ ਕਹਿੰਦੇ ਨੇ–

**ਦ੍ਵੈ ਸਹੰਸ ਰਸਨਾਹ ਸੁਹਾਈ।।**

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਨੇ, ਸ਼ੇਸ਼ਨਾਗ ਦੇ ਹਜ਼ਾਰ ਸਿਰ ਹਨ ਦੋ ਹਜ਼ਾਰ ਜੀਭ ਹੈ।

**ਰਟਤ ਅਬ ਲਗੇ ਨਾਮ ਅਪਾਰਾ।।**
**ਤੁਮਰੋ ਤਊ ਨ ਪਾਵਤ ਪਾਰਾ।।੬।।**

*– ਦਸਮ ਗ੍ਰੰਥ, ਪੰਨਾ–੪੭*

ਗੁਰੂ ਅਰਜਨ ਦੇਵ ਮਹਾਰਾਜ ਮਾਰੂ ਸੋਹਲਿਆਂ ਵਿੱਚ, ਆਦਿ ਬਾਣੀ ਵਿੱਚ ਕਹਿੰਦੇ ਹਨ–

**ਏਕ ਜੀਹ[੧੨] ਗੁਣ ਕਵਨ ਬਖਾਨੈ।।**
**ਸਹਸ ਫਨੀ[੧੩] ਸੇਖ[੧੪] ਅੰਤੁ ਨ ਜਾਨੈ।**

**ਨਵਤਨ[੧੫] ਨਾਮੁ ਜਪੈ ਦਿਨੁ ਰਾਤੀ।**
**ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ[੧੬]।**

*– ਮਾਰੂ ਮ: ੫, ਪੰਨਾ-੧੦੮੩*

*ਪੂਜਤ ਇੰਦ ਨਰਿੰਦ ਫਨਿੰਦ ਜਪੈ ਜਨ ਬ੍ਰਿੰਦ ਸੁ ਗੋਬਿੰਦ ਸੂਰਤ।*

'ਜਪੈ ਜਨ ਬ੍ਰਿੰਦ'-ਜਿਸਨੂੰ ਜਪਦੇ ਹਨ ਬਹੁਤ ਸਾਰੇ ਸਰੀਰ-ਉਹ ਕੌਣ ਹੈ-ਗੋਬਿੰਦ।

'ਮੂਰਤ'-ਉਸ ਦੀ ਮੂਰਤ ਕਿਆ ਹੈ-ਉਹ ਅਕਾਲ ਮੂਰਤ ਹੈ, ਕਾਲ ਸੇ ਰਹਿਤ – ਉਸ ਦੀ ਮੂਰਤ ਹੈ; ਉਹ ਸਮੇਂ ਦੀ ਸੀਮਾਂ 'ਚ ਨਹੀਂ ਆਉਂਦਾ, ਸਮਾਂ ਉਸਦਾ ਬਣਾਇਆ ਹੋਇਆ ਹੈ; ਸਮੇਂ ਨੂੰ ਉਹ ਰਚਨ ਵਾਲਾ ਹੈ; ਸਮੇਂ ਨੂੰ ਉਹ ਬਣਾਉਣ ਵਾਲਾ ਹੈ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ।

**ਕਾਲਹੀ[੧੭] ਪਾਇ ਭਯੋ ਭਗਵਾਨ[੧੮]**
**ਸੁ ਜਾਗਤ ਯਾ ਜਗ ਜਾਕੀ ਕਲਾ[੧੯] ਹੈ।**
**ਕਾਲਹੀ ਪਾਇ ਭਯੋ ਬ੍ਰਹਮਾ ਸਿਵ**
**ਕਾਲ ਹੀ ਪਾਇ ਭਯੋ ਜੁਗੀਆ[੨੦] ਹੈ।**
**ਕਾਲਹੀ ਪਾਇ ਸੁਰਾ ਸੁਰ[੨੧] ਗੰਧ੍ਰਬ ਜੱਛ**
**ਭੁਜੰਗ[੨੨] ਦਿਸਾ[੨੩] ਬਿਦਿਸਾ[੨੪] ਹੈ।**
**ਔਰ ਸਕਾਲ[੨੫] ਸਭੈ ਬਸਿ ਕਾਲ[੨੬] ਕੇ**
**ਏਕ ਹੀ ਕਾਲ[੨੭] ਅਕਾਲ ਸਦਾ ਹੈ।।**

*– ਦਸਮ-ਗ੍ਰੰਥ, ਪੰਨਾ-੪੪*

ਅਕਾਲ ਪੁਰਖ ਹੈ ਇੱਕ, ਜਿਹੜਾ ਸਦਾ ਰਹਿਣ ਵਾਲਾ ਹੈ, ਹੋਰ ਸਭ ਕਾਲ ਵਿੱਚ ਆ ਜਾਂਦੇ ਹਨ-

**ਜਿਨੈ ਪਾਤਸਾਹੀ ਕਰੀ ਕੋਟ ਜੁੱਗਿਯੰ[੨੮]।।**
**ਰਸੰ[੨੯] ਆਨਰਸੰ ਭਲੀ ਭਾਂਤਿ ਭੁਗਿਯੰ[੩੦]।।**
**ਵਹੈ ਅੰਤ ਕੋ ਪਾਵ[੩੧] ਨਾਗੇ ਪਧਾਰੇ[੩੨]।।**
**ਗਿਰੇ ਦੀਨ ਦੇਖੇ ਹਠੀ ਕਾਲ ਮਾਰੇ।।**

*– ਦਸਮ ਗ੍ਰੰਥ, ਪੰਨਾ-੪੩*

ਭਾਈ ਗੁਲਾਬ ਸਿੰਘ ਜੀ ਭਾਵਰ ਸਾਮ੍ਰਿਤ ਵਿੱਚ ਕਹਿੰਦੇ ਹਨ–
*ਜਿਨ ਕੇ ਰਥ ਨੇਮ ਦਰਾਰਨ ਕੇ ਸਤ ਸਾਗਰ ਹੈਂ ਅਬਲੋਂ ਜਗ ਮਾਂਹੀ।*
ਜਿੰਨ੍ਹਾਂ ਦੇ ਰਥਾਂ ਦੇ ਪਹੀਆਂ ਨਾਲ ਸੱਤ ਸਮੁੰਦਰ ਬਣੇ ਹੋਏ ਹਨ। ਗੁਰੂ ਗੋਬਿੰਦ ਸਿੰਘ ਜੀ ਵੀ ਇਸ ਦੀ ਤਾਈਦ ਕਰਦੇ ਹਨ, ਕਹਿੰਦੇ ਹਨ :–

**ਬਲੀ ਪ੍ਰਿਥੀਅੰ[33] ਮਾਨਧਾਤਾ ਮਹੀਪੰ।।**
**ਜਿਨੈ ਰੱਥ ਚੱਕ੍ਰੰ ਕੀਏ ਸਾਤ ਦੀਪੰ।।**
– – – – – – – – – – – – – – – – –
– – – – – – – – – – – – – – – – –
**– ਵਹੈ ਅੰਤ ਕੋ ਪਾਵ ਨਾਗੇ ਪਧਾਰੇ।।**
**ਗਿਰੇ ਦੀਨ ਦੇਖੇ ਹਠੀ ਕਾਲ ਮਾਰੇ।।**

*– ਦਸਮ ਗ੍ਰੰਥ, ਪੰਨਾ–੪੩*

*ਜਿਨ ਚਾਪਨ ਗੋਸ਼ਨ ਕੇ ਬਲ ਤੇ'*
ਜਿਹਨਾਂ ਨੇ ਇਉਂ ਫੜ ਕੇ ਧਨੁਸ਼, ਉਹਦੇ ਕੋਨੇ ਨਾਲ ਚੁੱਕ–ਚੁੱਕ ਕੇ–
*ਸਬ ਸੈਲ ਬਟੋਰ ਧਰੇ ਧਰ ਮਾਂਹੀ।*
ਐਥੇ ਜੇ ਕੋਈ ਆਦਮੀ ਦਸ ਮਣ ਭਾਰ ਚੁੱਕਣ ਵਾਲਾ ਹੈ, ਬੜਾ ਰਾਮ ਮੂਰਤੀ ਇੱਕ ਪੱਥਰ ਧਰ ਕੇ ਭੰਨ ਦਿੰਦਾ ਹੈ, ਲੋਕ ਬੜਾ ਮੰਨਦੇ ਸੀ। ਫੇਰ ਕਹਿੰਦੇ ਹਨ,–
*ਸੁਰ ਰਾਜ ਡਰੇ ਜਿਨ ਕੇ ਬਲ ਤੇ*
ਮੇਘ ਨਾਥ ਜੈਸੇ, ਇੰਦਰਜੀਤ ਜਿਹਨਾਂ ਦਾ ਨਾਓ–ਫੇਰ,
*ਯਮ ਰਾਜ ਜਿਤੇ ਜਿਹਨੈ ਜਗ ਮਾਂਹੀ*
ਰਾਵਣ ਜੈਸੇ, ਜਿਸਨੇ ਯਮਰਾਜ ਨੂੰ ਆਪਣੇ ਪਾਵੇ ਨਾਲ ਬੱਧਾ–ਉਹ,
*ਮਨ ਤੇ ਜਗ ਭੀਤਰ ਨਾਹਿ ਰਹੇ,*
*ਅਬ ਔਰ ਰਹੇ ਕਹੁ ਕੋ ਜਗ ਮਾਹੀਂ।*
ਇਹ ਇੱਕ ਅਕਾਲ ਪੁਰਖ ਹੈ, ਜਿਹੜਾ ਸਦਾ ਰਹਿਣ ਵਾਲਾ ਹੈ ਔਰ ਉਹ ਇੱਕ ਹੈ। ਜਿਸ ਤਰ੍ਹਾਂ ਤੁਸੀਂ ਜਦੋਂ ਏਕਾ ਲਿਖੋਗੇ, ਏਕੇ ਤੋਂ ਪਹਿਲੇ ਕੋਈ ਅੰਗ ਅਸੀਂ ਨਹੀਂ ਲਿਖ ਸਕਦੇ–ਉਸ ਤੋਂ ਅੱਗੇ ਜੋ ਮਰਜ਼ੀ ਹੈ ਗਿਣਤੀ

ਲਿਖੀ ਜਾਉ। ਇੱਕ ਤੋਂ ਚਲੋ ਦੋ, ਤਿੰਨ, ਚਾਰ, ਪੰਜ, ਲੱਖਾਂ, ਹਜ਼ਾਰਾਂ, ਅਰਬਾਂ ਤਾਈਂ ਚਲੇ ਜਾਉ —ਇੱਕ ਤੋਂ ਪਹਿਲੇ ਕੁਝ ਨਹੀਂ। ਅਕਾਲ ਪੁਰਖ ਤੋਂ ਪਹਿਲਾਂ ਕੁਝ ਨਹੀਂ-ਉਹ ਇੱਕ ਹੈ, ਉਹ ਸਭ ਦਾ ਮਾਲਕ ਹੈ।

*ਪਗ ਕੰਜ ਮਨਿੰਦ ਸੋ ਬੰਦਤ ਹੈ,*

ਚਰਨਾਂ-ਕੰਵਲਾਂ ਜੈਸੇ ਜੋ ਚਰਨ ਹਨ-ਜਿੰਨ੍ਹਾਂ ਨੂੰ ਲੋਕ-'ਬੰਦਤ ਹੈ'- ਨਮਸ਼ਕਾਰ ਕਰਦੇ ਹਨ-

*ਜਨ ਧਿਆਨ ਮ੍ਰਿਗਿੰਦ ਸਦਾ ਦੁਖ ਦੂਰਤ।।੩।।*

ਧਿਆਨ ਸਿੰਘ ਜੀ ਕਹਿੰਦੇ ਹਨ ਕਿ ਉਹ-ਸਦਾ ਦੁਖ ਦੂਰਤ-ਉਹ ਸਦਾ ਹੀ ਦੁੱਖਾਂ ਨੂੰ ਦੂਰ ਕਰਦੇ ਹਨ-ਸੇਵਕਾਂ ਦਿਆਂ ਨੂੰ।

।।ਚੌਪਈ।। ਗਾਥ ਹਰਮੀਤ ਮ੍ਰਿਗਿੰਦ ਉਚਾਰੇ।

ਮੈਂ ਇੱਕ ਚੀਜ਼ ਕਹਿ ਲਵਾਂ, ਮੇਰਾ ਚੇਤਾ ਭੁੱਲ ਜਾਂਦਾ ਹੈ, ਕਿਉਂਕਿ—

**ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ।**

*- ਪ੍ਰਭਾਤੀ ਮ: ੧, ਪੰਨਾ-੧੩੪੪*

ਮੈਂ ਕੱਲ੍ਹ ਇਹ ਗੱਲ ਦੱਸੀ ਸੀ, ਦੱਸਦਾ-ਦੱਸਦਾ ਵਿੱਚੇ ਰਹਿ ਗਿਆ ਸਾਂ, ਕਿ ਗੁਰੂ ਦੀ ਉਮਰ ਕੋਈ ਆਦਮੀ ਨਹੀਂ ਸਮਝ ਸਕਦਾ। ਗੜ-ਸ਼ੰਕਰ ਦਾ ਪ੍ਰਸੰਗ ਕਰਦਿਆਂ ਕਿਸੇ ਹੋਰ ਪਾਸੇ ਤੁਰ ਗਿਆ, ਬਿਰਤੀ ਉੱਖੜ ਜਾਂਦੀ ਹੈ।

ਮਹੇਸ਼ਾ ਜੋਗੀ ਉੱਥੇ ਰਹਿੰਦਾ ਸੀ। ਉਸ ਨੇ ਵਰ ਲੈ ਲਿਆ ਸੀ, ਸ਼ਿਵਜੀ ਕੋਲੋਂ, ''ਕੋਈ ਆਦਮੀ ਮੇਰਾ ਦਰਸ਼ਨ ਕਰੇ ਤੇ ਇੱਕ ਬਰਸ ਦਾ ਸਵਰਗ ਉਹਨੂੰ ਹੋ ਜਾਏ।'' ਸਵਰਗ ਦੀ ਬਾਬਤ ਗ੍ਰੰਥਾਂ ਦਾ ਮਤ ਹੈ ਕਿ ਸਵਰਗ ਐਸੀ ਚੀਜ਼ ਹੈ, ਜਿੱਥੋਂ ਆਦਮੀ ਗਿਰਾਏਵਾਨ ਹੋ ਜਾਂਦਾ ਹੈ। ਕਹਿੰਦੇ ਨੇ ਉੱਥੇ ਜਦੋਂ ਪੁਰਸ਼ ਜਾਂਦਾ ਹੈ, ਉਹਦੇ ਪੁੰਨਾਂ ਦੀ ਇੱਕ ਮਾਲਾ ਫੁੱਲਾਂ ਦੀ, ਉਹਦੇ ਗੱਲ 'ਚ ਪੈ ਜਾਂਦੀ ਹੈ। ਜਿਉਂ-ਜਿਉਂ ਉਹਦੇ ਪੁੰਨ ਖੀਨ ਹੁੰਦੇ ਜਾਂਦੇ ਨੇ, ਫੁੱਲ ਸੁਕਦੇ ਜਾਂਦੇ ਨੇ। ਸਵਰਗ ਵਿੱਚ ਸੁੱਖ ਨਹੀਂ ਕੋਈ। ਐਵੇਂ ਨਹੀਂ ਲਿਖਿਆ-ਕਬੀਰ ਜੀ ਕਹਿੰਦੇ ਨੇ,

**ਇਸ ਦੇਹੀ ਕਉ ਸਿਮਰਹਿ ਦੇਵ।**

*- ਭੈਰਉ ਕਬੀਰ ਜੀ, ਪੰਨਾ-੧੧੫੯*

## ਭਾਈ ਤਿਲਕਾ

ਮਨੁੱਖ ਦੇਹੀ ਦੇ ਪੁੰਨ ਨਹੀਂ ਘਟਦੇ-ਵੱਧਦੇ ਹਨ। ਦੇਵਤਿਆਂ ਦੇ ਪੁੰਨ ਘਟ ਜਾਂਦੇ ਹਨ—ਸਵਰਗ ਵਾਲਿਆਂ ਦੇ। ਕਈ ਲੋਕ ਐਸੇ ਜਿਹੜੇ ਰੋਜ਼ ਦੋ-ਦੋ, ਚਾਰ-ਚਾਰ ਵਾਰ ਵੀ ਜਾਇਆ ਕਰਨ ਕਿ ਸਾਨੂੰ ਬਹੁਤਾ ਸਵਰਗ ਮਿਲ ਜਾਏ। ਸਤਿਗੁਰੂ ਦੀ ਖੇਡ ਐਸੀ ਹੈ ਜੇ ਅਸੀਂ ਕਬੀਰ ਦਾ ਹਾਲ ਦੇਖਦੇ ਹਾਂ ਤਾਂ ਅੱਟੀ ਵੇਚ ਕੇ ਲਿਆ ਕੁਝ, ਨਾਮਦੇਵ ਦਾ ਹਾਲ ਵੇਖਦੇ ਹਾਂ ਤਾਂ ਸੂਤਰ ਵੇਚ ਕੇ ਲਿਆ, ਉਹ ਆਪਣਿਆਂ ਭਗਤਾਂ ਨੂੰ ਮਾਇਆ ਤੋਂ ਅਲੇਪ ਰੱਖਦਾ ਹੈ—ਉਹ ਤਿਲਕਾ ਇੱਕ ਗਰੀਬ ਜਿਹਾ ਸਿੱਖ, ਮਾੜੀ ਜਿਹੀ ਕਰਿਆਨੇ ਦੀ ਦੁਕਾਨ ਕਰੇ, ਜਿਹਦੇ ਤਖਤੇ ਵੀ ਟੁੱਟੇ ਹੋਏ ਸਨ-ਝੀਤਾਂ ਸਨ ਵਿੱਚ।

ਜੋਗੀ ਇੱਕ ਦਿਨ ਪੁੱਛਦਾ ਹੈ, ''ਬਈ, ਸਾਰਾ ਸ਼ਹਿਰ ਆ ਗਿਐ, ਕੋਈ ਰਹਿ ਤੇ ਨਹੀਂ ਗਿਐ।''

ਉਹ ਜਿਹੜੇ ਜੋਗੀ ਜੀ ਦੇ ਸੇਵਕ ਸਨ, ਉਹ ਕਹਿੰਦੇ, ''ਮਹਾਰਾਜ ਇੱਕ ਇੱਥੇ ਸਿੱਖ ਹੈ-ਤਿਲਕਾ-ਉਹ ਨਹੀਂ ਤੁਹਾਡੇ ਦਰਸ਼ਨ ਨੂੰ ਆਇਆ''।

ਉਹਦੇ ਕੋਲ ਆਦਮੀ ਭੇਜਿਆ, ਬਈ ਜੋਗੀ ਕਹਿੰਦੈਂ, ''ਮੈਂ ਸ਼ਿਵਾਂ ਕੋਲੋਂ ਤੈਨੂੰ ਸੌ ਬਰਸ ਦਾ ਸਵਰਗ ਲੈ ਦੇਨਾ ਹਾਂ।''

ਉਹ ਕਹਿੰਦਾ, ਬਈ, ਜਿਹੜਾ ਆਦਮੀ ਇੱਕ ਸਾਲ ਦੀ ਜੇਲ੍ਹ ਕੱਟਣੀ ਨਹੀਂ ਚਾਹੁੰਦਾ, ਉਹ ਸੌ ਵਰ੍ਹੇ ਦੀ ਕਿਉਂ ਕੱਟਦਾ ਹੈ, ''ਮੈਂ ਗੁਰੂ ਤੋਂ ਲਾਂਭੇ ਇੱਕ ਸਾਲ ਨਹੀਂ ਜਾਣਾ ਚਾਹੁੰਦਾ, ਸੌ ਵਰ੍ਹਾ ਕਿਉਂ ਜਾਵਾਂ, ਕਿਉਂਕਿ ਸ਼ਿਵਾਂ ਨੇ ਵਰ ਦਿੱਤਾ, ਹੈ ਸ਼ਿਵਜੀ ਵੀ ਮਹਾਂਪੁਰਖ ਹਨ, ਵਰ ਦੇਣ ਵਾਲੇ ਹਨ; ਉਹਨਾਂ ਦਾ ਵਰ ਪੂਰਾ ਹੋ ਜਾਣਾ ਹੈ; ਜੇ ਮੈਂ ਜੋਗੀ ਦੇ ਮੱਥੇ ਲੱਗ ਗਿਆ ਮੈਂ ਤਾਂ ਇੱਕ ਸਾਲ ਲਈ ਸਵਰਗ 'ਚ ਜਾ ਪਵਾਂਗਾ।''

ਜੋਗੀ ਦੇ ਦਿਲ 'ਚ ਖਿਆਲ ਆਇਆ, ਜੋਗੀ ਆਪ ਤੁਰ ਪਿਆ--ਉਠ ਕੇ। ਜਿਸ ਵੇਲੇ ਆਇਆ—ਧਿਆਨ ਇਸ ਗੱਲ ਵੱਲ ਰੱਖਣਾ ਹੈ, ਕਿ ਸਤਿਗੁਰੂ ਦੀ ਉਮਰ ਕਿੱਡੀ ਕੁ ਹੁੰਦੀ ਹੈ, ਉਹ ਕਦੋਂ ਕੁ ਦਾ ਹੈ—

ਰੌਲਾ ਪੈਂਦਾ ਸੁਣਿਆ, ਤਿਲਕੇ ਨੇ ਆਖਿਆ, ''ਇਹ ਕੀ ਹੋਇਆ?''

ਕਹਿੰਦੇ, ''ਜੋਗੀ ਤੁਰਿਆ ਆਉਂਦਾ ਹੈ—ਤੇਰੇ ਘਰ ਨੂੰ''

ਦਰਵਾਜ਼ਾ ਬੰਦ ਕਰਕੇ ਟਾਕੀਆਂ, ਲੀਰਾਂ ਦੇ ਦਿੱਤੀਆਂ ਝੀਤਾਂ ਵਿੱਚ, ''ਮੇਰੇ, ਕਿਤੇ ਮੱਥੇ ਜੋਗੀ ਨ ਲੱਗ ਜਾਵੇ, ਮੇਰਾ ਗੁਰੂ ਕੇ ਘਰੋਂ ਵਿਛੋੜਾ ਨਾ ਹੋ ਜਾਵੇ।'' ਦਰਵਾਜ਼ਾ ਜੋਗੀ ਨੇ ਆ ਖੜਕਾਇਆ। ਅੰਦਰੋਂ ਬੋਲੇ ਕਹਿੰਦੇ, ''ਬਈ, ਦੱਸ ਗੱਲ ?''

ਉਹ ਕਹਿੰਦਾ—''ਤੂੰ ਆਪਣੇ ਗੁਰੂ ਦੀ ਗੱਲ ਦੱਸ, ਮੈਨੂੰ ਗੁਰੂ ਦਾ ਦਰਸ਼ਨ ਕਰਾ''-ਜੋਗੀ ਕਹਿੰਦਾ ਹੈ।

ਤਿਲਕਾ ਕਹਿੰਦਾ, ''ਹਾਂ ਹੁਣ ਗੱਲ ਸੁਆਦ ਹੋ ਗਈ ਨ-ਚੱਲ ਬਈ।''

ਦੇਖਿਆ ਕਿ ਐਡਾ ਦਰਿੜ ਵਿਸ਼ਵਾਸੀ ਆਦਮੀ ਹੈ ਬਈ, ਹਜ਼ਾਰ ਵਰ੍ਹੇ ਦਾ ਸਵਰਗ ਵੀ ਨਹੀਂ ਲੈਣਾ ਚਾਹੁੰਦਾ ਜਿਹੜੇ ਇੱਕ-ਇੱਕ ਰੁਪਏ ਤੇ ਲੋਕ ਭੁੱਲਦੇ ਨੇ, ਜਿਹਦੇ ਕੋਲ ਲੱਖ ਧਰਿਆ-ਨਹੀਂ ਪਰਵਾਹ ਕੀਤੀ, ਸਮਝਿਆ ਨ, ਕੋਈ ਚੀਜ਼ ਹੈ—ਇਹਦੇ ਵਿੱਚ। ਅੱਗੇ-ਅੱਗੇ ਭਾਈ ਤਿਲਕਾ ਲੱਗਾ ਹੈ, ਮਗਰ-ਮਗਰ ਜੋਗੀ ਜਾਂਦਾ ਹੈ। ਰਸਤੇ 'ਚ ਜਾਂਦਾ ਪੁੱਛਦਾ ਹੈ, ''ਬਈ, ਤੇਰੇ ਗੁਰੂ ਦੀ ਉਮਰ ਕਿਤਨੀ ਕੁ ਹੈ?''

ਤਿਲਕਾ ਕਹਿੰਦਾ, ''ਮੇਰੇ ਗੁਰੂ ਦੀ ਉਮਰ ਇਤਨੀ ਹੈ, ਜਦੋਂ ਸ੍ਰਿਸ਼ਟੀ ਨਹੀਂ ਸੀ-ਉਦੋਂ ਵੀ ਸੀ, ਜਦੋਂ ਨਹੀਂ ਹੋਣੀ-ਉਦੋਂ ਵੀ ਹੈ, ਪਰ ਦੇਹ ਕਰਕੇ ਗੁਰੂ ਅਰਜਨ ਦੇਵ-ਪੰਜਵੇਂ, ਇਸ ਵੇਲੇ ਬਵੰਜਾ (੫੨) ਸਾਲ ਦੀ ਉਮਰ ਵਿੱਚ ਹਨ।''

ਜੋਗੀ ਦੇ ਚਿਤ ਵਿੱਚ ਸ਼ੰਕਾ ਹੋ ਜਾਂਦੀ ਹੈ, ''ਮੈਂ ਸਾਢੇ ਤਿੰਨ ਸੌ ਬਰਸ ਦਾ, ਮੈਂ ਇੱਕ ਮੁੰਡੇ ਦੇ ਪੈਰੀਂ ਜਾ ਕੇ ਪਵਾਂਗਾ''-ਖੈਰ, ਚਲਿਆ ਜਾਂਦਾ ਹੈ।

ਸਾਹਿਬ ਜਾਣੀ-ਜਾਣ, ਉਹ ਢਾਡੀ ਕਹਿੰਦੇ ਹੁੰਦੇ ਸਨ ਸਾਡੇ-ਇਹ ਢਾਡੀ ਢੱਡ ਵਾਲੇ ਨਹੀਂ, ਉਹ ਰਬਾਬ ਨਾਲ ਵਾਰਾਂ ਲਾਉਂਦੇ ਸੀ ਸੂਰਮਿਆਂ ਦੀਆਂ-ਉਹ ਕਹਿੰਦੇ ਸੀ, ''ਕੋਹ ਦੇ ਤੁਰੇ ਨੂੰ ਕੋਹ ਦੀ ਖਬਰ, ਦੋ ਕੋਹਾਂ ਦਿਆਂ ਨੂੰ ਦੋ ਕੋਹਾਂ ਦੀ, ਤੈਨੂੰ ਸੱਚੇ ਪਾਤਸ਼ਾਹ ! ਸਮੁੰਦਰਾਂ ਕੰਧਾਰਾਂ ਦੀ,

ਸਭ ਥਾਂ ਦੀ ਖਬਰ।'' ਮਹਾਰਾਜ ਨੇ ਜਾਂਦਿਆਂ ਕਨਾਤ ਲਗਵਾ ਲਈ। ਲਵਾ ਕੇ ਕਨਾਤ ਕਹਿੰਦੇ ਨੇ, ''ਜੋਗੀ ਹੰਕਾਰੀ ਹੈ, ਇਹਨੂੰ ਦਰਸ਼ਨ ਨਹੀਂ ਦੇਣੇ, ਤਿਲਕਿਆ, ਤੂੰ ਅੰਦਰ ਆ ਜਾ''—ਸਿੱਖ ਅੰਦਰ ਜਾਂਦਾ ਹੈ। ਜੋਗੀ ਬਾਹਰ ਬੈਠਾ ਹੈ, ਸੱਚੇ ਪਾਤਸ਼ਾਹ ਕਹਿੰਦੇ ਹਨ, ''ਜੋਗੀ ਜੀ ਤੁਹਾਡਾ ਸੱਜਾ ਕੰਨ ਤੇ ਮੁੰਦਰਾ ਕਿੱਧਰ ਗਈ?''

ਜੋਗੀਆਂ ਵਿੱਚ ਅਗਰ ਕਿਸੇ ਦੀ ਮੁੰਦਰਾ ਟੁੱਟ ਜਾਏ ਤੇ ਜੋਗੀ ਉਹਨੂੰ ਫੜਕੇ ਜਿਉਂਦੇ ਨੂੰ ਦੱਬ ਦਿੰਦੇ ਹਨ। ਇਸ ਤੋਂ ਡਰਦਾ, ਪਹਾੜਾਂ 'ਚੋਂ ਜੋਗੀਆਂ 'ਚੋਂ ਨਿਕਲ ਕੇ ਇੱਥੇ ਆ ਕੇ ਉਸ ਨੇ ਆਪਣਾ ਕੰਮ ਆਰੰਭ ਲਿਆ।

ਮਹਾਰਾਜ ਕਹਿੰਦੇ ਨੇ, ''ਕਰ ਕਨਾਤ ਦੇ ਹੇਠੋਂ ਦੀ ਹੱਥ''

ਜੋਗੀ ਹੱਥ ਕਰਦਾ ਹੈ, ਮੁੰਦਰਾ ਸਣੇ ਕੰਨ ਦੇ, ਉਹਦੇ ਹੱਥ ਤੇ ਧਰ ਦਿੰਦੇ ਹਨ। ਗੁਰੂ ਦੀ ਉਮਰ ਵੱਲ ਝਾਕਣਾ ਜ਼ਰਾ। ਕਹਿੰਦੇ ਹਨ, ਕੋਈ ਸ਼ਾਹੂਕਾਰ ਜਹਾਜ਼ ਲੈ ਕੇ ਗਿਆ ਸੀ ਤੇ ਜਹਾਜ਼ ਦੇ ਵਿੱਚ ਜੋਗੀ ਵੀ ਨਾਲ ਬੈਠਾ ਸੀ। (ਜਹਾਜ਼) ਅੱਜ ਕੱਲ੍ਹ ਵਰਗੇ ਨਹੀਂ ਸਨ ਇੰਜਨਾਂ ਵਾਲੇ, ਜਿੱਧਰ ਮਰਜ਼ੀ ਹੋਵੇ ਲੈ ਜਾਣ, ਤਰਪਾਲਾਂ ਵਾਲੇ ਹੁੰਦੇ ਸੀ, ਮਹੀਨੇ, ਬਰਸ ਰਾਹ 'ਚ ਲੱਗ ਜਾਂਦੇ ਸੀ, ਕਦੇ ਕਿਸੇ ਪਾਸੇ ਨੂੰ ਜਾਂਦੇ, ਕਿਸੇ ਪਾਸੇ ਵੀ ਜਾ ਲਗਦੇ ਸੀ। ਰਸਤੇ 'ਚ ਜਹਾਜ਼ ਲੱਗਿਆ ਡੁੱਬਣ। ਜੋਤਸ਼ੀ ਨੇ ਆਖਿਆ, ''ਜਹਾਜ਼ ਤਾਂ ਬਚਦਾ ਹੈ ਜੇ ਇੱਕ ਆਦਮੀ ਦੀ ਬਲੀ ਦਿੱਤੀ ਜਾਵੇ – ਸਮੁੰਦਰ ਨੂੰ।'' ਗੁਰੂ ਸਾਹਿਬ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਸੁਣਾਉਂਦੇ ਨੇ, ''ਜੋਗੀਆ, ਉਹ ਵੇਲਾ ਯਾਦ ਕਰ।'' ਹੁਣ ਕਿਸੇ ਦਾ ਚਾਚਾ ਨਾਲ, ਕਿਸੇ ਦਾ ਭਰਾ, ਕਿਸੇ ਦਾ ਮਾਮਾ, ਕਿਸੇ ਦਾ ਭਤੀਆ ਨਾਲ, ਉਹ ਨਾ ਸਿੱਟਣ ਦਿੱਤੇ। ਇੱਕ ਜੋਗੀ ਇਕੱਲਾ ਲੱਭਿਆ–ਉਹਨਾਂ ਆਖਿਆ, ਇਹਦਾ ਕੋਈ ਨਹੀਂ, ਇਹਨੂੰ ਸੁੱਟੋ ਸਮੁੰਦਰ ਵਿੱਚ। ''ਤੂੰ ਫਿਰ ਸਾਨੂੰ ਅਰਾਧਿਆ''। ਹੁਣ ਦੱਸੋ ਇਹ ਅਕਾਲ ਪੁਰਖ ਦੀ ਗੱਲ ਹੈ, ਕਿ ਮਨੁੱਖ ਦੀ ਗੱਲ ਹੈ, ਜਿਹੜੇ ਮਨੁੱਖ ਗੁਰੂ ਨੂੰ ਮੰਨਦੇ ਹਨ। ''ਸਮੁੰਦਰ ਵਿੱਚ (ਤੈਨੂੰ) ਸੁੱਟ ਦਿੱਤਾ, ਅਸਾਂ ਤੇਰਾ ਕੰਨ ਤੇ ਮੁੰਦਰਾ ਨਾਲੋਂ ਲਾਹ ਲਿਆ ਤੇ ਤੈਨੂੰ ਮਾਰ ਕੇ ਛੱਲ ਵਿੱਚੇ ਫਿਰ ਸੁੱਟ ਦਿੱਤਾ, ਜਹਾਜ਼ ਤੇ। ਜਹਾਜ਼ ਤੁਰ ਪਿਆ–ਉਹ ਵੇਲਾ ਤੈਨੂੰ ਭੁੱਲ ਗਿਐ।''

ਜੋਗੀ ਤੇ ਕਿਰਪਾ ਕੀਤੀ, ਕਨਾਤ ਮਾਰੀ ਪੁੱਟ ਕੇ, ਜਿਵੇਂ ਮਸਤਾਨਾ ਹੋ ਗਿਆ ਜੋਗੀ-ਕੂਕਿਆਂ 'ਚ ਬੀ ਜੋ ਹੋਇਆ ਉਹ, ਅਸੀਂ ਹੁਣ ਮੰਨਦੇ ਹਾਂ ਕਣਕ ਦਾ ਬੀ ਕਣਕ ਹੋ ਸਕਦਾ ਹੈ ਨ-ਜੋਗੀ ਨੇ ਕਿੱਧਰੇ ਕਨਾਤ ਮਾਰੀ, ਚਰਨਾਂ 'ਚ ਜਾ ਪਿਆ, ਕਹਿਣ ਲੱਗਾ, ''ਸੱਚੇ ਪਾਤਸ਼ਾਹ, ਤੂੰ ਤਰਨ-ਤਾਰਨ ਹੈਂ।''

ਗੁਰੂ ਨਾਨਕ ਸਾਡਾ ਅਕਾਲ ਪੁਰਖ, ਕੋਈ ਪੰਦਰਾਂ ਸੌ ਛੱਬੀ ਤੋਂ ਸਤਾਰਾਂ ਸੌ ਪੈਂਹਠ ਤਕ ਨਹੀਂ-ਉਹ ਸਦਾ ਹੀ ਹੈ, ਉਹ ਕੋਈ ਵੇਲਾ ਨਹੀਂ ਜਦੋਂ ਉਹ ਨਾ ਹੋਵੇਗਾ। ਤਾਂ, ਸਤਿਗੁਰੂ ਇਹ ਚੀਜ਼ ਹੈ, ਜਿਹੜੇ ਉਹਦੇ ਚਰਨਾਂ ਨੂੰ ਲਗਦੇ ਹਨ, ਜਿਹੜੇ ਉਹਦੇ ਚਰਨਾਂ ਨੂੰ ਧਿਆਉਂਦੇ ਹਨ ਉਹਨਾਂ ਦੀਆਂ ਕਾਮਨਾਂ ਮਨ ਦੀਆਂ ਪੂਰੀਆਂ—ਸਤਿਗੁਰੂ ਕਰਦੇ ਹਨ।

*ਚੌਪਈ।। ਗਾਥ ਹਰਮੀਤ ਮ੍ਰਿਗਿੰਦਿ ਉਚਾਰੇ।*
*ਸੁਣੋ ਸਿੰਘ ਸਤਿਗੁਰੁ ਕੇ ਪਿਆਰੇ।*

ਭਾਈ ਹਰਮੀਤ ਸਿੰਘ ਜੀ ਕਥਾ ਸੁਣਾਉਂਦੇ ਹਨ, ਸੁਣੋ ਭਾਈ ਗੁਰੂ ਕੇ ਸਿਖੋ - ਸਤਿਗੁਰੂ ਦੀ ਕਥਾ।

*ਸ੍ਰੀ ਗੁਰ ਕੋ ਅੰਮ੍ਰਿਤਸਰ ਆਵਨ।*

ਸਤਿਗੁਰੂ ਰਾਮ ਸਿੰਘ ਜੀ ਦਾ ਅੰਮ੍ਰਿਤਸਰ ਜੀ ਜਾਣਾ-

*ਕਾਤਕ ਦੀਪ ਮਾਲ ਮਨ ਭਾਵਨ।।੪।।*

ਦੀਪ ਮਾਲਾ ਦੇ ਮੇਲੇ ਦੇ ਉੱਤੇ।

*ਸੁਧ ਜਬੈ ਗੋਰਿਅਨ ਸੁਨ ਪਾਈ।*

ਹੁਣ ਗੱਲ ਇਹ ਹੈ ਅਠਾਰਾਂ ਸੌ ਤਰੇਹਠ ਸੰਨ ਵਿੱਚ-ਉੱਨੀ ਸੌ ਵੀਹ ਬਿਕ੍ਰਮੀ ਤੋਂ ਸਤਿਗੁਰਾਂ ਦੀ ਰਿਪੋਰਟ ਕਾਗਜ਼ਾਂ ਅੰਗ੍ਰੇਜ਼ੀ ਦਿਆਂ ਵਿੱਚੋਂ ਮਿਲਦੀ ਹੈ ਕਿ ਇੱਕ ਸਿੱਖ-ਜਿਹਦੇ ਨਾਲ ਦੋ ਢਾਈ ਸੌ ਆਦਮੀ ਹਨ—ਉਹ ਸਿਆਲਕੋਟ ਦੇ ਜ਼ਿਲ੍ਹੇ ਵਿੱਚ ਦੌਰਾ ਕਰ ਰਿਹਾ ਹੈ।

੧੮੬੩ ਦੀ ਸਭ ਤੋਂ ਪਹਿਲੀ, ਅਪਰੈਲ ਦੇ ਮਹੀਨੇ ਦੀ ਰਿਪੋਰਟ ਹੈ-ਮੈਕਨਿਬ ਇੱਕ ਅੰਗਰੇਜ਼ ਸੀ, ਜਿਸਨੇ ਪਹਿਲਾਂ ਸ਼ੁਰੂ ਕੀਤੀ। ਜਿਸ ਵੇਲੇ ਸਤਿਗੁਰ ਜਾਂਦੇ ਸੀ ਮੇਲਿਆਂ ਉੱਤੇ, ਉੱਥੇ ਪ੍ਰਬੰਧ ਕਰਦੇ ਸਨ। ਅੰਦਰੋਂ ਕੁਝ

ਹੋਰ ਸਨ, ਉਤੋਂ ਦੇਖਣ ਮਾਤਰ ਵਿੱਚ ਇਹ ਭੀ ਕਰਦੇ ਸਨ-ਪਰਬੰਧ। ਜਦੋਂ ਗੋਰਿਆਂ ਨੂੰ ਪਤਾ ਲੱਗਾ, ਸਤਿਗੁਰਾਂ ਦੇ ਜਾਣ ਦਾ,

*ਲਗੇ ਕਰਾਵਨ ਸਹਿਰ ਸਫਾਈ।*

ਸਤਿਗੁਰਾਂ ਨੇ ਜਿੱਥੇ ਹੁਕਮ ਦਿੱਤਾ, ਉਸ ਪਾਸੇ ਦੀ ਸਫਾਈ ਲੱਗੀ ਜਗ੍ਹਾ ਦੀ ਹੋਣ -

*ਲਿਖਿਆ ਆਯਾ ਗੁਰੂ ਅਗਾਰੀ।*

ਗੁਰੂ ਸਾਹਿਬ ਦਾ ਲਿਖਿਆ ਅਗੋਂ ਆ ਗਿਆ ਸੀ ਕਿ ਅਸੀਂ ਆਉਂਣਾ ਹੈ।

*ਸੰਗਤਿ ਭੀਰ ਹਮਰੇ ਸੰਗ ਭਾਰੀ।।੫।।*

ਸਤਿਗੁਰਾਂ ਨੇ ਕਿਹਾ ਸੀ ਕਿ ਸਾਡੇ ਨਾਲ ਭੀੜ ਬਹੁਤ ਹੈ। ਗਿਆਨ ਸਿੰਘ ਜੀ ਗਿਆਨੀ ਪੰਥ ਪ੍ਰਕਾਸ਼ ਵਾਲੇ ਕਹਿੰਦੇ ਹਨ-

*ਬੀਸਕ ਹਜ਼ਾਰ ਕੂਕਾ ਸਿੰਘ ਥਯੋ ਸੰਗਿ ਹੈ।*

ਵੀਹ ਹਜ਼ਾਰ ਨਾਮਧਾਰੀ ਸਿੰਘ ਸਤਿਗੁਰਾਂ ਦੇ ਨਾਲ ਗਿਆ ਸੀ— ਉਸ ਵਕਤ।

*ਸੁੰਦਰ ਬਿਰਛ ਤਲਾਬ ਕਿਨਾਰੇ।*

ਸਤਿਗੁਰੂ ਜੀ ਇੱਕ ਵੇਰ ਸਬਦੂ ਦੇ ਤਲਾਅ ਤੇ ਸੁਲਤਾਨ ਵਿੰਡ ਦੇ ਦਰਵਾਜਿਓਂ ਬਾਹਰ ਕਿਉਂਕਿ ਸ਼ਹਿਰ ਦੇ ਨੇੜੇ ਤੇ ਏਨੀ ਜਗ੍ਹਾ ਨਹੀਂ ਸੀ ਮਿਲਦੀ, ਫਿਰ ਚਾਟੀ ਵਿੰਡ ਦੇ ਦਰਵਾਜਿਓਂ ਬਾਹਰ ਘੜਿਆਲੀਆਂ ਦਾ ਤਲਾਅ ਹੈ ਜਿੱਥੇ ਜਾ ਕੇ ਸਤਿਗੁਰ ਠਹਿਰੇ। ਕਹਿੰਦੇ ਨੇ-ਸੁੰਦਰ ਬਿਰਛ ਹਨ, ਤਲਾਅ ਦੇ ਕਿਨਾਰੇ।

*ਊਹਾਂ ਕਰੋ ਸਫਾਈ ਸਾਰੇ।*

ਸਤਿਗੁਰਾਂ ਦਾ ਹੁਕਮ ਗਿਆ ਕਿ ਉੱਥੇ ਸਫਾਈ ਸਾਰੇ ਹੋ ਜਾਵੇ।

*ਚਾਟੀ ਵਿੰਡ ਦਰਵਾਜੇ ਜੋਈ।*

ਚਾਟੀ ਵਿੰਡ ਦੇ ਦਰਵਾਜੇ ਦੇ ਬਾਹਰ।

*ਆਹਿ ਪਸੰਦ ਜਾਇ ਹਮ ਸੋਈ।।੬।।*

ਚਾਟੀ ਵਿੰਡ ਦਰਵਾਜੇ ਦੇ ਬਾਹਰ ਘੜਿਆਲੀਆਂ ਦੇ ਤਲਾਅ ਉੱਤੇ

ਸਤਿਗੁਰੂ ਜੀ ਜਾ ਕੇ ਬਿਰਾਜੇ।

*ਗੋਰਿਅਨ ਹੁਕਮ ਥਾਨਿਓ ਦੀਆ।।*

ਗੋਰਿਆਂ ਨੇ ਥਾਨੇ ਵਾਲਿਆਂ ਨੂੰ ਕਹਿ ਦਿੱਤਾ।

*ਕਰੋ ਸਫਾਈ ਜਹਾ ਗੁਰ ਜੀਆ।।*

ਸਤਿਗੁਰੂ ਜੀ ਜਿੱਥੇ ਚਾਹੁੰਦੇ ਹਨ, ਉੱਥੇ ਸਫਾਈ ਕਰੋ।

*ਤਿਨੋ ਥਾਇ ਵਹ ਕੀਨ ਸਫਾਈ।*

ਉਹ ਜਗ੍ਹਾ ਸਾਫ ਹੋ ਗਈ।

*ਕੇਤਕ ਬੰਦੇ ਦੀਏ ਲਗਾਈ।।੭।।*

ਬਹੁਤ ਸਾਰੇ ਆਦਮੀਆਂ ਨੇ ਲੱਗ ਕੇ ਜਗ੍ਹਾ ਸਾਫ ਕੀਤੀ।

*ਤੰਬੂ ਲਾਗੇ ਸਾਇਆਵਾਨ।*

ਤੰਬੂ ਲੱਗ ਗਏ, ਸਾਇਆਵਾਨ ਲੱਗ ਗਏ। ਉਸ ਵਕਤ ਸੰਤ ਰਤਨ ਸਿੰਘ ਜੀ ਬਾਬੇ ਮਿਸਰਾ ਸਿੰਘ ਦੇ ਡੇਰੇ ਵਾਲੇ ਮਹਾਤਮਾ—ਬਾਬਾ ਮਿਸਰਾ ਸਿੰਘ ਜੀ ਉਦੋਂ ਜਿਊਂਦੇ ਸਨ, ਉਹਨਾਂ ਦਾ ਸਰੀਰ ਸੀ—ਨੇ ਇਹ ਬਚਨ ਸੁਣਾਇਆ ਕਿ ਉੱਥੇ ਜਾ ਕੇ ਦਰਸ਼ਨ ਕੀਤਾ ਸਤਿਗੁਰਾਂ ਦਾ। ਜਿਸ ਵਕਤ ਕੀਤਾ ਦਰਸ਼ਨ ਤੇ ਅਰਜ਼ ਕੀਤੀ, ''ਬਈ, ਕੁਝ ਦਿਖਾਉ।'' ਉਹ ਕਹਿੰਦੇ —ਸਤਿਗੁਰਾਂ ਨੇ ਉਹਨਾਂ ਨੂੰ ਕੋਲ ਬਹਾਇਆ ਹੋਇਆ ਸੀ-ਇਉਂ ਕਰਕੇ ਕੜੇ ਉੱਤੇ ਦੋ ਵੇਰ ਟਣਕਾਰ ਮਾਰੀ, ਤੇ ਜਿਤਨਾ ਦੀਵਾਨ ਸੀ ਸਾਰਾ ਸੁੰਨ ਸਮਾਧ ਹੋ ਗਿਆ। ਉਹ ਦੋਵੇਂ ਬੈਠੇ ਵੇਖਦੇ ਰਹੇ। ਕੁਛ ਚਿਰ ਵਾਸਤੇ ਬਿਲਕੁਲ ਕੋਈ ਹਿਲਦਾ ਜੁਲਦਾ ਨਹੀਂ ਸੀ। ਉਸੇ ਤਰ੍ਹਾਂ ਫਿਰ ਦੋ ਵੇਰ ਮਾਰੀ ਟਣਕਾਰ, ਸਭ ਕੁਛ ਉਸ ਤਰ੍ਹਾਂ ਦਿਖਣ ਲੱਗ ਪਿਆ। ਸਤਿਗੁਰੂ ਜੀ ਅੰਮ੍ਰਿਤਸਰ ਜੀ ਜਾਂਦੇ ਹਨ।

*ਪਲੰਗ ਡਸਾਇਓ ਸਿੰਘਨ ਆਨ।*

ਸਿੰਘਾਂ ਨੇ ਆ ਕੇ ਪਲੰਘ ਡਾਹ ਦਿੱਤਾ।

*ਆਵਨ ਜਬ ਸੁਣਿਓ ਪ੍ਰਭੁ ਕੇਰਾ।*

ਸਤਿਗੁਰੂ ਜੀ ਦਾ ਜਦੋਂ ਆਉਣਾ ਸੁਣਿਆ।

*ਮੈਂ ਭੀ ਜਾ ਪਹੁੰਚਿਓ ਤਿਸ ਬੇਰਾ।।੮।।*

ਭਾਈ ਹਰਮੀਤ ਸਿੰਘ ਜੀ, ਜਿਨ੍ਹਾ ਦੀ ਪਿੱਛੇ ਕਥਾ ਆਈ ਹੈ, ਆਪ ਨੂੰ ਯਾਦ ਹੋਵੇਗਾ, ਕਿ ਪਹਿਲੇ ਸ਼ੇਰ ਗੜ੍ਹ ਆ ਕੇ-ਪੀਰਾਂ ਦੇ ਸ਼ੇਰ ਗੜ੍ਹ-ਪੀਰ ਬੰਦਗੀ ਦੇ ਮੇਲੇ ਉੱਤੇ ਭਾਈ ਜੀ ਜਿਸ ਵੇਲੇ ਵੇਖਦੇ ਹਨ, ਕਿ ਇੱਕ ਨਾਮਧਾਰੀ ਸਿੰਘਾਂ ਦੀ ਦੁਕਾਨ ਪਈ ਹੋਈ ਹੈ, ਜਿਹਦੇ ਵਿੱਚ ਇੱਕ ਛੋਟਾ ਜਿਹਾ ਲੜਕਾ ਹੈ। ਜਿਸ ਵੇਲੇ ਰਾਤ ਨੂੰ ਕੀਰਤਨ ਕਰਦੇ ਹਨ, ਉਹ ਅੰਗੀਠੇ ਵਿੱਚ ਜਾ ਡਿਗਦਾ ਹੈ, ਮਸਤ ਹੋਇਆ-ਹੋਇਆ, ਪਰ ਉਸ ਨੂੰ ਸੇਕ ਨਹੀਂ ਲਗਦਾ। ਸਾਡੇ ਪਾਸ ਮਿਸਾਲ ਹੈ-ਭਾਈ ਗੁਰਦਾਸ ਜੀ ਕਹਿੰਦੇ ਹਨ,

*ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।*

## ਭਗਤ ਪ੍ਰਹਿਲਾਦ

ਕੱਲਰ ਵਿੱਚ ਕੰਵਲ ਪੈਦਾ ਹੋਇਆ। ਭਾਈ, ਇਹ ਕਿਉਂ ਹੋਇਆ? ਰਾਖਸ਼ਾਂ ਦੇ ਘਰ ਕਿਸ ਤਰ੍ਹਾਂ ਭਗਤ ਪੈਦਾ ਹੋ ਗਇਆ। ਦਸਮ ਗ੍ਰੰਥ ਸਾਹਿਬ ਪੜ੍ਹੋ ਤੁਹਾਨੂੰ ਕੁਝ ਗਿਆਨ ਹੋਵੇ—ਗ੍ਰਹਿਸਤ ਦਾ ਮਤਲਬ ਕੀ ਹੈ, ਗ੍ਰਹਿਸਤ ਭੋਗਣਾ ਕਿਵੇਂ ਚਾਹੀਦਾ ਹੈ, ਕਿਹੜਾ ਵਕਤ ਹੋਣਾ ਚਾਹੀਦਾ ਹੈ, ਬਿਰਤੀ ਕਿਹੋ ਜਿਹੀ ਹੋਣੀ ਚਾਹੀਦੀ ਹੈ? ਹਰਣਾਖਸ਼ ਦੇ ਦਿਲ ਵਿੱਚ ਵਿਸ਼ਨੂੰ ਮਹਾਰਾਜ ਦੇ ਨਾਲ, ਅਕਾਲ ਪੁਰਖ ਦੇ ਨਾਲ ਜ਼ਿਦ ਸੀ। ਜਿਸ ਵੇਲੇ ਆਪਣੀ ਔਰਤ ਦੇ ਪਾਸ ਜਾਂਦਾ ਹੈ, ਉਸ ਵੇਲੇ ਕੋਈ ਦਿਲ ਵਿੱਚ ਖਿਆਲ ਪੈਦਾ ਹੋ ਗਿਆ। ਮਹਾਰਾਜ ਕਹਿੰਦੇ ਨੇ :-

**ਕਿਹ[੩੪] ਭਾਂਤ ਸੁ ਤ੍ਰਿਯ[੩੫] ਮੋ ਭਯੋ ਨਿਰੁਕਤ[੩੬]।।**
**ਤਬ ਭਯੋ ਦੁਸਟ ਕੋ ਬੀਰਜ ਮੁਕਤ[੩੭]।।**

*- ਦਸਮ ਗ੍ਰੰਥ, ਪੰਨਾ-੧੬੪*

ਉਸ ਵੇਲੇ, ਜਦੋਂ ਉੱਥੇ ਬਿਰਤੀ ਗਈ-ਉਹਦਾ ਵੀਰਜ ਚੱਲਿਆ, ਜਿਸ ਤੋਂ ਪ੍ਰਹਿਲਾਦ ਪੈਦਾ ਹੋਇਆ। ਫੇਰ,

*ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦੁ[੩੮]।।*

*- ਵਾਰ ੧੦, ਪਉੜੀ ੨*

ਪਾਂਧੇ ਨੂੰ ਬੜੀ ਖੁਸ਼ੀ ਹੋਈ। ਬਾਦਸ਼ਾਹ ਦਾ ਲੜਕਾ ਪੜ੍ਹਨ ਵਾਸਤੇ ਆਇਆ ਹੈ—ਚੱਕਰਵਰਤੀ ਰਾਜੇ ਦਾ। ਰਾਜਾ ਕਿਹੋ ਜਿਹਾ, ਜਿਹਨੇ ਵਰ ਮੰਗੇ ਹੋਏ-ਨਾ ਮੈਂ ਅੰਦਰ ਮਰਾਂ, ਨਾ ਬਾਹਰ ਮਰਾਂ, ਨਾ ਦਿਨੇ ਮਰਾਂ-ਨਾ ਰਾਤੀਂ ਮਰਾਂ, ਕਿਸੇ ਸਸ਼ਤਰ ਨਾਲ ਨਾ ਮਰਾਂ, ਕਿਸੇ ਜੀਵ ਤੋਂ ਨਾ ਮਰਾਂ-ਮਨੁੱਖ ਤੋਂ ਨਾ ਮਰਾਂ, ਸ਼ੇਰ ਤੋਂ ਨਾ ਮਰਾਂ, ਕਿਸੇ ਜਾਨਵਰ ਤੋਂ ਨਾ ਮਰਾਂ, ਬਾਰ੍ਹਾਂ[★੩] ਮਹੀਨਿਆਂ 'ਚ ਨਾ ਮਰਾਂ, ਪਰ ਉਹ ਪ੍ਰਮਾਤਮਾ ਇੱਕ ਚੀਜ਼ ਹੈ।

ਉਹ ਕਹਿੰਦੇ ਨੇ, ਇੱਕ ਆਦਮੀ ਸੀ ਉਸ ਨੂੰ ਤਿੰਨ ਸੌ ਸੱਠ ਦਾਅ ਆਉਂਦੇ ਸਨ। ਇੱਕ ਆਦਮੀ ਉਹਦੇ ਕੋਲ ਦਾਅ ਸਿੱਖਣ ਚਲਾ ਗਿਆ, ਸਿੱਖਦਿਆਂ-ਸਿੱਖਦਿਆਂ ਉਹਨੇ ਤਿੰਨ ਸੌ ਉਨਾਹਠ ਸਿੱਖਾ ਦਿੱਤੇ, ਇੱਕ ਰੱਖ ਲਿਆ। ਕੋਈ ਦਿਨ ਆਇਆ, ਉਸ ਨੇ ਸਮਝਿਆ—ਮੈਂ ਸਾਰੇ ਸਿਖ ਆਇਆ ਹਾਂ, ਉਸ ਨੇ ਐਲਾਨ ਕਰ ਦਿੱਤਾ, ਝੰਡੀ ਬੰਨ ਦਿੱਤੀ।

ਪੰਜਾਬ ਦੀ ਕਹਾਵਤ ਹੈ ਬਈ, ਮੇਰੀ ਝੰਡੀ—ਮੈਂ ਜਿਹੜੀ ਬੰਨ੍ਹੀ ਹੈ, ਕੋਈ ਮੇਰੇ ਨਾਲ ਘੁਲ ਲਵੇ। ਜਿਸ ਵੇਲੇ ਉਹਦੇ ਨਾਲ ਘੁਲਿਆ, ਉਸ ਜਿਹੜਾ ਦਾਅ ਰੱਖਿਆ ਸੀ, ਉਸ ਨਾਲ ਹੀ ਢਾਹ ਲਿਆ। ਕਹਿੰਦਾ, ''ਇਹ ਕੀ''?

ਕਹਿੰਦਾ, ''ਇਸੇ ਹੀ ਵਾਸਤੇ ਸੀ।''

ਜਿਸ ਤਰ੍ਹਾਂ ਅਫਲਾਤੂਨ ਜੈਸੇ ਪੁਰਸ਼ ਜਿਹਨਾਂ ਨੇ ਮਨੁੱਖ ਰਚਨਾ ਬਣਾ ਦਿੱਤੀ, ਜਿਹਨੇ ਜਮਦੂਤ-ਜਮ ਨੂੰ, ਧਰਮਰਾਜ ਨੂੰ, ਭੁਲਾ ਦਿੱਤਾ ਕਿ ਆਪਣੇ ਵਰਗੇ ਸਰੂਪ ਬਣਾ ਕੇ ਖੜੇ ਕਰ ਦਿੱਤੇ। ਭਾਈ ਕਿਹੜਾ ਅਫਲਾਤੂ ਹੈ-ਉਹ ਵੀ ਮਾਰੇ ਗਏ।

ਤਾਂ, ਮਹਾਰਾਜ ਨੇ ਉਹਨੂੰ ਸਾਰੇ ਵਰ ਦੇ ਕੇ ਵੀ ਮਾਰਨ ਵਾਸਤੇ ਥਾਂ ਰੱਖ ਲਿਆ - ਹਰਣਾਖਸ਼ ਨੂੰ। ਉਹ ਪੜ੍ਹਨ ਵਾਸਤੇ ਲਾਇਆ-ਲੜਕਾ—

*ਉਹ ਸਿਮਰੈ ਮਨ ਵਿਚਿ ਰਾਮ ਨਾਮ।*

ਉਹ ਬੀ ਰਾਮ ਦਾ ਸੀ, ਉੱਥੇ ਬਿਰਤੀ ਜੁੜੀ ਹੋਈ ਸੀ, ਰਾਮ ਉੱਥੇ ਆਇਆ ਹੋਇਆ ਸੀ ਉਸ ਵੇਲੇ-ਉਹਦੇ ਅੰਦਰ, ਵਿੱਚ।

*ਗਾਵੈ ਸਬਦੁ ਅਨਾਹਦੁ ਨਾਦੁ।*

*ਭਗਤਿ ਕਰਨਿ ਸਭ ਚਾਟੜੇ,*

ਲੜਕਿਆਂ ਨੂੰ ਵੀ ਲਾ ਦਿਤਾ ਕਿ ਕਹੋ—ਭਾਈ ਰਾਮ।

*ਪਾਂਧੇ ਹੋਇ ਰਹੇ ਵਿਸਮਾਦੁ।*

ਪਾਂਧਾ ਹੈਰਾਨ ਹੋਇਆ—ਪੰਜਾਬੀ ਹੈ, ਕੋਈ ਗੱਲ੍ਹ ਨਹੀ-ਇਹਦੇ 'ਚ ਭਾਈ ਗੁਰਦਾਸ ਨੇ ਰੱਖੀ।

*ਰਾਜੇ ਪਾਸਿ ਰੂਆਇਆ,*

ਰਾਜੇ ਕੋਲ ਜਾ ਕੇ ਰੋਇਆ,

*ਦੋਖੀ ਦੈਤਿ ਵਧਾਇਆ ਵਾਦੁ।*

ਦੋਖੀ ਦੈਤ ਨੇ ਫਿਰ ਕੀ ਵਾਦ ਵਧਾਇਆ।

*ਜਲ ਅਗਨੀ ਵਿਚਿ ਘਤਿਆ,*

ਪਾਣੀ ਵਿੱਚ ਸੁੱਟਿਆ, ਅੱਗ ਵਿੱਚ ਸੁੱਟਿਆ। ਭਾਈ ਗੁਰਦਾਸ ਜੀ ਇੱਕੋ ਤੁਕ ਵਿੱਚ ਕਹਿੰਦੇ ਨੇ-

*ਜਲ ਅਗਨੀ ਵਿਚਿ ਘਤਿਆ, ਜਲੈ ਨ ਡੁਬੈ ਗੁਰ ਪਰਸਾਦਿ।*

ਇੱਥੇ ਨਨਾ ਜਿਹੜਾ ਹੈ, ਇਹ ਦਿਹਲੀ ਦੀਪਕ ਹੈ-ਜਿਸ ਤਰ੍ਹਾਂ ਦਿਹਲੀ ਉੱਤੇ ਦੀਵਾ ਜਗਾ ਦਈਏ, ਉਹ ਅੰਦਰ ਵੀ ਚਾਨਣ ਦਿੰਦਾ ਹੈ ਬਾਹਰ ਵੀ-ਉਹ ਜਲੈ ਨਾ ਵੀ, ਕਹਿੰਦਾ ਹੈ, ਡੁੱਬੇ ਨਾ ਵੀ ਕਹਿੰਦਾ ਹੈ, ਜਲੈ ਨਾ-ਨਾ ਡੁਬੈ, ਇਕੋ ਨਨਾ – ਜਲੈ ਨ ਡੁਬੈ ਗੁਰ ਪ੍ਰਸਾਦਿ। ਸਤਿਗੁਰੂ ਦੀ ਕ੍ਰਿਪਾ ਨਾਲ ਨਾਰਦ ਜੀ ਨੇ ਮਾਤਾ ਨੂੰ ਜਦੋਂ ਗਰਭ ਸੀ, ਪੇਟ ਵਿੱਚ ਹੀ ਉਪਦੇਸ਼ ਦਿੱਤਾ ਸੀ-ਕੋਈ ਕਹੇ ਗੁਰ ਪ੍ਰਸਾਦਿ ਕਿਉਂ? ਪ੍ਰਹਿਲਾਦ ਨੂੰ ਪੇਟ ਵਿੱਚ ਹੀ ਉਪਦੇਸ਼ ਨਾਰਦ ਜੀ ਨੇ ਦਿੱਤਾ ਸੀ। ਸਤਿਗੁਰੂ ਦੀ ਕ੍ਰਿਪਾ ਤੋਂ ਬਗੈਰ ਕੁਝ ਨਹੀਂ ਹੁੰਦਾ। ਇੱਕ ਕਵੀ ਨੇ ਲਿਖਿਆ ਹੈ :-

*ਗੋਬਿੰਦ ਕੇ ਕੀਏ ਜੀਉ ਪਰਤ ਹੈ ਨਰਕ ਮੈਂ।*
*ਗੁਰੂ ਕੀ ਕਿਰਪਾ ਸੇ ਪਾਰ ਹੋ ਜਾਤ ਹੈ।।*

ਨਾ ਜਲ ਵਿੱਚ ਡੁੱਬਿਆ, ਨਾ ਅਗਨੀ ਵਿੱਚ ਸੜਿਆ। ਉਹ ਲੜਕਾ-ਭਾਈ ਹਰਮੀਤ ਸਿੰਘ ਜੀ ਦੀ ਕਥਾ ਹੈ, ਜਿਸ ਵੇਲੇ ਦੇਖਿਆ – *ਮੈਂ ਜਾਤਾ ਇਸ ਨਿਕਸੇ ਪ੍ਰਾਣ* – ਫੇਰ ਮੈਂ ਆਖਿਆ,

*ਬਾਲਕ ਜੌ ਨਿਰਭੈ ਹੁਇ ਖੇਲੇ।*
*ਬੜੇ ਤੋ ਫਿਰਤ ਹੋਇ ਅਲਬੇਲੇ।*

ਜਿੱਥੇ ਬਾਲਕ ਐਸਾ ਨਿਰਭੈ ਹੋ ਕੇ ਕੀਰਤਨ ਕਰਦਾ-ਕਰਦਾ, ਅੱਗ ਵਿੱਚ ਜਾ ਪੈਂਦਾ ਹੈ, ਉਹਨੂੰ ਸੇਕ ਨਹੀਂ ਲਗਦਾ-ਵੱਡਿਆਂ ਦੀ ਕੀ ਗੱਲ ਕਰਾਂ। ਇਥੋਂ ਲੱਗੀ ਲਗਨ, ਸਤਿਗੁਰਾਂ ਨੂੰ ਮਿਲਿਆ-ਸਤਿਗੁਰਾਂ ਕ੍ਰਿਪਾ ਕੀਤੀ। ਉਹ ਭਾਈ ਹਰਮੀਤ ਸਿੰਘ ਜੀ ਹੁਣ ਆਪਣੀ ਕਥਾ, ਅੰਮ੍ਰਿਤਸਰ ਜੀ ਦਰਸ਼ਨ ਕਰਨ ਦੀ, ਸਤਿਗੁਰੂ ਦੀ ਸੁਣਾ ਰਹੇ ਹਨ।

*ਮਹਾਰਾਜ ਰਾਜਨ ਪਤਿ ਰਾਈ।*

ਸਤਿਗੁਰੂ ਕੈਸੇ ਹਨ ? ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ-

**ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜਾ,**
**ਐਸੋ ਰਾਜ[੩੯] ਛੋਡਿ ਅਉਰ ਦੂਜਾ ਕਉਨ ਧਿਆਈਐ।**

*- ਦਸਮ ਗ੍ਰੰਥ ਪੰਨਾ-੧੩੨*

ਰਾਜਾ ਦਾ ਮਤਲਬ ਹੈ-ਰਜਾ ਦੇਣ ਵਾਲਾ, ਰਾਜਕ। ਹੁਣ ਤੇ ਗੱਲ ਵਿਗੜ ਗਈ, ਕਲ ਕਾਤੀ ਰਾਜੇ ਕਸਾਈ, ਹੋ ਗਏ। ਪਰ ਰਾਜੇ ਦਾ ਮਤਲਬ ਸੀ—ਅਜੇ ਵੀ ਕਿਸੇ ਕਿਸੇ ਜਗ੍ਹਾ ਕਹਿੰਦੇ ਹਨ-ਅੰਨ ਦਾਤਾ। ਰਾਜੇ ਲੋਕ ਮਾਮਲਾ ਨਹੀਂ ਸਨ ਲੈਂਦੇ, ਰਾਜੇ ਲੋਕ ਅੰਨ ਦਾ ਹਿੱਸਾ ਲੈਂਦੇ ਸਨ-ਲੋਕਾਂ ਕੋਲੋਂ। ਉਹ ਅੰਨ ਲੈ ਕੇ ਕੋਠਿਆਂ ਵਿੱਚ ਪਾ ਛਡਣਾ, ਖਾਤੇ ਬੰਦ ਕਰ ਛਡਣੇ। ਜਦੋਂ ਕਾਲ ਪੈ ਜਾਏ, ਅੰਨ ਕੱਢ ਕੇ ਲੋਕਾਂ ਨੂੰ ਮੁਫਤ ਦੇਣਾ, ਲੋਕਾਂ ਕਹਿਣਾ—ਅੰਨ ਦਾਤਾ। ਮਹਾਰਾਜ ਕੈਸਾ ਹੈ-ਰਾਜਿਆਂ ਦਾ ਰਾਜਾ ਹੈ, ਰਾਜਿਆਂ ਨੂੰ ਰਜਾਉਣ ਵਾਲਾ-ਉਹ ਹੀ ਹੈ, ਰਾਜਿਆਂ ਨੂੰ ਰਾਜ ਦੇਣ ਵਾਲਾ ਉਹੀ ਹੈ, ਰਾਜਿਆਂ ਨੂੰ ਬਣਾਉਣ ਵਾਲਾ ਉਹੋ ਹੀ ਹੈ।

*ਚੀਨੀ ਘੋੜੀ ਆਹਿ ਦੁੜਾਈ*

ਚੀਨੀ ਘੋੜੀ ਦੇ ਉੱਤੇ ਆਏ ਚੜ੍ਹ ਕੇ, ਦੁੜਾ ਕੇ।

*ਸੂਬੇ ਸੰਗ ਤੁਰੰਗ ਸਵਾਰੇ।*

ਘੋੜਿਆਂ ਉੱਤੇ ਸੂਬੇ ਵੀ ਨਾਲ ਚੜ੍ਹੇ, ਹੋਏ ਹਨ।

*ਔਰ ਸਿਖ ਭੀ ਭੀੜਾ ਭਾਰੇ।।੯।।*

ਹੋਰ ਸਿੱਖ ਵੀ ਬਹੁਤ ਹਨ ਨਾਲ, ਭੀੜ ਹੈ ਬੜੀ।

*ਪੂਰ ਰਹਿਯੋ ਨਭ ਧੂਰ ਉਡੰਤੀ।*

ਨਭ ਪੂਰ ਗਿਆ, ਆਕਾਸ਼ ਵਿੱਚ ਧੂੜ ਹੀ ਧੂੜ ਹੋ ਗਈ।

*ਸੰਗਤਿ ਸਿੰਘਨ ਸੰਗ ਸੁਹੰਤੀ।*

ਸਾਧ ਸੰਗਤ ਸਤਿਗੁਰਾਂ ਦੇ ਨਾਲ ਸੋਭ ਰਹੀ ਹੈ।

*ਪਲੰਘ ਬਿਰਾਜੇ ਸੁੰਦਰ ਰੂਰੇ।*

ਸਤਿਗੁਰੂ ਜੀ ਆਏ, ਘੋੜੀ ਉੱਤੋਂ ਉੱਤਰੇ, ਪਲੰਘ ਉੱਤੇ ਬੈਠੇ ਆ ਕੇ।

*ਛੋਰ ਘੋਰਿ ਬੈਠੇ ਤਹਿ ਪੂਰੇ।।੧੦।।*

ਘੋੜੀ ਛੱਡ ਕਰਕੇ, ਸਤਿਗੁਰੂ ਪੂਰਾ ਹੈ। ਛੇ ਚੀਜ਼ਾਂ[★੪] ਮੰਨੀਆਂ ਹੋਈਆਂ ਹਨ, ਜੋ ਪ੍ਰਮਾਤਮਾ, ਅਕਾਲ ਪੁਰਖ, ਸਤਿਗੁਰੂ ਵਿੱਚ ਹੀ ਪੂਰਨ ਹਨ।

੧. ਸੰਪੂਰਨ ਗਿਆਨ—ਇਹ ਸਤਿਗੁਰੂ ਪ੍ਰਮਾਤਮਾ ਨੂੰ ਹੀ ਹੋ ਸਕਦਾ ਹੈ, ਕਿਉਂਕਿ ਸਾਰਾ ਕੁਛ ਉਹ ਜਾਣਦਾ ਹੈ, ਕੋਈ ਹੋਰ ਪੁਰਸ਼ ਨਹੀਂ ਜਾਣ ਸਕਦਾ।

੨. ਸੰਪੂਰਨ ਲੱਛਮੀ—ਜਿਹੜੀ ਕਦੇ ਨਹੀਂ ਮੁਕਦੀ।

੩. ਸੰਪੂਰਨ ਐਸ਼ਵਰਯ।

੪. ਸੰਪੂਰਨ ਸੁੰਦਰਤਾ—ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ, ਗਿਆਨ ਪ੍ਰਬੋਧ ਵਿੱਚ ਲਿਖਿਐ, ਮਹਾਰਾਜ ਕਹਿੰਦੇ ਨੇ :–

**ਕੰਜਲਕ[੪੦] ਨੈਨ ਕੰਬੂ[੪੧] ਗ੍ਰੀਵਹਿ[੪੨] ਕਟਿ[੪੩] ਕੇਹਰ ਕੁੰਜਰ[੪੪] ਗਵਨ।**
**ਕਦਲੀ[੪੫] ਕੁਰੰਕ[੪੬] ਕਰਪੂਰ ਗਤ ਬਿਨ ਅਕਾਲ ਦੂੱਜੋ ਕਵਨ।**

*– ਦਸਮ ਗ੍ਰੰਥ ਪੰਨਾ ੧੩੧*

ਜਿਸ ਦਾ ਤੋਤੇ ਜੈਸਾ ਨੱਕ ਹੈ, ਕਬੂਤਰ ਜੈਸੀ ਗਰਦਨ ਹੈ, ਕੇਲੇ ਜੈਸੀਆਂ ਜੰਗ੍ਹਾਂ ਹਨ, ਸ਼ੇਰ ਜੈਸਾ ਲੱਕ ਹੈ, ਬਿਨਾਂ ਅਕਾਲ ਤੋਂ ਹੋਰ ਦੂਜਾ ਕੋਈ ਨਹੀਂ ਹੋ ਸਕਦਾ। ਸੰਪੂਰਨ ਸੁੰਦਰਤਾਈ ਕਿਸੇ ਵਿੱਚ ਨਹੀਂ। ਕਹਿਣ ਲੱਗੇ, ਇਹਦਾ ਨੱਕ ਤਾਂ ਬੜਾ ਸੁਹਣਾ, ਬੁੱਲ੍ਹ ਮੋਟੇ

ਹਨ; ਇਹਦੇ ਕੰਨ ਨਹੀਂ ਸੁਹਣੇ, ਇਹਦਾ ਜ਼ਰਾ ਮੱਥਾ ਉੱਚਾ ਹੋ ਗਿਆ ਹੈ—ਸੰਪੂਰਨ ਸੁੰਦਰਤਾਈ ਵੀ ਉਸੇ ਵਿੱਚ।

੫. ਸੰਪੂਰਨ ਜਸ-ਕਿਸੇ ਦਾ-ਦੋ, ਕਿਸੇ ਦਾ-ਚਾਰ, ਕਿਸੇ ਦਾ-ਕੁਝ-ਸੰਪੂਰਨ ਜਸ ਵੀ ਉਹਦੇ ਵਿੱਚ ਹੀ ਹੋਵੇ, ਜਿਹਦੇ ਕੋਲ ਸਭ ਕੁਝ ਹੀ ਹੋਵੇ- ਦੂਜੇ ਦਾ, ਕਿਸੇ ਦਾ ਹੋ ਸਕਦਾ ਹੈ?

ਇਸ ਤਰ੍ਹਾਂ ਮੈਨੂੰ ਯਾਦ ਨਹੀਂ ਆ ਸਕਦਾ-ਸਾਰਾ, ਪੰਜ ਆਈਆਂ ਨੇ ਚੀਜ਼ਾਂ, ਛੇਵੀਂ ਵੀ ਹੈ। ਇਹ ਛੇ ਭਗਾਂ ਈਸ਼ਵਰ ਦੀਆਂ, ਗੁਰੂ ਦੀਆਂ ਭੀ ਮੰਨੀਆਂ ਹਨ, ਹੋਰ ਕਿਸੇ 'ਚ ਸੁੰਦਰਤਾਈ ਨਹੀਂ ਆ ਸਕਦੀ।

*ਬ੍ਰਹੁਤ ਫਿਰਾਖ ਦਿਵਾਨ ਮਦਾਨ।*

ਦੀਵਾਨ ਦਾ ਮੈਦਾਨ, ਬਾਬਾ ਸਾਹਿਬ ਸਿੰਘ ਜੀ ਸੂਬੇ ਲਵਾਉਂਦੇ ਹੁੰਦੇ —ਘੋੜੀਆਂ ਵਾਲੀ ਤਸਵੀਰ, ਜਿਹਨਾਂ ਦੇਖੀ ਹੋਈ ਹੈ, ਜਿਹੜੇ ਸਤਿਗੁਰਾਂ ਦੇ ਨਾਲ ਪਿਛਲੀ ਵਿਚਲੀ ਘੋੜੀ ਉੱਤੇ ਨੇ—ਸੋਟੀ ਲੈ ਲੈਣੀ, ਜਾ ਕੇ ਗੋਲ ਚੱਕਰ ਬਣਾਉਣਾ—ਬਹੁਤ ਵੱਡਾ।

*ਸਾਏਵਾਨ ਤਰੇ ਗੁਰੁ ਭਾਨ।*

ਸਾਏਵਾਨ ਜਿੱਥੇ ਲੱਗਾ ਹੋਇਆ ਹੈ, ਸਤਿਗੁਰੂ ਸੂਰਜ ਰੂਪ ਉੱਥੇ ਬੈਠੇ ਹਨ।

*ਦੂਰਹਿ ਦੂਰ ਸੰਗਤਾਂ ਸਾਰੇ।*

ਸੰਗਤਾਂ ਦੂਰ-ਦੂਰ ਤਕ ਬੈਠੀਆਂ ਹਨ।

*ਚੰਦ ਸਮਾਨ ਗਿਰਦ ਬਹੁ ਤਾਰੇ।।੧੧।।*

ਜਿਸ ਤਰ੍ਹਾਂ ਚੰਦਰਮਾਂ ਦੇ ਦੁਆਲੇ ਤਾਰੇ ਸੋਭਦੇ ਹਨ, ਇਸ ਤਰ੍ਹਾਂ ਸਤਿਗੁਰਾਂ ਦੇ ਦੁਆਲੇ-ਦੁਆਲੇ ਸੰਗਤ ਸੋਭਦੀ ਹੈ।

*ਦੇਵਪੁਰੀ ਮਧ ਮਾਨੋਂ ਇੰਦ।*

ਜਿਸ ਤਰ੍ਹਾਂ ਦੇਵਤਿਆਂ ਦੀ ਪੁਰੀ ਵਿੱਚ ਇੰਦਰ ਹੈ।

*ਜੈਕਾਰੇ ਧੁਨ ਹੋਵੈ ਬ੍ਰਿੰਦ।*

ਜਦੋਂ ਕੀਰਤਨ ਦਾ, ਦੀਵਾਨ ਦਾ, ਇੱਕ ਸ਼ਬਦ ਦਾ, ਭੋਗ ਪੈਂਦਾ ਹੈ ਫੇਰ-ਜੋ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ—ਦਾ ਜੈਕਾਰਾ ਬੋਲਦਾ ਹੈ।

*ਕਰਤ ਭਜਨ ਸਭ ਤਹ ਨਰ ਨਾਰੀ।*
*ਸੁਧ ਭਈ ਤਬ ਸ਼ਹਿਰ ਮਝਾਰੀ।।੧੨।।*

ਜੋ ਇਸਤਰੀ ਪੁਰਸ਼ ਉੱਥੇ ਬੇਠੈ ਹਨ, ਭਜਨ ਕਰਦੇ ਹਨ। ਬਈ, ਗੱਲ ਇਹ ਹੈ, ਮੈਂ ਹੁਣ ਸਿਆਮ ਨਿਵਾਸੀ ਨਾਮਧਾਰੀ ਸਾਧ ਸੰਗਤ ਅੱਗੇ ਅਰਜ਼ ਕਰਨ ਲੱਗਾ ਹਾਂ। ਮੈਨੂੰ ਤੁਸੀਂ ਕਹਿੰਦੇ ਹੋ, ਇੱਥੇ ਆਇਆ ਕਰ, ਛੇਤੀ ਆਇਆ ਕਰ। ਅੱਡੇ ਉੱਤੇ ਵੀ ਤੁਸੀਂ ਬੜੇ ਪੈਸੇ ਖਰਚ ਕਰ ਕੇ ਚਲੇ ਜਾਂਦੇ ਹੋ। ਮੱਥਾ ਟੇਕਣ ਲੱਗੇ ਰੁਪਏ ਵੀ ਬੜੇ ਲਿਆਉਂਦੇ ਹੋ, ਪਰ ਇੱਕ ਗੱਲ ਦੇਖ ਕੇ ਮੇਰਾ ਚਿਤ ਰਾਜ਼ੀ ਨਹੀਂ ਰਹਿੰਦਾ। ਹੁਣ ਤੁਸੀਂ—ਗੱਲਾਂ ਜੇ ਮੈਂ ਕਰੀ ਜਾਵਾਂ ਤਾਂ—ਦੋ ਘੰਟੇ ਬੈਠੇ ਰਹੋਗੇ, ਪਰ ਜਦੋਂ ਨਿਤਨੇਮ ਦਾ ਵੇਲਾ ਆਉਣਾ ਹੈ, ਫਿਰ ਸਾਧ ਸੰਗਤ ਨੇ ਖਿਸਕੂ ਪੌੜਾ ਪੜ੍ਹਨਾ ਹੈਂ', ਤੀਜਾ ਚੌਥਾ ਹਿੱਸਾ ਵੀ ਨਹੀਂ ਰਹਿ ਜਾਣਾ। ਕੱਲ੍ਹ ਇੱਥੇ ਦੇਖਣ ਵਿੱਚ ਗਿਣਤੀ ਮਾਲੂਮ ਹੁੰਦੀ ਸੀ।

ਮੈਂ ਅਰਜ਼ ਕਰਾਂਗਾ ਕਿ ਇਹ ਇੱਕ ਚੀਜ਼ ਹੈ-ਗੁਰੂ ਨਾਨਕ ਦੇਵ ਮਹਾਰਾਜ ਇੱਕ ਜਗ੍ਹਾ ਗਏ-ਉੱਥੇ ਕੀ ਜਾ ਕੇ ਦੇਖਿਆ, ਕਿ ਜਦੋਂ ਅਰਦਾਸ ਦਾ ਵਕਤ ਆਵੇ - ਇੱਕ ਆਦਮੀ ਸਨ, ਉਹਨਾਂ ਨੂੰ ਪਕੜ ਕੇ ਬਾਹਰ ਕੱਢਿਆ ਜਾਵੇ। ਪੁੱਛਿਆ, ''ਕਿਉਂ ਜੀ?'' ਕਹਿੰਦੇ ਨੇ, ''ਇਹ ਅਰਦਾਸ ਦੇ ਵੇਲੇ ਵਿੱਚ ਨਹੀਂ ਸਨ ਰਹਿੰਦੇ।''

ਸਾਡੇ ਨਾਮਧਾਰੀਆਂ ਵੀ ਕੱਲ੍ਹ ਪੌੜੀਆਂ ਭਰ ਦਿੱਤੀਆਂ ਸੀ-ਇੱਥੇ ਅਰਦਾਸੇ ਤੋਂ ਪਹਿਲਾਂ ਹੀ ਉਠਣ ਲੱਗਿਆਂ। ਫੇਰ ਇੱਕ ਜਗ੍ਹਾ ਗਏ, ਜਨਮ ਸਾਖੀ ਪੜ੍ਹੋ-ਮੇਰੀਆਂ ਗੱਲਾਂ ਨਹੀਂ-ਉਹਨਾਂ ਦੀ ਗਰਦਨ ਵਿੱਚ ਕਿੱਲੇ ਠੁਕੇ ਹੋਏ ਸਨ।

ਮਰਦਾਨਾ ਕਹਿੰਦਾ, ''ਸੱਚਿਆ ਪਾਤਸ਼ਾਹ, ਇਹ ਕੀ ਗੱਲ ਹੈ?''

ਕਹਿੰਦੇ ਨੇ, ''ਇਹਨਾਂ ਨੇ ਸਿਰ ਨਹੀਂ ਕਿਸੇ ਸਾਧੂ ਸੰਤ ਦੇ ਅੱਗੇ ਨਿਵਾਇਆ।''

ਸਾਡੇ ਨੌਜਵਾਨ ਮੁੰਡੇ ਨਾਮਧਾਰੀ ਪੱਗਾਂ ਤੇ ਬੜੀਆਂ ਘੋਟ-ਘੋਟ ਕੇ ਸਿੱਧੀਆਂ ਬੰਨ੍ਹ ਲੈਂਦੇ ਹਨ, ਬੜੇ ਸੁਹਣੇ ਲਗਦੇ ਹਨ; ਸ਼ੁਕਰ ਹੈ, ਜੇ

ਇਹਨਾ ਨੇ ਸਤਿਗੁਰਾਂ ਦੇ ਹੁਕਮ ਨੂੰ ਮੰਨਿਆ ਹੈ। ਇੱਕ ਤੇ ਮੈਂ ਹੁਣ ਅਰਜ਼ ਕਰਾਂਗਾ, ਕਿ ਪੰਜ ਵਜੇ ਆਸਾ ਦੀ ਵਾਰ ਦੇ ਦਰਵਾਜੇ ਅਸਾਂ ਬੰਦ ਕਰ ਦੇਣੇ ਨੇ, ਜਿਹੜੇ ਨਾਮਧਾਰੀ ਨਾ ਆਉਣਗੇ ਫਿਰ ਉਹਨਾਂ ਦਾ ਪਤਾ ਲਗੇਗਾ, ਕਈ ਦਿਨ ਚੜ੍ਹੇ ਤੱਕ, **ਜੋ ਕਰੇ ਸੁ ਤਿਸੇ ਰਜਾਇ ਸੁਧ**-ਤਕ ਪਹੁੰਚਦੇ ਰਹਿੰਦੇ ਹਨ। ਜਿਹੜੇ ਹੁਣ ਮੇਰੇ ਇੱਥੇ ਆਇਆਂ, ਤੁਸੀਂ ਨਿਤਨੇਮ ਤੋਂ ਵੀ ਕੰਨੀ ਕਤਰਾਉਂਦੇ ਹੋ, ਆਸਾ ਦੀ ਵਾਰ 'ਚ ਵੀ ਭੋਗ ਪੈਣ ਵੇਲੇ ਪਹੁੰਚਦੇ ਹੋ, ਅਗੋਂ ਪਿਛੋਂ ਖਬਰੇ ਕੀ ਕਰਦੇ ਹੋਵੋਗੇ। ਧਿਆਨ ਦਿਓ, ਮਹਾਰਾਜ ਨੇ ਕਿਹਾ ਹੈ :-

**ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ।।**
**ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ।।**

*- ਪੰਨਾ-੧੩੬੬*

ਇਹ ਮਨੁੱਖਾ ਦੇਹ—ਭਾਈ ਗੁਰਦਾਸ ਜੀ ਕਹਿੰਦੇ ਹਨ :-

*ਚਿਰੰਕਾਲ*[੪੭] *ਮਾਨਸ*[੪੮] *ਜਨਮ ਨਿਰਮੋਲ*[੪੯] *ਪਾਏ,*[੫੦]
ਸਫਲ[੫੧] ਜਨਮ ਗੁਰ ਚਰਨ[੫੨] ਸਰਨ ਕੈ।
ਲੋਚਨ[੫੩] ਅਮੋਲ ਗੁਰ ਦਰਸ[੫੪] ਅਮੋਲ ਦੇਖੇ,
ਸ੍ਰਵਨ[੫੫] ਅਮੋਲ ਗੁਰ ਬਚਨ[੫੬] ਧਰਨ ਕੈ।।
ਨਾਸਿਕਾ[੫੭] ਅਮੋਲ ਚਰਨਾਰਬਿੰਦ[੫੮] ਬਾਸਨਾ[੫੯] ਕੈ,
ਰਸਨਾ[੬੦] ਅਮੋਲ ਗੁਰੁ ਮੰਤ੍ਰ[੬੧] ਸਿਮਰਨ ਕੈ।
ਹਸਤ[੬੨] ਅਮੋਲ ਗੁਰਦੇਵ[੬੩] ਸੇਵ[੬੪] ਸਫਲ[੬੫] ਕੈ,
*ਚਰਨ*[੬੬] *ਅਮੋਲ ਪਰਦੱਖਨਾ*[੬੭] *ਕਰਨ ਕੈ।।*

*- ਕਬਿਤ-੧੭*

ਕਿਸੇ ਸਾਧੂ ਸੰਤ ਦੀ, ਕਿਸੇ ਸਿੱਖ ਦੀ, ਕਿਸੇ ਉਸ ਅਪਾਹਜ ਦੀ--ਜਿਹਨੂੰ ਕੋਈ ਨਾ ਪੁੱਛੇ-ਸੇਵਾ ਕਰੋ।

ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪ੍ਰਸੰਗ ਸੌ ਸਾਖੀ 'ਚ ਪੜ੍ਹੋ। ਇੱਕ ਦਿਨ ਇੱਕ ਸਿੱਖ ਜਲ ਲੈ ਕੇ ਆਉਂਦਾ ਹੈ, ਉਹਦੇ ਬੜੇ ਕੂਲੇ ਹੱਥ ਹਨ, ਕਟੋਰਾ ਜਲ ਦਾ ਲੈ ਕੈ ਆਇਆ। ਸਾਹਿਬ ਕਹਿੰਦੇ ਨੇ, ''ਭਾਈ ਸਿੱਖਾ,

ਤੇਰੇ ਹੱਥ ਬੜੇ ਕੂਲੇ ਹਨ।''

ਕਹਿੰਦਾ, ''ਸੱਚਿਆ ਪਾਤਸ਼ਾਹ ! ਅੱਜ ਤੈਨੂੰ ਹੀ ਪਾਣੀ ਪਿਲਾਉਣ ਲੱਗਾਂ, ਮੈਂ ਨਹੀਂ ਕਦੇ ਕਿਸੇ ਨੂੰ ਕੁਝ ਦਿਤਾ।''

ਸਤਿਗੁਰਾਂ ਨੇਂ ਕਟੋਰਾ ਭੁਆਕੇ ਮਾਰਿਆ, ਕਹਿੰਦੇ, ''ਜਾ ਓਏ ਪਾਪੀਆ ! ਜਿਹਨੇ ਕਦੇ ਵੀ ਕਿਸੇ ਦੀ ਸੇਵਾ ਨਹੀਂ ਕੀਤੀ, ਮੈ ਤੇਰੇ ਹੱਥ ਦਾ ਪਾਣੀ ਨਹੀਂ ਪੀਂਦਾ।''

ਗੁਰੂ ਦੀ ਸੇਵਾ ਹੈ-ਕਿਸੇ ਗਰੀਬ ਦੀ, ਅਨਾਥ ਦੀ, ਜਿਸਦਾ ਕੋਈ ਤੁਹਾਡੇ ਨਾਲ ਤਅੱਲਕ ਨਹੀਂ, ਕੁਝ ਨਹੀਂ ਜਾਣਦੇ, ਜਿਹਨੂੰ ਕੋਈ ਨਹੀਂ ਪੁੱਛਦਾ-ਉਹਦੀ ਸੇਵਾ ਕਰੋ, ਨਾ ਮਜ਼ਹਬ ਦੇਖੋ, ਨਾ ਧਰਮ ਦੇਖੋ, ਨਾ ਕੁਝ ਦੇਖੋ। ਮੈਂ ਗੱਲ ਕਰਦੇ-ਕਰਦੇ ਭੁੱਲ ਜਾਨਾਂ, ਸਤਿਗੁਰਾਂ ਹੁਕਮ ਦਿੱਤਾ ਸੀ, ''ਜੇ ਕਸਾਈ ਦੇ ਹੱਥ 'ਚ ਛੁਰੀ ਭਿਜੀ ਰੱਤ ਦੀ ਹੋਵੇ, ਤੁਹਾਡੇ ਦਰਵਾਜ਼ੇ ਤੇ ਰੋਟੀ ਨੂੰ ਆ ਜਾਏ ਜੇ ਨਾ ਦਿਉਗੇ - ਬਖਸ਼ੇ ਨਹੀਂ ਜਾਉਗੇ।''

ਹੁਣ ਅਰਜ਼ ਇਹ ਹੈ ਬਈ, ਤੁਸਾਂ ਇੱਥੋਂ ਹੁਕਮ ਭੇਜ ਦਿੱਤਾ ਹੈ-ਤੁਹਾਡੇ ਇਖਤਿਆਰ ਹੈ, ਪਹਿਲੀ ਅਸੂ ਤੋਂ ਉੱਥੇ ਨਿਤਨੇਮ ਆਰੰਭ ਕਰਨਾ ਸੀ--ਉਹ ਤੁਸਾਂ ਤੋੜ ਦਿੱਤਾ ਹੈ। ਹੁਣ ਕਿਰਪਾ ਕਰਕੇ ਇੱਥੋਂ ਵਾਲਾ ਤੇ ਨਾ ਤੋੜਿਆ ਕਰੋ, ਵਿੱਚੇ ਛੱਡ ਕੇ ਭੱਜ ਜਾਂਦੇ ਹੋ। ਮਨੁੱਖ ਦੇਹ ਮਹਾਰਾਜ ਨੇ ਬਖਸ਼ੀ ਹੈ। ਕਬੀਰ ਜੀ ਕਹਿੰਦੇ ਨੇ :-

**ਚਾਰਿ ਪਾਵ[੧੮] ਦੁਇ ਸਿੰਗ ਗੁੰਗ[੧੯] ਮੁਖ ਤਬ ਕੈਸੇ ਗੁਨ ਗਈ[੨੦] ਹੈ।।**
**ਊਠਤ ਬੈਠਤ ਠੇਗਾ[੨੧] ਪਰਿਹੈ ਤਬ ਕਤ ਮੂਡ[੨੨] ਲੁਕਈ ਹੈ।।੧।।**
**ਹਰਿ ਬਿਨੁ ਬੈਲ ਬਿਰਾਨੇ[੨੩] ਹੁਈ ਹੈ।।**

*- ਪੰਨਾ-੫੨੪*

ਕੁੱਤੇ ਦੇ ਜਨਮ ਵਿੱਚ, ਡੰਗਰ ਦੇ ਜਨਮ ਵਿੱਚ ਤੁਸੀਂ ਨਾਮ ਨਹੀਂ ਜਪਣਾ।

**ਚਿਰੰਕਾਲ ਪਾਈ ਦ੍ਰੁਲਭ ਦੇਹ। ਨਾਮ ਬਿਹੂਣੀ ਹੋਈ ਖੇਹ।**

*- ਰਾਮਕਲੀ ਮ: ੫, ਪੰਨਾ-੮੯੦*

ਗੁਰੂ ਜੀ ਕਹਿੰਦੇ ਨੇ,

**ਜਿਹ ਪ੍ਰਸਾਦਿ ਪਾਈ ਦ੍ਰੁਲਭ ਦੇਹ।**
**ਨਾਨਕ ਤਾਕੀ ਭਗਤਿ ਕਰੇਹ।**

*– ਗਉੜੀ ਮ: ੫, ਪੰਨਾ-੨੭੦*

ਫੇਰ, ਰਾਤ ਦਿਨ ਤੇ ਜਪਣ ਦੀ ਗੱਲ ਵੱਖਰੀ ਹੈ, ਓਏ ਇੱਕ ਘੰਟਾ ਵੀ ਹੁਣ ਤੁਸੀਂ ਨਹੀਂ ਕਰਦੇ।

ਇਹ ਗੱਲ ਯਾਦ ਰੱਖੋ ਮੈਂ ਕੱਲ੍ਹ ਅਰਜ਼ ਕਰੀ ਸੀ—''ਪੀਸ ਦਿਖਾਊ ਦੀਪ'', ਚੱਕੀ ਚਲ ਰਹੀ ਹੈ, ਕੋਈ ਆਦਮੀ ਇਸ ਨੂੰ ਨਹੀਂ ਰੋਕ ਸਕਦਾ। ਵੱਡੇ-ਵੱਡੇ ਵਿਦਵਾਨ, ਵੱਡੇ-ਵੱਡੇ ਨੇਤਾ, ਵੱਡੇ-ਵੱਡੇ ਸਾਇੰਸਦਾਨ, ਉੱਤੋਂ-ਉੱਤੋਂ ਇੱਕ ਦੂਏ ਨਾਲ ਪਿਆਰ ਦੀਆਂ ਕਾਨਫਰੰਸਾਂ ਕਰਦੇ ਨੇ, ਅੰਦਰੋਂ-ਅੰਦਰੋਂ ਉਹ ਕਹਿੰਦਾ ਹੈ-ਮੇਰਾ ਬੰਬ ਇਹਦੇ ਨਾਲੋਂ ਤਗੜਾ ਹੋਵੇ, ਜਿਹੜਾ ਬਹੁਤੀ ਦੁਨੀਆਂ ਮਾਰ ਦੇਵੇ। ਇੱਕ ਐਟਮ ਬਣਾਉਂਦਾ ਹੈ-ਦੂਸਰਾ ਰੇਡੀਅਮ ਦਾ ਬਣਾਉਂਦਾ ਹੈ ਔਰ ਇਹ ਕਦੇ ਹੋ ਨਹੀਂ ਸਕਦਾ ਜਦੋਂ ਬੱਦਲ ਹੋਣ, ਬਾਰਸ਼ ਨਾ ਹੋਵੇ।

*ਪਿਰਥੀ ਹਲ ਚਲ ਹੋਇਗੀ ਛੋਡੇ ਘਰ ਬਾਰਾ।*

ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਨੇ-

*ਰੌਲੀ ਪਰੈ ਦੇਸ ਸਭ ਰੁਲੈ।*

*– ਸੌ ਸਾਖੀ*

ਤੁਸੀਂ ਹੀ ਨਹੀਂ ਪੰਜਾਬੀ ਰੁਲੇ। ਕਿਉਂ ? ਗੱਲ ਰੁਲਣ ਵਾਲੀ ਬਣੀ ਹੋਈ ਹੈ—ਕਿਸੇ ਆਦਮੀ ਦੇ ਚਿਤ ਵਿੱਚ ਕਿਸੇ ਵਾਸਤੇ ਸਤਿਕਾਰ ਨਹੀਂ; ਕਿਸੇ ਆਦਮੀ ਦੇ ਚਿਤ ਵਿੱਚ ਪ੍ਰਮੇਸ਼ਰ ਦਾ ਭਉ ਨਹੀਂ। ਲੋਕ ਕਹਿੰਦੇ ਨੇ —ਇੱਕ ਲਵ ਚਾਹੀਦਾ ਹੈ, ਪ੍ਰੇਮ ਚਾਹੀਦਾ ਹੈ-ਨਹੀਂ ਕਿਸੇ ਦੀ ਧੀ, ਨਹੀ ਕਿਸੇ ਦੀ ਭੈਣ। ਕਮਯੂਨਿਜ਼ਮ ਆ ਕੇ-ਚੀਜ਼ ਤੇ ਬੜੀ ਚੰਗੀ ਸੀ ਬਈ, ਲੋਕ ਇੱਕੋ ਜਿਹੇ ਹੋ ਜਾਣ-ਭਰਾ ਮੰਨੇ ਜਾਣ; ਪਰ ਨਾਲ ਜਿਹੜੀ ਦੂਜੀ ਚੀਜ਼ ਬਈ, ਭੈਣ ਵੀ ਉਹੋ ਜਿਹੀ ਤੇ ਸਿਖਣੀ ਵੀ ਉਹੋ ਜਿਹੀ। ਕੋਈ ਚੀਜ਼ ਬਣੀ ਹੋਈ ਹੈ, ਮੈਂ ਕੱਲ੍ਹ ਦੱਸਿਆ ਸੀ, ਕਿ ਡੰਗਰ ਵੀ ਆਪਣੀਆਂ ਮਾਵਾਂ-ਭੈਣਾਂ ਉੱਤੇ ਨਹੀਂ ਸਨ ਚੜ੍ਹਦੇ, ਸਾਡਾ ਬੇੜਾ ਰੁੜ੍ਹਿਆ ਹੋਇਆ ਹੈ ਔਰ ਇਸ

ਚੀਜ਼ ਦਾ ਨਤੀਜਾ ਏਹੀ ਹੁੰਦਾ ਹੈ। ਜਿਹੜੇ ਸਾਲ 'ਚ ਜ਼ਿਆਦਾ ਲੋਆਂ ਵੱਗਣ, ਜ਼ਿਆਦਾ ਹਨੇਰੀਆਂ ਆਉਣ, ਉਸ ਸਾਲ ਬਾਰਸ਼ ਵੀ ਜ਼ਿਆਦਾ ਹੁੰਦੀ ਹੈ। ਜਦੋਂ ਲੋਕ ਪਾਪ ਕਰਮਾਂ ਵਿੱਚ ਲੱਗਣ–ਫੇਰ ਬਣੇ ਹੋਏ ਦੇਖ ਲਓ–ਕੋਈ ਤੁਸੀਂ ਆਕੜ ਨਹੀਂ ਕਰ ਸਕਦੇ।

ਵੱਡੇ–ਵੱਡੇ ਸਾਇੰਸਦਾਨ, ਸਭ ਕੁਛ ਜੋਰ ਲਾਉਣ ਵਾਲੇ–ਕਰਾਚੀ ਵਿੱਚ ਕੋਈ ਅੱਠਾਂ ਨੌਆਂ ਮੀਲਾਂ ਤੇ ਇੱਕ ਜਗ੍ਹਾ ਬਣੀ ਹੋਈ ਹੈ–ਕਰਾਚੀਉਂ ਬਾਹਰ–ਮੈਨੂੰ ਉਹ ਜਗ੍ਹਾ ਦਾ ਨਾਂ ਹੁਣ ਭੁੱਲ ਗਿਆ ਹੈ। ਉੱਥੇ ਇੱਕ ਹਵਾਈ ਜ਼ਹਾਜ਼ ਦਾ ਬੁਰਜ ਬਣਾਇਆ ਗਿਆ ਸੀ, ਦੋ ਤਿੰਨ ਸੌ ਪੌੜੀ ਲਾ ਕੇ ਕਿ ਐਡਾ ਜਹਾਜ਼ ਹੋਵੇਗਾ–ਵਲੈਤੋਂ ਆਵੇਗਾ ਤੇ ਇਹਨੂੰ ਉੱਤੇ ਹੀ ਕੁੰਡੇ ਨਾਲ ਅੜਾ ਕੇ ਤੇ ਲੋਗ ਪੌੜੀ ਦੇ ਰਾਹ ਚੜ੍ਹਿਆ ਕਰਣਗੇ ਤੇ ਉੱਤੋਂ ਹੀ ਚੜ੍ਹ ਜਾਇਆ ਕਰੇਗਾ–ਥੱਲੇ ਉਤਰ ਹੀ ਨਹੀਂ ਸਕੇਗਾ। ਉਹ ਜਿਦਣ ਜਹਾਜ਼ ਤਿਆਰ ਕਰਕੇ ਵੱਡੇ–ਵੱਡੇ ਨੇਤਾ, ਵੱਡੇ–ਵੱਡੇ ਸਾਇੰਸਦਾਨ ਉਸ ਜਹਾਜ਼ ਵਿੱਚ ਚੜ੍ਹੇ, ਉਹ ਦੋ ਵਾਰੀ ਉਹਨਾਂ ਨੇ ਲੰਘਾਇਆ–ਅੱਠਾਈ ਮੀਲ ਵਲੈਤੋਂ–ਫਰਾਂਸ ਦੇ ਉੱਤੇ ਆ ਕੇ ਇੱਕ ਤਾਰ ਥੱਲੇ ਰਹਿ ਗਈ – ਉਹ ਨਾਲ ਕਿਸੇ ਬਿਜਲੀ ਦੀ ਤਾਰ ਦੇ ਲੱਗ ਗਈ ਤੇ ਅੱਗ ਲੱਗ ਗਈ–ਸਭ ਕੁਝ ਸੜ ਗਿਆ ਵਿੱਚੇ ਜਹਾਜ਼, ਵਿੱਚੇ ਉਹ ਸਭ ਕੁਝ ਰਹਿ ਗਿਆ–ਉੱਥੇ ਦਾ ਉੱਥੇ।

ਰਾਵਣ ਜੈਸੇ ਵਿਦਵਾਨ ਪੰਡਿਤ, ਜਿਹਨੇ ਰਾਵਣੀ ਭਾਸ਼ ਬੇਦ ਦਾ ਟੀਕਾ ਕੀਤਾ ਹੈ–ਬੇਦਾਂ ਨੂੰ ਭਾਵੇ ਕੋਈ ਪੜ੍ਹ ਲਵੇ–ਰਾਵਣੀ ਭਾਸ਼ ਪੜ੍ਹਨਾ ਬੜਾ ਮੁਸ਼ਕਲ ਹੈ – ਬੇਦ ਦਾ ਟੀਕਾ ਜਿਹੜਾ ਰਾਵਣ ਨੇ ਕੀਤਾ ਹੈ, ਔਰ ਜਿਸ ਦੀ ਘਰ ਦੀ ਫੌਜ ਸਵਾ ਦੋ ਲੱਖ, ਕਬੀਰ ਜੀ ਕਹਿੰਦੇ ਹਨ :–

**ਇਕੁ ਲਖੁ ਪੂਤ ਸਵਾ ਲਖੁ ਨਾਤੀ।**
**ਤਿਹ ਰਾਵਨ ਘਰ ਦੀਆ ਨ ਬਾਤੀ।**

*– ਆਸਾ ਕਬੀਰ ਜੀ, ਪੰਨਾ–੪੮੧*

ਅਗਲੇ ਜੰਗ ਵੇਲੇ ਭੀ ਅਮਨ ਸਭਾ ਬਣੀ—ਉੱਤੋਂ–ਉੱਤੋਂ ਅਮਨ ਅੰਦਰੋਂ–ਅੰਦਰ ਕੁਛ ਹੋਰ। ਬਚਣ ਵਾਸਤੇ ਕੋਈ ਤਰੀਕਾ ਨਹੀਂ। ਬਚਣ ਵਾਸਤੇ ਇੱਕੋ ਤਰੀਕਾ ਹੈ–ਨਾਮ। ਸਿੱਧੀਆਂ ਪੱਗਾਂ ਬੰਨ੍ਹਕੇ, ਗੱਲ 'ਚ ਮਾਲਾ

ਪਾ ਕੇ, ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ-

*ਰਹਿਤ ਪਿਆਰੀ ਮੁਝ ਕਉ ਸਿਖ ਪਿਆਰਾ ਨਾਹਿ।*

## ਸਤਿਗੁਰੂ ਦੇ ਹੁਕਮ ਵਿੱਚ ਚਲੋ

ਜਿਹੜਾ ਸਤਿਗੁਰੂ ਦੀ ਰਹਿਤ ਨਾ ਰੱਖੇਗਾ, ਸਤਿਗੁਰੂ ਦੇ ਹੁਕਮ ਵਿੱਚ ਨਾ ਚੱਲੇਗਾ-ਭਾਈ, ਉਹ ਮਾਰਿਆ ਜਾਏਗਾ। ਉਹ ਇਸ ਗੱਲ ਦਾ ਕਦੇ ਧਿਆਨ ਨ ਕਰੇ—ਮੈਂ ਕੂਕਾ ਹਾਂ, ਮੈਨੂੰ ਰਾਮ ਸਿੰਘ ਬਚਾਵੇਗਾ। ਰਾਮ ਸਿੰਘ ਦਾ ਜਿਹੜਾ ਹੁਕਮ ਮੰਨੇਗਾ, ਉਹਨੂੰ ਬਚਾਵੇਗਾ, ਨਾਨਕ ਦਾ ਜਿਹੜਾ ਹੁਕਮ ਮੰਨੇਗਾ, ਗੁਰੂ ਗੋਬਿੰਦ ਸਿੰਘ ਦਾ ਜਿਹੜਾ ਹੁਕਮ ਮੰਨੇਗਾ, ਉਹਨੂੰ ਬਚਾਵੇਗਾ। ਉਹ ਕਹਿੰਦੇ ਹਨ

*ਰਹਿਣੀ ਰਹੈ ਸੋਈ ਸਿਖ ਮੇਰਾ। ਉਹ ਸਾਹਿਬ ਮੈਂ ਉਸਕਾ ਚੇਰਾ।*

ਜਿਹੜਾ ਉਹਦੇ ਹੁਕਮ 'ਚ ਨਹੀਂ ਚਲਦਾ-ਜਿਹੜਾ ਉਹਦੇ ਬਚਨਾਂ ਉੱਤੇ ਨਹੀਂ ਚਲਦਾ-ਨਾ ਦਾੜ੍ਹੀ ਨਾਲ, ਨਾ ਕੇਸਾਂ ਨਾਲ, ਨਾ ਮਾਲਾ ਨਾਲ, ਨਾ ਕਿਰਪਾਨ ਨਾਲ, ਨਾ ਕਾਲੀ ਨਾਲ, ਨਾ ਚਿੱਟੀ ਨਾਲ-ਕੋਈ ਬਚਾਅ ਨਹੀਂ। ਉਹਨਾਂ ਕਿਹੈ :-

*ਖਲਕ ਖਾਲਕ ਖੀਸ ਈਸ ਮੂਸ ਹਿੰਦੂ ਖਲਕ ਪੀਸ ਦਿਖਾਊ ਦੀਪ।।*

*- ਸੌ ਸਾਖੀ*

ਸਭ ਕੁਛ ਹੋਣਾ ਹੈ-ਮਰਨਾ ਸਭਨਾਂ ਨੇ ਹੈ। ਫੇਰ, ਮਹਾਰਾਜ ਬਚਣਗੇ ਕੌਣ - ਜਿਹੜੇ ਨਾਮ ਜਪਣਗੇ, ਜਿਸ ਤਰਾਂ ਕਿੱਲੀ ਕੋਲ ਦਾਣੇ ਚੱਕੀ 'ਚ ਬਚ ਜਾਂਦੇ ਹਨ। ਭਾਈ ਸੱਜਣੋ ਮੇਰਾ ਕਹਿਣਾ, ਬੋਲਣਾ—ਤੁਹਾਨੂੰ ਮੇਰੀ ਕਥਾ ਬੜੀ ਚੰਗੀ ਲਗਦੀ ਹੈ, ਤੁਸੀਂ ਬੜੀ ਸੁਣਦੇ ਹੋ। ਮੈਂ ਵੀ ਮੂੰਹੋਂ ਕਹੀ ਜਾਂਦਾ ਹਾਂ-ਤੁਸੀਂ ਵੀ ਸੁਣੀ ਜਾਂਦੇ ਹੋ, ਨਾ ਮੈਂ ਕਹਿਣ ਵਾਲਾ ਅਮਲ ਕਰਾਂ-ਨਾ ਤੁਸੀਂ ਸੁਣਨ ਵਾਲੇ ਕਰੋ-ਬਸ ! ਕੁਛ ਨਹੀਂ ਪੱਲੇ।

ਗੁਰੂ ਗੋਬਿੰਦ ਸਿੰਘ ਸਾਹਿਬ ਇੱਕ ਦਿਨ ਸਿੱਖਾਂ ਨੂੰ ਬਿਠਾਇਆ, ਬਹਾ ਕੇ ਬੜਾ ਸੁੱਖਾ ਪਾ ਕੇ ਬਹੁਤ ਗਾੜ੍ਹਾ ਰਗੜ ਕੇ ਇੱਕ ਘੜਾ ਸੁੱਖੇ ਦਾ ਭਰਵਾ ਲਿਆ। ਭਰਵਾ ਕੇ ਇੱਕ ਸਿੱਖ ਨੂੰ ਕਹਿਣ ਲਗੇ, ''ਲੈ ਕਰੀ ਜਾ ਕੁਰਲੀਆਂ।''

ਉਸਨੇਂ ਸਾਰਾ ਹੀ ਘੜਾ ਕੁਰਲੀਆਂ ਕਰ ਕਰਕੇ ਡੋਲ੍ਹ ਦਿਤਾ।

ਕਹਿਣ ਲੱਗੇ, ''ਕੋਈ ਅਮਲ ਆਇਆ ?''

ਕਹਿੰਦੇ, ''ਇੱਕ ਚੁਲੀ-ਪੀ ਲੈ।''

ਪੀਤੀ ਤਾਂ ਅਮਲ ਆ ਗਿਆ। ਸੋਈ ਮੈਂ ਕੁਰਲੀਆਂ ਕਰਨ ਵਾਲਾ, ਤੁਸੀਂ ਵੀ ਮੇਰੇ ਨਾਲ ਹੀ। ਭਜਨ ਬਾਣੀ ਕਰਨਾ, ਨਾਮ ਜਪਣਾ, ਮਰਯਾਦਾ ਰੱਖਣੀ, ਸਤਿਗੁਰਾਂ ਦੇ ਹੁਕਮ ਉੱਤੇ ਚਲਣਾ—ਜਿੰਨਾ ਚਿਰ ਇਹ ਚੀਜ਼ ਕਿਸੇ 'ਚ ਨਾ ਆਵੇਗੀ, ਨਾ ਮੇਰੀ, ਨਾ ਤੁਹਾਡੀ, ਬਚਣ ਵਾਸਤੇ ਕੋਈ ਚੀਜ਼ ਨਹੀਂ। ਚੱਕੀ ਬੜੀ ਵੱਡੀ ਚੱਲੀ ਹੋਈ ਹੈ-ਔਰ ਉਹ ਪੀਹ ਸੁਟੇਗੀ। ਜਿਹੜੇ ਨਾਮ ਜਪਣਗੇ, ਉਹ ਬਚਣਗੇ। ਸੋ ਮੇਰੀ ਅਰਜ਼ ਹੈ, ਆਹ ਇੱਕ ਘੰਟਾ ਵਕਤ ਜਿਹੜਾ ਹੈ, ਇਸ ਨੂੰ ਗਵਾ ਨਾ ਦੇਣਾ—ਦਿਵਾਨ ਨੰਦ ਲਾਲ ਜੀ ਕਹਿੰਦੇ ਹਨ :-

*ਗਰ ਬੁਜ਼ੁਰਗੀ ਬਾਇਦਤ ਕੁਨ ਬੰਦਗੀ।*

ਜੇ ਤੂੰ ਬਜ਼ੁਰਗੀ ਚਾਹੁੰਦਾ ਹੈਂ ਤਾਂ ਕਰ ਬੰਦਗੀ-

*'ਵਰਨਾ ਆਖਿਰ ਮੀ-ਕਸ਼ੀ ਸ਼ਰਮਿੰਦਗੀ'*

*– ਜ਼ਿੰਦਗੀ ਨਾਮਾ, ਪੰਨਾ-੪੮*

ਜੇ ਤੂੰ ਨਾ ਕਰੇਗਾ ਆਖਿਰ ਨੂੰ ਸ਼ਰਮਿੰਦਾ ਹੋਣਾ ਪਵੇਗਾ, ਸ਼ਰਮਿੰਦਗੀ ਖਿੱਚੇਗੀ-ਤੈਨੂੰ ਆਪਣੀ ਤਰਫ।

*ਬੰਦਗੀ ਓ ਬੰਦਗੀ ਓ ਯਾਦੋ ਯਾਦ।*

*– ਜ਼ਿੰਦਗੀ ਨਾਮਾ, ਪੰਨਾ-੪੪*

ਭਾਈ ਬੰਦਗੀ ਕਰ, ਬੰਦਗੀ—ਉਸ ਦੀ ਯਾਦ ਕਰ, ਜੇ ਨਹੀਂ ਕਰਦਾ ਤਾਂ ਫੇਰ ਬਰਬਾਦੀ ਹੈ।

ਸਾਧ-ਸੰਗਤ ਅੱਗੇ ਅਰਜ਼ ਹੈ-ਮੈਂ ਉੱਥੇ ਕਥਾ ਹੁਣ ਨਹੀਂ ਕਰਦਾ-ਮੁਲਕ ਵਿੱਚ। ਕਥਾ ਕਰਨ ਦਾ ਸਵਾਦ ਤਾਂ ਹੈ, ਜਿਹੜੀ ਕਹੀਏ ਜੇ ਹੋ ਸਕੇ-ਪੂਰੀ। ਇੱਥੇ ਮੈਂ ਆਉਂਦਾ ਹਾਂ, ਤੁਹਾਡੇ ਕੋਲੋਂ ਡਰਦਾ ਜੇ ਨਾ ਆਖੇ ਲੱਗਾਂ ਤੁਸੀਂ ਖਵਰੇ ਨਰਾਜ਼ ਹੋਵੋ, ਪਰ ਜੇ ਤੁਸੀਂ ਵੀ ਆਖੇ ਨਾ ਲੱਗੋਂ, ਰਾਜ਼ੀ ਮੈਂ ਵੀ ਨਹੀਂ ਰਹਿਣਾ—ਤੁਹਾਡੇ ਨਾਲ। ਇਹ ਤੁਹਾਡਾ ਵੀ ਫਰਜ਼ ਹੈ ਜੇ ਤੁਸੀਂ

ਇੱਥੇ ਸਤਿਸੰਗ ਵਿੱਚ ਆਉਂਦੇ ਹੋ–

ਇੱਕ ਪੰਡਿਤ ਸੀ, ਉਸ ਨੇ ਕਥਾ ਸੁਣਨੀ। ਇੱਕ ਦਿਨ ਆਪਣੇ ਲੜਕੇ ਨੂੰ ਕਹਿ ਗਿਆ, ''ਮੈਂ ਤੇ ਬਾਹਰ ਚਲਿਆ ਹਾਂ, ਮੇਰਾ ਨਿਯਮ ਹੈ – ਮੈਂ ਕਥਾ 'ਚ ਜਾਣਾ ਹੁੰਦਾ ਹੈ, ਅੱਜ ਤੂੰ ਹੀ ਚਲਾ ਜਾਈਂ।'' ਲੜਕਾ ਕਥਾ 'ਚ ਚਲਾ ਗਿਆ। ਲੜਕੇ ਨੇ ਉੱਥੇ ਸੁਣਿਆ ਕਿ ਜੇ ਗਾਂ-ਗਊ ਕਿਤੇ ਆ ਲੱਗੇ ਦੁਕਾਨ ਤੇ, ਕਿਤੇ ਦਾਣੇ ਆਦਿ ਖਾਣ ਤੇ ਉਹਨੂੰ ਹਟਾਈਏ ਨਾ।'' ਪੰਡਿਤ ਆ ਗਿਆ-ਲੜਕਾ ਕਥਾ ਸੁਣ ਕੇ ਆਇਆ ਸੀ—ਗਊ ਦਾਣੇ ਖਾਣ ਆ ਲੱਗੀ। ਉਹ ਕਹਿੰਦਾ, ''ਉਏ ਮੁੰਡਿਆ, ਤੂੰ ਇਹਨੂੰ ਹਟਾਉਂਦਾ ਨਹੀਂ।''

ਕਹਿੰਦਾ, ''ਪੰਡਿਤ ਜੀ, ਤੁਸੀਂ ਮੈਨੂੰ ਕਥਾ ਸੁਣਨ ਭੇਜਿਆ ਸੀ, ਮੈਂ ਉੱਥੇ ਸੁਣ ਕੇ ਆਇਆ ਹਾਂ, ਕਿ ਇਹਨੂੰ ਹਟਾਉਣਾ ਨਹੀਂ।''

ਕਹਿੰਦਾ, ''ਉਏ ! ਤੇਰੀ ਮੱਤ ਮਾਰੀ ਗਈ, ਮੇਰਾ ਤਾਂ ਤੂੰ ਘਰ ਬਾਹਰ ਹੀ ਰੋਹੜ ਦਿੱਤਾ, ਉਏ ! ਉੱਥੇ ਹੀ ਪੱਲੇ ਝਾੜ ਆਈਏ।''

ਹੱਸਣ ਦੀ ਗੱਲ ਨਹੀਂ, ਰੋਣ ਦੀ ਗੱਲ ਹੈ। ਜੇ ਤੇ ਸੁਣਕੇ, ਪੜ੍ਹਕੇ, ਰੋਜ਼ ਬਾਣੀ ਪੜ੍ਹਦਾ ਹੈ ਆਦਮੀ, ਰੋਜ਼ ਕਥਾ ਕੀਰਤਨ ਸੁਣਦਾ ਹੈ, ਮਾਲਾ ਫੇਰਦਾ ਹੈ-ਜੇ ਤਾਂ ਪੱਲੇ ਹੀ ਝਾੜਦਾ ਹੈ ਤਾਂ ਲੋਕਾਂ ਨੂੰ ਭੇਖ ਦਿਖਾਉਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ,

**ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸਿ ਕੀਨ।।**
**ਅੰਤ ਕਾਲਿ ਕਾਤੀ[੨੪] ਕਟਯੋ ਬਾਸੁ ਨਰਕ ਮੋ ਲੀਨ।।੫੬।।**

*– ਦਸਮ ਗ੍ਰੰਥ, ਪੰਨਾ-੫੮*

## ਆਪਣੀ ਭਲਾਈ ਛੁਪਾਓ

ਜੇ ਲੋਕਾਂ ਵਾਸਤੇ ਨਾਮ ਜਪਦਾ ਹੈ; ਲੋਕਾਂ ਵਾਸਤੇ ਬਾਣੀ ਪੜ੍ਹਦਾ ਹੈ; ਲੋਕਾਂ ਨੂੰ ਦਿਖਾਉਂਦਾ ਹੈਂ, ''ਮੈਂ ਸਿੱਖ ਹਾਂ'', ਲੋਕਾਂ ਨੂੰ ਦਿਖਾਉਂਦਾ ਹੈਂ, ''ਮੈਂ ਸਾਧੂ ਹਾਂ'', ''ਮੈਂ ਪੰਡਿਤ ਹਾਂ''—ਕੁਝ ਨਹੀਂ ਪੱਲੇ ਪੈਂਦਾ। ਕੋਸ਼ਿਸ਼ ਕਰਿਆ ਕਰੋ। ਸਤਿਗੁਰਾਂ ਨੇ ਪਹਿਲੇ ਹੁਕਮਨਾਮੇ ਵਿੱਚ ਲਿਖਿਆ ਹੈ-**ਤੁਸਾਂ ਹਰ ਵਕਤ ਆਪਣੀ ਭਲਾਈ ਛੁਪਾਉਣ ਦੀ ਕਰਨੀ-ਇਉਂ ਨਹੀਂ ਰੌਲਾ**

**ਪਾਉਂਦੇ ਫਿਰਨਾ, ''ਮੈਂ ਅੱਜ ਐਨਾ ਦਾਨ ਦੇ ਦਿੱਤਾ, ਮੈਂ ਫਲਾਣੇ ਦੀ ਸੇਵਾ ਕੀਤੀ, ਮੈਂ ਐਨੀ ਬਾਣੀ ਪੜ੍ਹੀ ਹੈ, ਮੈਂ ਐਨਾ ਭਜਨ ਕਰਿਆ ਹੈ।''**

ਅਸਾਂ ਇਹੋ ਜਿਹੇ ਮਹਾਂਪੁਰਖ ਦੇਖੇ ਹਨ, ਜਿਹੜੇ ਗਿਆਰਾਂ ਵਜੇ ਰਾਤ ਦੇ ਉੱਠ ਕੇ ਇਸ਼ਨਾਨ ਕਰਦੇ ਸਨ ਤੇ ਫੇਰ ਕਦੇ ਕਿਸੇ ਨੂੰ ਪਤਾ ਨਹੀਂ ਸਨ ਲੱਗਣ ਦਿੰਦੇ, ਲੰਗਰ ਦੇ ਦਿਨੇ ਜਾ ਕੇ ਭਾਂਡੇ ਮਾਂਜਦੇ ਸਨ। ਹੁਣ ਮੈਂ ਜਿਹਨਾਂ ਸੰਤਾਂ ਦੀ ਕੱਲ੍ਹ ਤੁਹਾਨੂੰ ਗੱਲ ਕੀਤੀ ਹੈ-ਗੋਪਾਲ ਸਿੰਘ ਹੋਰਾਂ ਦੀ, ਜਿਹਨਾਂ ਦੇ ਕੋਲ ਬੈਠਿਆਂ ਲੋਕਾਂ ਨੂੰ ਗੋਲੀਆਂ ਨਹੀਂ ਵਜੀਆਂ-ਤੁਸੀਂ ਜੇ ਹੁਣ, ਉਹਨਾਂ ਨੂੰ ਜਾ ਕੇ ਦੇਖੋ ਤਾਂ ਸਮਝੋਂ ਮੂਰਖ ਜਿਹਾ ਜੱਟ ਤੁਰਿਆ ਫਿਰਦਾ ਹੈ-ਕਿਸੇ ਨੂੰ ਨਹੀਂ ਪਤਾ, ਇਹ ਸੰਤ ਹਨ-ਭਜਨ ਬਾਣੀ ਕਰਦੇ ਹਨ। ਦਿਖਾਵੇ ਵਾਸਤੇ ਨਾ ਕਰੋ-ਭੇਖ ਨਾ ਬਣਾਓ। ਅਰਦਾਸ ਕਰੋ ਸਤਿਗੁਰੂ ਅੱਗੇ —ਭਿਆਨਕ ਸਮਾਂ ਆ ਰਿਹਾ ਹੈ, ਬਚਾਅ ਕਰ ਸਾਡਾ - ਤੇਰੀ ਯਾਦ ਨਾ ਭੁੱਲੇ। ਜੇ ਉਹਦੀ ਅੰਦਰ ਯਾਦ ਰਹੇ ਫੇਰ ਕੋਈ ਚੀਜ਼ ਨਹੀਂ ਨੁਕਸਾਨ ਪਹੁੰਚਾ ਸਕਦੀ। ਚੰਦਰਮਾ ਵੱਲ ਚਕੋਰ ਦੇਖਦਾ ਰਹਿੰਦਾ ਹੈ, ਉਹਦੇ ਦੇਖਣ ਦਾ ਫਲ ਇਹ ਹੈ ਕਿ ਚੰਦਰਮਾ ਦੀ ਠੰਡ ਉਹਦੇ ਅੰਦਰ ਆ ਜਾਂਦੀ ਹੈ। ਚਕੋਰ ਦੇ ਅੱਗੇ ਅੰਗਿਆਰੀਆਂ ਧਰ ਦਿਓ-ਬੇਸ਼ਕ ਅਜ਼ਮਾ ਲਓ-ਉਹ ਖਾ ਜਾਂਦਾ ਹੈ, ਉਹਨੂੰ ਸੇਕ ਨਹੀਂ ਲਗਦਾ, ਚੰਦਰਮਾ ਦੀ ਠੰਡ ਉਹਦੇ ਅੰਦਰ ਆਉਂਦੀ ਹੈ। ਨਾਮ ਜਪਕੇ-ਜੇ ਸਤਿਗੁਰੂ ਦੇ ਚਰਨਾਂ ਦਾ ਧਿਆਨ ਲਾ ਕੇ, ਤੁਸੀਂ ਨਾਮ ਜਪੋਗੇ, ਬਾਣੀ ਪੜ੍ਹੋਗੇ, ਸਤਿਗੁਰੂ ਨੂੰ ਅੰਦਰ ਵਸਾਓਗੇ-ਫਿਰ ਕੋਈ ਚੀਜ਼ ਤੁਹਾਡਾ ਵਾਲ ਨਹੀਂ ਵਿੰਗਾ ਕਰ ਸਕਦੀ। ਕਿਸੇ ਕਵੀ ਨੇ ਲਿਖਿਆ ਹੈ :-

*ਜਾਕੋ ਰਾਖੈ ਸਾਂਵਰਾ ਮਾਰ ਨ ਸਾਕੈ ਕੋਇ।*
*ਬਾਲ ਨ ਬਾਂਕਾ ਕਰ ਸਕੇ ਭਾਂਵੇ ਸਭ ਜਗ ਬੈਰੀ ਹੋਇ।*

ਗੁਰੂ ਸਾਹਿਬ ਭੱਟਾਂ ਦੀ ਜ਼ਬਾਨੀ ਲਿਖਦੇ ਹਨ :-

**ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਈ।**

*- ਪੰਨਾ-੧੩੯੯*

ਲੱਖ ਬਾਂਹ ਵੀ ਕੁਝ ਨਹੀਂ ਕਰ ਸਕਦੀ। ਐਵੇਂ ਹੀ ਨਹੀਂ ਗੁਰੂ ਗੋਬਿੰਦ ਸਿੰਘ ਦੇ ਸਿੱਖ ਅੰਮ੍ਰਿਤ ਛਕ ਕੇ; ਗੁਰੂ ਤੇ ਸ਼ਰਧਾ ਕਰਨ ਵਾਲੇ, ਸਵਾ ਲੱਖ ਨਾਲ ਲੜਦੇ ਸੀ-ਸਤਿਗੁਰੂ ਵੱਲ ਸੀ—ਉਹਨਾਂ ਦੇ। ਅਸੀਂ ਵੀ ਅਰਦਾਸ ਕਰੀਏ, ਸਾਡੇ ਤੇ ਸਤਿਗੁਰੂ ਬਖਸ਼ਿਸ਼ ਕਰਨ, ਸਾਡੇ ਉੱਤੇ ਮਿਹਰ ਕਰਨ, ਸਾਨੂੰ ਆਪਣੇ ਵੱਲ ਲਾਉਣ। ਅਸੀਂ ਜਿਸ ਤਰ੍ਹਾਂ ਇੱਕ ਦੁਕਾਨ ਤੇ ਬੈਠਦੇ ਹਾਂ, ਅਜ ਜਦੋਂ ਦਸ ਰੁਪਏ ਕਮਾਉਂਦੇ ਹਾਂ, ਕੱਲ੍ਹ ਨੂੰ ਚਿਤ 'ਚ ਆਉਂਦਾ ਹੈ ਬਈ, ਬਾਰਾਂ ਕਮਾਈਏ, ਅਗਲੇ ਦਿਨ ਚਾਹੁੰਦੇ ਹਾਂ-ਪੰਜਾਹ ਕਮਾਈਏ, ਸੌ ਕਮਾਈਏ। ਮਹਾਰਾਜ ਕਹਿੰਦੇ ਹਨ-

**ਸਹਸ ਖਟੇ ਲਖ ਕਉ ਉਠਿ ਧਾਵੈ।**

*- ਗਉੜੀ ਮ: ੫, ਪੰਨਾ-੨੭੯*

ਏਧਰ ਭੀ ਝਾਕਿਆ ਕਰੋ, ਇੱਕ ਘੰਟਾ ਬੈਠੇ ਹਾਂ-ਦੋ ਘੰਟੇ ? ਮੈਂ ਇੱਕ ਗੱਲ ਕਹਿ ਕੇ ਸਮਾਪਤ ਕਰਦਾ ਹਾਂ। ਅੰਬਰੀਕ ਜੀ ਦਾ ਪ੍ਰਸੰਗ, ਸੰਤਾਂ ਮੈਨੂੰ ਸੁਣਾਇਆ।

## ਰਾਜਾ ਅੰਬਰੀਕ

*ਰਾਜੇ ਅੰਬਰੀਕ ਮੋਹਿ ਬਰਤ ਹੈ ਰਾਤ ਭਈ ਦੁਰਭਾਸ਼ਾ ਆਇਆ।*

*- ਭਾਈ ਗੁਰਦਾਸ*

ਅੰਬਰੀਕ ਰਾਜੇ ਦੀ ਕਥਾ ਇਸ ਤਰ੍ਹਾਂ ਲਿਖੀ ਹੈ, ਕਿ ਉਹ ਦਿਨ ਦੇ ਵਕਤ ਰਾਜ ਦਾ ਕੰਮ ਕਰਦੇ—ਅਜ ਕੱਲ੍ਹ ਦੇ ਵਰਗਾ ਰਾਜ ਤਾਂ ਨਹੀਂ ਸੀ, ਇਹ ਮੇਰੇ ਮਾਮੇ ਦਾ ਪੁੱਤ ਹੈ, ਇਹਨੂੰ ਮੈਂ ਲੋਹੇ ਦਾ ਦੇ ਦਿਆਂ ਕੋਟਾ-–ਰਾਤ ਨੂੰ ਬੀਰ ਯਾਤਰਾ ਕਰਦੇ, ਭੇਸ ਬਦਲ ਕੇ ਫਿਰਦੇ, ਲੋਕਾਂ ਵਿੱਚ ਜਾ ਕੇ, ਲੋਕਾਂ ਦੀਆਂ ਗੱਲਾਂ ਸੁਣਦੇ, ਉਨ੍ਹਾਂ ਦਾ ਦੁੱਖ ਸੁਣਦੇ-ਦਿਨੇ ਉਹਨਾਂ ਦਾ ਨਵਿਰਤ ਕਰਦੇ। ਰਾਤ ਨੂੰ ਅੰਬਰੀਕ ਜੀ ਨੇ ਸ਼ੁਰੂ ਕੀਤਾ, ਪਹਿਲਾਂ ਇੱਕ ਘੰਟਾ, ਇੱਕ ਘੜੀ-ਘੰਟੇ ਤੇ ਹੁਣ ਬਣ ਗਏ ਹਨ, ਇੱਕੋ ਹੀ ਚੀਜ਼ ਹੈ ਕੁਝ ਮੰਨ ਲਉ—ਇੱਕ ਘੜੀ ਰੋਜ਼ ਮਾਤਾ ਨੇ, ਰਾਣੀ ਜਿਹੜੀ ਸੀ ਉਹਨਾਂ ਨੇ ਵੀ ਬੈਠਣਾ, ਰਾਜੇ ਨੇ ਵੀ ਬੈਠਣਾ-ਦੋ ਘੜੀਆਂ, ਚਾਰ ਘੜੀਆਂ, ਇੱਕ

ਪਹਿਰ, ਦੋ ਪਹਿਰ, ਤਿੰਨ ਪਹਿਰ, ਸਾਢੇ ਤਿੰਨ ਪਹਿਰ, ਪੌਣੇ ਚਾਰ ਪਹਿਰ ਰਾਤ ਦੇ। ਇੱਕ ਘੜੀ ਵਕਤ ਰਹਿ ਗਿਆ ਵਾਧੂ ਤੇ ਆਖਦੇ ਨੇ, ''ਕਰਮਾਂ ਵਾਲੀਏ ਇਹ ਘੜੀ ਵੀ ਕੀ ਸੌਂ ਕੇ ਬਣਾਉਣਾ ਹੈ।''

ਕਹਿੰਦੀ ਹੈ, ''ਜੀ ਨੀਂਦ ਆਉਂਦੀ ਹੈ।''

ਕਹਿੰਦੇ, ''ਲਿਆ ਫਿਰ ਚੱਕੀ ਪੀਹਣ ਲੱਗ ਪਈਏ, ਨੀਂਦ ਨਾ ਆਵੇ ਤੇ ਨਾਮ ਜਪੀਏ।''

ਜਿਸ ਵੇਲੇ ਚੱਕੀ ਰੱਖ ਕੇ ਲੱਗੇ ਨਾਮ ਜਪਣ, ਸਤਿਗੁਰੂ ਅਕਾਲ ਪੁਰਖ ਨੇ ਬਾਂਹ ਆ ਕੇ ਫੜ ਲਈ।

ਇਹ ਰਾਜਿਆਂ ਦੀ ਹਾਲਤ ਹੈ-ਉਸ ਵੇਲੇ ਦੀ। ਅਸੀਂ ਹੁਣ ਸੰਤ ਬਣਦੇ ਹਾਂ, ਸਾਧੂ ਬਣਦੇ ਹਾਂ-ਮੱਥੇ ਟਿਕਾਉਂਦੇ ਹਾਂ, ਭਗਤ ਬਣਦੇ ਹਾਂ, ਆਪਣੇ ਆਪ 'ਚ ਬੜਾ ਕੁਝ ਕਹਿੰਦੇ ਹਾਂ-ਅਸੀਂ ਕਿੰਨਾ ਕੁ ਜਾਗਦੇ ਹਾਂ, ਅਸੀਂ ਕਿੰਨਾ ਕੁ ਜਪਦੇ ਹਾਂ ?

ਭਾਈ ਗੁਰਦਾਸ ਕਹਿੰਦੇ ਹਨ :-

– *ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜੋ ਹੀ ਖਾਵੈ।*

*– ਵਾਰ-੧੨, ਪਉੜੀ-੪*

– *ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ*[25] *ਉਠਿ ਬਹੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤੁ ਵੇਲੈ ਸਰਿ ਨਾਵੰਦੇ।*

*– ਵਾਰ-੧੨, ਪਉੜੀ-੨*

ਸਣੇ ਕੇਸੀਂ ਇਸ਼ਨਾਨ—ਗੁਰੂ ਜੀ ਕਹਿੰਦੇ ਹਨ :-

**ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ।**

*– ਸਲੋਕ ਮ: ੧, ਪੰਨਾ-੧੫੦*

ਨਾਮਧਾਰੀ ਲੜਕਿਓ-ਗੁਰੂ ਬਾਲਕ ਸਿੰਘ ਜੀ ਨੇ ਹੁਕਮ ਦਿੱਤਾ ਹੈ, ਕਿ ਜਿਹੜਾ ਸਿੱਖ ਸਣੇ ਕੇਸੀਂ ਇਸ਼ਨਾਨ ਕੀਤੇ ਤੋਂ ਬਗੈਰ ਆਸਾ ਦੀ ਵਾਰ ਲਾਉਂਦਾ ਹੈ, ਪੜ੍ਹਦਾ ਹੈ ਜਾਂ ਸੁਣਦਾ ਹੈ, ਉਸ ਨੂੰ ਪਾਪ ਲਗਦਾ ਹੈ, ਕਿਉਂਕਿ ਗੁਰੂ ਨਾਨਕ ਨੇ ਜੋ ਲਿਖਿਐ,

**ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ।**

– *ਅੰਮ੍ਰਿਤ ਵੇਲੈ ਸਰਿ ਨਾਵੰਦੇ।*

ਹੁਣ ਤਕ-ਹੁਣ ਨਹੀਂ ਮੈਂ ਕਹਿ ਸਕਦਾ, ਕਿਉਂਕਿ ਮੈਨੂੰ ਵਕਤ ਬਹੁਤ ਘੱਟ ਮਿਲਿਆ ਹੈ—ਜਾਣ ਦਾ, ਜਦੋਂ ਤੋਂ ਕੁਝ ਆਪਸ ਵਿੱਚ ਰੌਲਾ ਅਕਾਲੀ-ਨਾਮਧਾਰੀਆਂ ਦਾ ਪਿਆ—ਨਿਹੰਗ ਸੋਟੇ ਫੜ ਕੇ ਫਿਰਦੇ ਰਹਿੰਦੇ ਸੀ ਅੰਮ੍ਰਿਤਸਰ ਦੇ ਤਲਾਅ ਦੁਆਲੇ; ਅਸੀਂ ਇਸ਼ਨਾਨ ਕਰਨ ਜਾਂਦੇ ਸਾਂ, ਅਸੀਂ ਤਾਂ ਚੁੱਭੀਆਂ ਮਾਰਦੇ ਸਾਂ ਜੇ ਕੋਈ ਆਦਮੀ ਪੱਗ ਸਣੇ ਵੜ ਜਾਏ ਤਾਂ ਸੋਟਾ ਫੜ ਲੈਂਦੇ ਸੀ, ਕਹਿੰਦੇ, ''ਓਏ ਕਾਫਰਾ, ਉਹ ਕੱਚਿਆ ਪਿਲਿਆ ਇਹ ਕੇਸਾਂ 'ਚ ਪਾਣੀ ਨਹੀਂ ਪਾਉਂਦਾ, ਤੂੰ ਤਲਾਅ 'ਚ ਆਇਆ ਹੈ।''

ਸਣੇ ਕੇਸੀਂ ਇਸ਼ਨਾਨ-ਸਾਹਿਬ ਗੁਰੂ ਗੋਬਿੰਦ ਸਿੰਘ ਦਾ ਪੜ੍ਹੋ ਇਤਿਹਾਸ। ਦਿਵਾਨ ਨੰਦ ਲਾਲ ਕਦੇ ਕਹਿੰਦਾ ਹੈ-

*ਦੀਨੋ ਦੁਨੀਆ, ਦਰ ਕਮੰਦਿ ਆਂ ਪਰੀ ਰੁਖ਼ਸਾਰਿ ਮਾ।।*
*ਹਰ ਦੋ ਆਲਮ, ਕੀਮਤਿ ਯਕ ਤਾਰਿ ਮੂਏ ਯਾਰਿ ਮਾ।।੧।।*

*– ਗ਼ਜ਼ਲ-੨*

ਤੇਰੇ ਐਥੋਂ (ਮੱਥੇ) ਦੀ ਜਿਹੜੀ ਰੁਖਸਾਰ—ਕੇਸ ਦੀ ਆਈ ਹੋਈ ਹੈ ਨ, ਦੋਵੇਂ ਜਹਾਨ ਇਹਦੇ 'ਚ ਬੱਧੇ ਹੋਏ ਨੇਂ। ਫੇਰ ਕਹਿੰਦਾ ਹੁੰਦਾ ਹੈਜ਼

*ਸੁੰਬਲਿ[੨੬] ਜ਼ੁਲਫ਼ਿ ਤੋ, ਦਿਲ ਰਾ ਬੁਰਦਾ[੨੭] ਅਸਤ।*
*ਆਂ ਲਬਿ ਲਾਅਲਿ ਤੋ ਜ਼ਾਂ[੨੮] ਬਾਸ਼ਦ ਲਜ਼ੀਜ਼।।੪।।*

*– ਗ਼ਜ਼ਲ-੩੪*

ਸੁੰਬਲਿ, ਇੱਕ ਘਾਹ ਹੁੰਦਾ ਹੈ-ਛੱਲਿਆਂ ਵਾਲਾ। ਕਹਿੰਦਾ ਹੈ, ''ਮੇਰੇ ਦਿਲ ਨੂੰ ਇਸ ਨੇ ਫੜ ਲਿਆ ਹੈ।'' ਕਿਉਂ ਕਹਿੰਦਾ ਸੀ ਨੰਦ ਲਾਲ—ਗੁਰੂ ਸਾਹਿਬ ਰੋਜ਼ ਸਣੇ ਕੇਸੀ ਇਸ਼ਨਾਨ ਕਰਦੇ ਸਨ, ਜੰਗ ਵਿੱਚ ਵੀ ਕਰਦੇ ਸਨ। ਆਸਾ ਦੀ ਵਾਰ ਦਾ ਕੀਰਤਨ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਕਰਾਉਂਦੇ ਸਨ। ਸਵਾ ਪਹਿਰ ਰਾਤ ਦਾ ਇਸ਼ਨਾਨ, ਸਣੇ ਕੇਸੀਂ, ਗੁਰੂ ਜੀ ਕਹਿੰਦੇ ਨੇ-

*ਮੇਰਾ ਸੋ ਜੋ ਰਹਿਤ ਰਹਾਵੇ। ਪਹਿਰ ਰਾਤ ਇਸ਼ਨਾਨ ਕਰਾਵੇ।*

ਫੇਰ-

*ਜਾਮ ਜਾਮਨੀ ਮਜੈ ਆਛੈ। ਜਲ ਲੇਹੋ ਮੂਤਰ ਕੇ ਪਾਛੈ।*

**ਮੂਤ ਪਲੀਤੀ ਕਪੜੁ ਹੋਇ।**

ਰੋਜ਼ ਨਾਲੇ ਤੇ ਪੜ੍ਹ ਲੈਣਾ ਜਪੁ ਸਾਹਿਬ—

**ਦੇ ਸਾਬੂਣੁ ਲਈਐ ਓਹੁ ਧੋਇ।**

—ਨਾਲੇ ਅੱਧਾ ਬਾਹਰ, ਅੱਧਾ ਅੰਦਰ। ਜਿਹਨਾਂ ਦੇ ਤਾਂ ਪੈਂਟ ਪਾਈ ਹੁੰਦੀ ਹੈ, ਉਹ ਖੜੋ ਕੇ ਹੀ ਮੂਤਦੇ ਨੇ, ਗੋਡਿਆਂ ਤਕ ਛਿੱਟੇ ਜਿੰਨੇ ਮਰਜ਼ੀ ਹੈ ਪੈ ਜਾਣ। ਇਹ ਕੂਕਿਆਂ ਦਾ ਲਿਖਿਆ ਹੋਇਆ ਨਹੀਂ-ਜਲ ਲੇਹੋ ਮੂਤਰ ਕੇ ਪਾਛੇ-ਇਹ ਗੁਰੂ ਗੋਬਿੰਦ ਸਿੰਘ ਨੇ ਲਿਖਿਆ ਹੈ। ਭਾਈ ਰਹਿਤ ਰੱਖੋ, ਨਾਮ ਜਪੋ, ਬਾਣੀ ਪੜ੍ਹੋ, ਔਰ ਇਸ ਗੱਲ ਦਾ ਖਿਆਲ ਰੱਖੋ, ਕਿ ਤੁਸੀਂ ਘੰਟਾ ਇੱਥੇ ਆ ਕੇ ਕੋਈ ਬਹਾਨਾ ਨਾ ਬਣਾਓ। ਕਿਸੇ ਨੇ ਕਹਿਣਾ ਹੈ–ਜੀ ਮੈਨੂੰ ਫਲਾਣਾ ਕੰਮ ਸੀ ਤਾਂ ਤੁਰ ਗਿਆ। ਜਿਦਣ ਵਿਆਹਾਂ ਵਿੱਚ ਲੋਕਾਂ ਦੇ ਜਾਂਦੇ ਹੋ, ਜਿਦਣ ਕਿਸੇ ਦੇ ਰੋਟੀ ਖਾਣ ਜਾਂਦੇ ਹੋ, ਜਿਦਣ ਕੋਈ ਖੇਡ ਦੇਖਣ ਜਾਂਦੇ ਹੋ-ਉਸ ਵੇਲੇ ਨਹੀਂ ਛੱਡ ਕੇ ਤੁਰ ਜਾਂਦੇ। ਸਤਿਗੁਰੂ ਨੇ ਕਿਹਾ ਹੈ,

**ਅਬ ਕਲੂ[੭੯] ਆਇਓ ਰੇ।। ਇਕੁ ਨਾਮੁ ਬੋਵਹੁ[੮੦] ਬੋਵਹੁ।।**
**ਅਨ[੮੧] ਰੂਤਿ[੮੨] ਨਾਹੀ ਨਾਹੀ।।ਮਤੁ ਭਰਮਿ ਭੂਲਹੁ ਭੂਲਹੁ।।**
**ਗੁਰ ਮਿਲੇ ਹਰਿ ਪਾਏ।। ਜਿਸੁ ਮਸਤਕਿ ਹੈ ਲੇਖਾ।।**
**ਮਨ[੮੩] ਰੁਤਿ ਨਾਮ[੮੪] ਰੇ।।**

*– ਬਸੰਤ ਮ: ੫ ਪੰਨਾ – ੧੧੮੫*

ਕਲਯੁੱਗ ਹੈ, ਬਗੈਰ ਇਸ ਚੀਜ਼ ਤੋਂ ਨਹੀਂ ਬਚਾਅ ਹੋ ਸਕਦਾ। ਸੱਜਣੋਂ ਪਿਆਰਿਓ ! ਨਾਮ ਸਤਿਗੁਰੂ ਦਾ ਹੈ। ਉਹ ਚੀਜ਼, ਗੁਰੂ ਨਾਨਕ ਨੇ ਜਿਹਦੇ ਤੇ ਐਨੀ ਮਿਹਨਤ ਕੀਤੀ ਹੈ, ਕਿ ਇੱਕ-ਇੱਕ ਅੱਖਰ ਨੂੰ ਨੌਂ-ਨੌਂ ਜੁਗ ਅਰਾਧਿਆ; ਚਾਰ ਅੱਖਰਾਂ ਨੂੰ ਇਕੱਠੇ ਕਰਕੇ ਚਾਰ ਜੁਗ ਅਰਾਧਿਆ–-ਚਾਲੀ ਜੁਗ ਮਿਹਨਤ ਕਰਕੇ ਸਤਿਗੁਰਾਂ ਲਿਆ ਕੇ-ਜਿਹੜਾ ਇੱਕ ਵੈਦ ਦਸ ਪੁੱਠਾਂ ਦਵਾਈ ਨੂੰ ਦੇ ਦਿੰਦਾ ਹੈ, ਉਹ ਕਹਿੰਦਾ ਹੈ—ਮੇਰੀ ਦਸ ਪੁੱਠਾਂ ਵਾਲੀ—ਮੇਰੀ ਸੌ ਪੁੱਠਾਂ ਵਾਲੀ ਦਵਾਈ ਹੈ—ਮੈਂ ਇੱਕ ਰੱਤੀ ਦੇ ਦਿਆਂ ਤਾਂ

ਤਾਪ ਨਹੀਂ ਛਡਦੀ—ਤੇ ਜਿਹਨੇ ਚਾਲੀ ਜੁਗ ਪੁੱਠ ਦਿੱਤੀ ਹੈ।

ਪੜ੍ਹੋ ਇਤਿਹਾਸ,★੫ ਗੁਰੂ ਗੋਬਿੰਦ ਸਿੰਘ ਸਾਹਿਬ ਪੰਜਾਬ ਤੋਂ ਨੰਦੇੜ ਨੂੰ ਆ ਰਹੇ ਹਨ। ਰਸਤੇ ਵਿੱਚ ਨਰਾਇਣ ਦਾਸ ਜੀ ਸਾਧੂ ਮਿਲਦੇ ਹਨ। ਸਾਹਿਬਾਂ ਨੂੰ ਪੁੱਛਦੇ ਹਨ, ''ਸੱਚੇ ਪਾਤਿਸ਼ਾਹ, ਕਿਸ ਪਾਸੇ ਦੀ ਤਿਆਰੀ ਹੈ?''

ਕਹਿੰਦੇ ਨੇ, ''ਹਮ ਜਾਵਹਿਗੇ ਨਾਂਦੇੜ ਤਰਫ਼।''

''ਮਹਾਰਾਜ ਉੱਥੇ ਨਾ ਜਾਣਾ, ਉੱਥੇ ਲਛਮਨ ਬਾਲਾ ਇੱਕ ਸਿੱਧ ਰਹਿੰਦਾ ਹੈ, ਉਹ ਮਹਾਰਾਜ ਸਾਧੂਆਂ ਦੀ ਸੰਤਾਂ ਦੀ ਬੜੀ ਬੇਇਜ਼ਤੀ ਕਰਦਾ ਹੈ-ਉਹ ਮੰਜਾ ਪੁੱਠਾ ਕਰ ਦਿੰਦਾ ਹੈ।''

ਗੁਰੂ ਗੋਬਿੰਦ ਸਿੰਘ ਕਹਿੰਦੇ ਨੇ, ''ਓ ਭੋਲਿਆ ਸਾਧਾ, ਓਏ ਸਾਨੂੰ ਗੁਰੂ ਨਾਨਕ ਦਾ ਚਾਰ ਅੱਖਰ ਦਾ ਇੱਕ ਮੰਤਰ ਦਿੱਤਾ ਹੈ, ਜਿਹੜਾ ਮੰਤਰਾਂ ਦਾ ਸਿਰ ਮੰਤਰ ਹੈ, ਜਿਹਦੇ ਅੱਗੇ ਸਭ ਚੀਜ਼ ਹੇਚ ਹੋ ਜਾਂਦੀ ਹੈ, ਉੱਥੇ ਕੋਈ ਚੀਜ਼ ਅੱਗੇ ਨਹੀਂ ਅੜਦੀ।'' ਉਹ ਗੁਰੂ ਗੋਬਿੰਦ ਸਿੰਘ ਉਸ ਦੇ ਮੰਜੇ ਤੇ ਬੈਠਦਾ ਹੈ। ਉਹ ਆਪਣਾ ਜ਼ੋਰ ਲਾ ਕੇ ਫਿਰ ਕਹਿੰਦੈ—ਬੰਦਾ ਹੂੰ ਮੈਂ ਆਪ ਕਾ ਗੁਰੂ ਜੀ ਰੱਖ ਲੀਜੀਐ।

ਜਿਸ ਚੀਜ਼ ਦੇ ਅੱਗੇ ਕੋਈ ਜੰਤਰ, ਕੋਈ ਮੰਤਰ, ਕੋਈ ਤੰਤਰ, ਕੋਈ ਚੀਜ਼ ਨਹੀਂ ਪੁਗਦੀ-ਉਹ ਸਤਿਗੁਰਾਂ ਨੇ ਮਿਹਨਤ ਕਰਕੇ ਬਣੀ ਬਣਾਈ ਚੀਜ਼ ਸਿੱਖੋ ਤੁਹਾਨੂੰ ਦਿੱਤੀ ਹੈ, ਜੇ ਤੁਸੀਂ ਹੁਣ ਵੀ ਐਡੀ ਕਿਸਮਤ ਵਾਲੇ, ਜੇ ਇਹਦਾ ਧਿਆਨ ਨਾ ਕਰੋ ਤਾਂ ਫਿਰ ਸਾਡੇ ਜਿੱਡਾ ਬਦਕਿਸਮਤ ਕੌਣ ਹੈ ? ਬਸ, ਮੈਂ ਹੁਣ ਇੱਥੇ ਭੋਗ ਪਾ ਕੇ ਹੁਣ ਨਿਤਨੇਮ ਦਾ ਆਰੰਭ, ਅਰਦਾਸ ਹੋ ਕੇ ਹੋਣਾ ਹੈ। ਉਸ ਤੋਂ ਬਾਅਦ ਜਿਸ ਤਰ੍ਹਾਂ ਰਜ਼ਾ ਹੈ, ਓਵੇਂ ਕਰ ਲਉ।

ਮੰਗਲਦਾਸ ਜੀ ਇਹ ਕਹਿੰਦੇ ਨੇ, ਇੱਥੋਂ ਵਾਲੇ ਮਹਾਤਮਾ, ਇਸ ਜਗ੍ਹਾ ਵਾਲੇ —ਸਾਡੇ ਹੀ ਸਾਥੀ, ਕਿ ਅਸੀਂ ਵੀ ਜਗ੍ਹਾ ਵਾਲਿਆਂ ਦੇ ਨਾਲ ਦੇ ਹੀ ਹਾਂ, ਨਾ ਮੰਨੀਏ, ਆਪਣੇ ਆਪ ਨੂੰ ਭਾਂਵੇ ਕੁਝ ਮੰਨੀਏ—ਇਨਾਂ ਦੀ ਮਰਜ਼ੀ ਇਹ ਹੈ ਬਈ, ਆਸਾ ਦੀ ਵਾਰ ਦਾ ਕੀਰਤਨ ਵੀ ਤੜਕੇ

ਏਥੇ ਹੀ ਹੋਵੇ। ਇਹ ਮੈਂ ਅਰਜ਼ ਜ਼ਰੂਰ ਕਰਾਂਗਾ ਬਈ, ਪੰਜ ਵਜੇ ਤੋਂ ਸਵਾ ਛੇ ਵਜੇ ਤੱਕ ਦਰਵਾਜੇ ਬੰਦ ਹੋ ਜਾਣਗੇ, ਸਾਧ-ਸੰਗਤ ਦਰਸ਼ਨ ਜਿਨ੍ਹਾ ਨੇ ਦੇਣਾ ਪਹਿਲਾਂ ਦੇਵੇ, ਓਦੂੰ ਬਾਅਦ ਅਸੀਂ ਫੇਰ ਖੋਲ੍ਹ, ਦਿਆਂਗੇ ਜਦੋਂ ਭੋਗ ਪੈ ਜਾਏ। ਪਹਿਲਾਂ ਸਾਧ-ਸੰਗਤ ਆ ਕੇ ਦਰਸ਼ਨ ਦੇਵੇ, ਕਿਓਂਕਿ ਇਹ ਇੱਕ ਚੀਜ਼ ਹੈ, ਇਹ ਮਨ ਤੇ ਐਸਾ ਹੀ ਹੈ-ਮਹਾਰਾਜ ਨੇ ਇਸ ਨੂੰ ਕਿਹਾ ਹੈ।

**ਵਸਿ ਆਣਿਹੁ ਵੇ ਜਨ ਇਸੁ ਮਨ ਕਉ,**
**ਮਨੁ ਬਾਸੇ ਜਿਉ ਨਿਤ ਭਉਦਿਆ**

*- ਸੂਹੀ ਛੰਤ ਮ: ੪, ਪੰਨਾ-੭੭੬*

ਬਾਸ਼ਾ ਇੱਕ ਜਾਨਵਰ ਹੈ, ਉਹ ਉੱਡਦਾ ਬੜਾ ਗੋਲ-ਗੋਲ ਚੱਕਰ ਲਾਉਂਦਾ ਰਹਿੰਦਾ ਹੈ। ਕੋਈ ਘੰਟਾ ਇੱਕ, ਸਵਾ ਘੰਟਾ ਤੇ ਕੀਰਤਨ 'ਚ- ਮੱਥਾ ਟੇਕਣ ਵਾਲਾ ਆ ਗਿਆ, ਓਧਰ ਬੱਚੇ ਆ ਗਏ, ਓਧਰ ਦਰਵਾਜ਼ਾ ਖੁਲ੍ਹ ਗਿਆ, ਓਧਰ ਕੁਝ ਹੋ ਗਿਆ-ਉਹ ਇੱਕ ਘੰਟਾ-ਸਵਾ ਘੰਟਾਂ ਤੇ ਬੈਠ ਕੇ ਕੀਰਤਨ ਦਾ ਵੀ ਅਖੰਡ ਆਨੰਦ ਲਵੋ।

**ਨਿਰਬਾਣ ਕੀਰਤਨੁ ਗਾਵਹੁ**
**ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ।।੧।।**

*- ਸੂਹੀ ਮ: ੫, ਪੰਨਾ-੭੪੭*

ਤਾਂ ਸਾਧ-ਸੰਗਤ ਅੱਗੇ ਅਰਜ਼ ਹੈ, ਕੀਰਤਨ ਤੇ ਚਾਰ ਵਜੇ ਹੀ ਉਮੀਦ ਰਖਦੇ ਹਾਂ ਕਿ ਸ਼ੁਰੂ ਕਰਨਗੇ, ਸਾਡੇ ਜੱਥੇਦਾਰ ਹੋਰੀਂ, ਦੋ ਚਾਰ ਮਿੰਟ ਦਾ ਫਰਕ ਭਾਵੇਂ ਪਵੇ। ਸਾਧ-ਸੰਗਤ ਪੰਜ ਵਜੇ ਤਕ ਸਾਰੇ ਕਿਰਪਾ ਕਰ ਦੇਣ ਤੇ ਪੰਜ ਵਜੇ ਆ ਜਾਣ; ਪੰਜ ਵਜੇ ਤੋਂ ਸਵਾ ਛੇ ਜਾਂ ਸਾਢੇ ਛੇ ਡੇਢ ਘੰਟਾ ਫਿਰ ਦਰਵਾਜ਼ੇ ਬੰਦ ਰਹਿਣਗੇ।

**ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ।।**
**ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣਤਾਸ।।**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ।।**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ।।**

ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨ ਹਾਰ।।
ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ।।
ਹੇ ਠਾਕੁਰ ਹਉ ਦਾਸਰੋ, ਮੈ ਨਿਰਗੁਨ ਗੁਨੁ ਨਹੀ ਕੋਇ।।
ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।

– ਪੰਨਾ-੨੬੧

– ਜਾਹੀ ਕੁਲ ਤੇ ਪ੍ਰਗਟ ਹੋਏ ਤਾਹੀਂ ਕੁਲ ਕੋ ਨਾਮ।
ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪਰਨਾਮ।।

## ਟਿੱਪਣੀਆਂ

★**੧** ਅਵਤਾਰ-ਗ੍ਰੰਥ ਕਾਰਾਂ ਨੇ ਛੇ ਤਰ੍ਹਾਂ ਦੇ ਅਵਤਾਰ ਮੰਨੇ ਹਨ :

੧. ਅੰਸਾ—ਜਿਸ ਵਿੱਚ ਸਾਰੀਆਂ ਕਲਾਂ ਨਾ ਹੋਣ
੨. ਅਵੇਸ਼ਾ-ਪਰਵੇਸ਼ ਹੋਇਆ
੩. ਨਿਤਯ-ਸਦਾ ਰਹਿਣ ਵਾਲਾ
੪. ਨਮਿੱਤ-ਕਿਸੇ ਕਾਰਨ ਕਰਕੇ ਅਵਤਾਰ ਧਾਰਨਾ
੫. ਪੂਰਨ-ਪੂਰਾ
੬. ਪੂਰਣਤਮ-ਸਰਬਕਲਾ ਧੰਪੂਰਨ।

★**੨** **ਸ੍ਰੀ ਗੁਰੂ ਪ੍ਰਤਾਪ ਸੂਰਜ** – ਪੰਨਾ ੪੯੪੬

*ਦੋਹਰਾ।। ਪੰਚ ਪਹਿਰ ਲੌ ਕਿਤਿਕ ਦਿਨ ਕਰਿ ਕੈ ਹਮਨ ਪ੍ਰਕਾਰ।*
*ਸਵਾ ਪਹਿਰ ਕੋ ਨੇਮ ਪੁਨ ਕੀਨਿਸਿ ਬਿੱਪ੍ਰ ਉਚਾਰਿ।।੧।।*
*ਚੌਪਈ।। ਸ੍ਰੀ ਪ੍ਰਭੁ ! ਕਿਰਤ ਘਨੀ ਇਹ ਜਾਨੋ। ਲਾਖਹੁੰ ਪਰੈਂ ਅਹੂਤੀ ਮਾਨੋ।*
*ਇਤੋ ਬਿਖਮ ਤਪੁ ਕਰੀਅਹਿ ਨਾਹਿ ਨ। ਸਨੇ ਸਨੇ ਪੁਰਵਹੁ ਨਿਜ ਚਾਹਿਨ।।੨।।*
*ਪੁਨ ਸਤਿ ਗੁਰ ਕਰਿ ਸੌਚ ਸ਼ਨਾਨ। ਸਵਾ ਪਹਿਰ ਬੈਠੈਂ ਇਕ ਥਾਨ।*
*ਪਰੈ ਅਹੂਤੀ ਜੇਤਿਕ ਜਬੈ। ਮੰਤ੍ਰ ਪਠਨ ਕਰਿ ਹੋਮਹਿੰ ਤਬੈ।।੩।।*
*ਅਲਪ ਅਹਾਰ ਕਰਹਿੰ ਪ੍ਰਭੁ ਨੀਤ। ਪਾਇਸੁ ਆਦਿ ਸ਼ਾਂਤਕੀ ਚੀਤ।*
*ਨਹਿੰ ਬਹੁ ਬੋਲੈਂ ਨਿਸ ਦਿਨ ਮਾਂਹੀ। ਚਿਤਵੈਂ ਚੰਡੀ ਚਿਤ, ਅਨ ਨਾਂਹੀ।।੪।।*
*ਇਕ ਦਿਨ ਪ੍ਰਭੂ ਪਾਛਲੇ ਜਾਮੂ। ਸੁੱਖਾ ਛਕਿ ਅਫੀਮ ਸੁਖ ਧਾਮੂ।*
*ਸੌਚ ਸ਼ਨਾਨ ਠਾਨਿ ਕਰਿ ਚਹਯੋ। ਪਹਿਰੇ ਬਸਤ੍ਰ ਸ਼ਸਤ੍ਰ, ਬਚ ਕਹਯੋ।।੫।।*
*ਹਯ ਪਰ ਜ਼ੀਨ ਪਾਇ ਤਤਕਾਲਹਿ। ਆਨਹੁੰ ਨਿਕਟ ਅਖੇਰਹਿ ਚਾਲਹਿੰ।*
*ਸੁਨਤਿ ਦਾਸ ਆਨਯੋ ਕਰਿ ਤਯਾਰ। ਤਤਛਿਨ ਭਏ ਪ੍ਰਭੂ ਅਸਵਾਰ।।੬।।*
*ਗਏ ਬਿਪਨ ਕੋ ਗਹਿਵਰ ਜਬੈ। ਜੋਧਾ ਸੰਗ ਹਯਨ ਚਢਿ ਤਬੈ।*
*ਕਰੀ ਅਖੇਰ ਬ੍ਰਿੱਤ ਮ੍ਰਿਗ ਮਾਰੇ। ਜਾਤਿ ਪਲਾਏ ਤੀਰ ਪ੍ਰਹਾਰੇ।।੭।।*
*ਕਾਨਨ ਕੋ ਅਵਿ ਗਾਹਿਨ ਕਰਿਕੈ। ਜੁਰਰੇ ਬਾਜ ਉਡਾਏ ਧਰਿਕੈ।*

ਲਗਰ, ਝਗਰ, ਬਾਸ਼ੇ ਅਰੁ ਸੂਾਨ। ਚੀਤਨ ਕੇ ਕਰਿ ਖੇਲ ਮਹਾਨ।।੮।।
ਘਟਿਕਾ ਦਿਵਸ ਰਹੇ ਤਬਿ ਆਏ। ਆਨੰਦ ਪੁਰਿ ਆਨੰਦ ਉਪਜਾਏ।
ਕਰੇ ਬਿਲੋਕਨਿ ਕੇਸ਼ਵ ਦਾਸ। ਗਨ ਜੀਵਨ ਕੋ ਕੀਨਿ ਬਿਨਾਸ਼।।੯।।
ਕੋਲ ਸਸੇ ਇੱਤਯਾਦਿਕ ਮਾਰੇ। ਤੀਤਰ, ਲਵੇ, ਬਟੇਰ ਪ੍ਰਹਾਰੇ।
ਬੰਧ ਮਤੰਗਨਿ ਪਰ ਲਟਕਾਏ। ਹਯਨਿ ਕੁੰਜ ਕੇ ਭਟ ਗਨ ਲਯਾਏ।।੧੦।।
ਬ੍ਰਿੰਦ ਜੀਵ ਮ੍ਰਿਤੁ ਪੇਖੇ ਜਬੈ। ਕ੍ਰਿਪਾ ਅਧੀਨ ਭਯੋ ਦਿਜ ਤਬੈ।
ਦਰਸ਼ਨ ਕਰਨ ਸਮਾ ਨਿਜ ਜਾਨੇ। ਚਲਿ ਆਯੋ ਸਤਿਗੁਰ ਜਿਸ ਥਾਨੇ।।੧੧।।
ਆਸ਼ਿਖ ਬਾਦ ਉਚਾਰਨਿ ਕਰਯੋ। ਹੁਕਮ ਪਾਇ ਚੌਕੀ ਪਰ ਥਿਰਯੋ।
ਲਖਿ ਅਵਸਰ ਕੋ ਬਾਕ ਬਖਾਨਾ। ਨ੍ਰਿਪ ਕੋ ਸੇਵਨ ਕਠਨ ਮਹਾਨਾ।੧੨।।
ਤਊ ਜਿ ਕੁਛ ਬੂਝਯੋ ਨ੍ਰਿਪ ਚਹੈ। ਮਤਿ ਅਨੁਸਾਰ ਸੁਮਤਿ ਤਬਿ ਕਹੈ।
ਬਿਨਾ ਬੂਝਬੇ ਕਹਨ ਨ ਬਨੇ। ਨਹਿਂ ਸਨਮਾਨਹਿ, ਜੇ ਇਮ ਭਨੇ।।੧੩।।
ਧੀਰ ਪੁਰਸ਼ ਕੀ ਹੈ ਅਸ ਚਾਲ। ਤਊ ਜਿ ਹੁਇ ਉਪਕਾਰ ਬਿਸਾਲ।
ਬਿਨਾ ਬੂਝਬੇ ਬੁੱਧਿਜਨ ਕਹੈ। ਮਾਨਹਿ ਨ੍ਰਿਪ ਕੈਧੌਂ ਨਹਿਂ ਚਹੈ।।੧੪।।
ਮਹਾਂ ਪ੍ਰਯੋਗ ਬਨੇ ਤੁਮ ਕਰਤਾ। ਬਿਘਨ ਨ ਪਰੈ, ਚਹੌਂ ਗਨ ਹਰਤਾ।
ਮੰਗਲ ਆਦਿ ਪੁੰਨ ਬਹੁ ਦਾਨ। ਕਰਿਬੇ ਬਨਹਿਂ ਕਾਜ ਸਿਧ ਠਾਨਿ।।੧੫।।
ਤੁਮ ਗੰਨ ਮ੍ਰਿਗਨਿ ਪੰਛੀਅਨਿ ਘਾਯੋ। ਨਾਹਕ ਹਿੰਸਾ ਕਰਮ ਕਮਾਯੋ।
ਬਡ ਬੁਧਿਵੰਤਨ ਕੇ ਸਿਰਮੋਰ। ਰਿਦੈ ਬਿਚਾਰਹੁ ਹਰਿ ਸਿਰਮੌਰ।।੧੬।।
ਸਭਿ ਜੀਵਨ ਮਹਿਂ ਬਯਾਪਯੋ ਸੋਇ। ਜਿਤਿਕ ਜਗਤ ਦੀਖਤਿ ਸਭਿ ਕੋਇ।
ਹਿੰਸਾ ਕਰਨੀ ਨਾਹਿਨ ਨੀਕੀ। ਜੋ ਤੁਮ ਕਰੀ ਖਗਨਿ ਮ੍ਰਿਗ ਜੀ ਕੀ।।੧੭।।
ਮੈਂ ਚਾਹੋਂ ਹੁਇ ਪੂਰ ਪ੍ਰਯੋਗ। ਨਾਂਹਿ ਤ ਕਰੈਂ ਹਾਸ ਸਭਿ ਲੋਗ।
ਦੇਵਿ ਅਰਾਧਨ ਤਤਪਰ ਰਹੀਅਹਿ। ਜਿਸ ਤੇ ਬਿਦਤਹਿ ਤਿਮ ਤੁਮ ਚਹੀਯਹਿ।।੧੮।।
ਹਿੰਸਾ ਕੇ ਸਮ ਦੋਸ਼ ਨ ਕੋਈ। ਆਗੇ ਜਯੋਂ ਰਾਵਰਿ ਇਛ ਹੋਈ।
ਤਥਾ ਕਰਹੁ ਮਨ, ਸਮੁਝਿ ਬਿਚਾਰਹੁ। ਮਮ ਬਚ ਭਲੋ ਬੁਰੋ ਨਿਰਧਾਰਹੁ।।੧੯।।
ਸੁਨਿ ਕਰਿ ਦਿਜਬਰ ਕੇ ਅਸ ਬੈਨ। ਮਨ ਮੁਰਝਾਨੋ ਕਰੁਨਾ ਨੈਨ।
ਸਭਿ ਸੁਭਟਨ ਸੋਂ ਬਚਨ ਬਖ਼ਾਨਾ। ਕਰ ਦਿਹੁ ਮ੍ਰਿਗ ਖਗ ਬੰਧਨ ਹਾਨਾ।।੨੦।।
ਪੰਡਤ ਕੋ ਪ੍ਰਮੋਦ ਹਮ ਰਾਖਨਿ। ਕਹਯੋ ਮਾਨੀਐ ਕਰਿ ਅਭਿਲਾਖਨ।

*ਤਤਛਿਨ ਭਟਨਿ ਛੋਰਿ ਜਬਿ ਦੀਏ। ਮਰੇ ਹੁਤੇ ਸਮੁਦਾਇ ਸੁ ਜੀਏ।।੨੧।।*
*ਕੋ ਉਡਿ ਚਢੇ ਅਕਾਸ਼ ਮਝਾਰਾ। ਕੋ ਦੌਰੇ ਭੂ ਪਰਡਰ ਧਾਰਾ।*
*ਕੇਚਿਤ ਬਾਂਏ ਕੇਚਿਤ ਦਾਂਏ। ਧਾਏ ਜਨੁ ਜੀਵਤ ਗਹਿ ਲਯਾਏ।।੨੨।।*
*ਕੇਸ਼ਵ ਅਵਿਲੋਕਤ ਬਿਸਮਾਯੋ। 'ਧੰਨ ਧੰਨ' ਕਹਿ ਜਸੁ ਬਿਰਧਾਯੋ।*
*ਪੂਰਨ ਪੁਰਖ ਅਹੋ ਸਮਰੱਥ। ਮਾਰਨ ਜੀਵਾਲਨਿ ਤੁਮ ਹੱਥ।।੨੩।।*
*ਮੈਂ ਨਹਿੰ ਜਾਨਿ ਸਕਯੋ ਅਸ ਭੇਵ। ਜਗਤ ਈਸ਼ ਤੁਮ ਦੇਵਨ ਦੇਵ।*
*ਜਥਾ ਜੋਗ ਰਾਵਰਿ ਗੁਰਿਆਈ। ਮਾਨਹਿੰ ਬੈਨ ਦਾਸ ਸਮੁਦਾਈ।।੨੪।।*

★੩ ਬਾਰ੍ਹਾਂ ਮਹੀਨਿਆਂ ਤੋਂ ਅਤਰਿਕਤ ਇੱਕ ਹੋਰ ਮਹੀਨਾ ਭੀ ਹੁੰਦਾ ਹੈ। ਇਸ ਨੂੰ ਮਲਮਾਸ ਯਾ ਲੌਂਦ ਦਾ ਮਹੀਨਾ ਕਹਿੰਦੇ ਹਨ। ਇਹ ਚੰਦ੍ਰਮਾ ਦਾ ਅਧਿਕ ਮਾਸ, ਸਾਲ ਦਾ ਹਿਸਾਬ ਠੀਕ ਰਖਣ ਵਾਸਤੇ ਤੀਜੇ ਵਰ੍ਹੇ ਵਧਾਇਆ ਹੋਇਆ ਮਹੀਨਾ ਹੈ ਜਿਸ ਵਿੱਚ ਸਕ੍ਰਾਂਤਿ ਨਹੀਂ ਆਉਂਦੀ। ਹਿੰਦੂ ਮਤ ਅਨੁਸਾਰ ਮਲਮਾਸ ਵਿੱਚ ਕੋਈ ਮੰਗਲ ਕਾਰਯ ਨਹੀਂ ਹੋ ਸਕਦਾ।

★੪ *ਈਸ਼ਵਰ ਕੇ ਖਟ ਗੁਣ ਕੋ ਜਾਣ। ਯਾਤੇ ਕਹੀਅਤ ਹੈ ਭਗਵਾਨ।*
*ਯਸ਼, ਐਸ਼ਵਰਜ, ਵੈਰਾਗ, ਉਦਾਰ, ਪੂਰਨ ਗਿਆਨ ਸੁਲਕਸ਼ਮੀ ਧਾਰ।*

★੫ ਪਾਧਰੀ ਛੰਦ-ਤਬਿ ਕਹਯੋ ਗੁਰੂ ਯੌਂ ਆਪ ਹਰਫ।
*ਹਮ ਜਾਵਹਿ-ਗੇ ਨਾਂਦੇੜ ਤਰਫ। ਤਟ ਗੰਗ ਗੁਦਾਵਰਿ ਕੇ ਥਿਰਾਇ।*
*ਹਿਤ ਲੋਕਕ ਬੈਦਕ ਰੀਤਿ ਭਾਇ।।੪੩।।*
*ਨਿਜ ਮਾਤ ਪਿਤਾ ਕੇ ਪਿੰਡ ਦਾਨ। ਕਰਵਾਂਵਹਿ-ਗੇ ਸਦਗਤੀ ਦਾਨ।*
*ਸੁਨਿ ਸਾਧੁ ਕਹਯੋ ਮਰਯਾਦ ਸੇਤ। ਤੁਮ ਪਾਲਕ ਨਾਟਕ ਨਰ ਕਰੇਤ।।੪੪।।*
*ਜਿਮ ਰਾਮ ਕ੍ਰਿਸ਼ਨ ਭੀ ਕਰਮ ਕੀਤ। ਪੁਰ ਤਹਾਂ ਜਾਣ ਮੈਂ ਏਕ ਭੀਤ।*
*ਹੈ ਸਾਧ ਅਉਮਤੀ ਤਹਾਂ ਏਕ। ਜਿਹ ਭੂਤ ਪ੍ਰੇਤ ਤਾਬੇ ਅਨੇਕ।।੪੫।।*
*ਤਿਸ ਕਾ ਹੈ ਮਾਧੋ ਦਾਸ ਨਾਮ। ਵਹਿ ਭੇਖ ਬੈਸ਼ਨ ਬਿਦਤ ਆਮ।*
*ਤਿਹ ਦੁਤੀ ਨਾਮ ਨਾਰੈਣ ਦਾਸ। ਲਛਮਨ ਬਾਲਾ ਭੀ ਬਿਦਤ ਖਾਸ।।੪੬।।*

ਹਨ ਤਾਬੇ ਤਿਸ ਕੇ ਪਾਂਚ ਬੀਰ। ਜੋ ਕਹਿਤ ਕਰਤ ਸੋ ਵਹੀ ਧੀਰ।
ਇਕ ਰਖਯੋ ਪਲੰਗ ਵਿਛਾਇ ਨੀਕ। ਨਿਜ ਥਾਨ ਵਿਖੈ ਉਸ ਸਾਧੁ ਠੀਕ।।੪੭।।
ਜੋ ਸਾਧੁ ਤਾਂਹਿ ਕੇ ਧਾਮ ਜਾਤ। ਵਹਿ ਪ੍ਰਿਥਮ ਸੇਵ ਤਿਸ ਕੀ ਕਮਾਤ।
ਪੁਨ ਨਿਜ ਪ੍ਰਯੰਕ ਪੈ ਤਿਹ ਬੈਠਾਇ। ਬੀਰਨ ਤੈ ਦੈਹੈ ਫਿਰ ਗਿਹਾਇ।।੪੮।।
ਸਾਧੂ ਹਵੈ ਨੀਚੇ ਉਪਰ ਮੰਚ। ਇਹੁ ਰਖਿਓ ਓਨਿ ਪ੍ਰਪੰਚ ਸੰਚ।
ਦੈ ਤਾੜੀ ਕਰਿ ਹੈ ਅੱਟਹਾਸ। ਵਹਿ ਸਾਧੁ ਦੁਸ਼ਟ ਮਾਧੋ ਜੁ ਦਾਸ।।੪੯।।
– ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ-੧੬੮੯

ਚੌਪਈ। ਇਤਯਾਦਿਕ ਬਹੁ ਸਕਤੀ ਤਾਂ ਕੀ। ਉਭੈ ਮਹੰਤਨ ਭਾਖੀ ਬਾਂਕੀ।
ਸੁਨਿ ਮੁਸਕਾਇ ਗੁਰੂ ਪੁਨ ਗੋਈ। ਇਸ ਤੈ ਸੌ ਗੁਨ ਕਯੋ ਨਹਿ ਹੋਈ।।੭੦।।
ਐਸੀ ਹੈ ਹਮ ਢਿਗ ਇੱਕ ਬਿੱਦਯਾ।ਜਿਸ ਆਗੈ ਸਭਿ ਔਰ ਅਬਿੱਦਯਾ।
ਗੁਰੂ ਨਾਨਕ ਉਚਰਯੋ ਜੋ ਮੰਤਾ। ਵਾਹਿਗੁਰੂ ਸਤਿ ਬੇਦਨਿ ਤੰਤਾ।।੭੧।।
ਜੇਤਿਕ ਸ਼ਕਤਿ ਤੈਂ ਤਾਂ ਕੀ ਗਾਈ। ਇਸ ਆਗੇ ਤਿਸ ਚਲੈ ਨਾ ਕਾਈ।
ਤਾਰਾ ਗਨ ਜਿਮ ਦਿਨਕਾਰ ਆਗੇ। ਸਿੰਘ ਪੇਖਿ ਜਿਮ ਗਜ ਗਨ ਭਾਗੇ।।੭੨।।
ਬਿਖਧਰ ਬ੍ਰਿੰਦ ਗਰੁੜ ਤੈ ਜੈਸੇ। ਬਾਜ ਸਮੁਖ ਜਯੋਂ ਬਿਹੰਗ ਨ ਬੈਸੇ।
ਮਾਯਕ ਬਿੱਦਯਾ ਜਗ ਮੈਂ ਜੇਤੀ। ਵਾਹਿਗੁਰੂ ਆਗੇ ਤਯੋ ਤੇਤੀ।।੭੩।।
– ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ-੧੬੯੪

## ਸ਼ਬਦਾਰਥ

੧. ਰੂਪ ਵਾਲਾ ਹੈ।
੨. ਜੰਮਣ ਤਥਾ ਮਰਨ ਤੋਂ ਰਹਿਤ ਹੈ।
੩. ਥਿੱਤਾਂ।
੪. ਇਕ ਪਾਸੇ ਕਰ ਰੱਖੀਆਂ (ਛਡੀਆਂ) ਹਨ।
੫. ਕੱਚਪੁਣੇ ਦੀਆਂ ਗੱਲਾਂ।
੬. ਮਥੁਰਾ ਦੇ ਰਾਜੇ ਉੱਗਰਸੈਨ ਦਾ ਪੁੱਤਰ, ਕ੍ਰਿਸ਼ਨ ਜੀ ਦਾ ਮਾਮਾ।
੭. ਕੇਸਾਂ ਤੋਂ (ਫੜ ਕੇ ਸੁੱਟ ਲਿਆ)
੮. ਪਿਤਾ, ਬਾਪ।
੯. ਭਾਈ ਹੈ।
੧੦. ਬਾਲਕ ਨੂੰ ਪਾਲਣ, ਖਿਡਾਉਣ ਵਾਲਾ ਦਾਯਾ।
੧੧. ਦਾਈ, ਖਿਡਾਵੀ।
੧੨. ਜ਼ਬਾਨ।
੧੩. ਹਜ਼ਾਰ ਫਨ ਵਾਲਾ।
੧੪. ਸ਼ੇਸ਼ਨਾਗ।
੧੫. ਨਵੇਂ ਤੋਂ ਨਵਾਂ।
੧੬. ਆਖ ਸਕਦਾ।
੧੭. ਮਰਨ ਦਾ ਹੁਕਮ ਜਾਂ ਉਮਰ।
੧੮. ਵਿਸ਼ਨੂੰ।
੧੯. ਤਾਕਤ, ਸ਼ਕਤੀ।
੨੦. ਜੋਗੀ ਦਤੱਾ ਤ੍ਰੇਯ।
੨੧. ਸੁਰ ਤੇ ਅਸੁਰ।
੨੨. ਨਾਗ, ਸੱਪ।
੨੩. ਤਰਫਾਂ, ਪੂਰਬ, ਪਛਮ, ਦੱਖਣ, ਉੱਤਰ।
੨੪. ਉਪਦਿਸ਼ਾ-ਪਾਰਬਤੀ ਕੋਣ, ਪਛਮੋਤ੍ਰੀ ਕੋਣ, ਪੂਰਬ ਦੱਖਣ ਦੀ ਕੌਣ, ਪੱਛਮ ਦੱਖਣ ਕੋਣ, ਉਤਾਹਾਂ ਤੇ ਹਿਠਾਹਾਂ।
੨੫. ਕਾਲ ਅਧੀਨ।
੨੬. ਕਾਲ।
੨੭. ਸ੍ਰੀ ਕਾਲ (ਅਕਾਲ ਪੁਰਖ) ਜੀ।
੨੮. ਜੁਗਾਂ ਤਕ।
੨੯. ਰਸ ਕਸ, ਹਰ ਤਰ੍ਹਾਂ ਦੇ ਸੁਆਦ।
੩੦. ਭੋਗੇ ਹੋ ਸਨ।
੩੧. ਪੈਰ।
੩੨. ਚਲੇ ਗਏ।
੩੩. ਪ੍ਰਿਥਵੀ ਪੁਰ, ਧਰਤੀ ਪੁਰ।
੩੪. ਕਿਸੇ ਤਰ੍ਹਾਂ।
੩੫. ਇਸਤ੍ਰੀ ਆਪਣੀ ਵਹੁਟੀ।
੩੬. (ਅਨੁਰਕਤ) ਪ੍ਰੇਮੀ, ਆਸ਼ਿਕ, ਮੋਹਿਤ।
੩੭. ਖਲਾਸ।
੩੮. ਪ੍ਰਸੰਨਚਿਤ।
੩੯. ਰਾਜਾ।
੪੦. ਕਮਲ।

੪੧. ਸੰਖ।
੪੨. ਗਰਦਨ (ਧੌਣ)।
੪੩. ਲਕ।
੪੪. ਹਾਥੀ ਦੀ ਚਾਲ।
੪੫. ਕੇਲਾ।
੪੬. ਹਰਨ।
੪੭. ਸਮੇਂ ਗੁਜਰਨ ਉਪਰੰਤ-ਅਨੰਤ ਜੂਨ ਜੂਨਾਂਤਰਾਂ ਵਿੱਚ ਭਟਕਨ, ਉਪਰੰਤ।
੪੮. ਮਨੁਖਾਂ ਜਨਮ ਨੂੰ।
੪੯. ਅਮੋਲਕ (ਲੱਖੀ ਕ੍ਰੋੜੀ ਬਯੰਤ ਮਾਯਾ ਖਰਚਿਆਂ ਭੀ ਜੋ ਹੱਥ ਨਹੀਂ ਆ ਸਕਦਾ) ਐਸੇ।
੫੦. ਪ੍ਰਾਪਤ ਹੋ ਕੇ।
੫੧. ਇਹ ਸਫਲਾ ਜਨਮ ਆਖਿਆ ਜਾ ਸਕਦਾ ਹੈ ਕਿਉਂਕਿ ਇਸ ਦੀ ਅਮੋਲਕਤਾ ਦਾ ਮਹਤੱਵ ਇਵੇਂ ਹੀ ਪ੍ਰਾਪਤ ਹੋ ਸਕਦਾ ਹੈ ਤਾਤਪਰਜ ਇਹ ਹੈ ਕਿ :
੫੨. ਗੁਰਾਂ ਦੇ ਚਰਣਾਂ ਦੀ ਸ਼ਰਣ (ਪੈਣ) ਕਰਕੇ ਹੀ।
੫੩. ਨੇਤ੍ਰ ਅਮੋਲਕ-ਦਿਬਯ ਦ੍ਰਿਸ਼ਟੀ ਵਾਲੇ, ਹੋ ਜਾਂਦੇ ਹਨ।
੫੪. ਮਾਯਾ ਤੋਂ ਅਚਾਹ, ਸਤਿਗੁਰਾਂ ਦਾ ਦਰਸ਼ਨ ਅਮਲੋਕ ਹੈ ਉਸਨੂੰ ਦੇਖਿਆ।
੫੫. ਕੰਨ ਅਮੋਲਕ ਬਣ ਜਾਂਦੇ ਹਨ ਭਾਵ ਅਗੰਮ ਲੋਕ ਦੀ ਦਿਬ ਧੁਨੀ ਸੁਣਨ ਦੇ ਲਾਇਕ ਹੋ ਜਾਂਦੇ ਹਨ।
੫੬. ਗੁਰੂ ਮਹਾਰਾਜ ਦੇ ਬਚਨ ਉਪਦੇਸ਼ ਨੂੰ ਧਾਰਨ ਕਰਨ ਵਾਲੇ ਹੋਣ ਕਰਕੇ।
੫੭. ਨਾਸਾਂ ਅਮੋਲਕ ਹੋ ਜਾਂਦੀਆਂ ਹਨ।
੫੮. ਗੁਰੂ ਮਹਾਰਾਜ ਜੀ ਦੇ ਚਰਨਾਰਬਿੰਦ ਦੀ।
੫੯. ਵਾਸਨਾ ਦੀ ਲਪਟ ਤੋਂ।
੬੦. ਰਸਨਾ-ਉਪਰ ਟਿਕਾਈ ਰੱਖਣ ਖਾਤਰ ਅਮੋਲਕ ਬਣ ਜਾਂਦੀ ਹੈ।
੬੧. ਗੁਰਮੰਤਰ ਗੁਰੂ ਮਹਾਰਾਜ ਦੇ ਧੁਰੋਂ ਲਿਆ ਉਪਦੇਸ਼, ਮੰਤ੍ਰ ਦੇ ਸਿਮਰਨ ਕਰਕੇ।
੬੨. ਹੱਥਾਂ ਦੀ ਅਮੋਲਕਤਾ।
੬੩. ਗੁਰਦੇਵ, ਦੇਵ-ਪ੍ਰਕਾਸ਼, ਸਰੂਪ ਸਤਿਗੁਰੂ।
੬੪. ਸੇਵਾ ਕਰਕੇ।
੬੫. ਸਫਲੀ ਹੁੰਦੀ ਹੈ।
੬੬. ਪੈਰ ਅਮੋਲਕ ਬਣ ਜਾਇਆ ਕਰਦੇ ਹਨ।
੬੭. ਅਤੇ ਪ੍ਰਦਖਣਾਂ ਕਰਨ (ਪ੍ਰਕਰਮਾ)- ਚਾਰੋਂ ਪਾਸੀ ਸਤਿਗੁਰਾਂ ਦੇ ਕਰਮਾਂ

ਲੈਣ ਕਰਕੇ।
੬੮. ਪੈਰ।
੬੯. ਮੂੰਹ ਤੋਂ ਗੂੰਗਾ।
੭੦. ਗਾਵੇਗਾ।
੭੧. ਸੋਟਾ।
੭੨. ਸਿਰ।
੭੩. ਬੇਗਾਨੇ।
੭੪. ਕਾਲ ਦੀ ਤਲਵਾਰ।
੭੫. ਅੰਮ੍ਰਿਤ ਵੇਲਾ।
੭੬. ਇਕ ਤਰ੍ਹਾਂ ਦਾ ਲੰਮਾ-ਲੰਮਾ ਘਾਹ ਜੋ ਕੇਸਾਂ ਸਮਾਨ ਵਧਿਆ ਹੋਇਆ ਹੁੰਦਾ ਹੈ।
੭੭. ਖੋਹ ਕੇ ਲੈ ਗਿਆ ਹੈ।
੭੮. ਇਸ ਕਰਕੇ।
੭੯. ਕਲਜੁਗ।
੮੦. ਬੀਜੋ।
੮੧. ਹੋਰ ਕਰਮਾਂ ਦੇ ਕਰਨ ਦੀ।
੮੨. ਵੇਲਾ।
੮੩. ਹੇ ਪਿਆਰੇ।
੮੪. ਨਾਮ ਜਪਣ ਦਾ ਸਮਾਂ ਹੈ।

ਬੈਂਕੋਕ ੧੫-੯-੧੯੫੧

# ਬੈਂਕੋਕ ੧੬-੯-੧੯੫੧

ਪਿਆਰਿਓ ਸੱਜਣੋ

**ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ।**

*– ਪ੍ਰਭਾਤੀ ਮ: ੧, ਪੰਨਾ-੧੩੪੪*

ਅੱਜ ਸਾਡੇ ਪ੍ਰਬੰਧਕ ਪੁਸਤਕ ਭੁੱਲ ਆਏ ਹਨ—ਲਿਆਉਣਾ। ਤੁਹਾਡੀ ਕਿਰਪਾ ਨਾਲ ਜੋ ਕੁਛ ਪੜ੍ਹਿਆ ਹੈ, ਥੋੜਾ ਬਹੁਤਾ ਕਹਿ ਸਕਾਂਗਾ। ਅਰਜ਼ ਇਹ ਹੈ, ਤੁਸੀਂ ਹੁਣੇ ਸ਼ਬਦ ਸੁਣਕੇ ਹਟੇ ਹੋ। ਮਹਾਂ ਪੁਰਖ-ਅਸੀਂ ਕਲਯੁਗ ਵਿੱਚ ਜਿੱਥੋਂ ਤੋਂ ਲੈਂਦੇ ਹਾਂ, ਗੁਰੂ ਨਾਨਕ ਦੇਵ ਮਹਾਰਾਜ ਤੋਂ ਲੈ ਕੇ ਭਗਤ ਜਣ, ਸੰਤ ਜਣ-ਜਿਹੜੇ ਸਭ ਦਾ ਭਲਾ ਕਰਨ ਵਾਲੇ ਹਨ, ਉਨ੍ਹਾਂ ਵਿੱਚੋਂ ਕਬੀਰ ਜੀ ਦਾ ਨਾਮ-ਜਿਸ ਤਰ੍ਹਾਂ ਗੁਰੂਆਂ ਵਿੱਚ ਪਹਿਲੇ ਗੁਰੂ ਨਾਨਕ ਦੇਵ ਮਹਾਰਾਜ ਜੀ ਦਾ ਨਾਮ ਆਇਆ ਹੈ-ਇਸੇ ਤਰ੍ਹਾਂ ਭਗਤਾਂ ਵਿੱਚ ਕਬੀਰ ਜੀ ਦਾ ਨਾਮ ਆਇਆ ਹੈ। ਸ੍ਰੀ ਕਬੀਰ ਜੀ ਕਰਕੇ ਗੁਰੂ ਅਰਜਨ ਦੇਵ ਮਹਾਰਾਜ ਨੇ ਲਿਖਿਆ ਹੈ। ਕਬੀਰ ਜੀ-ਹੁਣ ਤੁਸੀਂ ਸ਼ਬਦ ਸੁਣਦੇ ਸਓ ਕਿ — **''ਦੀਨ ਬਿਸਰਿਓ ਰੇ ਦਿਵਾਨੇ।''** ਪਿਛਲੀ ਤੁਕ ਵਿੱਚ ਜਾ ਕੇ ਕਹਿੰਦੇ ਹਨ, ਫਿਰ ਸਾਰੇ ਸ਼ਬਦ ਦਾ ਧਿਆਨ ਦਿਓ-ਤੇ ਕਹਿੰਦੇ ਹਨ :-

**ਦੀਨੁ ਬਿਸਾਰਿਓ ਰੇ ਦਿਵਾਨੇ ਦੀਨੁ ਬਿਸਾਰਿਓ ਰੇ।।**
**ਪੇਟੁ ਭਰਿਓ ਪਸੂਆ ਜਿਉ ਸੋਇਓ ਮਨੁਖੁ ਜਨਮੁ ਹੈ ਹਾਰਿਓ।**

*– ਮਾਰੂ ਕਬੀਰ ਜੀ, ਪੰਨਾ-੧੧੦੫*

ਸਵੇਰੇ ਅਤ੍ਰੇ ਜੀ ਨੇ ਵੀ ਇਹ ਗੱਲ ਕਹੀ ਸੀ, ਉਹਨਾਂ ਸੰਸਕ੍ਰਿਤ ਸ਼ਬਦ ਵਿੱਚ ਕਹੀ ਸੀ—ਕਿਸੇ ਹੋਰ ਵਿਦਵਾਨ ਨੇ ਕਿਹਾ ਹੈ–

*ਨਿੰਦ੍ਰਾ, ਭੋਜਨ, ਭੋਗ, ਭੈ, ਏਹ ਪਸੁ ਪੁਰਖ ਸਮਾਨ।*
*ਨਰਨ ਗਿਆਨ ਨਿਜ ਅਧਿਕਤਾ, ਗਿਆਨ ਬਿਨਾ ਪਸੁ ਜਾਨ।*

ਸੌਂ ਜਾਣਾ, ਖਾ ਲੈਣਾ, ਭੋਗਣਾ, ਵਿਸ਼ਾ ਭੋਗਣਾ ਔਰ ਡਰਨਾ–ਇਹ ਪਸ਼ੂ ਔਰ ਪੁਰਸ਼ ਵਿੱਚ ਇੱਕੋ ਜਿਹਾ ਹੈ। *ਨਰਨ ਗਿਆਨ ਨਿਜ ਅਧਿਕਤਾ*– ਪੁਰਸ਼ਾਂ ਵਿੱਚ ਜੇ ਗਿਆਨ ਹੈ, ਤਾਂ ਇਹਦੀ ਵਡਿਆਈ ਹੈ, ਨਹੀਂ–*ਗਿਆਨ ਬਿਨਾ ਪਸੁ ਜਾਣ*–ਫਿਰ ਸਾਹਿਬ ਕਹਿੰਦੇ ਨੇ–

**ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ।**

*– ਪੰਨਾ–੨੫੧*

ਇੱਕ ਪਸ਼ੂ–ਇੱਕ ਢੋਰ। ਢੋਰ ਦੇ ਦੋ ਅਰਥ ਹੋ ਜਾਂਦੇ ਹਨ, ਸ਼ੇਖ਼ੂਪੁਰੇ ਦੇ ਜ਼ਿਲ੍ਹੇ ਵਿੱਚ ਜਾਈਏ ਤੇ ਲੋਕ ਖੋਤਿਆਂ ਨੂੰ ਵੀ ਢੋਰ ਕਹਿੰਦੇ ਹਨ। ਉੱਥੇ –ਮੇਰੇ ਢੋਰ ਨਹੀਂ ਆਏ, ਮੇਰੇ ਢੋਰ ਐਨੇ ਆਏ; ਦੂਸਰਾ ਸ਼ਬਦ ਜੇ ਗੁਰਬਾਣੀ ਨਾਲ ਅਸੀਂ ਦੇਖੀਏ ਤਾਂ ਢੋਰ ਹੈ, ਮਰੇ ਹੋਏ ਪਸ਼ੂ ਦਾ ਨਾਮ।

**ਓਹੁ ਢੋਵੈ ਢੋਰ ਹਾਥਿ ਚਮੁ ਚਮਰੇ,**

*– ਬਿਲਾਵਲ ਮ: ੪, ਪੰਨਾ–੭੯੯*

ਤਾਂ ਕਬੀਰ ਜੀ, ਪਿਛਲੀਆਂ ਪੰਗਤੀਆਂ ਵਿੱਚ ਕਹਿੰਦੇ ਹਨ–

**ਕਹਿ ਕਬੀਰ ਚੇਤੈ ਨਹੀ ਮੂਰਖੁ ਮੁਗਧੁ ਗਵਾਰੁ।**
**ਰਾਮੁ ਨਾਮੁ ਜਾਨਿਓ ਨਹੀ ਕੈਸੇ ਉਤਰਸਿ ਪਾਰਿ।।**

*– ਮਾਰੂ ਕਬੀਰ ਜੀ, ਪੰਨਾ–੧੧੦੫*

ਕਬੀਰ ਜੀ ਇੱਕ ਹੋਰ ਸਲੋਕ ਵਿੱਚ ਕਹਿੰਦੇ ਨੇ–

**ਕਬੀਰ ਰਾਮ ਨਾਮੁ ਜਾਨਿਓ ਨਹੀ ਪਾਲਿਓ ਕਟਕੁ ਕੁਟੰਬੁ[1]।**
**ਧੰਧੇ ਹੀ ਮਹਿ ਮਰਿ ਗਇਓ ਬਾਹਰਿ ਭਈ[2] ਨ ਬੰਬ।।**

*– ਕਬੀਰ ਜੀ, ਪੰਨਾ–੧੩੭੬*

ਤਾਂ ਦੁਨੀਆਂ ਦਾ ਵਿਹਾਰ–ਇਹ ਮਤਲਬ ਨਹੀਂ—ਜੈਸਾ ਸਮਾਂ ਆਉਂਦਾ ਹੈ, ਮਹਾਂਪੁਰਖ, ਸਤਿਗੁਰੂ ਅਵਤਾਰ ਉਸੇ ਤਰ੍ਹਾਂ ਹੀ ਆ ਕੇ ਉਸ ਸਮੇਂ ਨੂੰ

ਨਿਭਾਉਂਦੇ ਹਨ। ਸਾਡੇ ਲੋਕ ਛੱਡ ਕੇ ਘਰਬਾਰ ਜੰਗਲਾਂ ਵਿਚ ਬਾਹਰ ਚਲੇ ਜਾਂਦੇ ਸੀ। ਮਹਾਰਾਜ ਨੇ ਕਲਯੁਗ ਨੂੰ ਦੇਖ ਕੇ ਕਿਹਾ, ''ਭਾਈ, ਗ੍ਰਿਹਸਤ ਦੇ ਵਿੱਚ ਭਗਤੀ ਕਰੋ।'' ਭਾਈ ਗੁਰਦਾਸ ਜੀ ਇੱਕ ਕਬਿੱਤ ਦੇ ਵਿੱਚ ਕਹਿੰਦੇ ਹਨ–

*ਤਰਵਰ ਬਿਖੈ ਜੈਸੇ ਚੰਦਨ ਬ੍ਰਿਖ ਬਡੋ*

ਦਰੱਖਤਾਂ ਵਿੱਚ ਚੰਦਨ ਵੱਡਾ–ਕੱਦ ਨਹੀਂ ਵੱਡਾ ਚੰਦਨ ਦਾ। 'ਬਾਵਨ ਚੰਦਨ', ਬਵੰਜਾ ਉਂਗਲ ਕੱਦ ਹੁੰਦਾ ਹੈ ਚੰਦਨ ਦੇ ਦਰੱਖਤ ਦਾ, ਇਸੇ ਕਰਕੇ ਇਹਦਾ ਨਾ ਬਾਵਨ ਹੈ। ਬਾਵਨ ਉਂਗਲਾਂ ਕੱਦ ਹੈ, ਪਰ ਵੱਡਾ ਕਿਉਂ ਹੈ–ਉਸ ਵਿੱਚ ਸੁਗੰਧੀ ਹੈ, ਉਸ ਦੇ ਨੇੜੇ–ਕਬੀਰ ਜੀ ਕਹਿੰਦੇ ਨੇ–

**ਕਬੀਰ ਚੰਦਨ ਕਾ ਬਿਰਵਾ[3] ਭਲਾ ਬੇੜ੍ਹਿਓ[4] ਢਾਕ ਪਲਾਸ[5]।।**
**ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ।।੧੧।।**

*– ਪੰਨਾ–੧੩੬੫*

ਉਸ ਦੀ ਸੁਗੰਧੀ ਨਾਲ ਚੰਦਨ ਹੋ ਜਾਂਦਾ ਹੈ। ਇਸੇ ਤਰ੍ਹਾਂ ਭਾਈ ਗੁਰਦਾਸ ਜੀ ਕਹਿੰਦੇ ਹਨ, ਪਹਾੜਾਂ ਵਿੱਚੋਂ ਸੁਮੇਰ ਪਰਬਤ ਵੱਡਾ ਹੈ। ਪਥਰਾਂ ਵਿੱਚੋਂ ਪਾਰਸ ਵੱਡਾ ਹੈ। ਪਾਰਸ ਦਾ ਕੱਦ ਨਹੀਂ ਵੱਡਾ, ਪਰ ਪਾਰਸ ਵਿੱਚ ਸਿਫਤ ਹੈ ਕਿ ਜਿਸ ਦੇ ਨਾਲ ਉਹ ਲੱਗ ਜਾਏ–ਸੱਤਾਂ ਧਾਤਾਂ ਨੂੰ ਉਹ ਸੋਨਾ ਬਣਾ ਦਿੰਦਾ ਹੈ, ਲੋਹੇ ਨੂੰ ਤਾਂਬੇ ਨੂੰ। ਇਸ ਤਰ੍ਹਾਂ ਜਿਹੜੀਆਂ ਅੱਠ ਧਾਤਾਂ ਨੂੰ, ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਸ਼ਟ ਧਾਤਾਂ[6] ਵੀ ਵਰਣਨ ਕੀਤੀਆਂ ਹਨ–ਪ੍ਰਿਥਮੋ ਗਨ, ਲੋਹ, ਸਿੱਕਾ, ਸਵਰਨੰ [★੧]।

ਫਿਰ, ਉਪ ਧਾਤਾਂ ਵੀ ਦੱਸੀਆਂ ਹਨ, ਜਿਨ੍ਹਾਂ ਵਿੱਚ ਸਿੰਮਲ, ਖਾਰ ਆਦਿਕ ਲਿਖਿਆ ਹੈ ਗੁਰੂ ਸਾਹਿਬ ਨੇ, ਤਾਂ ਪਾਰਸ ਵੱਡਾ ਹੈ। ਫੇਰ, ਜਾਨਵਰਾਂ ਵਿਚੋਂ ਹੰਸ ਨੂੰ ਵੱਡਾ ਮੰਨਿਆ–ਉੱਡਣ ਵਾਲਿਆਂ ਪੰਛੀਆਂ ਵਿੱਚੋ, ਔਰ ਚੌਪਾਇਆ ਵਿੱਚੋਂ ਸ਼ੇਰ ਨੂੰ–ਕੱਦ ਹਾਥੀ ਦਾ ਬੜਾ ਵੱਡਾ ਹੈ, ਪਰ ਹਾਥੀ ਨੂੰ ਸ਼ੇਰ ਮਾਰ ਦਿੰਦਾ ਹੈ। ਇਸੇ ਤਰ੍ਹਾਂ ਭਾਈ ਗੁਰਦਾਸ ਜੀ ਕਹਿੰਦੇ ਹਨ–

*ਗਿਆਨਨ ਮੈ ਗਿਆਨੁ ਅਰੁ ਧਿਆਨਨ ਮੈ ਧਿਆਨ ਗੁਰੁ।*

*– ਕਬਿਤ ੩੭੬*

ਗਿਆਨ ਦਾ ਸ਼ਬਦ ਜਿਹੜਾ ਹੈ—ਇਹ ਬੜਾ ਵਿਆਪਕ ਹੈ। ਇੱਕ ਪੁਰਸ਼ ਕਹਿੰਦਾ ਹੈ, ''ਮੈਨੂੰ ਇਸ ਗੱਲ ਦਾ ਗਿਆਨ ਹੈ, ਕਿ ਐਸ ਵਕਤ ਤੁਰੀਏ ਤਾਂ ਇਤਨੇ ਵਜੇ ਰੇਲ ਚਲਦੀ ਹੈ-ਉਹ ਫਲਾਣੀ ਜਗ੍ਹਾ ਚਲੀ ਜਾਂਦੀ ਹੈ, ਉੱਥੇ ਜਾਈਏ ਤੇ ਇਹ ਚੀਜ਼ ਵਪਾਰ ਦੀ ਮਿਲਦੀ ਹੈ, ਉਹ ਲਿਆਈਏ ਤਾਂ ਉਹਦਾ ਫਾਇਦਾ ਹੁੰਦਾ ਹੈ।'' ਕਿਸੇ ਪੁਰਸ਼ ਨੂੰ ਬਿਰਛਾਂ ਦਾ ਗਿਆਨ ਹੈ, ਜੰਗਲਾਂ ਦਾ ਗਿਆਨ ਹੈ, ਕਿਸੇ ਨੂੰ ਕਿਸੇ ਚੀਜ਼ ਦਾ, ਪਰ–

*ਗਿਆਨਨ ਮੈ ਗਿਆਨ ਔਰ ਧਿਆਨਨ ਮੈ ਧਿਆਨ ਗੁਰ–*

ਹੋਰ ਧਿਆਨ ਧਾਰਦਾ ਹੈ ਪੁਰਸ਼, ਕਿਸੇ ਚੀਜ਼ ਦਾ, ਪਰ ਗੁਰੂ ਦਾ ਧਿਆਨ-ਮਹਾਰਾਜ ਨੇ ਲਿਖਿਆ ਹੈ–

**ਗੁਰ ਕੀ ਮੂਰਤਿ ਮਨ ਮਹਿ ਧਿਆਨੁ।**
**ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ।**

*– ਗੌਂਡ ਮ: ੫, ਪੰਨਾ-੮੬੪*

ਗੁਰੂ ਦਾ ਧਿਆਨ-ਜਿਸ ਨੇ ਗੁਰੂ ਨੂੰ ਜਾਣਿਐ। ਜਨਕ ਨਾਮ-ਸ਼ਬਦ, ਆਇਐ ਭੱਟਾਂ ਦੇ ਸਵੱਈਆਂ 'ਚ, ਲਿਖਿਆ ਹੈ–

**ਜਨਕੁ ਸੋਇ ਜਿਨਿ ਜਾਣਿਆ,**

*– ਪੰਨਾ-੧੩੯੮*

ਜਨਕ ਉਸਦਾ ਨਾਮ ਹੈ ਜਿਹੜਾ ਜਾਨਣ ਵਾਲਾ ਹੈ ਪ੍ਰਮਾਤਮਾ ਨੂੰ।

## ਰਾਜਾ ਜਨਕ ਤੇ ਸੁਕਦੇਵ ਜੀ

ਰਾਜਾ ਹੁੰਦਿਆਂ ਹੋਇਆ, ਜਨਕ ਜੀ-ਉੱਥੇ ਜਿਸ ਵੇਲੇ ਉਨ੍ਹਾਂ ਦੇ ਪਾਸ ਸੁਕਦੇਵ ਜੀ ਜਾਂਦੇ ਹਨ-ਕੀ ਦੇਖਦੇ ਹਨ ਰਚਨਾ, ਕਹਿੰਦੇ ਨੇ, ''ਇਹ, ਰਾਜ ਦੇ ਵਿੱਚ ਰਹਿੰਦਾ ਹੋਇਆ, ਇਹ ਤਾਂ ਰਾਜਾ ਹੈ।'' ਧਿਆਨ ਪਿੱਛੇ ਹਟਿਆ ਤਾਂ ਸੁਕਦੇਵ ਜੀ ਦੀਆਂ ਇਸ ਤਰ੍ਹਾਂ ਹੀ ਸ਼ੰਕਾ ਕਰਦਿਆਂ ਕਰਦਿਆਂ ਬਾਰਾਂ ਕਲਾਂ ਉੱਡ ਗਈਆਂ ਤਿੰਨ ਵੇਰ ਜਾ ਕੇ ਸੋਲ੍ਹਾਂ ਵਿਚੋਂ, ਕਿਉਂਕਿ ਸੁਕਦੇਵ ਸੋਲ੍ਹਾਂ ਕਲਾ ਸੰਪੂਰਨ ਜਨਮੇ ਸੀ। ਭਾਈ ਗੁਰਦਾਸ ਜੀ ਕਹਿੰਦੇ ਨੇ :–

*ਜੈਸੇ ਸੁਕਦੇਵ ਕੇ ਜਨਮ ਸਮੇਂ ਜਾਕੋ ਜਾਕੋ,*
*ਜਨਮ ਭਇਓ ਤੇ ਸਕਲ ਸਿਧਿ ਜਾਨੀਐ।*

*- ਕਬਿਤ- ੩੬੧*

ਉਸਨੇ ਕਿਹਾ ਸੀ, ''ਮੈਂ ਤਾਂ ਜਨਮਦਾ ਹਾਂ, ਜੇ ਮਾਇਆ ਪਿੱਛੇ ਹਟ ਜਾਏ।''-ਉਹ ਗਿਆਨ ਸੀ, ਪਰ ਬਿਨ੍ਹਾਂ ਗੁਰੂ ਤੋਂ। ਬਿਨਾਂ ਸਤਿਗੁਰੂ ਦੇ ਮਿਲਣ ਤੋਂ ਇਤਨੇ ਵੱਡੇ ਆਦਮੀ ਨੂੰ ਵੀ.............।

ਨਾਰਦ ਜੀ ਦਾ ਵੀ ਧਿਆਨ ਕਰੋ। ਨਾਰਦ ਜੀ ਜਿਸ ਵੇਲੇ ਜਾ ਕੇ ਬੈਠਦੇ ਸੀ-ਉਨ੍ਹਾਂ ਨੂੰ ਬ੍ਰਾਹਮਣ ਦੇ ਘਰ ਦਾ ਜਨਮ-ਬ੍ਰਹਮਾ ਦੇ ਪੁੱਤਰ ਹੋਣ ਦਾ ਮਾਣ ਸੀ ਪਰ ਗੁਰੂ ਨਾ ਧਾਰਨ ਕਰਨ ਕਰਕੇ-ਸਵਾ ਗਜ਼ ਜ਼ਮੀਨ ਰੋਜ਼ ਉੱਥੇ ਪੁੱਟੀ ਜਾਂਦੀ ਔਰ ਸਵਾ ਗਜ਼ ਮਿੱਟੀ ਪਾਈ ਜਾਂਦੀ। ਨਾਰਦ ਜੀ ਨੂੰ ਬੜਾ ਮਾਣ ਸੀ, ''ਮੈਂ ਬੜਾ ਰਿਖੀ ਹਾਂ, ਮੈਂ ਬੜਾ ਉੱਚਾ ਹਾਂ।'' ਦੇਖ ਕੇ ਕਹਿੰਦੇ ਹਨ, ''ਭਾਈ, ਤੁਸੀਂ ਰੋਜ਼ ਇੱਥੋਂ ਮਿੱਟੀ ਪੁੱਟਦੇ ਹੋ''।

ਕਹਿੰਦੇ ਜੀ, ''ਕੀ ਦੱਸੀਏ, ਇੱਕ ਨਾਰਦ ਨਿਗੁਰਾ ਆਉਂਦਾ ਹੈ, ਉਹ ਬੈਠਦਾ ਹੈ ਸਵਾ ਗਜ਼ ਧਰਤੀ ਭਰਿਸ਼ਟ ਹੋ ਜਾਂਦੀ ਹੈ।'' ਪਤਾ ਲੱਗਾ, ਗੁਰੂ ਧਾਰਿਆ ਤਾਂ ਗਤੀ ਹੋਈ। ਲੰਮੇ ਜਾਣ ਦੀ ਲੋੜ ਨਹੀਂ, ਸੁਕਦੇਵ ਜੀ ਮਹਾਰਾਜ—ਗੁਰੂ ਸਾਹਿਬ, ਗੁਰੂ ਰਾਮ ਦਾਸ ਸਾਹਿਬ ਸੱਚੇ ਪਾਤਸ਼ਾਹ, ਕਾਨੜਾ ਰਾਗ ਦੀ ਅਸ਼ਟ-ਪਦੀਆਂ ਵਿੱਚ ਦੱਸਦੇ ਹਨ-

**ਜੂਠਨ ਜੂਠਿ[੯] ਪਈ ਸਿਰ ਊਪਰਿ ਖਿਨੁ ਮਨੂਆ ਤਿਲੁ ਨ[੯] ਡੁਲਾਵੈਗੋ॥**
**ਜਨਕ[੧੦] ਜਨਕ ਬੈਠੇ ਸਿੰਘਾਸਨਿ ਨਉ ਮੁਨੀ ਧੂਰਿ[੧੧] ਲੈ ਲਾਵੈਗੋ॥**

*- ਕਾਨੜਾ ਮ: ੪, ਪੰਨਾ-੧੩੦੯*

ਅਖੀਰ ਜਾ ਕੇ ਜਨਕ ਜੀ ਦੇ ਚਰਨੀ ਡਿਗੇ, ਮੰਤਰ ਲਿਆ-ਉਹਨਾਂ ਦੱਸਿਆ। ਇਨ੍ਹਾਂ ਦੇ ਚਿਤ ਵਿੱਚ ਆਇਆ, ''ਮਹਾਰਾਜ ! ਤੁਸੀਂ ਐਸ ਵੇਲੇ ਰਾਜ ਦੇ ਵਿੱਚ ਬੈਠੇ ਹੋ ਇਸ ਤਰ੍ਹਾਂ।''

ਇੱਕ ਥਾਲੀ ਲੈ ਕੇ ਜਨਕ ਜੀ ਨੇ ਤੇਲ ਦੀ ਭਰ ਦਿੱਤੀ ਔਰ ਕਿਹਾ, ''ਸੁਕਦੇਵ ਜੀ ! ਇਹਦੇ 'ਚੋਂ ਤੇਲ ਨ ਡੁਲ੍ਹੇ।'' ਸ਼ਹਿਰ ਵਿੱਚ ਭੇਜ ਦਿੱਤਾ, ਸ਼ਹਿਰ ਵਿੱਚ ਕਿਤੇ ਕੰਜਰੀਆਂ ਗਾਉਂਦੀਆਂ ਹਨ, ਕਿਤੇ ਭੰਡ ਤਮਾਸੇ ਕਰਦੇ ਹਨ, ਕਿਤੇ

ਘੋਲ ਹੁੰਦੇ ਹਨ, ਬੜੇ ਰੰਗ ਰਾਗ ਸ਼ਹਿਰ ਵਿੱਚ ਬਣਾਏ, ਬੜਾ ਕੁਝ ਦਿਖਾਇਆ –ਕਿਤੇ ਆਤਿਸ਼ਬਾਜੀ ਚਲਦੀ ਹੈ। ਜਿਉਂ ਥਾਲੀ ਫੜ ਕੇ ਸੁਕਦੇਵ ਜੀ ਤੁਰੇ ਬਜ਼ਾਰਾਂ ਵਿੱਚ ਦੀ ਘੁੰਮਦੇ ਮੁੜਕੇ ਜਦੋਂ ਆਏ ਤਾਂ ਜਨਕ ਜੀ ਕਹਿੰਦੇ ਨੇ, ''ਕਿਉਂ ਜੀ ਮਹਾਰਾਜ ਦੱਸੋ, ਕੱਲ੍ਹ ਸ਼ਹਿਰ ਵਿੱਚ ਕੀ ਹੁੰਦਾ ਸੀ?''

ਕਹਿੰਦੇ ਨੇ, ''ਜੀ ਮੈਨੂੰ ਤੇ ਥਾਲੀ ਦੇ ਤੇਲ ਡੁਲ੍ਹਣ ਦਾ ਹੀ ਫਿਕਰ ਰਿਹਾ।''

ਜਨਕ ਜੀ ਕਹਿੰਦੇ ਨੇ, ''ਸਾਨੂੰ ਵੀ ਤੇਲ ਡੁਲ੍ਹਣ ਦਾ ਹੀ ਫਿਕਰ ਰਹਿੰਦਾ ਹੈ – ਕੁਛ ਨਹੀਂ ਦਿੱਸਦਾ।''

ਗੁਰੂ ਹਰਿ ਗੋਬਿੰਦ ਸਾਹਿਬ ਸੱਚੇ ਪਾਤਸ਼ਾਹ–ਪੈਂਦੇ ਖਾਨ ਪਠਾਨ, ਸਾਹਿਬਾਂ ਨੇ ਪਾਲਿਆ। ਦੋ–ਦੋ ਘੜੇ ਬਾਹਵਾਂ ਨਾਲ ਬੰਨ੍ਹ ਲੈਣੇ ਮਿੱਟੀ ਦੇ ਤੇ ਪਾਣੀ ਦੇ ਭਰ ਕੇ, ਦੋਹਾਂ ਬਾਹਵਾਂ ਨਾਲ ਚਾਰ ਘੜੇ ਬੰਨ੍ਹ ਕੇ, ਪਕੜ ਕੇ ਤੀਰ ਜਿਸ ਵੇਲੇ ਕਮਾਨ ਨਾਲ ਪੈਂਦੇ ਖਾਨ ਨੇ ਮਾਰਨਾ ਤਾਂ ਦਰੱਖਤ ਦੇ ਵਿੱਚ ਸੱਠਾਂ ਕਰਮਾਂ ਤੋਂ ਤੀਰ ਗਰਕ ਕਰ ਦੇਣਾ–ਬੜੀ ਤਾਕਤ। ਚਿਤ ਵਿੱਚ ਖਿਆਲ ਪੈਦਾ ਹੋ ਗਿਆ–ਜਿਹੜੇ ਪੁਰਖ, ਸਤਿਗੁਰੂ ਨੂੰ ਮਨੁੱਖ ਜਾਣ ਬੈਠਦੇ ਹਨ, ਉਹਨਾਂ ਦੇ ਪੱਲੇ ਕੁਛ ਨਹੀਂ ਪੈਂਦਾ। ਦੇਖਣ ਦੇ ਵਿੱਚ ਉਹਦਾ ਸਾਂਗ ਉਹੋ ਹੀ ਹੁੰਦਾ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ।

*ਰਾਮ ਚੰਦੁ ਕਾਰਣ ਕਰਣ ਕਾਰਣ ਵਸਿ ਹੋਆ ਦੇਹਿ ਧਾਰੀ।*

*– ਵਾਰ ੩੧, ਪਉੜੀ ੨੦*

ਇਹ ਮੌਜ ਦਾ ਮਾਲਕ ਹੈ, ਪੜ੍ਹੋ ਕਾਗ ਭਸੁੰਡ ਦਾ ਤੇ ਗਰੜ ਜੀ ਦਾ ਸੰਵਾਦ, ਕਿਸੇ ਵੇਲੇ ਤੁਲਸੀ ਰਮਾਇਣ 'ਚੋਂ ਜੇ ਸਿੱਖੀ ਤੋਂ ਕੁਝ ਲੈਣਾ ਹੈ, ਕਿ ਸਿੱਖੀ ਕਿਆ ਚੀਜ਼ ਹੈ, ਸਿੱਖ ਦਾ ਕੀ ਕੰਮ ਹੈ, ਗੁਰੂ ਤੇ ਸ਼ਰਧਾ ਕਿਵੇਂ ਚਾਹੀਦੀ ਹੈ ?

ਪੈਂਦੇ ਖਾਂ ਕਹਿੰਦਾ, ''ਮਹਾਰਾਜ, ਤੁਸੀਂ ਇੱਥੇ ਸਭ ਕਾਸੇ ਦੇ ਵਿੱਚ ਰਹਿੰਦੇ ਹੋ, ਤੁਸੀਂ ਮੋਟੇ ਨਹੀਂ ਮੇਰੇ ਜਿੱਡੇ ਹੋਏ।''

ਸੱਚੇ ਪਾਤਸ਼ਾਹ ਮੌਜ ਦੇ ਮਾਲਕ ਕਹਿੰਦੇ, ''ਪੈਂਦੇ ਖਾਂ ਦੱਸਾਂਗੇ–ਕਿਸੇ ਵਕਤ।''

ਇੱਕ ਦਿਨ ਉਹਨੂੰ ਆਂਹਦੇ ਨੇ, ''ਪੈਂਦੇ ਖਾਂ, ਹੁਕਮ ਆ ਗਿਐ ਕਿ ਤੇਰਾ ਅੱਠਵੇ ਦਿਨ ਨੂੰ ਸਰੀਰ ਚਲ ਜਾਣਾ ਹੈ, ਮਿਲ ਲੈ, ਜੋ ਖਾਣਾ ਹੈ-ਖਾ ਲੈ।''

ਪੈ ਗਿਆ ਲੰਮਾ, ਬਈ, ਗੁਰੂ ਸਾਹਿਬ ਦਾ ਹੁਕਮ ਤਾਂ ਝੂਠਾ ਨਹੀਂ-ਏਨਾਂ ਤਾਂ ਯਕੀਨ ਹੋਇਆ ਸੀ, ਬਹੁਤ ਕੁਝ ਸਾਹਮਣੇ ਦੇਖਦਾ ਸੀ। ਨਾਲੇ ਉਹ ਮੌਜ ਦਾ ਮਾਲਕ ਹੈ-ਜਿਸ ਵੇਲੇ ਚਿਤ ਕਰਦਾ ਹੈ ਸਿਦਕ ਦੇ ਦਿੰਦਾ ਹੈ, ਜੇ ਮਰਜ਼ੀ ਆ ਜਾਏ, ਜਿੱਥੇ ਹਮਾਕਤ ਆਵੇ ਕੁਝ ਨਹੀਂ ਰਹਿਣ ਦਿੰਦਾ।

ਅੱਠਵਾਂ ਜਦੋਂ ਦਿਨ ਆਇਆ-ਮਹਾਰਾਜ ਗਏ ਕਿ ਫਲਾਣੇ ਵੇਲੇ ਤੂੰ ਮਰਨਾ ਹੈ, ਲੰਮਾ ਪਿਆ ਹੈ। ਕਹਿੰਦੇ ਨੇ, ''ਆ ਦੇਖ ਤੇਰੀ ਇਸਤਰੀ ਹੈ-ਇਹ ਭੋਗ ਲੈ, ਇਹ ਖਾਣ ਦੇ ਪਦਾਰਥ ਹਨ।''

ਕਹਿੰਦਾ ਮਹਾਰਾਜ, ''ਹੁਣ ਮਰ ਹੀ ਜਾਣੈ ਤਾਂ ਕੀ ਲੈਣਾ ਕਰਕੇ।'' ਸਾਹਿਬ ਜ਼ਰਾ ਕੁ ਬੈਠ ਕੇ ਕਹਿੰਦੇ ਨੇ, ''ਪੈਂਦੇ ਖਾਂ, ਹੁਣ ਉਠ ਖਲੋ-ਹੁਣ ਹੁਕਮ ਆ ਗਿਐ, ਤੇਰੇ ਵਾਸਤੇ ਅਰਜ਼ ਕੀਤੀ ਹੈ, ਨਹੀਂ ਤੂੰ ਮਰਦਾ।'' ਉਠ ਖਲੋਤਾ।

ਕਹਿੰਦੇ ਨੇ, ''ਦੱਸ ਗੱਲ-ਜਦੋਂ ਤੈਨੂੰ ਮਰਨਾ ਯਾਦ ਸੀ, ਕੋਈ ਚੀਜ਼ ਚੰਗੀ ਨਹੀਂ ਸੀ ਲਗਦੀ-ਇਹ ਸਾਨੂੰ ਹਰ ਵੇਲੇ ਯਾਦ ਰਹਿੰਦਾ ਹੈ।'' ਮਹਾਰਾਜ ਨੇ ਪੱਟੀ ਆਸਾ ਰਾਗ 'ਚ ਲਿਖਿਆ ਹੈ-

**ਕਾਇਆ ਭੀਤਰਿ ਅਵਰੋ[੧੨] ਪੜਿਆ ਮੰਮਾ[੧੩] ਅਖਰੁ ਵੀਸਰਿਆ।**

*- ਆਸਾ ਮ: ੧, ਪੰਨਾ-੪੩੪*

**- ਮਰਣਾ ਮਨਹੁ ਵਿਸਾਰਿਆ,**

*- ਆਸਾ ਮ: ੩ ਪੰਨਾ ੪੩੦*

ਭੁੱਲ ਗਿਆ, ਭੁੱਲ ਕੇ ਹੀ ਦੁੱਖ ਪਾਉਂਦਾ ਹੈ। ਤਾਂ, ਸੁਕਦੇਵ ਜੀ ਨੂੰ ਭਜਨ ਦੱਸਿਆ, ਮਹਾਰਾਜ ਕਹਿੰਦੇ ਨੇ-

**ਜਾਤ ਨਜਾਤਿ ਦੇਖਿ ਮਤ ਭਰਮਹੁ,**

ਜਾਤ ਦੇਖਕੇ ਨਾ ਭਰਮੋ, ਪੰਡਿਤ-ਸੁਕਦੇਵ, ਛਤਰੀ-ਜਨਕ।

**ਸੁਕ ਜਨਕ ਪਗੀਂ ਲਗਿ ਧਿਆਵੈਗੋ।।**

*- ਪੰਨਾ ੧੩੦੯*

ਪਰਮੇਸ਼ਰ ਦੀ ਜਾਤ ਕੋਈ ਨਹੀਂ; ਭਗਤਾਂ ਦੀ ਵੀ ਜਾਤ ਕੋਈ ਨਹੀ ਜਿਹੜੇ ਉਹਦੇ ਨਾਲ ਮਿਲ ਜਾਂਦੇ ਹਨ, ਜਦੋਂ ਉਹਦੀ ਕੋਈ ਨਹੀਂ ਕਿਸੇ ਦੀ ਵੀ ਨਹੀਂ; ਉਰੇ-ਉਰੇ ਰਹਿ ਕੇ ਸਭ ਕੁਝ ਹੈ, ਜਦੋਂ ਇਸ ਤੋਂ ਅੱਗੇ ਹੋ ਜਾਂਦਾ ਹੈ,

**ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ।**
**ਬ੍ਰਹਮ ਕੇ ਬੇਤੇ ਸਬਦੁ ਪਛਾਣਹਿ[੧੪] ਹਉਮੈ ਜਾਤਿ ਗਵਾਈ।।**
**ਸੁਰਿ[੧੫] ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ।।**

*– ਸ੍ਰੀ ਰਾਗ ਮ:੩ ਪੰਨਾ-੬੭*

ਉਹ ਜੁਲਾਹਿਆਂ ਦੇ ਘਰ ਜੰਮਿਆਂ ਹੋਇਆ—ਕਬੀਰ,

**ਜਾ ਕੈ ਈਦਿ ਬਕਰੀਦਿ ਕੁਲ[੧੬] ਗਊ ਰੇ ਬਧੁ[੧੭]**
**ਕਰਹਿ ਮਾਨੀਅਹਿ ਸੇਖ[੧੮] ਸਹੀਦ ਪੀਰਾ।।**
**ਜਾ ਕੈ ਬਾਪ ਵੈਸੀ[੧੯] ਕਰੀ ਪੂਤ ਐਸੀ[੨੦] ਸਰੀ**
**ਤਿਹੂ[੨੧] ਰੇ ਲੋਕ ਪਰਸਿਧ ਕਬੀਰਾ।।**

*– ਮਲਾਰ ਰਵਿਦਾਸ ਜੀ, ਪੰਨਾ-੧੨੯੩*

– ਜਨਮ ਦੀ ਗੱਲ ਨਹੀਂ ਰਹਿੰਦੀ। ਫੇਰ,

**ਕਹਿ ਕਬੀਰ ਚੇਤੈ ਨਹੀ ਮੂਰਖੁ ਮੁਗਧੁ ਗਵਾਰੁ।**

*– ਪੰਨਾ ੧੧੦੫*

ਹੁਣ ਤਿੰਨ ਸ਼ਬਦ (ਮੂਰਖ, ਮੁਗਧ, ਗਵਾਰ) ਕਹੇ ਹਨ, (ਜਿਹੜਾ) ਚੇਤਦਾ ਨਹੀਂ, ਸਿਮਰਨ ਨਹੀਂ ਕਰਦਾ। ਮਹਾਰਾਜ ਕਹਿੰਦੇ ਹਨ–

**ਰਕਤੁ[੨੨] ਬਿੰਦੁ[੨੩] ਕਰਿ ਨਿੰਮਿਆ[੨੪] ਅਗਨਿ ਉਦਰ ਮਝਾਰਿ।।**
**ਉਰਧ[੨੫] ਮੁਖੁ ਕੁਚੀਲ[੨੬] ਬਿਕਲੁ[੨੭] ਨਰਕਿ ਘੋਰਿ[੨੮] ਗੁਬਾਰਿ।।**
**ਹਰਿ ਸਿਮਰਤ ਤੂ ਨਾ ਜਲਹਿ[੨੯] ਮਨਿ ਤਨਿ ਉਰ ਧਾਰਿ।।**

*– ਜੈਤਸਰੀ ਮ: ੫, ਪੰਨਾ ੭੦੬*

ਕੈਸੀ ਜਗ੍ਹਾ ਹੈ—ਮਾਤਾ ਦਾ ਗਰਭ? ਜਿਹੜੇ ਕੋਰੜ, ਮੋਠ ਇਹ ਅਗਨੀ ਨਹੀਂ ਰ੍ਹਿੰਨ ਸਕਦੀ-ਉਹ ਅੰਦਰ ਜਾ ਕੇ ਗਲ ਜਾਂਦੇ ਹਨ, ਪਰ, ਕਹਿੰਦੇ ਨੇ, ਤੂੰ—ਉਹ ਕੋਰੜ ਮੋਠ ਗਲਦੇ ਨੇ ਜਿੱਥੇ—**ਹਰਿ ਸਿਮਰਤ ਤੂ**

**ਨਾ ਜਲਹਿ**-ਹਰੀ ਦਾ ਸਿਮਰਨ ਕਰਨ ਕਰ ਕੇ। ਭਾਈ ਸੱਜਣੋ, ਹੁਣ ਕਬੀਰ ਜੀ ਕਹਿੰਦੇ ਨੇ, ਓ ਮੂਰਖਾ-**ਦੀਨੁ ਬਿਸਾਰਿਓ ਰੇ ਦਿਵਾਨੇ**—ਓ ਪਾਗਲਾ ! ਓ ਮੂਰਖਾ ! ਓ ਮੁਗਧ। ਓ ਗਵਾਰ। ਕਿਓਂ-**ਰਾਮੁ ਨਾਮੁ ਜਾਨਿਓ ਨਹੀਂ**-*ਰਾਮ ਦਾ ਨਾਮ-ਉਹ ਰਾਮ ਕੌਣ ਹੈ?*

*ਰਮੰਤੇ ਯਸ ਮਨਹਿ ਜੋਗੀ*—ਜਿਸ ਨੂੰ ਮਨ ਕਰਕੇ ਰਮਨ ਕਰਦੇ ਹਨ ਜੋਗੀ-*ਸਾ ਰਾਮਹਿ*।

ਗੁਰੂ ਗੋਬਿੰਦ ਸਿੰਘ ਕਹਿੰਦੇ ਨੇ—ਸਭ ਘਟ ਰਮਿਆ ਰਾਮ ਹਮਾਰਾ।

ਰਾਮ ਉਸਦਾ ਨਾਮ ਹੈ ਜਿਹੜਾ ਸਾਰੇ ਰਮਿਆ ਹੋਇਆ ਹੈ। ਭਾਈ ਸੱਜਣੋ, ਜਾਗੋ ! ਗੁਰੂ ਗੋਬਿੰਦ ਸਿੰਘ ਦੇ ਪਾਸ ਦਿਵਾਨ ਨੰਦ ਲਾਲ-ਗੁਰੂ ਦਾ ਪ੍ਰੇਮੀ ਸਿੱਖ, ਸਾਦਿਕ ਸਿੱਖ, ਕੀ ਕਹਿੰਦਾ ਹੈ? ਦਿਵਾਨ ਜੀ ਕਹਿੰਦੇ ਨੇ :-

*ਬ-ਹੋਸ਼ ਬਾਸ਼ ਕਿ ਹੰਗਾਮਿ ਨੌ ਬਹਾਰ ਆਮਦ।*

*- ਗ਼ਜ਼ਲ-੧੯*

ਹੋਸ਼ ਵਿੱਚ ਆ, ਨੌ ਬਹਾਰ ਆਈ ਹੈ-ਨੌ ਬਹਾਰ ਦਾ ਹੰਗਾਮਾ ਆਇਆ ਹੈ। ਮੈਂ ਫਾਰਸੀ ਪੜ੍ਹਿਆ ਹੋਇਆ ਨਹੀਂ-ਕੋਈ ਸ਼ਬਦ ਦੀ ਗਲਤੀ ਹੋਵੇ ਤਾਂ ਖਿਮਾ ਕਰਨਾ।

*ਹੰਗਾਮਿ ਨੌ ਬਹਾਰ ਆਮਦ*—ਕਿ ਹੰਗਾਮੇ ਨੌ ਬਹਾਰ ਆਈ ਹੈ।

*ਬਹਾਰ ਆਮਦੋ*—ਬਹਾਰ ਆਈ ਹੈ, ਤੈਨੂੰ ਮੱਨੁਖਾ ਦੇਹ ਮਿਲੀ ਹੈ।

**ਇਸ ਦੇਹੀ ਕਉ ਸਿਮਰਹਿ ਦੇਵ।।**
**ਸੋ ਦੇਹੀ ਭਜੁ ਹਰਿ ਕੀ ਸੇਵ।।**

*- ਭੈਰਉ ਕਬੀਰ ਜੀ, ਪੰਨਾ-੧੧੫੯*

*ਯਾਰ ਆਮਦੋ,*-ਗੁਰੂ ਗੋਬਿੰਦ ਸਿੰਘ ਯਾਰ ਹੈ, ਸੱਚਾ ਯਾਰ ਹੈ, ਸਤਿਗੁਰੂ ਸੱਚਾ ਯਾਰ ਹੈ। ਇਹ ਜਿਹੜੇ ਦੂਸਰੇ ਯਾਰ ਹਨ ਦੁਨੀਆਂ ਦੇ, ਇਹ ਕੱਚੇ ਯਾਰ ਹਨ। ਗੁਰੂ ਸਾਹਿਬ ਕਹਿੰਦੇ ਹਨ :—

**ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ।**

*- ਸਲੋਕ ਡਖਣੇ ਮ: ੫, ਪੰਨਾ ੧੧੦੨*

—ਕਿਉਂ ? ਕਹਿੰਦੇ

**ਓਇ ਜੀਵੰਦੇ[੩੦] ਵਿਛੁੜਹਿ,**

ਅੱਜ ਮੈਂ ਕੰਮ ਕਰਦਾ ਹਾਂ, ਮੈਂ ਹਜ਼ਾਰਾਂ ਰੁਪਏ ਕਮਾ ਕੇ ਲਿਆਉਂਦਾ ਹਾਂ; ਮੇਰੇ ਮਾਤਾ-ਪਿਤਾ, ਮੇਰੀ ਔਰਤ, ਮੇਰੇ ਬੱਚੇ, ਮੇਰੇ ਪੈਰਾਂ ਹੇਠਾਂ ਹੱਥ ਰੱਖਦੇ ਹਨ। ਮੇਰਾ ਸਰੀਰ ਬਿਮਾਰ ਹੋ ਜਾਂਦਾ ਹੈ, ਥੋੜਾ ਚਿਰ ਖੇਚਲ ਕਰਨਗੇ ਕਿ ਕਿਤੇ ਬਚ ਜਾਵੇ, ਫੇਰ ਸਾਨੂੰ ਲਿਆ ਕੇ ਖੁਆਵੇ; ਪਰ ਜੇ ਰਹਿ ਜਾਵੇਗਾ ਤੇ ਫਿਰ ਅਰਦਾਸ ਕਰਨਗੇ—ਹੁਣ ਇਹਦਾ ਕਿਵੇਂ ਸਰੀਰ ਛੁੱਟ ਜਾਏ ਤਾਂ ਚੰਗਾ ਹੈ। ਬੁੱਢੇ ਦਰਵਾਜ਼ਿਆਂ 'ਚ ਬਹਾ ਦੇਣੇ, ਮਰਦਾ ਨਹੀਂ, ਖੰਘ-ਖੰਘ ਕੇ ਦਰਵਾਜ਼ੇ ਭਰ ਦਿੱਤੇ। ਗੁਰੂ ਸਾਹਿਬ ਇਹਦੇ ਉੱਤੇ ਲਿਖਦੇ ਹਨ।

**ਮਨਮੁਖਾ ਕੇਰੀ[੩੧] ਦੋਸਤੀ ਮਾਇਆ ਕਾ ਸਨਬੰਧੁ।**

*- ਮ: ੫, ਪੰਨਾ-੯੫੯*

ਇਹ ਸਾਡਾ ਮਾਇਆ ਦਾ ਸੰਬੰਧ ਹੈ, ਇਹ ਮਨਮੁੱਖਾਂ ਦੀ ਦੋਸਤੀ ਹੈ, ਜਿਹਨਾਂ ਨੇ ਮਨ ਨੂੰ ਮੁੱਖ ਰੱਖਿਆ ਹੈ, ਜਿਧਰ ਨੂੰ ਮਨ ਨੇ ਖਿਚਿਆ-ਸਵੇਰੇ ਉਹਨਾਂ ਦੱਸਿਆ ਸੀ ਅਤ੍ਰੇ ਜੀ-ਕਿ ਬੁਰੇ ਕੰਮਾਂ ਵਾਸਤੇ, ਪਾਪ ਕਰਨ ਵਾਸਤੇ ਨਹੀਂ, ਵਿਹਾਰ ਕਰਨ ਵਾਸਤੇ ਹੈ। ਫੇਰ ਕੀ ਕਹਿੰਦੇ ਹਨ-

**ਜਿਚਰੁ ਪੈਨਨਿ ਖਾਵਨੇ ਤਿਚੁਰ ਰਖਨਿ ਗੰਢੁ[੩੨]।**

*- ਮ: ੫, ਪੰਨਾ-੯੫੯*

ਕੋਈ ਅਰਥ ਕਰਨ ਦੀ ਲੋੜ ਨਹੀਂ। ਗੁਰਬਾਣੀ ਦੇ ਅਰਥ ਮੈਂ ਨਹੀਂ ਕਰ ਸਕਦਾ, ਕਿਉਂਕਿ ਸਤਿਗੁਰੂ ਦੀ ਚੀਜ਼ ਨੂੰ ਜੇ ਦੇਖੀਏ ਤਾਂ ਬੜੀ ਉੱਚੀ ਹੈ।

**ਕਰਤੇ[੩੩] ਕੀ ਮਿਤਿ[੩੪] ਕਰਤਾ ਜਾਣੈ ਕੈ[੩੫] ਜਾਣੈ ਗੁਰੁ ਸੂਰਾ[੩੬]।**

*- ਰਾਮਕਲੀ ਮ: ੧, ਪੰਨਾ ੯੩੦*

ਮਨੁੱਖ ਨਹੀਂ ਜਾਣ ਸਕਦਾ। ਫੇਰ ਕਹਿੰਦੇ ਨੇ,

**ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲ ਨਿਗੰਧੁ।**

*- ਪੰਨਾ ੯੫੯*

ਇੱਥੇ 'ਧ' ਅਖਰ ਹੈ-ਇੱਥੇ 'ਦ' ਨਹੀਂ। ਕਈ ਪੜ੍ਹਦੇ ਨੇ ਤਿਤ ਦਿਨ ਬੋਲਣ ਗੰਦ, ਸ਼ਬਦ ਦੀ ਸ਼ੁੱਧੀ ਕਰਨ ਦੀ ਬੜੀ ਜ਼ਰੂਰਤ ਹੈ। ਗੁਰਬਾਣੀ ਉੱਚੀ ਚੀਜ਼ ਹੈ।

ਮੈਂ ਹੁਣ ਤੁਹਾਡੇ ਅੱਗੇ ਦੋ ਅਰਜ਼ਾਂ ਕਰਦਾ ਹਾਂ। ਪਤਾ ਲੱਗਾ ਰਾਮ ਚੰਦਰ ਮਹਾਰਾਜ ਨੂੰ–ਜੰਗ ਵਿੱਚ ਗਿਆਂ ਹੋਇਆਂ–ਕਿ ਮੇਘ ਨਾਥ ਇੱਕ ਮੰਤਰ ਦਾ ਸਿਮਰਨ ਕਰਨ ਲੱਗਾ ਹੋਇਐ, ਅਗਰ ਉਸ ਦਾ ਜਪ ਸਿਰੇ ਚੜ੍ਹ ਗਿਆ ਤਾਂ ਉਹ ਨਹੀਂ ਜਿੱਤਿਆ ਜਾਏਗਾ, ਤੁਸੀਂ ਨਹੀਂ ਉਹਨੂੰ ਮਾਰ ਸਕੋਗੇ। ਹਨੂਮਾਨ ਨੂੰ ਉੱਥੇ ਭੇਜ ਦਿੱਤਾ ਗਿਆ। ਹਨੂਮਾਨ ਮੱਖੀ ਦਾ ਰੂਪ ਬਣ ਕੇ ਉਹਦੇ ਇੱਕ ਅੱਖਰ ਤੇ ਬੈਠਿਆ, ਉਹ ਅੱਖਰ ਬਦਲ ਗਿਆ। ਉਹਦਾ ਮੰਤਰ ਭਰਿਸ਼ਟ ਹੋ ਗਿਆ, ਉਹ ਨਾ ਚੜ੍ਹ ਸਕਿਆ ਸਿਰੇ–ਇੱਕ ਅੱਖਰ ਦੇ ਬਦਲਣ ਨਾਲ।

ਦੂਸਰੀ ਚੀਜ਼ ਪੜ੍ਹੋ–ਇਤਿਹਾਸ ਦੇਖੋ, ਸੂਰਜ ਪ੍ਰਕਾਸ਼,*[੨] ਸੌ ਸਾਖੀ। ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਿਸ਼ਾਹ ! ਆਨੰਦਪੁਰ ਵਿੱਚ ਬੈਠੇ ਹਨ। ਇੱਕ ਸਿੱਖ ਬਾਣੀ ਪੜ੍ਹਦਾ ਹੈ। ਓਅੰਕਾਰ ਦਾ ਪਾਠ ਕਰਦਾ–ਕਰਦਾ ਕਹਿੰਦਾ ਹੈ :–

**ਕਰਤੇ ਕੀ ਮਿਤਿ ਕਰਤਾ ਜਾਣੈ ਕੇ ਜਾਣੇਂ ਗੁਰੂ ਸੂਰਾ।**

ਸ਼ਬਦ ਹੈ, ਕੈ ਜਾਣੈ ਗੁਰ ਸੂਰਾ, ਇੱਕ ਲਾਂ ਦੇ ਹਟਣ ਨਾਲ ਮਹਾਰਾਜ ਕਹਿੰਦੇ ਨੇ, ''ਮਾਰੋ ਇਸ ਨੂੰ ਚਪੇੜਾਂ''– ਸਿੱਖਾਂ ਨੂੰ ਹੁਕਮ ਦਿੱਤਾ।

(ਸਿੱਖਾਂ) ਪੁੱਛਿਆ, ''ਮਹਾਰਾਜ ਕਿਉ''?

ਕਹਿੰਦੇ ਨੇ, ਇਸ ਨੇ ਅਰਥ ਦਾ ਅਨਰਥ ਕਰ ਦਿੱਤਾ ਬਾਣੀ 'ਚ ਲਿਖਿਐ ਕਿ–

**ਕਰਤੇ[੩੭] ਕੀ ਮਿਤਿ[੩੮] ਕਰਤਾ ਜਾਣੈ ਕੈ[੩੯] ਜਾਣੈ ਗੁਰ ਸੂਰਾ[੪੦]।**

*– ਪੰਨਾ–੯੩੦*

ਜਾਂ ਜਾਣਦਾ ਹੈ ਗੁਰੂ ਸੂਰਮਾ। ਇਹ ਕਹਿੰਦਾ ਏ, ਕੇ ਜਾਣੇ—ਕੀ ਜਾਣੇ ਗੁਰ ਸੂਰਾ। ਤਾਂ ਕਿਤਨਾ ਅਨਰਥ ਹੋਇਆ।

ਬਾਣੀ ਪੜ੍ਹਨ ਲੱਗਿਆ ਭਾਈ–ਇਹ ਸਮੁੰਦਰ ਹੈ–ਸਾਢੇ ਸੱਤ ਸਾਲ ਦੀ ਉਮਰ ਸੀ ਮੇਰੀ ਜਦੋਂ ਦਾ ਮੈਂ ਲੱਗਾਂ ਪੜ੍ਹਨ, ਹੁਣ ਇਕਾਹਠਾਂ ਤੋਂ ਲੰਘਿਆ ਹੋਇਆ ਹਾਂ ਅਜੇ ਤਕ ਪਤਾ ਨਹੀਂ ਲਗਦਾ ਸਾਰੀ ਬਾਣੀ ਦੇ ਪੜ੍ਹਨ ਦਾ–ਕਿਵੇਂ ਪੜ੍ਹੀਦੀ ਹੈ, ਕੀ ਕਹੀਦਾ ਹੈ, ਕਿਸ ਤਰ੍ਹਾਂ ਹੈ ? ਅੱਖਰ ਦੇਖ

ਦੇਖ ਕੇ ਪੜ੍ਹਦਿਆਂ-ਪੜ੍ਹਦਿਆਂ ਨੂੰ ਬੜਿਆਂ, ਸਿਆਣਿਆਂ, ਮਹਾਪੁਰਖਾਂ ਕੋਲ ਬੈਠ-ਬੈਠ ਕੇ, ਅਜੇ ਉਹ ਪਰੇ ਤੋਂ ਪਰੇ ਹੀ ਉਹਦੀ ਖੇਡ ਹੈ, ਪਰ ਜਿੰਨਾ ਹੋ ਸਕੇ, ਵਿਚਾਰ ਕੇ ਪੜ੍ਹੋ। ਤਾਂ-

**ਤਿਤੁ ਦਿਨਿ ਬੋਲ ਨਿਗੰਧੁ।**

ਜਿਸ ਦਿਨ ਕਾਸੇ ਜੋਗਾ ਨ ਰਹੇ, ਫਿਰ ਘਰ ਵਾਲਿਆਂ ਦੇ ਬੋਲ ਵਿੱਚ ਸੁਗੰਧੀ ਨਹੀਂ ਰਹਿ ਜਾਂਦੀ-ਬੂ ਆਉਂਦੀ ਹੈ। ਤਾਂ, ਮਹਾਰਾਜ ਕਹਿੰਦੇ ਨੇ-

***ਨਾਨਕ ਕਚੜਿਆ ਸਿਉ ਤੋੜਿ***

ਇਹ ਨਹੀਂ ਮਤਲਬ, ਕਿ ਘਰ ਦੀ ਇਸਤਰੀ ਨਾਲ ਨਾ ਬੋਲ, ਪੁੱਤਰਾਂ ਨਾਲ ਨਾ ਬੋਲ, ਭਰਾਵਾਂ ਨਾਲ ਨਾ ਬੋਲ, ਹੋਰ ਕਿਸੇ ਮਿੱਤਰ ਪਿਆਰੇ ਦੂਸਰੇ ਵਿਹਾਰੀ ਨਾਲ ਨਾ ਬੋਲ ਪਰ ਜੋੜ ਸੱਚੇ ਨਾਲ, ਸੰਤ ਨਾਲ। ਇਹਦਾ ਮਤਲਬ ਇਹ ਨਹੀਂ ਕਿ ਵਿਹਾਰ ਨਹੀਂ ਕਰਨਾ-ਕਿਸੇ ਨਾਲ ਮਿਲਣਾ ਨਹੀਂ, ਬੋਲਣਾ ਨਹੀਂ-ਮਿੱਠਾ ਬੋਲ-ਭਾਈ।

*ਮਿਠਾ ਬੋਲਹਿ ਨਿਵਿ ਚਲਹਿ ਹਥੋਂ ਭੀ ਕੁਛ ਦੇਹ,*
*ਰਬ ਤਿਨਾਂ ਦੀ ਬੁਕਲੀ ਜੰਗਲ ਕਿਆ ਢੂੰਡੇਹ।*

ਬੋਲਣ ਵਿੱਚ, ਕੋਇਲ ਕਿਆ-

*ਕਾਗਾ ਕਿਆ ਕਿਸ ਧੰਨ ਹਰੇ ਕੋਇਲ ਕਿਆ ਤਿਸ ਦੇ।*

ਕੋਇਲ ਦੀ ਆਵਾਜ਼ ਮਿੱਠੀ ਸਭ ਨੂੰ ਚੰਗੀ ਲਗਦੀ ਹੈ, ਕਾਂ ਦੀ ਆਵਾਜ਼ ਬੁਰੀ ਲਗਦੀ ਹੈ। ਬੋਲਣ ਲੱਗਿਆ, ਖੁਸ਼ਕ ਨਾ ਬੋਲ, ਪ੍ਰੇਮ ਨਾਲ ਬੋਲ। ਵਿਹਾਰ ਕਰ-ਪਰ ਅੰਦਰੋਂ ਜੋੜ, ਜਿਵੇਂ ਰਵਿਦਾਸ ਜੀ ਕਹਿੰਦੇ ਨੇ :-

**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ।**
**ਤੁਮ ਸਿਉ ਜੋਰਿ ਅਵਰ[੪੧] ਸੰਗਿ ਤੋਰੀ[੪੨]।।**

*- ਸੋਰਠ ਰਵਿਦਾਸ ਜੀ, ਪੰਨਾ-੬੫੯*

ਹੋਰਨਾਂ ਨਾਲ ਤੋੜੀ। ਭਾਈ ਗੁਰਦਾਸ ਜੀ ਕਹਿੰਦੇ ਹਨ।

*ਪਿਉ ਦੇ ਨਾਂਹ ਪਿਆਰ ਤੁਲਿ ਨਾ ਫੁਫੀ ਨਾ ਪਿਤੀਏ ਤਾਏ।*

ਇਹ ਹੁਣ ਪਾਸਾ ਦਾਦਕਿਆਂ ਦਾ ਗਿਣਿਆ ਭਾਈ ਗੁਰਦਾਸ ਨੇ -ਪਿਉ, ਭੂਆ, ਤਾਏ, ਚਾਚੇ, ਭਤੀਏ, ਭਰਾ। ਦੂਜੇ ਪਾਸੇ ਕਹਿੰਦੇ ਨੇ -

*ਮਾਊ ਹੇਤੁ ਨ ਪੁਜਨੀ ਹੇਤੁ ਨ ਮਾਮੇ ਮਾਸੀ ਜਾਏ।*

ਮਾਂ ਵਾਲੇ ਪਾਸੇ, ਨਾਨਕਿਆਂ ਵੱਲੋਂ ਮਾਂ ਵਰਗੀ, ਨਾ ਮਾਸੀ, ਨਾ ਮਾਮੇ –ਕੋਈ ਨਹੀਂ, ਨਾ ਮਾਸੀਆਂ ਦੇ ਪੁੱਤਰ।

*ਅੰਬਾਂ ਸਧਰ ਨ ਉਤਰੈ ਆਨਿ ਅੰਬਾਕੜੀਆਂ ਜੇ ਖਾਏ।*

ਅੰਬਾਂ ਦਾ ਸੁਆਦ ਅੰਬਾਖੜੀਆਂ 'ਚੋਂ ਨਹੀਂ ਆਉਂਦਾ। ਫਿਰ ਕਹਿੰਦੇ ਨੇ–

*ਮੂਲੀ ਪਾਨ ਪਟੰਤਰਾ ਵਾਸੁ ਡਿਕਾਰੁ ਪਰਗਟੀ ਆਏ।*

ਮੂਲੀ ਦੇ ਖਾਦਿਆਂ ਡਕਾਰ–ਭੱਸ ਡਕਾਰ ਬੁਰਾ ਆਉਂਦਾ ਹੈ, ਪਾਨ ਦੇ ਖਾਂਦਿਆਂ ਖੁਸ਼ਬੋ ਵਾਲਾ ਆਉਂਦਾ ਹੈ। ਫਿਰ ਕਹਿੰਦੇ ਨੇ,

*ਸੂਰਜ ਚੰਦ ਨ ਪੁਜਨੀ ਦੀਵੇ ਲਖ ਤਾਰੇ ਚਮਕਾਏ।*
*ਰੰਗ ਮਜੀਠ ਕੁਸੁੰਭ ਦਾ ਸਦਾ ਸਥੋਈ ਵੇਸੁ ਵਟਾਏ।*

ਮਜੀਠ ਦਾ ਰੰਗ ਜਿਹੜਾ ਹੈ, ਉਹ ਰਹਿਣ ਵਾਲਾ ਹੈ। ਕੁਸੁੰਭ ਦਾ ਰੰਗ ਜਿਹੜਾ ਹੈ—ਹੁਣ ਤੇ ਕੋਈ ਰੰਗਦਾ ਹੀ ਨਹੀਂ ਕੁਸੁੰਭੇ ਨਾਲ—ਛੋਟੇ ਛੋਟਿਆਂ ਨੂੰ ਪਤਾ ਹੈ ਕਿ ਧੁੱਪ ਨਾਲ ਵੀ ਕੁਸੁੰਭੇ ਦਾ ਰੰਗ ਉੱਡ ਜਾਂਦਾ ਸੀ, ਧੋਣ ਤੋਂ ਬਿਨਾਂ ਵੀ। ਫਿਰ ਕਹਿੰਦੇ ਨੇ–

*ਸਤਿਗੁਰੁ ਤੁਲਿ ਨ ਮਿਹਰਵਾਨ ਮਾਤ ਪਿਤਾ ਨ ਦੇਵ ਸਬਾਏ।*
*ਡਿਠੇ ਸਭੇ ਠੋਕਿ ਵਜਾਏ।*

*– ਵਾਰ ੩੯, ਪਾਉੜੀ–੨੦*

ਗੁਰੂ ਸਾਹਿਬ, ਬਾਣੀ 'ਚ ਕਹਿੰਦੇ ਨੇ,

**ਠੋਕਿ ਵਜਾਇ ਸਭ ਡਿਠੀਆ,**

*– ਪੰਨਾ ੭੪*

– **ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ।**

*– ਸਿਰੀ ਰਾਗ ਮ: ੫, ਪੰਨਾ–੭੩*

ਕਿਉਂ ? ਕਰੋੜ ਪਾਪ ਕਰਕੇ ਵੀ ਜਦੋਂ ਸਤਿਗੁਰੂ ਦੇ ਅੱਗੇ ਖਲੋ ਜਾਂਦਾ ਹੈ, ਸਤਿਗੁਰੂ ਬਖਸ਼ਦਾ ਹੈ। ਭਾਈ ਗੁਰਦਾਸ ਜੀ ਕਹਿੰਦੇ ਨੇ–*ਨਿੰਦਕ, ਦੋਖੀ, ਬੇਮੁੱਖ ਤਾਰੇ।*

## ਸਤਿਗੁਰੂ ਨਿੰਦਕਾਂ ਨੂੰ ਵੀ ਤਾਰਦਾ ਹੈ

ਸਤਿਗੁਰੂ ਦੀ ਨਿੰਦਿਆਂ ਕਰਨ ਵਾਲੇ ਵੀ, ਸਤਿਗੁਰੂ ਨਾਲ ਦਵੈਸ਼ ਕਰਨ ਵਾਲੇ ਵੀ, ਬੇਮੁੱਖ ਵੀ ਤਾਰੇ। ਰਾਮਚੰਦਰ ਜੀ ਨੇ ਰਾਵਣ ਜੈਸੇ ਵੀ ਤਾਰ ਦਿੱਤੇ। ਕ੍ਰਿਸ਼ਨ ਮਹਾਰਾਜ ਨੇ ਕੰਸ ਜੈਸੇ ਵੀ ਤਾਰ ਦਿੱਤੇ। ਜਰਾ ਸਿੰਧ ਵਰਗਾ ਜਿਹੜਾ ਖਵਰ ਨਹੀਂ ਕਿਤਨੀ ਵਾਰੀ ਫੌਜ ਲੈ ਕੇ ਚੜ੍ਹਿਆ–ਉਹਨਾਂ ਦਾ ਵੀ ਉਧਾਰ ਕੀਤਾ। ਉਹ ਸਤਿਗੁਰੂ ਨਿਰਵੈਰ ਹੈ। ਜਦੋਂ ਅਸੀਂ ਬਾਣੀ ਪੜ੍ਹਨ ਲੱਗਦੇ ਹਾਂ, ਮਹਾਰਾਜ ਨੇ ਜਿੱਥੇ ਉਚਾਰਣ ਕੀਤੀ ਹੈ, ਜਿੱਥੇ ਗੁਰਬਾਣੀ ਦਾ ਆਰੰਭ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਆਉਂਦੈ ਉਥੇ ਹੈ—ਨਿਰਭਉ ਤੇ ਨਿਰਵੈਰੁ ਸ਼ਬਦ।

**ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ।**

ਉਹ ਵੈਰ ਨਹੀਂ ਕਿਸੇ ਨਾਲ ਕਰਦਾ। ਜਿਹੜੇ ਉਹਦੇ ਨਾਲ ਵੈਰ ਕਰਦੇ ਨੇ, ਉਹਨਾਂ ਨੂੰ ਵੀ ਤਾਰਦਾ ਹੈ। ਕਿਸੇ ਕਵੀ ਨੇ ਲਿਖਿਆ ਹੈ-ਸੰਤ ਜਿਹੜੇ ਹਨ ਉਹ ਕਿਸ ਤਰਾਂ ਦੇ ਹਨ,

*ਜੈਸੇ ਕੁਠਾਰ ਕਟੈ ਤਰੁ ਚੰਦਨ, ਗੰਧ ਤਿਸੇ, ਮੁਖ ਦੇਵਤ ਹੀ।*

ਜੇ ਕੁਹਾੜਾ ਚੰਦਨ ਦੇ ਦਰਖਤ ਨੂੰ ਕੱਟਦਾ ਹੈ, ਚੰਦਨ ਦਾ ਕੀ ਕੰਮ ਹੈ-ਕੁਹਾੜੇ ਦੇ ਮੂੰਹ ਨੂੰ ਸੁੰਗਧੀ ਦੇਂਦਾ ਹੈ, ਭਾਵੇਂ ਉਹ ਕੱਟਦਾ ਹੈ। ਇਸੇ ਤਰ੍ਹਾਂ ਮਹਾਪੁਰਖ ਨੂੰ ਭਾਵੇਂ ਕੋਈ ਮਾਰਦਾ ਹੈ, ਭਾਵੇਂ ਕੋਈ ਨਿੰਦਿਆ ਕਰਦਾ ਹੈ, ਕੋਈ ਕੁਝ ਕਰਦਾ ਹੈ-ਉਹ ਉਸ ਦਾ ਉਧਾਰ ਹੀ ਕਰਦੇ ਹਨ, ਉੱਥੇ ਇਹ ਚੀਜ਼ ਨਹੀਂ ਆਉਂਦੀ। ਤਾਂ, ਭਾਈ ਲਿਖਿਆ ਹੈ–

**ਰੇ ਚਿਤ ਚੇਤਿ ਚੇਤ ਅਚੇਤ[੪੩]।।**
**ਕਾਹੇ ਨ ਬਾਲਮੀਕਹਿ ਦੇਖ।।**
**ਕਿਸੁ ਜਾਤਿ ਤੇ ਕਿਹ ਪਦਹਿ[੪੪] ਅਮਰਿਓ[੪੫]**
**ਰਾਮ ਭਗਤਿ ਬਿਸੇਖ[੪੬]।।ਰਹਾਉ।।**
**ਸੁਆਨ[੪੭] ਸਤ੍ਰੁ ਅਜਾਤੁ[੪੮] ਸਭ ਤੇ ਕ੍ਰਿਸ੍ਨ ਲਾਵੈ ਹੇਤੁ[੪੯]।।**
**ਲੋਗੁ ਬਪੁਰਾ[੫੦] ਕਿਆ ਸਰਾਹੈ[੫੧] ਤੀਨਿ ਲੋਕ ਪ੍ਰਵੇਸ[੫੨]।**

*– ਕੇਦਾਰਾ ਰਵਿਦਾਸ ਜੀ, ਪੰਨਾ–੧੧੨੪*

ਭਾਈ ਗੁਰਦਾਸ ਜੀ ਇੱਥੇ ਦੱਸਦੇ ਹਨ :-

*ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਵਟਵਾੜਾ।*

ਰਸਤੇ ਖੋਹਣੇ, ਰਸਤਿਆਂ ਉੱਤੇ ਰਹਿਣਾ। ਬਾਲਮੀਕ ਬਟਵਾਰਾ-ਬਾਟ-ਪਾਰ, ਬਟਪਾਰਾ-ਬਾਟ ਪਾਰਨ ਵਾਲਾ।

ਹੁਣ ਅਸੀਂ ਕਹਿੰਦੇ ਹਾਂ, ਹੜਤਾਲ ਹੋ ਗਈ, ਸ਼ਬਦ ਵਿਗੜ ਗਿਆ, 'ਹਟਤਾਰ'-ਹੱਟੀਆਂ ਨੂੰ ਤਾਰੇ ਲੱਗ ਗਏ-ਤਾਲੇ। ਹਟਤਾਰ ਸ਼ਬਦ ਹੈ ਵਿਗੜ ਗਿਆ, ਹੜਤਾਲ ਬਣ ਗਿਆ। ਜਿਸ ਤਰ੍ਹਾਂ 'ਅਮਨ ਜਾ'-ਦਾ-ਮੰਜਾ ਬੰਨ ਗਿਆ। ਇਸ ਤਰ੍ਹਾਂ ਮੈਂ ਐਤਕਾਂ ਗਿਆ ਨਾਗੌਰ ਵਿੱਚ ਗਊਆਂ ਲੈਣ ਵਾਸਤੇ। ਉਥੇ ਵੱਛੇ ਨੂੰ ਕਹਿਣ ਟੌਂਗਣਾ, ਵੱਛੀ ਨੂੰ ਟੌਂਗਣੀ। ਅਸਲ ਵਿੱਚ ਚੌਂਗਣੇ ਤੋਂ ਟੌਂਗਣਾ ਬਣ ਗਿਆ-ਚੁੰਘਣ ਵਾਲੇ ਤੋਂ ਟੌਂਗਣਾ ਬਣ ਗਿਆ, ਵਿਗੜ ਗਿਆ ਸ਼ਬਦ। ਤਾਂ 'ਬੈਠਾਂ ਬਾਲਮੀਕ ਵਟਵਾੜਾ'-ਕੀ ਬਣਿਆ ? ਭਾਈ ਗੁਰਦਾਸ ਕਹਿੰਦਾ ਹੈ- ਮੈਂ ਤੇ ਨਹੀਂ ਕਹਿੰਦਾ-ਉਹ ਕਦੋਂ ਹੋਇਐ ? ਰਾਮ ਚੰਦਰ ਜੀ ਦੇ ਪ੍ਰਕਾਸ਼ ਹੋਣ ਤੋਂ ਵੀ ਉਹ ਪਹਿਲਾਂ ਹੋਇਆ, ਉਦੋਂ ਵੀ ਉਹ ਪੂਰਾ ਸਤਿਗੁਰੂ ਸੀ। ਮੈਂ ਜਿਹੜੀ ਕੱਲ੍ਹ ਅਰਜ਼ ਕਰੀ ਸੀ, ਸਾਡਾ ਨਾਨਕ ਐਡਾ ਕੁ ਨਹੀਂ ਉਹ ਦੋ-ਢਾਈ ਸੌ ਵਰ੍ਹਾ ਹੀ ਰਹਿੰਦੈ, ਉਹ ਸਦਾ ਹੀ ਰਹਿੰਦਾ ਹੈ। ਪੜ੍ਹੋ ਭਾਈ ਗੁਰਦਾਸ ਦੀ ਬਾਣੀ, ਜਿਸ ਨੂੰ ਗੁਰੂ ਸਾਹਿਬ ਜੀ ਕਹਿੰਦੇ ਹਨ, ਇਹ ਗੁਰਬਾਣੀ ਦੀ ਕੁੰਜੀ ਹੈ। ਕਹਿੰਦੈ :-

*ਪੂਰਾ ਸਤਿਗੁਰੁ ਭੇਟਿਆ,*

ਪੂਰਾ ਸਤਿਗੁਰ ਮਿਲਿਆ ਉਸਨੂੰ।

*ਮਨ ਵਿਚਿ ਹੋਆ ਖਿੰਜੋ ਤਾੜਾ।*

ਮਹਾਪੁਰਖ, ਸਤਿਗੁਰੂ, ਸੰਤ ਮਿਲੇ, ਲੱਗਾ ਲੀੜੇ ਲਾਹੁਣ। ਕਹਿੰਦੇ ਨੇ 'ਬਈ ਨਾ ਲਾਹ-ਅਸੀਂ ਤੇ ਸਾਧੂ ਹਾਂ, ਫਕੀਰ ਹਾਂ।''

ਕਹਿੰਦਾ, ''ਮੈਨੂੰ ਤਾਂ ਇਸ ਗੱਲ ਦਾ ਪਤਾ ਨਹੀਂ।''

ਫਿਰ ਕਹਿੰਦੇ, ''ਕੀ ਕਰੇਂਗਾ ਲੀੜੇ ਲਾਹ ਕੇ।''

ਕਹਿੰਦਾ, ''ਲਾਹ ਕੇ ਲੀੜੇ ਆਪਣੇ ਘਰ ਦਿਆਂ ਨੂੰ ਅੰਨ ਪਾਣੀ

ਖੁਆਊਂਗਾ ਜਾ ਕੇ।'' ਵੇਲਾ ਆਇਆ ਹੋਇਆ ਸੀ, ਮਹਾਪੁਰਖਾਂ ਦੀ ਨਿਗ੍ਹਾ ਹੋਈ, ਕਹਿਣ ਲੱਗੇ, ''ਫਿਰ ਸਾਡਾ ਤੇਰਾ ਬਚਨ ਰਿਹਾ, ਅਸੀਂ ਇੱਥੇ ਹੀ ਬੈਠਦੇ ਹਾਂ, ਜਾਹ ਘਰ ਵਾਲਿਆ ਨੂੰ ਇੱਕ ਗੱਲ ਪੁੱਛ ਆ-ਜਾ ਕੇ, ਬਈ, ਜਦੋਂ ਅੰਤ ਦਾ ਵੇਲਾ ਹੋਇਆ, ਜਦੋਂ ਜਮਦੂਤਾਂ ਨੇ ਫੜਿਆ-ਤੈਨੂੰ, ਫੇਰ ਵੀ ਕੋਈ ਤੇਰਾ ਸਾਥੀ ਹੋਊ।''

*ਘਰ ਵਿਚਿ ਪੁਛਣ ਘਲਿਆ ਅੰਤਿਕਾਲ ਹੈ ਕੋਇ ਅਸਾੜਾ।*

— ਚਲਾ ਗਿਆ।

*ਕੋੜਮੜਾ ਚਉਖੰਨੀਐ,*

ਭਾਈ ਗੁਰਦਾਸ ਜੀ ਕਹਿੰਦੇ ਨੇ-ਜਿਸ ਕੋੜਮੇਂ ਤੋਂ ਖੰਨੀਐ, ਵਾਰੀ ਜਾਂਦਾ ਸੀ-

*ਕੋਇ ਨਾ ਬੇਲੀ ਕਰਦੇ ਝਾੜਾ।*

ਮਾਤਾ ਨੂੰ ਪੁੱਛਿਆ ? ਮਾਂ ਆਂਹਦੀ ਹੈ, ''ਗਿੱਲੇ ਥਾਂ ਆਪ ਪੈਂਦੀ ਸਾਂ, ਸੁੱਕੇ ਤੈਨੂੰ ਪਾਉਂਦੀ ਸਾਂ, ਪਾਲਿਆ ਹੈ, ਵੱਡਾ ਕੀਤਾ ਹੈ, ਮੈਂ ਪਾਪ ਦੇ ਤੇਰੇ ਦੀ ਕੋਈ ਭਾਗੀ ਨਹੀਂ ਤੂੰ ਆਪਣਾ ਕੁਛ ਜੋ ਕਰਨਾ ਹੈ ਕਰ, ਮੈਂ ਤੇਰੇ ਥਾਂ ਦਰਗਾਹ ਵਿੱਚ ਨਹੀਂ ਦੇਣਦਾਰ ਹੋਣਾ।'' ਪਿਤਾ ਨੇ ਵੀ ਇਸੇ ਤਰ੍ਹਾਂ ਆਖਿਆ। ਇਸਤਰੀ ਨੇ ਆਖਿਆ, ''ਮਾਪਿਆਂ ਨੇ ਤੇਰੇ ਲੜ ਲਾਈ ਹਾਂ, ਪਾਪ ਪੁੰਨ ਦਾ ਤੂੰ ਭਾਗੀ ਹੈਂ-ਜੋ ਲਿਆ ਕੇ ਦੇਵੇਂ ਮੈਂ ਖਾਣਾ ਹੈ, ਮੈਂ ਤੇਰੀ ਅੱਗੇ ਜੁੰਮੇਵਾਰ ਨਹੀਂ।'' ਚਲਾ ਗਿਆ ਸੰਤਾਂ ਕੋਲ।

*ਸਚੁ ਦ੍ਰਿੜਾਇ ਉਧਾਰਿਅਨੁ*—ਰਾਮ ਦੇ ਨਾਮ ਦਾ ਉਪਦੇਸ਼ ਦਿੱਤਾ।

ਟਪਿ ਨਿਕਥਾ ਉਪਰ ਵਾੜਾ।

*- ਵਾਰ ੧੦, ਪਉੜੀ ੧੯*

ਲੰਘ ਗਿਆ, ਵਾੜੇ ਟੱਪ ਗਿਆ ਸੰਤਾਂ ਦੇ ਉਪਦੇਸ਼ ਨਾਲ।

ਫੇਰ ਕੀ ਕੀਤਾ-ਕਈ ਹਜ਼ਾਰ ਵਰਸ਼ ਰਾਮ ਚੰਦਰ ਜੀ ਤੋਂ ਪਹਿਲਾਂ, ਰਮਾਇਣ ਕਰਵਾਇਉਨ-ਰਮਾਇਣ ਲਿਖਿਆ ਉਸ ਬਾਲਮੀਕ ਨੇ, ਜਿਸ ਨੂੰ ਚੰਡਾਲ ਲੋਕ ਕਹਿੰਦੇ ਸੀ। ਚਹੁੰ ਜਾਤੀ ਤੋਂ ਖਤਰੀ-ਬ੍ਰਾਹਮਣ-ਵੈਸ਼ ਤੇ ਸ਼ੂਦਰ। ਸ਼ੂਦਰਾਂ ਨੂੰ ਵੀ ਲੋਕ ਬੁਰਾ ਮੰਨਦੇ, ਪਰ ਸ਼ੂਦਰਾਂ ਤੋਂ ਥੱਲੇ

—ਉਧਰੇ ਸਿਮਰ ਚੰਡਾਲ। ਚੰਡਾਲ—ਕਿਸ ਚੀਜ਼ ਦਾ ਪ੍ਰਤਾਪ, ਰਾਮ ਦੇ ਨਾਮ ਦਾ ਸਤਿਗੁਰੂ ਦੇ ਨਾਮ ਦਾ ਪ੍ਰਤਾਪ।

## ਟਿੱਪਣੀਆਂ

★੧ ਤੋਟਕ ਛੰਦ।।

*ਪ੍ਰਿਥਮੋ ਗਨ ਲੋਹ ਸਿਕਾ ਸੂਰਨੰ।।*
*ਚਤੁਰਥ ਭਨ ਧਾਤ ਸਿਤੰ ਰੁਕਮੰ।।*
*ਬਹੁਰੋ ਕਥ ਤਾਂਬਰ ਕਲੀ ਪਿਤਰੰ।।*
*ਕਥਿ ਅਸਟਮ ਜਿਸਤੁ ਹੈ ਧਾਤ ਧਰੰ।।੯।।*
*ਉਪਧਾਤ ਕਥਨੰ।।*
*ਸੁਰਮੰ ਸਿੰਗਰਫ ਹਰਤਾਲ ਗਣੰ।।*
*ਚਤੁਰਥ ਤਹ ਸਿੰਬਲ ਖਾਰ ਭਣੰ।।*
*ਮ੍ਰਿਤ ਸੰਖ ਮਨਾਸਿਲ ਅਭ੍ਰ ਕਯੰ।।*
*ਭਨ ਅਸਟਮ ਲੋਣ ਰਸੰ ਲਵਣੰ।।੧੦।।*

*– ਦਸਮ ਗ੍ਰੰਥ, ਪੰਨਾ ੧੬੧*

★੨ *ਏਕ ਦਿਵਸ ਸੁਭ ਸੁਰਪਤ ਜੈਸੇ।*
*ਸਹਿਜ ਸੁਭਾਇ ਸਤਿਗੁਰੂ ਬੈਸੇ।*
*ਪਾਠ ਕਰਹਿ ਸਿਖ ਓਅੰਕਾਰਾ।*

ਬਿੱਪ੍ਰੈ ਅਰਥ ਅਜਾਨ ਉਚਾਰਾ।।੧੬।।
ਸੁਨਿ ਸੁਜਾਨ ਗੁਰਬਾਕ ਅਲਾਇ।
'ਇਸ ਕੇ ਹਤਹੁ ਲਸ਼ਟਕਾ ਜਾਇ।
ਦ੍ਰਿੜ ਗਹਿ ਕਰਿ ਤਾੜਹੁ ਲੇ ਜਾਵਹੁ।
ਹਮ ਤੇ ਦੂਰ ਜਾਇ ਬੈਠਾਵਹੁ'।।੧੭।।
ਤਬਿ ਸਿੱਖ ਧਾਇ ਲਸ਼ਟਕਾ ਹਤਿ ਕਰਿ।
ਤਰਜਤਿ ਦੂਰ ਬਿਠਾਯੋ ਦ੍ਰਿੜ ਧਰਿ।
ਸੰਗਤਿ ਇਮ ਬਿਲੋਕਿ ਬਿਸਮਾਈ।
ਕਹਾਂ ਕਰੀ ਗੁਰ ਲਖੀ ਨ ਜਾਈ।੧੮।।
ਮਿਲਿ ਸਿੱਖਨਿ ਅਰਦਾਸ ਬਖਾਨੀ।
'ਸਾਚੇ ਪਾਤਸ਼ਾਹੁ ਗੁਨ ਖਾਨੀ।
ਇਹ ਸਿਖ ਰਾਵਰ ਕਯੋਂ ਮਰਵਾਯੋ?
ਬਾਨੀ ਪਠਨਿ ਬਿਖੈਮਨ ਲਾਯੋ।।੧੯।।
ਕਹਯੋ ਅਹੈ ਜਗ ਗੁਰ ਗੁਨ ਖਾਨੀ।
ਇਕ ਤੁਕ ਭੀ ਜੁ ਪਢਹਿ ਗੁਰ ਬਾਨੀ।
ਜਗ ਤੇ ਤਿਸ ਕੋ ਹੋਇ ਉਧਾਰ।
ਇਹ ਸਿਖ ਪਢਤੋ ਓਅੰਕਾਰ।।੨੦।।
ਤਿਸ ਪਰ ਮਾਰ ਲਾਠੀਅਨਿ ਖਾਈ।
ਤੌ ਉਧਾਰ ਹੁਇ ਕਿਮ ਬਨਿ ਆਈ'।
ਸ੍ਰੀ ਮੁਖ ਤੇ ਮੁਸਕਾਇ ਬਖਾਨੀ।
'ਅਰਥ ਖੋਜ ਇਨ ਪਠੀ ਨ ਬਾਨੀ।।੨੧।।
ਆਨੋ ਅਬੈ ਹਜ਼ੂਰ ਹਕਾਰੋ।
ਸੁਨਹੁ ਸਰਬ ਤੁਮ ਜਥਾ ਉਚਾਰੋ'।
ਸੁਨਿ ਕਰਿ ਲਯਾਇ ਬਿਠਾ ਇਵ ਤੀਰ।
'ਸਿੱਖਾ ! ਪਢੀਐ' ਕਹਯੋ ਗਹੀਰ।।੨੨।।
ਤਬਿ ਸਿਖ ਨੇ ਤੁਕ ਤਿਵੈ ਉਚਾਰੀ।
ਬਿੱਪ੍ਰੈ ਅਰਥ ਸੁ ਜਾਸ ਮਝਾਰੀ।
ਸੁਨਿ ਸ਼੍ਰੀ ਮੁਖ ਤੇ ਤਾਹਿ ਬਖਾਨੀ।

ਇਮ ਤੁਕ ਪਢਹੁ ਅਰਥ ਇਹੁ ਜਾਨੀ।।੨੩।।

**ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰ ਸੂਰਾ।**

ਚੌਪਈ।।
ਕਰਤੇ ਕੀ ਦੀਰਘ ਵਡਿਆਈ।
ਕਰਤਾ ਹੀ ਜਾਣੈ ਤਿਸ ਤਾਂਈ।
ਜੇ ਗੁਰ ਸੂਰਾ ਹੋਇ ਸੁਚੇਤ।
ਭੀ ਸੋ ਜਾਨਤਿ ਹੈ ਸਭਿ ਹੇਤੁ।।੨੪।।
ਅਪਰ ਜੀਅ ਸੰਸਾਰੀ ਜੇਤੇ।
ਸੁਨਿ ਸੁਨਿ ਜਾਨਤਿ ਹੈਂ ਸਭਿ ਤੇਤੇ।
ਜੇ ਸਤਿਗੁਰ ਨਹਿ ਲਖਹਿ ਵਡਾਈ।
ਤੌ ਅੰਧੇਰ ਪਰਤਿ ਸਮੁਦਾਈ।।੨੫।।
ਇਸ ਸਿਖ ਲਗ ਕਕਾਰ ਕੀ ਏਕ।
ਪਠਨਿ ਕਰੀ ਬਿਨ ਸੁਮਤਿ ਬਿਬੇਕ।
ਬਿੱਪ੍ਰੈ ਅਰਥ ਪਠਯੋ ਪਹਿਚਾਨੈ।
ਕਰਤੇ ਕੀ ਮਿਤਿ ਕਰਤਾ ਜਾਨੈ।।੨੬।।
ਗੁਰ ਸੂਰਾ ਕਯਾ ਜਾਨੈ ਕੋਇ।
ਇਮ ਅਨਰਥ ਪਢਿ ਕੀਨੋ ਸੋਇ।
ਤੌਂ ਗੁਰ ਸ਼ਰਨੀ ਸਿਖ ਕਯੋਂ ਜਾਇ।
ਕਰਤੇ ਕੀ ਮਿਤ ਲਖਿ ਨ ਸਕਾਇ।।੨੭।।
ਸਿਖੱਹੁ ਸੁਨਹੁ ਸੀਖ ਇਹੁ ਮੇਰੀ।
ਬਾਨੀ ਪਢਹੁ ਸ਼ੁੱਧ ਗੁਰ ਕੇਰੀ।
ਪਢੈ ਮਹਾਤਮ ਲਹੈ ਬਿਸਾਲ।
ਹਲਤਿ ਪਲਤਿ ਮਹਿ ਹੋਇ ਨਿਹਾਲ।।੨੮।।
ਜੇ ਕੁਸ਼ੁੱਧ ਹੁਇ, ਪਢੀਐ ਸ਼ੁਧ ਕਰਿ।
ਬਿਗਰੀ ਵਸਤੁ ਸੁਧਾਰਹਿ ਜਿਮ ਘਰ।
ਤਿਮ ਗੁਰ ਸ਼ਬਦ ਸ਼ੁਧਾਰਹਿ ਜੇ ਨਹਿ।
ਨਹੀਂ ਭਾਵਨਾ ਸੇ ਨਰ ਮਹਿ ਮਹਿਂ।।੨੯।।

– ਸ੍ਰੀ ਗੁਰੂ ਸੂਰਜ ਪ੍ਰਕਾਸ਼, ਪੰਨਾ-੫੧੧੮

## ਸ਼ਬਦਾਰਥ

੧. ਬਹੁਤ ਸਾਰਾ ਟੱਬਰ।
੨. ਬਾਹਰ ਅਵਾਜ ਤਕ ਨਾ ਨਿਕਲੀ, ਭਾਵ ਵਿਚੇ ਹੀ ਵਿਚ ਮਰ ਗਿਆ, ਜਸ ਦਾ ਧੌਂਸਾ ਨਾ ਵੱਜਿਆ।
੩. ਬ੍ਰਿਛ।
੪. ਘਿਰਿਆ ਹੋਇਆ ਹੈ।
੫. ਛਿੱਛਰਿਆਂ ਨਾਲ।
੬. ਅੱਠ ਧਾਤਾਂ :– ਸੋਨਾ, ਚਾਂਦੀ, ਤਾਂਬਾ, ਜਿਸਤ, ਪਾਰਾ, ਕਲੀ, ਲੋਹਾ, ਸਿੱਕਾ।
੭. ਗਿਆਨਵਾਨ
੮. ਜੂਠੇ ਭੋਜਨ ਦੀ ਜੂਠ ਅਥਵਾ ਰਸੋਈ ਦੀ ਜੂਠ।
੯. ਛਿਨ ਮਾਤਰ ਵਾਸਤੇ ਵੀ ਮਨ ਨੂੰ ਤਿਲ ਜਿਨਾ ਵੀ ਨਾ ਡੁਲਾਇਆ (ਕਿ ਮੇਰੇ ਸਿਰ ਏਹ ਜੂਠ ਪਈ ਹੈ ਤੇ ਮੇਰੀ ਹਾਨੀ ਹੋਈ ਹੈ)।
੧੦. ਰਾਜਾ ਜਨਕ ਜੀ ਜਦ ਜਨਕ ਰਾਜ ਦੀ ਗਦੀ ਤੇ ਬੈਠੇ ਹੋਏ ਸਨ।
੧੧. ਨੌ ਮੁਨੀਆਂ ਦੀ ਚਰਨ ਧੂੜੀ ਲੈ ਕੇ ਆਪਣੇ ਮੱਥੇ ਤੇ ਲਾਈ ਭਾਵ ਰਾਜੇ ਨੇ ਸੰਘਾਸਨ ਤੋਂ ਉਠ ਕੇ ਉਨ੍ਹਾ ਦੇ ਪੈਰਾਂ ਉਤੇ ਮੱਥਾ ਟੇਕਿਆ।
੧੨. ਹੋਰ ਹੀ
੧੩. ਮਰਣਾ
੧੪. ਜਾਨਣ ਵਾਲੇ
੧੫. ਦੈਵੀ ਗੁਣਾਂ ਵਾਲੇ ਮਨੁੱਖ
੧੬. ਜਾਤ ਦੇ ਲੋਗ
੧੭. ਮਾਰਦੇ ਹਨ
੧੮. ਸ਼ੇਖਾਂ ਪੀਰਾਂ ਨੂੰ ਮੰਨਦੇ ਸਨ।
੧੯. ਉਹੋ ਜੇਹੀ ਗਊਆਂ ਮਾਰਨ ਵਾਲੀ ਰੀਤੀ।
੨੦. ਅਜੇਹੀ ਪੁੱਜ ਆਈ ਕਿ ਪ੍ਰਮਾਤਮਾ ਦੀ ਭਗਤੀ ਕੀਤੀ।
੨੧. ਤਿੰਨਾਂ ਲੋਕਾਂ ਵਿਚ।
੨੨. ਮਾਤਾ ਦਾ ਲਹੂ
੨੩. ਪਿਤਾ ਦਾ ਬੀਰਜ
੨੪. ਇਸਥਿਤ ਹੋਇਆ
੨੫. ਉਲਟਾ
੨੬. ਗੰਦਾ (ਪੇਟ ਦਾ) ਥਾਂ
੨੭. ਵਿਆਕੁਲ ਹੁੰਦਾ ਹੈ।
੨੮. ਮਹਾਂ ਅੰਧੇਰੇ ਨਰਕ ਵਿਚ ਵਾਸਾ ਹੁੰਦਾ ਹੈ।
੨੯. ਗਰਭ ਅਗਨ ਵਿਚ ਸੜਦਾ
੩੦. ਜਿਹੜੇ ਦੁਨੀਆਂ ਦੇ ਪਾਸੇ ਜੀਉਂਦੇ ਹਨ, ਉਹ ਪ੍ਰਮਾਤਮਾ ਵਲੋਂ ਮਰ ਜਾਂਦੇ ਹਨ।
੩੧. ਦੀ
੩੨. ਮੇਲ ਮਿਲਾਪ

੩੩. ਕਰਨਹਾਰ
੩੪. ਮਰਯਾਦਾ
੩੫. ਜਾਂ, ਅਥਵਾ
੩੬. ਸੂਰਮਾ ਤਤ ਵੇਤਾ ਗੁਰੂ (ਜਿਸ ਨੇ ਕਾਮਾਦਿਕ ਵੈਰੀ ਮਾਰੇ ਹਨ)
੩੭. ਕਰਨਹਾਰ
੩੮. ਮਰਯਾਦਾ
੩੯. ਜਾਂ, ਅਥਵਾ
੪੦. ਸੂਰਮਾਂ ਤਤ ਵੇਤਾ ਗੁਰੂ (ਜਿਸਨੇ ਕਾਮਾਦਿਕ ਵੈਰੀ ਮਾਰੇ ਹਨ।)
੪੧. ਹੋਰਨਾਂ ਪਦਾਰਥਾਂ ਨਾਲੋ
੪੨. ਤੋੜੀ ਹੈ।
੪੩. ਪ੍ਰਮਾਤਮਾ ਨੂੰ
੪੪. ਦਰਜੇ ਤੇ
੪੫. ਪੁੱਜਾ
੪੬. ਉੱਚੀ ਹੈ।
੪੭. ਕੁਤਿਆਂ ਦਾ ਵੈਰੀ (ਬਾਲਮੀਕ ਜੀ) ਇਹ ਦੂਜਾ ਬਾਲਮੀਕ ਹੋਇਆ ਹੈ ਜਦ ਤਕ ਇਹ ਯਗ ਵਿਚ ਨਹੀ ਸਨ ਬੈਠੇਤਦ ਤਕ ਪਾਡਵਾਂ ਦਾ ਯਗ ਸੰਪੂਰਨ ਨਹੀ ਸੀ ਹੋਇਆ।
੪੮. ਨੀਚ ਜਾਤੀ ਵਾਲਾ
੪੯. ਪ੍ਰੇਮ।
੫੦. ਵਿਚਾਰਾ
੫੧. ਸਲਾਹਵੇ
੫੨. ਜਸ ਫੈਲਿਆ ਹੈ

# ਬੈਂਕੋਕ ੧੮-੯-੧੯੫੧

**ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ।**
**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ।।**
**– ਜਾਹੀ ਕੁਲ ਤੇ ਪ੍ਰਗਟ ਹੋਏ ਤਾਹੀਂ ਕੁਲ ਕੋ ਨਾਮੁ।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।**

(ਅਰਦਾਸ) ਤੇਗ ਬਹਾਦਰ ਸਿਮਰੀਐ ਤਕ ਤਾਂ ਸਾਰੇ ਉਸੇ ਤਰ੍ਹਾਂ ਕਰਦੇ ਨੇ-ਸਾਧੂ ਵੀ ਉਸੇ ਤਰ੍ਹਾਂ ਕਰਦੇ ਨੇ, ਉਦਾਸੀ ਵੀ, ਨਿਰਮਲੇ ਵੀ, ਨਿਹੰਗ ਵੀ, ਨਾਮਧਾਰੀ ਵੀ, ਅਕਾਲੀ ਸਿੰਘ ਵੀ, ਹੋਰ ਵੀ ਜਿਹੜੇ ਕੋਈ ਸਰੀਰ ਹਨ। ਕਹਿੰਦੇ, ''ਜੀ ਹਾਂ-ਇਹ ਗੱਲ ਠੀਕ ਹੈ, ਜਿਹੜੀ ਪਹਿਲੀ ਪਉੜੀ ਹੈ ਇਹ ਤਾਂ ਗੁਰਬਾਣੀ ਹੈ-ਦੂਸਰੀ ਗੁਰਬਾਣੀ ਨਹੀਂ।''।

ਮੈਂ ਆਖਿਆ, ਜੀ ਚਲੋ ਅੱਗੇ, ਥੋੜਾ ਜਿਹਾ ਹੋਰ ਜਾਈਏ-ਬਈ, ਚੰਡੀ ਦੀ ਵਾਰ ਦੀ ਪਉੜੀ-ਪਹਿਲੀ ਵਿੱਚ ਹੀ ਲਿਖਿਆ ਹੈ-ਦੂਸਰੀ ਸਮਝ ਲਓ ਉਸਨੂੰ, ਇਹ ਤਾਂ ਭਗਉਤੀ ਹੋਈ ਨ—

**ਤੈ ਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸੁ ਕਰਾਇਆ।।**
**ਤੈਥੋ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ।।**
**ਤੈਥੋ ਹੀ ਬਲੁ ਕ੍ਰਿਸਨ ਲੈ ਕੰਸੁ[੧] ਕੇਸੀ[੨] ਪਕੜਿ ਗਿਰਾਇਆ।।**
**ਬਡੇ ਬਡੇ ਮੁਨਿ[੩] ਦੇਵਤੇ ਕਈ ਜੁਗ ਤਿਨੀ ਤਨੁ ਤਾਇਆ।।**
**ਕਿਨੀ ਤੇਰਾ ਅੰਤੁ ਨ ਪਾਇਆ।।**

*– ਦਸਮ ਗ੍ਰੰਥ, ਪੰਨਾ-੧੧੯*

ਕਹਿੰਦੇ ''ਜੀ ਇਹ ਵੀ ਗੁਰਬਾਣੀ ਹੈ।''।

ਮੈਂ ਆਖਿਆ, ''ਜੀ ਫਿਰ ਦੂਸਰੀਆਂ ਤਰਵੰਜਾ ਪਉੜੀਆਂ''।

ਕਹਿੰਦੇ, ''ਉਹ ਰਚਤ ਤੇ ਗੁਰੂ ਗੋਬਿੰਦ ਸਿੰਘ ਦੀ ਹੈ, ਪਰ ਗੁਰਬਾਣੀ ਨਹੀਂ ਹੈ।''

ਸੋਚੋ, ਵੱਡੇ ਵੱਡੇ ਆਦਮੀ ਅਗਰ ਇਹ ਸਾਡੇ ਮਖੌਲ ਕਰਨ, ਕੋਈ ਸੁਣੇ ਵਿਦਵਾਨ-ਉੱਥੇ ਦੋ ਤਿੰਨ ਪੰਡਤ ਬੈਠੇ ਸੀ, ਉਹ ਹੱਸਣ ਲੱਗ ਪਏ, ਗੋਸਵਾਮੀ ਗਣੇਸ਼ ਦੱਤ ਦੇ ਡੇਰੇ 'ਚ ਅਸੀਂ ਲਹੌਰ ਬੈਠੇ ਸੀ। ਇਹ ਉਹਨਾਂ ਦਿਨਾਂ ਦੀ ਗੱਲ ਹੈ ਜਦੋਂ ਮਹਾਤਮਾ ਗਾਂਧੀ ਹੋਰੀਂ (Quit India) ਕੁਇਟ ਇੰਡਿਆ 'ਚ ਪਕੜੇ ਗਏ ਸੀ। ਉਨਾਂ ਦਿਨਾਂ ਦੇ ਨੇੜੇ ਤੇੜੇ ਦੀ ਗੱਲ ਹੈ, ਇਹ ਯਾਦ ਨਹੀਂ, ਦਸ ਦਿਨ ਪਹਿਲਾਂ ਜਾਂ ਪਿੱਛੋਂ ਦੀ ਹੈ।

ਤਾਂ-ਸਾਡੇ 'ਚ ਇਹ ਚੀਜ਼ ਆ ਗਈ, ਅਸੀਂ ਹੁਣ ਗੁਰਬਾਣੀ ਨੂੰ, ਗੁਰੂ ਮਰਿਯਾਦਾ ਨੂੰ—ਨਾਮਧਾਰੀ ਵੀ ਇਸੇ ਤਰ੍ਹਾਂ ਹੀ ਹੋ ਗਏ ਹਨ-ਆਪਦੀ ਮਰਜ਼ੀ ਮੁਤਾਬਕ ਦੀ ਕਹਿੰਦੇ ਹਾਂ ਕਿ ਇੱਥੋਂ ਠੀਕ ਹੈ, ਜਿਹੜੀ ਏਦੂੰ ਅੱਗੇ ਹੈ, ਉਹ ਗਲਤ ਹੈ। ਆਪਣੇ ਆਪ ਨੂੰ ਅਸੀਂ ਗਲਤ ਨਹੀਂ ਸਮਝ ਸਕਦੇ।

ਤਾਂ, ਗੁਰਿੰਡ ਨਾਮਾ, ਗੁਰੂ ਗੋਬਿੰਦ ਸਿੰਘ ਜੀ ਨੇ ਜਿਹੜਾ ਲਿਖਿਐ, ਉਹਦੇ ਵਿੱਚ ਜੋ ਵਰਤਾਂਤ ਲਿਖਿਆ ਹੈ, ਉੱਥੇ ਇਹ ਲਿਖਿਆ ਹੈ :-

**ਕਲਜੁਗ ਮੇਂ ਸਤਿਜੁਗ ਕਰ ਠਾਨੋਂ।**
**ਤਬੀ ਬਾਹਰਵਾਂ ਬਪੁ ਪਹਿਚਾਨੋ।**

ਜੇ ਕਲਜੁਗ ਤੋਂ ਸਤਿਜੁਗ ਕਰ ਦੇਵੇ ਤਾਂ ਬਾਰ੍ਹਵਾਂ ਰੂਪ ਹੈ। ਮੈਂ ਨਾਮਧਾਰੀਆਂ ਅੱਗੇ ਅਰਜ਼ ਕਰ ਰਿਹਾਂ ਕਿ, ਸਤਿਜੁਗ ਦੇ ਵਾਸਤੇ-ਰੋਜ਼ ਆਸਾ ਦੀ ਵਾਰ ਪੜ੍ਹਦੇ ਹੋ-

**ਸਾਮ ਕਹੈ ਸੇਤੰਬਰੁ ਸੁਆਮੀ।**

*- ਪੰਨਾ-੪੭੦*

- ਸਤਿਜੁਗ ਦੀ ਵਰਦੀ ਚਿੱਟੀ ਹੈ। ਸਾਡੀਆਂ ਮਾਈਆਂ ਬੀਬੀਆਂ ਨੇ ਜੇ ਸਤਿਜੁਗੀ ਬਣਨਾ ਹੈ, ਸਤਿਗੁਰਾਂ ਦੇ ਹੁਕਮਾਂ ਤੇ ਚਲਣਾ ਹੈ ਤਾਂ ਕਮ ਸੇ ਕਮ ਦੀਵਾਨ ਦੇ ਵੇਲੇ, ਰੰਗ ਕੇ ਲੀੜਾ ਨਾ ਪਾ ਕੇ ਆਇਆ ਕਰਨ,

ਅੱਗੇ ਪਿੱਛੇ ਉਹਨਾਂ ਦੀ ਰਜ਼ਾ ਤੇ ਰਹੀ। ਜਿੰਨਾ ਹੈ—ਐਨਾ ਕੁ ਵੀ ਬੜਾ ਹੈ–ਬਹੁਤ ਕੁਛ ਹੈ ਏਥੇ। ਮੈਂ ਜਦੋਂ ਆ ਕੇ ਦੇਖਦਾ ਹਾਂ ਮੁਲਕ ਨਾਲੋਂ ਭੀ ਏਥੇ ਮਾਈਆਂ ਸਾਡੀਆਂ, ਇਸ਼ਨਾਨ ਪਾਣੀ ਦਾ, ਦੀਵਾਨ 'ਚ ਆਉਣ ਦਾ, ਭਜਨ ਬਾਣੀ ਕਰਨ ਦਾ ਬੜਾ ਨਿਤਨੇਮ ਕਰਦੀਆ ਨੇਂ, ਪਰ ਥੋੜੀ ਜਿਹੀ ਇਹ ਵੀ ਗੱਲ ਹੈ ਕਿ ਜਦੋਂ ਦੀਵਾਨ 'ਚ ਆਉਣਾ ਹੋਵੇ, ਸਾਧ ਸੰਗਤ 'ਚ, ਓਨਾ ਚਿਰ ਬਸਤਰ ਜ਼ਰਾ ਚਿੱਟੇ ਪਾ ਆਉਣ।

ਦੂਸਰੇ ਪਾਸੇ ਆਈ ਹੁਣ—ਭਾਈਆਂ ਦੀ ਗੱਲ। ਸਾਡੇ ਵਿੱਚ ਨਿਤਨੇਮ ਦਾ ਇੱਕ ਵਕਤ ਹੁੰਦਾ ਹੈ, ਘੜੀ ਦੀ ਘੜੀ। ਅੱਵਲ ਤੇ ਜਦੋਂ ਪਤਾ ਲੱਗਦਾ ਹੈ, ਕਥਾ ਦੇ ਨੇੜੇ ਆਉਣ ਦਾ ਤਾਂ ਪਹਿਲਾਂ ਹੀ ਟੁਰ ਜਾਂਦੇ ਨੇ—ਕਈ ਸਰੀਰ। ਇਹ ਮੈਂ ਨਾਮਧਾਰੀਆਂ ਦੀ ਗੱਲ ਕਰਦਾ ਹਾਂ, ਦੂਸਰਿਆਂ ਨੂੰ ਕਿਸੇ ਨੂੰ ਕੁਝ ਨਹੀਂ ਕਹਿੰਦਾ - ਉਹਨਾਂ ਵਾਸਤੇ ਖੁਲ੍ਹੀ ਛੁੱਟੀ ਹੈ ਉਹ ਜਦੋਂ ਮਰਜ਼ੀ ਆਉਣ, ਉਹ ਜਦੋਂ ਮਰਜ਼ੀ ਜਾਣ। ਸ਼ੁਕਰ ਹੈ ਜਿਹੜੇ ਆਉਂਦੇ ਨੇ, ਦਰਸ਼ਨ ਦਿੰਦੇ ਨੇ, ਪਿਆਰ ਹੈ, ਕਿਰਪਾ ਕਰਦੇ ਨੇ, ਸਾਧ ਸੰਗਤ ਵਿੱਚ ਬੈਠਦੇ ਹਾਂ ਰਲ ਕੇ, ਇਹ ਵੀ ਸ਼ੁਕਰ ਦੀ ਗੱਲ ਹੈ।

ਫੇਰ, ਮੈਂ ਇਕ ਗੱਲ ਦੇਖੀ ਹੈ, ਜ਼ਰਾ ਇਸ ਗੱਲ ਦਾ ਖਾਸ ਧਿਆਨ ਦੇਣ ਦੀ ਲੋੜ ਹੈ। ਮਸਤਾਨਾ ਹੋ ਕੇ ਬੇਸ਼ਕ ਕਿਸੇ ਦੀ ਪੱਗ ਲਹਿ ਜਾਏ ਸਿਰ ਤੋਂ, ਲੇਕਿਨ ਦੀਵਾਨ ਦੇ ਵਿੱਚ ਆ ਕੇ, ਸਾਧ ਸੰਗਤ 'ਚ ਆ ਕੇ—ਪਰਸੋਂ ਇੱਥੇ ਕੁਝ ਸਰੀਰ ਨਿਤਨੇਮ ਦੇ ਵੇਲੇ ਪੱਗਾਂ ਲਾਹ ਕੇ ਬਹਿ ਗਏ—ਮੈਨੂੰ ਬੜੇ ਬੁਰੇ ਲੱਗੇ, ਮੈਂ ਉਸ ਵੇਲੇ ਬੋਲ ਨਹੀਂ ਸੀ ਸਕਦਾ। ਇਹ ਮਤਲਬ ਨਹੀਂ, ਕਿ ਅਸੀਂ ਕਿਸੇ ਵੇਲੇ ਪੱਗ ਨਹੀਂ ਲਾਹੁਣੀ। ਕੇਸ ਹਰੇ ਕਰ ਸਕਦੇ ਹੋ, ਵੱਖਰੇ ਹੋ ਕੇ ਕਰ ਸਕਦੇ ਹੋ, ਸਭ ਕੁਝ ਕਰ ਸਕਦੇ ਹੋ, ਪਰ ਦੀਵਾਨ ਵਿੱਚ ਜਦੋਂ ਆਓ, ਜੇ ਜ਼ਿਆਦਾ ਕੇਸ ਗਿੱਲੇ ਨੇ ਤੇ ਉੱਤੇ ਲੀੜਾ ਲੈ ਕੇ ਆਉ, ਨੰਗੇ ਸਿਰ ਦੀਵਾਨ 'ਚ ਨਾ ਆਓ—ਇਹ ਮਰਯਾਦਾ ਨਹੀਂ ਹੈ, ਇਹ ਅਦਬ ਨਹੀਂ ਹੈ। ਜਿੰਨਾ ਚਿਰ ਨਿਤਨੇਮ ਕਰੋ, ਉਨਾ ਚਿਰ ਜੇ ਕੇਸ ਗਿੱਲੇ ਹਨ ਤੇ ਉੱਤੇ ਲੀੜਾ ਲੈ ਕੇ ਕਰੋ, ਨਹੀਂ, ਦਸਤਾਰ ਸਜਾ ਕੇ ਕਰੋ। ਤੁਸੀਂ ਉੱਥੇ ਕਿਸੇ ਤਹਿਸੀਲਦਾਰ ਨੂੰ ਮਿਲਣ ਜਾਣਾ ਹੈ, ਥਾਣੇਦਾਰ ਨੂੰ ਮਿਲਣ ਜਾਣਾ ਹੈ—ਉੱਥੇ ਤੁਸੀਂ ਕਹਿੰਦੇ ਹੋ, ''ਮੇਰੀ

ਪੱਗ ਵਿੱਚ ਖਰਾਬੀ ਨਾ ਹੋਵੇ, ਮੇਰਾ ਪਜਾਮਾ ਨਾ ਖਰਾਬ ਹੋਵੇ, ਮੇਰਾ ਕੁੜਤਾ ਨਾ ਵਿਗੜਿਆ ਹੋਵੇ।'' ਉਏ, ਸ਼ਹਿਨਸ਼ਾਹ ਅਕਾਲ ਪੁਰਖ ਦੇ ਚਰਨਾਂ 'ਚ ਬੈਠਣਾ ਹੈ, ਉਹ ਜਿਸ ਵੇਲੇ ਆਸਾ ਦੀ ਵਾਰ 'ਚ ਬਹਿੰਦੇ ਹੋ—ਸਤਿਗੁਰੂ ਦੇ ਅੱਗੇ ਬੈਠਦੇ ਹੋ, ਜਦੋਂ ਨਿਤਨੇਮ 'ਚ ਬੈਠਦੇ ਹੋ—ਸਤਿਗੁਰਾਂ ਅੱਗੇ ਅਰਦਾਸ ਕਰਕੇ ਬੈਠਦੇ ਹੋ, ਜੇ ਤੁਸੀਂ ਉਸ ਵੇਲੇ ਵੀ ਐਡੀ ਬੇਪ੍ਰਵਾਹੀ ਕਰਦੇ ਹੋ ਤਾਂ ਏਦੂੰ ਬੁਰੀ ਚੀਜ਼ ਕੋਈ ਨਹੀਂ ਤੁਹਾਡੇ ਵਾਸਤੇ। ਇਹ ਤੁਹਾਡਾ ਫਰਜ਼ ਹੈ, ਤੁਹਾਨੂੰ ਖਿਆਲ ਹੋਣਾ ਚਾਹੀਦਾ ਹੈ, ਕਿ ਅਦਬ ਹੈ—ਇਸ ਚੀਜ਼ ਦਾ ਨਾਂ। ਮਸਤੀ ਨਾਲ ਸਾਡਾ ਕੋਈ ਰੌਲਾ ਨਹੀਂ ਭਾਵੇਂ ਕੱਛ ਵੀ ਲਹਿ ਜਾਵੇ। ਮਸਤੀ ਨਾਲ ਅਸੀਂ ਕੁਝ ਨਹੀਂ ਕਹਿੰਦੇ, ਲੇਕਿਨ ਜਾਣ ਕੇ, ਹੋਸ਼ ਵਿੱਚ ਜਦੋਂ ਅਦਮੀ ਹੈ, ਤੜਕੇ ਆਸਾ ਦੀ ਵਾਰ 'ਚ ਵੀ ਆਉਂਦੇ ਹੋ, ਤਾਂ ਸਿਰ ਨੰਗੇ ਨਾ ਆਇਆ ਕਰੋ।

ਇੱਕ ਇਹ ਵੀ ਚੀਜ਼ ਹੈ ਕਿ ਕਦੇ-ਕਦੇ ਗਲੀਆਂ ਵਿੱਚ ਵੀ ਅਸੀਂ ਲੰਘਦੇ ਹਾਂ। ਉੱਥੇ ਇਤਨੀ ਬੋ ਹੁੰਦੀ ਹੈ। ਕੇਸਾਂ 'ਚ ਗੁਰੂ ਸਾਹਿਬ ਨੇ ਅੰਮ੍ਰਿਤ ਪਾਇਆ ਔਰ ਮੂੰਹ 'ਚ ਵੀ ਪਾਇਆ—ਇੱਕੋ ਜਿਹਾ ਦਰਜਾ ਦਿੱਤਾ-–ਕੇਸਾਂ ਨੂੰ। ਜੇ, ਤੁਸੀਂ ਮੂੰਹ ਦੇ ਨੇੜੇ ਨਹੀਂ ਕੋਈ ਗੰਦੀ ਚੀਜ਼ ਕਰਦੇ ਤਾਂ ਕੇਸਾਂ ਨੂੰ ਕਿਉਂ ਬੋ ਲੱਗਣ ਦੇਂਦੇ ਹੋ। ਇਹ ਮੈਂ ਅਰਜ਼ਾਂ ਕਰਨੀਆਂ ਸਨ, ਸੋ ਕਰ ਦਿੱਤੀਆਂ। ਦੋਵੇਂ ਚੀਜ਼ਾਂ ਮੈਨੂੰ ਯਾਦ ਆਉਂਦੀਆਂ ਸਨ। ਮੈਂ ਕੱਲ੍ਹ ਸੇਠ ਹੁਰਾਂ ਨੂੰ ਕਿਹਾ ਸੀ। ਸਵੇਰੇ ਲੱਗੇ ਸੀ ਗੱਲ ਕਰਨ, ਮੈਂ ਕਿਹਾ ਸੀ ਜੀ, ਸ਼ਾਮ ਨੂੰ ਕਥਾ ਵੇਲੇ ਕਰ ਲਵਾਂਗੇ। ਸੋ ਇਹ ਸਾਧ-ਸੰਗਤ ਅੱਗੇ ਅਰਜ਼ ਹੈ ਕਿ ਆਪਣੇ ਪਾਸੇ ਗੁਰਬਾਣੀ ਨੂੰ ਨਾ ਅਸੀਂ ਢਾਲੀਏ। ਉਹ ਸੁਥਰੇ ਦੀ ਗੱਲ ਸੁਣਾਉਂਦੇ ਹਨ, ਕਿ ਉਸ ਨੇ ਲੈ ਲਿਆ ਕਿਸੇ ਤੋਂ ਕਰਜ਼ਾ ਤੇ ਲੈ ਕੇ ਦੇਵੇ ਨਾ। ਮਹਾਰਾਜ ਪਾਸ ਅਰਜ਼ ਹੋਈ। ਕਹਿੰਦਾ, ''ਮਹਾਰਾਜ ਲਿਖਿਆ ਨਹੀਂ—ਕੇਤੇ ਲੈ ਲੈ ਮੁਕਰੁ ਪਾਹਿ।''

ਕਹਿੰਦੇ, ''ਉਹ ਅਗਲੀ ਤੁਕ।''

ਕਹਿੰਦੈ, ''ਜੀ, ਅਗਲੀ ਹੋਰਨਾ ਨੂੰ ਪੜ੍ਹਨ ਵਾਸਤੇ ਥੋੜੀ ਹੈ,—ਮੇਰੇ ਵਾਸਤੇ ਹੀ ਨੇਂ ਸਾਰੀਆਂ।''

ਸੋ ਸਾਨੂੰ ਇਹ ਚੀਜ਼ ਮਖੌਲ ਦੀ ਥਾਂ, ਹਾਸੇ ਦੀ ਥਾਂ-ਔਰ ਆਪਣੀ

ਗਲਤੀ ਵਾਸਤੇ, ਆਪਣੀ ਗੱਲ ਵਾਸਤੇ ਕਿ ਮੈਨੂੰ ਇਸ ਗੱਲ 'ਚ ਸੁੱਖ ਹੈ, ਤੁਸੀਂ ਇਉਂ ਹੀ ਸੁੱਖ ਮੰਨੋ। ਕਿਸੇ ਦਾ ਭਰਾ ਪਿੱਛੇ ਹੈ, ਕਿਸੇ ਦਾ ਚਾਚਾ, ਕਿਸੇ ਦਾ ਭਤੀਜਾ ਪਿੱਛੇ ਹੈ, ਕਿਸੇ ਦੀ ਔਰਤ ਪਿੱਛੇ ਹੈ—ਆਪਣੇ ਪੈਸਿਆਂ ਦੇ ਕਮਾਉਣ ਵਾਸਤੇ ਐਡੀ ਦੂਰ ਆਉਂਦੇ ਹੋ। ਕਈ ਵੇਰ ਇੱਥੇ ਤੁਹਾਨੂੰ ਤਕਲੀਫਾਂ ਝੱਲਣੀਆਂ ਪੈਂਦੀਆਂ ਹਨ। ਕਦੇ ਪਾਸ ਨਹੀਂ ਬਣਦਾ, ਕਦੇ ਵੀਜ਼ਾ ਨਹੀਂ ਹੁੰਦਾ, ਉਹ ਕੰਮ ਤੁਸੀਂ ਕਰਦੇ ਹੋ ਆਪਣੇ ਲਾਲਚ ਵਾਸਤੇ। ਸਤਿਗੁਰੂ ਦਾ ਨਾਮ ਜਪਣ ਵਾਸਤੇ ਬਾਣੀ ਪੜ੍ਹਨ ਵਾਸਤੇ, ਮਰਯਾਦਾ ਰੱਖਣ ਵਾਸਤੇ ਰੋਜ਼ ਪੜ੍ਹ ਲੈਂਦੇ ਹਾਂ–

**ਮੂਤ ਮਲੀਤੀ ਕਪੜੁ ਹੋਇ।।**
**ਦੇ ਸਾਬੂਣੁ ਲਈਐ ਓਹੁ ਧੋਇ।।**

*– ਪੰਨਾ ੪*

ਕੋਈ ਪਿਸ਼ਾਬ, ਚੀਤਾ ਕਰਦਾ ਹੈ—ਪਾਣੀ ਨਾਲ?
ਗੁਰੂ ਗੋਬਿੰਦ ਸਿੰਘ ਸਾਹਿਬ ਨੇ ਲਿਖਿਐ ਰਹਿਤਨਾਮੇ 'ਚ–
*ਜਾਮ ਜਾਮਨੀ ਮਜੈ ਆਛੇ,*
– ਇਸ਼ਨਾਨ ਕਰੇ ਪਹਿਰ ਰਾਤ ਰਹਿੰਦੀ ਦੇ ਨਾਲ।
*ਜਲ ਲੈਹੋ ਮੂਤਰ ਕੇ ਪਾਛੇ।*
– ਜਦੋਂ ਚੀਤਾ ਛੱਡੇ ਤਾਂ ਜਲ ਨਾਲ ਛੱਡੇ।

ਸਤਿਗੁਰਾਂ ਨੇ ਲਿਖਿਐ, ''ਭਾਈ ਜਲ ਵਰਤਣਾ, ਇਉਂ ਨਾ ਸਮਝਣਾ ਬੈਠਾ ਕਾਲੇ ਪਾਣੀ ਦੀਆਂ ਲੀਕਾਂ ਕੱਢੀ ਜਾਂਦਾ ਹੈ।''

## ਮਰਯਾਦਾ

ਫਿਰ, ਮਰਯਾਦਾ ! ਤੁਸੀਂ ਹਰ ਇੱਕ ਚੀਜ਼ ਨੂੰ ਦੇਖੋਗੇ, ਬਗੈਰ ਮਰਯਾਦਾ ਤੋਂ ਕੋਈ ਚੀਜ਼ ਨਹੀਂ ਚਲ ਸਕਦੀ। ਆਹ, ਮਰਯਾਦਾ ਬਣੀ ਹੋਈ ਹੈ, ਵਾਜੇ ਦੇ ਸੁਰ ਗਿਣ ਕੇ ਬਣੇ ਹੋਏ ਹਨ, ਉੱਤਰੇ ਲੱਗੇ ਹੋਏ ਹਨ ਤੇ ਚੜ੍ਹੇ ਲੱਗੇ ਹੋਏ ਹਨ। ਜੇ, ਓਨ੍ਹਾਂ ਦਾ ਜ਼ਰਾ ਕੁ ਬੇਸੁਰਾ ਹੋ ਜਾਏ ਤਾਂ ਬੇਸੁਆਦੀ ਹੋ ਜਾਂਦੀ ਹੈ। ਇੱਕ ਰਾਗ ਗਾਉਂਦਾ-ਗਾਉਂਦਾ ਕੋਈ ਆਦਮੀ ਦੂਸਰਾ ਸੁਰ ਲਾ ਦਿੰਦਾ ਹੈ ਜਾਂ

ਬੇਸੁਰਾ ਲਾ ਦੇਂਦਾ ਹੈ — ਉੱਥੇ ਸਾਰਿਆਂ ਦੇ ਮੂੰਹ ਹੋਰ ਤਰ੍ਹਾਂ ਹੋ ਜਾਂਦੇ ਹਨ, ਚੰਗਾ ਨਹੀਂ ਲਗਦਾ। ਵਜਾਉਣ ਵਾਲਾ-ਜੋੜੀ, ਜ਼ਰਾ ਕੁ ਅੱਖਰ ਬਦਲ ਦੇਵੇ -ਉਹ ਤਾਲ ਵਿਗੜ ਜਾਂਦਾ ਹੈ। ਅੰਨ ਪਾਣੀ ਬਣਾਉਂਦਿਆਂ ਜ਼ਰਾ ਕੁ ਲੂਣ ਜ਼ਿਆਦਾ ਪੈ ਜਾਏ, ਜਾਂ ਨਾ ਪਏ ਉਹ ਬੇਸੁਆਦ ਹੋ ਜਾਂਦਾ ਹੈ।

ਸਤਿਗੁਰੂ ਦੀ ਮਰਯਾਦਾ-ਸਤਿਗੁਰਾਂ ਨੇ ਤੁਹਾਨੂੰ ਦੱਸੀ, ਸਤਿਗੁਰਾਂ ਨੇ ਤੁਹਾਡੇ ਤੇ ਕ੍ਰਿਪਾ ਕਰੀ। ਇਹ ਪਰਉਪਕਾਰ—ਕਲਯੁਗ ਦਾ ਸਮਾਂ, ਗੁਰੂ ਨਾਨਕ ਦੇਵ ਨੇ ਆ ਕੇ, ਆਪਣੇ ਜਾਮੇਂ ਧਾਰ-ਧਾਰ ਕੇ; ਤਕਲੀਫਾਂ ਝੱਲ ਕੇ; ਲੋਕਾਂ ਦੀਆਂ ਗਾਲ੍ਹਾਂ ਝੱਲ ਕੇ, ਲੋਕਾਂ ਦੇ ਮਿਹਣੇ ਝੱਲ ਕੇ ਕੀਤਾ। ਗੌਰਮਿੰਟਾਂ ਦੀ—ਗੁਰੂ ਤੇਗ ਬਹਾਦਰ, ਗੁਰੂ ਅਰਜਨ ਦੇਵ ਮਹਾਰਾਜ, ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ, ਧਿਆਨ ਦੇ ਕੇ ਜ਼ਰਾ ਦੇਖੋ-ਕਿੰਨੀ ਤਕਲੀਫ ਝੱਲੀ। ਕਾਹਦੇ ਵਾਸਤੇ? ਉਨ੍ਹਾਂ ਨੂੰ ਖਾਣ ਪੀਣ ਨੂੰ ਨਹੀਂ ਸੀ ਮਿਲਦਾ-ਉਨ੍ਹਾਂ ਜੋਗੇ ਪ੍ਰਸਾਦੇ ਨਹੀਂ ਸਨ—ਇਹ ਸਭ ਤੁਹਾਡੇ ਵਾਸਤੇ।

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪਾਸ ਮਾਤਾ ਜੀ ਜਿਸ ਵੇਲੇ ਆ ਕੇ ਮਿਲਦੇ ਹਨ-ਮਾਤਾ ਸੁੰਦਰੀ ਜੀ ਦਮਦਮੇ ਸਾਹਿਬ ਦੇਖਦੇ ਹਨ—ਹਾਲ ਚਾਲ। ਦੇਖ ਕੇ ਕਹਿੰਦੇ ਨੇ, ''ਮਹਾਰਾਜ, ਆਹ ਬੜਾ ਸਭ ਖਿੜਿਆ ਪਰਿਵਾਰ ਹੈ, ਪਰ ਸਾਹਿਬਜ਼ਾਦੇ ਨਹੀਂ ਦਿੱਸਦੇ।'' ਕਹਿੰਦੇ ਨੇ-

*ਇਨ ਪੁਤਰਨ ਕੇ ਸੀਸ ਪੈ ਵਾਰ ਦਿਏ ਸੁਤ ਚਾਰ।*

ਆਪਣੇ ਪੁੱਤਰ ਵਾਰਦਾ ਹੈ ਸਾਡੇ ਵਾਸਤੇ, ਲਾਹਨਤ ਹੈ ਸਾਨੂੰ ਜੇ ਫਿਰ ਅਸੀਂ ਉਸ ਗੁਰੂ ਦੇ ਵੱਲ ਧਿਆਨ ਨਹੀਂ ਦਿੰਦੇ, ਉਨ੍ਹਾਂ ਦੇ ਹੁਕਮਾਂ 'ਚ ਨਹੀਂ ਚਲਦੇ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ, ਵਿਦੇਸ਼ ਗਿਆਂ ਨੂੰ ਅੱਸੀਵਾਂ ਸਾਲ ਹੈ—ਇਸ ਮਾਘੀ ਨੂੰ ਅੱਸੀ ਸਾਲ ਪੂਰੇ ਹੋ ਜਾਣਗੇ। ਪਰ ਅਸੀਂ ਨਾਮਧਾਰੀ ਲੋਕ—ਉਨ੍ਹਾਂ ਨੇ ਹੁਕਮ ਦਿੱਤਾ, ਭਾਈ, ਜਲ ਪ੍ਰਸਾਦਿ ਸੁੱਚ ਸੋਧ ਦਾ ਵਰਤਣਾ-ਸਾਡੀ ਹੁਣ ਇਹ ਹਾਲਤ ਹੈ, ਕਿ

*ਫੀਮ ਮੰਗੇ ਰਿਉੜੀਆਂ ਤੇ ਪੋਸਤ ਮੰਗੇ ਗੰਨੇ।*
*ਭੰਗ ਵਿਚਾਰੀ ਆਲੀ ਭੋਲੀ ਜੋ ਆਇਆ ਸੋ ਬੰਨੇ।*

ਜੇ ਹੋਟਲ ਵਿੱਚ ਚਲੇ ਗਏ ਤਾਂ, ਜੇ ਤੰਦੂਰ ਤੇ ਬਹਿ ਗਏ ਤਾਂ, ਜਿੱਥੇ

ਚਲੇ ਗਏ ਤਾਂ—। ਮੰਨ ਲਉ ਕਿ ਬਈ, ਇੱਥੇ ਆ ਕੇ ਹਰ ਇੱਕ ਆਦਮੀ ਨਲਕੇ ਦੇ ਪਾਣੀ ਬਗੈਰ ਨਹੀਂ ਗੁਜ਼ਾਰਾ ਕਰ ਸਕਦਾ, ਪਰ ਉਹ ਨਲਕੇ ਦੇ ਪਾਣੀ ਨਾਲ ਆਪਣੇ ਘਰ ਬੈਠ ਕੇ ਵੀ ਖਾ ਸਕਦਾ ਹੈ। ਪਾਣੀ ਕੱਢ ਕੇ ਜੇ ਮੰਨ ਹੀ ਲਈਏ ਕਿ ਇੱਥੋਂ ਤਕ ਨਹੀਂ ਇੱਥੇ ਰਹਿ ਸਕਦੀ, ਪਰ ਜਿਹੜੇ ਹੋਟਲਾਂ 'ਚ ਬੈਠ ਕੇ, ਜਿੱਥੇ ਮਾਸ ਵੀ ਰਿੱਝਦਾ ਹੈ, ਜਿੱਥੇ ਹਰ ਇੱਕ ਆਦਮੀ ਖਾਂਦਾ ਹੈ—। ਹੁਣ ਗੁਰੂ ਗੋਬਿੰਦ ਸਿੰਘ ਦਾ ਹੁਕਮ, ਮੈਂ ਹੁਣ ਕੀ ਆਖਾਂ, ਸਾਡੇ ਉੱਤੇ ਵੀ ਵਰਤਦਾ ਹੈ—ਮੈਂ ਨਾਮਧਾਰੀਆਂ ਤੋਂ ਬਿਨਾਂ ਹੋਰ ਅੱਗੇ ਤੁਰਦਾ ਹੀ ਨਹੀਂ-ਹੋਰ ਕਿਸੇ ਨੂੰ ਕਹਾਂ ਤਾਂ, ਜੇ ਆਪਣਾ ਘਰ ਸ਼ੁੱਧ ਹੋਵੇ। ਗੁਰੂ ਸਾਹਿਬ ਨੇ ਲਿਖਿਆ ਹੈਂ :-

*ਜਾਕੀ ਰਹਿਤ ਨਾ ਜਾਣੀਐ ਗੁਰਮੰਤ੍ਰ ਨਹੀਂ ਚੀਤ।*
*ਉਨਕਾ ਭੋਜਨ ਖਾਇਕੈ ਬਿਸਰੈ ਹਰਸਿਉ ਪ੍ਰੀਤ।*

ਫੇਰ, ਜੇ ਹਰੀ ਨਾਲ ਪ੍ਰੀਤ ਵਿਸਰ ਗਈ, ਰਹਿ ਪੱਲੇ ਕੀ ਗਿਆ, ਜਿਹਦਾ ਘਰ-ਝੁੱਗਾ ਹੀ ਉੱਜੜ ਗਿਆ, ਉਹਦੇ ਪੱਲੇ ਕੀ ਰਿਹਾ।

*ਜਹਾਂ ਕਹਾਂ ਕਾ ਛਕੈ ਪ੍ਰਸਾਦਿ।*
*ਸਿੱਖ ਨਹੀਂ ਮੇਰਾ ਆਦਿ ਜੁਗਾਦਿ।*

ਬਈ, ਆਪਾਂ ਹੁਣ ਸਿੱਧੀਆਂ ਪੱਗਾਂ ਬੰਨ੍ਹ ਕੇ, ਮਾਲਾ ਗਲਾਂ 'ਚ ਪਾ ਕੇ ਆਕੜ ਕੇ, ਕਿ ਕੂਕਿਆਂ ਵਰਗਾ ਕੋਈ ਨਹੀਂ ਹੈ-ਅਕਾਲੀਆਂ 'ਚ ਇਹ ਕਸੂਰ ਹੈ, ਬਾਹਮਣਾਂ 'ਚ ਇਹ ਕਸੂਰ ਹੈ, ਨਿਹੰਗਾਂ 'ਚ ਇਹ ਕਸੂਰ ਹੈ, ਫਲਾਣੇ ਵਿੱਚ ਇਹ ਕਸੂਰ ਹੈ-ਅਸੀਂ ਹੁਣ ਸ਼ੁੱਧ ਹੋਏ, ਬਿਲਕੁਲ ਉੱਚੇ। ਧਿਆਨ ਦਿਉ ਜੇ ਤੁਹਾਡੇ ਕੋਲੋਂ ਨਹੀਂ ਕੁਝ ਬਣ ਸਕਦਾ, ਤੁਸੀਂ ਨਹੀਂ ਕਰ ਸਕਦੇ-ਕਮ ਸੇ ਕਮ ਹੋਟਲਾਂ 'ਚ ਬੈਠ ਕੇ ਪਿਆਲੀਆਂ ਪਿਰਚਾਂ 'ਚ ਪਾ ਕੇ, ਤਾਂ ਨਾ ਖਾਇਆ ਕਰੋ।

ਮੈਨੂੰ ਇਹ ਯਾਦ ਹੈ, ਸਤਿਗੁਰੂ ਸੱਚੇ ਪਾਤਿਸ਼ਾਹ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ ਉਨੀ ਸੌ ਅਠਾਈ (੧੯੨੮) ਦੀ ਵਿਸਾਖੀ ਉੱਤੇ ਜਾਂਦੇ ਹਨ-ਦਮਦਮੇ ਸਾਹਿਬ। ਉਨ੍ਹਾਂ ਦਿਨਾਂ 'ਚ ਨਹਿਰ ਅਜੇ ਨਹੀਂ ਸੀ ਗਈ। ਉਹ ਜਿਹੜਾ ਗੁਰੂ ਗੋਬਿੰਦ ਸਿੰਘ ਨੇ ਆਖਿਆ ਸੀ, 'ਡੱਲਿਆ ਦੇਖ-ਕਣਕ।'

ਉਹ ਕਹਿੰਦਾ ਹੈ, ''ਨਹੀਂ ਮਹਾਰਾਜ ਇਹ ਤੇ ਖਵੀ ਹੈ।''

ਕਹਿੰਦੇ, ''ਦੇਖ ਅੰਬ'',

ਕਹਿੰਦਾ, ''ਨਹੀਂ ਜੀ, ਇਹ ਤੇ ਅੱਕ ਹਨ।''

ਮਾਤਾ ਜੀ (ਜੀਊਂਣ ਕੌਰ ਜੀ) ਦੱਸਦੇ ਹੁੰਦੇ ਸਨ—ਮਾਤਾ ਜੀ ਦੇ ਜਨਮ ਦਾ ਨਗਰ ਨੇੜੇ ਹੈ-ਕਿ ਸਭ ਤੋਂ ਪਹਿਲਾਂ ਅੰਬਾਂ ਦੇ ਦਰੱਖਤ ਦਮਦਮੇ ਸਾਹਿਬ ਲੱਗੇ ਜਦੋਂ ਨਹਿਰ ਗਈ। ਸਤਿਗੁਰੂ ਜਿਸ ਵੇਲੇ ਗਏ ਨੇ ਅਜੇ ਨਹਿਰ ਚਾਲ੍ਹੀ ਵਿੱਚ ਗਈ ਹੈ-ਇਹ ਬਾਰਾਂ (੧੨) ਸਾਲਾ ਪਹਿਲਾਂ ਦੀ ਗੱਲ ਹੈ। ਉਨ੍ਹਾਂ ਦਿਨਾਂ ਵਿੱਚ ਓਹਨਾਂ ਲੋਕਾਂ ਕੋਲ ਸਣ ਵੀ ਨਹੀਂ ਸੀ ਉੱਥੇ ਹੁੰਦੀ, ਜਿਸਦੀਆਂ ਉਹ ਲਾਵਾਂ ਵੱਟ ਲੈਣ-ਖੂਹਾਂ ਦੀਆਂ। ਸੌ (੧੦੦) ਹੱਥ ਪੂਰਾ ਪਾਣੀ ਸੀ, (੧੨੦) ਇਕ ਸੌ ਵੀਹ ਹੱਥ ਲਾਂ ਪੈਂਦੀ ਸੀ। ਵਿਸਾਖੀ ਦਾ ਦਿਨ ਸੀ। ਸਿੱਖ ਗਏ, ਸਿੱਖਾਂ ਨੇ ਅਰਜ਼ ਕਰੀ, ''ਸੱਚੇ ਪਾਤਿਸ਼ਾਹ ! ਪਾਣੀ ਦਾ ਕਿਸ ਤਰ੍ਹਾਂ ਕਰੀਏ?''

ਹੁਕਮ ਦਿੱਤਾ, ''ਆਪਣਿਆ ਗੜਵਿਆਂ ਨਾਲ ਕੱਢੋ।''

ਚਾਰ ਪੰਜ ਬੋਕੇ ਖੂਹ ਤੇ ਚਲਦੇ ਸਨ। ਲਾਵਾਂ ਜਿਹੜੀਆਂ ਸਨ ਖੂਹ ਦੀਆਂ-ਉਹ ਹੁਣ ਤਕ ਵੀ ਬੀਕਾਨੇਰ ਦੇ ਇਲਾਕੇ ਵਿੱਚ ਜਾਉ-ਤਿੰਨ ਚਾਰ ਹੱਥ ਦਾ ਟੋਟਾ, ਜਿਹੜਾ ਬੋਕੇ ਦੇ ਨਾਲ ਚਰਸੇ ਤੇ ਹੈ, ਉਹ ਤਾਂ ਪਾ ਲੈਂਦੇ ਨੇ ਰੱਸੇ ਦਾ ਤੇ ਉੱਤੇ ਡੰਗਰਾਂ ਮਰਿਆ ਹੋਇਆ ਦੇ ਕੱਚੇ ਚਮੜੇ ਦੀ ਲਾਂ, ਉਹ ਪਾਉਂਦੇ ਨੇ, ਏਨਾਂ ਕੁ ਉਹਨਾਂ ਆਪਣਾ ਰੱਖ ਲਿਆ ਹਿਸਾਬ-ਕਿਤਾਬ। ਕੱਚੇ ਚੰਮ ਦੀਆਂ ਲਾਵਾਂ, ਸੌ ਹੱਥ ਪਾਣੀ-ਜਦੋਂ ਗੜਵੇ ਵਗਾਉਣ-ਨਾਲ ਲਪੇਟੇ ਜਾਣ। ਟਕੂਆਂ ਨਾਲ ਰੱਸੀਆਂ ਕਈਆਂ ਨੇ ਵੱਢੀਆਂ।

(ਸਿੱਖ) ਕਹਿਣ ਲੱਗੇ, ''ਜੀ, ਨਿਕਲ ਨਹੀਂ ਸਕਦਾ।''

ਹੁਕਮ ਦਿੱਤਾ, ''ਭਾਵੇਂ ਤੁਹਾਡਾ ਚਰਸੇ ਦੇ ਬੋਕੇ ਵਿੱਚੋਂ ਗੜਵਾ ਭਰੇ, ਤੁਸੀਂ ਕੱਢੋ ਗੜਵੇ ਨਾਲ ਹੀ''।

ਗੁਰੂ ਗੋਬਿੰਦ ਸਿੰਘ ਨੇ ਇਹ ਚੀਜ਼ ਲਿਖੀ ਹੈ-ਸਤਿਗੁਰੂ ਰਾਮ ਸਿੰਘ ਨੇ ਵਰਤਾਈ। ਜਿੰਨਾ-ਜਿੰਨਾ, ਜਿਸ-ਜਿਸ ਜਾਮੇ ਵਿੱਚ, ਜੋ-ਜੋ ਖੇਡ ਬਣਾਉਨੀ ਹੈ, ਪੰਜਾਂ ਜਾਮਿਆਂ 'ਚ ਸ਼ਾਂਤ ਮਈ ਰੱਖੀ-ਛੇਵੇਂ ਵਿੱਚ ਰੂਪ ਧਾਰ ਲਿਆ,

ਸਤਵਾਂ, ਅੱਠਵਾਂ, ਨੌਵਾਂ ਫੇਰ ਸ਼ਾਂਤ ਮਈ ਲੰਘਾ ਦਿੱਤਾ–ਦਸਵੇਂ 'ਚ ਫੇਰ ਰੂਪ ਧਾਰ ਲਿਆ। ਉਹਦੀ ਜੋ ਰਜ਼ਾ ਹੈ, ਉਹ ਕਰ ਸਕਦਾ ਹੈ। ਦਿਵਾਨ ਨੰਦ ਲਾਲ ਕਹਿੰਦਾ ਹੈ :–

*ਗਾਹਿ[੪] ਸੂਫ਼ੀ,[੫] ਗਾਹਿ ਜ਼ਾਹਿਦ,[੬] ਗਾਹਿ ਕਲੰਦਰ[੭] ਮੇ ਸ਼ਵਦ[੮]।।*
*ਰੰਗ[੯] ਹਾਇ ਮੁਖ਼ਤਲਿਫ਼[੧੦] ਦਾਰਦ[੧੧] ਬੁਤਿ[੧੨] ਅੱਯਾਰਿ[੧੩] ਮਾ[੧੪]।।*

– ਗ਼ਜ਼ਲ–੨

ਅਯਾਰੀ ਕਰਨ ਵਾਲੇ ਕੌਣ ਹੁੰਦੇ ਨੇ–ਜਿਹੜੇ ਰੂਪ ਵਟਾ ਲੈਂਦੇ ਨੇ। ਉਹ ਜੋ ਚਾਹੇ ਸੋ ਕਰਦਾ ਹੈ। (ਸਤਿਗੁਰੂ ਰਾਮ ਸਿੰਘ ਜੀ ਨੇਂ) ਜਲ ਭਰਨ ਦਾ ਹੁਕਮ ਦਿੱਤਾ।

## ਸ਼ਾਹਾਂ ਦਾ ਸ਼ਾਹ ਕੀਤਾ

ਹੁਣ ਅਸੀਂ ਲੋਕ, ਘੱਟ ਤੋਂ ਘੱਟ ਆਪਦੇ ਚੌਂਕੇ ਚੁਲ੍ਹੇ ਬਣਾ ਕੇ, ਮਾਈਆਂ ਸਾਡੀਆਂ ਆਪਣੇ ਘਰੀਂ ਬੈਠ ਕੇ, ਆਪਣਾ ਜਲ ਲਿਆ ਕੇ ਬਣਾਉਣ, ਕਿਉਂਕਿ ਤੁਹਾਨੂੰ ਰੋਜ਼ ਰੋਟੀਆਂ ਵੀ ਪਕਾਉਣੀਆਂ ਪੈਂਦੀਆਂ ਨੇਂ, ਸਭ ਕੁਝ ਕਰਨਾ ਪੈਂਦਾ ਹੈ। ਜੇ ਨਾ ਹੋਟਲਾਂ 'ਚ ਜਾ ਕੇ ਖਾਉ–ਉੱਥੇ ਨਾ ਵੱਡੀ ਸੇਠੀ ਤੇ ਸਰਦਾਰੀ ਵਖਾਓ–ਇਹ ਮਿਲੀ ਕਿਸਦੀ ਕਿਰਪਾ ਨਾਲ ਹੈ, ਕਿਸਨੇ ਇਹ ਬਖਸ਼ਿਸ ਕੀਤੀ ਹੈ?

ਇੱਕ ਫਕੀਰ ਬਾਬਾ ਨਰੈਣ ਸਿੰਘ ਫਿਲੋਕਿਆਂ ਵਿੱਚ ਜਾਂਦਾ ਹੈ–ਬਾਬੇ ਭਗਵਾਨ ਸਿੰਘ ਹੋਰੀਂ, ਸੇਠ ਜੀ ਦੇ ਦਾਦੇ, ਉਹ ਨਾਲ ਲੈ ਕੇ ਜਾਂਦੇ ਹਨ। ਕੋਈ ਆਦਮੀ ਕੋਲੋਂ ਮਖੌਲ ਕਰਦਾ ਹੈ, ''ਉਏ, ਇਹ ਕਿੱਧਰ ਚਲੀ ਹੈ, ਧਾੜ ਕੱਠੀ ਹੋ ਕੇ''–ਸ਼ਬਦ ਪੜ੍ਹਦੇ ਸਿੱਖ ਜਾਂਦੇ ਹਨ।

''ਇਹ ਚਲੀ ਹੈ ਬਈ, ਭਗਵਾਨ ਸਿੰਘ ਦੇ ਘਰ।''

''ਭਗਵਾਨ ਸਿੰਘ ਨੂੰ ਉਜਾੜ ਦੇਣਗੇ''।

ਬਾਬੇ ਨਰੈਣ ਸਿੰਘ ਹੋਰਾਂ ਦੇ ਕੰਨ 'ਚ ਅਵਾਜ਼ ਪੈ ਗਈ–ਉਹ ਮਸਤ ਹੋਏ ਕਹਿੰਦੇ ਨੇ, ''ਕੀ ਆਂਹਦਾ ਹੈ''?

ਆਂਹਦਾ ਹੈ, ''ਭਗਵਾਨ ਸਿੰਘ ਨੂੰ ਉਜਾੜ ਦੇਣਗੇ''।

''ਜਾ ਓਏ, ਤੈਨੂੰ ਸ਼ਾਹਾਂ ਦਾ ਸ਼ਾਹ ਕੀਤਾ, ਜਾ ਤੈਨੂੰ ਸ਼ਾਹਾਂ ਦਾ ਸ਼ਾਹ ਕੀਤਾ''-ਤਿੰਨ ਵਾਰੀ ਬਚਨ ਕੀਤਾ।

ਦੇਖੋ ਉਸ ਦਾ ਬਚਨ ਤੁਸੀਂ ਭੋਗ ਰਹੇ ਹੋ, ਪਰ ਜੇ ਕਿਸੇ ਵੇਲੇ ਗੁੱਸਾ ਵੀ ਉਹਨਾਂ ਨੂੰ ਆ ਜਾਵੇ ਤਾਂ ਫੇਰ ਉਹ ਤਬਾਹ ਵੀ ਕਰ ਦਿੰਦੇ ਨੇ। ਏਥੋਂ ਦੀ ਬਚਣ ਦੀ ਲੋੜ ਹੈ। ਮੈਂ ਇਹਦੀ ਤੁਹਾਨੂੰ ਇੱਕ ਸਾਖੀ ਛੋਟੀ ਜਿਹੀ ਸੁਣਾਉਂਦਾ ਹਾਂ।

## ਭਾਈ ਨਿਹਾਲ ਸਿੰਘ

ਭਾਈ ਨਿਹਾਲ ਸਿੰਘ ਜੀ ਇੱਕ ਸਿੱਖ, ਰਾਮਗੜੀਆਂ ਦੇ ਘਰ ਦਾ ਜਨਮ, ਮਹਿਤਪੁਰ, ਉਹਨਾਂ ਦਾ ਪਿੰਡ ਦੁਆਬੇ 'ਚ-ਫਿਰੋਜ਼ਪੁਰ ਆ ਕੇ ਰਹਿੰਦੇ। ਜਿਸ ਵੇਲੇ ਸਿੱਖ ਰਾਜ ਦਾ ਖਾਤਮਾ ਹੋਇਆ, ਸਤਿਗੁਰਾਂ ਦੇ ਮਾਮਾ ਜੀ ਇੱਥੇ ਕਿਲ੍ਹਾ ਬਣਵਾਉਂਦੇ ਸਨ-ਉਨ੍ਹਾਂ ਦੇ ਪਾਸ ਰਹਿਣਾ। ਇਹ ਲੋਕ ਫਿਰ ਹਜ਼ਰੋਂ ਸਾਹਿਬ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਲ ਗਏ, ਭਜਨ ਪੁੱਛੇ, ਨਾਲ ਬੈਠਦੇ-ਉਠਦੇ ਰਹੇ। ਨਿਹਾਲ ਸਿੰਘ ਨੂੰ ਸਤਿਗੁਰ ਕਹਿੰਦੇ ਨੇ, ਇੱਕ ਦਿਨ, ''ਨਿਹਾਲ ਸਿੰਘਾ, ਖੰਡ ਘਿਉ ਖਾਇਆ ਕਰ।'' ਦੋ ਆਨੇ ਉਦੋਂ ਕਾਰੀਗਰ ਨੂੰ ਰੋਜ਼ ਦੇ ਮਿਲਦੇ ਸੀ, ਕਹਿਣ ਲੱਗਾ, ''ਮਹਾਰਾਜ ਦੁਆਨੀ ਮਿਲਦੀ ਹੈ, ਟੱਬਰ ਕਿਸ ਤਰ੍ਹਾਂ ਪਾਲਾਂ?'' ਕਹਿਣ ਲੱਗੇ, ''ਘਾਟਾ ਕੋਈ ਨਹੀਂ ਰਹੂਗਾ, ਪਰ ਭੂਰੀਆਂ ਵਾਲਿਆਂ ਨਾਲ ਨਾ ਵਿਗਾੜੀਂ।''

ਨਾ ਅਜੇ ਭੂਰੀਆਂ ਵਾਲੇ ਬਣਾਏ, ਨਾ ਪੰਥ ਸਾਜਿਆ-ਗੱਲ ਪਹਿਲੇ ਕਹਿ ਦਿੱਤੀ। ਨਿਹਾਲ ਸਿੰਘ ਬਣਿਆ ਉਹਨਾਂ ਦਿਨਾਂ 'ਚ, ਜਿਸ ਗੱਲ ਨੂੰ ਅੱਜ ਅਸੀ, ਸੱਤਰ (੭੦) ਸਾਲ ਕਹਿ ਦੇਈਏ ਲੱਖਪਤੀ ਹੋ ਗਿਆ— ਦੁਆਨੀ ਲੈਣ ਵਾਲਾ ਰੋਜ਼। ਬਹੁਤ ਚਿਰ ਜਿਊਂਦਾ ਰਿਹਾ। ਮੈਂ ਉਸ ਦਾ ਮਕਾਨ ਜਾ ਕੇ ਸਤਵੰਜਾ ਸੰਮਤ 'ਚ ਦੇਖਿਆ ਗੁਰੂ ਹਰੀ ਸਿੰਘ ਜੀ ਦੇ ਨਾਲ। ਜਿਸ ਤਰ੍ਹਾਂ ਅੰਮ੍ਰਿਤਸਰ ਜੀ ਸੋਨਾ ਲੱਗਾ ਹੋਇਆ ਹੈ ਛੱਤ ਨੂੰ, ਇੱਕ ਚੁਬਾਰੇ ਨੂੰ ਲੱਗ ਚੁੱਕਾ ਸੀ, ਦੂਏ ਦੇ ਫੁੱਲ ਪੱਤੇ ਬਣੇ ਹੋਏ ਸੀ। ਫਿਰ ਮਗਰੋਂ ਕੰਮ ਗਿਰ ਗਿਆ—ਕਿਉਂ ਗਿਰਿਆ?

ਭਾਈ ਨਿਹਾਲ ਸਿੰਘ ਹੋਰਾਂ, ਬੁੰਗਾ ਸਤਿਗੁਰਾਂ ਦੇ ਨਾਮ ਤੇ ਮੁਕਤਸਰ ਦਰਬਾਰ ਸਾਹਿਬ ਪਰਕਰਮਾ ਵਿੱਚ ਬਣਵਾਇਆ। ਉਸ ਬੁੰਗੇ ਵਿੱਚ, ਸਤਿਗੁਰਾਂ ਨੇ ਪੰਥ ਸਾਜਿਆ। ਪੰਥ ਸਾਜਿਆ ਤਾਂ ਭੂਰੀਆਂ ਵਾਲੇ ਬਣਾਏ। ਮੁਕਤਸਰ ਦੇ ਇਲਾਕੇ ਦੇ ਸਿੱਖ, ਜਿਹੜੀਆਂ ਮਾਈਆਂ-ਮਾਈਓ ਧਿਆਨ ਦੇਣਾ–ਚਾਰ–ਚਾਰ ਮੀਲ ਤੋਂ ਪਾਣੀ ਚੁੱਕ ਕੇ ਲਿਆਉਂਦੀਆਂ ਤੇ ਇੱਕ ਇੱਕ ਚੋਲਾ ਗਲ ਤੋਂ ਲੈ ਕੇ ਭੂਰੇ ਦਾ ਗਿਟਿਆਂ ਤੱਕ ਹੁੰਦਾ—ਨਾ ਪਜਾਮਾ, ਨਾ ਕੋਈ ਹੋਰ ਚੀਜ਼। ਚਹੁੰ ਕੋਹਾਂ ਤੋਂ ਪਾਣੀ ਲਿਆਉਂਣਾ, ਰਾਹ ਵਿੱਚ ਫਿਰ ਲਾਹੁਣਾ ਨਹੀਂ ਜੇ ਤਕਲੀਫ਼ ਵੀ ਹੋਵੇ, ਬਈ, ਚੁਕਾਵੇਗਾ ਕੌਣ —ਸੋਧੀ ਤੋਂ ਬਿਨਾਂ। ਫੇਰ ਪਾਣੀ ਲਿਆ ਕੇ ਘਰ ਲੰਗਰ ਕਰਨਾ। ਜਿੰਨਾ ਚਿਰ ਲੰਗਰ ਵਿੱਚ ਰਹਿਣਾ, ਬੱਚਾ ਭਾਵੇਂ ਕਿੰਨਾ ਰੋਂਦਾ ਹੋਵੇ, ਦੁੱਧ ਨਹੀਂ ਦੇਣਾ। ਜਦੋਂ ਲੰਗਰ ਵਿਚੋਂ ਨਿਕਲ ਕੇ ਪ੍ਰਸ਼ਾਦ ਛੱਕ ਕੇ ਸੋਧ ਛੱਡਣੀ, ਖੁੱਲ੍ਹੇ ਹੋਣਾ, ਲੀੜੇ ਪਾਉਣੇ ਤਾਂ ਬੱਚੇ ਨੂੰ ਦੁੱਧ ਚੁੰਘਾਉਣਾ।

ਉਹ ਭੂਰੀਆਂ ਵਾਲੇ ਸਿੱਖ ਸਤਿਗੁਰਾਂ ਦੇ ਹੁੰਦਿਆਂ ਸਜੇ। ਇੱਕ ਦਿਨ ਖੋਟਿਆਂ ਦੇ ਦੀਵਾਨ ਵਿੱਚ ਸੱਚੇ ਪਾਤਸ਼ਾਹ ਆਪਣੇ ਆਸਣ ਤੋਂ ਉੱਠ ਕੇ ਉਹਨਾਂ ਦੇ ਵਿੱਚ ਜਾ ਬੈਠੇ। ਬਾਬੇ ਜਵਾਹਰ ਸਿੰਘ ਹੁਰੀ ਕਹਿੰਦੇ ਨੇ, ''ਸੱਚੇ ਪਾਤਸ਼ਾਹ ਆਸਣ ਤੇ ਚਲੋ।''

ਕਹਿੰਦੇ ਨੇ, ''ਭਾਈ, ਮੈਨੂੰ ਭੂਰੀਆਂ ਵਾਲੇ ਪਿਆਰੇ ਲਗਦੇ ਹਨ।''

ਗੁਰੂ ਗੋਬਿੰਦ ਸਿੰਘ ਨੇ ਵੀ ਲਿਖਿਆ–

*ਰਹਿਤ ਪਿਆਰੀ ਮੁਝ ਕਉ ਸਿੱਖ ਪਿਆਰਾ ਨਾਹਿ।*

— *ਰਹਿਣੀ ਰਹੇ ਸੋਈ ਸਿਖ ਮੇਰਾ।*

*ਉਹ ਸਾਹਿਬ ਮੈਂ ਉਸ ਕਾ ਚੇਰਾ।।*

ਨਿਹਾਲ ਸਿੰਘ ਹੋਰਾਂ ਨੇ ਬੁੰਗਾਂ ਬਣਵਾਇਆ, ਉਹ ਭੂਰੀਆਂ ਵਾਲੇ ਉੱਥੇ ਲੰਗਰ ਕਰਦੇ ਸੀ। ਲੋਕਾਂ ਵਿੱਚ ਮਸ਼ਹੂਰ ਗੱਲ ਸੀ ਉਹ-ਕੂਕੇ ਬੜੇ ਕਸੂਤੇ ਗੜਵੀ ਨਹੀਂ ਦਿੰਦੇ ਨ੍ਹਾਉਣ ਨੂੰ। ਠੀਕ ਗੱਲ ਸੀ। ਨਾਲ ਨਹੀਂ ਸਨ ਲੱਗਣ ਦੇਂਦੇ-ਕਿਸੇ ਨੂੰ। ਮੈਨੂੰ ਇਹ ਗੱਲ ਦੱਸਣ ਵਾਲੇ ਦੱਸਦੇ ਨੇ ਕਿ ਨਾਮਧਾਰੀ ਦੀਵਾਨ ਜਦੋਂ ਲਗਦਾ ਸੀ, ਜਿਹੜਾ ਨਾਮਧਾਰੀ ਤੋਂ ਬਗੈਰ ਕੋਈ

ਸਰੀਰ ਆਉਂਦਾ ਸੀ—ਇੱਕ-ਇੱਕ ਕਰੂ ਵਿੱਚ ਜਗ੍ਹਾ ਵਿਹਲੀ ਛੱਡ ਕੇ ਬਹਿੰਦਾ ਸੀ। ਸਿੱਖਾਂ ਨੇ ਲੰਗਰ ਕੀਤਾ। ਭਾਈ ਨਿਹਾਲ ਸਿੰਘ ਦਾ ਇੱਕ ਸਾਲਾ ਸੀ, ਉਹ ਜੁੱਤੀ ਪਾ ਕੇ ਲੰਗਰ ਦੇ ਨੇੜਿਓ ਦੀ ਲੰਘ ਗਿਆ। ਲਾਂਗਰੀਆਂ ਨੇ ਆਖਿਆ, ''ਭਾਈ, ਤੂੰ ਇਹ ਕੀ ਕੀਤਾ।?''

ਉਹ ਰਾਣੀ ਖਾਂ ਦਾ ਸਾਲਾ ਸੀ, ਉਸ ਆਖਿਆ, ''ਤੁਸੀਂ ਹੋ ਕੋਣ--ਮੈਨੂੰ ਕਹਿਣ ਵਾਲੇ?''

ਉਹ ਗਾਲ੍ਹਾ ਕੱਢਣ ਲੱਗ ਗਿਆ-ਉਨ੍ਹਾਂ ਸਿੱਖਾਂ ਨੂੰ। ਸਿੱਖ ਵੀ ਤੇਜ਼ ਹੋਏ। ਭਾਈ ਨਿਹਾਲ ਸਿੰਘ ਹੁਰੀਂ ਆ ਗਏ, ਆਖਣ ਲੱਗੇ, ''ਚੁੱਕੋ ਇੱਥੋਂ ਮੇਰੇ ਬੁੰਗੇ 'ਚੋਂ ਲੰਗਰ''।

ਉਹਨਾਂ ਆਖਿਆ, ''ਬੁੰਗਾਂ ਸਤਿਗੁਰੂ ਰਾਮ ਸਿੰਘ ਦਾ ਹੈ।''

''ਨਹੀਂ ਮੇਰਾ ਹੈ।'' ਉਹਨੇ ਜਦੋਂ ਦੋ ਵੇਰਾਂ ਕਿਹਾ, ਉਹਨਾਂ ਰਿੱਝਦੀ ਦਾਲ, ਗੁੱਝੇ ਹੋਏ ਆਟੇ, ਚੁੱਕ ਕੇ ਪਰਾਤਾਂ ਬਾਹਰ ਇੱਕ ਥੇਹ ਤੇ ਜਾ ਕੇ —ਆਵੇ ਤੇ, ਸੁਆਹ ਨਾਲ ਸਾਫ ਕਰਕੇ ਉੱਥੇ ਲੰਗਰ ਕੀਤਾ।

ਉਹ ਭਾਈ ਨਿਹਾਲ ਸਿੰਘ ਲੱਗਾ ਗਿਰਨ। ਗਿਰਦਾ-ਗਿਰਦਾ ਇੱਥੇ ਗਿਆ-ਜਦੋਂ ਸਤਵੰਜੇ ਸਾਲ 'ਚ ਗੁਰੂ ਹਰੀ ਸਿੰਘ ਜੀ ਉੱਥੇ ਗਏ, ਇੱਕ ਲੜਕਾ ਤੇ ਉਹਦਾ ਕਲਰਕ ਸੀ ਤੀਹ ਚਾਲੀ ਰੁਪਏ ਦਾ, ਜਿਹੜਾ ਛੋਟਾ ਉਹਦਾ ਪੁੱਤਰ ਸੀ ਉਹਦਾ ਵਿਆਹ ਆਇਆ ਸੀ। ਜਿਹੜੀ ਉਹਦੀ ਮਾਂ ਸੀ-ਜਾਂ ਉਹ ਕੱਤ ਕੇ, ਜਾਂ ਕਿਸੇ ਰਾਤ ਨੂੰ ਦਾਣੇ ਲਿਆਉਂਦੀ, ਆਟਾ ਪੀਂਹਦੀ-ਉਸ ਪੀਹਣੇ 'ਚ ਜੋ ਕੁਛ ਉਸ ਨੂੰ ਮਿਲਦਾ ਉਹਦੇ ਨਾਲ ਉਹ ਰੋਟੀ ਖਾਂਦੀ ਸੀ, ਔਰ ਮੇਰੇ ਗਲ ਦੇ ਲੀੜੇ ਲਾਹ ਕੇ ਉਸ ਦੇ ਵਿਆਹ ਵਾਸਤੇ ਉਹਨੂੰ ਓਦਣ ਦਿੱਤੇ ਗਏ ਸੀ। ਇੱਥੇ ਇਹ ਨਹੀਂ ਪਤਾ ਲਗਦਾ, ਇਹ ਕਿਹੋ ਜਿਹਾ ਹੈ, ਇਹਦੀ ਕੱਛ ਪਾਟੀ ਹੋਈ ਹੈ, ਇਹ ਦੇਖਣ ਵਿੱਚ ਨਹੀਂ ਕੁਛ।

ਸਤਿਗੁਰਾਂ ਦੀ ਸਿੱਖੀ ਦੀ ਬੜੀ ਬੇਅੰਤ ਕਥਾ ਹੈ। ਸੋ ਇਸ ਕਰਕੇ ਮੈਂ ਇਹ ਅਰਜ਼ ਕਰਨੀ ਸੀ ਬਈ, ਮਰਯਾਦਾ ਜਿੰਨੀ ਤੁਸੀਂ ਰੱਖ ਸਕਦੇ ਹੋ--ਸਤਿਗੁਰਾਂ ਨੇ ਕਿਹਾ—ਭਾਈ ਆਪਣੇ ਗੜਵਿਆਂ ਨਾਲ ਪਾਣੀ ਕੱਢੋ ਭਾਵੇਂ ਤੁਹਾਡੇ ਵਿੱਚੋਂ ਡੁੱਬ ਕੇ ਆਉਣ। ਤੁਹਾਡਾ ਫਰਜ਼ ਹੈ ਆਪਣਾ ਕਿ

ਇਤਨਾ ਕੁ ਤੁਸੀਂ ਆਪਣਾ ਬਣਾਈ ਰੱਖੋ ਤਾਂ ਬਚੇ ਰਹੋਗੇ ਨਹੀਂ ਤਾਂ ਫੇਰ ਜਾਣਦੇ ਹੋ, ਚੱਕੀ ਪੀਸਣ ਵਾਲੀ ਚੱਲ ਰਹੀ ਹੈ ਪਤਾ ਨਹੀਂ ਉਹ ਕਿਹੜਾ ਦਿਨ ਆ ਰਿਹਾ ਹੈ, ਜਿਦਣ ਪੀਸੇ ਜਾਣਾ ਹੈ। ਨਾਮ ਜਪਣ ਵਾਲੇ, ਬਾਣੀ ਪੜ੍ਹਨ ਵਾਲੇ ਬਚਣਗੇ।

ਹੁਣ ਮੈਂ ਇਹ ਅਰਜ਼ ਕਰਦਾ ਹਾਂ ਬਈ, ਦਾਹੜੀਆਂ ਸਾਡੀਆਂ ਬੱਝਣ ਲੱਗ ਪਈਆਂ, ਸਿੱਧੀ ਪੱਗ ਦੇ ਨਾਲ ਉਂਝ ਵੀ ਸੁਹਣੀ ਨਹੀਂ ਲੱਗਦੀ। ਸਿਰ ਤੂਤ ਦਾ ਤੇ ਲੱਤਾਂ ਧਰੇਕ ਦੀਆਂ—ਮਾਫ਼ ਕਰਨਾ ਸਾਡੇ ਨੌਜਵਾਨ ਮੁੰਡੇ ਬਹੁਤੇ ਬੰਨ੍ਹਦੇ ਹਨ। ਇਹ ਸਿੱਧੀ ਪੱਗ ਨਾਲ ਨਹੀਂ ਸੁਹਣੀ ਲਗਦੀ-ਦਾੜ੍ਹੀ ਬੱਧੀ ਹੋਈ। ਫੇਰ, ਇੱਕ ਇਹ ਵੀ ਗੱਲ ਹੈ—ਕੋਈ ਆਦਮੀ ਹੈ-ਉਹ ਕਹਿੰਦਾ ਹੈ, ''ਸਾਡੀ ਇਹ ਪਿਤਾ ਪੁਰਖੀ ਦੀ ਰੀਤ ਚਲੀ ਆਉਂਦੀ ਹੈ।'' ਬ੍ਰਾਹਮਣਾਂ ਦੇ ਲੜਕੇ-ਉਹ ਆਪਣੀ ਪਿਤਾ ਪੁਰਖੀ ਬਣਾਉਂਦੇ ਨੇ-ਤਿਲਕ ਲਾਉਂਦੇ ਨੇ ਮੱਥੇ 'ਚ, ਪੂਜਾ ਕਰਦੇ ਨੇ ਗਾਇਤਰੀ। ਹਿੰਦੂ ਆਪਣੀ ਕਰਦੇ ਨੇ, ਕਿ ਸਾਡੇ ਪਿਤਾ ਪੁਰਖੀ ਤੋਂ ਚਲਿਆ ਆਉਂਦਾ ਹੈ ਬਈ, ਮਰੇ ਹੋਏ ਨੂੰ ਸਾੜਨਾ ਹੈ, ਪਿੱਤਰ ਕਰਮ ਕਰਾਉਣਾ ਹੈ। ਸਰ੍ਹਾਧ ਕਰਨੇ ਨੇ। ਸਾਡੀ ਪਿਤਾ ਪੁਰਖੀ, ਅਸੀਂ ਦੇਖੀਏ, ਦੇਖੋ ਗੁਰੂ ਨਾਨਕ ਤੋਂ ਲੈ ਕੇ-ਕੂਕਿਆਂ ਦੀ ਗੱਲ ਹੀ ਛੱਡ ਦਿਉ ਨਿਰਿਆਂ ਦੀ-ਗੁਰੂ ਨਾਨਕ ਤੋਂ ਲੈ ਕੇ ਦੇਖੋ ਸਿੱਖਾਂ ਦੀਆਂ ਦਾੜ੍ਹੀਆਂ, ਬਾਬੇ ਬੁੱਢੇ ਦੀ ਦੇਖੋ, ਭਾਈ ਗੁਰਦਾਸ ਦੀ ਦੇਖੋ, ਪੰਜਾਂ ਪਿਆਰਿਆਂ ਦੀਆਂ ਦੇਖੋ।

ਇਤਿਹਾਸ ਪੜ੍ਹੋ, ਜਦੋਂ ਬਿਧੀ ਚੰਦ ਜੀ ਦੂਸਰਾ ਘੋੜਾ ਲੈਣ ਜਾਂਦੇ ਹਨ ਤਾਂ ਕਹਿੰਦੇ ਹਨ—ਦਾੜ੍ਹਾ ਭਾਈ ਸਾਹਿਬ ਦਾ ਬੜਾ ਭਾਰਾ ਸੀ—ਬਿਧੀ ਚੰਦ ਜੀ ਦਾ-ਉਹਨਾਂ ਆਖਿਆ, ''ਬਈ, ਮੈਂ ਹੋਰ ਤੇ ਕੁਛ ਬਣਾ ਲਵਾਂ, ਮੇਰੇ ਦਾੜ੍ਹੇ ਦੀ ਕਿਵੇਂ ਗੱਲ ਹੈ।'' ਇਤਿਹਾਸ 'ਚ ਲਿਖਿਆ ਹੈ ਕਿ ਉਨ੍ਹਾਂ ਆਖਿਆ, ''ਮੈਂ ਪੰਜ ਰੁਪਏ ਸਜ਼ਾ ਦੇਵਾਂਗਾ ਦਾੜ੍ਹੀ ਬੰਨਣ ਦੀ, ਕਿਉਂਕਿ ਮੈਂ ਹੁਣ ਇਹ ਕੰਮ ਕਰਨਾ ਹੈ, ਮੈਨੂੰ ਪਛਾਣ ਨਾ ਕੋਈ ਸਕੇ।''

*ਗੁਰੂ ਨਮਿਤ ਮੈਂ ਸਾਂਗੀ ਹੂਆ।*
*ਜਿਸ ਗੁਰ ਕੇ ਸਮ ਅਵਰ ਨ ਦੂਆ।।*

ਆਪਣੇ ਵਾਸਤੇ ਨਹੀਂ ਕੁਝ ਕੀਤਾ, ਫੇਰ ਵੀ ਉਹਦੀ ਤਨਖਾਹ ਮੰਨੀ--ਆਪਣੇ ਆਪ 'ਚ।

ਪੰਜਾਂ ਪਿਆਰਿਆਂ ਦੀ ਤਸਵੀਰ ਵੇਖ ਲਓ, ਦਸਾਂ ਗੁਰੂਆਂ ਦੀ ਦੇਖ ਲਓ, ਅਗਲਿਆਂ ਦੀ ਛੱਡ ਦਿਉ ਭਾਵੇਂ। ਫਿਰ ਆਪਾਂ ਜਿਨ੍ਹਾਂ ਦੇ ਹਾਂ-ਸਾਨੂੰ ਚਾਹੀਦਾ ਹੈ, ਕਿ ਉਹਨਾਂ ਵਰਗੇ ਹੀ ਕੁਝ ਨਾ ਕੁਝ ਉਹਨਾਂ ਦੀ ਚੀਜ਼ ਜਿਹੜੀ ਹੈ-ਪੱਗਾਂ ਦੇਖ ਲਓ ਗੁਰੂਆਂ ਦੀਆਂ, ਗੁਰੂ ਨਾਨਕ ਤੋਂ ਲੈ ਕੇ ਦੇਖ ਲਵੋ, ਜੇ ਟੋਪੀ ਰੱਖ ਲਈ ਤਾਂ ਕਿਸੇ ਨੇ ਰੱਖ ਲਈ, ਪਰ ਗੁਰੂ ਹਰਿਗੋਬਿੰਦ ਤੋਂ ਤਾਂ ਸੇਲੀ ਟੋਪੀ ਵੀ ਉੱਡ ਗਈ। ਛੇਵੀਂ ਪਾਤਿਸ਼ਾਹੀ ਤੋਂ ਲੈ ਕੇ ਤਾਂ ਫੇਰ ਨਹੀਂ ਟੋਪੀ ਕਿਸੇ ਗੁਰੂ ਨੇ ਪਹਿਨੀ, ਦਸਤਾਰ ਹੀ ਸਜਦੀ ਰਹੀ ਹੈ। ਕਿਵੇਂ ਬੰਨ੍ਹਦੇ ਸੀ ਉਹ ਪੱਗਾਂ? ਮੈਂ ਗਿਆ ਗੋਇੰਦਵਾਲ ਸਾਹਿਬ-ਗੁਰੂ ਅਮਰ ਦੇਵ, ਜਿਸ ਵੇਲੇ ਗੁਰੂ ਰਾਮਦਾਸ ਨੂੰ ਗੁਰਿਆਈ ਦੇ ਰਹੇ ਹਨ-ਉੱਥੇ ਗੁਰੂ ਸਾਹਿਬ ਨੇ ਥਾਲ ਫੜਿਆ ਹੋਇਆ ਹੈ, ਜਿਹਦੇ ਵਿੱਚ ਨਾਰੀਅਲ ਤੇ ਪੰਜ ਪੈਸੇ ਰੱਖੇ ਹੋਏ ਹਨ। ਬਾਬਾ ਬੁੱਢਾ ਜੀ ਤਿਲਕ ਦੇਣ ਲੱਗੇ ਹਨ, ਗੁਰੂ ਰਾਮ ਦਾਸ ਜੀ ਨੂੰ। ਉੱਥੇ ਮੈਂ ਜਿਸ ਵੇਲੇ ਜਾ ਕੇ ਦੇਖਿਆ, ਕਲੀਆਂ ਵਾਲੇ ਚੋਗੇ ਹਨ-ਅੰਗ ਰੱਖੇ, ਸਿੱਧੇ ਦਸਤਾਰੇ, ਸਿੱਧੇ ਦਾੜ੍ਹੇ।

ਉਹ ਤਸਵੀਰ, ਹੁਣ ਉਹਦੀ ਜਗ੍ਹਾ ਉਹਨਾ ਨੇ ਚਾਂਦੀ ਸੋਨੇ ਦੀ ਬਣਾ ਦਿੱਤੀ ਹੈ। ਮੈਂ ਦੋ ਕੁ ਸਾਲ ਹੋ ਗਏ, ਦਰਸ਼ਨ ਕਰ ਆਇਆ ਹਾਂ, ਜਿਹੜੀ ਅਸਲੀ ਤਸਵੀਰ ਹੈ ਉਹ ਹੁਣ ਨਹੀਂ ਰਹੀ ਲੇਕਿਨ ਦਸਤਾਰੇ ਸਿੱਧੇ ਉਸੇ ਤਰ੍ਹਾਂ ਹੀ ਹਨ। ਕੋਸ਼ਿਸ਼ ਕਰੋ, ਕਿਸੇ ਤੇ ਉਂਗਲ ਧਰਨ ਦੀ ਗੱਲ ਨਹੀਂ ਕਿ ਫਲਾਣੇ 'ਚ ਇਹ ਨੁਕਸ ਹੈ, ਆਪਣੇ ਅੰਦਰ ਹੀ ਬਥੇਰਾ ਕੁਝ ਹੈ। ਸੰਤ ਲਾਲ ਸਿੰਘ ਹੋਰੀਂ ਕਹਿੰਦੇ ਸੀ, ''ਬਿਗਾਨੇ ਕੋਲੋ ਗੁਣ-ਦੂਸਰੇ ਦਾ ਤਾਂ ਲਉ, ਜੇ ਅਉਗੁਣ ਦੇਖਣੇ ਨੇ, ਇਹ ਪਦਾਰਥ ਦਾ ਆਪਣੇ ਕੋਲ ਕੋਈ ਘਾਟਾ ਨਹੀਂ।'' ਕਿਸੇ ਤੇ ਉਂਗਲ ਕਰਨ ਦੀ ਕੋਈ ਗੱਲ ਨਹੀਂ, ਪਿਆਰ ਦੀ ਗੱਲ ਹੈ। ਸੱਚੇ ਪਾਤਸ਼ਾਹ ਲਿਖਦੇ ਹਨ।

**ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ।**

*- ਸਿਰੀ ਰਾਗ ਮ ੧, ਪੰਨਾ-੨੦*

ਪਿਆਰ ਨਾਲ ਕਹਿੰਦੇ ਹਨ :–

**ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ ਖੇਪ ਸਵਲੀ।।**
**ਮਨ ਪਿਆਰਿਆ ਜੀਉ ਮਿਤ੍ਰਾ ਹਰਿ ਦਰੁ ਨਿਹਚਲੁ ਮਲੀ।।**

*– ਸਿਰੀ ਰਾਗ ਮ: ੫, ਪੰਨਾ–੭੯*

ਇਸ ਤਰ੍ਹਾਂ ਕਰਕੇ ਸਾਹਿਬ ਕਹਿੰਦੇ ਹਨ। ਸੋ ਭਾਈ ਤੁਸੀਂ,

*ਮਿਠਾ ਬੋਲਹਿ ਨਿਉ ਚਲੈ ਹੱਥੋਂ ਵੀ ਕੁਛ ਦੇਹ,*
*ਰਬ ਤਿੰਨਾਂ ਦੀ ਬੁਕਲੀ ਜੰਗਲ ਕਿਆ ਢੂੰਡੇਹ'।*

ਮਿੱਠਾ ਬੋਲਣ ਦੀ ਜਾਚ ਸਿੱਖੋ; ਕਿਸੇ ਨੂੰ ਕਰੜਾ ਬਚਨ ਨਾ ਕਹੋ; ਧੋਖਾ ਨਾ ਕਰੋ। ਸਤਿਗੁਰਾਂ ਨੇ ਹੁਕਮਨਾਮੇ ਵਿੱਚ ਲਿਖਿਆ ਹੈ, **''ਕਰਜ਼ਾ ਲੈਣਾ, ਲੈ ਕੇ ਨਾ ਦੇਣਾ ਚੋਰੀ ਧਾੜੇ ਥੀਂ ਵੀ ਬਡਾ ਪਾਪ ਹੈ।''** ਕਿਉਂ– ਚੋਰ ਜਦੋਂ ਚੋਰੀ ਕਰਨ ਜਾਂਦਾ ਹੈ–ਜਾਨ ਹੀਲ ਕੇ ਜਾਂਦਾ ਹੈ। ਧਾੜਾ ਜਿਹੜਾ ਮਾਰਦਾ ਹੈ–ਅਗਲੇ ਮਾਰ ਦੇਣ, ਭਾਵੇਂ ਮਰ ਜਾਏ–ਇਹ ਵਿਸ਼ਵਾਸ਼ਘਾਤ ਹੈ। ਮੇਰੇ ਤੇ ਭਰੋਸਾ ਹੋਇਆ ਤੇ ਤਾਂ ਤੁਸੀਂ ਮੈਨੂੰ ਪੈਸੇ ਦਿੱਤੇ ਤੇ ਜੇ ਫਿਰ ਮੈਂ ਲੈ ਕੇ ਨਾ ਦੇਵਾਂ, ਇਹ ਚੋਰੀ ਧਾੜੇ ਥੀਂ ਵੀ ਬਡਾ ਪਾਪ ਹੈ। ਧਿਆਨ ਰੱਖੋ ਇਹਨਾਂ ਗੱਲਾਂ ਦਾ, ਸਤਿਗੁਰਾਂ ਦੇ ਹੁਕਮਾਂ ਦਾ। ਸਤਿਗੁਰਾਂ ਨੇ ਕਿਹਾ ਹੈ, **''ਕੱਛ, ਮਾਲਾ ਇੱਕ ਸੰਨ੍ਹ ਹੈ–ਸਿੱਖੀ, ਭਜਨ ਬਾਣੀ ਦੀ ਹੈ ਭਾਈ।''** ਜੇ ਰਖੋਗੇ, ਕਰੋਗੇ ਸੁੱਖ ਪਾਉਗੇ, ਜੇ ਨਾ ਕਰੋਗੇ, ਅਗਲੀ ਗੱਲ ਮੈਂ ਕਾਹਨੂੰ ਕ੍ਹਵਾਂ – ਜੋ ਉਹਦਾ ਨਤੀਜਾ ਹੁੰਦਾ ਹੈ, ਉਹੋ ਹੀ ਕੁਝ ਹੁੰਦਾ ਹੈ—ਧਿਆਨ ਦਿਉ ਸਤਿਗੁਰਾਂ ਦੇ ਹੁਕਮਾਂ ਵੱਲ।

ਸੱਚੇ ਪਾਤਸ਼ਾਹ, ਅੰਮ੍ਰਿਤਸਰ ਜੀ ਗਏ ਹੋਏ ਹਨ। ਸਾਧ ਸੰਗਤ ਦਰਸ਼ਨ ਵਾਸਤੇ ਰੰਗਾ–ਰੰਗ ਦੀ ਭੇਟਾ ਲੈ ਕੇ ਆ ਰਹੀ ਹੈ।

*ਲੋਕ ਉਪਾਇਣ ਰੰਗਾ ਰੰਗੇ। ਲਿਆਏ ਫਲ ਪਾਇਣ ਮੁਖ ਮੰਗੇ।*

ਲੋਕ ਲਿਆਉਂਦੇ ਹਨ ਰੰਗਾ–ਰੰਗ ਦੀਆਂ ਭੇਟਾ, ਫਲ ਪਾਉਂਦੇ ਹਨ– ਮੁੱਖ ਮੰਗੇ। ਫੇਰ, ਫਲ ਕਿਸ ਤਰ੍ਹਾ ਪਾਉਂਦੇ ਹਨ, ਜੋ ਮੰਗਦੇ ਹਨ, ਕਿਉਂ ਸਤਿਗੁਰਾਂ ਦੇ ਘਰ ਵਿੱਚ–ਜਿਸ ਤਰ੍ਹਾਂ ਪਰਸੋਂ ਅਤ੍ਰੇ ਜੀ ਨੇ ਦੱਸਿਆ ਸੀ, ਕਿ ਚਾਰ ਪਦਾਰਥ ਹਨ—ਧਰਮ, ਅਰਥ, ਕਾਮ ਅਤੇ ਮੋਖ। ਸਾਹਿਬਾਂ ਗੁਰਬਾਣੀ

ਵਿੱਚ ਲਿਖਿਆ ਹੈ :–

**ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀਂ ਬਾਰ।**

*– ਬਿਲਾਵਲ ਮ: ੫, ਪੰਨਾ ੮੧੬*

ਚਾਰ ਪਦਾਰਥ ਦੇਣ ਲੱਗਿਆ ਸਤਿਗੁਰੂ ਨੂੰ ਕੋਈ ਦੇਰ ਨਹੀਂ ਲਗਦੀ, ਦੇਰ ਤਾਂ ਉਸ ਆਦਮੀ ਨੂੰ ਲਗਦੀ ਹੈ ਜਿਹਦੇ ਕੋਲ–ਮੈਂ ਜਾ ਕੇ ਮੰਗਾਂ ਹਜ਼ਾਰ ਰੁਪਈਆਂ—ਉਹਦੇ ਘਰ ਨਾ ਹੋਵੇ ਪੂਰਾ ਦੋ ਤਿੰਨ ਸੋ ਹੋਵੇ, ਉਹ ਪੰਜ ਸੱਤ ਸੌ ਕਿਸੇ ਕੋਲੋਂ ਮੰਗ ਕੇ ਲਿਆਵੇ। ਪਰ ਜਿੱਥੇ ਅੱਗੇ ਗਿਣਤੀ ਨਹੀਂ ਕਿ ਕਿੰਨਾ ਕੁ ਪਿਆ ਹੈ, ਉੱਥੇ ਫਿਰ ਇਸ ਗੱਲ ਦਾ ਕਿਸ ਤਰ੍ਹਾਂ ਰੌਲਾ ਪਵੇ। ਸਤਿਗੁਰੂ ਦੇ ਘਰ ਚਾਰ ਪਦਾਰਥ ਹਨ–

**ਚਾਰਿ ਪਦਾਰਥ ਜੇ ਕੋ ਮਾਗੈ।**
**ਸਾਧ ਜਨਾ ਕੀ ਸੇਵਾ ਲਾਗੈ।।**

*– ਪੰਨਾ–੨੬੬*

ਜੇ ਕੋਈ ਸਾਧੂਆਂ ਦੀ ਸੇਵਾ ਕਰਦਾ ਹੈ, ਚਾਰੇ ਪਦਾਰਥ ਮਿਲਦੇ ਹਨ, ਕਦੇ ਘਾਟਾ ਨਹੀਂ ਆਉਂਦਾ। ਉਹ ਮੁਖ ਮੰਗੇ ਫਲ ਲੈਂਦੇ ਹਨ।

*ਬੰਦਨ ਕਰ ਕਰ ਸਰਭ ਸਰਾਹੀ।*

ਨਮਸ਼ਕਾਰ ਕਰਦੇ ਹਨ ਔਰ ਸਭ ਸਤਿਗੁਰਾਂ ਦੀ ਉਪਮਾ ਕਰਦੇ ਹਨ।

*ਸਾਚੈ ਕਲਾ ਵਾਨ ਸਭ ਪ੍ਰਾਹੀ।।੧੩।।*★

ਸਭ ਲੋਕ ਇਹ ਕਹਿੰਦੇ ਹਨ, ਕਿ ਸਤਿਗੁਰੂ ਸੱਚਾ ਪਾਤਿਸ਼ਾਹ ਹੈ, ਔਰ ਕਲਾ ਵਾਲਾ ਹੈ।

ਭਾਈ ਧਿਆਨ ਸਿੰਘ ਹੋਰਾਂ ਲਾਹੌਰ ਵਾਲਿਆਂ ਗੱਲ ਦੱਸੀ, ''ਲਾਹੌਰ ਗਏ, ਬਦਾਮੀ ਬਾਗ ਵਿੱਚ ਜਾ ਕੇ ਉਤਰੇ। ਮੈਂ ਛੋਟਾ ਜਿਹਾ ਸਾਂ ਤੇ ਮੇਰਾ ਪਿਤਾ, ਚਾਚੇ, ਤਾਏ ਰਲ ਕੇ ਕਹਿਣ ਲੱਗੇ—ਬਈ, ਇਉਂ ਕਰੀਏ, ਕਿ ਲੜਕੇ ਨੂੰ ਪਹਿਲਾਂ ਭੇਜੀਏ। ਇਹ ਲੜਕਾ ਜਾ ਕੇ ਭਜਨ ਪੁੱਛ ਆਵੇ, ਇਹਨੂੰ ਪੁੱਛ ਲਵਾਂਗੇ ਜੇ ਚੰਗੀ ਚੀਜ਼ ਹੋਈ ਤਾਂ ਲੈ ਲਵਾਂਗੇ ਨਹੀਂ ਤੇ ਨਹੀਂ।'' ਅੱਜ ਵਾਲੀ ਗੱਲ ਨਹੀਂ ਸੀ—ਜੋ ਭੇਦ ਹੋਵੇ ਕੂਕੇ ਦਾ–ਬਾਹਰ ਨਿਕਲ ਜਾਏ। ਜਿਹਨਾਂ ਨੂੰ ਸਤਿਗੁਰਾਂ ਹੁਕਮ ਦੇ ਦਿੱਤਾ, ਕਿ ਕਿਸੇ ਨੂੰ ਨਹੀਂ ਦੱਸਣਾ—ਉਹ ਦੱਸਦੇ ਕਿਸੇ ਨੂੰ ਨਹੀਂ ਸਨ।

ਅੰਗਰੇਜ਼ਾਂ ਨੂੰ ਉਹਨਾਂ ਦੀ ਰਿਪੋਰਟ ਹੈ, ਇੱਕ ਮੁਸਲਮਾਨ ਇਨਸਪੈਕਟਰ ਦੀ ਜਿਹੜਾ ਸਤਿਗੁਰਾਂ ਤੇ ਸੀ.ਆਈ.ਡੀ. (C.I.D.) ਵੱਲੋਂ ਲੱਗਾ ਹੋਇਆ ਸੀ, ਆਨੰਦਪੁਰ ਦੇ ਹੋਲੇ 'ਚ। ਉਹ ਕਹਿੰਦਾ, ''ਮੈਨੂੰ ਸਾਰੇ ਦਿਨ ਵਿੱਚ ਇੱਕ ਐਨੀ ਗੱਲ ਦਾ ਪਤਾ ਲੱਗਾ ਹੈ। ਮੈਂ ਜਿਹਨੂੰ ਵੀ ਪੁੱਛਿਆ ਹੈ ਉਸ ਨੇ ਕੋਈ ਆਪਣਾ ਪਿੰਡ, ਕੋਈ ਪਿਓ ਨਹੀਂ ਦੱਸਿਆ। ਇੱਕ ਆਦਮੀ ਨੇ ਮੈਨੂੰ ਸ਼ਾਮ ਨੂੰ ਇਹ ਦੱਸਿਆ ਹੈ, ਕਿ ਸਤਿਗੁਰੂ ਰਾਮ ਸਿੰਘ ਮੇਰਾ ਪਿਤਾ ਹੈ, ਤੇ ਪਿੰਡ ਮੇਰਾ ਭੈਣੀ ਸਾਹਿਬ ਹੈ।''

ਗੱਲ ਗੁਰੂ ਗੋਬਿੰਦ ਸਿੰਘ ਜੀ ਦੀ ਵੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਦਿੱਤਾ ਸੀ ਕਿ ਮਾਤਾ-ਸਾਹਿਬ ਦੇਵਾਂ, ਪਿਤਾ-ਗੁਰੂ ਗੋਬਿੰਦ ਸਿੰਘ, ਵਾਸੀ-ਆਨੰਦਪੁਰ, ਖਾਲਸੇ ਦੀ ਜਾਤ ਪਾਤ ਕੋਈ ਨਹੀਂ। ਫੇਰ, ਹੁਣ ਕੀ ਕਰੇ ਖਾਲਸਾ—ਸੰਤ ਮੰਗਲ ਸਿੰਘ ਹੋਰਾਂ ਦੇ ਸ਼ਬਦ ਹਨ—ਖਾਲਸਾ ਜਿੱਥੋਂ ਨਿਕਲਿਆਂ ਸੀ, ਉੱਥੇ ਹੀ ਵੜ ਗਿਆ। ਇਹਦਾ ਇਹ ਮਤਲਬ ਬੁਰੇ ਲਫਜ਼ਾਂ ਨਾਲ ਨਾ ਵਰਤੋ।

**ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ।**

*– ਮ. ੯, ਪੰਨਾ-੧੪੨੭*

ਕਿਸੇ ਨੇ ਖੱਤਰੀ ਪੁਣਾ ਛੱਡਿਆ, ਕਿਸੇ ਨੇ ਬ੍ਰਾਹਮਣ ਪੁਣਾ, ਕਿਸੇ ਨੇ ਜੱਟ ਪੁਣਾ, ਕਿਸੇ ਨੇ ਤਰਖਾਣ ਪੁਣਾ, ਕਿਸੇ ਨੇ ਅਰੋੜਾ ਪਣ ਛੱਡਿਆ। ਹੁਣ ਜਿਹੜੀਆਂ ਸਭਾਂ ਬਣਦੀਆਂ ਹਨ, ਹੁਣ ਮੁੜਕੇ ਲੋਕ ਇਉਂ ਬਣਾਉਂਦੇ ਨੇ—ਇਹ ਅਰੋੜਾ ਬੰਸ ਸਭਾ ਹੈ, ਇਹ ਆਹਲੂਵਾਲੀਆਂ ਦੀ ਸਭਾ ਹੈ, ਇਹ ਟਾਂਕ ਛਤਰੀਆਂ ਦੀ ਸਭਾ ਹੈ, ਇਹ ਰਾਜਿਆਂ ਦੀ ਸਭਾ ਹੈ, ਇਹ ਜੱਟਾਂ ਦੀ ਸਭਾ ਹੈ। ਰਾਮਗੜ੍ਹੀਆਂ 'ਚ ਇੱਕ ਚੀਜ਼ ਆ ਗਈ ਹੈ—ਉਹ ਹੁਣ ਧੀਮਾਣ ਬ੍ਰਾਹਮਣ ਬਣਨ ਲੱਗ ਪਏ ਹਨ। ਕੁਝ ਐਸੀਆਂ ਗੱਲਾਂ, ਐਸੇ ਲੋਕਾਂ ਦੇ ਵਿੱਚ ਆ ਪਈਆਂ ਹਨ ਜਿਹੜੇ ਸਿੱਖ ਸਨ, ਉਹ ਵੀ ਆਪਣੇ ਆਪ ਨੂੰ ਬ੍ਰਾਹਮਣ ਕਹਿਣ ਲਗ ਪਏ ਹਨ। ਕਿਉਂ-ਅੰਗਰੇਜ਼ ਦੀ ਇਹ ਚਾਲ ਸੀ, ਉਹ ਪਾਟਕ ਪਾਉਣਾ ਚਾਹੁੰਦਾ ਸੀ—ਸਾਡੇ ਸਾਰਿਆ 'ਚ, ਕੋਈ ਨਾ ਕੋਈ ਕੰਮ ਕਰ ਗਿਆ—ਅਸੀਂ ਮੁੜ-ਮੁੜ ਪਿਛਾਂਹ ਨੂੰ ਤੁਰਨ ਲੱਗ ਪਏ।

ਸਤਿਗੁਰਾਂ ਨੇ ਜਿਦਣ ਪਹਿਲੇ ਦਿਨ ਆਨੰਦ ਕੀਤੇ-੧੯੨੦ ਬਿਕਰਮੀ 'ਚ, ੩ ਜੂਨ ੧੮੬੩ ਈ. ਨੂੰ ਖੋਟਿਆ ਵਿੱਚ ਛੇ, ਓਦਨ ਜਾਤ ਪਾਤ ਤੋੜ ਕੇ ਕੀਤੇ ਹਨ। ਦਰਜ਼ੀਆਂ ਦੀ ਲੜਕੀ ਜੱਟਾਂ ਦੇ ਹੈ, ਜੱਟਾਂ ਦੀ ਅਰੋੜਿਆਂ ਦੇ ਹੈ, ਅਰੋੜਿਆਂ ਦੀ ਨਾਈਆਂ ਦੇ ਹੈ, ਨਾਈਆਂ ਦੀ ਝਿਊਰਾਂ ਦੇ ਹੈ-ਕੋਈ ਨਹੀਂ ਫਰਕ ਰਹਿਣ ਦਿੱਤਾ, ਕਿਉਂਕਿ ਗੁਰੂ ਗੋਬਿੰਦ ਸਿੰਘ ਨੇ ਜਿਨ੍ਹਾ ਨੂੰ ਅੰਮ੍ਰਿਤ ਛਕਾਇਆ-ਖੱਤਰੀ, ਜੱਟ, ਛੀਂਬਾ, ਨਾਈ, ਝਿਊਰ-ਪੰਜਾਂ ਨੂੰ ਇਕੱਠੇ ਕਰਕੇ ਅੰਮ੍ਰਿਤ ਛਕਾਇਆ। ਉਸ ਚੀਜ਼ ਨੂੰ ਸਤਿਗੁਰਾਂ ਨੇ ਪੂਰਣ ਕਰਕੇ ਦਿਖਾਇਆ। ਅਜੇ ਵੀ ਕਦੇ-ਕਦੇ, ਕੋਈ-ਕੋਈ ਸਿੱਖ ਇਸ ਚੀਜ਼ ਤੇ ਆ ਜਾਂਦੇ ਹਨ। ਹੁਣ ਬਹੁਤੇ ਨਹੀਂ ਰਹਿ ਗਏ। ਪਿਛਾਂਹ ਹਟ ਗਏ ਨੇ, ਆਪੋ-ਆਪਣੀਆਂ ਕੁਲਾਂ ਭਾਲਣ ਲੱਗ ਪਏ ਨੇ ਜਾ ਕੇ। ਪਿਉਂਦ ਵਾਲੇ ਦਰੱਖਤ ਨੂੰ ਲਗਦਾ ਹੈ ਮਾਲਟਾ, ਜੇ ਥੱਲੇ ਦੀਆਂ ਛੇਰਾਂ ਫੁੱਟ ਪੈਣ, ਭਾਵੇ ਖੱਟਾ ਹੋਵੇ, ਭਾਵੇਂ ਮਿੱਠਾ, ਭਾਵੇਂ ਨਿੰਬੂ ਹੋਵੇ—ਫਿਰ ਉਹ ਹੋ ਜਾਂਦਾ ਹੈ, ਉਹ ਨਹੀਂ ਨ, ਰਹਿੰਦਾ। ਗੁਰੂ ਗੋਬਿੰਦ ਸਿੰਘ ਨੇ ਤਾਂ ਸਿਰ ਕੱਟਕੇ ਪਿਉਂਦ ਲਾਇਆ ਸੀ, ਮੋਟਾ ਫਲ ਤੇ ਬੜਾ ਕੀਮਤੀ ਬਣਾਇਆ ਸੀ, ਫੇਰ ਥੱਲੇ ਦੀਆਂ ਸਾਡੀਆਂ ਸ਼ਾਖਾਂ ਫੁੱਟਦੀਆਂ ਹਨ, ਤੇ ਫੇਰ ਉਧਰ ਨੂੰ ਤੁਰਦੇ ਹਾਂ।

ਸਤਿਗੁਰਾਂ ਕੋਲ ਸਿੱਖ ਆਉਂਦੇ ਹਨ ਮੁਖ ਮੰਗੇ ਫਲ ਲੈਂਦੇ ਹਨ ਔਰ ਕਹਿੰਦੇ ਹਨ—ਇਹ ਸੱਚਾ ਸਤਿਗੁਰੂ ਹੈ।

*ਮੂਰਤਿ ਧਰਮ ਏਕ ਇਨ ਧਾਰੀ।*

ਧਰਮ ਦੀ ਮੂਰਤ ਸਤਿਗੁਰਾਂ ਨੇ ਧਾਰੀ ਹੋਈ ਹੈ, ਕਿਉਂਕਿ ਧਰਮ ਦੇ ਵਾਸਤੇ ਹੀ ਜਿਹੜਾ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ-

**ਧਰਮ ਚਲਾਵਨ ਸੰਤ ਉਬਾਰਨ।**

ਦੱਸੋ, ਸਤਿਗੁਰਾਂ ਨੂੰ ਕਿਹੜੀ ਚੀਜ਼ ਦਾ ਘਾਟਾ ਸੀ? ਗਊਆਂ ਪਿੱਛੇ, ਗਰੀਬਾਂ ਪਿੱਛੇ, ਜ਼ੁਲਮ ਨੂੰ ਦੇਖ ਕੇ ਅੰਗਰੇਜ਼ ਦੇ ਨਾਲ ਉਸ ਵੇਲੇ ਟੱਕਰ ਲਾਈ, ਜਦੋਂ ਕੋਈ ਇੱਕ ਵੀ ਸਾਥੀ ਨਾ ਬਣਿਆ।

## ਟਿੱਪਣੀਆਂ

*★ ਅੰਕ ੧੪ ਤੋਂ ੧੬ ਦੀ ਕਥਾ ਉਪਲੱਭਧ ਨਾ ਹੋਣ ਕਾਰਨ, ਇਹ ਹਿੱਸਾ ਸਤਿਗੁਰੂ ਬਿਲਾਸ ਪਾ: ੧੨ ਵਿਚੋ ਲੜ੍ਹੀ ਜੋੜਨ ਵਾਸਤੇ ਜਿਉਂ ਦਾ ਤਿਉਂ ਹੇਠਾਂ ਦਿੱਤਾ ਗਿਆ ਹੈ।*

*ਪਾਲਕ ਹਿੰਦ ਤੁਰਕਾਨਨ ਗਾਰੀ।*
*ਬਹੁ ਬਿਕਰਮ ਤੇ ਲੋਕ ਹਟਾਇ। ਸਾਚ ਨਾਮ ਸੁਭ ਕਰਮਨ ਲਾਇ।।੧੪।।*
*ਪੂਜਨ ਬੰਦਨ ਮਾਨਨ ਜੋਗ। ਆਪ ਬਿਖੈ ਮਿਲ ਯੌ ਕਹਿ ਲੋਗ।*
*ਕੀਰਤ ਭਜਨ ਬਗੀਚਾ ਖਿਲਾ। ਕਲੂ ਰੰਗ ਨਹਿ ਦੀਸੈ ਤਿਲਾ।।੧੫।।*
*ਮੈਂ ਬੰਦਨ ਕਰ ਬੈਠਿਓ ਪਾਸ। ਊਂਟ ਦਿਖੇ ਜੋ ਭਾ ਇਤਿਹਾਸ।*
*ਸੋ ਮੈਂ ਪਿੱਛੇ ਕਹਿਓ ਸੁਣਾਇ। ਆਗੇ ਸੁਣੋ ਪ੍ਰਸੰਗ ਜਿਸ ਭਾਇ।।੧੬।।*

## ਸ਼ਬਦਾਰਥ

੧. ਮਥੁਰਾ ਦੇ ਰਾਜੇ ਓੱਗਰਸੈਨ ਦਾ ਪੁੱਤਰ, ਕ੍ਰਿਸ਼ਨ ਜੀ ਦਾ ਮਾਮਾ।
੨. ਕੇਸਾਂ ਤੋਂ (ਫੜ ਕੇ ਸੁੱਟ ਲਿਆ)।
੩. ਜਿਸ ਦਾ ਮਨ ਦੁੱਖ ਨਾਲ ਵਿਆਕੁਲ ਨਾ ਹੋਵੇ, ਭਾਵ ਸਾਧੂ, ਰਿਖੀ, ਸੰਤ।
੪. ਕਦੀ
੫. ਗੈਰ ਸ਼ਰੱਈ ਮੁਸਲਮਾਨ ਫਕੀਰਾਂ ਦਾ ਇਕ ਫਿਰਕਾ ਜੋ ਪ੍ਰੇਮ ਨੂੰ ਹੀ ਖੁਦਾ ਦੇ ਮਿਲਣ ਦਾ ਸਾਧਨ ਸਮਝਦੇ ਹਨ।
੬. ਸ਼ਰੱਈ
੭. ਮਸਤਾਨੇ
੮. ਹੁੰਦਾ ਹੈ।
੯. ਬਹੁਤ ਰੰਗ
੧੦. ਵੱਖ-ਵੱਖ
੧੧. ਰੱਖਦਾ ਹੈ
੧੨. ਮੂਰਤ, ਪ੍ਰੀਤਮ
੧੩. ਚਲਾਕ, ਛਲੀਆ
੧੪. ਸਾਡਾ

ਬੈਂਕੋਕ ੧੮-੯-੧੯੫੧

# ਬੰਕੋਕ ੨੦-੯-੧੯੫੧

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਗ੍ਰਦੰਤੀ ਵਿੱਚ ਲਿਖਿਆ ਹੈ,

**ਨ ਛਾਡਉਂ ਕਹੂੰ ਦੁਸਟ ਅਸੁਰਨ ਨਿਸਾਨੀ।**
**ਚਲੈ ਸਭ ਜਗਤ ਮਹਿ ਧਰਮ ਕੀ ਕਹਾਨੀ।**
**ਛੱਤ੍ਰ ਧਾਰੀਅਨ ਕਉ ਕਰਹੁ ਬੇਗ ਨਾਸਾ।**
**ਅਪਨ ਦਾਸ ਕਾ ਦੇਖੀਅਹੁ ਤਬ ਤਮਾਸਾ।।**

ਹੁਣ ਦੇਖੋ ਛਤ੍ਰ ਧਾਰੀ ਰਾਜੇ ਸਭ ਉੱਡ ਗਏ ਹਨ।

**ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ।**
**ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ।**

ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ-ਪੂਰਬੀ ਪੰਜਾਬ ਵਿੱਚ ਮਿਟਿਆ ਹੈ; ਬਿਹਾਰ ਵਾਲਿਆਂ ਪਾਸ ਕਰ ਦਿੱਤਾ ਹੈ; ਸੀ.ਪੀ. ਵਾਲਿਆਂ ਕਰ ਦਿੱਤਾ ਹੈ-ਸੂਬਿਆਂ ਨੇ ਆਪੋ ਆਪਣੀ ਥਾਂਈ; ਦਿੱਲੀ ਦੀ ਮਿਉਂਸਿਪਲਟੀ ਨੇ ਵੀ (ਪਾਸ) ਕਰ ਦਿੱਤਾ ਹੈ ਜਿੱਥੇ ਅੱਗੇ ਕਤਲ ਹੁੰਦੀ ਸੀ, ਕਿ ਇੱਥੇ ਨਹੀਂ ਗਊ ਮਰੇਗੀ। **ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊ**—ਸਾਰੀ ਧਰਤੀ ਉਤੋਂ ਗਊ ਦਾ ਦੋਖ ਮਿਟਾਉਣਾ ਹੈ। ਗੁਰਿੰਡ ਨਾਮੇ ਵਿੱਚ—ਉਸਨੂੰ ਅਗਰ ਦੇਖਿਆ ਜਾਵੇ, ਪੜ੍ਹਿਆ ਜਾਵੇ ਪਤਾ ਲਗਦਾ ਹੈ-ਕੁਛ—ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਹਨ :-

*ਜਾਮੇ ਧਾਰੇ ਦਸ ਗੁਰੂ ਨਵ ਸਤਿ ਕਲਾ ਸੁਧਾਰ।*

ਦਸ ਜਾਮੇ ਸੋਲ੍ਹਾ ਕਲਾਂ ਸੰਪੂਰਨ ਧਾਰੇ।

*ਗੁਪਤ ਗਿਆਰਵਾਂ ਖੇਲਸੀ ਕੋ ਇਕ ਪਾਵੈ ਪਾਰ।।*

*– ਗੁਰਿੰਡ ਨਾਮਾ, ਪ:੧੦*

ਫੇਰ ਕਹਿੰਦੇ ਹਨ :–

*ਦੁਆਦਸ ਪੁਰਖ ਹੈ ਆਦਿ ਸੇ ਸਭ ਹਨ ਕੇ ਸਿਰਮੌਰ।*
*ਸ਼ਕਤ ਅਨੰਤੀ ਆਇ ਹੈਂ ਆਦਿ ਇਹੈ ਨਹੀਂ ਔਰ।।*

ਗੁਰਬਾਣੀ ਵਿੱਚ ਲਿਖਿਆ ਹੈ :–

**ਸੋਲਹ ਕਲਾ[੧] ਸੰਮਪੂਰਨ ਫਲਿਆ**
**ਅਨਤ[੨] ਕਲਾ ਹੋਇ ਠਾਕੁਰੁ ਚੜਿਆ[੩]।।**

*– ਪੰਨਾ–੧੦੮੧*

ਅਨੰਤ ਕਲਾ–ਸੋਲ੍ਹਾ ਤਕ ਅਵਤਾਰਾਂ ਦੀ ਗਿਣਤੀ ਕੀਤੀ, ਸਾਹਿਬ ਕਹਿੰਦੇ ਹਨ, ''ਮੇਰਾ ਅਵਤਾਰ ਬਾਹਰਵਾਂ ਜਿਹੜਾ ਹੋਵੇਗਾ, ਉਹ ਅਨੰਤ ਕਲਾਂ ਵਾਲਾ ਹੋਵੇਗਾ।'' ਫੇਰ, ਪੜ੍ਹੋ–ਉੱਥੇ ਲਿਖਿਆ ਹੈ–

*ਸ਼ਾਸਤ੍ਰ ਬੇਦ, ਪੁਰਾਨ ਨਿਰਖਾਵੈ।*

ਛੇ ਸ਼ਾਸਤਰ, ਚਾਰ ਵੇਦ–ਦਸ ਪੁਰਾਣ ਅਠਾਰਾਂ–ਅਠਾਈ ਬਣ ਗਿਆ।

*ਸ਼ਾਸਤਰ ਬੇਦ ਪੁਰਾਨ ਨਿਰ ਖਾਵੈ।*
*ਨਾਗ ਵਸੁ ਤਬ ਕਰਣ ਮਿਲਾਵੈ।*

ਨਾਗਾਂ ਦੀਆਂ ਕੁਲਾਂ ਨੌ, ਵਾਸੂ–ਅਠ; ਨੌ ਤੇ ਅੱਠ ਸਤਾਰਾਂ ਤੇ ਕਰਨ ਦੋ–ਕੰਨ, ਉੱਨੀ ਸੌ ਅਠਾਈ ਸੰਮਤ ਵਿੱਚ–*ਅਨਕ ਦੇਸ ਬਿਪਰੈਚ ਸਿਧਾਵੈਂ,* –ਅਨੇਕਾਂ ਦੇਸ਼ਾਂ ਵਿੱਚ ਸਤਿਗੁਰੂ ਜਾਣਗੇ। ਫੇਰ–

*ਸਗਲ ਦੀਪ ਭਵਨ ਮੇਂ ਜਾਹੀ।*
*ਹੋਇ ਕਿਰਪਾਲ ਸਬ ਦਰਸ ਦਿਖਾਹੀ।*

ਹੁਣ ਉਹ ਵਕਤ ਅਗਲਾ, ਗੁਰੂ ਗੋਬਿੰਦ ਸਿੰਘ ਸਾਹਿਬ ਲਿਖਦੇ ਹਨ,

*ਪਰਗਟ ਹੋਇ ਰਾਮ ਸਿੰਘ ਦੂਲੋ।*
*ਪੁਟ ਹੈ ਸਭ ਰਾਜਨ ਕੋ ਮੂਲੋਂ।*

*– ਸੋ ਸਾਖੀ*

ਕਿਉਂ ਰਾਜਿਆਂ ਦਾ ਮੂਲ ਪੱਟਿਆ ਗਿਆ, ਰਾਜਿਆਂ ਨੇ-ਜਿਸ ਵੇਲੇ ਸੱਚੇ ਪਾਤਸ਼ਾਹ ਨੂੰ ਪਰਦੇਸ ਲੈ ਗਏ ਹਨ-ਸਾਰਿਆਂ ਨੇ ਦਸਖਤ ਕੀਤੇ, ਕਿ ਇਸ ਮੁਲਕ ਵਿੱਚ ਨਾ ਰਹੇ, ਫਤੂਰ ਪਾਊ-ਅੰਗਰੇਜ਼ਾਂ ਦੇ ਆਖੇ ਲੱਗ ਕੇ। ਫੇਰ ਕਹਿੰਦੇ ਹਨ, ਗੁਰੂ ਗੋਬਿੰਦ ਸਿੰਘ ਜੀ-

*ਮੂਏ ਸਬੀ ਸਰਦਾਰੀ ਦਾਰ।*
*ਜੋ ਜੋ ਹਮ ਸੋ ਬਾਂਧੇ ਰਾਰ।*

*- ਸੌ ਸਾਖੀ*

ਹੁਣ ਸਰਦਾਰੀਆਂ ਵੀ ਉੱਡਣ ਲੱਗੀਆਂ ਹੋਈਆ ਹਨ। ਜਿਹੜੇ ਸੌ-ਸੌ ਮੁਰੱਬਿਆਂ, ਅੱਸੀ-ਅੱਸੀ ਮੁਰੱਬਿਆਂ ਵਾਲੇ ਮਾਲਕ ਸਨ, ਉਹਨਾਂ ਦੀ ਜ਼ਮੀਨ ਖੋਹ ਕੇ, ਹੁਣ ਉਸ ਤੋਂ ਅੱਗੇ ਇਹ ਕਰ ਦਿੱਤਾ ਹੈ ਕਿ ਦੋ ਸੌ ਏਕੜ, ਦੋ ਚਾਰ ਸਾਲ ਵਿੱਚ ਸੌ ਵੀ ਰਹੇ-ਤਾਂ ਨਾ-ਨ ਰਿਹਾ ਕੋਈ। ਸਾਹਿਬਾਂ ਨੇ, ਸਤਿਗੁਰਾਂ ਨੇ ਆਪਣੇ ਹੁਕਮ ਨਾਮੇ ਵਿੱਚ ਰੰਗੂਨੋਂ ਲਿਖਿਆ ਹੈ, ''ਭਾਈ ਮੈਂ ਸਮਝਦਾ ਸੀ-ਮੈਂ ਦੇਖਿਆ ਬਈ, ਇਹ ਸਿੱਖ, ਸਾਧ, ਰਾਜੇ ਸਾਡੇ ਨਾਲ ਵੈਰ ਕਿਉਂ ਰੱਖਦੇ ਹਨ''-ਕਹਿੰਦੇ, ''ਗੁਰੂ ਜੀ ਦਾ ਹੁਕਮ ਹੀ ਐਸਾ ਥਾ।'' ਗੁਰੂ ਸਾਹਿਬ ਨੇਂ ਲਿਖਿਆ ਹੈ :-

*ਗਿਆਨੀ ਧਿਆਨੀ ਗੁਣੀ ਧਨਾਢ।*
*ਨਾਮ ਜਪਤ ਘਰ ਘਰ ਮੈਂ ਆਢਿ।*

*- ਸੌ ਸਾਖੀ*

ਗਿਆਨੀ ਵੀ, ਗੁਣੀ ਵੀ, ਧਨਾਢ-ਰਾਜਿਆਂ ਨੂੰ ਲਿਖਿਆ ਹੈ, ਨਾਮ ਜਪਣ ਵਾਲਿਆਂ ਕੇ ਸਾਥ-ਘਰ ਘਰ ਆਢਾ ਕਰਨਗੇ-ਕੀਤਾ।

ਸਾਹਮਣੇ ਮਹਾਰਾਜਾ ਨੌ ਨਿਹਾਲ ਸਿੰਘ ਦੀ ਕਚਹਿਰੀ ਦੇ-ਸਤਿਗੁਰੂ ਜਿਸ ਵੇਲੇ ਫ਼ੌਜ ਵਿੱਚ ਥੇ-ਪੰਜ ਧੂਣੀਆਂ ਲਾਈਆਂ, ਲੱਗੀਆਂ ਮਘਣ। (ਸਤਿਗੁਰੂ ਰਾਮ ਸਿੰਘ ਜੀ) ਵਿਚਲੀ ਧੂਣੀ ਉੱਤੇ ਬਹਿ ਗਏ-ਅੱਗ ਲੱਗ ਗਈ। ਬਾਬੇ ਕਾਹਨ ਸਿੰਘ ਹੁਰੀਂ ਜਿਹੜੇ ਸੂਬੇਦਾਰ ਸਨ-ਜਿਹਨਾਂ ਤੇ ਕਿਰਪਾ ਕੀਤੀ ਸੀ, ਜਿਹਨਾਂ ਨੂੰ ਨਿਗਾਹ ਬਖਸ਼ੀ ਸੀ ....... ਪੰਜਾਂ ਹੀ ਧੂਣੀਆਂ ਦੀ ਇੱਕੋ ਹੀ ਅੱਗ ਹੋ ਗਈ, ਆਪ ਵਿੱਚ ਬੈਠੇ ਰਹੇ। ਲੋਕਾਂ ਆਖਿਆ, ''ਹੁਣ

ਤੇ ਇਹ ਸਿੱਖ, ਸੜਕੇ ਮਰ ਗਿਆ ਹੋਵੇਗਾ।'' ਬੁੱਝ ਗਈਆਂ ਧੂਣੀਆਂ –ਉਹਨੂੰ ਕੌਣ ਸਾੜ ਸਕਦਾ ਹੈ–ਜਿਹਦਾ ਨਾਮ ਲਿਆਂ ਨਹੀਂ ਸੜ ਸਕਦਾ, ਜਿਹਦਾ ਨਾਮ ਲੈਣ ਤੋਂ ਪ੍ਰਹਿਲਾਦ ਨਹੀਂ ਜਲਿਆ, ਉਸ ਰਾਮ ਦਾ ਨਾਮ ਲੈਣ ਤੋਂ ਪ੍ਰਹਿਲਾਦ ਵੀ–ਜਲਹਿ ਨ ਡੁਬਹਿ ਗੁਰ ਪ੍ਰਸਾਦਿ।

## ਮਾਈ ਸਾਹਿਬੋ ਪਧਰੀ ਵਾਲੀ

ਫੇਰ, ਸਾਹਿਬਾਂ ਨੇ ਗੰਗਾ ਦੇ ਕੰਢੇ ਉੱਤੇ ਮਾਈ ਸਾਹਿਬੋ ਪਧਰੀ ਵਾਲੀ ਨੂੰ, ਉਹਦੇ ਪੁੱਤਰ ਲਾਲ ਸਿੰਘ ਸਣੇ–ਮੈਨੂੰ ਸੁਭਾਗ ਪ੍ਰਾਪਤ ਹੋਇਐ, ਉਸ ਮਾਤਾ ਦਾ ਦਰਸ਼ਨ ਕੀਤਾ ਹੈ, ਇੱਕ ਸੌ ਯਾਰਾਂ ਸਾਲ ਦੀ ਹੋ ਕੇ ਮਾਈ ਦਾ ਸਰੀਰ ਚੱਲਿਆ ਹੈ, ਉਹ ਲਾਲ ਸਿੰਘ ਜਿਹੜਾ ਉਹਦਾ ਪੁੱਤਰ ਸੀ, ਉਹਨੂੰ ਵੀ ਮੈਂ ਚੰਗੀ ਤਰ੍ਹਾਂ ਦੇਖਦਾ ਰਿਹਾਂ–ਬਹਾ ਦਿੱਤਾ ਗੋਦੀ ਵਿੱਚ। ਮਾਈ ਜ਼ਰਾ ਨਿਰਮਲੇ ਸੰਤਾਂ ਨੂੰ ਮਿਲ ਕੇ ਕਹਿੰਦੀ ਸੀ–ਇਹ ਅਮਰ ਹੈ–ਆਤਮਾ, ਪਰ ਕਹਿੰਦੀ ਹੀ ਸੀ।

ਸਤਿਗੁਰ ਕਹਿੰਦੇ ਸੀ, ''ਤੇਰੀ ਕਥਨੀ ਹੈ, ਅਜੇ ਤੇਰੀ ਕਰਨੀ ਨਹੀਂ ਹੋਈ।''

ਗੰਗਾ ਦੇ ਕੰਢੇ ਉੱਤੇ ਬਣਾ ਕੇ ਚਿਖਾ, ਉੱਤੇ ਬਹਾ ਦਿੱਤੀ ਮਾਈ, ਲਾ ਦਿੱਤੀ ਅੱਗ। ਲੱਗੀ ਮੱਚਣ ਤਾਂ, ਮਾਈ ਦੇ ਚਿਤ ਵਿਚ ਖਿਆਲ ਆਇਆ, ''ਮੈਂ ਪੁੱਤਰ ਨੂੰ ਤੇ ਬਾਹਰ ਸੁੱਟ ਦਿਆਂ'', ਗੋਦੀ ਵਿੱਚ ਪੁੱਤਰ ਸੀ—ਬਾਹਰ ਖਲੋਤੇ ਆਂਹਦੇ ਹਨ, ''ਸੁੱਟ ਖਾਂ ਪੁੱਤਰ ਨੂੰ ਬਾਹਰ ਜੇ ਨੇਜੇ ਨਾਲ ਇਹਦਾ ਢਿੱਡ ਨਾ ਪਾੜ ਦਿੱਤਾ''। ਫੇਰ ਉਸ ਮਾਈ ਨੇ, ਉਹ ਅੱਗ ਮੱਚੀ, ਜਲੀ–ਮੈਂ ਮਾਈ ਦਾ, ਦਰਸ਼ਨ ਕੀਤਾ ਹੈ ਬਾਰ ਵਿੱਚ ਗੋਜਰੇ ਦੇ ਪਾਸ ਪਧਰੀ ਦਾ ਚੱਕ ਸੀ–ਚੈਲ ਪਧਰੀ। ਮਾਈ ਨੇ ਮੈਨੂੰ ਕਪੜਾ ਦਿੱਤਾ ਖੱਦਰ ਦਾ। ਮੈਂ ਉਦੋਂ ਖੱਦਰ ਨਹੀਂ ਸਾਂ ਪਾਉਂਦਾ ਹੁੰਦਾ, ਪਹਿਲਾ ਹੀ ਉਹ ਵਕਤ ਸੀ–ਮੈਂ ਉਹਦੇ ਕਛਹਿਰੇ ਸਵਾਏ। ਉਸ ਨੇ ਦੱਸਿਆ, ''ਮੈਂ ਕਪਾਹ ਚੁਗਣ ਵੇਲੇ ਵੀ ਭਜਨ ਕਰਦੀ ਰਹੀ ਹਾਂ, ਬਾਣੀ ਪੜ੍ਹਦੀ ਰਹੀ ਹਾਂ–ਤੂੰ ਆਪ ਪਾਈਂ– ਮੈਂ ਵੇਲਣ ਵੇਲੇ ਵੀ, ਤੁੰਬਣ–ਕੱਤਣ ਵੇਲੇ ਵੀ, ਪਿੰਜਵਾਉਣ ਵੇਲੇ ਵੀ, ਲੀੜਾ

ਬਣਾਉਣ ਵੇਲੇ ਵੀ, ਮੈਂ ਭਜਨ ਕਰਦੀ ਰਹੀ ਹਾਂ, ਬਾਣੀ ਪੜ੍ਹਦੀ ਰਹੀ ਹਾਂ।'' ਮੈਂ ਉਹਦੇ ਕਛਹਿਰੇ ਸਵਾਏ। ਮੈਂ ਤੁਹਾਨੂੰ ਕੀ ਦੱਸਾਂ-ਸ਼ਾਇਦ ਅਜੇ ਕਿਤੇ ਪਏ ਹੋਣ ਪੁਰਾਣੇ ਹੋਏ-ਹੋਏ। ਮੈਂ ਦੋ ਅਸਟਪਦੀਆਂ ਸੁਖਮਨੀ ਸਾਹਿਬ ਦੀਆਂ-ਸ਼ਾਇਦ ਦੋ ਘੰਟੇ ਨਹੀਂ ਲਗਦੇ ਹੋਣੇ, ਓਦੂੰ ਜਲਦੀ ਮੁੜ ਆਉਂਦਾ ਸਾਂ, ਇੱਕ ਮੀਲ ਜਾਂਦਾ ਸਾਂ, ਇੱਕ ਮੀਲ ਆਉਂਦਾ ਸਾਂ ਵਾਪਿਸ, ਕੁਝ ਚਿਰ ਉੱਥੇ ਬੈਠੇ, ਨਾਲ ਦੇ ਸਾਥੀ ਘਾਹ ਕੱਟਦੇ ਸੀ ਨਹਿਰ ਉੱਤੇ-ਦੋ ਅਸਟਪਦੀਆਂ ਮੈਂ ਰੋਜ਼ ਕੰਠ ਕਰ ਲੈਂਦਾ ਸਾਂ।

ਕਹਿਣ ਲਗੀ, ''ਮੇਰੇ ਉੱਤੇ-ਐਸ ਤਰ੍ਹਾਂ-ਕੰਬਲੀ ਲਈ ਹੋਈ ਸੀ, ਜਿਸ ਵੇਲੇ ਅੱਗ ਮੱਚੀ-ਉਤੋਂ ਦੀ ਅੱਗ ਲੱਗੀ ਡਿੱਗਣ-ਮੈਂ ਚਿਤ ਵਿੱਚ ਸੋਚਿਆ, ਮੈਂ ਇਉਂ ਕਰਕੇ ਕੰਬਲੀ ਹਲਾਈ। ਜਿਸ ਵੇਲੇ ਮੈਂ ਇਉਂ ਕੰਬਲੀ ਹਿਲਾਈ ਤੇ ਕੋਲੇ ਉਤੋਂ ਡਿੱਗ ਪਏ, ਕੰਬਲ ਦੇ ਵਾਲ ਬਾਹਰਲੇ ਨਾ ਸੜੇ, ਫੇਰ ਮੇਰੇ ਇਹ ਚਿਤ ਨੂੰ ਨਿਸਚਾ ਹੋ ਗਿਆ, ਮੈਂ ਹੁਣ ਨਹੀਂ ਸੜਦੀ।''

ਪਉਣ, ਪਾਣੀ, ਅਗਨੀ-ਜਿਸ ਦੇ ਹੁਕਮ ਵਿੱਚ ਹੈ, ਉਸ ਨੂੰ ਕੋਈ ਕੀ ਕਹਿ ਸਕਦਾ ਹੈ। ਅੰਗਰੇਜ਼ਾਂ ਨੇ ਰੰਗੂਨੋਂ ਮਰਗੋਈ ਲਿਜਾਣ ਵੇਲੇ ਸਲਾਹ ਕੀਤੀ ਕਿ ਜਹਾਜ਼ ਸਣੇ ਡੋਬ ਕੇ ਮਾਰ ਦੇਈਏ। ਰਸਤੇ ਵਿੱਚ ਜਾ ਕੇ-ਥੋੜੇ ਜਿਹੇ ਸਰੀਰ ਸਨ ਨਾਲ ਉਸ ਜਹਾਜ਼ ਵਿੱਚ-ਲੱਗਾ ਜਿਸ ਵੇਲੇ ਜਹਾਜ਼ ਡੁੱਬਣ, ਲੋਕਾਂ ਆਖਿਆ, ''ਮਹਾਰਾਜ ਕਰੋ ਕ੍ਰਿਪਾ।''

ਕਹਿੰਦੇ, ''ਬਈ ਨਾਨੂੰ ਸਿਹਾਂ, ਪੈਸਾ ਤਾਂ ਕੋਲ ਕੋਈ ਨਹੀਂ'' ਗੜਵਾ ਸਮੁੰਦਰ ਵਿੱਚ ਸੁੱਟ ਦਿੱਤਾ, ਜਹਾਜ਼ ਨਹੀਂ ਡੁਬਿਆ। ਮਰਗੋਈ ਬ੍ਰਾਹਮਣ ਦਾ ਰੂਪ ਧਾਰਿਆ ਹੋਇਆ, ਜਾਲੀ ਦੇ ਵਿੱਚ ਗੜਵਾ ਪਿੱਛੇ ਪਾਇਆ ਹੋਇਆ-ਸਮੁੰਦਰ, ਜਾ ਕੇ ਸਤਿਗੁਰਾਂ ਨੂੰ ਗੜਵਾ ਦੇ ਕੇ ਆਉਂਦਾ ਹੈ-ਪਉਣ ਪਾਣੀ ਉਸ ਦੇ ਹੁਕਮ ਵਿੱਚ ਹਨ।

ਸਤਿਗੁਰ ਹੁਣ ਇਸ ਵੇਲੇ ਕਹਿ ਰਹੇ ਹਨ-ਤਹਿਸੀਲਦਾਰ ਨੂੰ, ''ਸਾਨੂੰ ਹੁਕਮ ਹੈ ਅਕਾਲ ਪੁਰਖ ਦਾ''-ਹੈ ਤਾਂ ਉਹ ਆਪ ਹੀ, ਥੋੜਾ ਜਿਹਾ ਭੇਦ ਬਣਾ ਲੈਂਦਾ ਹੈ, ਉਹਲਾ ਕਰਕੇ, ਸਾਂਗ ਬਣਾ ਕੇ। ਜਿਸ ਤਰ੍ਹਾਂ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ - ਲਹਿਣਾ ਜਿਸ ਵੇਲੇ ਮਿਲਣ ਜਾਂਦਾ ਹੈ,

ਕਹਿੰਦਾ ਹੈ, ''ਜੀ ਗੁਰੂ ਸਾਹਿਬ ਕਿੱਥੇ ਹਨ?'',

''ਬਈ, ਉਧਰਲੇ ਪਾਸੇ ਦੀ ਆ, ਦੂਜੇ ਦਰਵਾਜੇ ਅੰਦਰ ਬੈਠੇ ਹਨ––ਧਰਮਸਾਲਾ ਦੇ।''

ਮਹਾਰਾਜ ਏਧਰੋਂ ਦੀ ਜਾ ਕੇ ਬੈਠ ਗਏ, ਲਹਿਣਾ ਉੱਧਰੋਂ ਦੀ ਜਾ ਕੇ ਦੇਖਦੈ, ਉਹੋ ਹੀ ਹਨ।

**ਨਿਰਗੁਨੁ ਆਪਿ ਸਰਗੁਨੁ ਭੀ ਓਹੀ।।**
**ਕਲਾ ਧਾਰਿ ਜਿਨਿ ਸਗਲੀ ਮੋਹੀ।**

*– ਪੰਨਾ ੨੮੭*

## ਜੀਵਨ ਮੁਕਤ

ਇਹ ਉਸ ਦੀ ਖੇਡ ਹੈ। ਉਹਦੇ ਜਿਹੜੇ ਸੇਵਕ ਹਨ, ਜਿਹੜੇ ਉਹਦੇ ਲੜ ਲੱਗ ਜਾਂਦੇ ਹਨ, ਉਹਦਾ ਰੂਪ ਬਣ ਜਾਂਦੇ ਹਨ। ਉਸ ਦਿਨ ਅਤ੍ਰੇ ਜੀ ਨੇ ਇਹ ਗੱਲ ਦੱਸੀ ਸੀ ਕਿ-ਮੋਕਸ਼, ਪਰ ਗੁਰੂ ਦੇ ਘਰ ਵਿੱਚ ਗੁਰਬਾਣੀ ਪੜ੍ਹਕੇ ਜਦੋਂ ਅਸੀਂ ਦੇਖਦੇ ਹਾਂ ਤਾਂ ਮੁਕਤੀ ਤੋਂ ਉੱਤੇ ਇੱਕ ਜਗ੍ਹਾ ਹੋਰ ਹੈ।

**ਬੇਣੀ ਕਹੈ ਸੁਨਹੁ ਰੇ ਭਗਤਹੁ ਮਰ ਨ ਮੁਕਤਿ ਕਿਨਿ ਪਾਈ।**

*– ਪੰਨਾ-੯੩*

ਨਾਮਦੇਉ ਕਹਿੰਦਾ ਹੈ,

**ਮੂਏ ਹੂਏ ਜਉ ਮੁਕਤਿ ਦੇਹੁਗੇ,**
(ਤੇਰੀ) **ਮੁਕਤਿ ਨ ਜਾਨੈ ਕੋਇਲਾ**[੪]**।**

*– ਪੰਨਾ-੧੨੯੨*

ਕਬੀਰ ਕਹਿੰਦੇ ਹਨ :–

**ਜਉ ਤਨੁ ਕਾਸੀ ਤਜਹਿ ਕਬੀਰਾ ਰਮਈਐ ਕਹਾ ਨਿਹੋਰਾ।**

*– ਪੰਨਾ-੬੯੨*

ਇੱਕ-ਇੱਕ ਦੀ ਗੱਲ ਨਹੀਂ, ਹਨੂਮਾਨ ਜੀ ਨੂੰ, ਕਹਿੰਦੇ ਹਨ ਰਾਮ ਚੰਦਰ ਜੀ, ''ਮੰਗ ਹਨੂਮਾਨ''।

ਕੀ ਮੰਗਦਾ ਹੈ—ਕਹਿੰਦਾ, ''ਇੱਕੋ ਚੀਜ਼ ਮੰਗਦਾ ਹਾਂ।''

**ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ।।**

*– ਆਸਾ ਮ: ੧, ਪੰਨਾ–੩੬੦*

ਸਤਿਗੁਰਾਂ ਨੇ ਗੁਰਬਾਣੀ ਵਿੱਚ ਜੀਵਨ ਮੁਕਤ ਸ਼ਬਦ ਦੱਸਿਆ ਹੈ :–

**ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ,**

*– ਸੂਹੀ ਮ: ੩, ਪੰਨਾ–੭੭੧*

ਜਿਊਂਦੇ ਹੀ ਮੁਕਤ, ਮਰ ਕੇ ਮੁਕਤ ਨਹੀਂ। ਕੀ ਤਾਕਤ ਹੈ, ਉਹਨਾਂ ਵਿੱਚ, ਕਿਆ ਚੀਜ਼ ਹੈ ? ਜਿਸ ਤਰ੍ਹਾਂ ਅਕਾਲ ਪੁਰਖ ਆਪਣਾ ਰੂਪ ਧਾਰਦਾ ਹੈ-ਸਰਗੁਣ, ਜਿਸਤਰ੍ਹਾਂ ਕਾਗ ਭਸੁੰਡ ਨੇ ਕਿਹਾ, ਕਿ ਜਦੋਂ ਅੱਗ ਦੀ ਪਰਲੋ ਹੋ ਆਉਂਦੀ ਹੈ-ਮੈਂ ਅੱਗ ਦਾ ਰੂਪ ਹੋ ਜਾਨਾਂ; ਪਾਣੀ ਦੀ ਆਉਂਦੀ ਹੈ-ਮੈਂ ਪਾਣੀ ਦਾ ਹੋ ਜਾਨਾਂ, ਹਵਾ ਦੀ ਆਉਂਦੀ ਹੈ-ਮੈਂ ਹਵਾ ਦਾ ਰੂਪ ਹੋ ਜਾਨਾਂ। ਜਿਸ ਤਰ੍ਹਾਂ ਅਕਾਲ ਪੁਰਖ ਵੀ—

**ਅਰਬਦ[੫] ਨਰਬਦ[੬] ਧੁੰਦੂਕਾਰਾ।**
**ਧਰਣਿ ਨ[੭] ਗਗਨਾ[੮] ਹੁਕਮੁ ਅਪਾਰਾ[੯]।**

*– ਮਾਰੂ ਮ: ੧, ਪੰਨਾ–੧੦੩੫*

ਸ੍ਰਿਸ਼ਟੀ ਰਚਦਾ ਹੈ, ਲੈਯ ਕਰਦਾ ਹੈ; ਸੂਖਮ ਰੂਪ ਧਾਰ ਲੈਂਦਾ ਹੈ–ਨਿਰਗੁਣ ਬਣ ਜਾਂਦਾ ਹੈ, ਨਿਰਾਕਾਰ ਹੋ ਜਾਂਦਾ ਹੈ। ਜਿਹੜੇ ਸਿੱਖ ਸਤਿਗੁਰੂ ਵਿੱਚ ਮਿਲ ਜਾਂਦੇ ਹਨ, ਉਹ ਵੀ ਉਸੇ ਤਰ੍ਹਾਂ ਹੀ ਹੋ ਜਾਂਦੇ ਹਨ। ਹਨੂਮਾਨ ਕਹਿੰਦਾ ਹੈ, ''ਇੱਕੋ ਚੀਜ ਮੰਗਦੇ ਹਾਂ।'' ਉਹ ਕੀ ਮੰਗਦੇ ਹਾਂ–''ਜਦੋਂ ਤੂੰ ਧਰਤੀ ਤੇ ਆਵੇਂ-ਮਾਤ ਲੋਕ ਤੇ–ਤੇਰੇ ਨਾਲ ਆਈਏ, ਜਦੋਂ ਜਾਵੇਂ–ਨਾਲ ਹੀ ਜਾਈਏ, ਬਸ।''—

**ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ।।**

*– ਸਿਰੀ ਰਾਗ ਮ: ੧, ਪੰਨਾ–੨੧*

**ਏਕ ਨਿਮਖ ਜੇ ਬਿਸਰੈ ਸੁਆਮੀ**
**ਜਾਨਉ ਕੋਟਿ ਦਿਨਸ ਲਖ ਬਰੀਆ[੧੦]।**

*– ਸਾਰਗ ਮ: ੫, ਪੰਨਾ–੧੨੦੯*

ਉਹਨਾਂ ਲੋਕਾਂ ਦੀ ਗੱਲ ਹੈ, ਉਹ ਜੀਵਨ ਮੁਕਤ ਹੋਏ। ਕਿਵੇਂ ਹੋਏ ?

ਜੇ ਆਖ ਦਿੱਤਾ, ''ਲਹਿਣਿਆ, ਚੜ੍ਹ ਜਾਹ ਕਿੱਕਰ ਉੱਤੇ, ਝਾੜ ਮਠਿਆਈ''-ਤਾਂ ਇਹ ਆਖਿਆ, ''ਬਈ, ਇਹ ਤਾਂ ਕਿੱਕਰ ਹੈ।''

ਜੇ ਆਖਿਆ, ''ਜਾ ਲੀੜੇ ਧੋ ਲਿਆ'',—ਇਹ ਆਖਿਆ, ''ਮਹਾਰਾਜ ਰਾਤ ਹੈ, ਦਿਨੇ ਧੋ ਲਿਆਵਾਂਗਾ, ਸੁੱਕਣੇ ਨਹੀਂ।''

ਜੇ ਆਖਿਆ, ''ਭਾਈ-ਮਾਈ ਨਾਲ ਭੋਗ ਕਰ'',—ਹੁਣ ਸਤਿਗੁਰੂ ਦੱਸਣ ਵਾਲਾ ਤੇ ਸਿੱਖ ਸਮਝਣ ਵਾਲਾ ਹੈ—ਗਏ, ਮਾਈ ਦਾ ਥਣ ਚੁੰਘ ਕੇ ਮੁੜ ਆਏ। ਲੋਕਾਂ ਨੇ ਕੁਝ ਸਮਝਿਆ। ਕਹਿਣ ਲੱਗੇ, ''ਕਰ ਆਇਆਂ।''

ਕਹਿਣ ਲੱਗੇ, ''ਮਹਾਰਾਜ ਮਾਈ ਦਾ ਭੋਗ ਥਣ ਹੀ ਚੁੰਘਣਾ ਸੀ।''

ਕਿਉਂਕਿ ਰੱਖਣਾ ਵੀ ਸਤਿਗੁਰਾਂ ਨੇ ਸੀ। ਫੇਰ, ਭਾਈ ਬਾਲਾ ਜੀ ਜਿਸ ਵੇਲੇ ਗੁਰੂ ਅੰਗਦ ਨੂੰ ਕਥਾ ਸੁਣਾਉਂਦੇ ਹਨ—ਕਹਿੰਦੇ ਹਨ, ''ਗੁਰੂ ਅੰਗਦ ਜੀ, ਜਿਸ ਵੇਲੇ ਮੁਰਦੇ ਵਾਲਾ ਸਾਂਗ ਵਰਤਾਇਆ, ਮੈਂ ਤੇ ਬਾਬਾ ਬੁੱਢਾ ਵੀ ਖਿਸਕ ਤੁਰੇ''-ਇੱਕ ਗੁਰੂ ਅੰਗਦ ਰਹਿ ਗਿਆ। ਫਿਰ ਗੁਰ ਅੰਗਦ ਕੀ ਹੋ ਗਿਆ—ਗੁਰੂ ਅੰਗਦ-ਨਾਨਕ ਹੋ ਗਿਆ, ਨਾਨਕ ਨੇ ਅੰਗਦ ਦੇ ਪੈਰਾਂ ਉੱਤੇ ਮੱਥਾ ਟੇਕਿਆ। ਇਸੇ ਤਰ੍ਹਾਂ ਚਲੀ ਆਈ-ਕਾਰ। ਜਿੱਥੋਂ-ਜਿੱਥੋਂ ਤਕ ਕਿਸੇ ਨੇ ਮੰਨਿਆ-ਕੋਈ ਪੰਜ ਮੰਨੇ, ਕੋਈ ਦੋ ਮੰਨੇ, ਕੋਈ ਸੱਤ ਮੰਨੇ, ਕੋਈ ਦਸ ਮੰਨੇ—ਜਿੰਨਾ-ਜਿੰਨਾ ਕਿਸੇ ਨੂੰ ਦਿਖਾਇਆ, ਓਨਾਂ-ਓਨਾਂ ਉਹ ਦੇਖਦਾ ਆਇਆ। ਗੁਰੂ ਬਾਲਕ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ—ਹੁਣ ਗੁਰੂ ਗੋਬਿੰਦ ਸਿੰਘ ਇਹ ਗੱਲ ਲਿਖਦਾ ਹੈ :-

**ਜਾਹੀ ਕੁਲ ਤੇ ਪ੍ਰਗਟ ਹੋਇ ਤਾਹੀਂ ਕੁਲ ਕੋ ਨਾਮ।**
**ਪੁੰਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਣਾਮ।**

*- ਗੁਰਿੰਡ ਨਾਮਾ, ਪਾ:੧੦*

ਗੁਰੂ ਗੋਬਿੰਦ ਸਿੰਘ ਨਮਸਕਾਰ ਕਰਦੈ, ਕਿਉਂਕਿ ਉਨ੍ਹਾਂ ਦਾ ਕੰਮ ਹੀ ਹੈ-ਗੁਰੂ ਚੇਲੇ ਨੂੰ ਕਰਦਾ ਹੀ ਆਇਆ ਹੈ-ਗੁਰੂ ਨਾਨਕ ਨੇ-ਗੁਰ ਅੰਗਦ ਨੂੰ ਕੀਤੀ, ਅੰਗਦ ਨੇ-ਅਮਰਦਾਸ ਨੂੰ ਕੀਤੀ; ਇਸੇ ਤਰ੍ਹਾਂ ਕਰਦੇ ਹੀ ਤੁਰੇ

ਆਏ-ਇਹ ਕੋਈ ਬੜੀ ਗੱਲ ਨਹੀਂ। ਸਾਡੇ ਵਿੱਚ ਫੁੱਟ ਪਾਉਣ ਵਾਲਾ ਇੱਕ ਅੰਸਰ ਆਇਆ - ਅੰਗਰੇਜ਼, ਜਿਨ੍ਹੇ ਏਹੋ ਜੇਹਾ ਸਾਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਜੇ ਨਹੀਂ ਕਿਸੇ ਦਾ ਚਿਤ ਕਰਦਾ-ਇੱਕ ਆਦਮੀ ਮੂੰਗੀ ਦੀ ਦਾਲ ਖਾਂਦਾ ਹੈ, ਇੱਕ ਸਬਜ਼ੀ ਖਾਂਦਾ ਹੈ—ਨਾ ਖਾਵੇ, ਲੇਕਿਨ ਇਹ ਜਿਹੜੀ ਗੱਲ ਹੈ ਬਈ ਦਾਲ ਬੜੀ ਬੁਰੀ ਚੀਜ਼ ਹੈ, ਇਹ ਭਾਜੀ ਬੜੀ ਬੁਰੀ ਚੀਜ਼ ਹੈ, ਇਹ ਉਹ ਸਾਡੇ ਵਿੱਚ ਪਾ ਗਿਆ ਬਈ-ਕਿਤੇ ਇਕੱਠੇ ਹੋ ਕੇ ਸਿੱਖ ਨਾ ਬਹਿ ਜਾਣ। ਜੇ ਸਿੱਖ ਇਕੱਠੇ ਹੋ ਜਾਣ, ਫਿਰ ਸਿੱਖਾਂ ਨੂੰ ਕੋਈ ਛੇੜਨ ਵਾਲਾ ਕਿਹੜਾ ਹੈ, ਸਿੱਖਾਂ ਨੂੰ ਮਾਰਨ ਵਾਲਾ ਕਿਹੜਾ ਹੈ। ਹੁਣ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ,

*ਅਬ ਤੁਮ ਮੇਰੇ ਬਚਨ ਕੀ ਨਹਿ ਮਾਨੋ ਪਰਤੀਤ।*
*ਤਬ ਫਿਰ ਤੁਮ ਸੋ ਹੋਇਗੀ ਅਨਿਕ ਭਾਂਤ ਯਹਿ ਰੀਤ।*
*ਸੇਰ ਸੇਰ ਆਟੇ ਕੇ ਪਾਗੇ ਭਾਗੇ ਫਿਰੋ ਤੁਰਕਨ ਕੇ ਆਗੇ।*

## ਬੀਰ ਸਿੱਖ

ਫੇਰ, ਗੁਰੂ ਬਾਲਕ ਸਿੰਘ ਤੋਂ ਗੁਰੂ ਰਾਮ ਸਿੰਘ ਹੋਇਆ। ਕਈ ਗੁਰੂ ਬਾਲਕ ਸਿੰਘ ਤੇ ਹੀ ਅੜ ਗਏ ਜਿਹੜੇ ਅਗਾਹਂ ਨਾ ਤੁਰੇ। ਉਸਤੋਂ ਬਾਅਦ ਸਤਿਗੁਰਾਂ ਨੇ ਜਿਸ ਵੇਲੇ ਪ੍ਰਕਾਸ਼ ਕੀਤਾ-ਇਹ ਇੱਕ ਨਵੀਂ ਚੀਜ਼ ਹੈ ਮੈਂ ਤੁਹਾਨੂੰ ਅੱਜ ਦੱਸਣ ਲੱਗਾਂ, ਅੱਗੇ ਨਾਮਧਾਰੀਆਂ ਵਿੱਚ ਬਹੁਤ ਘੱਟ ਕਿਸੇ ਨੂੰ ਪਤਾ ਹੋਵੇਗਾ।

ਬਾਬੇ ਉਤੱਮ ਸਿੰਘ ਹੋਰੀਂ ਇੱਕ ਰਾਇਸਰ ਦੇ ਸਿੰਘ ਸਨ, ਇੱਕ ਬਾਬਾ ਬਲੀ ਸਿੰਘ ਸੀ ਥਰਾਜ ਵਾਲੇ ਦੇ-ਮੁਕਤਸਰ ਦੇ ਇਲਾਕੇ ਦੇ, ਇੱਕ ਬਾਬਾ ਰੂੜ ਸਿੰਘ ਰੂਖੜ-ਇਹ ਤਿੰਨ ਚਾਰ ਸਰੀਰ ਉਹ ਸਨ, ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ, ਜਿਹਨਾਂ ਨੂੰ ਬੀਰ ਕਹਿੰਦੇ ਸਨ। ਤਾਕਤ ਉਹਨਾਂ ਦੀ ਕਿਹੋ ਜਿਹੀ ਸੀ। ਉਹ ਬਾਬੇ ਬਲੀ ਸਿੰਘ ਹੁਰੀਂ ਤੇ ਰੂੜ ਸਿੰਘ ਹੋਰਾਂ ਨੇ-ਹਜ਼ਾਰਾ ਸਿੰਘ ਸਤਿਗੁਰਾਂ ਦੇ ਨਾਲ ਦੌਰੇ ਜਾਣੇ-ਵੱਡੇ-ਵੱਡੇ ਗੜਵੇ ਫੜੇ ਹੋਣੇ, ਡੋਲ ਫੜੇ ਹੋਣੇ, ਭੱਜ ਕੇ ਸਾਰੀ ਸੰਗਤ ਦੇ ਅੱਗੇ ਚਲੇ ਜਾਣਾ। ਓਥੋਂ

ਜਲ ਛਕਾਉਣਾ ਸ਼ੁਰੂ ਕਰਨਾ, ਸਾਧ-ਸੰਗਤ ਨੇ ਲੰਘਦੀ ਜਾਣਾ, ਜਦੋਂ ਸਾਧ-ਸੰਗਤ ਨੇ ਜਲ ਛਕ ਕੇ ਲੰਘ ਜਾਣਾ, ਮਗਰੋਂ ਫਿਰ ਜਾ ਰਲਣਾ। ਫੇਰ, ਤੜਕੇ ਉੱਠ ਕੇ ਹਜ਼ਾਰਾਂ ਸਿੱਖਾਂ ਦਾ ਇਸ਼ਨਾਨ ਕਰਾਉਂਦੇ ਸੀ। ਇਹ ਬਾਬੇ ਉੱਤਮ ਸਿੰਘ ਹੁਰੀਂ ਜਿਹੜੇ ਰਾਏ ਸਰੀਏ ਸਨ-ਇਹ ਓਨਾਂ ਦਿਨਾਂ ਵਿੱਚ ਚਾਰ ਸੇਰ ਪੱਕਾ ਘਿਉ ਦਾ ਭਾਅ ਸੀ, ਤੁਸੀਂ ਗਿਣਤੀ ਕਰ ਲਉ ਕਿ ਚਾਰ ਸੇਰ ਘਿਉ, ਚਾਰ ਸੇਰ ਖੰਡ ਤੇ ਚਾਰ ਸੇਰ ਮੈਦਾ, ਤੇ ਜੇ ਬਾਰਾਂ ਨਾਲੋਂ ਦੂਣਾ ਨਾ ਕਰੀਏ, ਡਿਉੜਾ ਪਾਣੀ ਕਰੀਏ, ਅਠਾਰਾਂ ਸੇਰ ਪਾਣੀ, ਤੇ ਬਾਰਾਂ ਸੇਰ ਇਹ-ਤੀਹ ਸੇਰ ਪੱਕਾ ਕੜਾਹ ਪ੍ਰਸਾਦ ਛਕ ਕੇ ਫੇਰ ਪ੍ਰਸਾਦੇ ਛਕ ਲੈਂਦੇ ਸੀ। ਤਾਕਤ ਓਨ੍ਹਾਂ ਦੀ ਤੁਸੀਂ ਗਿਣ ਲਵੋਂ ਕੀ ਹੋਵੇਗੀ। ਪੰਜ ਸੌ ਮੁਸਲਮਾਨ ਨਾਲ ਇਕੱਲੇ ਲੜੇ। ਕੁਝ ਪਹਿਲੇ ਹੰਕਾਰ ਆਇਆ ਚਿਤ ਵਿੱਚ-ਇੱਕ ਮਾੜੇ ਜਿਹੇ ਮੁਸਲਮਾਨ ਨੇਂ ਸੋਟਾ ਪਕੜ ਲਿਆ, ਅੱਧਾ ਪਿੰਡ ਮੁਸਲਮਾਨਾਂ ਦਾ ਸੀ-ਫਿਰ ਸਤਿਗੁਰਾਂ ਨੂੰ ਯਾਦ ਕੀਤਾ, ਫਿਰ-

**ਜਾਮਿ[੧੧] ਗੁਰੂ ਹੋਇ ਵਲਿ ਲਖ[੧੨] ਬਾਹੇ ਕਿਆ ਕਿਜਇ।।**

*- ਪੰਨਾਂ-੧੩੯੯*

ਪੰਜ ਸੌ ਮੁਸਲਮਾਨ ਇਕੱਲਿਆਂ ਨੇ ਕੁੱਟਿਆ। ਇਹ ਉਹ ਸਰੀਰ ਸਨ, ਜਿਹਨਾਂ ਦੀ ਸਤਿਗੁਰਾਂ ਦੀ ਦੇਹ ਤੇ ਸ਼ਰਧਾ ਸੀ-ਗੁਰੂ ਹਰੀ ਸਿੰਘ ਜੀ ਉੱਤੇ ਭੀ ਉਸੇ ਤਰ੍ਹਾਂ ਸੀ-ਉਹਨਾਂ ਨੂੰ।

ਮੈਂ ਹੁਣ ਤੁਹਾਨੂੰ ਗੱਲ ਦੱਸਦਾ ਹਾਂ, ਉਹ ਕਹਿਣ ਲੱਗੇ ਕਿ ਸਤਿਗੁਰਾਂ ਦੇ ਜਾਣ ਤੋਂ ਪਹਿਲਾਂ-ਕੁਛ ਚਿਰ ਮਹੀਨੇ, ਦਿਨ ਨਹੀਂ ਉਨ੍ਹਾਂ ਨੇ ਦੱਸੇ-ਭਾਈ ਮਸਤਾਨ ਸਿੰਘ ਹੋਰੀ ਉਹਨਾਂ ਦੇ ਪੁੱਤਰ ਹਨ, ਜਿਨ੍ਹਾਂ ਦੀ ਉਮਰ ਐਸ ਵੇਲੇ ਅੱਸੀ ਸਾਲ ਦੇ ਕਰੀਬ ਹੈ, ਜਿਹੜੇ ਉਨ੍ਹਾਂ ਕੋਲੋਂ ਬਚਨ ਸੁਣਦੇ ਰਹੇ, ਉਹ ਦੱਸਦੇ ਰਹੇ, ਜਾਣਦੇ ਹਨ ਸੇਠ ਦਿਆਲ ਸਿੰਘ ਹੋਰੀਂ ਬਈ ਸੂਬੇ ਮਸਤਾਨ ਸਿੰਘ ਹੋਰੀਂ ਸਾਡੇ ਲੁਧਿਆਣੇ ਦੇ ਜ਼ਿਲ੍ਹੇ ਦੇ ਬੜੇ ਮਸ਼ਹੂਰ ਆਦਮੀ ਸਨ। ਸਤਿਗੁਰਾਂ ਨੇ ਪੁਸ਼ਾਕ ਮੰਗਵਾ ਕੇ, ਗੁਰੂ ਹਰੀ ਸਿੰਘ ਜੀ ਨੂੰ ਪਹਿਨਾਕੇ ਜਿਹਨਾਂ ਨੇ ਇਹ ਦਰਸ਼ਨ ਕੀਤਾ, ਭਾਈਂ ਉੱਤਮ ਸਿੰਘ ਹੋਰੀਂ ਉਹਨਾਂ ਵਿੱਚੋਂ ਸਨ। (ਭਾਈ ਮਸਤਾਨ ਸਿੰਘ) ਕਹਿਣ ਲਗੇ-ਫਿਰ ਉਸੇ ਤਰਾਂ ਪੁਸ਼ਾਕ ਲੁਹਾ

ਦਿੱਤੀ, ਉਸੇ ਤਰ੍ਹਾਂ ਵਿੱਚ ਰਲਾ ਦਿੱਤੀ, ਪਤਾ ਨਹੀਂ ਲੱਗਣ ਦਿੱਤਾ-ਕਿਸੇ ਨੂੰ। ਸੰਮਤ ੧੯੨੮ ਤੋਂ ਲੈ ਕੇ ੧੯੬੩ ਤਕ, ਚੌਂਤੀ ਸਾਲ ਦੇ ਕਰੀਬ ਗੁਰੂ ਹਰੀ ਸਿੰਘ ਜੀ ਗੁਰਗੱਦੀ ਤੇ ਬਿਰਾਜੇ ਔਰ ਫਿਰ ਕੀ ਕੁਛ ਕੀਤਾ।

## ਬਾਬਾ ਗੰਡਾ ਸਿੰਘ ਜੀ

ਸਤਿਗੁਰਾਂ ਦੇ ਸੂਬੇ ਸਨ-ਉਨ੍ਹਾਂ ਦੇ ਨਗਰ (ਗੁਰੂ ਹਰੀ ਸਿੰਘ ਜੀ) ਗਏ-ਉਹ ਜਿੱਥੇ ਰਹਿੰਦੇ ਸਨ, ਅੰਬਾਲੇ ਦੇ ਜ਼ਿਲ੍ਹੇ ਵਿੱਚ। ਬਾਬੇ ਹੁਰੀਂ ਅੱਗੋਂ ਨਾ ਉੱਠੇ। ਜਾ ਕੇ ਮੱਥਾ ਟੇਕ ਕੇ ਉਨ੍ਹਾਂ ਦੇ ਪੈਂਦ ਵੱਲ ਬੈਠ ਗਏ। ਸਿੱਖਾਂ ਦੇ ਦਿਲਾਂ ਵਿੱਚ ਆਇਆ, ਹੋਰ ਕੋਈ ਨਹੀਂ, ਸਤਿਗੁਰਾਂ ਦਾ ਭਰਾ ਜਾਣ ਕੇ ਹੀ ਉਠਦੇ। ਜਿੰਨੇ ਲੋਕ ਮੰਨਣ ਵਾਲੇ ਸੀ-ਉਹਨਾ ਦੇ ਮਨਾਂ ਵਿੱਚ ਕੁਛ ਫਰਕ ਆਇਆ। ਬਾਬੇ ਗੰਡਾ ਸਿੰਘ ਹੋਰਾਂ ਕੋਲ ਗਏ-ਉਹ ਨਾ ਉਠੇ-ਉਹਨਾਂ ਦੇ ਚਰਣੀ ਹੱਥ ਲਾ ਦਿੱਤਾ। ਇਹੋ ਜਿਹੇ ਨਹੀਂ ਸਨ ਉਹ ਬਾਬੇ ਗੰਡਾ ਸਿੰਘ ਹੋਰੀਂ ਕਿ ਉਹਨਾਂ ਵਿੱਚ ਕੁਝ ਨਹੀਂ ਸੀ। ਜਿੰਨੇ ਸਰੀਰ ਉਹਨਾਂ ਦੇ ਕੋਲ ਰਹਿੰਦੇ ਸਨ-ਇੱਬਨ ਵਿੱਚ ਰਹਿੰਦੇ ਸਨ। ਕੋਈ ਸਰੀਰ ਜੇ ਮਹਿ ਚੁੰਘਣ ਲਗ ਪਿਆ, ਉਹਦਾ ਉੱਥੇ ਹੀ ਗਲ ਫੜਿਆ ਗਿਆ, ਜੇ ਕਿਸੇ ਜਗ੍ਹਾ ਕਿਸੇ ਇਸਤਰੀ ਵੱਲ ਬੁਰੀ ਨਿਗਾਹ ਝਾਕਿਐ—ਉੱਥੇ ਹੀ ਮੁਸ਼ਕਾਂ ਆ ਗਈਆਂ। ਦੋ ਨਿਹੰਗ ਸਿੰਘ ਆਉਂਦੇ ਹਨ-ਮੰਜੇ ਤੇ ਬੈਠੇ ਰਹਿੰਦੇ, ਭਜਨ ਬਾਣੀ ਕਰਨ ਵਾਲੇ ਸਨ। ਨਿਹੰਗ ਸਿੰਘਾਂ ਨੂੰ ਪੁਛਿਆ, ''ਨਿਹੰਗ ਸਿੰਘ ਜੀ, ਕਿੱਧਰ ਤਿਆਰੀਆਂ ਕੀਤੀਆ ?''

''ਜੀ ਚੱਲੇ ਹਾਂ-ਮੁਕਤਸਰ ਸਾਹਿਬ''।

''ਕਾਹਦੇ ਵਾਸਤੇ''

''ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ'',

ਐਉਂ ਮੂੰਹ ਤੇ ਹੱਥ ਫੇਰ ਕੇ ਕਹਿੰਦੇ ਹਨ,''ਜੇ ਇੱਥੇ ਹੀ ਕਰਾ ਦਈਏ।''

ਉਹ ਕੂਕਾ ਨਹੀਂ ਸੀ ਨਿਹੰਗ ਸਿੰਘ। ਨਿਹੰਗ ਸਿੰਘ ਨੂੰ ਦਰਸ਼ਨ ਹੋ ਗਿਆ ਗੁਰੂ ਗੋਬਿੰਦ ਸਿੰਘ ਦਾ, ਉਲਟ ਕੇ ਜਾ ਪਿਆ, ਪੱਗ ਕਿੱਧਰੇ ਲਹਿ ਗਈ। ਉਹ ਭਜਨ ਕਰੇ ਮੂੰਹੋ-ਉਹ ਦੂਜਾ ਨਿਹੰਗ ਸਿੰਘ ਆਖੇ,

''ਉਹ ਤੂੰ, ਉਹ ਕੂਕਿਆਂ ਦਾ ਭਜਨ ਨਾ ਕਰ, ਉਹ ਗੁਰੂ ਗੋਬਿੰਦ ਸਿੰਘ ਵਾਲਾ ਕਰ''।

ਉਹ ਕਹਿੰਦਾ, ''ਅੰਨ੍ਹਿਆ ਤੈਨੂੰ ਤੇ ਦਿੱਸਦਾ ਨਹੀਂ, ਇੱਥੇ ਸਾਹਮਣੇ ਬੈਠਾ ਹੈ-ਗੁਰੂ ਗੋਬਿੰਦ ਸਿੰਘ ਤਾਂ ਮੇਰੇ।''

ਇੱਥੋਂ ਤਕ ਕਿਉਂਕਿ ਸਤਿਗੁਰੂ ਦਾ ਰੂਪ ਹੈ-ਸਿੱਖ।

***ਗੁਰੂ ਸਿਖੁ ਸਿਖੁ ਗੁਰੂ ਹੈ ਏਕੋ –***

ਗੁਰਬਾਣੀ ਕਹਿੰਦੀ ਹੈ,

**ਗੁਰੁ ਉਪਦੇਸੁ ਚਲਾਏ।**

*– ਆਸਾ ਮ: ੪, ਪੰਨਾ-੪੪੪*

ਜਿਹੜੇ ਕਰਦੇ ਹਨ, ਨਾਮ ਜਪਦੇ ਹਨ। ਉਸ ਦਿਨ ਤੋਂ ਬਾਅਦ ਉਹ ਬਾਬੇ ਗੰਡਾ ਸਿੰਘ ਹੁਰੀ, ਮੈਂ ਉਹਨਾਂ ਦਾ ਦਰਸ਼ਨ ਕੀਤਾ ਹੈ, ਹੱਥ ਕੰਬਣ ਲੱਗ ਪਏ, ਪ੍ਰਸ਼ਾਦਾ ਨਹੀਂ ਸਨ ਛਕ ਸਕਦੇ।

ਗੁਰੂ ਹਰੀ ਸਿੰਘ ਜੀ ਦਾ ਜ਼ਮਾਨਾ ਕਿਹੋ ਜਿਹਾ, ਬੀਬੀ ਨੰਦਾ ਸਤਿਗੁਰਾਂ (ਸਤਿਗੁਰੂ ਰਾਮ ਸਿੰਘ ਜੀ) ਦੀ ਲੜਕੀ ਸੀ। ਫਿਰ ਇਹ ਗੱਲ ਹੈ ਕਿ ਸਤਿਗੁਰਾਂ ਨੂੰ ਪਹਿਲੇ ਜਿਸ ਵੇਲੇ ਪਰਾਗ ਰਾਜ ਵਿੱਚ ਬੈਠਿਆਂ, ਅੰਗਰੇਜ਼ ਨੇ ਲਿਖਕੇ ਭੇਜਿਆ ਕਿ ਕਿਹਨੂੰ ਤੁਹਾਡਾ ਘਰ ਸੰਭਾਲੀਏ। ਸਤਿਗੁਰਾਂ ਨੇ ਸਾਰੇ ਸੂਬਿਆਂ ਨੂੰ ਇਕੱਠੇ ਕੀਤਾ, ਪੁਛਿਆ, ''ਬਈ, ਦੱਸੋ ਕਿਵੇ ਕਰਨੀ ਹੈ ?''

ਬਾਬਾ ਜਵਾਹਰ ਸਿੰਘ ਜੀ ਨਿਰਮਲਿਆਂ ਸੰਤਾਂ ' ਚੋਂ ਆਏ ਸੀ, ਬਾਬੇ ਸਾਹਬ ਸਿੰਘ ਹੁਰੀਂ, ਬ੍ਰਹਮਾ ਸਿੰਘ ਹੁਰੀਂ-ਉਦਾਸੀ ਨਾਂਗੇ, ਜਟਾਂ ਵਾਲੇ ਹੁੰਦੇ ਸਨ-ਇਹ ਫੇਰ ਸਿੱਖ ਸਜੇ ਸਨ। ਕੋਈ ਕਹੇ ਜੀ ਪੰਚਾਇਤ ਬਣਾਓ, ਕੋਈ ਕਹੇ-ਕੁਝ ਕਰੋ। ਬਾਬੇ ਕਾਹਨ ਸਿੰਘ, ਹੁਰੀਂ-ਉਹਨਾਂ ਨੂੰ ਆਖਿਆ ਸੀ, ''ਲਾ ਦੇ ਕਾਹਨਿਆ-ਅੱਗ''-ਜਿਹੜੇ ਸਤਿਗੁਰਾਂ ਦੇ ਨਾਲ ਰਹੇ ਹੋਏ ਸਨ। ਸੂਬੇ ਦਾਰ ਹੁੰਦੇ ਸਨ- ਫੌਜ ਵਿੱਚ, ਜਿਨ੍ਹਾਂ ਨੇ ਇਹ ਕੌਤਕ ਵੀ ਅੱਖੀਂ ਗੰਗਾ ਵਾਲਾ ਦੇਖਿਆ ਸੀ, ਉਹਨਾਂ ਨੂੰ ਦਿਖਾਇਆ, ਦੱਸਿਆ-ਉਹ ਕਹਿੰਦੇ ਹਨ, ''ਸੱਚੇ ਪਾਤਸ਼ਾਹ ! ਤੇਰੇ ਭਾਈ ਬਿਨਾ ਹੋਰ ਕੋਈ ਨਹੀਂ ਸਾਂਭਣ ਵਾਲਾ।''

## ਸਿਦਕ ਭਰੋਸਾ ਅਤਿ ਉੱਤਮ

ਇਸ ਤੋਂ ਪਹਿਲਾਂ ਇੱਕ ਬਚਨ ਸਤਿਗੁਰਾਂ ਕੀਤਾ ਸੀ, ਜ਼ਰਾ ਧਿਆਨ ਦੇਣਾ, ਚਮਕ ਨਾ ਕਿਸੇ ਦੇ ਚਿਤ ਵਿੱਚ ਆਵੇ, ਗੱਲ ਇਹੋ ਜਿਹੀ ਹੈ ਜੇ ਤੁਸੀਂ ਚੰਗੀ ਤਰ੍ਹਾਂ ਸਮਝੋਗੇ ਤਾਂ ਪਤਾ ਲੱਗੇਗਾ। ਸਤਿਗੁਰੂ ਬੈਠੇ-ਬੈਠੇ ਇੱਕ ਦਿਨ ਕਹਿੰਦੇ ਹਨ, ''ਬਾਣੀ ਬੜੀ ਚੀਜ਼ ਹੈ''-ਸੂਬੇ ਪਾਸ ਬੈਠੇ ਹਨ-ਪਰਾਗ ਰਾਜ ਦੇ ਕਿਲ੍ਹੇ ਵਿੱਚ।

ਫਿਰ ਕਹਿੰਦੇ ਹਨ, ''ਬਾਣੀ ਨਾੜ ਹੈ, ਸਿੱਟਾ ਨਾਮ ਹੈ।''

ਜ਼ਰਾ ਕੁ ਚਿਰ ਪਿਛੋਂ ਕਹਿੰਦੇ ਹਨ, ''ਨਾਮ ਵੀ ਤੁਹ ਹੀ ਹੈ।''

ਹੈਰਾਨ ਹੋਏ। ਬਾਬੇ ਜਵਾਹਰ ਸਿੰਘ ਹੁਰੀਂ ਪੱਟਾਂ ਤੇ ਹੱਥ ਮਾਰ ਕੇ ਪਿੱਟਣ ਲੱਗ ਪਏ, ਫਿਰ-ਕਹਿੰਦੇ, ''ਦੱਸ ਹੋਰ ਏਦੂੰ ਅੱਗੇ ਕੀ ਹੈ।''

ਸਤਿਗੁਰੂ ਕਹਿਣ ਲੱਗੇ, ''ਬਾਬਾ ਜੀ ਬਾਣੀ ਪੜ੍ਹਕੇ, ਨਾਮ ਜਪ ਕੇ ਜੇ ਪੁਰਸ਼ ਨੂੰ ਸਿਦਕ ਨਹੀਂ ਹੋਇਆ, ਯਕੀਨ ਨਹੀਂ ਆਇਆ, ਇਹ ਸਭ ਨਿਸਫਲ''।

ਧਿਆਨ ਦੇਣ ਦੀ ਲੋੜ ਹੈ ਜ਼ਰਾ, ਜਿਸ ਸਿੱਖ ਨੂੰ ਅੰਮ੍ਰਿਤ ਛਕ ਕੇ ....... ਭਾਈ ਤਾਰੂ ਸਿੰਘ ਨੂੰ ਸਿਦਕ ਆਇਆ, ''ਬਈ, ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤ ਮੇਰੇ ਕੇਸਾਂ ਵਿੱਚ ਪਿਆ ਹੈ-ਮੇਰੇ ਸਿਰ ਤੋਂ ਕੇਸ ਨਹੀਂ ਕੋਈ ਲਾਹ ਸਕਦਾ।''

ਨਿਰੀ ਬਾਣੀ ਪੜ੍ਹੀ ਦਾ ਵੀ ਕੀ ਫਾਇਦਾ ਹੈ। ਅਸੀਂ ਸੌ ਪਾਠ ਗ੍ਰੰਥ ਸਾਹਿਬ ਦਾ ਕਰ ਲਈਏ, ਸਾਰਾ ਦਿਨ ਮਾਲਾ ਘਸਾਂਉਦੇ ਰਹੀਏ, ਜੇ ਸਤਿਗੁਰੂ ਤੇ ਸਾਨੂੰ ਯਕੀਨ ਨਹੀਂ, ਸਿਦਕ ਨਹੀਂ, ਸਾਡੇ ਪੱਲੇ ਕੁਛ ਨਹੀਂ। ਮਹਾਰਾਜ ਨੇ ਗੁਰਬਾਣੀ ਵਿੱਚ ਵੀ ਲਿਖਿਆ ਹੈ,

**ਬੈਸਨੋ ਨਾਮੁ ਕਰਮ ਹਉ ਜੁਗਤਾ ਤੁਹ ਕੁਟੇ ਕਿਆ ਫਲੁ ਪਾਵੈ।**

*- ਰਾਮਕਲੀ ਮ: ੫, ਪੰਨਾ-੯੬੦*

ਫਿਰ ਤੁਹ ਹੋ ਜਾਂਦਾ ਹੈ-ਨਾਮ ਵੀ। ਉਹ ਦਿਨ ਲੰਘਿਆ, ਬਾਬੇ ਹੋਰਾਂ ਦੇ ਚਿਤ ਵਿੱਚ-ਜਵਾਹਰ ਸਿੰਘ ਹੁਰਾਂ ਦੇ ਸ਼ੰਕਾ ਰਹੀ। ਜਦੋਂ ਬਾਬੇ ਕਾਹਨ

ਸਿੰਘ ਨੇ ਆਖਿਆ –''ਸੱਚੇ ਪਾਤਸ਼ਾਹ ! ਤੁਹਾਡੇ ਭਾਈ ਬਿਨਾਂ ਕੋਈ ਨਹੀਂ, ਸਾਂਭਣ ਵਾਲਾ।''

ਸਤਿਗੁਰ ਕਹਿੰਦੇ ਹਨ, ''ਮੇਰੀ ਵੀ ਇਹੋ ਸਲਾਹ ਹੈ।''

ਤਾਂ, ਬਾਬੇ ਜਵਾਹਰ ਸਿੰਘ ਹੁਰਾਂ ਦਾ ਮਨ ਡੋਲ ਗਿਆ। ਉਹ ਬਾਬੇ ਜਵਾਹਰ ਸਿੰਘ ਹੁਰੀਂ, ਜਿਨ੍ਹਾਂ ਦੇ ਆਇਆਂ-ਸਤਿਗੁਰੂ ਦੀਵਾਨ ਵਿੱਚ ਖੜੇ ਹੋ ਜਾਂਦੇ ਸੀ। ਕਿਸੇ ਸਿੱਖ ਉੱਤੇ ਸਤਿਗੁਰੂ ਨਰਾਜ਼ ਹੋਣ-ਬਾਬੇ ਹੁਰਾਂ ਦਾੜ੍ਹਾ ਹੱਥ ਵਿੱਚ ਫੜਕੇ ਖੜੇ ਹੋ ਕੇ ਕਹਿਣਾ-''ਬਖਸ਼ੋ।''

ਆਖਣਾ, ''ਬਾਬਾ ਤੇਰੀ ਦਇਆ ਨੇ ਪੱਟੇ।''

ਉਹਨੂੰ ਬਖਸ਼ ਦੇਣਾ, ਭਾਵੇਂ ਕਿੰਨਾ ਵੀ ਗੁਨਾਹ ਹੋਵੇ। ਉਹ ਬਾਬੇ ਹੁਰਾਂ ਦਾ ਮਨ ਡੋਲ ਗਿਆ, ਉਹ ਤੁਸੀਂ ਅਸੀਂ ਕੀਹਦੇ ਵਿਚਾਰੇ ਹਾਂ-ਇਹ ਧਿਆਨ ਦੇਣ ਦੀ ਲੋੜ ਹੈ। ਸਤਿਗੁਰੂ ਤੋਂ ਮੰਗਿਆ ਕਰੋ ਕਿ ਸਿਦਕ ਦਾ ਦਾਨ ਦੇਵੇ। ਜਿੰਨਾ ਚਿਰ ਇਸ ਪੁਰਸ਼ ਨੂੰ ਨਿਸਚਾ ਨਹੀਂ ਹੁੰਦਾ-ਸਤਿਗੁਰੂ ਉੱਤੇ -ਉਨਾਂ ਚਿਰ ਇਸ ਦੇ ਪੱਲੇ ਕੁਛ ਨਹੀਂ ਪੈਂਦਾ।

ਗੁਰੂ ਹਰੀ ਸਿੰਘ ਜੀ ਨੂੰ-ਉਹ ਵੀ ਹੁਕਮ ਮਿਲ ਗਿਆ। ਫਿਰ, ਬਾਬਾ ਦਰਬਾਰਾ ਸਿੰਘ ਜੀ ਤਿੰਨ ਸਾਲ ਬਾਅਦ ਰੰਗੂਨ ਜਾਂਦੇ ਹਨ। ਖੇਡ ਬਣਦੀ ਹੈ-ਬਾਰ ਬਟਨ ਨੂੰ ਮਿਲਣ ਜਾਂਦੇ ਹਨ-ਪਤਾ ਏਥੇ ਕੋਈ ਨਹੀਂ, ਲਗਦਾ।

ਭਾਈ ਉੱਤਮ ਸਿੰਘ ਹੁਰੀਂ-ਉਹੋ ਹੀ-ਗੁਰੂ ਹਰੀ ਸਿੰਘ ਜੀ ਦੇ ਪਾਸ ਆਉਂਦੇ ਹਨ। ਇੱਕ ਦਿਨ ਆ ਕੇ ਕਹਿੰਦੇ ਹਨ, ''ਸੱਚੇ ਪਾਤਸ਼ਾਹ ਕਿੱਥੇ ਹਨ—ਸਤਿਗੁਰੂ ਇਸ ਵੇਲੇ।''

ਕਹਿੰਦੇ ਹਨ, ''ਭਾਈ ਉੱਤਮ ਸਿਹਾਂ, ਥੋੜੇ ਜਿਹੇ ਦਿਨ ਸਤਿਗੁਰ ਨਹੀਂ ਸੀ ਮੈਨੂੰ ਦਰਸ਼ਨ ਦਿੱਤਾ-ਨੇਤਰ ਗਲ ਗਏ ਸੀ। ਮੇਰਾ ਸਰੀਰ ਨਹੀਂ ਸੀ ਰਹਿੰਦਾ ਜੇ ਹੋਰ ਵੀ ਦੋ ਚਾਰ ਦਿਨ ਸਤਿਗੁਰੂ ਦਰਸ਼ਨ ਨਾ ਦਿੰਦੇ। ਭਾਈ, ਤੂੰ ਜੇ ਥੋੜਾ ਜਿਹਾ ਚਿਰ ਪਹਿਲੇ ਆਉਂਦਾ ਸਤਿਗੁਰ ਹੁਣੇ ਇਥੋਂ ਗਏ ਹਨ। ਸਤਿਗੁਰ ਮੇਰੇ ਮੋਢੇ ਤੇ ਹੱਥ ਧਰ ਦਿੰਦੇ ਹਨ, ਤਾਂ ਇਹ ਕੰਮ ਚਲਦਾ ਹੈ।''

ਇੱਕ ਚੀਜ਼ ਤੇ ਮੈਂ ਵੀ ਦੇਖੀ ਆਪਣੇ ਅੱਖੀਂ। ਛੋਟੇ-ਛੋਟੇ ਸਾਂ ਬਗੈਰ ਕਿਸੇ ਮਤਲਬ ਤੋਂ ਚਲਦੇ-ਚਲਦੇ-ਚਲਦੇ, ਤੁਰੇ ਜਾਂਦਿਆਂ ਰਾਹ ਵਿੱਚ ਖੜੇ ਹੋ ਜਾਣਾ, ਫਿਰ ਉੱਥੇ ਚਰਨ ਨਾਲ ਮਿੱਟੀ ਥੋੜੀ ਜਿਹੀ ਖੁਰਚਣੀ ਜ਼ਰਾ ਕੁ ਫਿਰ ਚਲਣਾ। ਇੱਕ ਕਦਮ ਨਹੀਂ ਸੀ ਉਠਾਉਂਦੇ ਜਿੰਨਾ ਚਿਰ ਸਤਿਗੁਰਾਂ ਦਾ ਹੁਕਮ ਨਹੀਂ ਸੀ ਚਲਦਾ।

ਫਿਰ ਬਾਬਾ ਦਰਬਾਰਾ ਸਿੰਘ ਜੀ ਗਏ-ਰੰਗੂਨ। ਪਹਿਲਾਂ ਜਿਹੜਾ ਹੁਕਮਨਾਮਾ ਭੇਜਿਆ, ਕਿਉਂਕਿ ਹੁਕਮ ਨਾਮਿਆਂ ਉੱਤੇ ਬੜੀ ਪਾਬੰਦੀ ਸੀ, ਉਹ ਜਿਹੜੇ ਬਚਨ ਯਾਦ ਕਰਕੇ-ਸਤਿਗੁਰਾਂ ਕਿਹਾ—ਜਾਂ ਪਾਣੀ ਮੈਂ ਗਾਲ ਦੇਣੀਂ ਜਾਂ ਅੱਗ ਮੈਂ ਸਾੜ ਦੇਣੀ। ਉਹਦੇ ਵਿੱਚ ਲਿਖਿਆ ਹੈ, **''ਭਾਈ ਇਸ ਦਾ ਨਾਮ ਅੱਜ ਤੋਂ ਹਰੀ ਸਿੰਘ ਹੋਇਆ''**-ਜਿਸ ਤਰ੍ਹਾਂ ਲਹਿਣੇ ਦਾ ਅੰਗਦ ਨਾਉਂ ਧਰਿਆ, **''ਔਰ ਇਹ ਮੇਰੇ ਪਿਛੋਂ ਸਿੱਖੀ ਹਰੀ ਰਖੇਗਾ, ਇਸਨੂੰ ਸਿਰ ਕਰਤਾ ਜਾਨਣਾ, ਮੇਰੇ ਧੱਕੇ ਨੂੰ ਇਹ ਬਖਸ਼ ਲਵੇਗਾ-ਇਹਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ।''** ਉਹ ਕੂਕਾ ਹੋ ਕੇ ਜਿਹੜਾ ਅੱਜ ਗੁਰੂ ਹਰੀ ਸਿੰਘ ਤੇ ਸਿਦਕ ਨਹੀਂ ਲਿਆਉਂਦਾ ਫਿਰ ਉਹ ਕੀ ਆਪਣੇ ਆਪ ਵਿੱਚ ਡੀਂਗ ਮਾਰ ਸਕਦਾ ਹੈ, ਉਹ ਕੀ ਆਪਣੇ ਆਪ ਨੂੰ ਕਹਾਉਂਦਾ ਹੈ।

ਮੈਂ ਰਾਤ ਵੀ ਤੁਹਾਨੂੰ ਗੱਲ ਦੱਸੀ ਸੀ, ਕਿ ਕਲਜੁਗ ਸਤਿਗੁਰਾਂ ਦਾ ਰੂਪ ਧਾਰੇਗਾ, ਪਰ ਮਰਯਾਦਾ ਨਹੀਂ ਸਤਿਗੁਰਾਂ ਦੀ ਹੋਵੇਗੀ। ਧਿਆਨ ਦੇਣਾ ਕੋਈ ਆਦਮੀ ਤੁਹਾਨੂੰ ਕਹਿੰਦੈ, ਮਰਯਾਦਾ ਵਿੱਚ ਕੁਛ ਨਹੀਂ, ਕੋਈ ਆਦਮੀ ਤੁਹਾਨੂੰ ਕਹਿੰਦਾ ਹੈ, ਨਿਤਨੇਮ ਵਿੱਚ ਕੁਛ ਨਹੀਂ, ਇੱਕ ਘੰਟਾ ਕਿਉਂ ਕਰਦੇ ਹੋ, ਦੂਏ ਘੰਟੇ ਕਿੱਧਰ ਜਾਣ। ਸ਼ੁਕਰ ਹੈ ਜੇ ਅਸੀਂ ਇੱਕ ਘੰਟਾ ਵੀ ਕਰ ਲਈਏ। ਦੇਖਣਾ ਏਨ੍ਹਾਂ ਗੱਲਾਂ ਵਿੱਚ ਨਹੀਂ ਆ ਜਾਣਾ, ਕਿਉਂਕਿ ਇੱਥੋਂ ਧੋਖਾ ਹੋ ਜਾਂਦਾ ਹੈ, ਇਹ ਤਿਲਕਣ ਬਾਜ਼ੀ ਵਿਹੜਾ ਹੈ। ਇਸ ਗੱਲ ਦਾ ਧਿਆਨ ਰੱਖਣ ਦੀ ਬੜੀ ਲੋੜ ਹੈ।

ਹਨੂਮਾਨ ਨੂੰ ਅਯੁੱਧਿਆ ਵਿੱਚ ਆ ਕੇ, ਰਾਮ ਚੰਦਰ ਜੀ ਮਹਾਰਾਜ ਇੱਕ ਮਾਲਾ ਦਿੰਦੇ ਹਨ—ਮਣੀਆਂ ਦੀ। ਹਨੂਮਾਨ ਲੈ ਕੇ ਮਾਲਾ, ਦੇਖਦਾ

ਹੈ, ਦੰਦ ਹੇਠ ਲੈਂਦਾ ਹੈ, ਤੋੜ ਦਿੰਦਾ ਹੈ। ਉਸ ਨੂੰ ਕਿਹਾ, ''ਉਏ, ਹਨੂਮਾਨ ਤੂੰ ਬਾਂਦਰ ਹੀ ਸੀ ਨ, ਅਖੀਰ ਬਾਂਦਰ ਹੀ ਰਿਹਾ। ਰਾਮ ਚੰਦਰ ਜੀ ਮਹਾਰਾਜ ਨੇ ਤੈਨੂੰ ਦਿੱਤੀ ਮਾਲਾ, ਉਏ ਉਹ ਮਾਲਾ ਕੀਮਤੀ ਮਣੀਆਂ ਦੀ, ਤੂੰ ਇਹਨੂੰ ਭੰਨਦਾ ਹੈਂ।''

ਕਹਿੰਦਾ, ''ਤੂੰ ਇਸ ਮਰਮ ਨੂੰ ਨਹੀਂ ਜਾਣ ਸਕਦਾ।''

ਬਿਹਾਰੀ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਕਵੀ ਹੋਏ, ਸਾਹਿਬ, ਜਿਸ ਵੇਲੇ ਨਿਕਲ ਕੇ ਲੱਖੀ ਜੰਗਲ ਵਿੱਚ ਆਉਂਦੇ ਹਨ, ਓਦੋਂ ਦਿਵਾਨ ਨੰਦ ਲਾਲ ਜੀ ਪਹੁੰਚ ਜਾਂਦੇ ਹਨ, ਬਿਹਾਰੀ ਜੀ ਪਹੁੰਚ ਜਾਂਦੇ ਹਨ, ਕਮਲੀਆ ਆ ਜਾਂਦਾ ਹੈ। ਸਾਹਿਬ ਬੈਠ ਕੇ ਸੱਦ ਮਾਰਦੇ ਹਨ, ਕਹਿੰਦੇ :-

**ਲੱਖੀ ਜੰਗਲ[੧੩] ਖਾਲਸਾ[੧੪] ਦੀਦਾਰ ਆਇ ਲਗਾ ਤਬ ਉਚਾਰ ਹੋਇਆ।**
**ਸੁਣ ਕੈ ਸੱਦੁ[੧੫] ਮਾਹੀ[੧੬] ਦਾ ਮੇਹੀ[੧੭] ਪਾਣੀ ਘਾਹੁ ਮੁਤੋ[੧੮] ਨੇ।।**
**ਕਿਸੇ ਨਾਲ ਨ ਰਲੀਆ ਕਾਈ ਕੋਈ ਸੌਕ ਪਿਯੋ ਨੇ।।**
**ਗਇਆ ਫਿਰਾਕੁ[੧੯] ਮਿਲਿਆ ਮਿਤੁ[੨੦] ਮਾਹੀ ਤਾਂਹੀ ਸੁਕਰ[੨੧] ਕੀਤੋ ਨੇ।।**

ਨੰਦ ਲਾਲ ਜੀ ਆਏ, ਕਹਿੰਦੇ ਹਨ :-

*ਇਕ ਦਿਨ ਮੈਂ ਸਤਿਗੁਰ ਪਾਸੋਂ ਪ੍ਰੇਮ ਸੁਰਾਹੀ ਪੀਤੀ।*
*ਭਾਏ ਅਸਾਡੇ ਲਿਖੀ ਫਕੀਰੀ ਸੋ ਮਸਤਕ ਧਰ ਲੀਤੀ।*
*ਪਿਛਲੀ ਉਮਰ ਗੁਨਾਹੀਂ ਬੀਤੀ ਹਰ ਕੀ ਭਗਤ ਨ ਕੀਤੀ।*
*ਆਗੇ ਸਮਝ ਚਲੋ ਨੰਦ ਲਾਲਾ ਪਾਛੇ ਜੋ ਬੀਤੀ ਸੋ ਬੀਤੀ।*

ਬਿਹਾਰੀ ਜੀ ਦੀ ਵਾਰੀ ਆਉਂਦੀ ਹੈ, ਬਿਹਾਰੀ ਜੀ ਕਹਿੰਦੇ ਹਨ,

*ਆਸ਼ਕ-ਆਸ਼ਕ ਸਭ ਕੋਈ ਆਖੇ ਸਿਰ ਟੇਢੀ ਪਗੜੀ ਧਰਕੇ।*
*ਸਿਰੋਂ ਪਰੇ ਇਸ਼ਕ ਦਾ ਡੇਰਾ ਸਬ ਮੁੜ ਆਏ ਡਰਕੇ।*
*ਮਾਨ ਮਣੀ ਤੇ ਖੁਦੀ ਤਕੱਬਰ ਕੋਈ ਨ ਰਹਿਓ ਉਸ ਜਰ ਕੇ।*
*ਉਹ ਮਹਿਬੂਬਾਂ ਦੇ ਮਹਿਲ ਬਿਹਾਰੀ ਕੋਈ, ਬਿਰਲਾ ਪਹੁੰਚਾ ਮਰਕੇ।*

ਜਿੰਨਾਂ ਚਿਰ ਜਿਊਂਦਾ ਹੈ,

*ਮੁਰਦਾ ਹੋਏ, ਮਰੀਦ ਨ ਗਲੀਂ ਹੋਵਨਾ।*
*ਮੁਰਦਾ ਹੋਏ ਮਰੀਦ ਤਾਂ ਗੁਰ ਗੋਦ ਸਮਾਵੈ।*

ਗੁਰੂ ਰੂਪ ਗੋਦ ਦੇ ਵਿੱਚ ਤਾਂ ਸਮਾਉਂਦਾ ਹੈ ਜੇ ਮੁਰਦਾ ਹੋ ਜਾਏ। ਜੇ ਇਸਨੂੰ ਇਹ ਹੈ-ਇਉਂ ਨਹੀਂ ਚਾਹੀਦਾ, ਇਉਂ ਚਾਹੀਦਾ ਹੈ, ਇਹ ਗੱਲ ਨਹੀਂ, ਇਹ ਲੋਕ ਗੱਲਾਂ ਕਰਦੇ ਹਨ-*ਮਨ ਮੁਖ ਕਥਨੀ ਹੈ, ਪਰ ਰਹਿਤ ਨ ਹੋਈ*।

ਹਨੂਮਾਨ ਕਹਿੰਦਾ ਹੈ, ''ਓਏ ਇਹ ਮਣਕੇ ਮੇਰੇ ਕੰਮ ਦੇ ਨਹੀਂ ਓਏ।''

''ਕਿਉਂ ਨਹੀਂ ਕੰਮ ਦੇ?''

''ਇਹਨਾਂ ਤੇ ਰਾਮ ਨਹੀਂ ਲਿਖਿਆ ਹੋਇਆ।''

ਫੇਰ ਅਖੇ ''ਤੂੰ''

ਕਹਿੰਦਾ, ''ਮੈਂ ਆਪਣੀ ਦੇਹ ਵੀ ਨਾ ਰੱਖਾਂ ਜੇ ਇਹਦੇ ਵਿੱਚ ਰਾਮ ਨਾ ਹੋਵੇ''—ਐਉਂ ਕਰਕੇ ਹਨੂਮਾਨ ਨਹੁੰ ਨਾਲ ਫੜਕੇ ਚੰਮ ਪਾੜਦਾ ਹੈ, ਐਸ ਤਰ੍ਹਾਂ ਚਮੜਾ ਖੜਾ ਹੁੰਦਾ ਕਿਤੇ-ਕਿਤੇ ਤਸਵੀਰ ਬਣੀ ਹੈ, ਹਰ ਇੱਕ ਰੋਮ ਤੇ ਰਾਮ-ਰਾਮ ਲਿਖਿਆ ਹੈ।

ਭਾਈ ਸੱਜਣੋਂ ਮੇਰਾ ਫਰਜ਼ ਹੈ ਤੁਹਾਡੀ ਸਾਧ-ਸੰਗਤ ਦੀ ਸੇਵਾ ਵਿੱਚ ਅਰਜ਼ ਕਰਨੀ ਕਿ ਕੋਈ-ਕੋਈ ਸੱਜਣ, ਐਸੇ ਰਸਤੇ ਚਲਣਾ ਚਾਹੁੰਦੇ ਹਨ ਜਿਹੜੇ ਦੋ ਬੇੜੀਆਂ ਵਿੱਚ ਲੱਤ ਧਰਨੀ ਚਾਹੁੰਦੇ ਹਨ। ਕਦੇ ਦੋ ਬੇੜੀਆਂ ਵਿੱਚ ਲੱਤ ਧਰਕੇ ਕੋਈ ਆਦਮੀ ਪਾਰ ਨਹੀਂ ਹੋਇਆ। ਨਾਲੇ ਤਾਂ ਉਹ ਕੂਕੇ ਬਣਦੇ ਹਨ, ਨਾਲੇ ਪਾਤਸ਼ਾਹੀ ਦਸ ਕਹਿ ਕੇ ਅਰਦਾਸਾ ਕਰਦੇ ਹਨ। ਗੁਰੂ ਹਰੀ ਸਿੰਘ ਦਾ ਨਹੀਂ ਲੈਂਦੇ ਨਾਉ। ਤੁਸੀਂ ਇਹ ਗੱਲ ਦਸੋ ਬਈ, ਜਿਨ੍ਹਾਂ ਲੋਕਾਂ ਨੂੰ ਗੁਰੂ ਨਾਨਕ ਨੇ ਆਖਿਆ, ''ਇਹ ਮੇਰੇ ਥਾਂ ਅੰਗਦ ਹੋ ਗਿਆ, ਜਿਹਨੂੰ ਬਹਾ ਕੇ ਮੱਥਾ ਟੇਕ ਦਿੱਤਾ, ਜਿਹਨੇ ਗੁਰੂ ਅੰਗਦ ਨੂੰ ਨਹੀਂ ਮੰਨਿਆ-ਉਹਨੇ ਗੁਰੂ ਨਾਨਕ ਨੂੰ ਮੰਨ ਲਿਆ।'' ਜਦੋਂ ਗੁਰੂ ਹਰਕ੍ਰਿਸ਼ਨ ਨੇ ਕਿਹਾ, ''ਬਾਬਾ ਬਕਾਲੇ,'' ਜਿਹਨਾਂ ਨੇ ਬਾਬੇ ਬਕਾਲੇ ਨੂੰ ਨਾ ਮੰਨਿਆ, ਉਹਨਾਂ ਨੇ ਗੁਰੂ ਹਰਕ੍ਰਿਸ਼ਨ ਨੂੰ ਮੰਨ ਲਿਆ ? ਧਿਆਨ ਦਿਉਂ, ਧੀਰਮਲ ਕੋਲੋਂ ਬੀੜ ਗ੍ਰੰਥ ਸਾਹਿਬ ਜੀ ਦੀ ਸਿੱਖ ਖੋਹ ਲੈਂਦੇ ਹਨ। ਗੁਰੂ ਤੇਗ ਬਹਾਦਰ ਜੀ ਨੂੰ ਪਤਾ ਨਹੀਂ, ਤੁਰੇ ਜਾਂਦੇ ਹੁਕਮ ਦਿੰਦੇ ਹਨ, ''ਇਹ ਕਿਉ''।

ਕਹਿੰਦੇ ਜੀ, ''ਖੋਹ ਲਿਆਏ,''।

ਕਹਿੰਦੇ , ''ਜਾਓ ਵਾਪਸ ਦਿਓ।''

ਜਾ ਸਕਦੇ ਨਹੀਂ। ਉੱਥੇ ਸੁਨੇਹਾ ਭੇਜਦੇ ਹਨ-ਪੜ੍ਹੋ ਇਤਿਹਾਸ-ਬਿਆਸਾ ਦਰਿਆ ਨੂੰ ਕਹਿੰਦੇ ਹਨ, ''ਲੈ ਭਾਈ, ਇਹ ਅਸਾਡੀ ਅਮਾਨਤ ਹੈ, ਤੂੰ ਏਨਾ ਚਿਰ ਇਸਨੂੰ ਰੱਖਣਾ ਹੈ, ਅੱਠ ਪਹਿਰ ਜਾਂ ਸੋਲ੍ਹਾਂ ਪਹਿਰ।''

ਧੀਰਮਲ ਨੂੰ ਸੁਨੇਹਾ ਪਹੁੰਚਦਾ ਹੈ, ਅਠਵੇਂ ਪਹਿਰ ਜਦੋਂ ਉਹ ਆਉਂਦਾ ਹੈ, ਉਹ ਆ ਕੇ ਚੁੱਭੀਆਂ ਮਾਰਦੇ ਹਨ, ਸੱਤਾਂ ਪਾਤਸ਼ਾਹੀਆਂ ਦਾ ਅਰਦਾਸਾ-ਅੱਠਾਂ ਦਾ ਕਰਦਾ ਹੈ, ਨੌਵੀਂ ਦਾ ਨਾਂ ਨਹੀਂ ਲੈਂਦਾ, ਗ੍ਰੰਥ ਸਾਹਿਬ ਨਹੀਂ ਲੱਭਦਾ। ਉਹ ਕਿਸੇ ਨੇ ਕੋਲੋਂ ਕਿਹਾ, ''ਉਹ ਗੁਰੂ ਤੇਗ ਬਹਾਦਰ ਦਾ ਨਾਂ ਲਓ, ਉਹ ਜਿਹੜਾ ਗੱਦੀ ਦਾ ਮਾਲਕ ਹੈ''। ਜਿਸ ਵੇਲੇ ਨਾਂ ਲਿਆ ਤਾਂ ਉਹ ਬੀੜ ਲੱਭ ਆਈ, ਉਹਦੇ ਪੱਤਰੇ ਛਿੱਜੇ ਹੋਏ, ਲਾਂਭਾਂ ਤੋਂ ਗਲ ਗਏ ਹਨ-ਹਾਸ਼ੀਆ। ਸਤਿਗੁਰਾਂ ਦਾ ਜਿੱਥੇ ਨਾਂ ਆ ਜਾਏ ਉਹ ਚੀਜ਼ ਨਹੀਂ ਅੱਗ ਵੀ ਸਾੜਦੀ। ਮੈਨੂੰ ਇਹ ਚੰਗੀ ਤਰ੍ਹਾਂ ਪਤਾ ਹੈ, ਜਿਹੜਾ ਗ੍ਰੰਥ ਸਤਿਗੁਰਾਂ ਵਾਲਾ ਭਾਈ ਸੰਤੋਖ ਸਿੰਘ ਨੇ ਲਿਖਿਐ-ਸਤਿਗੁਰੂ ਰਾਮ ਸਿੰਘ ਦਾ—ਮੇਰੇ ਸਾਹਮਣੇ ਦੀ ਇਹ ਗੱਲ ਹੈ, ਮੈਨੂੰ ਹੋਸ਼ ਹੈ ਚੰਗੀ ਤਰ੍ਹਾਂ-ਉਹਨਾਂ ਨੇ ਇੱਕ ਝੁੱਗੀ ਪਾਈ ਹੋਈ ਸੀ, ਜਿਹੜਾ ਪਿਛਲਾ ਤਬੇਲਾ ਹੈ ਉਹਦੇ ਵਿੱਚ, ਜਿਥੇ ਹੁਣ ਖੂਹੀ ਲੱਗੀ ਹੈ-ਇੱਥੇ, ਅੱਗ ਲੱਗ ਗਈ। ਰੁੱਤ ਗਰਮੀ ਦੀ ਹੈ, ਗੁਰੂ ਹਰੀ ਸਿੰਘ ਜੀ ਆਏ, ਤਬੇਲੇ ਉੱਤੇ ਚੜ੍ਹ ਕੇ ਦੇਖ ਰਹੇ ਹਨ-ਅੱਗ ਲੱਗੀ ਨੂੰ, ਝੁੱਗੀ ਸੜ੍ਹ ਗਈ। ਸੰਤੋਖ ਸਿੰਘ ਪਿੱਟਦਾ ਹੈ, ''ਮੇਰੀ ਕਰੀ ਕਰਾਈ ਖੂਹ ਵਿੱਚ ਪੈ ਗਈ।'' ਝੁੱਗੀ ਸੜ ਜਾਂਦੀ ਹੈ। ਉਹ ਪੀਲਾ ਦਸਤਾਰਾ ਸਜਾ ਲੈਂਦੇ ਸੀ-ਸੰਤੋਖ ਸਿੰਘ, ਹੁਰੀਂ, ਕਿਉਂਕਿ ਨਾਮਧਾਰੀਆਂ ਵਿੱਚ ਪੀਲੇ ਦਸਤਾਰੇ ਦੀ ਕੋਈ ਮਨਾਹੀ ਨਹੀਂ ਹੈ, ਇਸ ਤਰ੍ਹਾਂ ਆਮ ਤੌਰ ਤੇ ਚਿੱਟਾ ਨਹੀਂ ਪੀਲਾ ਵੀ, ਉਹਨਾਂ ਦੀ ਉਹ ਪੱਗ ਜਲੀ ਹੋਈ ਦੇ ਐਨੇ-ਐਨੇ ਟੁਕੜੇ ਮੈਂ ਦੇਖੇ, ਰੁਮਾਲੀਆਂ ਜਿਹੀਆਂ। ਬਾਹਰ ਸੰਤੋਖ ਸਿੰਘ ਹੁਰੀਂ ਬੜੇ ਦੁਖੀ, ਗੁਰੂ ਹਰੀ ਸਿੰਘ ਜੀ ਕੋਠੇ ਉੱਤੇ ਖਲੋਤੇ-ਉਹ ਨਾ ਜਲਿਆ।

ਮੇਰੇ ਸਾਹਮਣੇ ਇੱਕ ਗੱਲ ਹੋਈ, ਭੈਣੀ ਸਾਹਿਬ ਵਿਚ ਕਿ ਭਾਈ

ਰਾਏ ਸਿੰਘ ਜੀ ਸਨ-ਉਹ ਰਾਏ ਸਿੰਘ ਨਹੀਂ ਜਿਹੜੇ ਹਜ਼ੂਰ ਸਾਹਿਬ ਗਏ। ਇਹ ਭਾਈ ਰਾਏ ਸਿੰਘ ਜੀ-ਖਟੜੇ ਨਗਰ ਦਾ ਜਨਮ ਸੀ—ਇਹਨਾਂ ਦਾ, ਕਾਰੀਗਰ ਸਿੱਖ ਸਨ। ਇਹਨਾਂ ਦੇ ਪੁੱਤਰਾਂ ਦੇ ਨਾਂ—ਇੱਕ ਦਾ ਨੱਥਾ ਸਿੰਘ ਸੀ, ਇੱਕ ਦਾ ਨਾਂ, ਕਰਮ ਸਿੰਘ, ਇੱਕ ਦਾ ਨਾਂ ਅਜੈਬ ਸਿੰਘ। ਉਹ ਛੋਟਾ ਜਿਊਂਦਾ ਹੈ ਅਜੇ, ਜਿਹੜਾ ਵਿਚਲਾ ਪੁੱਤਰ ਸੀ, ਕਰਮ ਸਿੰਘ ਉਹ ਬਹੁਤ ਸਿਦਕ ਵਾਲਾ ਸੀ। ਦੂਸਰੇ ਨੂੰ—ਸੰਤ ਸੂਰਤ ਸਿੰਘ ਜੀ ਸਤਿਗੁਰਾਂ ਦੇ ਵਿਚਕਾਰਲੇ ਦੋਹਤਰੇ ਸਨ, ਉਹ ਸਿੰਘ ਸਭਾ ਵੱਲ ਬਹੁਤ ਖਿਆਲ ਰੱਖਦੇ ਸਨ—ਉਹਨਾਂ ਦੇ ਉਹ ਕੁਛ ਨੇੜੇ ਲਗਦੇ ਸਨ। ਅਖੰਡ ਪਾਠ ਤੋਰਨ ਲੱਗੇ, ਭਾਈ ਰਾਏ ਸਿੰਘ ਨੇ ਪਾਤਸ਼ਾਹੀ ਦਸ ਕਹਿ ਕੇ ਅਰਦਾਸਾ ਕੀਤਾ, -ਗੁਰੂ ਹਰੀ ਸਿੰਘ ਜੀ ਦਾ ਨਾਂ ਨਹੀਂ ਲਿਆ, ਦੋ ਵੇਰ ਅਰਦਾਸਾ ਕੀਤਾ, ਦੋਵੇ। ਵੇਰ ਜੋਤ ਬੁਝ ਗਈ। ਇਹ ਮੇਰੇ ਅੱਖੀਂ ਵੇਖਣ ਦੀ ਗੱਲ ਹੈ, ਸਾਹਮਣੇ ਦੀ। ਉਹ ਪੁੱਤਰ ਉਹਦਾ ਬਾਹਰ ਨਿਕਲ ਕੇ-ਉਹ ਧੂਪੀਆ ਬੈਠਾ ਸੀ-ਉਹ ਲੜ ਪਿਆ, ਕਹਿੰਦਾ ਪਿਉ ਨੂੰ, ''ਕੰਜਰਾ, ਤੇਰੀ ਮਤ ਕਿਉਂ ਮਾਰੀ ਗਈ ਤੂੰ ਅਰਦਾਸ ਸਤਿਗੁਰਾਂ ਦਾ ਨਾਂ ਲੈ ਕੇ ਕਰ।''

ਜਿਸ ਵੇਲੇ ਅਰਦਾਸਾ ਕੀਤਾ, ਉਹ ਫਿਰ ਜੋਤੀ ਜਗੀ। ਇਹ ਮੈਂ ਕਿਸੇ ਵਾਸਤੇ ਨਹੀਂ ਕਹਿ ਰਿਹਾ, ਕੋਈ ਇੱਕ ਨੂੰ ਮੰਨਣ ਵਾਲਾ-ਉਹ ਵੀ ਸਾਡਾ ਹੀ ਹੈ, ਜਿਹੜਾ ਗੁਰੂ ਨਾਨਕ ਨੂੰ ਮੰਨਦਾ ਹੈ।

## ਸ਼ਬਦਾਰਥ

੧. ਸ਼ਕਤੀਆਂ ਵਾਲਾ – ਸੋਲਾਂ ਕਲਾਂ– (੧) ਗਿਆਨ (੨) ਧਿਆਨ (੩) ਸ਼ੁਭਕਰਮ (੪) ਹਠ (੫) ਸੰਜਮ (੬) ਧਰਮ (੭) ਦਾਨ (੮) ਵਿਦਿਆ (੯) ਭਜਨ (੧੦) ਸ਼ੁਭਧਰਮ (੧੧) ਜਤ (੧੨) ਅਧਯਾਤਮ (੧੩) ਦਇਆ (੧੪) ਨੇਮ (੧੫) ਚਤੁਰਤਾ (੧੬) ਨਿਰਮਲ ਬੁਧੀ

੨. ਅਨੇਕ

੩. ਪਰਗਟ ਹੋਇਆ ਹੈ

੪. ਕੋਈ ਵੀ

੫. ਅਰਬਾਂ ਦੀ ਗਿਣਤੀ ਤਥਾ ਕਈ ਅਰਬ

੬. ਅਨਗਿਣਤ ਸਮਾਂ

੭. ਪ੍ਰਿਥਵੀ

੮. ਅਕਾਸ਼

੯. ਪਾਰਬ੍ਰਹਮ ਦਾ ਹੁਕਮ ਹੀ ਵਰਤ ਰਿਹਾ ਸੀ

੧੦. ਲੱਖਾਂ ਵੇਰ, ਲੱਖਾਂ ਬਰਸ

੧੧. ਜਿਸ ਵਲ, ਜਦੋਂ

੧੨. ਲੱਖਾਂ ਬਾਹਾਂ (ਵਾਲੀਆਂ ਫੌਜਾਂ)

੧੩. ਅਫਗਾਨ ਰਾਜ ਸਮੇਂ ਦੇ ਸੂਬੇ ਦੀਪਾਲ ਦਾ ਪੂਰਬ ਭਾਗ ਜਾ ਘਾਘਰਾ ਨਦੀ (ਸਤਲੁਜ-ਬਿਆਸ ਦੀ ਸਾਂਝੀ ਧਾਰਾ) ਤੋਂ ਸਾਬੋ ਕੀ ਤਲਵੰਡੀ ਤਕ ਫੈਲਿਆ ਹੈ। ਇਸ ਦੀ ਦੱਖਣੀ ਬਾਹੀ ਬੀਕਾਨੇਰ ਰਿਆਸਤ ਨਾਲ ਉਤਰੀ ਮਲੇਰੀਆ ਦੇ ਇਲਾਕੇ ਦੇ ਤਿਹਾੜੇ ਨਾਲ ਮਿਲਦੀ ਸੀ ਮੁਗਲਰਾਜ ਵਿੱਚ, ਇਹ ਇਕ, ਡਿਵਿਯਨ (ਸਰਕਾਰ) ਸੀ; ਤੇ ਸੂਬਾ 'ਲਾਹੋਰ ਯਾ ਮੁਲਤਾਨ' ਦੇ ਅਧੀਨ ਹੁੰਦਾ ਸੀ।

੧੪. ਖੰਡੇ ਦਾ ਅੰਮ੍ਰਿਤ ਛਕਣ ਵਾਲੇ ਸਿੰਘ

੧੫. ਸੱਦਾ, ਸੰਦੇਸ਼ਾ, ਅਵਾਜ਼ਾ, ਬੁਲਾਵਾ

੧੬. ਮੱਝਾਂ ਚਾਰਨ ਵਾਲੇ ਭਾਵ 'ਗੁਰੂ ਸਾਹਿਬ' ਦਾ

੧੭. ਮੱਝਾਂ, ਗੁਰੂ ਕੇ ਪਿਆਰੇ ਸਿੰਘਾਂ ਨੇ

੧੮. (ਘਾਹ ਚਰਨਾ) ਛੱਡ ਦਿੱਤਾ– ਭਾਵ–ਘਰੋਗੀ ਕਾਰ ਵਿਹਾਰ ਵਿਸਾਰ ਦਿੱਤੇ।

੧੯. ਜੁਦਾਈ, ਵਿਜੋਗ, ਵਿਛੋੜਾ

੨੦. ਯਾਰ, ਦੋਸਤ

੨੧. ਸ਼ੁਕ੍ਰ ਗੁਜ਼ਾਰੀ, ਧੰਨਵਾਦ, ਕ੍ਰਿੱਤਗਤਾ।

## ਬੰਕੋਕ ੧੯-੯-੧੯੫੧

ਸਤਿਗੁਰੂ ਕਹਿੰਦੇ, ਨਾ ਭਾਈ, ਇਹ ਗੱਲ ਨਹੀਂ, ਕਲਯੁੱਗ ਦਾ ਜ਼ਮਾਨਾ ਹੈ, ਕਲਯੁੱਗ ਐਸਾ ਕਰੇਗਾ-ਮੇਰਾ ਹੀ ਸਰੂਪ ਧਾਰ ਲਏਗਾ, *ਮੇਰੇ ਵਾਂਗੂੰ ਹੀ ਤੁਰੇਗਾ, ਮੇਰੇ ਵਾਂਗੂੰ ਬੈਠੇਗਾ, ਮੇਰੇ ਵਾਂਗੂੰ ਕਰੇਗਾ।*

ਉਹ ਇਹੋ ਜਿਹੇ ਕੰਮ ਕਰੇਗਾ, ਜਿਹੜੇ ਲੋਕ ਅਨਜਾਣ ਹੋਣ-ਉਹ ਮਾਰੇ ਜਾਣਗੇ। ਜਿਹੜੇ ਜਾਣਨਗੇ ਕਿ ਸਤਿਗੁਰਾਂ ਦਾ ਰੂਪ ਤਾਂ ਬੇਸ਼ਕ ਹੈ-ਰਹਿਤ ਸਤਿਗੁਰਾਂ ਦੀ ਨਹੀਂ.........। ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ :-

*ਰਹਿਤ ਪਿਆਰੀ ਮੁਝ ਕਉ ਸਿਖ ਪਿਆਰਾ ਨਾਹਿ।*

### ਰਹਿਤ ਪਿਆਰੀ ਮੁਝ ਕਉ

ਇਹ ਆਦਮੀ ਉੱਤੋਂ ਦੇਖਣ ਵਾਸਤੇ ਇਕੱਠੇ ਦਿੱਸਦੇ ਹਨ—ਭਰਾ-ਭਰਾ, ਇਸਤਰੀ-ਪਤੀ, ਪੁੱਤਰ-ਪਿਤਾ—ਲੇਕਿਨ ਅੰਦਰ ਕਿਸੇ ਦਾ ਵੀ ਕਿਸੇ ਦੇ ਨਾਲ ਨਹੀਂ ਰਿਹਾ ਹੋਇਆ। ਮੈਂ ਅਰਜ਼ ਕੀਤੀ ਸੀ, ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ :-

*ਜਾਕੀ ਰਹਿਤ ਨਾ ਜਾਣੀਐ ਗੁਰ ਮੰਤ੍ਰ ਨਹੀਂ ਚੀਤ।*
*ਉਨਕਾ ਭੋਜਨ ਖਾਇਕੈ ਬਿਸਰੈ ਹਰਿ ਸਿਉ ਪ੍ਰੀਤ।*

—*ਜਹਾਂ ਕਹਾ ਕਾ ਛਕੈ ਪ੍ਰਸਾਦਿ।*
*ਸਿਖ ਨਹੀਂ ਮੇਰਾ ਆਦਿ ਜੁਗਾਦਿ।*

ਸੋ ਮੈਂ ਇਹ ਅਰਜ਼ ਕਰਦਾ ਹਾਂ—ਸਾਰਿਆਂ ਅੱਗੇ ਹੀ, ਕਿ ਭੱਖ, ਅਭੱਖ ਇਹ ਸ਼ਬਦ ਹਨ। ਇੱਕ ਅਭਖਸ਼ ਚੀਜ਼ਾਂ ਹਨ, ਇੱਕ ਭਖਸ਼ਣ ਵਾਲੀਆਂ ਹਨ, ਉਸ ਤੋਂ ਬਚਣਾ ਚਾਹੀਦਾ ਹੈ।

**ਲੋਭੀ ਜੰਤੁ ਨ ਜਾਣਈ,** ਸੱਚੇ ਪਾਤਸ਼ਾਹ ਲਿਖਦੇ ਹਨ ਗੁਰਬਾਣੀ 'ਚ—**ਭਖੁ ਅਭਖੁ ਸਭ ਖਾਇ।**

ਭਾਈ, ਤੁਹਾਡੇ ਉੱਤੇ ਮੈਨੂੰ ਮਾਣ ਹੈ-ਨਾਮਧਾਰੀਆਂ ਤੇ ਖਾਸ ਕਰਕੇ। ਮਾਣ ਤਾਂ ਮੈਨੂੰ ਸਾਰਿਆਂ ਉੱਤੇ ਹੀ ਹੈ-ਮੇਰੇ ਨਾਲ ਇੱਥੇ ਪ੍ਰੇਮ ਸਾਰੇ ਹੀ ਕਰਦੇ ਹਨ। ਮੇਰਾ ਖਿਆਲ ਹੈ, ਕੋਈ ਨਾਮਧਾਰੀਆਂ ਨਾਲੋਂ ਮੇਰੇ ਨਾਲ ਘੱਟ ਪਿਆਰ ਨਹੀਂ ਕਰਦਾ, ਔਰ ਮੈਂ ਵੀ ਇਹ ਚਾਹੁੰਦਾ ਹਾਂ ਕਿ ਬੇਸ਼ਕ ਮੇਰਾ ਮਜ਼੍ਹਬ ਨਾਮਧਾਰੀ ਹੈ, ਪਰ ਮੇਰਾ ਪਿਆਰ ਸਭ ਨਾਲ ਹੋਵੇ। ਜਿਸ ਤਰ੍ਹਾਂ ਇਸਤਰੀ, ਪਤੀ ਆਪਣੇ ਨੂੰ ਜਾਣ ਕੇ-ਕਿਸੇ ਨੂੰ ਦਿਓਰ, ਕਿਸੇ ਨੂੰ ਚਾਚਾ, ਕਿਸੇ ਨੂੰ ਭਰਾ, ਕਿਸੇ ਨੂੰ ਪੁੱਤਰ, ਕਿਸੇ ਨੂੰ ਪਿਤਾ ਜਾਣ ਕੇ-ਸੇਵਾ ਸਭ ਦੀ ਕਰਦੀ ਹੈ, ਪਤੀ ਭਾਵ ਉਹਦਾ ਆਪਣੇ ਪਤੀ 'ਚ ਚਾਹੀਦਾ ਹੈ, ਪਿਆਰ ਸਭ ਨਾਲ ਚਾਹੀਦਾ ਹੈ।

ਦੂਸਰੇ ਪਾਸੇ ਹੁਣ ਇਹ ਧਿਆਨ ਦੇਣ ਦੀ ਲੋੜ ਹੈ—ਇਹ ਮੈਂ ਕੱਲ੍ਹ ਵੀ ਤੁਹਾਨੂੰ ਅਰਜ਼ ਕਰੀ ਸੀ, ਕਿ ਤੁਹਾਡੇ ਘਰਾਂ 'ਚ ਚੌਂਕੇ-ਭਾਵੇਂ ਤੁਸੀਂ ਨਲਕੇ ਦੇ ਪਾਣੀ ਬਗੈਰ ਨਹੀਂ ਗੁਜ਼ਾਰਾ ਕਰਦੇ ਪਰ ਜਿਹੜਾ ਤੁਹਾਡਾ ਹੋਟਲਾਂ 'ਚ ਬਹਿ ਕੇ ਖਾਣਾ ਹੈ ਜਿੱਥੇ ਮਾਸ ਵਰਤਦਾ ਹੈ, ਜਿੱਥੇ ਤਮਾਕੂ ਪੀਂਦੇ ਨੇ, ਜਿੱਥੇ ਜੋ ਸ਼ਰਾਬ ਸਭ ਉੱਡਦੀ ਹੈ-ਉਨ੍ਹਾਂ ਲੋਕਾਂ ਦੇ ਹੱਥਾਂ ਤੋਂ ਜਿਹੜਾ ਕੁਝ ਤੁਸੀਂ ਖਾਂਦੇ ਹੋ ਇਹ ਐਸੀਆਂ ਚੀਜ਼ਾ ਹੁਣ ਹੋ ਗਈਆਂ ਹਨ—ਔਰੰਗਜੇਬ ਨੇ ਜ਼ਬਰਨ ਲੋਕਾਂ ਨੂੰ ਮੁਸਲਮਾਨ ਬਣਾਉਣਾ ਚਾਹਿਆ ਸੀ, ਅੰਗਰੇਜ਼ ਨੇ ਆ ਕੇ ਐਸੀਆਂ ਸਹੂਲਤਾਂ ਬਣਾ ਦਿੱਤੀਆਂ ਕਿ ਕੁਦਰਤੀ ਤੌਰ ਤੇ ਹੀ ਲੋਕ ਉਸ ਪਾਸੇ ਨੂੰ ਤੁਰ ਪਏ। ਹੁਣ ਇਹ ਕੋਕਾ ਕੋਲਾ ਤੁਸੀਂ ਪੀਂਦੇ ਹੋ, ਪਤਾ ਨਹੀਂ ਉਹਦੇ 'ਚ ਪਾਣੀ ਪਾਉਣ ਵਾਲਾ-ਚੂੜ੍ਹਾ ਹੈ, ਚਮਾਰ ਹੈ, ਮੁਸਲਮਾਨ ਹੈ, ਕੌਣ ਹੈ, ਉਹਨੂੰ ਮਾਸ ਵਾਲੇ ਹੱਥ ਲੱਗੇ ਹੋਏ ਨੇ, ਤਮਾਕੂ ਵਾਲੇ ਲੱਗੇ ਹੋਏ ਨੇ, ਉਹਨੂੰ ਕਾਹਦੇ ਵਾਲੇ ਲੱਗੇ ਹੋਏ ਨੇ।

ਮੈਂ ਅਰਜ਼ ਕਰਾਂ ਤੁਹਾਡੇ ਅੱਗੇ, ਨਾਮਧਾਰੀ ਸੰਗਤ ਜਦੋਂ ਕਦੇ ਕੋਈ ਦੀਵਾਨ ਕਰੇ, ਕੋਈ ਮੇਲਾ ਕਰੇ, ਕੋਈ ਕਿਸੇ ਦੀ ਸੇਵਾ-ਟਹਿਲ ਵਾਸਤੇ ਪ੍ਰਸਾਦਿ ਪਾਣੀ ਕਰੇ ਤਾਂ ਉਹਨੂੰ ਅੰਗਰੇਜ਼ੀ ਤਰੀਕੇ ਨਾਲ ਨਹੀਂ ਕਰਨਾ ਚਾਹੀਦਾ। ਤੁਸੀਂ ਤੇ ਇੱਕ ਬੀ ਮਾਤਰ ਰਹਿ ਗਏ ਹੋ ਹਿੰਦੁਸਤਾਨ ਦੀ ਸਭਿਅਤਾ। ਜੇ ਤੁਸੀਂ ਇਹ ਵੀ ਗਵਾ ਦਿਉ ਤਾਂ ਤੁਹਾਡਾ ਕੀ ਨਿਆਰਾਪਣ ਹੈ। ਪੱਗਾਂ ਕਈ ਪਾਰਸੀ ਤੁਹਾਡੇ ਵਰਗੀਆਂ ਬੰਨ੍ਹੀ ਫਿਰਦੇ ਨੇ; ਦਾੜ੍ਹੀਆਂ ਵੀ ਕਈ ਪਾਰਸੀਆਂ ਬਹੁਤੀਆਂ ਰੱਖੀਆ ਹੁੰਦੀਆ ਨੇ; ਦਾੜ੍ਹੀਆਂ ਕਈ ਮੁਸਲਮਾਨ ਤੁਹਾਡੇ ਨਾਲੋਂ ਵੱਡੀਆ-ਵੱਡੀਆ ਰੱਖੀ ਫਿਰਦੇ ਨੇ-ਤੁਹਾਡਾ ਨਿਆਰਾਪਣ ਇਹੀ ਹੈ ਕਿ ਤੁਹਾਡਾ ਖਾਣ ਪੀਣ ਹੈ, ''ਰਹਿਤ ਪਿਆਰੀ ਮੁਝ ਕਉ''-ਜਿਹੜਾ ਗੁਰੂ ਗੋਬਿੰਦ ਸਿੰਘ ਨੇ ਲਿਖਿਆ ਹੈ, ਸਤਿਗੁਰੂ ਰਾਮ ਸਿੰਘ ਨੇ ਕਿਹਾ ਹੈ। ਤੁਹਾਨੂੰ ਧਿਆਨ ਦੇਣਾ ਚਾਹੀਦਾ ਹੈ। ਭਾਵੇਂ ਮੈਂ ਵੀ ਤੁਹਾਨੂੰ ਕਿਸੇ ਵੇਲੇ ਇਹ ਗੱਲ ਆਖਾਂ ਕਿ ਲਓ, ਪੀ ਲਓ ਕੋਕਾ ਕੋਲਾ- ਤੁਸੀਂ ਇਸ ਗੱਲ ਦਾ ਖਿਆਲ ਰੱਖਣਾ, ਇਸ ਪਾਸੇ ਤੋਂ ਬਚਣਾ ਜਿੱਥੋਂ ਤਕ ਵਾਹ ਲੱਗੇ। ਇਹ ਖਾਸ ਗੱਲਾਂ ਹਨ ਕਰਨ ਵਾਲੀਆਂ।

## ਸੰਤਾਂ ਦੀ ਰੀਸ ਨਹੀਂ ਕਰਨੀ

ਜੇ ਕੋਈ ਸਾਧੂ ਮਹਾਤਮਾ ਦੇ ਵੱਲ ਦੇਖ ਕੇ, ਕੋਈ ਆਦਮੀ ਕੋਈ ਕੰਮ ਕਰਦਾ ਹੈ ਤਾਂ ਬੜੀ ਮੁਸ਼ਕਲ ਗੱਲ ਹੈ। ਮੈਨੂੰ ਇਹ ਗੱਲ ਯਾਦ ਹੈ, ਮਹਾਰਾਜਾ ਕਰਮ ਸਿੰਘ ਪਟਿਆਲੇ 'ਚ ਇੱਕ ਰਾਜਾ ਹੋਇਐ-ਬੜਾ ਸਖਤ ਸੁਭਾਅ ਦਾ ਸੀ, ਬੜਾ ਕਰੜਾ ਆਦਮੀ ਸੀ। ਉਨਾਂ ਦਿਨਾਂ ਵਿਚ ਬਨੂੜ ਇੱਕ ਪਿੰਡ ਹੈ, ਜਿਹੜਾ ਰਾਜਪੁਰੇ ਤੋਂ ਨਜ਼ਦੀਕ ਹੈ-ਉੱਥੇ ਇੱਕ ਫਕੀਰ ਸੀ, ਚੁੰਮੇਸ਼ਾਹ ਉਹਦਾ ਨਾਂ ਸੀ। ਕੋਈ ਲੜਕੀ ਵਿਆਹੀ ਆਉਂਦੀ ਨਵੀਂ, ਉਹ ਓਸਨੂੰ ਇੱਕ ਵਾਰੀ ਜੱਫੀ 'ਚ ਲੈਂਦਾ, ਮੂੰਹ ਚੁੰਮ ਲੈਂਦਾ, ਲੇਕਿਨ ਉਹਦੇ ਵਿੱਚ ਵਿਕਾਰ ਕੋਈ ਨਹੀਂ ਸੀ। ਉੱਥੇ ਬਣ ਗਏ ਸਾਡੇ ਵਰਗੇ ਸਾਰੇ ਹੀ। ਕੰਮ ਸ਼ੁਰੂ ਹੋ ਗਿਆ, ਲੱਗ ਪਏ ਜਿਹਦੀ ਲੜਕੀ ਆਵੇ...।

ਰਾਜੇ ਨੂੰ ਪਤਾ ਲੱਗਾ। ਰਾਜੇ ਨੇ ਉੱਥੇ ਜਾ ਕੇ ਡੇਰਾ ਲਾਇਆ।

ਉਹਨੇ ਸੱਦਿਆ ਸਾਰਿਆਂ ਨੂੰ, ''ਆਓ ਬਈ, ਕਿਹੜੇ-ਕਿਹੜੇ ਹਨ।'' ਸੌ, ਪੰਜਾਹ—ਇਕੱਠੇ ਹੋ ਗਏ। ਕਰਕੇ ਇਕੱਠੇ, ਇੱਕ ਬਗਲ 'ਚ ਦੇ ਲਏ। ਇੱਕ ਲੋਹੇ ਦੀ ਮੂਰਤ ਬਣਾ ਕੇ ਔਰਤ ਦੀ, ਉਹਦੇ ਦੁਆਲੇ ਲਾ ਦਿੱਤੇ —ਗੋਹੇ। ਉਹਨੂੰ ਭਖਾ ਦਿੱਤਾ, ਜਦੋਂ ਲਾਲ ਹੋ ਗਈ, ਕਹਿੰਦਾ, ''ਆਉ ਜ਼ਰਾ ਜਿਹੜਾ ਚੁੰਮੇਸ਼ਾਹ ਹੈ-ਇਹਨੂੰ ਚੁੰਮੇਂ।'' ਉਹੀ ਜਿਹੜਾ ਫਕੀਰ ਸੀ, ਉਹਨੇ ਉਸੇ ਤਰ੍ਹਾਂ ਜਾ ਕੇ ਜੱਫੀ ਪਾ ਲਈ-ਉਹਨੂੰ ਕੁਝ ਨਾ ਹੋਇਆ, ਦੂਜੇ ਫੜ ਕੇ ਜੇਲ੍ਹ ਵਿੱਚ ਦੇ ਦਿੱਤੇ ਕਿ ਸਭ ਬਦਮਾਸ਼ ਹਨ। ਸਾਧੂਆਂ ਦੀਆਂ ਗੱਲਾਂ ਨਾਲ ਸਾਨੂੰ ਕੋਈ ਤਅੱਲਕ ਨਹੀਂ।

ਗੁਰੂ ਗੋਬਿੰਦ ਸਿੰਘ ਜੀ ਨਾਲ-ਉਹਦਾ ਹੁਕਮ ਮੰਨਣ ਨਾਲ ਸਾਨੂੰ ਤਅੱਲਕ ਹੈ; ਉਹਦੀ ਖੇਡ ਨਾਲ ਸਾਡਾ ਕੋਈ ਤਅੱਲਕ ਨਹੀਂ। ਮੈਂ ਅਰਜ਼ ਕੀਤੀ ਸੀ ਕਿ ਹਜ਼ਾਰਾਂ ਜਾਨਵਰ ਮਾਰ ਲਿਆਏ। ਪੰਡਤ ਨੇ ਕਿਹਾ, ''ਤੁਸੀਂ ਪ੍ਰਯੋਗ ਕਰਦੇ ਸਓ, ਇਹ ਕਿਉਂ ਕੀਤਾ ?'' ਰੱਸੀਆਂ ਲਾਹ ਕੇ ਕਹਿੰਦੇ ਨੇ, ''ਜਾਓ''-ਉੱਡ ਗਏ।

ਕੀ ਸਾਡੇ ਵਿੱਚ ਹੈ ਤਾਕਤ ਕਿ ਜਾਨਵਰ ਦਾ ਇੱਕ ਪੈਰ ਵੀ ਬਣਾ ਸਕੀਏ ? ਗੁਰੂ ਦੀ ਖੇਡ ਗੁਰੂ ਨਾਲ ਹੈ। ਉਹ ਬੇਅੰਤ ਹੈ। ਸਾਧੂਆਂ ਸੰਤਾਂ ਦੀ ਕਿਸੇ ਗੱਲ ਵਿੱਚ ਆ ਕੇ, ਤੁਸੀਂ ਇਹ ਨਹੀਂ ਕਰਨਾ। ਸਾਧੂ ਦਾ ਕੁਝ ਨਹੀਂ ਵਿਗੜਦਾ। ਮੈਂ ਜਿਸ ਤਰ੍ਹਾ ਦੱਸਿਆ ਸੀ, ਉਹਨੇ ਲੋਹੇ ਨੂੰ ਵੀ ਚੁੰਮ ਲਿਆ-ਉਹਨੂੰ ਨਾ ਸੇਕ ਲਗਿਆ। ਅਸੀਂ ਲੋਕ ਕਦੇ ਇਸ ਗੱਲ ਵੱਲ ਸਾਧੂਆਂ ਦੀ ਗਏ ਹਾਂ ਕਿ ਸਾਧੂ ਕਿੰਨਾ ਚਿਰ ਬਹਿ ਕੇ ਭਜਨ ਕਰਦਾ ਹੈ ? ਉਹਦੀ ਬਿਰਤੀ ਕਿੰਨੀ ਉੱਚੀ ਹੋਈ ਹੋਈ ਹੈ ? ਉਹ ਕਾਮ, ਕ੍ਰੋਧ ਤੋਂ ਕਿੰਨਾ ਕੁ ਬਚਿਆ ਹੋਇਆ ਹੈ ? ਇਸੇ ਗੱਲ ਵੱਲ ਨਾਂ ਅਸੀਂ ਜਾਈਏ ਕਿ-ਕੀ ਖਾਂਦਾ ਹੈ ਸਾਧੂ, ਕੁਝ ਅਸੀਂ ਵੀ ਖਾ ਲਈਏ-ਬੜੀ ਤੁਹਾਡੀ ਜ਼ਰੂਰੀ ਚੀਜ਼ ਹੈ।

ਮੈਂ ਤੁਹਾਡੇ ਅੱਗੇ ਅਰਜ਼ ਕਰਨੀ ਸੀ—ਸਤਿਗੁਰਾਂ ਦੇ ਹੁਕਮ ਅਨੁਸਾਰ। ਮੈਂ ਦੱਸਦਾ ਹਾਂ ਕਿ ਸਾਡੇ ਇਲਾਕੇ ਵਿੱਚ ਇੱਕ ਆਦਮੀ ਆ ਗਿਆ। ਉਹਨੇ ਸਤਿਗੁਰਾਂ ਦੇ ਕਿਤੋਂ ਬਚਨ ਸੁਣ ਲਏ। ਸਾਡੇ ਬਹੁਤ ਸਾਰੇ ਆਦਮੀ ਉਹਦੇ

ਕੋਲ ਜਾਣ ਲੱਗ ਪਏ। ਜੁਆਨ ਮੁੰਡਾ ਸੀ, ਉਹਨੂੰ ਦਾੜ੍ਹੀ ਨਹੀਂ ਸੀ ਆਈ, ਕੇਸ ਸਿਰ ਤੇ ਸਨ। ਕਈ ਆਦਮੀ ਭਰਮ ਪਏ ਉਹਦੀ ਸ਼ਕਲ ਦੇਖ ਕੇ। ਸਾਨੂੰ ਉਹ ਗੱਲ ਯਾਦ ਸੀ। ਸੰਤ ਆਲ੍ਹਾ ਸਿੰਘ ਤੇ ਲਾਭ ਸਿੰਘ ਹੁਰੀਂ ਵੀ ਦੇਖਣ ਗਏ, ਭੈਣੀ ਸਾਹਿਬ ਨਿਮਾਣੀ ਦੇ ਮੇਲੇ-ਗੁਰਦੁਆਰੇ ਰਾਮ ਦਾਸ ਪੁਰੇ ਗਏ। ਉੱਥੋਂ ਛੇ ਸੱਤ ਕੋਹਾਂ ਤੇ ਘੁਡਾਣੀ ਇੱਕ ਪਿੰਡ ਹੈ, ਉੱਥੇ ਉਹ ਉੱਤਰਿਆ ਸੀ-ਖੈਰ ਇਹ ਸਿਆਣੇ ਸਨ, ਦੇਖ ਕੇ ਮੁੜ ਆਏ, ਬਹੁਤ ਆਦਮੀ ਭਰਮੇ। ਅਖੀਰ ਇਹੋ ਗੱਲ ਦੇਖੀ ਉਹਦੀ ਕਿ ਉਹ ਸਿਗਰਟ ਪੀਂਦਾ ਸੀ ਅਤੇ ਇੱਕ ਕਿਸੇ ਐਸੇ ਆਦਮੀ ਦੇ ਘਰ ਵਿੱਚ ਪੈਦਾ ਹੋਇਆ ਸੀ, ਜਿਹਦਾ ਕੋਈ ਚਾਲ ਚਲਣ ਠੀਕ ਨਹੀਂ ਸੀ। ਤਾਂ ਤੇ, ਕਈ ਗੱਲਾਂ ਐਸੀਆਂ ਆ ਜਾਂਦੀਆਂ ਹਨ-ਜਿਨ੍ਹਾਂ ਨੂੰ ਦੇਖ ਕੇ, ਜਿਨ੍ਹਾਂ ਵਿੱਚ ਪੈ ਕੇ-ਇੱਕ ਤੇ ਮਹਾਂਪੁਰਖ ਜਿਹੜੇ ਅੱਗ 'ਚ ਬਹਿ ਜਾਂਦੇ ਨੇ, ਉਹਨਾਂ ਨੂੰ ਸੇਕ ਨਹੀਂ ਲਗਦਾ, ਉਹ ਕੋਈ ਦੁੱਖ ਤਕਲੀਫ ਨਹੀਂ ਮੰਨਦੇ, ਅਸੀਂ ਉਨਾਂ ਦੀ ਰੀਸ ਨਹੀਂ ਕਰਨੀ, ਸਾਡਾ ਕੰਮ ਨਹੀਂ।

ਸਾਡਾ ਕੰਮ ਕੀ ਹੈ ? ਜਿਹੜੀ ਸਾਨੂੰ ਮਰਯਾਦਾ ਦੱਸੀ ਹੈ—ਪੜ੍ਹੋ ਉਸ ਜਨਮ ਸਾਖੀ ਨੂੰ। ਗੁਰੂ ਨਾਨਕ ਦੇਵ ਮਹਾਰਾਜ ਸਮੁੰਦਰ ਵਿੱਚ ਜਾ ਰਹੇ ਹਨ। ਬਾਲੇ ਨੂੰ ਕਿਹਾ, ''ਤੂੰ ਚੌਰੀ ਉੱਤੇ ਚੜ੍ਹ ਜਾ, ਭਜਨ ਕਰਦਾ ਜਾਹ।'' ਮਰਦਾਨੇ ਨੂੰ ਕਿਹਾ, ''ਤੂੰ ਰਬਾਬ ਦੀ ਸਵਾਰੀ ਕਰ ਲੈ, ਪਰ ਚਾਰ ਅੱਖਰ ਦਾ ਭਜਨ ਕਰਦਾ ਜਾਹ।'' ਆਪ ਮੌਜ ਦੇ ਮਾਲਕ ਸਨ, ਜੋ ਚਾਹੁਣ ਸੋ ਕਰਨ-ਉਹ ਓਅੰ ਸੋਹੰ ਕਰਦੇ ਸੀ ਜਾਂ ਓਅੰ ਕਰਦੇ ਸੀ-ਮੈਨੂੰ ਬੜੀ ਦੇਰ ਹੋ ਗਈ ਹੈ ਜਨਮ ਸਾਖੀ ਪੜ੍ਹੀ ਨੂੰ। ਮਰਦਾਨਾ ਅੱਗੇ ਹੋ ਕੇ ਦੇਖਦਾ ਹੈ। ਗੁਰੂ ਨਾਨਕ ਨੂੰ ਓਅੰ ਸੋਹੰ ਕਰਦੇ ਵੇਖਕੇ, ਮਰਦਾਨਾ ਵੀ ਓਅੰ ਸੋਹੰ ਦਾ ਜਾਪ ਕਰਨ ਲੱਗ ਪਿਆ ਤੇ ਉਹ ਡੁੱਬਣ ਲੱਗ ਪਿਆ। ਗੋਤੇ ਖਾਂਦੇ ਨੂੰ ਵੇਖ ਕੇ ਉਨ੍ਹਾਂ (ਗੁਰੂ ਨਾਨਕ ਦੇਵ ਜੀ) ਆਖਿਆ, ''ਮਰਦਾਨਿਆ ਤੈਨੂੰ ਚਾਰ ਅੱਖਰਾਂ ਦਾ ਭਜਨ ਦੱਸਿਆ ਹੈ।'' ਸਾਡਾ ਫਰਜ਼ ਹੈ, ਜਿਹੜਾ ਸਾਨੂੰ ਭਜਨ ਦੱਸਿਆ ਹੈ, ਜਿਹੜੀ ਸਤਿਗੁਰਾਂ ਦੀ ਸਾਨੂੰ ਮਰਯਾਦਾ ਦੱਸੀ ਹੋਈ ਹੈ, ਅਸੀਂ ਉਹਦੇ ਤੇ ਕਾਇਮ ਰਹਿਣ ਦੀ ਕੋਸ਼ਿਸ਼ ਕਰੀਏ। ਮੈਂ ਇੰਨੀ ਅਰਜ਼ ਤੁਹਾਡੇ

ਅੱਗੇ ਕਰਨੀ ਸੀ, ਇਹ ਮੈਂ ਕਰ ਦਿੱਤੀ ਹੈ।

ਹੁਣ ਕਥਾ ਦਾ ਪ੍ਰਸੰਗ ਜਿਹੜਾ ਥੋੜਾ ਬਹੁਤ ਹੋਵੇਗਾ, ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਅੰਮ੍ਰਿਤਸਰ ਗਏ ਹੋਏ ਹਨ। ਉੱਥੇ ਦੀਵਾਨ ਲੱਗਾ ਹੈ,

*ਦੋਹਰਾ।।ਗੁਰਪੁਰ ਸੇ ਯੌਂ ਦਰਸ ਹਿਤ ਲੋਗ ਸੈਂਕੜੇ ਆਇ।*

*ਮੇਰੇ ਬੈਠੇ ਹੀ ਤਬੈ ਇਹ ਤੀਨੋਂ ਤਹਿ ਆਇ।੧੭।*

ਭਾਈ ਹਰਮੀਤ ਸਿੰਘ ਜੀ ਕਹਿੰਦੇ ਹਨ, ਕਿ ਅੰਮ੍ਰਿਤਸਰ ਜੀ ਗੁਰੂ ਕੀ ਪੁਰੀ ਵਿੱਚ ਜਿੱਥੇ ਬਾਹਰ ਸਤਿਗੁਰੂ ਜੀ ਉੱਤਰੇ ਹੋਏ ਸਨ, ਬਹੁਤ ਸਾਰੀ ਸੰਗਤ ਆਉਂਦੀ ਸੀ। ਹਜ਼ਾਰਾਂ ਸੈਂਕੜੇ ਲੋਕ ਸ਼ਹਿਰ ਦੇ ਦਰਸ਼ਨਾਂ ਵਾਸਤੇ ਆਉਂਦੇ ਸੀ।

*ਡਿਪਟੀ ਦੀਨਾ ਨਾਥ ਸੁਤ ਤਹਿਸੀਲਦਾਰ ਲੈ ਸੰਗ।*

ਕਹਿੰਦੇ ਨੇ ਇੱਕ ਡਿਪਟੀ ਸੀ-ਦੀਨਾ ਨਾਥ ਉਹਦਾ ਨਾਂ ਸੀ; ਉਹਦਾ ਪੁੱਤਰ ਨਾਲ ਸੀ ਔਰ ਤਹਿਸੀਲਦਾਰ ਉਹਦੇ ਨਾਲ ਸੀ।

*ਬੂਟਾ ਸਿੰਘ ਦਿਵਾਨ ਜੋ ਲਵ ਪੁਰ ਛਾਪੇ ਰੰਗ।੧੮।*

ਲਾਹੌਰ ਦੇ ਬੂਟਾ ਸਿੰਘ ਜੀ-ਦਿਵਾਨ ਯਾ ਦੀਨਾ ਨਾਥ ਡਿਪਟੀ ਦਾ ਪੁੱਤਰ ਲਾਹੌਰ ਵਿੱਚ ਜਿੰਨ੍ਹਾ ਨੇ ਛਾਪਾਖਾਨਾ ਖੋਲ੍ਹਿਆ। ਮੈਨੂੰ ਇਹ ਗੱਲ ਯਾਦ ਹੈ ਕਿ ਸਭ ਤੋਂ ਪਹਿਲਾਂ ਪੱਥਰ ਦੇ ਛਾਪੇ ਵਿੱਚ ਜਿਹੜੀ ਗ੍ਰੰਥ ਸਾਹਿਬ ਜੀ ਦੀ-ਆਦਿ ਦੀ ਬੀੜ ਸੀ, ਉਹ ਬੜੀ ਲੰਮੀ ਸੀ। ਬੜੀ ਲੰਮੀ ਸੀ ਉਹਦੀ ਤਖਤੀ, ਮੈਂ ਉਹਦੇ ਦਰਸ਼ਨ ਕੀਤੇ ਹਨ। ਪਹਿਲੇ ਉਹ ਬੂਟਾ ਸਿੰਘ ਨੇ ਛਾਪੀ ਔਰ ਸਤਿਗੁਰਾਂ ਛਪਵਾਈ-ਬੜੀ ਸ਼ੁੱਧ। ਫਿਰ ਉਨ੍ਹਾਂ ਨੇ ਕਿਹਾ, ''ਭਾਈ, ਇਹ ਪੜ੍ਹਿਆ ਨਹੀਂ ਜਾਂਦਾ'', ਤੇ ਉਸ ਤੋਂ ਛੋਟਾ ਬਣਿਆ। ਦਿਵਾਨ ਬੂਟਾ ਸਿੰਘ ਦੀ ਬਾਬਤ ਅੰਗਰੇਜ਼ਾਂ ਦੇ ਕਾਗਜ਼ਾਂ ਵਿੱਚ ਇਹ ਚੀਜ਼ ਆਈ ਹੈ, ਇਹ ਕੂਕਾ ਹੈ ਔਰ ਇਹ ਕੂਕਿਆਂ ਦੀ ਮਦਦ ਕਰਦਾ ਹੈ, ਇਨ੍ਹਾਂ ਨੂੰ ਛਾਪ ਕੇ ਦਿੰਦਾ ਹੈ—ਕੁਛ।

*ਚੌਪਈ ਤੀਨੋ ਰਖ ਪ੍ਰਸਾਦਿ ਉਪਾਇਨ।*

ਤਿੰਨਾਂ ਨੇ ਭੇਟਾ ਰੱਖੀ ਸਤਿਗੁਰਾਂ ਦੇ ਅੱਗੇ।

*ਕਰੀ ਨਮੋ ਸਤਿਗੁਰ ਕੇ ਪਾਇਨ।*

ਸਤਿਗੁਰਾਂ ਦੇ ਚਰਣਾ ਉੱਤੇ ਨਮਸ਼ਕਾਰ ਕੀਤੀ।

*ਡਿਪਟੀ ਆਦਿ ਸਰਬ ਪਰ ਖੁਸੀ।*

ਡਿਪਟੀ ਆਦਿ ਸਾਰਿਆਂ ਉੱਤੇ ਸਤਿਗੁਰਾਂ ਖੁਸ਼ੀ ਕੀਤੀ।

*ਪੂਛਾ ਪ੍ਰਭੁ ਰਾਜ਼ੀ ਸਭ ਤੁਸੀ।੧੯।*

ਸਤਿਗੁਰ ਕਹਿੰਦੇ ਨੇਂ, ਭਾਈ ਤੁਸੀਂ ਸਭ ਰਾਜ਼ੀ ਖੁਸ਼ੀ ਹੋ ?,

*ਮਹਾਰਾਜ ਹੈ ਮਿਹਰ ਤੁਮਾਰੀ।*

ਕਹਿੰਦੇ ਨੇ-ਸੱਚੇ ਪਾਤਿਸ਼ਾਹ ! ਤੁਹਾਡੀ ਮਿਹਰ ਹੈ,

*ਬਿਨੈ ਸਹਿਤ ਯੋ ਸਭਨ ਉਚਾਰੀ।*

ਬੇਨਤੀ ਕਰਦੇ ਹਨ।

## ਆਸਾਮ ਦਾ ਰਾਜਾ

ਮੈਨੂੰ ਇੱਕ ਗੱਲ ਯਾਦ ਆ ਗਈ ਹੈ ਕਿ ਸਤਿਗੁਰੂ, ਸਿੱਖ ਨੂੰ ਖੁਸ਼ੀਆਂ ਦਿੰਦਾ ਹੈ, ਪਰ ਸਿੱਖ ਵੀ ਸਤਿਗੁਰੂ ਨੂੰ ਕਿਸੇ ਵੇਲੇ ਖੁਸ਼ੀਆਂ ਦਿੰਦਾ ਹੈ। ਇਹ ਪ੍ਰਸੰਗ ਗੁਰੂ ਗੋਬਿੰਦ ਸਿੰਘ ਦਾ ਢਾਡੀਆਂ ਦੀ ਜ਼ਬਾਨੀ ਮੈਂ ਸੁਣਿਐ। ਇਹ ਢੱਡ ਵਾਲੇ ਢਾਡੀ ਨਹੀਂ ਸਨ, ਉਹ ਰਬਾਬ ਨਾਲ ਵਾਰ ਗਾਉਂਦੇ ਸੀ—ਸੂਰਮਿਆਂ ਦੀ। ਆਸਾਮ ਵਾਲਾ ਰਾਜਾ, ਜਿਸ ਦੇ ਪਿਤਾ ਨੂੰ, ਗੁਰੂ ਤੇਗ ਬਹਾਦਰ ਸਾਹਿਬ ਨੇਂ ਜਿਸਦੇ ਘਰ ਪੁੱਤਰ ਨਹੀਂ ਸੀ—ਉਸਦੇ ਬਦਨ ਉੱਤੇ ਮੋਹਰ ਲਾਈ ਔਰ ਕਿਹਾ ''ਤੇਰੇ ਲੜਕੇ ਦੇ ਮਸਤਕ ਵਿੱਚ ਮੋਹਰ ਹੋਵੇਗੀ-ਸਾਡੀ।''

ਉਹ ਬੱਚਾ ਪੈਦਾ ਹੋਇਆ, ਸ਼ਾਇਦ ਨਾਂ ਉਹਦਾ ਰਤਨ ਰਾਏ ਹੋਵੇ, ਮੈਨੂੰ ਬਹੁਤ ਦੇਰ ਹੋਈ, ਮੈਂ ਭੁੱਲ ਜਾਨਾਂ, ਹੁਣ ਗੱਲ ਯਾਦ ਨਹੀਂ ਰਹਿੰਦੀ। ਜਿਸ ਵੇਲੇ ਕਿਸੇ ਦਿਨ ਸ਼ੀਸ਼ੇ ਨਾਲ ਪੱਗ ਬੰਨ੍ਹਣ ਲੱਗਾ ਤੇ ਦੇਖਦਾ ਹੈ, ''ਮੇਰੇ ਇੱਥੇ ਮੱਥੇ ਵਿੱਚ ਦਾਗ ਕੈਸਾ ਹੈ''? ਮਾਤਾ ਨੂੰ ਪੁੱਛਦਾ ਹੈ-ਪਿਤਾ ਚੜ੍ਹ ਗਿਆ ਹੈ।

ਮਾਤਾ ਕਹਿੰਦੀ ਹੈ, ''ਕਾਕਾ ! ਮੈਂ ਤਾਂ ਦੱਸਿਆ ਨਹੀਂ, ਇਸ ਤਰਾਂ ਕਿ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਇੱਥੇ ਆਏ ਸੀ। ਤੇਰੇ ਪਿਤਾ ਦੇ

ਘਰ-ਸਾਡੇ, ਔਲਾਦ ਨਹੀਂ ਸੀ। ਸਾਹਿਬਾਂ ਅੱਗੇ ਅਰਜ਼ ਕਰੀ। ਉਨ੍ਹਾਂ ਆਖਿਆ—''ਇਹ ਮੋਹਰ ਲਾਈ ਹੈ ਤੇਰੇ ਬਦਨ ਉੱਤੇ, ਤੇਰੇ ਪੁੱਤਰ ਦੇ ਮੱਥੇ 'ਚ ਹੋਵੇਗੀ—ਇਹ ਸਤਿਗੁਰਾਂ ਦੀ ਮੋਹਰ ਹੈ।''

ਕਹਿਣ ਲੱਗਾ, ''ਅੱਛਾ ! ਫਿਰ ਉਹ ਸੱਚੇ ਪਾਤਸ਼ਾਹ ਕਿੱਥੇ ਹਨ ?''

ਮਾਤਾ ਨੇ ਦੱਸਿਆ, ''ਅਨੰਦਪੁਰ ਸਾਹਿਬ ਹਨ। ਮੈਂ ਤਾਂ ਤੈਨੂੰ ਚਿੱਠੀ ਨਹੀਂ ਦਿਖਾਈ। ਹੋਲੇ ਦੀਆਂ ਅਰਦਾਸਾਂ ਆਈ ਹੋਈਆਂ ਸਨ—ਮੈਂ ਆਖਿਆ, ਖਬਰੇ ਜਵਾਨ ਮੁੰਡਾ ਹੈ, ਇਹਦੇ ਚਿਤ ਵਿੱਚ.............।'' ਅਮੀਰਤ ਵੀ ਬੜੀ ਇੱਕ ਚੀਜ਼ ਹੈ, ਕਿਸੇ ਵੇਲੇ ਇਹ ਐਸਾ ਦੁੱਖ ਦਿੰਦੀ ਹੈ। ਮਹਾਰਾਜ ਕਹਿੰਦੇ ਨੇ-

**ਮਾਇਆਧਾਰੀ ਅਤਿ ਅੰਨਾ[੧] ਬੋਲਾ[੨]।।**

*– ਮ: ੩, ਪੰਨਾ-੩੧੩*

ਅੰਨ੍ਹਾ ਬੋਲਾ ਨਹੀਂ, ਅਤਿ ਅੰਨ੍ਹਾ ਬੋਲਾ ਕਹਿੰਦੇ ਹਨ। ਮਸੀਹ ਨੇ ਵੀ ਇਹ ਗੱਲ ਕਹੀ ਹੈ, ''ਜਿਹੜੇ ਮਾਇਆਧਾਰੀ ਲੋਕ ਹਨ, ਉਹ ਮੈਨੂੰ ਰੱਬ ਦਾ ਪੁੱਤਰ ਨਹੀਂ ਜਾਣਦੇ।'' ਕ੍ਰਿਪਾ ਜਿਨ੍ਹਾ ਉੱਤੇ ਕਰੇ ਉਹਨਾਂ ਨੂੰ ਮਾਇਆ ਦੇ ਵਿੱਚ ਵੀ ਉਦਾਸ ਰੱਖ ਸਕਦਾ ਹੈ—ਇਹ ਉਹਦੀ ਖੇਡ ਹੈ।

ਰਾਜੇ ਨੇ ਕਿਹਾ, ''ਫੇਰ ਮੈਂ ਦਰਸ਼ਨ ਨੂੰ ਜਾਣਾ ਹੈ।'' ਕਿਆ ਉਸਨੇ ਲਿਆ-ਜਿਹੜੀਆਂ ਗੱਲਾਂ ਹੁਣ ਸਾਡੇ ਦੇਖਣ ਵਿੱਚ ਬਹੁਤ ਘੱਟ ਆਉਂਦੀਆਂ ਹਨ-ਇੱਕ ਭਾਈ ਪ੍ਰਸਾਦੀ ਹਾਥੀ, ਜਿਹੜਾ ਛੌਨਾ ਹਾਥੀ, ਬੜੇ ਛੋਟੇ ਕੱਦ ਦਾ, ਜਦੋਂ ਪੈਦਾ ਹੋਇਆ ਸੀ, ਰੁਪਈਏ ਜਿੰਨੀ ਸਫੈਦੀ ਮੱਥੇ ਉੱਤੇ ਸੀ। ਜਿਉਂ-ਜਿਉਂ ਉਮਰ ਚੜ੍ਹੀ ਤੇ ਪ੍ਰਸ਼ਾਦੇ ਜਿੰਨੀ ਹੋ ਗਈ ਅਤੇ ਨੱਕ ਉੱਤੇ ਚਿੱਟੀ ਲੀਕ ਸੀ ਔਰ ਬੜੇ ਮਧਰੇ ਕੱਦ ਦਾ ਸੀ। ਉਸ ਨੂੰ ਬੜਾ ਕੁਝ ਸਿਖਾਇਆ ਗਿਆ।

ਇੱਕ ਪੰਜ ਕਲਾ ਕਟਾਰ ਸ਼ਸਤਰ ਲਿਆ, ਜਿਸ ਨੂੰ ਪੰਜ ਕੁੰਜੀਆਂ ਲੱਗੀਆਂ ਹੋਈਆਂ ਸਨ। ਜੇ ਇੱਕ ਕੁੰਜੀ ਲਾਈ ਹੈ ਕਟਾਰ ਨੂੰ ਤੇ ਉਹਦੇ ਵਿੱਚੋਂ ਨਿਕਲ ਕੇ ਤਲਵਾਰ ਬਣ ਗਈ ਹੈ: ਫੇਰ ਦੂਸਰੀ ਲਾਈ ਹੈ, ਤਾਂ ਬਰਛੀ ਬਣ ਗਈ ਹੈ, ਤੀਸਰੀ ਲਾਈ ਹੈ ਤਾਂ ਉਹਦੇ ਵਿੱਚੋਂ ਤਮੰਚਾ ਬਣ ਕੇ ਚਲ ਗਿਆ ਹੈ, ਚੌਥੀ ਲਾਈ ਹੈ ਪੇਸ਼ ਕਬਜ਼ ਬਣ ਗਈ ਹੈ, ਪੰਜਵੀਂ

ਲਾਈ ਹੈ ਫੇਰ ਕਟਾਰ ਦੀ ਕਟਾਰ ਬਣ ਗਿਆ ਹੈ।

ਪੰਜ ਕਲਾ ਕਟਾਰ, ਭਾਈ ਪ੍ਰਸਾਦੀ ਹਾਥੀ-ਇੱਕ ਲਈ ਚੰਦਨ ਦੀ ਚੌਕੀ, ਜਿਹਦੇ ਵਿੱਚ ਪੁਤਲੀਆਂ ਲੱਗੀਆਂ ਹੋਈਆਂ ਹਨ। ਚਾਬੀ ਲਾ ਦਿੰਦੇ ਹਨ ਜਿਸ ਵੇਲੇ ਉੱਤੇ ਬੈਠ ਕੇ ਇਸ਼ਨਾਨ ਕਰੋ ਤਾਂ ਉਹ ਬਦਨ ਮਲਣ ਲੱਗ ਪੈਂਦੀਆਂ। ਇੱਕ ਜਰਕਸੀ ਜੜਾਊ ਤੰਬੂ-ਜਿਸ ਨੂੰ ਅੰਦਰ ਮੋਤੀਆਂ ਦੀਆਂ ਲੜੀਆਂ ਲਾ ਕੇ-ਸੋਨਾ ਜਰੀ ਲਾ ਕੇ, ਤੰਬੂ ਬਣਾਕੇ-ਗੁਰੂ ਸਾਹਿਬ ਵਾਸਤੇ-ਇੱਕ ਦਰਬਦਾਰ ਘੋੜਾ-ਇਹ ਚੀਜ਼ਾਂ ਮਹਾਰਾਜ ਦੇ ਵਾਸਤੇ ਆਈਆਂ। ਕਤਰੀ ਬਾਜ ਜਿਹੜਾ ਸਵਾ ਚਾਰ ਹਜ਼ਾਰ ਰੁਪਏ ਨੂੰ ਰਾਜੇ ਨੇ ਖਰੀਦਿਆ।

ਲੈ ਕੇ ਆਇਆ-ਹੋਲੇ ਦਾ ਦਿਨ ਲੰਘ ਗਿਆ-ਮਹੱਲੇ ਦੇ ਦਿਨ ਰਾਜਾ ਪਹੁੰਚਿਆ। ਸਤਿਗੁਰਾਂ ਨੇ ਡੇਰਾ ਲਵਾਇਆ। ਉਸ ਨੇ ਆਖਿਆ, ''ਸੱਚੇ ਪਾਤਸ਼ਾਹ ! ਮੈਂ ਪ੍ਰਸ਼ਾਦ ਫੇਰ ਛਕਾਂਗਾ, ਜੋ ਮੈਂ ਆਪ ਦੀ ਭੇਟਾ ਲਿਆਇਆ ਹਾਂ, ਜ਼ਰਾ ਆਪ ਲੈ ਲਵੋ।''

ਦੀਵਾਨ ਵਿੱਚ ਆ ਕੇ ਬੈਠਾ। ਰਾਜੇ ਸਭ ਆਏ ਹੋਏ ਸਨ ਪਹਾੜ ਦੇ, ਭੀਮ ਚੰਦ, ਹਰੀ ਚੰਦ ਵਗੈਰਾ। ਬਾਈ ਧਾਰ ਦੇ ਰਾਜੇ-ਵੇਖਣ ਵਾਸਤੇ ਹੋਲਾ ਆਏ ਹੋਏ ਸਨ। ਬੈਠੇ, ਲਿਆਂਦਾ-ਭਾਈ ਪ੍ਰਸ਼ਾਦੀ ਹਾਥੀ ਆਇਆ। ਕਹਿਣ ਲਗੇ, ''ਰਾਜਾ ! ਇਹ ਛੋਟੇ ਜਿਹੇ ਬੱਚੇ ਤੇ ਪਾ ਲਿਐ ਤੂੰ ਹੌਦਾ।''

ਕਹਿਣ ਲੱਗਾ, ''ਨਹੀਂ ਸੱਚੇ ਪਾਤਸ਼ਾਹ ! ਇਹ ਪਹਾੜ ਦਾ ਛੌਨਾ ਹਾਥੀ ਹੈ, ਛੋਟਾ ਕੱਦ ਹੈ।''

''ਫੇਰ ਕੀ ਗੱਲ ਹੈ।''

ਸੱਚੇ ਪਾਤਸ਼ਾਹ ! ਜਿਸ ਵੇਲੇ ਬੈਠੋਗੇ ਸਾਧ ਸੰਗਤ ਦੇ ਵਿੱਚ-ਸਾਧ ਸੰਗਤ ਦੇ ਜੋੜੇ ਝਾੜ ਕੇ ਰੱਖੇਗਾ, ਔਰ ਇਹ ਵੀ ਬਹਿ ਕੇ ਦੀਵਾਨ ਸੁਣੇਗਾ; ਤੁਹਾਡੇ ਪਿੱਛੇ ਖੜਾ ਹੋ ਕੇ ਚੌਰ ਕਰੇਗਾ; ਜਿਸ ਵੇਲੇ ਤੁਸੀਂ ਇਸ਼ਨਾਨ ਕਰਨ ਲੱਗੋਗੇ-ਗਾਗਰ ਫੜ ਕੇ ਜਲ ਦੀ ਉੱਤੇ ਪਾਵੇਗਾ; ਜਿਸ ਵੇਲੇ ਉੱਤੇ ਸਵਾਰੀ ਕਰਕੇ ਚਲੋਗੇ-ਖੁਦ ਮਸ਼ਾਲ ਮੂੰਹ ਵਿੱਚ ਫੜਕੇ ਚਲੇਗਾ-ਰਸਤੇ ਵਿੱਚ ਚਾਨਣ ਵੀ ਕਰਦਾ ਜਾਏਗਾ।''

ਸਾਰਾ ਕੁਝ ਦੇਖਿਆ। ਪੰਜ ਕਲਾ ਕਟਾਰ ਦਿਖਾਇਆ। ਜਲ

ਮੰਗਵਾਇਆ-ਸੱਚੇ ਪਾਤਸ਼ਾਹ ਨੇ ਅੱਜੇ ਹਾਥੀ ਦੀ ਸਵਾਰੀ ਨਹੀਂ ਕੀਤੀ, ਤੰਬੂ ਵਿੱਚ ਡੇਰਾ ਨਹੀਂ ਲਾਇਆ। ਬਾਜ ਜਿਹੜਾ ਹੈ - ਉਹ (ਗੁਰੂ ਗੋਬਿੰਦ ਸਿੰਘ ਜੀ) ਕਹਿੰਦੇ ਨੇਂ—ਇਹ ਛੋਟਾ ਜਿਹਾ ਬਾਜ !

(ਰਾਜਾ) ਕਹਿੰਦਾ, ''ਸੱਚੇ ਪਾਤਸ਼ਾਹ ਬਾਜ ਨਾਮੇ ਕਿਤਾਬ ਵਿੱਚ ਇਸਦਾ ਨਾਮ ਕਦਰੀ ਬਾਜ ਹੈ। ਇਸ ਨੂੰ ਛੱਡੋ ਕੂੰਜਾਂ ਦੀ ਡਾਰ ਉੱਤੇ। ਇੱਕ ਕੂੰਜ ਦੀ ਗੁੱਠ ਵਿੱਚ ਬਹਿ ਜਾਏਗਾ, ਸਾਰੀਆਂ ਦੇ ਪਰ ਕੁਤਰਦਾ ਜਾਏਗਾ, ਅਖੀਰਲੀ ਦੇ ਨਾਲ ਆਪ ਉਤਰ ਆਵੇਗਾ।''

ਤਾਂ, ਰਾਜਿਆਂ ਦੇ ਚਿਤ ਵਿੱਚ ਇਹ ਚੀਜ਼ ਆਈ-ਇਹ ਉਹ ਦਿਨ ਸੀ ਸਾਡੇ ਉੱਤੇ, ਅਫਸੋਸ ਹੈ ਅਸੀਂ ਝੂਠ ਬੋਲਣ ਲੱਗ ਪਏ ਹਾਂ। ਉਹ ਰਾਜਾ ਕਹਿੰਦਾ ਹੈ-ਹਰੀ ਚੰਦ ਉੱਠਕੇ—''ਇਹ ਝੂਠ ਬੋਲਦਾ ਹੈ, ਸਵਾ ਪੰਜ ਸੌ ਰੁਪਏ ਨੂੰ ਤੇ ਧੌਲੀ ਧਾਰ ਤੋਂ, ਚੰਬੇ ਤੋਂ ਚਿੱਟਾ ਬਾਜ਼ ਲੈ ਆਈਦਾ ਹੈ।''

ਹੁਣ ਰਾਜਾ (ਰਤਨ ਰਾਏ) ਕਹਿੰਦਾ ਹੈ, ''ਬਈ ਸਤਿਗੁਰਾਂ ਦੇ ਹਜ਼ੂਰ ਬੈਠੇ ਹਾਂ, ਕਿਤੇ ਮੇਰੇ ਕੋਲੋਂ ਲਾਂਭੇ ਹੋਵੇ, ਜਾਂ ਇਹ ਨਹੀਂ, ਜਾਂ ਮੈਂ ਨਹੀਂ, ਸਿਰ ਲਾਹ ਦਿਆਂ।''

ਮਹਾਰਾਜ ਨੇ-ਕਿਉਂਕਿ ਉਹ ਕਰਨ ਕਾਰਨ ਹਨ ਉਹ ਜੋ ਚਾਹੁਣ ਸੋ ਕਰਨ - ਰਾਜੇ ਦਾ ਜ਼ਰਾ ਕੁ ਦਿਲ ਢੱਠਾ। ਸਾਹਿਬਾਂ ਨੇ ਕ੍ਰਿਪਾ ਕੀਤੀ, ਕੂੰਜਾਂ ਬੁਲਾ ਲਈਆਂ। ਆ ਦੀਵਾਨ ਦੇ ਉੱਤੇ ਕੂੰਜ ਨੇ ਬੋਲੀ ਦਿੱਤੀ। ਕਰਲਾਉ-ਕਰਲਾਉ ਕਰਕੇ ਜਿਸ ਵੇਲੇ ਕੂੰਜ ਬੋਲੀ, ਬਾਜ ਨੇ ਮਾਰੀਆਂ ਫੜਕਾਂ—ਹੱਥ ਉੱਤੇ। ਰਾਜਾ ਖੁਸ਼ ਹੋਇਆ, ਕਹਿੰਦਾ, ''ਸੱਚੇ ਪਾਤਸ਼ਾਹ ! ਛੱਡੋ ਬਾਜ।''

ਮਹਾਰਾਜ ਨੇ ਬਾਜ ਛੱਡਿਆ। ਬਾਜ ਅੱਗੇ ਜਾ ਕੂੰਜ ਦੇ ਖਲੋਤਾ-ਡਾਰ ਦੇ। ਉਹ ਕਹਿੰਦੀ ਹੈ, ''ਮੇਰੇ ਪਰ ਜਿੰਨਾ ਹੈ, ਮੇਰਾ ਇਹਨੇ ਕੀ ਬਣਾਉਣੈ।'' ਉਹ ਡਰਦੀ ਨਹੀਂ, ਕੂੰਜ ਸਿੱਧੀ ਚਲੀ ਆਉਂਦੀ ਹੈ। ਉਹ ਜਿਉਂ ਲੱਗਾ ਹੈ ਇੱਕ ਪਾਸਿਉਂ ਇੱਕ-ਇੱਕ ਪਰ ਕੁਤਰਣ, ਕੂੰਜਾਂ ਦੀ ਸਾਰੀ ਡਾਰ ਦੀ ਡਾਰ ਕੁਤਰ ਕੇ ਪਿਛਲੀ ਕੂੰਜ ਦੇ ਨਾਲ ਆਇਆ, ਸਾਹਿਬਾਂ ਦੇ ਹੱਥ ਉੱਤੇ ਆ ਬੈਠਾ। ਮਹਾਰਾਜ ਕਹਿੰਦੇ, ''ਕੂੰਜਾਂ ਨਹੀਂ ਤੁਸਾਂ ਫੜਨੀਆਂ, ਇਹਨਾਂ ਪਹਾੜੀਆਂ ਨੂੰ ਲੈ ਲੈਣ ਦਿਉ।''

ਤਾਂ ਰਾਜਾ ਹਰੀ ਚੰਦ ਉਠ ਕੇ ਖੜਾ ਹੁੰਦਾ ਹੈ, ਉਹਨੂੰ ਭੀਮ ਚੰਦ ਕਹਿੰਦਾ ਹੈ, ''ਕੀ ਗੱਲ ਹੈ ?''

ਉਹ ਰਾਜਾ ਹਰੀਚੰਦ ਕਹਿੰਦੈ, ''ਮੇਰਾ ਇਹ ਪੰਜ ਕਲਾ ਕਟਾਰ ਤੇ ਚਿਤ ਚਲਾ ਗਿਆ ਹੈ।''

ਰਾਜਾ ਭੀਮਚੰਦ ਕਹਿੰਦਾ ਹੈ, ''ਫਿਰ ਤੇਰਾ ਪੰਜ ਕਲਾ ਕਟਾਰ ਤੇ ਚਿਤ ਚਲਾ ਗਿਆ ਹੈ, ਤਾਂ ਮੇਰੇ ਵਾਸਤੇ ਵੀ ਤੰਬੂ ਤੇ ਭਾਈ ਪ੍ਰਸਾਦੀ ਹਾਥੀ ਮੰਗ ਆਂਈ ਕਿ ਮੇਰੇ ਪੁੱਤਰ ਦਾ ਵਿਆਹ ਹੈ।''

ਰਾਜਾ ਹਰੀ ਚੰਦ ਉਠਦਾ ਹੈ—ਇੱਕ ਕਦਮ, ਦੋ ਕਦਮ, ਤਿੰਨ ਕਦਮ ਜਿਸ ਵੇਲੇ ਰਾਜਾ ਜਾਂਦਾ ਹੈ ਤਾਂ ਸਾਹਿਬ ਹੱਥ ਖੜਾ ਕਰਕੇ ਕਹਿੰਦੇ ਨੇ, ''ਓ ਰਾਜਾ ਹਰੀ ਚੰਦ ਖੜਾ ਹੋ ਜਾ, ਮੇਰੇ ਬੜੇ ਬੜੇ ਸ਼ਸਤਰਧਾਰੀ ਸਿੱਖ ਏਥੇ ਬੈਠੇ ਹਨ, ਤੂੰ ਇਨ੍ਹਾਂ ਨੂੰ ਉਲੰਘੀ ਤੁਰਿਆ ਆਉਂਦਾ ਹੈਂ।''

ਇਹ ਗੱਲ ਹੋਰ ਹੈ-ਅਸੀਂ ਲੋਕ ਨਹੀਂ ਇਹ ਸਮਝਦੇ, ਅਸੀਂ ਅਮੀਰਤ ਨੂੰ ਸਮਝਦੇ ਹਾਂ-ਉਹਨਾਂ ਨੇ ਗਰੀਬ ਨੂੰ ਉੱਚਾ ਚੁੱਕਿਆ। ਕਦੇ ਵੀ ਕੋਈ ਅਵਤਾਰ ਆਇਆ, ਕੋਈ ਮਹਾਂਪੁਰਖ ਆਇਆ—ਰਾਮ ਚੰਦਰ ਜੀ ਭੀਲਨੀ ਦੇ ਘਰ ਜਾ ਕੇ, ਰਿਸ਼ੀਆਂ ਨੂੰ ਵੀ ਪਿੱਛੇ ਸੁੱਟ ਦਿੱਤਾ। ਕ੍ਰਿਸ਼ਨ ਮਹਾਰਾਜ–-ਪੜ੍ਹੋ ਕਬੀਰ ਜੀ ਕਹਿੰਦੇ ਨੇ :-

**ਰਾਜਨ[3] ਕਉਨੁ ਤੁਮਾਰੈ ਆਵੈ॥**
**ਐਸੋ ਭਾਉ[4] ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ॥**
**ਹਸਤੀ ਦੇਖਿ[5] ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ॥**

*- ਪੰਨਾ-੧੧੦੫*

ਇਸ ਨੂੰ ਭਾਈ ਗੁਰਦਾਸ ਜੀ ਕਹਿੰਦੇ ਹਨ।

*ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ[6]।*
*ਘਰਿ ਅਸਾਡੇ ਛਡਿ ਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ[7]।*
*ਭੀਖਮੁ ਦ੍ਰੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ।*
*ਝੁੰਗੀ[8] ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰਿ ਧੁਖਾ[9]।*

*- ਵਾਰ ੧੦, ਪਾਉੜੀ ੭*

ਉਹ ਕੇਲਿਆਂ ਦੇ ਪੱਤੇ ਵਿਛੇ ਹੋਏ, ਔਰ ਐਨੀ ਤਾਕਤ ਵਾਲੇ ਕਿ ਜਿਹਨਾਂ ਕੋਲ ਪਾਉਣ ਨੂੰ ਲੂਣ ਨਹੀਂ ਹੈ, ਬਾਥੂ ਦਾ ਸਾਗ ਹੈ।

ਗੁਰੂ ਨਾਨਕ ਦੇਵ ਮਹਾਰਾਜ, ਮਲਕ ਭਾਗੋ ਨੂੰ ਛੱਡ ਕੇ ਇੱਕ ਕਿੱਲੇ ਘੜਣ ਵਾਲੇ ਤਰਖਾਣ ਦੇ ਘਰ ਜਾ ਬੈਠੇ; ਸੁਧਰ ਸੈਨ ਜੈਸੇ ਰਾਜੇ, ਕੰਵਲ ਨੈਣ ਜੈਸਿਆਂ ਨੂੰ ਛੱਡਕੇ ਇੱਕ ਝੰਡੇ ਬਾਢੀ ਮੰਜੀਆਂ ਠੋਕਦੇ ਕੋਲ ਜਾ ਬੈਠੇ। ਗੁਰੂ ਗੋਬਿੰਦ ਸਿੰਘ ਜੀ ਨੇ ਗਰੀਬਾਂ ਨੂੰ ਉੱਚੇ ਕੀਤਾ। ਮਾਤਾ ਜੀ (ਗੁਜਰੀ ਜੀ) ਕੋਲ ਰਾਜੇ ਜਾ ਕੇ ਕਹਿੰਦੇ ਹਨ, ''ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਬਣਾਇਆ ਹੈ, ਸਾਰੇ ਕਮੀਨ ਕਾਂਦੂਆਂ ਨੂੰ, ਜੱਟਾ, ਸੁਨਿਆਰਿਆਂ, ਛੀਂਬਿਆਂ, ਨਾਈਆਂ, ਘੁਮਿਆਰਾਂ, ਮਹਿਰਿਆਂ, ਲੁਹਾਰਾਂ ਨੂੰ ਲੱਗਾ ਹੈ ਛਕਾਉਣ। ਮਾਤਾ ਜੀ ਇਹਨੂੰ ਕਹੋ, ਅੰਮ੍ਰਿਤ ਛਤਰੀਆਂ ਨੂੰ ਦੇਵੇ।''

ਮਾਤਾ ਜੀ ਜਾ ਕੇ ਕਹਿੰਦੇ ਹਨ। ਅੱਗੋ ਉੱਥੇ –

**ਨ ਤਾਕੋ ਕੋਈ ਤਾਤ ਮਾਤੰ ਨ ਭਾਯੰ**

*– ਦਸਮ ਗ੍ਰੰਥ, ਪੰਨਾ-੪੦*

ਦੇਖਣ ਵਾਸਤੇ ਹੈ – ਲੋਕਾਂ ਦੇ। ਕਹਿੰਦੇ ਨੇ, ''ਜਾ ਗੁਜਰੀਏ ! ਉਜੜੀਏ ! ਤੂੰ ਨਹੀਂ ਇਹ ਸਮਝਦੀ।''

ਉਹ ਕਹਿੰਦੀ ਹੈ, ''ਮੈਂ ਪੋਤਰਿਆਂ ਨੂੰ ਗੱਦੀ ਤੇ ਬਹਾ ਦਿਆਂਗੀ।''

ਕਹਿੰਦੇ ਨੇ, ''ਜਾ ਮੈਂ ਪੋਤਰਾ ਰਹਿਣ ਹੀ ਕੋਈ ਨਹੀਂ ਦੇਣਾ''।

ਹੈ ਹੀ ਕੋਈ ਨਹੀਂ ਉਹਦਾ-ਸਾਰੇ ਹੀ ਉਹਦੇ ਹਨ। ਇੱਕ ਵਾਲਾ ਨਹੀਂ ਨ ਉਹ ਹੈ ਕਿ, ਤਿੰਨ-ਚਾਰ ਉਹਦੇ ਪੁੱਤ-ਪੋਤੇ ਹਨ ਤੇ ਹੋਰ ਕਿਸੇ ਦੇ ਨੇਂ—ਉਹ ਸਭ ਦਾ ਮਾਲਕ ਹੈ। ਮਹਾਰਾਜ ਕਹਿੰਦੇ ਹਨ, ''ਮਾਤਾ ! ਤੂੰ ਨਹੀਂ ਇਸ ਗੱਲ ਨੂੰ ਸਮਝਦੀ, ਇਹ ਰਾਜੇ ਸਾਨੂੰ ਇਹ ਕਹਿਣਗੇ—ਰਾਜ ਵੀ ਸਾਡੇ ਕੋਲ ਅੱਗੇ ਸੀ, ਭਾਗ ਵੀ ਸਾਡੇ ਕੋਲ ਅੱਗੇ ਸੀ, ਫੌਜਾਂ ਵੀ ਸਾਡੇ ਕੋਲ ਅੱਗੇ ਸੀ-ਆਹ ਸ਼ਰਬਤ ਦੀ ਚੁਲੀ ਗੁਰੂ ਨੇ ਦਿੱਤੀ ਸੀ, ਇਹਦਾ ਖਬਰੇ ਕਦੋਂ ਸਵਾਦ ਆਊ। ਇਹ ਜਿਹੜੇ ਗਰੀਬ ਹਨ, ਉਹ ਯਾਦ ਕਰਨਗੇ ਅਸੀਂ ਕੀ ਚੀਜ਼ ਸਾਂ, ਸਤਿਗੁਰੂ ਨੇ ਸਾਨੂੰ ਕਿੱਥੇ ਪਹੁੰਚਾਇਆ ਹੈ। ਇਹ (ਰਾਜੇ) ਨਹੀਂ ਅੰਮ੍ਰਿਤ ਦੇ ਲਾਇਕ।''

ਰਾਜਾ ਖੜਾ ਹੋ ਗਿਆ। ਰਾਜਾ ਕਹਿੰਦਾ ਹੈ, ''ਮਹਾਰਾਜ ! ਇਹ ਪੰਜ-ਸੱਤ ਚੀਜ਼ਾਂ ਤੁਹਾਡੇ ਪਾਸ ਅਨੂਪ ਆਈਆਂ ਹਨ, ਮੇਰਾ ਦਿਲ ਚਲਾ ਗਿਐ-ਇਹਨਾਂ ਉੱਤੇ। ਇਹ ਪੰਜ ਕਲਾ ਕਟਾਰ ਮੈਨੂੰ ਦੇ ਦਿਉ ਅਤੇ ਭਾਈ ਪ੍ਰਸਾਦੀ ਹਾਥੀ ਤੇ ਤੰਬੂ ਜਿਹੜਾ ਹੈ, ਇਹ ਭੀਮ ਚੰਦ ਰਾਜਾ ਮੰਗਦਾ ਹੈ, ਕਿ ਲੜਕੇ ਦੇ ਵਿਆਹ ਤੇ ਜਾਣਾ ਹੈ।''

ਮਹਾਰਾਜ ਕਹਿੰਦੇ ਨੇ, ''ਰਾਜਾ ! ਸਾਡੀ ਖੁਸ਼ੀ ਸਿੱਖ ਉੱਤੇ ਹੋ ਗਈ ਹੈ ਅਜੇ ਸਿੱਖ ਦੀ ਖੁਸ਼ੀ ਸਾਡੇ ਉੱਤੇ ਨਹੀਂ ਹੋਈ।''

ਫਿਰ, ਉਹ ਕਹਿੰਦਾ ਹੈ, ''ਕਿਸ ਤਰ੍ਹਾਂ ਭਲਾ ਤੁਹਾਡੀ ਤੇ ਖੁਸ਼ੀ ਹੋਈ।''

ਕਹਿੰਦੇ ਨੇ, ''ਅਸੀਂ ਚੜ੍ਹਾਂਗੇ ਹਾਥੀ ਉੱਤੇ ਤੇ ਚਲਾਂਗੇ ਬਾਹਰ।''

– – – – – – – – – – – – –

– – – – – – – – –

– – – – –

## ਸ਼ਬਦਾਰਥ

੧. ਗਿਆਨ ਵੈਰਾਗ ਰੂਪੀ ਅੱਖਾਂ ਤੋਂ ਬਿਨਾਂ

੨. ਨਿਸਚਾ ਤੇ ਵੀਚਾਰ ਰੂਪੀ ਕੰਨਾਂ ਤੋਂ ਬਿਨਾਂ

੩. ਹੇ ਰਾਜਾ

੪. ਪ੍ਰੇਮ

੫. ਹਾਥੀਆਂ, ਭਾਵ ਰਾਜ ਨੂੰ ਵੇਖ ਕੇ (ਦੁਰਯੋਧਨ)

੬. ਗੁਸੈਲਾ

੭. ਕੀ ਸੁਖ ਮਿਲਿਆ

੮. ਝੌਂਪੜੀ

੯. ਅੱਗ

# ਬੰਕੋਕ ੨੯-੧-੧੯੫੨

*ਦੋਹਰਾ।।*

*ੳਨਮ ਪੁਰਖ ਅਕਾਲ ਕੋ ਦੀਨ ਦਯਾਲ ਨਰਿੰਦ।*

*ਸ੍ਰੀ ਗੁਰੂ ਵਿਘਨ ਵਿਨਾਸ ਬਪੁ ਅਕ੍ਰੈ, ਅਮਰ ਕੁਨਿੰਦ।।੧।।*

*ਸ੍ਵੈਯਾ।।*

*ਗੁਰੂ ਨਾਨਕ ਦੇਵ ਕੋ ਨਾਮ ਜਪਯੋ ਸੁ ਕਲੇਵ੍ਰ ਕੇ ਦੁਖ ਦੂਰ ਭਏ।।*

*ਜਸ ਭਾਨ ਅਕਾਸ ਪਰਕਾਸ ਭਯੋ ਅਘ ਓਘ ਤਮੰ ਤਬ ਦੂਰ ਗਏ।।*

*ਤ੍ਰਕਿੰਦਨ ਪੀਰ ਜੋ ਹਿੰਦਨ ਕੇ ਗੁਰ ਰੰਕਹੁ ਕੋ ਅਵਨੀਸੁ ਕਏ।।*

*ਪਦ ਪੰਕਜ ਸੀਸ ਧਰੋ ਕਰ ਜੋਰ ਕੈ-*

ਉਸ ਗੁਰੂ ਨਾਨਕ ਦੇਵ ਅਕਾਲ ਪੁਰਖ ਨੇ, ਜੋ ਸਤਿਗੁਰੂ ਰੂਪ ਧਾਰਿਐ, ਮੈਂ ਉਹਦੇ ਚਰਨਾਂ ਕੰਵਲਾਂ ਉੱਤੇ ਹੱਥ ਜੋੜ ਕੇ ਸਿਰ ਧਰਦਾ ਹਾਂ।

*- ਕਾਟ ਅਘੰ ਮਮ ਮੋਖ ਦਏ।।੨।।*

ਮੇਰੇ ਪਾਪ ਕੱਟ ਕੇ, ਮੇਰੇ ਉੱਤੇ ਵੀ ਕ੍ਰਿਪਾ ਕਰੋ, ਮੇਰਾ ਕਲਿਆਣ ਹੋਵੇ।

*ਦੋਹਰਾ। ਯਾ ਭਵ ਮੈਂ ਵਿਪਰੀਤ ਮਤ ਭਵੇ ਨਾਰ ਨਰ ਨਾਹਿ।*

ਕਿਆ ਹੋਇਆ-ਇਸ ਧਰਤੀ ਉੱਤੇ ਲੋਕਾਂ ਦੀ ਬੁੱਧੀ ਭ੍ਰਿਸ਼ਟ ਹੋ ਗਈ। ਇਸਤਰੀਆਂ, ਪੁਰਸ਼ਾਂ ਔਰ ਨਾਹਿ-ਰਾਜੇ ਵੀ, *ਨਾਰ ਨਰ ਨਾਹਿ*-ਇਸਤਰੀਆਂ ਤੇ ਨਰ ਵੀ ਔਰ ਰਾਜੇ ਵੀ-ਗੁਰੂ ਨਾਨਕ ਦੇਵ ਨੇ ਕਿਹੈ-

**ਕਲਿ[1] ਕਾਤੀ[2] ਰਾਜੇ ਕਾਸਾਈ ਧਰਮੁ ਪੰਖ[3] ਕਰਿ ਉਡਰਿਆ।**
**ਕੂੜੁ[4] ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ[5] ਚੜਿਆ।**
**ਹਉ[6] ਭਾਲਿ ਵਿਕੁੰਨੀ ਹੋਈ। ਆਧੇਰੈ ਰਾਹੁ ਨ ਕੋਈ।**
**ਵਿਚਿ ਹਉਮੈ ਕਰਿ ਦੁਖੁ ਰੋਈ।।**

*– ਮ: ੧, ਪੰਨਾ–੧੪੫*

ਹੁਣ ਸਾਨੂੰ ਇਹੋ ਲੋੜ ਹੈ-ਮੈਂ ਕਹਿੰਦਾ ਹਾਂ-ਮੇਰੀ ਕੁਰਸੀ ਨਾ ਟੁੱਟੇ, ਦੂਜਾ ਕਹਿੰਦਾ ਹੈ-ਮੇਰੀ ਨਾ ਟੁੱਟੇ। ਮੈਂ ਕਹਿਨਾ ਹਾਂ-ਮੇਰੇ ਪੁੱਤ ਤੇ ਮੈਂ ਆਨੰਦ ਲਈਏ-ਸਾਰੀ ਸ੍ਰਿਸ਼ਟੀ ਮਰ ਜਾਏ। ਸ੍ਰਿਸ਼ਟੀ ਤੇ ਅਮਨ ਓਦਣ ਹੋਵੇਗਾ, ਜਿਦਣ ਸਾਰਿਆਂ ਵਿੱਚ ਗੁਰੂ ਦਾ ਰੂਪ ਦਿੱਸੇਗਾ, ਕਿਸੇ ਦਾ ਦੁੱਖ ਆਪਣਾ ਦੁੱਖ ਦਿੱਸੇਗਾ, ਜਿਤਨਾ ਚਿਰ ਲੋਕ ਪਰਉਪਕਾਰੀ ਨਹੀ ਬਣਨਗੇ, ਪਰ ਇਹਦੇ ਵਾਸਤੇ ਕੁਝ ਸਮੇਂ ਦੀ ਲੋੜ ਹੈ। ਪਹਿਲਾਂ ਹਨੇਰੀ ਆਉਂਦੀ ਹੈ, ਝਾੜੂ ਦਿੰਦੀ ਹੈ, ਚੁੱਕ ਦਿੰਦੀ ਹੈ, ਸਭ ਕੁਝ, ਦਰੱਖਤਾਂ ਦੀਆਂ ਜੜ੍ਹਾਂ ਵੀ ਪੁੱਟ ਦਿੰਦੀ ਹੈ ਬਹੁਤਿਆਂ ਦੀਆਂ, ਫੇਰ ਮੀਂਹ ਪੈਂਦਾ ਹੈ-

**ਆਂਧੀ ਪਾਛੇ ਜੋ ਜਲੁ ਬਰਖੈ।**[7]

*– ਗਉੜੀ ਕਬੀਰ ਜੀ, ਪੰਨਾ–੩੩੨*

ਉਹ ਚੜ੍ਹੀ ਹੋਈ ਹੈ, ਥੋੜੇ-ਥੋੜੇ ਬੁੱਲ੍ਹੇ ਆ ਕੇ ਕੋਈ-ਕੋਈ ਕੋਣੇ ਸਾਫ ਕੀਤੇ ਹਨ ਪਰ ਜ਼ਰਾ ਅਜੇ ਪੂਰੀ ਤਰ੍ਹਾਂ ਆਉਣ ਵਾਲੀ ਹੈ। ਹੁਕਮ ਹੈ-ਗੁਰੂ ਗੋਬਿੰਦ ਸਿੰਘ ਦਾ-ਸਾਰੀ ਸ੍ਰਿਸ਼ਟੀ-*ਰੌਲੀ ਪਵੈ, ਦੇਸ਼ ਸਭ ਰੁਲੈ।*

ਇੱਕ ਨਹੀਂ-ਦੇਸ਼ ਸਭ ਰੁਲੈ। ਰੁਲਿਆਂ ਦਾ ਹਾਲ ਜਾਣਦੇ ਹੋ, ਜੋ ਹੁੰਦਾ ਹੈ। ਜਿਹੜੇ ਆਏ ਨੇ ਓਧਰੋਂ (ਪਾਕਿਸਤਾਨ 'ਚੋਂ) ਉਹਨਾਂ ਨੂੰ ਪਤਾ ਹੈ, ਜਿਹੜੇ ਵਿਚਾਰੇ ਓਧਰੋਂ ਮਾਰ ਖਾਂਦੇ, ਧੱਕੇ ਖਾਂਦੇ ਆਏ ਨੇਂ, ਓਹਨਾਂ ਨੂੰ ਪਤਾ ਹੈ, ਦੇਸ਼ ਕਿਵੇਂ ਰੁਲਦਾ ਹੈ।

*ਦੇਖ ਦੂਖ ਨਿਜ ਦਾਸ ਕੋ* –

ਆਪਣੇ ਦਾਸਾਂ ਦਾ ਦੁੱਖ ਦੇਖ ਕਰਕੇ, ਸਤਿਗੁਰੂ –

*ਤਨ ਧਾਰੇ ਭਵ ਮਾਹਿ।*

-ਸ੍ਰਿਸ਼ਟੀ ਉੱਤੇ ਸਰੂਪ ਧਾਰਦੇ ਹਨ-ਆਪਣਾ।

*ਦੇਸ਼ ਜਬੈ ਹਿੰਦ ਲੋਕ ਮੈਂ ਬਧੇ ਅਧਰਮੀ ਲੋਕ।*

ਐਸ ਹਿੰਦ ਲੋਕ ਵਿੱਚ ਸਾਰੇ, ਦੇਸ਼ ਵਿੱਚ, ਜਦੋਂ ਅਧਰਮੀ ਲੋਕ ਵੱਧ ਗਏ, ਧਰਮ ਨਾ ਰਿਹਾ।

## ਗਊਆਂ ਦੀ ਹੱਤਿਆ

*ਗਊ ਗਰੀਬ ਅਤਿ ਹੀ ਦੁਖੀ ਭਏ ਪਿਖੇ ਸਹਿ ਸੋਕ।।੪।।*

ਗਊਆਂ ਨੂੰ ਦੁੱਖ-ਹੁਣ ਕੀ ਆਖੀਏ, ਕੁਛ ਕਹਿਣ ਦਾ ਵਕਤ ਨਹੀਂ ਰਿਹਾ। ਹਿੰਦੁਸਤਾਨ ਦੀ ਹਾਲਤ, ਮੁਸਲਮਾਨਾਂ ਦੇ ਜਾਣ ਤੋਂ ਬਾਅਦ ਗਊ ਦੀ ਬਾਬਤ ਮੈਂ ਅਰਜ਼ ਕਰਾਂ। ਬੜੀ ਕੋਸ਼ਿਸ਼ ਕੀਤੀ ਗਈ ਹੈ-ਗਿਆਰਾਂ ਆਦਮੀਆਂ ਦੀ ਗੌਰਮਿੰਟ ਹਿੰਦ ਨੇ ਇੱਕ ਕਮੇਟੀ ਬਣਾਈ, ਜਿਹਦੇ ਵਿੱਚ ਮੈਨੂੰ ਵੀ ਉਹਨਾਂ ਨੇ ਸੱਦਿਆ। ਉਹਦੇ ਵਿੱਚ ਦਸਾਂ ਆਦਮੀਆਂ ਦੀ ਇਹ ਰਾਇ ਸੀ ਕਿ ਫੌਰਨ ਗਊ ਬੱਧ ਬੰਦ ਹੋ ਜਾਣਾ ਚਾਹੀਦਾ ਹੈ। ਔਰ ਜ਼ਿਆਦਾ ਤੋਂ ਜ਼ਿਆਦਾ ਛੇ ਮਹੀਨੇ ਟਾਈਮ ਲੱਗਣਾ ਚਾਹੀਦਾ ਹੈ। ਇੱਕ ਆਦਮੀ ਕਹਿੰਦਾ ਸੀ ਕਿ ਜਿਹੜੇ ਅੱਛੇ ਜਾਨਵਰ ਹਨ, ਉਹ ਮਾਰੇ ਨਾ ਜਾਣ-ਦੂਜੇ ਮਾਰੇ ਜਾਣ, ਫਿਰ ਉਹ ਵੀ ਹਟ ਜਾਣ-ਮਾਰਨ ਤੋਂ। ਕੋਈ ਸੁਣਾਈ ਨਹੀਂ, ਦੋ ਢਾਈ ਸਾਲ ਹੋ ਗਏ-ਮੈਨੂੰ ਤਰੀਕ ਨਹੀਂ ਯਾਦ ਰਹੀ।

ਪੰਜਾਬ ਇੱਕ ਮੁਲਕ ਹੈ, ਕਿਸੇ ਕਵੀ ਨੇ ਲਿਖਿਆ ਸੀ—ਮੇਰੇ ਦੇਸ਼ ਜਿਹਾ ਕੋਈ ਦੇਸ਼ ਨਹੀਂ। ਸਭ ਤੋਂ ਵੱਡਾ ਮੇਰੇ ਦੇਸ਼ ਨੂੰ ਇਹ ਮਾਣ ਹੈ, ਕਿ ਕਲਜੁਗ ਵਿੱਚ ਜਿੰਨੇ ਰੂਪ ਧਾਰੇ ਨੇ ਉਹ ਮੇਰੇ ਹੀ ਦੇਸ਼ ਦੇ ਹਨ। ਪੰਜਾਬ ਵਿੱਚ ਹੀ ਗੁਰੂ ਨਾਨਕ ਨੇ ਆਪਣਾ ਪ੍ਰਕਾਸ਼ ਕਰਕੇ ਸਾਰੇ ਰੂਪ ਧਾਰੇ ਹਨ। ਫੇਰ ਪੰਜਾਬ ਜੈਸੀ ਗਊ ਤੇ ਮੱਝ ਨਹੀਂ ਮਿਲਦੀ ਕਿਤੇ-ਹਿੰਦੁਸਤਾਨ ਸਾਰੇ ਵਿੱਚ। ਹੁਣ ਉੱਥੇ ਕੀ ਹੋ ਰਿਹਾ ਹੈ ? ਪੰਜਾਬ ਦੇ ਹੋ ਗਏ ਟੁਕੜੇ-ਦੋ। ਦੋ ਨਸਲਾਂ ਗਾਂਈਂ ਦੀਆਂ ਦਾ-ਇੱਕ ਥਾਰ ਪਾਰਕਰ ਜਿਹਨਾਂ ਨੂੰ ਕਹਿੰਦੇ ਸੀ, ਕੋਟੇ ਸੀਵੀ ਵੱਲ ਦੀਆ, ਉਹ ਵੀ ਮੈਂ ਵੀਹ-ਵੀਹ ਸੇਰ ਪੱਕੇ ਦੁੱਧ ਵਾਲੀਆਂ ਗਊਆਂ ਦੇਖੀਆਂ ਹਨ-ਚਿੱਟੇ ਰੰਗ ਦੀਆਂ। ਦੂਜੀਆਂ ਸਨ ਸਿੰਧੀ। ਸਿੰਧੀ ਛੋਟੇ ਕੱਦ ਦੀਆਂ ਗਊਆਂ ਪੰਦਰਾਂ ਸੇਰ, ਸੋਲ੍ਹਾਂ ਸੇਰ, ਵੀਹ ਸੇਰ ਦੁੱਧ

ਦਿੰਦੀਆਂ ਸਨ। ਤੀਸਰੀ ਨਸਲ ਸੀ ਸਾਹੀਵਾਲ ਜਿਸ ਨੂੰ ਕਹਿੰਦੇ ਸਨ, ਉਹ ਵੀ ਗਾਂਈਆਂ-ਬਾਈ (੨੨), ਤੇਈ (੨੩) ਸੇਰ ਦੁੱਧ ਦੀਆਂ ਵੀ ਦੇਖੀਆਂ। ਉਹ ਤਿੰਨ ਨਸਲਾਂ ਓਧਰ (ਪਾਕਿਸਤਾਨ 'ਚ) ਖਤਮ ਹੋ ਗਈਆਂ। ਉਹ ਤੇ ਇਧਰ ਨਹੀਂ ਮਿਲਦੀਆਂ ਹਿੰਦੁਸਤਾਨ ਨੂੰ, ਨਾਂ ਪੰਜਾਬ ਨੂੰ। ਇੱਕ ਨਸਲ ਮਹੀਆਂ ਦੀ ਸੀ - ਨੀਲੀ, ਜਿਹਨਾਂ ਦੇ ਪੈਰ ਚਾਰੇ ਤੇ ਮੱਥਾ ਸਫ਼ੈਦ ਹੁੰਦਾ ਤੇ ਅੱਖਾਂ ਚਿੱਟੇ ਰੰਗ ਦੀਆਂ ਬਿੱਲੀਆਂ ਹੁੰਦੀਆਂ, ਉਹ ਵੀ ਓਧਰ ਰਹਿ ਗਈਆਂ।

ਏਧਰ ਰਹਿ ਗਈਆਂ ਅਸਲੀ ਨਸਲਾਂ ਦੋ-ਇੱਕ ਨਸਲ ਹਰਿਆਣਾ, ਜਿਹੜੀ ਹਿਸਾਰ ਤੇ ਰੋਹਤਕ ਦੇ ਇਲਾਕੇ ਵਿੱਚ ਗਊਆਂ ਦੀ, ਤੇ ਮੁਰ੍ਹਾ ਨਸਲ ਉਸਨੂੰ ਕਹਿੰਦੇ ਨੇ-ਮੱਝੀ ਦੀ। ਹੁਣ ਇਹਨਾਂ ਦਾ ਹਾਲ ਸੁਣ ਲਓ। ਸਾਰਾ ਜ਼ੋਰ ਪੰਜਾਬ ਗੌਰਮਿੰਟ ਨੂੰ ਲਾਇਆ, ਸਾਰਾ ਸੈਂਟਰ ਨੂੰ ਲਾਇਆ ਕਿ ਕਮ ਸੇ ਕਮ ਇਹ ਜਿਹੜੇ ਦੁੱਧ ਦੇਣ ਵਾਲੇ ਜਾਨਵਰ ਨੇ, ਇਹਨਾਂ ਦੇ ਉੱਤੇ ਤੇ ਕੋਈ ਪਾਬੰਦੀ ਲਾਉ। ਜੇ ਕਿਸੇ ਸੂਬੇ ਨੂੰ ਲੋੜ ਹੈ, ਤੁਸੀਂ ਲਿਖ ਕੇ ਦਿਉ, ਗੌਰਮਿੰਟ ਕੋਲੋਂ ਮੰਗ ਕੇ ਲਿਜਾਵੇ, ਉਹਨਾਂ ਨੂੰ ਸਾਂਭ ਕੇ ਰੱਖੇ। ਹੁਣ ਇਹਨਾਂ ਦਾ ਕੀ ਹਾਲ ਹੈ ? ਮੈਂ ਦੱਸਾਂ ਤੁਹਾਨੂੰ, ਜੇ ਚੰਗੀ ਗਊ ਲੈਣ ਜਾਈਏ ਪੰਜ ਸੌ ਰੁਪਏ ਤੋਂ ਉੱਤੇ ਮਿਲੇਗੀ, ਜਿਹਦੇ ਹੇਠ ਦੁੱਧ ਦਸ ਤੋਂ ਬਾਰਾਂ ਸੇਰ ਹੋਵੇਗਾ, ਜੇ ਮਹਿੰ ਚੰਗੀ ਭਾਲੋ ਤਾਂ ਹਜ਼ਾਰ ਰੁਪਏ ਤੋਂ ਮਿਲੇਗੀ ਜਿਹੜੀ ਅਠਾਰਾਂ ਕੁ ਸੇਰ ਦੁੱਧ ਦਿੰਦੀ ਹੈ ਔਰ ਉਹ ਵੀ ਇਉਂ ਨਹੀਂ ਰੋਹਤਕ ਦੇ ਜ਼ਿਲ੍ਹੇ 'ਚ ਜਾਈਏ ਤੇ ਇੱਕ-ਇੱਕ ਪਿੰਡ 'ਚ ਏਨੀਆਂ ਮਿਲ ਜਾਂਦੀਆਂ ਸਨ, ਜਿੰਨੀਆਂ ਚਾਹੀਏ। ਮੈਂ ਤਿੰਨ ਸਾਲ ਫਿਰ ਕੇ ਦੋ ਮਹੀਂਆਂ ਖਰੀਦੀਆਂ। ਮੋਟਰ ਲੈ ਕੇ ਪਿੰਡ 'ਚ ਫਿਰ ਕੇ, ਪੰਜ ਚਾਰ ਗਊਆਂ ਇਕੱਠੀਆਂ ਕੀਤੀਆਂ, ਜਿਹਨਾਂ ਨੂੰ ਸ਼ੁੱਧ ਹਰਿਆਣਾ ਨਸਲ ਦੀਆਂ ਅਸੀਂ ਕਹਿ ਸਕੀਏ।

ਹੁਣ ਹੋ ਕੀ ਰਿਹਾ ਹੈ ? ਉਹ ਲੋਕ ਵਿਚਾਰੇ ਗਰੀਬ, ਪੱਛਮੀ ਪੰਜਾਬ 'ਚੋਂ ਆਏ ਨੇ ਮਰਦੇ। ਉਹ ਕਰਦੇ ਕੀ ਨੇ-ਜਿਹਦੇ 'ਚ ਚਾਰ ਪੈਸੇ ਬਚ ਜਾਣ, ਉਹ ਕੰਮ ਕਰੀਏ। ਉਹ ਖਰੀਦਦੇ ਨੇ ਪਿੰਡਾਂ 'ਚੋਂ ਜਾ ਕੇ-ਗਾਈਆਂ ਨੂੰ। ਵੇਚਣ ਵਾਲਿਆਂ ਨੂੰ ਪੰਜਾਹ ਵਾਲੀ ਦੇ ਸੱਤਰ ਮਿਲ ਗਏ ਤਾਂ ਉਹ

ਹੀ ਦੇ ਦਿੰਦਾ ਹੈ। ਅਗੋਂ ਕਾਲ ਪੈਂਦੇ ਨੇ, ਪੱਠਾ ਨਹੀਂ ਲੱਭਦਾ ਉੱਕਾ। ਉਹ ਲਿਆਉਂਦਾ ਹੈ ਸ਼ਹਿਰ 'ਚ। ਸ਼ਹਿਰ 'ਚ ਸੱਤਰਾਂ ਵਾਲੀ ਦਾ ਸਵਾ ਸੌ ਵੱਟ ਲੈਂਦਾ ਹੈ। ਅੱਗੋਂ ਸਾਡੇ ਹੀ ਭਰਾ ਨੇ ਜਿਹੜੇ ਮਦਰਾਸ, ਕਲਕੱਤਾ, ਬੰਬਈ, ਲਿਜਾ ਰਹੇ ਹਨ। ਉਹਨਾਂ ਨੂੰ ਉੱਥੇ ਜਾ ਕੇ ਡੂਢ ਸੌ (੧੫੦) ਵਾਲੀ ਦਾ ਤਿੰਨ ਸੌ, ਮਿਲ ਜਾਂਦਾ ਹੈ। ਉੱਥੇ ਫਿਰ ਹੁੰਦਾ ਕੀ ਹੈ, ਕਿਸ ਤਰ੍ਹਾਂ ਇਹ ਜਾਨਵਰ ਖਤਮ ਹੋ ਰਿਹਾ ਹੈ ? ਜੋ ਅੱਛਾ ਜਾਨਵਰ ਹੈ ਉਹ ਦੋ ਸੌ, ਢਾਈ ਸੌ ਜਾਂ ਇਸ ਤੋਂ ਜ਼ਿਆਦਾ-ਰੋਜ਼ ਦਾ ਕਲਕੱਤੇ 'ਚ, ਏਨਾਂ ਹੀ ਬੰਬਈ 'ਚ, ਏਨਾਂ ਹੀ ਮਦਰਾਸ ਵਿੱਚ, ਕਤਲ ਹੋ ਰਿਹਾ ਹੈ। ਜਦੋਂ ਉਹ ਦੁੱਧੋਂ ਭੱਜ ਜਾਂਦੀਆਂ ਹਨ-ਬੱਚੇ ਤਾਂ ਉਹ ਰਾਹ 'ਚ ਮਾਰ ਦਿੰਦੇ ਨੇ ਵਪਾਰੀ ਲਿਆਉਣ ਵਾਲੇ, ਕਿਉਂਕਿ ਉਹਨਾਂ ਨੂੰ ਦੁੱਧ ਪਿਆਉਣਾ ਪੈਂਦਾ ਹੈ। ਉਹ ਇੱਥੇ ਲਿਆ ਕੇ ਵੇਚਦੇ ਨੇ, ਜਦੋਂ ਦੁੱਧ ਪੂਰਾ ਹੋ ਜਾਂਦਾ ਹੈ। ਉਹ ਮਾਸ ਖਾਣ ਵਾਲੇ ਉਹਨੂੰ ਦੋ-ਢਾਈ ਸੌ ਨੂੰ ਲੈ ਲੈਂਦੇ ਨੇ, ਜੇ ਕੋਈ ਦੂਜਾ ਰੱਖੇ ਉਹਦੇ ਸਿਰ ਤੇ ਪੱਠਿਆਂ ਦਾ ਜ਼ੋਰ ਪੈਂਦਾ ਹੈ। ਗੌਰਮਿੰਟ ਕੋਈ ਇੰਤਜ਼ਾਮ ਨਹੀਂ ਕਰਦੀ, ਕਿ ਇਨ੍ਹਾਂ ਨੂੰ ਮੋੜਕੇ ਉੱਥੇ ਹੀ ਪਹੁੰਚਾਇਆ ਜਾਏ, ਤਾਕਿ ਉੱਥੇ ਜਾਕੇ ਫੇਰ ਇਹ ਸਾਡੀ ਨਸਲ ਰਹਿ ਜਾਏ। ਇਹ ਹਾਲਤ ਹੈ ਐਸ ਵੇਲੇ ਡੰਗਰਾਂ ਦੀ ਔਰ ਵੱਡੇ-ਵੱਡੇ ਲੀਡਰ, ਇਹ ਪਾਸ ਕਰਦੇ ਨੇ ਕਮੇਟੀਆਂ 'ਚ ਬੈਠ ਕੇ ਕਿ ਲੋਕਾਂ ਨੂੰ, ਜਿਹੜੇ ਨਹੀਂ ਖਾਂਦੇ ਉਨ੍ਹਾਂ ਨੂੰ ਡੰਗਰ ਖਾਣ ਦੀ ਆਦਤ ਪਾਉਣੀ ਚਾਹੀਦੀ ਹੈ-ਜਿਹੜੇ ਨਿਕੰਮੇ ਡੰਗਰ ਨੇ ਉਹ ਕੰਮ ਆਉਣ। ਇਹ ਹੈ ਹਿੰਦੂ ਦਾ ਮੁਲਕ-ਹਿੰਦੁਸਤਾਨ।

ਕੋਈ ਹਿੰਦੂ ਦਾ ਅਰਥ ਕੁਛ ਕਰੇ, ਮੈਂ ਹਿੰਦੂ ਦਾ ਅਰਥ ਇਹ ਸਮਝਿਆ ਹੈ ਕਿ 'ਹਿੰਸਾ ਸੇ ਜੋ ਰਹੇ ਦੂਰ'—ਜੋ ਨਾ ਕਰੇ ਹਿੰਸਾ। ਪਰ ਹੁਣ ਬਣਿਆ ਕੀ ਹੈ ? ਇਹ ਸਮੇਂ ਦਾ ਫੇਰ ਹੈ।

## ਸਿੱਖੀ ਦੀ ਨਿੱਘਰਦੀ ਦਸ਼ਾ

ਗਿਆਨ ਸਿੰਘ ਗਿਆਨੀ ਜੀ ਨੇ ਜ਼ਮਾਨੇ ਦਾ ਬਦਲ ਸਦਲ ਲਿਖਦਿਆਂ ਸਿੱਖ ਪੰਥ ਦੀ ਹਾਲਤ ਲਿਖੀ ਹੈ:-

*ਨਿਜ ਤਿਯ ਤਜ ਕੁਲਟਾ ਵਿਭਚਾਰਨ ਮੰਡਿਓਂ ਸੰਗ ਰਮੈ ਹੈਂ ਜੇ।*
*ਤਿਨ ਕੇ ਸੰਗੀ ਬਾਦ ਫਿਰੰਗੀ, ਬਹੁਤ ਨਾਮਰਦ ਥਵੈ ਹੈਂ ਜੇ।*
*ਸਿੰਘ ਸੁਨਹਿਰੀ ਕਬਜੇ ਵਾਰੇ ਤਿਨੈ ਮਸਖਰੀ ਲੋਗ ਕਰੈਂ।*
*ਸਰਮ ਹਿਆਉ ਸੁਕਰਮ ਧਰਮ ਤਜ, ਪੈ ਕੁਕਰਮ ਮੈ ਸੋਉ ਮਰੈਂ।*
*– ਪੰਥ ਪ੍ਰਕਾਸ਼*

ਆਪਣੀਆਂ ਔਰਤਾਂ ਛੱਡ ਕੇ, ਕੰਜਰੀਆਂ–ਮੁੰਡੇ ਸਿੱਖਾਂ–ਰੱਖੀਆਂ। ਫਿਰ, ਉੱਥੋਂ ਹੋਇਆ ਉਹਨਾਂ ਨੂੰ ਆਤਸ਼ਕ, ਉਹ ਫਿਰ ਤੁਰ ਨਹੀਂ ਸਕਦੇ। ਮੱਖੀਆਂ ਝੱਲਦੇ ਨੇ ਤਾਂ ਉਨ੍ਹਾਂ ਦਾ ਨਾਮ ਸਿੰਘ ਦਾ ਕਬਜ਼ਾ ਸੁਨਿਹਰੀ[੮] ਹੋਇਆ ਹੋਇਆ ਹੈ। ਇਹ ਮਖੌਲ ਬਣਿਆ ਹੋਇਆ ਸਿੱਖਾਂ ਵਾਸਤੇ। ਕੀਤਾ ਕੀ ਉਹਨਾਂ ਨੇ–ਛੱਡ ਦਿੱਤੀ ਬਾਣੀ ਪੜ੍ਹਨੀ।

*ਜਾਗ ਜਿਨਕੇ ਬਡੇਰੇ ਬਾਣੀ ਪੜਤੇ ਸਵੇਰੇ।*
*ਗੁਰੂ ਗ੍ਰੰਥ ਬਿਨ ਹੇਰੇ ਅੰਨ ਜਲ ਪਾਣ ਨ ਕਰੈਂ।*
*ਤਿਨਹੀ ਕੇ ਨਾਤੀ ਧੂਪ ਦੀਪ ਕੀ ਕਹਾ ਬਖਿਆਤੀ,*
*ਪਾਏ ਹੈ ਨ ਙਾਤੀ ਮੂਸ ਖਾਤ ਗ੍ਰੰਥ ਜੇ ਪਰੈਂ।*
*ਜਪੁਜੀ ਨ ਰਹਿਰਾਸ ਪਢੈਂ ਸੁਨੈ ਕਬੀ ਖਾਸ,*
*ਔਰ ਜੋ ਪੜਤ ਪਾਸ ਹਾਸ ਤਿਨ ਯੌਂ ਰਰੈ।*
*ਕਹਾਂ ਰੱਬ ਬਹਿਰਾ ਹੈ ਗਹਿਰਾ ਪੁਕਾਰੈ ਜੌ ਤੂੰ।*
*– ਪੰਥ ਪ੍ਰਕਾਸ਼*

ਰੱਬ ਬੋਲਾ ਹੈ–ਉਸਨੂੰ ਪੜ੍ਹਕੇ ਸੁਣਾਉਂਦਾ ਹੈ ਤੂੰ। ਇਹ ਹਾਲਤ ਹੋਈ। ਫੇਰ ਕਹਿੰਦੇ ਨੇ, *ਕਈ ਬਾਰ ਪਾਰੈ–ਕਈ ਦਾੜ੍ਹੀ ਪਾੜਦੇ ਨੇ।*

*ਕਈ, ਓਚੈਂ ਨਾਕ ਨੋਚੈਂ ਮੋਚਨੇ ਲੈ।*

ਅੱਜ ਕੱਲ੍ਹ ਇਹਨਾਂ ਲੋਕਾਂ ਨੂੰ ਮੋਚਨੇ ਨਾਲ ਪੁੱਟਣ ਦੀ ਲੋੜ ਹੀ ਨਹੀਂ, ਦਵਾਈਆਂ ਇਹੋ ਜਿਹੀਆਂ ਬਣ ਗਈਆਂ, ਜਿੱਥੇ–ਜਿੱਥੇ ਮਰਜ਼ੀ ਹੈ ਉੱਥੇ–ਉੱਥੇ ਲਾ ਦਿੰਦੇ ਨੇ–ਸਾਡੇ ਸਿੱਖ ਭਰਾ, ਮੁੱਛਾਂ ਦੇ ਹੇਠ ਭੀ ਏਥੇ–ਏਥੇ ਇੱਕੋ ਜਿਹਾ ਬਣਾਉਣ ਨੂੰ, ਇਹ ਥਾਂ, ਹੇਠਲੀ ਗੱਲ ਦਾ ਤਾਂ ਸਾਨੂੰ ਪਤਾ ਨਹੀਂ ਹੈ–ਕੀ ਹਾਲ ਹੈ, ਨਾ ਮਾਈਆਂ ਦਾ, ਨਾ ਭਾਈਆਂ ਦਾ।

– *ਕੋਊ ਦਾੜੈ, ਹੀ ਉਖਾੜੈਂ, ਹਾਥ ਮਾਥ ਪੈ ਚਲਾਏ ਹੈਂ*–ਮੁੱਛਾਂ ਦੇ ਹੇਠਾਂ ਚੂੰਡਾਂ ਕੱਢਦੇ ਹਨ।

*ਸਿਖਨ ਕੇ ਪੂਤ, ਮਜਬੂਤ ਸਿੰਘ ਨਾਮ ਵਾਰੇ,*
*ਹਾਏ ਵੇ ਕਸਾਈ ਰਹੇ ਸਿਖੀ ਗਊ ਘਾਇ ਹੈਂ।*

–ਕਸਾਈ ਬਣ ਗਏ ਸਿੱਖਾਂ ਦੇ ਪੁਤ।

ਜਦੋਂ ਲੋਕਾਂ ਦੀ ਹਾਲਤ ਵਿਗੜੀ, ਸੰਤਾਂ ਦੀ ਰੱਖਿਆ ਦੇ ਵਾਸਤੇ ਗੁਰੂ ਨਾਨਕ ਦੇਵ ਸਾਹਿਬ ਪ੍ਰਕਾਸ਼ ਕਰਦੇ ਹਨ। ਜੇ ਗੁਰੂ ਨਾਨਕ ਦਾ ਹੱਡ ਚੰਮ ਦਾ ਸਰੀਰ ਹੁੰਦਾ ਤੇ ਜਦੋਂ ਹਿੰਦੂ-ਮੁਸਲਮਾਨ ਦਾ ਰੌਲਾ ਪਿਆ ਸੀ ਤਾਂ ਉੱਥੇ ਹੱਡ ਚੰਮ ਦੀ ਥਾਂ ਨਿਰੀ ਚਾਦਰ ਹੀ ਕਿਉਂ ਮਿਲੀ ? ਨਾਨਕ ਦੀ-ਇਹ ਮਨੁੱਖੀ ਦੇਹ ਨਹੀਂ, ਦੇਖਣ ਵਾਸਤੇ ਰਚ ਲਈ। ਓਹ ਅ-ਜਾਪ ਹੈ, ਨਿਰ-ਅੰਜਨ ਹੈ, ਇਹ ਉਹਦੀ ਮਾਇਆ ਹੈ।

*ਸਵੈਯਾ।।*

*ਦੇਸ਼ ਮਲੇਛ ਅਪਾਰ ਬਢੇ ਨਹਿੰ ਲੇਸ ਧਰੰਮ ਰਹਿਓ ਕਹੁੰ ਬੀਰਾ।*

ਸੁਣੋ ਭਾਈ ਸੱਜਣੋ, ਸਾਡਾ ਨਾਓ ਸਿੱਖ ਰਹਿ ਗਿਆ ਹੈ, ਨਿਰਾ ਅੰਮ੍ਰਿਤ ਛਕ ਕੇ, ਖੰਡੇ ਧਾਰੀ ਬਣ ਕੇ, ਕਿਰਪਾਨਾਂ ਫੜ ਕੇ, ਮਾਲਾ ਫੜ ਕੇ ਤੇ ਕੁਛ ਨਹੀਂ ਬਣਨਾ। ਸਾਡਾ ਕਰਮ ਨਹੀਂ ਠੀਕ ਰਿਹਾ, ਕਿਉਂਕਿ ਅੰਦਰ ਧਰਮ ਨਹੀਂ ਰਿਹਾ। ਧਰਮ ਤੋਂ ਬਗੈਰ ਸਿੱਖ ਨਹੀਂ ਬਣਦਾ, ਸਿੱਖ ਦਾ ਕਰਮ ਨਹੀਂ ਰਿਹਾ। ਜਿੰਨਾ ਚਿਰ ਆਤਮਾ ਬਲਵਾਨ ਨਹੀਂ ਹੁੰਦੀ, ਓਨਾ ਚਿਰ ਕਰਮ ਨਹੀਂ ਬਣਦਾ।

*ਪਾਪ ਘਨੇ, ਤੁਰਕਾਨ ਕਰੇ*

*–ਤੁਰਕਾਂ ਨੇ ਪਾਪ ਬਹੁਤ ਕੀਤੇ।*

*ਮਗ ਛੋਡ ਦਯੋ ਸੁ ਪਿਕੰਬਰ ਪੀਰਾ*

–ਲੋਕਾਂ ਨੇ ਪੀਰਾਂ ਦਾ ਤੇ ਪੈਗੰਬਰਾਂ ਦਾ ਮੱਤ ਛੱਡ ਦਿੱਤਾ,

*ਫੈਲ ਦੁਰੱਤ ਕਮੱਤ ਗਯੋ*

–ਜਿਹੜਾ ਦੁਰੱਤ ਦਾ ਕੁਮੱਤ ਪੁਣਾ ਸੀ, ਉਹ ਸ੍ਰਿਸ਼ਟੀ ਉੱਤੇ ਫੈਲ ਗਿਆ।

*ਕੋ ਨ ਪਛਾਨਤ ਹੈ ਪਰ ਪੀਰਾ*

–ਦੂਸਰੇ ਦੀ ਪੀੜ ਨੂੰ ਕੋਈ ਨਹੀਂ ਪਛਾਣਦਾ।

ਸਾਡੇ ਚਿਤ ਵਿੱਚ ਇਹ ਚੀਜ਼ ਹੈ ਕਿ ਮੈਨੂੰ ਦਸ ਹਜ਼ਾਰ ਰੁਪਈਆ ਮਿਲ ਗਿਆ ਹੈ, ਕਦੇ ਸਾਨੂੰ ਇਹ ਭੀ ਖਿਆਲ ਆਇਐ ਕਿ ਮੇਰੇ ਐਸ ਭਰਾ ਨੂੰ ਤਿੰਨ ਸੌ ਭੀ ਨਹੀਂ ਮਿਲਦਾ, ਮੈਂ ਇਹਨੂੰ ਭੀ ਉਤਾਂਹ ਚੁੱਕਾਂ।

*ਐਸ ਮਤੀ ਮਦਗੀ ਭਵ ਕੀ*

–ਐਸੀ ਮਦ ਵਿੱਚ ਮਤ ਆ ਗਈ ਲੋਕਾਂ ਦੀ,

*ਸੁ ਬਿਆਕੁਲ ਹੋਤ ਭਵੇ ਬਿਨ ਧੀਰਾ।।੫।।*

ਵਿਆਕੁਲ ਹੋ ਕੇ ਧਰਤੀ ਪੁਕਾਰ ਕਰਦੀ ਹੈ ਅਕਾਲ ਪੁਰਖ ਦੇ ਪਾਸ, ''ਹੇ ਸੱਚਿਆ ਪਾਤਸ਼ਾਹ ! ਤੇਰੇ ਬਿਨਾਂ ਕੋਈ ਆਸਰਾ ਨਹੀਂ।''

*ਹਿੰਦੁਨ ਰੂਪ ਵਤੀ ਲਰਕੀ*

–ਹਿੰਦੂਆਂ ਦੀਆਂ ਰੂਪਵਤੀ ਲੜਕੀਆਂ ਦੇਖ ਕੇ,

*ਪਿਖ ਕੈ ਜੁਲਮੀ ਸੁ ਕਰੈ ਬਰਤਾ*

–ਦੇਖ ਕਰਕੇ ਸੁੰਦਰ ਲੜਕੀ ਹਿੰਦੂਆਂ ਦੀ ਸਖਤੀ ਦੇ ਨਾਲ ਵਰ ਲੈਂਦੇ ਹਨ, ਲੈ ਜਾਂਦੇ ਹਨ ਆਪਣੇ ਘਰ।

*ਐਸ ਅਨੀਤ ਮਲੇਛ ਕਰੈ*

–ਮਲੇਛ* ਕੌਣ ਹੈ ? ਮਹਾਰਾਜ ਕਹਿੰਦੇ ਹਨ ਕੂੜ ਬੋਲ ਮੁਰਦਾਰ ਖਾਇ। ਮਹਾਰਾਜ ਕਹਿੰਦੇ ਹਨ, ਮੁਰਦਾਰ ਖਾਇ। ਉਹ ਤੇ ਕਹਿੰਦੇ ਨੇ–ਮੈਂ ਝਟਕਾ ਕਰ ਲਿਐ, ਮੈਂ ਹਲਾਲ ਕਰ ਲਿਐ, ਮੁਰਦਾਰ ਨਹੀਂ ਖਾਂਦਾ–ਪਰ ਬਾਣੀ ਕਹਿੰਦੀ ਹੈ ਮੁਰਦਾਰ ਖਾਇ–ਮੁਰਦਾਰ ਖਾਣ ਲਗੀ ਹੋਈ ਹੈ ਸ੍ਰਿਸ਼ਟੀ ਸਾਰੀ।

*ਤਬ ਰੌਰ ਸੁ ਗੌਰ ਮਚਿਓ ਦੁਰਤਾ*

–ਬੜਾ ਦੁੱਖ ਪੈਦਾ ਹੋਇਆ, ਧਰਤੀ ਉੱਤੇ ਰੌਲਾ ਮੱਚ ਗਿਆ।

*ਛੋਰ ਭਜੱਨ ਭਜੱਨ ਅੰਘਨ ਕੋ*

–ਭਜਨ ਛੱਡ ਦਿੱਤਾ। ਭਜਨ ਨਹੀਂ ਕੋਈ ਕਰਦਾ। ਲੋਕੀਂ ਭਜਦੇ ਹਨ ਪਾਪਾਂ ਨੂੰ, ਸਿਨੇਮੇ ਨੂੰ, ਜਿੱਥੇ ਇਖਲਾਕ ਗਿਰਦਾ ਹੈ, ਪੈਸੇ ਗੁਆਚਦੇ ਹਨ।

*ਨੈਕ ਸੁ ਨਾਹਿ ਰਹੀ ਸੁਰਤਾ*

-ਰਤਾ ਜਿੰਨਾਂ ਵੀ ਕਿਸੇ ਦਾ ਧਿਆਨ ਨਹੀਂ ਰਹਿ ਗਿਆ ਕਿਸੇ ਗੱਲ ਦਾ।

*ਛਾਇ ਦੁਰੱਤ ਕੁਮੱਤ ਗਯੋ*

-ਖੋਟੀ ਮੱਤ-ਧਰਤੀ ਉੱਤੇ ਪਾਪ, ਦਵੈਤ ਛਾ ਗਿਆ।

*ਨਹਿ ਹੋਇ ਸੁਮੱਤ ਕਹੂੰ ਉਰਤਾ।।੬।।*

ਕਿਸੇ ਦੇ ਵਿੱਚ ਭੀ ਸੁਮੱਤ-ਸ੍ਰੇਸ਼ਟ ਮਤ ਨਹੀਂ ਰਹਿ ਗਈ, ਮੈਂ ਇਸ਼ਨਾਨ ਕਰਾਂ, ਭਜਨ ਕਰਾਂ, ਪਾਠ ਕਰਾਂ।

*ਜਗ ਰੀਤ ਅਨੀਤ ਬਿਪ੍ਰੀਤ ਬਢੀ*

-ਜਦੋਂ ਇਹ ਰੀਤ, ਅਨੀਤ, ਬਿਪ੍ਰੀਤ ਹੋ ਕੇ ਵਧੀ, ਦੂਜੇ ਪਾਸੇ ਨੂੰ ਲੋਕ ਚੱਲੇ,

*ਨਹਿ ਹੋਤ ਧਰੰਮਹਿ ਕੇਰ ਕਹਾਨੀ*

-ਧਰਮ ਦਾ ਨਾਮ ਕੋਈ ਨਹੀਂ ਲੈਂਦਾ, ਨ੍ਹਾਉਂਣ ਦਾ ਨਾਂ ਕੋਈ ਨਈਂ ਲੈਂਦਾ; ਬਾਣੀ ਦਾ ਨਾਮ ਕੋਈ ਨਹੀਂ ਲੈਂਦਾ, ਸਿਮਰਨ ਦਾ ਕੋਈ ਨਹੀਂ, ਕਿਸੇ ਸਾਧੂ, ਮਹਾਂ ਪੁਰਖ ਦੇ ਚਰਨੀ ਕੋਈ ਹੱਥ ਨਹੀਂ ਲਾਉਂਦਾ।

*ਜਗ ਲੂਟਨ ਕੂਟਨ ਮਾਰ ਮਚੀ*

-ਜਗਤ ਦੇ ਵਿੱਚ ਕੀ ਮਚ ਗਿਆ-ਲੁਟ, ਕੁੱਟ, ਮਾਰ।

*ਤਬ ਹੱਕ ਬਿਹੱਕ ਕੀ ਕੌਨ ਬਖਾਨੀ*

-ਇਹ ਹੱਕ ਬਿਹੱਕ ਕਿੱਥੇ ਦਿੱਸਦਾ ਹੈ ?

ਸਾਹਿਬ ਕਹਿੰਦੇ ਹਨ।

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।**
**ਗੁਰੁ ਪੀਰੁ ਹਾਮਾ[੯] ਤਾ ਭਰੇ ਜਾ ਮੁਰਦਾਰੁ[੧੦] ਨ ਖਾਇ।**

*– ਮ: ੧, ਪੰਨਾ-੧੪੧*

ਫੇਰ ਹੱਕ ਕਿੱਥੇ ਰਹਿ ਗਿਆ ? ਉਹ ਸਤਿਗੁਰਾਂ ਵਾਲਾ ਨਾਮ ਤਿਆਗ ਕੇ, ਏਡੇ ਸਾਡੇ ਪਾਪ ਕੁਕਰਮ ਵਧੇ ਨੇ।

*ਧਰਮੰ ਤਨ ਪੰਖ ਲਗਾ ਉਡਿਓ*

-ਧਰਮ ਉੱਡ ਗਿਆ ਖੰਭ ਲਗਾ ਕਰਕੇ।

*ਜਨ ਸਿੰਧ ਕੇ ਬੀਚ ਧਸਿਓ ਡਰ ਮਾਨੀ*

—ਉੱਡ ਕੇ, ਜਾ ਕੇ, ਕਿਤੇ ਲੁੱਕ ਗਿਆ–ਸਮੁੰਦਰ ਵਿੱਚ, ਡਰਦਾ ਮਾਰਿਆ ਕਿ ਮੇਰੀ ਜਿੰਦ ਰੱਬ ਨੇ ਜਿਹੜੀ ਦਿੱਤੀ ਹੋਈ ਹੈ, ਖਬਰਾ ਬਚ ਰਵ੍ਹਾਂ, ਮੇਰੀ ਜ਼ਿੰਦਗੀ ਰਹਿੰਦੀ ਹੈ–ਅਜੇ।

*ਉਮਡਿਓ ਅਤਿ ਕੂਰ ਸੁ ਪੂਰ ਗਯੋ*

–ਝੂਠ ਦਾ ਚੜ੍ਹਿਆ ਹੜ ਤੇ ਸਾਰੀ ਸ੍ਰਿਸ਼ਟੀ ਉੱਤੇ ਛਾ ਗਿਆ।

*ਛਿਤ ਚਿਤ ਬਿਰੱਤਿ ਉਲੱਟ ਚਲਾਨੀ।।੭।।*

ਚਿਤ ਦੀਆਂ ਬਿਰਤੀਆਂ ਉਲਟੇ ਰਸਤੇ ਚਲ ਪਈਆਂ। ਮੇਰੇ ਅੱਗੇ ਗੱਲ ਆ ਗਈ ਹੈ–ਨਾਮਧਾਰੀਆਂ ਦੇ ਉੱਤੇ। ਉੱਤੋਂ ਤਾਂ ਪੱਗਾਂ ਸਿੱਧੀਆਂ ਬੰਨ੍ਹੀਆਂ ਹੋਈਆਂ ਨੇ ਤੇ ਹੇਠੋਂ ਦਾੜ੍ਹੀਆਂ ਬੰਨ੍ਹੀਆਂ ਹੋਈਆਂ ਹਨ। ਇਹ ਖਿਆਲ ਪੈਦਾ ਹੁੰਦੇ ਨੇ ਅੱਗੋਂ ਕਿ ਕੁਛ ਕੁ ਆਜ਼ਾਦੀ ਚਾਹੀਦੀ ਹੈ ਪੰਥ ਵਿੱਚ, ਖੁਲ੍ਹ ਚਾਹੀਦੀ ਹੈ। ਏਸ ਗੱਲ ਦਾ ਪਤਾ ਨਹੀਂ ਕਿ ਜਿਹੜਾ ਡੰਗਰ ਖੁਰਲੀ ਤੇ ਬੱਧਾ ਹੋਇਆ ਹੈ, ਮਾਲਕ ਉਸ ਦੇ ਸਿਰ ਤੇ ਹੱਥ ਭੀ ਫੇਰਦਾ ਹੈ, ਉਸ ਨੂੰ ਪੱਠਾ ਦਾਣਾ ਭੀ ਪਾਉਂਦਾ ਹੈ, ਉਸ ਦੀ ਸੇਵਾ ਭੀ ਕਰਦਾ ਹੈ ਤੇ ਦੂਆ ਆਦਮੀ ਭੀ ਏਸ ਗੱਲੋਂ ਡਰਦਾ ਹੈ ਕਿ ਫਲਾਣੇ ਦਾ ਹੈ। ਜਿਹੜਾ ਖੁਲ੍ਹਾ ਫਿਰਦਾ ਹੋਵੇ, ਭਾਵੇਂ ਦੋ ਦਿਨ ਹਰੀ ਚਰ ਹੀ ਲੈਂਦਾ ਹੈ ਪਰ ਮਗਰੋਂ ਲੱਤਾਂ ਭੀ ਫਿਰ ਉਹਦੀਆਂ ਹੀ ਟੁੱਟਦੀਆਂ ਹਨ ਔਰ ਲੋਕ ਕਦੇ–ਕਦੇ ਉਨ੍ਹਾਂ ਨੂੰ ਫੜਕੇ ਪਿੰਡਾਂ 'ਚ ਵੱਢ ਛੱਡਦੇ ਹਨ। ਫਰੀਦ ਨੇ ਇੱਕ ਸ਼ਬਦ ਲਿਖਿਆ ਹੈ,

**ਤੇਰੀ[੧੧] ਪਨਹ ਖੁਦਾਇ ਤੂ ਬਖਸੰਦਗੀ।**
**ਸੇਖ ਫਰੀਦੈ ਖੈਰੁ[੧੨] ਦੀਜੈ ਬੰਦਗੀ।[੧੩]**

*– ਪੰਨਾ–੪੮੮*

ਏਥੇ ਹੁਣ,

**ਬੰਦੀ[੧੪] ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ।[੧੫]**

*– ਆਸਾ ਮ: ੧, ਪੰਨਾ–੩੫੯*

ਜੋ ਕਿਸੇ ਦੇ ਬੰਦ ਦੇ ਵਿੱਚ ਰਹਿੰਦਾ ਹੈ, ਪਟੇ–ਵਾਲਾ ਕੁੱਤਾ ਤਾਂ ਮਾਲਕ ਦਾ ਹੁੰਦਾ ਹੈ–ਉਹਨੂੰ ਕੋਈ ਜ਼ਹਿਰ ਨਹੀਂ ਦਿੰਦਾ, ਜਦੋਂ ਪਟਾ ਲਹਿ ਜਾਏ

ਲੋਕ ਜ਼ਹਿਰ ਦੇ ਕੇ ਮਾਰ ਦਿੰਦੇ ਹਨ। ਲੋੜ ਐਸ ਵੇਲੇ ਐਸ ਗੱਲ ਦੀ ਹੈ, ਕਿ ਸਿੱਖੋ-ਗੁਰੂ ਮਤ, ਤੇ ਸਾਂਭੋ ਆਪਣੇ ਆਪ ਨੂੰ।

ਗੁਰੂ ਨਾਨਕ ਦੇਵ ਮਹਾਰਾਜ ਨੇ ਕਲਜੁਗ ਦੇ ਵਿੱਚ ਆ ਕੇ ਤਾਰਨ ਦਾ ਜ਼ੁੰਮਾਂ ਚੁੱਕ ਕੇ ਉਹ ਮਰਯਾਦਾ ਗੁਰੂ ਨਾਨਕ ਨੇ ਕਲਜੁਗ ਦੇ ਵਿੱਚ ਰਚੀ ਤੇ ਉਹ ਸਤਿਗੁਰੂ ਰਾਮ ਸਿੰਘ ਤਕ ਵਰਤੀ। ਬਥੇਰੀਆਂ ਹਨੇਰੀਆਂ ਆਈਆਂ, ਪਰ ਗੁਰੂ ਦੇ ਸਿੱਖਾਂ ਨੇ ਸਤਿਗੁਰਾਂ ਦੇ ਹੁਕਮ ਮੰਨੇ, ਤਕਲੀਫ਼ ਝੱਲ ਕੇ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ-ਸਿੱਖਾਂ ਦਾ ਇਸ਼ਨਾਨ ਨਹੀਂ ਛੁਟਿਆ, ਉਨ੍ਹਾਂ ਦਾ ਨਾਮ ਨਹੀਂ ਛੁਟਿਆ, ਉਹਨਾਂ ਦੀ ਬਾਣੀ ਨਹੀਂ ਛੁੱਟੀ, ਉਨ੍ਹਾਂ ਨੇ ਮਾਸ ਨਹੀਂ ਖਾਧਾ, ਉਨ੍ਹਾਂ ਨੇ ਸ਼ਰਾਬ ਨਹੀਂ ਪੀਤੀ, ਉਨ੍ਹਾਂ ਨੇ ਆਪਣੀ ਸ਼ਕਲ ਨਹੀਂ ਵਿਗਾੜੀ। ਜਿਹੜੇ ਲੋਭ ਵਿੱਚ ਦੁਨੀਆਂ ਪਈ ਹੈ- ਕਬੀਰ ਜੀ ਕਹਿੰਦੇ ਹਨ :-

**ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ।**
**ਇਕ ਅਵਘਟ**[੧੬] **ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ।**

*– ਪੰਨਾ-੧੩੭੩*

## ਸਤਿਗੁਰਾਂ ਦਾ ਧਿਆਨ ਧਰੋ

ਸਤਿਗੁਰੂ ਦੇ ਘਰ ਦਾ ਧਿਆਨ ਧਰੋ। ਲੋਕਾਂ ਨੂੰ ਦੇਖ ਕੇ ਲੋਕ ਲਾਜ ਵਿੱਚ ਆ ਕੇ, ਉਹ ਕਹਿੰਦੇ ਨੇ,

**ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ।**

*– ਦੇਵ ਗੰਧਾਰੀ ਮ:੪, ਪੰਨਾ-੫੨੮*

ਨਾਮ ਦੇਵ ਜੀ ਕਹਿੰਦੇ ਹਨ-

**ਉਸਤਤਿ**[੧੭] **ਨਿੰਦਾ ਕਰੈ ਨਰੁ ਕੋਈ।**
**ਨਾਮੇ ਸ੍ਰੀ ਰੰਗੁ**[੧੮] **ਭੇਟਲ**[੧੯] **ਸੋਈ।**

*– ਪੰਨਾ-੧੧੬੪*

ਸਿੱਖ ਤਾਂ ਬਣਾਇਆ ਹੀ ਸਤਿਗੁਰੂ ਨੇ ਇਸੇ ਵਾਸਤੇ ਹੈ ਕਿ ਸ੍ਰਿਸ਼ਟੀ ਇੱਕ ਪਾਸੇ, ਸਿੱਖ ਇੱਕ ਪਾਸੇ ਹੈ। ਭਾਈ ਚੰਦਾ ਸਿੰਘ ਜੀ ਨੇ ਸਤਿਗੁਰੂ

ਰਾਮ ਸਿੰਘ ਜੀ ਦਾ ਬਾਰਾਂ ਮਾਹ ਇੱਕ ਬਣਾਇਐ, ਉਹਦੇ 'ਚ ਲਿਖਿਐ–

*ਚੜਦੇ ਚੇਤਰ ਚਿਤ ਉਦਾਸ,*
*ਚਲੀਏ ਸਤਿਗੁਰਾਂ ਦੇ ਪਾਸ,*
*ਕਰੀਏ ਹੱਥ ਜੋੜ ਅਰਦਾਸ,*
*ਸਾਨੂੰ ਰੱਖੋ ਆਪਣੇ ਪਾਸ,*
*ਦੇਹੋ ਚਰਨਾਂ ਵਿੱਚ ਨਿਵਾਸ,*
*ਮੈਂ ਔਗੁਣ ਹਾਰੀਆਂ।*

*ਫਿਰ,*

*ਜਦ ਮੈਂ ਹੋ ਵਿਰਾਗਣ ਚੱਲੀ,*
*ਚਰਖੇ ਤੰਦ ਨਾ ਲਾਹੀ ਛੱਲੀ,*
*ਘਰ ਤੋਂ ਤੁਰ ਕੇ ਭਈ ਇਕੱਲੀ,*
*ਮੈਨੂੰ ਲੋਕ ਆਖਦੇ ਝੱਲੀ,*
*ਕਿਸੇ ਦੀ ਗੱਲ ਨਾ ਲਗਦੀ ਭੱਲੀ, ਮੈਂ ਬਲਿਹਾਰੀਆਂ–*

ਜਿੰਨ੍ਹਾਂ ਚਿਰ ਝੱਲਾ ਨਾ ਕਹਿਣ–ਜਦ ਬੀ ਕਣਕ ਦਾ ਹੈ ਜੌਂ ਕਿਵੇਂ ਹੋ ਜਾਏ–ਜੇ ਸਾਡਾ ਸਤਿਗੁਰੂ ਸਾਡਾ ਮੁੱਢ, ਅਕਾਲ ਪੁਰਖ ਗੁਰੂ ਨਾਨਕ ਦੇਵ ਨੂੰ ਲੋਕਾਂ ਆਖਿਆ ਹੈ–

**ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ।**

*– ਮਾਰੂ ਮ:੧, ਪੰਨਾ–੯੯੧*

ਜੇ ਸਾਨੂੰ ਕੋਈ ਕਹੇ ਇਹਦੀ ਦਾੜ੍ਹੀ ਖੁੱਲ੍ਹੀ ਹੈ, ਇਹਦੀ ਪੱਗ ਕਿਵੇਂ ਬੱਧੀ ਹੋਈ ਹੈ, ਬੈਠਦਾ ਕਿਵੇਂ ਹੈ, ਫੇਰ ਜੇ ਪਿਉ ਦੇ ਹਾਂ ਤਾਂ ਉਸ ਰਾਹ ਤੁਰੀਏ। ਫੇਰ ਸਾਨੂੰ ਸ਼ਰਮ ਕਾਹਦੀ ਹੈ? ਫੇਰ ਕਹਿੰਦੀ ਹੈ :–

*ਸੁਣ ਲਓ ਸੰਤ ਜਨਾਂ ਗਲ ਹੋਰ*
*ਮੈਨੂੰ ਭਜਨ ਲੈਣ ਦੀ ਲੋੜ,*
*ਤਾਂ ਮੈਂ ਪਹੁੰਚੀ ਸਤਿਗੁਰੂ ਕੋਲ,*
*ਲਿਆ ਭਜਨ ਮੈਂ ਕਰ ਕੇ ਜੋਰ,*
*ਘਰ ਵਿੱਚ ਰਹੇ ਹਮੇਸ਼ਾ ਸ਼ੋਰ,*

*ਸੱਸ ਕਢੇਂਦੀ ਮੰਦੇ ਬੋਲ,*
ਨੀ ਤੈਂ ਜਾਣਾਂ ਕੂਕਿਆਂ ਕੋਲ, ਇਹ ਮੇਹਣੇ ਮਾਰਦੀ।

ਗੁਰੂ ਨਾਨਕ ਦੇਵ ਮਹਾਰਾਜ ਦੀ ਜਨਮ ਸਾਖੀ ਪੜ੍ਹੋ-ਅਜਿਤਿਆ ਬਾਰ੍ਹਵੇਂ ਜਾਮੇ ਦਾ ਸੋ ਸਿੱਖ ਸਦਾਏਗਾ, ਜਿਹੜਾ ਕਾਲਾ ਮੂੰਹ ਕਰਕੇ ਸਾਰੀ ਸ੍ਰਿਸ਼ਟੀ ਦੀ ਫਕੜੀ ਝੱਲੇਗਾ। ਸਿੱਖ ਬਣਨਾ ਹੈ, ਕਿ ਦੁਨੀਆਦਾਰ ਬਣਨਾ ਹੈ।

**ਉਸਤਤਿ ਨਿੰਦਾ ਨਾਨਕ ਜੀ ਮੈ ਹਭ[20] ਵਞਾਈ,**
**ਛੋੜਿਆ ਹਭੁ ਕਿਝੁ ਤਿਆਗੀ।[21]**

*– ਮ: ੫, ਪੰਨਾ–੯੬੩*

ਜ਼ਰਾ ਧਿਆਨ ਦਿਓ ਭਾਈ ਗੁਰਦਾਸ ਜੀ ਕਹਿੰਦੇ ਨੇ,

*ਪੀਉ ਦੇ ਨਾਂਹ ਪਿਆਰ ਤੁਲਿ ਨਾ ਫੁਫੀ ਨ ਪਿਤੀਏ ਤਾਏ।*
*ਮਾਊ ਹੇਤੁ ਨ ਪੁਜਨੀ ਹੇਤ ਨ ਮਾਮੇ ਮਾਸੀ ਜਾਏ।*
*ਅੰਬਾਂ ਸਧਰ ਨ ਉਤਰੈ ਆਣਿ ਅੰਬਾਕੜੀਆਂ ਜੇ ਖਾਏ।*
*ਮੂਲੀ ਪਾਨ ਪਟੰਤਰਾ ਵਾਸੁ ਡਿਕਾਰੁ ਪਰਗਟੀ ਆਏ।*
*ਰੰਗ ਮਜੀਠ ਕੁਸੁੰਭ ਦਾ ਸਦਾ ਸਥੋਈ ਵੇਸੁ ਵਟਾਏ।*

*– ਵਾਰ ੩੯, ਪਾਉੜੀ–੨੦*

ਅੱਗੇ ਜਾ ਕੇ ਕਹਿੰਦੇ ਨੇ–

*ਸਤਿਗੁਰੁ ਤੁਲਿ ਨ ਮਿਹਰਬਾਨ ਮਾਤ ਪਿਤਾ ਨ ਦੇਵ ਸਬਾਏ।*
*ਡਿਠੇ ਸਭੇ ਠੋਕ ਵਜਾਏ।*

ਸਤਿਗੁਰੂ ਸੱਚੇ ਪਾਤਸ਼ਾਹ ਕਹਿੰਦੇ ਹਨ :–

**ਠੋਕਿ ਵਜਾਇ ਸਭ ਡਿਠੀਆ,**

*– ਸਿਰੀ ਰਾਗ ਮ: ੫, ਪੰਨਾ–੭੪*

ਦੁਨੀਆਂ ਦੀ ਗੱਲ,

**ਮਨਮੁਖਾ ਕੇਰੀ[22] ਦੋਸਤੀ ਮਾਇਆ ਕਾ ਸਨਬੰਧੁ।[23]**
**ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ।**

*– ਮ:੫, ਪੰਨਾ–੯੫੯*

ਅੱਜ ਇੱਕ ਸੇਠ ਬਣੇ ਹੋਏ ਨੇ, ਇਹਨਾਂ ਨੂੰ ਮੈਂ ਵੀ ਪੈਰੀ ਹੱਥ, ਓਹ ਵੀ ਹੱਥ ਪੈਰੀ...। ਜਿਹਦੇ ਕੋਲ ਇਹ ਚਾਰ ਪੈਸੇ ਨਾ ਰਹਿਣ, ਉਹਦੇ ਵੱਲ ਕੋਈ ਨਹੀਂ ਝਾਕਦਾ। ਕਬੀਰ ਜੀ ਕਹਿੰਦੇ ਹਨ,

**ਜਉ ਨਿਰਧਨੁ ਸਰਧਨ[੨੪] ਕੈ ਜਾਇ।।**
**ਆਗੇ ਬੈਠਾ ਪੀਠਿ[੨੫] ਫਿਰਾਇ।।**
**ਜਉ ਸਰਧਨੁ ਨਿਰਧਨ ਕੈ ਜਾਇ।।**
**ਦੀਆ ਆਦਰੁ ਲੀਆ ਬੁਲਾਇ।**

*– ਪੰਨਾ–੧੧੫੯*

ਇਹ ਉਰਲੀਆਂ ਗੱਲਾਂ ਹਨ, ਕਬੀਰ ਜੀ ਕਹਿੰਦੇ ਨੇ :–

**ਕਹਿ ਕਬੀਰ ਨਿਰਧਨੁ ਹੈ ਸੋਈ।**
**ਜਾ ਕੇ ਹਿਰਦੈ ਨਾਮੁ ਨ ਹੋਈ।**

*– ਪੰਨਾ–੧੧੫੯*

**– ਜਿਸੁ ਨਾਮੁ ਰਿਦੈ ਸੋਈ ਵਡ ਰਾਜਾ।**
**ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ।**
**ਜਿਸੁ ਨਾਮੁ ਰਿਦੈ ਤਿਨਿ ਕੋਟਿ[੨੬] ਧਨ ਪਾਏ।**
**ਨਾਮ ਬਿਨਾ ਜਨਮੁ ਬਿਰਥਾ ਜਾਏ।**

*– ਭੈਰਉ ਮ: ੫, ਪੰਨਾ–੧੧੫੫*

ਖਿਮਾਂ ਕਰਨਾ, ਗੁਰਬਾਣੀ ਹੈ, ਡਰ ਲਗਦਾ ਹੈ ਕਿਤੇ ਅੱਖਰ ਵੱਧ ਘੱਟ ਕਹੇ ਜਾਣ। ਤਾਂ ਤੇ, ਕੀ ਕਹਿੰਦੇ ਨੇ, ਲੋਕ ਰੀਤ ਛੱਡ ਕੇ ਕੁਰੀਤ ਵਲ ਲੱਗੇ। ਸਤਿਗੁਰੂ ਦਾ ਕੰਮ ਇਹ ਹੈ, ਕਿ ਜਦੋਂ ਸ੍ਰਿਸ਼ਟੀ ਅੰਨ੍ਹੀ ਹੋ ਕੇ ਇੱਕ ਪਾਸੇ ਰੁੜ੍ਹਨ ਲਗਦੀ ਹੈ, ਉਹ ਉਦੋਂ ਹੀ ਆ ਕੇ ਉਹਦੇ 'ਚੋਂ ਫੜ–ਫੜ ਕੇ ਆਪਣਿਆਂ ਨੂੰ, ਕੱਢ–ਕੱਢ ਕੇ ਚੜ੍ਹਦੇ ਪਾਣੀ ਚੜ੍ਹਾਉਂਦਾ ਹੈ। ਗੁਰੂ ਨਾਨਕ ਨੂੰ ਕਿਉਂ ਲੋਕਾਂ ਨੇ ਕੁਰਾਹੀਆ ਕਿਹਾ–ਲੋਕਾਂ ਨੂੰ ਅੰਨ੍ਹਾਂ ਰਾਹ ਦੀਹਦਾ ਸੀ, ਹਨੇਰਾ ਦੀਹਦਾ ਸੀ, ਉਸਨੂੰ ਰਾਹ ਮੰਨਦੇ ਸਨ। ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਰਾਹ ਇਹੋ ਹੀ ਹੈ, ਜਿਹੜਾ ਸਤਿਗੁਰਾਂ ਨੇ ਦੱਸਿਆ ਹੈ। ਹੁਣ ਵੀ ਦੇਖਣਾ ਵਕਤ ਬਹੁਤ ਥੋੜ੍ਹਾ ਹੈ-ਸੰਤ ਜੀ ਬੈਠੇ ਹੋਏ ਨੇ (ਅਮਰ

ਸਿੰਘ) ਖਾਲਸਾ ਜੀ ਅੱਜ ਮੇਰੇ ਕੋਲ-ਉਹ ਮਹਾਂਪੁਰਖਾਂ ਦੇ ਬਚਨ, ਸੰਤ ਬਾਬੇ ਤੇਜਾ ਸਿੰਘ (ਭਸੌੜ) ਹੁਰੀਂ, ਇਹਨਾਂ ਨੂੰ ਉਹੋ ਕੁਝ ਦੱਸਿਆ ਹੈ, ਮੇਰੀ ਵੀ ਸਮਝ 'ਚ ਉਹੋ ਕੁਝ ਆਇਆ ਹੈ, ਦਿਨਾਂ ਦੀ ਖੇਡ ਹੈ। ਇਹ ਮਾਇਆ ਦੀ ਸੋਭਾ ਚਾਰ ਦਿਹਾੜੇ ਹੈ। ਉਹ ਵਕਤ ਆਉਣ ਵਾਲਾ ਹੈ—ਸੂਰਜ ਹੋਵੇਗਾ ਤਪਸ਼ ਨਹੀਂ ਹੋਵੇਗੀ, ਬਾਰਸ਼ ਹੋਵੇਗੀ ਕਣਕ ਨਹੀਂ ਹੋਵਗੀ, ਪਰ ਜ਼ਰਾ ਮਰ ਕੇ ਹੀ ਮੱਕਾ ਵੇਖਿਆ ਜਾਣਾ ਹੈ।

ਤੁਸੀਂ ਗੁਰੂ ਕੇ ਸਿੱਖ, ਗੁਰੂ ਨਾਨਕ ਨੂੰ ਮੰਨਣ ਵਾਲੇ, ਗੁਰੂ ਨਾਨਕ ਦੇ ਨਾਮ ਲੇਵਾ ਹੋ, ਜਿੱਥੋਂ ਤਕ ਕੋਈ ਮੰਨਦਾ ਹੈ, ਕੋਈ ਦੋ, ਚਾਰ, ਪੰਜ, ਦਸ, ਬਾਰਾਂ-ਬਾਰਾਂ ਵੀ ਤਾਂ ਹੀ ਬਣਨਗੇ ਜੇ ਦਸ ਨਾਲ ਰਲਣਗੇ-ਇਹ ਐਵੇਂ ਭੁਲੇਖਾ ਸਾਨੂੰ ਪਿਆ ਹੈ ਇੱਕ ਦੂਏ ਨੂੰ। ਕੁਛ ਅੰਗਰੇਜ਼ ਦੀ ਨੀਤੀ ਵੀ ਕੰਮ ਕਰ ਗਈ ਹੈ, ਜਿਸ ਤਰ੍ਹਾਂ ਸਿੱਖ ਸੁਧਾਰ ਜੱਥਾ, ਉਹਨੇ ਜੈਤੋਂ ਦੀਆਂ ਗੋਲੀਆਂ ਖਾਣ ਵਾਲੇ ਅਕਾਲੀ ਸਿੱਖਾਂ ਦੇ ਬਰਖਿਲਾਫ਼ ਬਣਾਇਆ ਸੀ। ਇਸੇ ਤਰ੍ਹਾਂ ਹੀ ਸਿੰਘ ਸਭਾ ਦਾ ਨਾਂ ਜਿਹੜਾ ਹੋਇਆ ਸੀ, ਇਹ ਐਂਟੀ ਕੂਕਾ-ਨਾਮਧਾਰੀਆਂ ਦੇ ਬਰਖਿਲਾਫ਼ ਬਣਿਆ ਹੈ, ਕਿਤਾਬਾਂ ਦੱਸਦੀਆਂ ਨੇ। ਲਾਰਡ ਡਫਰਨ ਆਉਂਦਾ ਹੈ ੧੮੮੮ ਵਿੱਚ। ਉਸਨੂੰ ਸਿੱਖ ਜਿਹੜਾ ਐਡਰੈਸ ਪੇਸ਼ ਕਰਦੇ ਨੇ, ਉਹਨੂੰ ਪੜ੍ਹਕੇ ਦੇਖੋ, ਤਾਂ ਪਤਾ ਲੱਗ ਜਾਏਗਾ ਕਿ ਅੰਗਰੇਜ਼ ਨੇ ਕੁਝ-ਇੱਕ ਆਦਮੀਆਂ ਨੂੰ ਚੁੱਕ ਕੇ-ਆਪਣੀ ਮਰਜ਼ੀ ਦਿਆਂ ਨੂੰ-ਉਹਨਾਂ ਦਾ ਨਾਂਉ ਸਿੱਖ ਧਰਕੇ ਲੋਕਾਂ ਦੇ ਖਿਲਾਫ ਖੜਾ ਕੀਤਾ ਸੀ ਕਿ ਸਿੱਖਾਂ 'ਚ ਜਾਗਰਤ ਨਾ ਆ ਜਾਏ। ਤਾਂ ਦੇਖੋ, ਭਾਈ ਵੇਲਾ ਹੈ, ਸਮਾਂ ਆਇਆ ਹੈ-

**ਫਰੀਦਾ ਕਿੜੀ[੨੭] ਪਵੰਦੀਈ[੨੮] ਖੜਾ ਨ ਆਪੁ ਮੁਹਾਇ[੨੯]।**

*- ਪੰਨਾ-੧੩੭੭*

ਬਚਾਅ ਕਰੋ। ਉਹ ਬਚਨ ਗੁਰੂ ਗੋਬਿੰਦ ਸਿੰਘ ਦੇ ਲਿਖੇ ਹੋਏ, ਸਤਿਗੁਰੂ ਕਹਿੰਦੇ ਸੀ ਭਾਈ, ਇੱਕ ਹੁਕਮ ਨਾਮੇ 'ਚ ਲਿਖਿਆ ਹੈ-**ਸੂਰਜ ਲਹਿੰਦਿਓ ਚੜ੍ਹਿਆ ਮੰਨ ਲੈਣਾ, ਜੋ ਕੁਝ ਸੱਚੇ ਪਾਤਸ਼ਾਹ ਕਲਗੀ ਵਾਲੇ ਦਾ ਹੁਕਮ ਹੈ ਅੱਖਰ-ਅੱਖਰ ਪੂਰਾ ਵਰਤੇਗਾ, ਇਹ ਨਹੀਂ ਟਲਦਾ।''** ਫਿਰ ਇੱਕ ਦਿਨ

ਕਹਿੰਦੇ ਨੇ, **''ਧਰਤੀ ਬਾਰਸ਼ ਕਰਨ ਲਗ ਜਾਏ, ਸੂਰਜ ਠੰਡ ਬਰਸਾਉਣ ਲਗ ਜਾਏ, ਪਰ ਹੁਕਮ ਨਹੀਂ ਮਿਟ ਸਕਦਾ।''**

ਹੁਣ ਕਈ ਲੋਗ ਸਾਨੂੰ ਕਹਿੰਦੇ ਨੇ, ''ਅਰਜ਼ ਕਰੋ ਸ਼ਾਂਤੀ ਹੋਵੇ।'' ਦੁੱਖ ਲਗਦਾ ਹੈ, ਦਿਸਦਾ ਹੈ, ਪਰ ਜੇ ਆਪਣੇ ਪਿਤਾ ਦੇ, ਆਪਣੇ ਗੁਰੂ ਦੇ ਅਕਾਲ ਪੁਰਖ ਦੇ ਹੁਕਮ ਵਿੱਚ ਕੋਈ ਦਖਲ ਦਿੰਦਾ ਹੈ, ਫੇਰ...।

ਸਤਿਗੁਰੂ ਰਾਮ ਸਿੰਘ ਕੋਲ, ਇੱਕ ਵਾਰੀ ਸਿੱਖਾਂ ਕਿਹਾ, ''ਸੱਚੇ ਪਾਤਸ਼ਾਹ ਤੁਸੀਂ ਕੀਹਦੇ ਤੇ ਖੁਸ਼ ਹੋ।''

ਉਹ ਕਹਿੰਦੇ ਨੇ, ''ਜਿਹੜਾ ਰਜ਼ਾ ਉੱਤੇ ਰਾਜ਼ੀ ਹੋਵੇ।''

ਇੱਕ ਆਦਮੀ ਨੂੰ ਤੁਸੀਂ ਆਗੂ ਬਣਾਇਆ ਹੋਇਆ ਹੈ ਕਿਸੇ ਵਪਾਰ ਦੇ ਮੰਡਲ ਦਾ। ਉਹਨੂੰ ਪਤਾ ਹੈ ਅਮਰੀਕਾ 'ਚ ਕੀ ਹੋ ਰਿਹਾ ਹੈ, ਰੂਸ 'ਚ ਕੀ ਹੋ ਰਿਹਾ ਹੈ, ਅੰਗਰੇਜ਼ਾਂ ਕੋਲ ਕੀ ਹੋ ਰਿਹਾ ਹੈ। ਉਹ ਕਹਿੰਦਾ ਹੈ—ਤੁਸੀਂ ਐਸ ਤਰ੍ਹਾਂ ਵਿਹਾਰ ਕਰੋ। ਤੁਸੀਂ ਏਥੇ ਬੰਕੋਕ 'ਚ ਬੈਠੇ ਹੋ, ਤੁਹਾਨੂੰ ਬੰਕੋਕ ਦੇ ਬਾਹਰ ਦਾ ਕੋਈ ਪਤਾ ਨਹੀਂ। ਤੁਸੀਂ ਕਹਿੰਦੇ ਹੋ-ਇਹ ਠੀਕ ਨਹੀਂ ਕਰਦਾ ਤਾਂ ਤੁਹਾਡੀ ਗਲਤੀ ਹੈ। ਸਤਿਗੁਰੂ ਅਕਾਲ ਪੁਰਖ ਸਾਡਾ ਸਾਰੀ ਸ੍ਰਿਸ਼ਟੀ ਦਾ ਕਰਤਾ ਹਰਤਾ ਹੈ, ਰਚਣ ਵਾਲਾ ਹੈ, ਉਸਨੂੰ ਪਤਾ ਹੈ ਸੁੱਖ ਕਿਹੜੀ ਚੀਜ਼ ਨੇ ਦੇਣਾ ਹੈ। ਜਿਹਨਾਂ ਸੰਤਾਂ, ਮਹਾਂਪੁਰਖਾਂ ਤੇ, ਜਿਹਨਾਂ ਗੁਰ ਸਿੱਖਾਂ ਤੇ ਉਹ ਕਿਰਪਾ ਕਰਦਾ ਹੈ, ਜਿਹਨਾਂ ਨੂੰ ਉਹ ਦੱਸਦਾ ਹੈ, ਜਿਹੜੇ ਉਸ ਰਸਤੇ ਤੇ ਤੁਰਦੇ ਹਨ, ਉਹ ਸੁਖੀ ਹੁੰਦੇ ਹਨ-ਕਿਉਂ—ਉਹ ਉਹਦੇ ਹੁਕਮ 'ਚ ਚਲਦੇ ਹਨ। ਉਂਝ ਨਾਲ ਇਹ ਵੀ ਲਿਖ ਦਿੱਤੈ–

**ਭਾਣੇ ਵਿਚਿ ਕੋ ਵਿਰਲਾ ਆਇਆ।**

*– ਮਾਰੂ ਮ:੩, ਪੰਨਾ–੧੦੬੩*

**ਤੇਰਾ ਭਾਣਾ ਤੂਹੈ ਮਨਾਇਹਿ ਜਿਸ ਨੋ ਹੋਹਿ ਦਇਆਲਾ।**

*– ਸੂਹੀ ਮ:੫, ਪੰਨਾ–੭੪੭*

–ਜਿਹਨੂੰ ਬਖਸ਼ਸ਼ ਕਰੇ। ਅਰਦਾਸ ਕਰੋ ਅੰਦਰੋਂ, ਭਾਵੇਂ ਭਜਨ ਕਰੋ ਥੋੜਾ ਪਰ ਬਖਸ਼ ਬਹੁਤੀ ਮੰਗੋ। ਗਿਣਤੀ ਨਾਲ ਨਹੀਂ ਛੁੱਟਦੇ ਅਸੀਂ।

**ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ।**
**ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ।**

*- ਮ: ੫, ਪੰਨਾ-੨੬੧*

ਬਖਸ਼ਸ਼ ਮੰਗੋ। ਭਾਈ ਗੁਰਦਾਸ ਜੀ ਇੱਕ ਕਬਿੱਤ ਵਿੱਚ ਕਹਿੰਦੇ ਹਨ,

*ਭਗਤ ਵਛਲ ਸੁਨਿ ਹੋਤ ਹੋਂ ਨਿਰਾਸ ਰਿਦੈ,*

ਜਦੋਂ ਮੈਂ ਸੁਣਦਾਂ ਭਗਤਾਂ ਦਾ ਪਿਆਰਾ ਹੈ, ਮੈਂ ਨਿਰਾਸ ਹੋ ਜਾਨਾਂ ਹਾਂ।

*ਪਤਿਤ ਪਾਵਨ ਸੁਨਿ ਆਸਾ ਉਰਧਾਰਿ ਹੋ।।*

ਉਹ, ਜਦੋਂ ਸੁਣਦਾਂ, ਉਹਨੇਂ ਪਾਪੀਆਂ ਨੂੰ ਪਵਿਤਰ ਕਰਨਾ ਹੈ, ਫੇਰ ਕੁਛ ਇੱਛਾ ਹੁੰਦੀ ਹੈ ਬਈ, ਮੈਂ ਵੀ ਬਚ ਜਾਵਾਂਗਾ। ਅੱਗੇ ਲਿਖਿਆ ਹੈ,

*ਅੰਤਰਜਾਮੀ ਸੁਨਿ ਕੰਪਤ ਹੋ ਅੰਤਰਿ ਗਤਿ,*

ਜਦੋਂ ਅੰਤਰਜਾਮੀ ਸੁਣਦਾ ਹਾਂ, ਫੇਰ ਮੈਂ ਕੰਬਦਾ ਹਾਂ, ਕਿ ਜਿੰਨੇ ਮੇਰੇ ਪਾਪ ਹਨ-ਭਾਈ ਜੀ ਕਹਿੰਦੇ ਨੇ—*ਮੈਥਹੁ ਬੁਰਾ ਨ ਕੋਇ ਸਰਿਠੇ।*

*ਦੀਨ ਕੈ ਦਇਆਲੁ ਸੁਨਿ ਭਰਮ ਨਿਵਾਰ ਹੋ।*

ਜਦੋਂ ਮੈਨੂੰ ਪਤਾ ਲਗਦਾ ਹੈ ਉਹ ਜੀਆਂ ਉੱਤੇ ਦਇਆ ਕਰਦਾ ਹੈ, ਮੈਂ ਕਹਿਨਾਂ ਮੈਂ ਵੀ ਗਰੀਬ ਬਖਸ਼ਿਆ ਜਾਵਾਂਗਾ।

*ਜਲਧਰ ਸੰਗਮ ਕੈ ਅਫਲ ਸੇਂਬਲ ਦ੍ਰੁਮ,*

ਜਲ ਧਰ ਦੇ ਸੰਗਮ ਹੋਵਣ ਕਰਕੇ ਅ-ਫਲ ਜਿਹੜਾ ਸਿੰਬਲ ਹੈ ਇਹ ਭੀ ਸ-ਫਲ ਹੋ ਜਾਂਦਾ ਹੈ।

*ਚੰਦਨ ਸੁਗੰਧਿ*-ਬਾਵਨ ਚੰਦਨ ਦੇ ਸੰਬੰਧ ਕਰਕੇ,

*ਮਲਗੰਧ ਮਲਗਾਰ ਹੈ।।*

-ਮੇਰੇ ਵਿੱਚ-*ਮੈਂ ਬੁਹੀਆਂ ਹਿਰਡ ਪਲਾਸ ਸੰਗਿ ਹਰਿ ਬਰੀਆ*-

ਮੇਰੇ ਅਰਿੰਡ ਵਰਗੇ 'ਚੋਂ ਵੀ ਖੁਸ਼ਬੋ ਆ ਜਾਏਗੀ। ਫੇਰ, ਅੱਗੇ ਜਾ ਕੇ ਕਹਿੰਦਾ ਹੈ,

*ਅਪਨੀ ਕਰਨੀ ਕਰਿ ਨਰਕ ਹੂੰ ਨਾ ਪਾਵਉ ਠਉਰ,*

ਫੇਰ ਜਿੱਥੇ ਇਹ ਸੱਤਾਂ ਸਮੁੰਦਰਾਂ 'ਚ ਨਹੀਂ ਆ ਸਕਦੀ, ਪਾਪਾਂ ਦੇ ਲਿਖੇ ਹੋਏ, ਚਿਤਰ ਗੁਪਤ ਵੀ ਨਹੀਂ ਲਿਖ ਸਕਦੇ, ਪਰ ਕੀ ਕਰਨ ਚਿੱਠੀ

ਹੂੰ ਤੂੰ ਮਿਹਰ ਲਿਖ-ਸੱਚੇ ਪਾਤਸ਼ਾਹ ਬਖਸ਼ਸ਼ ਕਰ। ਤਾਂ,

*ਤੁਮਰੇ ਬਿਰਦ ਕਰਿ ਆਸਰੋ ਸਮਾਰ ਹੌ।।*

*- ਕਬਿੱਤ-੫੦੩*

ਤੇਰਾ ਨਾਮ ਹੈ ਪਤਿਤ ਪਾਵਨ, ਇਸ ਆਸਰੇ ਕਰਕੇ ਮੈਂ ਜਿਊਂਦਾ ਹਾਂ। ਭਾਈ, ਅਸੀਂ ਸਤਿਗੁਰੂ ਅੱਗੇ ਅਰਦਾਸ ਕਰੀਏ ਕਿ ਤੇਰਾ ਨਾਉ ਪਤਿਤ ਪਾਵਨ ਹੈ। ਨਾਮਧਾਰੀਓ ! ਮੈਂ ਤੁਹਾਨੂੰ ਇੱਕ ਗੱਲ ਦੱਸਾਂ, ਸਤਿਗੁਰਾਂ ਦਾ ਨਾਂਉ ਇੱਥੇ ਰਾਮ ਸਿੰਘ ਸੀ-ਰਾਮ ਚੰਦਰ ਜੀ ਨੇ ਧਰਮ ਨੀਤੀ ਨੂੰ ਵਰਤਿਆ, ਨਿਆਂ 'ਚ ਨਹੀਂ ਫਰਕ ਪੈਣ ਦਿੱਤਾ-ਪਰ ਜਿਸ ਵੇਲੇ ਸਤਿਗੁਰੂ ਰਾਮ ਸਿੰਘ ਜੀ ਗਏ ਸਮੁੰਦਰੋਂ ਪਾਰ, ਉੱਥੇ ਜਾ ਕੇ ਆਪਣਾ ਨਾਉਂ ਦਇਆਲ ਸਿੰਘ ਰੱਖ ਲਿਆ। ਉਹਨਾਂ ਨੂੰ ਪਤਾ ਸੀ ਬਈ ਇਹਨਾਂ ਕੋਲੋਂ ਤੇ ਹੁਣ ਪੂਰੇ ਹੋਇਆ ਨਹੀਂ ਜਾਣਾ, ਓਹ ਦਇਆ ਹੀ ਕਰਨਗੇ ਤੇ ਦਇਆਲ ਬਣ ਕੇ ਹੀ ਸਾਨੂੰ ਬਖਸ਼ਣਾ ਹੈ। ਸੋ ਤੁਸੀਂ ਦਇਆਲੂ ਦੇ ਅੱਗੇ, ਸਤਿਗੁਰੂ ਅੱਗੇ ਅਰਜ਼ ਕਰਿਆ ਕਰੋ।

ਇੱਥੇ ਸਮਾਪਤ ਕਰਕੇ ਘੰਟਾ ਆਪਣਾ ਨਿਤਨੇਮ ਕਰ ਲਈਏ ਜੇ ਹੁਣ ਮਨਜ਼ੂਰੀ 'ਚ ਆਵੇ। ਸਵੇਰੇ ਚਾਰ ਵਜੇ ਸਾਧ-ਸੰਗਤ ਕ੍ਰਿਪਾ ਕਰੇ, ਆਸਾ ਦੀ ਵਾਰ 'ਚ ਦਰਸ਼ਨ ਦੇਵੇ, ਸੂਰਜ ਚੜ੍ਹਦੇ ਨੂੰ ਭੋਗ ਪੈਂ ਜਾਂਦਾ ਹੈ।

ਪਾਠ ਆਦਿ, ਦੇ ਭਾਵੇਂ ਕੋਈ ਦਸਮ ਦੇ ਵੀ ਕਰਦਾ ਹੋਵੇ-ਉਹ ਆਪਣੇ ਸਵੇਰੇ ਪਾਠ ਸੇਠ ਦਿਆਲ ਸਿੰਘ ਹੋਰਾਂ ਨੂੰ ਲਿਖਾ ਦੇਣ ਤਾਂ ਕਿ ਭੋਗ ਵਾਲੇ ਦਿਨ ਫੇਰ ਉਸ ਵੇਲੇ ਸਾਨੂੰ ਕਾਹਲੀ ਜਾਂ ਕਿੰਨੇ ਹਨ, ਕੁਛ ਨਾ ਕਰਨਾ ਪਵੇ। ਦੂਜੀ ਅਰਜ਼ ਇਹ ਹੈ ਮੈਂ ਸਵੇਰੇ ਜਿਹੜੀ ਕਰੀ ਸੀ, ਗੁਰਬਾਣੀ ਦਾ ਕੋਈ ਆਦਮੀ ਇਨਾਮ ਨਹੀਂ ਦੇ ਸਕਦਾ ਕਿ ਕੀ ਚੀਜ਼ ਹੈ। ਮੈਂ ਇਹ ਕਿਹਾ ਸੀ, ਕਿ ਜਿਹਨਾਂ ਨੂੰ ਜ਼ਿਆਦਾ ਬਾਣੀ ਕੰਠ ਹੈ, ਜਿਹੜੇ ਪੁਸਤਕਾਂ ਤੋਂ ਵੀ ਰੋਜ਼ ਨਿਤਨੇਮ ਜ਼ਿਆਦਾ ਕਰਦੇ ਨੇ, ਉਹਨਾਂ ਨੂੰ ਦੋ ਇਨਾਮ ਦੇਣੇ ਹਨ। ਇਸ ਤੋਂ ਬਿਨਾਂ ਕਵੀ ਸੱਜਣ ਵੀ ਕ੍ਰਿਪਾ ਕਰਨ।

## ਸ਼ਬਦਾਰਥ

੧. ਕਲਜੁਗ, ਇਹ ਘੋਰ ਸਮਾਂ ਛੁਰੀ ਵਰਗਾ ਹੈ, ਰਾਜੇ ਕਸਾਈਆਂ ਵਾਂਗ ਜ਼ਾਲਮ ਹਨ।

੨. ਕੈਂਚੀ, ਛੁਰੀ

੩. ਖੰਭ ਲਾ ਕੇ ਉੱਡ ਗਿਆ ਹੈ।

੪. ਝੂਠ ਮੱਸਿਆ ਦੀ ਰਾਤ ਵਾਂਗ ਪਸਰਿਆ ਹੈ ਅਤੇ ਸੱਚ ਮੱਸਿਆ ਦੇ ਚੰਨ ਵਾਕਰ ਹੋ ਗਿਆ ਹੈ। ਜੋ ਦਿੱਸਦਾ ਹੀ ਨਹੀਂ, ਕਿ ਕਿੱਥੇ ਚੜ੍ਹਿਆ ਹੋਇਆ ਹੈ।

੫. ਕਿੱਥੇ

੬. ਮੈਂ ਢੂੰਡ-ਢੂੰਡ ਕੇ ਵਿਆਕੁਲ ਹੋ ਗਈ ਹਾਂ।

੭. ਨਾਮ ਅੰਮ੍ਰਿਤ ਦੀ ਬਰਖਾ ਤੋਂ ਭਾਵ ਹੈ।

੮. ਸੁਨਹਿਰੀ ਕਬਜਾ-ਦੇਖੋ ਪੰਨਾ ੮੪, 'ਲਾਲ ਏਹਿ ਰਤਨ' ਹਿੱਸਾ ਪਹਿਲਾ।

੯. ਸਫਾਰਿਸ਼ ਤਦ ਕਰਦਾ ਹੈ।

੧੦. ਲੋਥ, ਪ੍ਰਾਣ ਰਹਿਤ ਦੇਹ

੧੧. ਹੇ ਖੁਦਾ, ਮੈਂ ਤੇਰੀ ਸ਼ਰਨ ਆਇਆ ਹਾਂ, ਤੂੰ ਬਖਸ਼ਣਹਾਰ ਹੈਂ।

੧੨. ਖੈਰਾਤ, ਭਿਛਿਆ ਦਾਨ

੧੩. ਭਗਤੀ

੧੪. ਬੰਦਿਸ਼, ਦਾਸ ਭਾਵ

੧੫. ਸੇਵਕ ਉਹ ਹੈ ਜੋ ਦਾਸ ਭਾਵ ਵਿੱਚ ਰਹਿ ਕੇ ਉਸਦਾ ਜੱਸ ਕਰਦਾ ਹੈ।

੧੬. ਔਖੀ

੧੭. ਕੋਈ ਉਸਤਤਿ ਕਰੇ ਜਾਂ ਨਿੰਦਾ ਕਰੇ, ਸਾਨੂੰ ਤਾਂ ਹਰੀ ਮਿਲ ਪਿਆ ਹੈ।

੧੮. ਸ੍ਰੀ (ਲਛਮੀ) ਨਾਲ ਰੰਗ ਕਰਨ ਵਾਲਾ ਭਗਵਾਨ ਵਿਸ਼ਨੂੰ ਭਾਵ, ਸਤਿਗੁਰੂ, ਅਕਾਲ ਪੁਰਖ।

੧੯. ਮਿਲਿਆ ਹੈ।

੨੦. ਸਭ ਛੱਡ ਦਿੱਤੀ ਹੈ।

੨੧. ਤਿਆਗ ਕੇ।

੨੨. ਦੀ

੨੩. ਰਿਸ਼ਤਾ, ਇੱਕ ਮਾਇਆ ਦੀ ਲੋੜ ਹੈ, ਕਾਇਮ ਨਹੀਂ ਰਹਿੰਦਾ।

੨੪. ਧਨਵਾਨ

੨੫. ਪਿੱਠ ਫੇਰ ਦਿੰਦਾ ਹੈ।

੨੬. ਕਰੋੜਾਂ ਕਿਸਮ ਦੇ ਧਨ

੨੭. ਆਵਾਜ਼ਾਂ, ਤਾੜਨਾ ਦੇ ਹੋ ਕੇ, ਆਵਾਜ਼ਾਂ ਪੈਂਦਿਆਂ-ਪੈਂਦਿਆਂ ਤੂੰ ਆਪਣੇ ਆਪ ਨੂੰ ਖੜਾ ਖੜੋਤਾ ਨਾ ਪਿਆ ਲੁਟਾ।

੨੮. ਪੈ ਰਹੀਆਂ ਹਨ (ਮੌਤ ਦੀਆਂ)

੨੯. ਆਪਣੇ ਆਪ ਨੂੰ ਲੁਟਾ।

★ "ਮਲੇਛ-ਪਾਪ ਕਰਨ ਵਾਲਾ ਪੁਰਸ਼, ਕੁਕਰਮ ਅਤੇ ਅਨਯਾਯ ਕਰਨ ਵਾਲਾ। ਵੌਧਾਯਨ ਰਿਖਿ ਲਿਖਦਾ ਹੈ, "ਜੋ ਗਊ ਦਾ ਮਾਸ ਖਾਂਦਾ ਹੈ, ਵੇਦ ਵਿਰੁੱਧ ਬੋਲਦਾ ਹੈ, ਅਤੇ ਜਿਸ ਦਾ ਉੱਤਮ ਅਚਾਰ, ਨਹੀਂ ਮਲੇਛ ਹੈ।"

# ਬੰਕੌਕ ੫-੨-੧੯੫੨

## ਕਲਿ ਲਖਣ ਵੀਚਾਰਿ

ਮੇਰਾ ਖਿਆਲ ਤਾਂ ਇਵੇਂ ਹੀ ਹੈ, ਪਹਿਲੀ ਅਸ਼ਟਪਦੀ ਹੈ, ਮਹਾਰਾਜ ਕਹਿੰਦੇ ਹਨ,

**ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ[1] ਤਪਤ ਰਹੈ।**
**ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ[2] ਖੇਲੇ ਥਾਵ ਕੈਸੇ।[3]**
**ਜੀਵਨ ਤਲਬਨਿ ਵਾਰਿ**

*- ਰਾਮਕਲੀ ਮ: ੧, ਪੰਨਾ-੯੦੨*

ਕਈ ਸਰੀਰ ਤਲਬ ਨਿਵਾਰ ਪਾਠ ਕਰਦੇ ਨੇ। ਮੈਨੂੰ ਐਉਂ ਮਾਲੂਮ ਹੁੰਦੈ, ਜਿਹੜਾ ਮੈਂ ਸਮਝਿਐ, ਕਿ ਜੀਵਨ ਤਲਬਿਨ ਵਾਰ। ਕੌਣ ? ਜਿਹੜੇ ਜੀਅ ਨੂੰ ਸੱਦਣ ਵਾਲੇ ਹੋਣਗੇ-ਬਾਦਸ਼ਾਹ।

**ਹੋਵੈ ਪਰਵਾਣਾ[4] ਕਰਹਿ ਧਿਙਾਣਾ[5] ਕਲਿ ਲਖਣ ਵੀਚਾਰਿ।**

ਉਹਨਾਂ ਦਾ ਜ਼ੁਲਮ ਵੀ ਪ੍ਰਵਾਨ ਹੋ ਜਾਏਗਾ। ਫੇਰ, ਮਹਾਰਾਜ ਕਹਿੰਦੇ ਨੇ,

**ਕਿਤੈ ਦੇਸਿ[6] ਨ ਆਇਆ ਸੁਣਿਐ ਤੀਰਥ ਪਾਸਿ ਨ ਬੈਠਾ।**
**ਦਾਤਾ ਦਾਨੁ[7] ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ।**

ਕੀ ਉਹਦੀ ਨਿਸ਼ਾਨੀ ਹੈ ?

**ਜੇ ਕੋ ਸਤੁ[8] ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ।**
**ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ।**

*- ਪੰਨਾ ੯੦੨*

ਕੋਈ ਪੁਰਸ਼ ਨਿਯਮ ਕਰਦਾ ਹੈ, ''ਮੈਂ ਇਤਨੀ ਮਾਲਾ ਰੋਜ਼ ਫੇਰਾਂਗਾ, ਐਸ ਵੇਲੇ ਉਠਿਆ ਕਰਾਂਗਾ''–ਨਹੀਂ ਸਿਰੇ ਚੜ੍ਹਨ ਦਿੰਦਾ। ਕੋਈ ਆਦਮੀ ਦਿਲ 'ਚ ਧਾਰਦਾ ਹੈ, ''ਮੈਂ ਬਿਗਾਨੀ ਔਰਤ ਵੱਲ ਨਹੀਂ ਝਾਕਾਂਗਾ'', ਕੋਈ ਮਾਈ ਚਾਹੁੰਦੀ ਹੈ, ''ਮੈਂ ਕਿਸੇ ਵੱਲ ਨਾ ਝਾਕਾਂ-ਹੋਰ ਆਦਮੀ ਵੱਲ''–**ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ।**

ਤੇ, **ਜੇ ਕੋ ਨਾਉ ਲਏ ਬਦਨਾਵੀ**–ਕੋਈ ਨ ਕੋਈ ਉਹਦੇ ਤੇ ਬਹਾਨਾ ਬਣ ਜਾਂਦਾ ਹੈ, ਕੋਈ ਚੀਜ਼ ਬਣ ਜਾਂਦੀ ਹੈ–**ਕਲਿ ਕੇ ਲਖਨ ਏਈ**–ਸਮਾਂ ਸਿਰੇ ਨਹੀਂ ਚੜ੍ਹਨ ਦੇਂਦਾ। ਅੱਵਲ ਇਹ ਚੀਜ਼ ਹੈ, ਸਤਿਗੁਰੂ ਬਖਸ਼ਸ਼ ਕਰੇ।

ਮੇਰੇ ਦੇਖਣ ਵਿੱਚ ਭਾਈ ਜਵਾਹਰ ਸਿੰਘ ਹੋਰੀ ਮਹੰਤ ਹੁੰਦੇ ਸਨ ਖਾਣ ਪੁਰੀਏ, ਉਨ੍ਹਾਂ ਨੇ ਇਹ ਗੱਲ ਸ਼ੁਰੂ ਕੀਤੀ ਹੈ–ਭਾਈ ਗੁਰਦਿੱਤੇ ਰਬਾਬੀ ਨੇ ਕਥਾ ਸ਼ੁਰੂ ਕੀਤੀ ਬਾਣੀ ਦੇ ਨਾਲ–ਜਵਾਹਰ ਸਿੰਘ ਮਹੰਤ ਨੇ ਸ਼ਬਦ ਪੜ੍ਹਨੇ ਬਹਿ ਕੇ ਖਲੋ ਕੇ ਨਹੀਂ ਸਨ ਉਹ ਪੜ੍ਹਦੇ। ਉਹ ਕੀਰਤਨ ਹੀ ਕੁਛ ਇਲਾਹੀ ਚੀਜ਼ ਸੀ। ਜਿਸ ਤਰ੍ਹਾਂ ਸੰਤਾਂ ਗਿਆਨਾ ਸਿੰਘ ਹੁਰਾਂ ਦੀ ਅਵਾਜ਼ ਹੈ, ਏਦੂੰ ਵੀ ਅਵਾਜ਼ ਮੋਟੀ ਸੀ, ਰਾਗ ਦੀ ਸਮਝ ਥੋੜੀ–ਥੋੜੀ ਰੱਖਦੇ ਸੀ। ਜਿਸ ਵੇਲੇ ਕੀਰਤਨ ਕਰਨ ਦੀ ਬਿਧਿ[★੧]—

(ਓ ਮੈਂ) **ਪਾਣੀ ਕਰ ਪੀਵਾ ਸਗਲੇ ਦੂਖ –**
**ਸਗਲੇ ਦੂਖ**[੯] **ਪਾਣੀ ਕਰਿ ਪੀਵਾ ਧਰਤੀ**
(ਮੈਂ) **ਹਾਕ ਚਲਾਈ।**[੧੦]

*– ਮ: ੧, ਪੰਨਾ–੧੪੭*

ਉਹਨਾਂ ਨੇ ਥੋੜੀ–ਥੋੜੀ ਵਿਆਖਿਆ ਸਾਡੇ ਸ਼ੁਰੂ ਕੀਤੀ। ਉਹਨਾਂ ਤੋਂ ਬਾਅਦ ਸੰਤ ਭਗਤ ਸਿੰਘ ਹੋਰੀਂ ਆਏ, ਜਿਹੜੇ ਖਲੋ ਕੇ ਸ਼ਬਦ ਪੜ੍ਹਨ ਲੱਗੇ। ਸੰਤਾਂ ਭਗਤ ਸਿੰਘ ਹੋਰਾਂ ਤੋਂ ਪਹਿਲਾਂ ਕਿਸੇ ਨੇ ਖਲੋ ਕੇ ਕੀਰਤਨ ਨਹੀਂ ਕੀਤਾ। ਅੱਗੇ ਚਲਦਾ ਗਿਆ ਸਮਾਂ, ਪਰ ਜਿਉਂ ਜਿਉਂ ਲੈਕਚਰ–ਵਖਿਆਨ, ਅਖਬਾਰਾਂ, ਜਿੰਨਾ ਕੁਝ ਜ਼ਿਆਦਾ ਲੱਗੇ ਹਾਂ ਕਰਨ, ਓਨਾਂ–ਓਨਾਂ ਖਿਲਰਦੇ ਤੁਰੇ ਜਾਨੇ ਹਾਂ।

ਸਤਿਗੁਰੂ ਰਾਮ ਸਿੰਘ ਦੇ ਸਿੱਖ, ਜਿਹਨਾਂ ਨੇ ਉਹਨਾਂ ਦੇ ਦਰਸ਼ਨ

ਕੀਤੇ, ਉਹਨਾਂ ਦੀ ਇਹੋ ਹੀ ਗੱਲ ਸੀ:–

**ਸਾਧ ਕੈ ਸੰਗਿ[੧੧] ਨਹੀ ਕਛੁ ਘਾਲ।**
**ਦਰਸਨੁ ਭੇਟਤ ਹੋਤ ਨਿਹਾਲ।**

*– ਮ:੫, ਪੰਨਾ ੨੭੨*

## ਇਹ ਸੀ ਸਿੱਖੀ

ਜਿੱਥੋਂ ਦੀ ਲੰਘ ਗਏ ਨੇ, ਲੋਕ ਦੇਖ ਕੇ ਸਿੱਖ ਬਣ ਗਏ। ਪੜ੍ਹੋ ਹਾਲ ਪੰਥ ਪ੍ਰਕਾਸ਼ ਵਿੱਚ ਸਿੱਖਾਂ ਦਾ, ਕਿ ਓਦੋਂ ਕੋਈ ਸਿੱਖਾਂ ਦਾ ਪਰਚਾਰਕ ਨਹੀਂ ਸੀ। ਮੁਸਲਮਾਨ ਲੋਕ, ਸਿੱਖਾਂ ਦੇ ਲਹੂ ਦੇ ਤਿਹਾਏ ਸਨ। ਜੋ ਕੋਈ ਸਿਰ ਵੱਢ ਕੇ ਲੈ ਜਾਏ–ਦੱਸ ਦੇਵੇ ਤੇ ਦਸ, ਜੇ ਫੜਾਵੇ ਤੇ ਚਾਲੀ, ਜੇ ਸਿਰ ਦੇਵੇ ਤੇ ਅੱਸੀ। ਉਸ ਵੇਲੇ ਸਿੱਖ ਕਿਆ ਚੀਜ਼ ਥੇ ? ਮੁਸਲਮਾਨ ਆਪਣੀਆਂ ਕਿਤਾਬਾਂ 'ਚ ਲਿਖਦੇ ਨੇਂ ਸਿੱਖਾਂ ਨੂੰ ਸੱਗ। ਫਾਰਸੀ ਲਫਜ਼ ਸੱਗ ਕੁੱਤੇ ਦਾ ਨਾਂ ਹੈ। ਉਹ ਕਹਿੰਦੇ ਨੇ, ''ਇਹ (ਸਿੱਖ)–ਸੱਗ ਹਨ। ਇਹ ਸੱਗ ਇਹੋ ਜਿਹੇ ਹਨ, ਕਿਸੇ ਦੀ ਔਰਤ ਵੱਲ ਨਹੀਂ ਝਾਕਦੇ, ਇਹ ਸੱਗ ਝੂਠ ਨਹੀਂ ਬੋਲਦੇ, ਇਹ ਸੱਗ ਆਪਣਾ ਧਰਮ ਨਹੀਂ ਛੱਡਦੇ।'' ਕੁੱਤੇ ਕਹਿੰਦੇ ਸਨ, ਪਰ ਇਹ ਗੱਲ ਉਹਨਾਂ ਨੂੰ ਵੀ–ਦੁਸ਼ਮਣਾਂ ਨੂੰ ਵੀ ਮੰਨਣੀ ਪਈ ਕਿ ਸਿੱਖ ਕਿਆ ਚੀਜ਼ ਹੈ।

ਫ਼ਰਖ਼ਸੀਅਰ ਬਾਦਸ਼ਾਹ ਦੀ ਸਿੱਖਾਂ ਨੂੰ ਮੁਕਾਉਣ ਦੀ ਸਲਾਹ ਹੋਈ। ਵਜ਼ੀਰ ਨੇ ਆਖਿਆ, ''ਮੈਂ ਤੈਨੂੰ ਇੱਕ ਗੱਲ ਦੱਸਦਾ ਹਾਂ, ਤੂੰ ਇਹ ਕਰਕੇ ਦੇਖ ਲੈ ਕਿ ਮੁੱਕਣਗੇ ਵੀ ਕਿ ਨਹੀਂ, ਤੂੰ ਸਿੱਖ ਮੰਗਵਾ–ਇੱਕ ਬੁੱਢਾ, ਇੱਕ ਅਧਖੜ ਜਿਹਾ–ਕਰੜ ਬਰੜੀ ਦਾੜ੍ਹੀ ਵਾਲਾ, ਇੱਕ ਜਵਾਨ, ਇੱਕ ਬੱਚਾ।''

ਚਾਰੇ ਸਿੱਖ ਫੜ ਕੇ ਮੰਗਵਾ ਲਏ। ਮੰਗਵਾ ਕੇ, ਚੌਹਾਂ ਸਿੱਖਾਂ ਨੂੰ ਕਹਿੰਦਾ ਹੈ, ''ਸੱਤ ਦਿਨ ਭੁੱਖੇ ਰੱਖੋ ਇਨ੍ਹਾਂ ਨੂੰ।'' ਜੇਲ੍ਹ ਵਿੱਚ ਸੱਤ ਦਿਨ ਭੁੱਖੇ ਰੱਖੇ। ਇੱਕ ਹੋਰ ਸਿੱਖ ਮੰਗਵਾਇਆ, ਜਿਹਨੂੰ ਕਿਹਾ ਕਿ ਅਰਜ਼ ਕਰ ਜਾ ਕੇ,''ਮੈਂ ਇੱਕ ਸਿੱਖ ਨੂੰ ਪਰਸਾਦ ਛਕਾ ਸਕਨਾ ਹਾਂ, ਤੁਸੀਂ ਇੱਕ ਜਣਾ ਮੇਰੇ ਨਾਲ ਚਲੋ।'' ਸੱਤਾਂ ਦਿਨਾਂ ਦੇ ਭੁੱਖੇ ਨੇ, ਜਿਸ ਵੇਲੇ ਜਾ ਕੇ ਆਖਿਆ,

ਉਹ ਬਿਰਧ ਕਹਿੰਦਾ ਹੈ, ''ਮੈਂ ਤੇ ਖਾ ਪੀ ਬੈਠਾ ਹਾਂ, ਭਾਈ ਤੁਸੀਂ ਜਾਓ।''

ਉਹ ਦੂਆ ਕਹਿੰਦਾ ਹੈ, ''ਜੀ ਮੈਂ ਹੁਣ ਕਿਵੇਂ ਖਾਵਾਂ ਤੁਹਾਡੇ ਹੁੰਦਿਆਂ।''

ਆਂਹਦੇ ਨੇ, ''ਤੂੰ ਬੱਚਾ ! ਖਾ ਲੈ।''

ਉਹ ਬੱਚਾ ਕਹਿੰਦਾ, ''ਬਾਬਾ ਜੀ, ਤੁਹਾਡੇ ਹੁੰਦਿਆਂ ਬਜ਼ੁਰਗਾਂ ਦੇ, ਮੈਂ ਕਿਵੇਂ ਖਾਵਾਂ ?

ਕੋਈ ਨਾ ਰੋਟੀ ਖਾਣ ਗਿਆ ਚੌਵਾਂ ' ਚੋਂ। ਕਹਿਣ ਲੱਗੇ, ''ਭਾਈ ਸੱਜਣਾ ਜੇ ਤੂੰ ਇੱਕ ਦਾ ਲਿਆਉਂਦਾ ਹੈ, ਐਥੇ ਲਿਆ ਦੇ, ਅਸੀਂ ਵੰਡ ਕੇ ਖਾ ਲਵਾਂਗੇ।'' ਇਸ ਦਾ ਨਾਂ ਸੀ ਸਿੱਖੀ। ਵਜ਼ੀਰ ਫੇਰ ਕਹਿਣ ਲੱਗਾ, ''ਲੈ ਹੋਰ ਦੇਖ। ਹੁਣ ਇਹਨਾਂ ਨੂੰ-ਚੌਵਾਂ ਆਦਮੀਆਂ ਨੂੰ-ਇੱਕ ਨੂੰ ਪੰਜ਼ੀ ਦੇਹ, ਇੱਕ ਨੂੰ ਡੇਢ ਸੌ ਦੇਹ। ਇਹ ਰੁਪਈਏ ਇੱਕੋ ਜਿਹੇ ਨਾ ਦੇਹ, ਤੇ ਵੱਖਰੇ ਦੇਹ। ਵੱਖੋ ਵੱਖਰੇ ਦੇ ਕੇ, ਉਹਨਾਂ ਨੂੰ ਕਹੁ-ਤੁਸੀਂ ਇਥੋਂ ਇਕੱਠੇ ਨਹੀਂ ਤੁਰ ਸਕਦੇ, ਇੱਕ ਐਉਂ ਨੂੰ ਤੁਰੇ, ਇੱਕ ਐਉਂ ਨੂੰ ਤੁਰੇ, ਇੱਕ ਐਉਂ ਨੂੰ।'' ਸਿੱਖਾਂ ਨੂੰ ਜਦੋਂ ਰੁਪਈਏ ਮਿਲੇ, ਕਹਿਣ ਲੱਗੇ, ''ਹੁਣ ਅਸੀਂ ਮੱਥਾ ਤੇ ਟੇਕ ਲਈਏ।''

ਅੱਜ ਤੇ ਹੁਣ ਸਾਨੂੰ ਬਿਮਾਰੀ ਨੇ ਮਾਰ ਦਿੱਤਾ, ਸਾਡੇ ਸਿਰ ਆਕੜ ਗਏ, ਸਾਨੂੰ ਅੰਗਰੇਜ਼ ਇੱਕ ਐਸੀ ਬਿਮਾਰੀ ਪਾ ਗਿਆ ਕਿ ਸਿੱਖ ਦਾ ਕੰਮ ਹੈ ਫਤਹਿ ਬਲਾਉਣੀ, ਕਿਸੇ ਨੂੰ ਮੱਥਾ ਨਹੀਂ ਟੇਕਣਾ। ਸਿੱਖ ਮੱਥਾ ਟੇਕਦੇ ਸੀ-ਇੱਕ ਦੂਏ ਨੂੰ। ਮੈਂ ਅੱਗੇ ਵੀ ਅਰਜ਼ ਕਰੀ ਸੀ, ਹਜ਼ੂਰ ਸਾਹਿਬ ਅਜੇ ਵੀ ਰਹਿਰਾਸ ਦਾ ਪਾਠ ਤੋਂ ਬਾਅਦ ਤਖਤ ਸਾਹਿਬ ਦੇ ਸਾਹਮਣੇ ਹਰ ਇੱਕ ਆਦਮੀ ਰਹਿਰਾਸ ਦਾ ਪਾਠ ਕਰਕੇ ਇੱਕ ਦੂਏ ਦੇ ਚਰਨੀਂ ਹੱਥ ਲਾਉਂਦਾ ਹੈ। ਉਨ੍ਹਾਂ ਨੇ ਮੱਥਾ ਟੇਕਣ ਲਗਿਆਂ, ਇੱਕ ਦੂਏ ਦੇ ਚਰਨੀ ਹੱਥ ਲਾਉਣ ਲੱਗਿਆ-ਜਦੋਂ ਸਿਰ ਨਿਵਾਏ-ਕਿਹਾ, ''ਬਈ ਫਲਾਣੇ ਬੋਹੜ ਹੇਠ, ਫਲਾਣੇ ਪਾਸੇ ਇਕੱਠੇ ਹੋ ਜਾਉ।'' ਉੱਥੋਂ ਅੱਡੋ-ਅੱਡੀ ਕਰ ਦਿੱਤੇ, ਜੋ (ਰੁਪਈਆ) ਵੱਖੋ ਵੱਖਰਾ ਮਿਲਿਆ, ਉਹ ਫਿਰ ਜਾ ਕੇ ਇਕੱਠਾ ਕਰ ਲਿਆ ਸਾਰਾ—ਇਹ ਸੀ ਸਿੱਖੀ।

ਮੈਂ ਇਹ ਗੱਲ ਸੁਣੀ ਹੈ ਸੰਤਾਂ ਭਗਤ ਸਿੰਘ ਹੋਰਾਂ ਪਾਸੋਂ-ਹੋਲਾ ਕੰਢੀਂ-

-ਮੈਂ ਤੇ ਉਸ ਮੇਲੇ 'ਚ ਨਹੀਂ ਗਿਆ ਕੰਙਾਂ ਦੇ ਹੋਲੇ ਵਿੱਚ। ਸੇਠ ਹੁਕਮ ਸਿੰਘ ਹੋਰੀਂ ਸਖਾਣੇ ਵਾਲੇ ਜਿਊਂਦੇ ਸਨ, ਇਹਨਾਂ ਦਾ ਨਾਂ ਵੀ ਹੁਕਮ ਸਿੰਘ ਸੀ ਡਸਕੇ ਵਾਲਿਆਂ ਦਾ। ਇਹ ਦੋਵੇਂ ਜਿਊਂਦੇ ਸੀ। ਫੇਰ ਇਹਨਾਂ ਦੀ ਖੇਡ ਢਿੱਲੀ ਹੋ ਗਈ ਸੀ ਜ਼ਰਾ ਕੁ ਵਿਹਾਰ ਕਰ ਕੇ ਡਸਕੇ ਵਾਲਿਆਂ ਦੀ-ਪਹਿਲੇ ਬੜਾ ਚੰਗਾ ਕੰਮ ਸੀ। ਮੇਲੇ 'ਚ ਅੰਨ ਪਾਣੀ ਥੋੜਾ ਰਹਿ ਗਿਆ। ਉਹਨਾਂ ਨੇ ਪੁੱਛਿਆ ਹੀ ਨਹੀਂ ਕਿਸੇ ਨੂੰ, ਆਂਹਦੇ ਨੇ, ''ਜਾਉ ਸਤ ਸੌ ਮਣ ਫਲਾਣੇ ਥਾਂ ਚੌਲ ਤੇ ਪਈ ਹੈ-ਦਾਲ ਸਾਡੀ, ਉਹ ਖਿਚੜੀ ਚੁੱਕ ਲਿਆਉ।'' ਦੋਹਾਂ ਨੇ ਆਖਿਆ ਕਿ ਮੇਲਾ ਨਾ ਭੰਡਿਆ ਜਾਏ-ਸਾਧ ਸੰਗਤ ਦਾ। ਹੁਣ ਮੈਂ ਕਹਿਨੈ-ਉਹ ਸੇਠ ਨੇ ਮੇਲਾ ਕੀਤੈ-ਮੈਨੂੰ ਕੀ, ਸੇਠ-ਮਰੇ, ਜੇ ਭੰਡੀ ਹੋਊ ਤੇ ਸੇਠਾਂ ਦੀ ਹੋਊ-ਇਹ ਸਿੱਖੀ ਨਹੀਂ। ਬੀ ਹੈ, ਸਤਿਗੁਰਾਂ ਅਜੇ ਵੀ ਕਿਤੇ-ਕਿਤੇ ਰੱਖਿਆ ਹੋਇਆ।

ਹੁਣ ਸਾਡੇ ਪਾਸ ਇੱਕ ਸਿੱਖ ਹੈ ਵਿਰਸਾ ਸਿੰਘ ਨੁਸ਼ਹਿਰੇ ਵਿਰਕਾਂ ਦਾ। ਉਥੋਂ ਦਾ ਮੱਘਰ ਸਿੰਘ ਇੱਕ ਘੁਮਿਆਰ ਸਿੱਖ ਸੀ। ਇਹ ਜਿਹੜੇ ਨਾਮਧਾਰੀ ਦੋ ਘਰ ਸਨ, ਇਹਨਾਂ ਜਦੋਂ ਦੀਵਾਨ ਕਰਨਾ ਤਾਂ ਲੋਕਾਂ ਨੇ ਪਿੰਡ ਦਿਆਂ ਨੇ, ਜ਼ਿਮੀਦਾਰਾਂ ਨੇ, ਆ ਕੇ ਦੀਵਾਨ 'ਚ ਰੌਲਾ ਪਾਉਣਾ-ਸਾਡੇ ਗਿਆਂ ਵੀ, ਕਿਉਂ ਇਹ ਕੂਕੇ ਏਥੇ ਦੀਵਾਨ ਲਾਉਂਦੇ ਹਨ? ਜ਼ਰਾ ਰੌਲਾ ਪੈ ਗਿਆ ਸੀ ਕੂਕੇ ਹੋਰ, ਅਕਾਲੀ ਹੋਰ-ਬੜੀ ਤੰਗੀ ਹੋਣੀ। ਕੁਦਰਤ ਨਾਲ ਵਿਰਸਾ ਸਿੰਘ ਤੇ ਰੂੜ ਸਿੰਘ ਦੋ ਜ਼ਿੰਮੀਦਾਰ ਸਿੰਘ-ਉਹਨਾਂ ਦੇ ਸਤਿਸੰਗ ਨਾਲ ਸਿੱਖ ਸਜ ਗਏ-ਮੇਲਾ ਹੋਇਆ। ਜਿਸ ਵੇਲੇ ਜ਼ਮੀਨ ਲੱਗੇ ਖਰੀਦਣ-ਵਿਰਸਾ ਸਿੰਘ ਦੀ ਚੰਗੀ ਜਾਇਦਾਦ, ਚੰਗਾ ਘਰ ਦਾ ਮਾਲਕ ਸੀ, ਉਸਨੇ ਮੁਰੱਬਾ ਲਿਆ ਤੇ ਮੱਘਰ ਸਿੰਘ ਨੂੰ ਆਖਣ ਲੱਗਾ, ''ਬਈ, ਤੂੰ ਵੀ ਸਾਡੇ ਨਾਲ ਚੱਲ, ਤੂੰ ਵੀ ਮੁਰੱਬਾ ਲੈ ਕਿਉਂਕਿ ਤੂੰ ਸਾਨੂੰ ਸਿੱਖ ਸਜਾਇਆ ਹੈ।''

ਮੱਘਰ ਸਿੰਘ ਕਹਿੰਦਾ ਹੈ, ''ਭਾਈ, ਅਸੀਂ ਖੋਤੀਆਂ ਵਾਹੁਣ ਵਾਲੇ, ਖੱਚਰਾਂ ਵਾਹੁਣ ਵਾਲੇ, ਤੁਸੀਂ ਅਮੀਰ ਤੇ ਤੁਹਾਡੇ ਕੋਲ ਤਾਂ ਜ਼ਮੀਨ ਹੈ, ਅਸੀਂ ਕਿੱਥੋਂ ਲਈਏ ?'' ਵਿਰਸਾ ਸਿੰਘ ਨੇ ਆਪਣੀ ਜ਼ਮੀਨ ਗਹਿਣੇ ਪਾ ਕੇ ਪਚਵੰਜਾ ਸੌ (੫੫੦੦) ਰੁਪਈਆ ਉਹਨੂੰ ਦਿੱਤਾ, ''ਭਾਈ, ਜੇ

ਤੇਰੇ ਕੋਲ ਹੋਊ, ਦੇ ਦੇਵੀਂ ਨਹੀਂ ਮੈਨੂੰ ਕੋਈ ਲੋੜ ਨਹੀਂ ਲੈਣ ਦੀ, ਤੂੰ ਮੇਰੇ ਨਾਲ ਜ਼ਰੂਰ ਚੱਲ, ਤੂੰ ਸਾਨੂੰ ਸਿੱਖ ਸਜਾਇਆ ਹੈ।'' ਸਿੱਖੀ ਇਸ ਚੀਜ਼ ਦਾ ਨਾਂ ਹੈ। ਸਤਿਗੁਰਾਂ ਨੇ ਬਣਾਇਆ ਸਿੱਖ, ਬਣਾਈ ਸੀ ਬਰਾਦਰੀ, ਜਿਸ ਤਰ੍ਹਾਂ ਪੁੱਟ ਕੇ ਬੂਟੇ, ਲਾਭਾਂ-ਲਾਭਾਂ ਤੋਂ ਲਿਆ ਕੇ, ਇੱਕ ਬਾਗ ਵਿੱਚ ਲੱਗ ਜਾਂਦੇ ਹਨ, ਤਾਂ ਉਹਨਾਂ ਦਾ ਸੰਜੋਗ ਹੋ ਜਾਂਦੈ-ਇੱਕ ਦੂਏ ਨਾਲ। ਪਾਣੀ ਇੱਕ ਦੇ ਵਿੱਚੋਂ ਦੀ ਦੂਏ ਨੂੰ ਜਾਂਦਾ ਹੈ। ਇਸ ਤਰ੍ਹਾਂ (ਲੋਕਾਂ) ਦੇ, ਵਿੱਚੋਂ ਕੱਢ ਕੇ, ਸਤਿਗੁਰਾਂ ਨੇ ਇੱਕ ਬਾਗ ਲਾਇਆ ਹੈ।

ਸਤਿਗੁਰੂ ਰਾਮ ਸਿੰਘ ਦੇ ਪਾਸ ਬਾਬਾ ਸਾਹਿਬ ਸਿੰਘ ਹੋਰਾਂ ਨੂੰ ਇੱਕ ਅੰਗਰੇਜ਼ ਅਫਸਰ ਆ ਕੇ ਪੁੱਛਦਾ ਹੈ, ''ਤੁਹਾਡੀ ਜਾਤ ਕੀ ਹੈ ?

ਸਾਹਿਬ ਸਿੰਘ ਹੋਰੀਂ ਕਹਿੰਦੇ ਨੇ, ''ਜਾਤ ਸਾਡੀ ਹੈ ਨਾਮਧਾਰੀ।'' ਪੇਸ਼ਾ ਸਾਡੇ 'ਚ ਕੋਈ ਕੁਛ ਕਰ ਲਏ-ਕੋਈ ਕਾਰੀਗਰੀ ਦਾ ਕਰ ਲਵੇ, ਕੋਈ ਰਾਜਗਿਰੀ ਦਾ ਕਰ ਲਵੇ, ਪੈਲੀ ਦਾ ਕਰ ਲਵੇ, ਜਾਤ ਸਾਡੀ ਨਾਮਧਾਰੀ ਹੈ।

ਹੁਣ ਵੀ ਧਿਆਨ ਰੱਖਿਆ ਕਰੋ, ਕਿਉਂਕਿ ਜਿੰਨਾ ਚਿਰ ਅਸੀਂ ਨਾਮਧਾਰੀ ਨਹੀਂ ਬਣਦੇ, ਓਨਾਂ ਚਿਰ ਸਾਡੀ ਬਰਾਦਰੀ ਨਹੀਂ ਬਣ ਸਕਦੀ, ਓਨਾਂ ਚਿਰ ਅਸੀਂ ਇੱਕ ਦੂਏ ਦਾ ਦੁਖ ਸੁਖ ਨਹੀਂ ਸਾਂਭ ਸਕਦੇ। ਮੈਂ ਤਾਂ ਸਭ ਤੋਂ ਵੱਡੀ ਅਰਜ਼ ਇਹੋ ਕਰਨੀ ਹੈ-ਅੱਗੇ ਵੀ ਕੀਤੀ ਹੈ, ਜੇ ਕੁਛ ਤੁਸੀਂ ਕਰ ਸਕਦੇ ਹੋ, ਜੇ ਤੁਹਾਡੇ 'ਚ ਕੁਛ ਗੁਰੂ ਨੇ ਹਿੰਮਤ, ਬਲ ਬਖਸ਼ਿਆ ਹੈ, ਮਾਈਆਂ ਨੂੰ ਵੀ ਖਾਸ ਤੌਰ ਤੇ ਮੈਂ ਇਹ ਗੱਲ ਕਹਿਨਾਂ, ਪਰਸੋਂ ਐਥੇ ਦੀਵਾਨ 'ਚ ਇਕੱਠੇ ਹੋ ਲਈਏ। ਡੌਨ-ਮੌਂਗ ਜਾਣ ਦਾ ਜਿੰਨਾ ਕਿਰਾਇਆ ਖਰਚ ਕਰਨਾ ਹੈ ਮਾਈਆਂ ਨੇ, ਓਨੇ ਪੈਸੇ ਇਕੱਠੇ ਕਰਕੇ ਆਪਣੀਆ ਵਿਧਵਾ ਭੈਣਾਂ-ਜਿਹੜੀਆਂ ਪਿੱਛੇ (ਭਾਰਤ 'ਚ) ਮਾਰੀਆਂ ਪਈਆਂ ਨੇ ਗਰੀਬੀ ਦੀਆਂ-ਉਹਨਾਂ ਨੂੰ ਭੇਜ ਦਿਆ ਕਰਨ। ਕੋਈ ਫੰਡ ਬਣਾ ਛੱਡਣ-ਕਿਸੇ ਵੇਲੇ ਆਨਾ, ਦੋ ਆਨੇ ਚਾਰ ਆਨੇ ਇਕੱਠੇ ਕਰੀ ਜਾਣ। ਸਭ ਤੋਂ ਵੱਡੀ ਚੀਜ਼ ਐਸ ਵੇਲੇ ਇਹ ਹੈ-ਸਤਿਗੁਰੂ ਦਾ ਹੁਕਮ।

ਗੁਰੂ ਅਰਜਨ ਦੇਵ ਮਹਾਰਾਜ ਜੀ ਦਾ ਪ੍ਰਸੰਗ-ਏਸੇ ਤਰ੍ਹਾਂ ਅਲੀ ਜੀ

ਦਾ ਭੀ ਲਿਖਿਆ ਹੈ ਕਿ ਉਹਦੇ ਘਰੋਂ ਸਖਤ ਬਿਮਾਰ ਸੀ, ਉਹਨੇ ਆਖਿਆ, ''ਬਈ, ਮੈਨੂੰ ਅਨਾਰ ਖਾਣ ਨੂੰ ਚਾਹੀਦਾ ਹੈ, ਅਨਾਰ ਲੈਣ ਚਲੇ ਗਏ ਔਰ ਇਹ ਕੁਦਰਤ ਬਣਾਈ ਹੋਈ ਹੈ–

## ਗਰੀਬੀ ਗਦਾ ਹਮਾਰੀ

ਗੁਰੂ ਅਰਜਨ ਦੇਵ ਮਹਾਰਾਜ–ਇਹ ਹਾਲਤ ਸੂਰਜ ਪ੍ਰਕਾਸ਼ ਵਿੱਚ ਪੜ੍ਹੀ ਹੈ–*[੨] ਕਿ ਲੂਣ ਵੀ ਨਹੀਂ ਸੀ ਦਾਲ 'ਚ ਜਦੋਂ ਭਾਈ ਗੁਰਦਾਸ ਨੇ ਪ੍ਰਸ਼ਾਦਾ ਛਕਿਆ। ਬੇਬੇ ਨੂੰ ਪੁਛਿਆ, ਭੈਣ ਲਗਦੀ ਸੀ ਭਾਈ ਜੀ ਦੀ–ਬੇਬੇ ਭਾਨੀ ? ਕਹਿਣ ਲਗੇ, ''ਭਾਈ, ਜੇ ਹੋਵੇ ਤੁਹਾਡੇ ਕੋਲੋਂ ਲੁਕਾ ਕੇ ਰੱਖਿਆ ਹੋਣਾ ਹੈ ?'' ਧੰਨ ਗੁਰੂ ਅਰਜਨ ਦੇਵ ਮਹਾਰਾਜ।

**ਗਰੀਬੀ[੧੨] ਗਦਾ[੧੩] ਹਮਾਰੀ।**
**ਖੰਨਾ[੧੪] ਸਗਲ ਰੇਨੁ[੧੫] ਛਾਰੀ।[੧੬]**
**ਇਸੁ ਆਗੈ ਕੋ ਨ ਟਿਕੈ ਵੇਕਾਰੀ।**

*– ਸੋਰਠ ਮ:੫, ਪੰਨਾ–੬੨੮*

ਸਤਿਗੁਰੂ ਰਾਮ ਸਿੰਘ ਜੀ ਨੇ ਕਿਹਾ, ''ਭਾਈ ਜੇ ਕੋਈ ਤੁਹਾਨੂੰ ਗਾਲ ਵੀ ਕੱਢੇ, ਕੋਈ ਮਾਰੇ ਵੀ, ਤਾਂ ਵੀ ਮੰਦਾ ਫਿੱਕਾ ਨਹੀਂ ਬੋਲਣਾ, ਤੁਸੀਂ ਖਿਮਾ ਰੱਖਣੀ, ਐਥੇ ਤੁਹਾਡਾ ਰੱਛਕ ਗੁਰੂ ਹੈ।'' ਇਸ ਹਾਲ ਵਿੱਚ ਹੁੰਦਿਆਂ ਹੋਇਆਂ ਸਾਧ ਸੰਗਤ ਦੀ ਸੇਵਾ ਤੋਂ ਮੂੰਹ ਨਹੀਂ ਮੋੜਿਆ। ਸਾਧ ਸੰਗਤ ਦੀ ਸੇਵਾ ਕਰਨ ਨਾਲ–ਆਹ ਬੈਠੇ ਨੇ ਸੇਠ ਦਇਆਲ ਸਿੰਘ ਹੋਰੀਂ। ਉਹ ਬਾਬੇ ਭਗਵਾਨ ਸਿੰਘ ਹੋਰੀਂ—ਸਤਿਗੁਰ (ਸਤਿਗੁਰੂ ਰਾਮ ਸਿੰਘ)–ਸੇਠ ਦਇਆਲ ਸਿੰਘ ਦੇ ਦਾਦੇ ਨੂੰ ਮਿਲੇ–ਮੈਂ ਅੱਗੇ ਵੀ ਸ਼ਾਇਦ ਅਰਜ਼ ਕੀਤੀ ਸੀ ਏਥੇ –ਓਦੂੰ ਬਾਅਦ ਕੇਰਾ ਕਰਨਾ। ਹੁਕਮ ਸਤਿਗੁਰਾਂ ਦਿੱਤਾ ਸੀ, ਪੈਲੀ ਕੇਰੇ ਦੀ ਬੀਜ ਲੈਣੀ—ਬਰਾਨੀ। ਉਹਨੀਂ ਦਿਨੀਂ ਬਾਰਸ਼ਾਂ ਹੋ ਜਾਂਦੀਆਂ ਸਨ, ਖੇਡ ਮਮੂਲੀ ਬਣੀ ਹੋਈ ਸੀ। ਬਾਬੇ ਘੋੜੀਆਂ ਵਾਲੇ ਨਰੈਣ ਸਿੰਘ ਹੋਰੀਂ ਆ ਗਏ ਤੇ ਬਾਬਾ ਭਗਵਾਨ ਸਿੰਘ ਹੋਰਾਂ ਘਰ ਸੱਦੇ। ਇੱਕ ਸਿੰਘ ਸੁਜਾਨ ਸਿੰਘ ਸਤਿਗੁਰਾਂ ਸਜਾਇਆ ਮੁੰਡੀਆਂ 'ਚ ਪਹਿਲੇ ਪਹਿਲ ਜਦੋਂ ਆਏ ਨੇ। ਸੁਜਾਨ

ਸਿੰਘ ਆਖਿਆ, ''ਮਹਾਰਾਜ ਮੇਰੇ ਕੋਲੋਂ ਝਾਲ ਨਹੀਂ ਸਿੱਖਾਂ ਦੀ ਝੱਲੀ ਜਾਂਦੀ।''

ਸਤਿਗੁਰੂ ਕਹਿੰਦੇ, ''ਭਾਈ ਸੁਜਾਨ ਸਿੰਹਾਂ ਜੇ ਘਰ ਵਿੱਚ ਹੋਰ ਕੁਛ ਨਾ ਹੋਏ, ਸਿੱਖ ਆਏ ਨੂੰ ਜਲ ਦਾ ਛੰਨਾ ਲੈ ਕੇ ਮਿਲ ਪਈਏ, ਮੂੰਹ ਸਿੱਧਾ ਰਵ੍ਹੇ।''

ਉਸੇ ਵੇਲੇ ਭਜਨ ਪੁੱਛ ਲਿਆ। ਕੋਈ ਇਸ ਗੱਲ ਦੀ ਜ਼ਰੂਰਤ ਨਹੀਂ ਹੈ – ਏਨਾਂ ਪਦਾਰਥ ਹੋਵੇ, ਸਿੱਖ ਏਸ ਗੱਲ ਦੇ ਭੁੱਖੇ ਨਹੀਂ। ਮੈਂ ਹੁਣ ਤੁਹਾਨੂੰ ਕੀ ਦੱਸਾਂ, ਮੈਨੂੰ ਸਾਰੀ ਜ਼ਿੰਦਗੀ 'ਚ ਇੱਕ ਵਕਤ ਮਿਲਿਆ ਹੈ, ਬਾੜ੍ਹੀਆਂ ਵਾਲੇ ਪਿੰਡ ਵਿੱਚ (ਜ਼ਿਲ੍ਹਾ ਸ਼ੇਖੂਪੁਰਾ) ਵਿੱਚ ਭਾਈ ਬੀਰ ਸਿੰਘ ਜੀ ਹੋਰੀਂ ਹੁੰਦੇ ਸਨ ਇੱਕ ਨਾਮਧਾਰੀ ਸਿੰਘ, ਹੀਰਾ ਸਿੰਘ ਖਤਰਾਵਾਂ (ਜ਼ਿਲ੍ਹਾ ਅੰਮ੍ਰਿਤਸਰ) ਦੇ ਭਰਾ, ਸੂਰਤ ਸਿੰਘ ਦੇ ਚਾਚੇ ਤਾਏ। ਦੋ ਲੜਕੇ ਉਨ੍ਹਾਂ ਦੇ ਸਨ, ਸੋਹਨ ਸਿੰਘ ਦੇ ਪੁੱਤਰ ਸਾਡੇ ਕੋਲ ਅਮਰਾਸਰ ਵਿੱਚ ਰਹਿੰਦੇ ਸਨ। ਅਣ-ਆਈ ਉਸ ਸਾਲ ਇਤਨੀ ਲੱਗੀ ਹੋਈ ਸੀ ਕਿ ਲੋਕਾਂ ਨੇ ਦਰੱਖਤ ਵੱਢ ਕੇ ਸੜਕਾਂ ਦੇ, ਡੰਗਰਾਂ ਨੂੰ ਚਾਰ ਲਏ ਸੀ। ਨਨਕਾਣੇ ਸਾਹਿਬ ਦਾ ਮੇਲਾ ਸੀ, ਅਸੀਂ ਘੋੜੀਆਂ ਵਾਲੇ ਦੇ ਰਾਤ ਨੂੰ ਰਹੇ-ਬਾਬਾ ਬੂਟਾ ਸਿੰਘ ਹੋਰਾਂ ਦੇ ਨਾਲ। ਮਾਤਾ ਜੀ ਵੱਡੇ, ਮਹਾਰਾਜ ਨਿਹਾਲ ਸਿੰਘ ਜੀ, ਗੁਰਦਿਆਲ ਸਿੰਘ ਜੀ, ਅਸੀਂ, ਦਸ ਪੰਦਰਾਂ ਸਰੀਰ ਬਾੜੀਆਂ ਆ ਗਏ। ਓਹਨਾਂ ਸਿੱਖਾਂ ਦੇ ਘਰ ਗਏ। ਓਹਨਾਂ ਦੇ ਘਰ ਕਣਕ ਦਾ ਆਟਾ ਵੀ ਨਹੀਂ ਸੀ, ਘਿਉ ਤਾਂ ਕਿੱਥੇ ? ਉਹਨਾਂ ਦੇ ਸਾਰੇ ਪਿੰਡ ਵਿੱਚ ਚਹੁੰ ਆਨਿਆਂ ਦਾ ਘਿਉ ਭਾਲਿਆ, ਨਹੀਂ ਮਿਲਿਆ। ਪ੍ਰਸ਼ਾਦੇ ਮਿੱਸੇ ਤੰਦੂਰ ਲਾਏ। ਅੱਧ ਸੇਰ ਪੱਕਾ ਦੁੱਧ ਓਨ੍ਹਾਂ ਦੇ ਘਰ ਸੀ ਜਿਹੜਾ ਤੱਤਾ ਧਰਿਆ ਹੋਇਆ ਸੀ। ਉਹ ਲਿਆ ਕੇ ਸਾਨੂੰ ਸਾਰਿਆਂ ਨੂੰ ਦਿੱਤਾ ਅਸੀਂ ਥੋੜਾ-ਥੋੜਾ ਵੰਡਿਆ। ਉਨ੍ਹਾਂ ਪ੍ਰਸ਼ਾਦਿਆਂ ਵਰਗਾ ਸੱਚੀ ਗੱਲ ਹੈ-ਸਾਰੀ ਜ਼ਿੰਦਗੀ 'ਚ ਇਹੋ ਜਿਹਾ ਸਵਾਦ ਨਹੀਂ ਆਇਆ। ਪ੍ਰਸ਼ਾਦੇ ਸਾਰਿਆਂ ਨੇ ਛਕੇ।

ਉਹ ਚੀਜ਼ ਸੀ ਸਿੱਖੀ ਦੇ ਵਿੱਚ, ਪ੍ਰੇਮ ਦੇ ਵਿੱਚ। ਗੁਰੂ ਨਾਨਕ ਨੇ ਮਲਕ ਭਾਗੋ ਦੇ (ਅੰਨ) ਵਿੱਚੋਂ ਐਵੇਂ ਨਹੀਂ ਸੀ ਲਹੂ ਨਿਚੋੜਿਆ ਤੇ ਲਾਲੋ

ਦੇ ਕੋਧਰੇ 'ਚ ਦੁੱਧ ਨਿਕਲਿਆ ਸੀ। ਸਾਡਾ ਹੁਣ ਕੰਮ ਕੀ ਹੈ ? ਸਭ ਤੋਂ ਵੱਡੀਆਂ ਸਤਿਗੁਰਾਂ ਦੀਆਂ ਖੁਸ਼ੀਆਂ, ਵੱਡੇ ਮੇਲੇ ਇਹ ਹਨ, ਜੇ ਗਰੀਬਾਂ ਦੇ ਮੂੰਹ ਅੰਨ ਪਵੇ, ਜੇ ਨੰਗੇ ਨੂੰ ਕਪੜਾ ਮਿਲ ਜਾਏ, ਜੇ ਕਿਸੇ ਗਰੀਬ ਦਾ ਕਾਰਜ ਸਰ ਜਾਏ। ਸਤਿਗੁਰੂ ਕ੍ਰਿਪਾ ਕਰਨ, ਮੇਰੇ ਤੇ ਵੀ ਤੁਸੀਂ ਇਹ ਕ੍ਰਿਪਾ ਕਰੋ, ਮੇਰਾ ਮਨ ਵੀ ਇਸ ਗੱਲ ਵੱਲ ਦੇਖਦਾ ਰਿਹਾ ਕਰੇ, ਸਾਰਾ ਵਕਤ ਨਹੀਂ ਇੱਕੋ ਜਿਹਾ ਰਹਿੰਦਾ। ਇਹ ਬੜੀ ਜ਼ਰੂਰੀ ਚੀਜ਼ ਹੈ।

—ਅਲੀ ਜੀ ਗਏ ਲੈਣ ਵਾਸਤੇ ਅਨਾਰ, ਘਰੋਂ ਮਰਨ ਵਾਲੀ ਪਈ ਹੈ, ਅਨਾਰ ਨਾਲ ਬਚਣਾ ਹੈ। ਰਸਤੇ 'ਚ ਕੀ ਬਣਿਆ ? ਰਸਤੇ 'ਚ ਦੇਖਦੇ ਹਨ ਇੱਕ ਬਿਮਾਰ ਮਰਦਾ ਹੈ, ਸਹਿਕਦਾ ਹੈ, ਹਉਕੇ ਲੈਂਦਾ ਹੈ, ਰੋਂਦਾ ਹੈ, ਪਿੱਟਦਾ ਹੈ। ਉਸਨੂੰ ਪੁਛਿਆ, ''ਭਾਈ ਦੱਸ ? ਉਹ ਕਹਿੰਦਾ ਹੈ, ''ਚਲਾ ਜਾਹ ਕੀ ਲੈਣਾ ਹੈ ਮੇਰੀ ਗੱਲ ਤੋਂ ਬਥੇਰੇ ਤੇਰੇ ਵਰਗੇ ਮੇਰੇ ਕੋਲ ਹੋ ਹੋ ਕੇ ਗਏ ਨੇ।''

ਫੇਰ ਪੁੱਛਿਆ ? ਉਹ ਅਉਖਾ ਹੀ ਬੋਲਿਆ। ਜਿਹਨਾਂ ਦੇ ਅੰਦਰ ਪ੍ਰਮਾਤਮਾ ਵਸਦਾ ਹੈ, ਉਹਨਾਂ ਦੇ ਦਿਲ 'ਚ ਰਹਿਮ ਹੁੰਦਾ ਹੈ। ਨੀਵੇ ਥਾਂ ਵਿੱਚ ਹੀ ਪਾਣੀ ਖੜਾ ਹੁੰਦਾ ਹੈ।

ਉਨ੍ਹੇ (ਬਿਮਾਰ ਨੇ) ਆਖਿਆ, ''ਤੇ ਫਿਰ, ਮੈਨੂੰ ਤੇ ਜੇ ਅਨਾਰ ਮਿਲੇ, ਤਾਂ ਮੈਂ ਬਚਦਾ ਹਾਂ।''

ਘਰ ਔਰਤ ਮਰਨ ਵਾਲੀ ਪਈ ਹੈ, ਓਥੇ ਹੀ ਅਨਾਰ ਪਾੜ ਕੇ ਪਹਿਲਾਂ ਉਹਨੂੰ ਚੌਥਾ ਹਿੱਸਾ ਦਿੱਤਾ, ਉਨ੍ਹੇ ਆਖਿਆ, ''ਹੋਰ ਦੇਹ।'' ਉਨ੍ਹਾਂ ਨੇ ਸਾਰਾ ਹੀ ਖੁਆ ਦਿੱਤਾ। ਉਹਦੇ ਰਾਜ਼ੀ ਹੋਣ ਨਾਲ ਜਦੋਂ ਘਰ ਗਏ ਤਾਂ ਉਹ (ਘਰਵਾਲੀ) ਰਾਜ਼ੀ ਬਾਜ਼ੀ ਬੈਠੀ ਸੀ।

ਇਸੇ ਤਰ੍ਹਾਂ ਹੀ ਇੱਕ ਰਾਜੇ ਦਾ ਪ੍ਰਸੰਗ ਸੰਤਾਂ ਸੁਣਾਇਆ। ਰਾਜੇ ਨੂੰ ਕੁਸ਼ਟ ਹੋ ਗਿਆ, ਰਾਜਾ ਬੜਾ ਦੁਖੀ ਸੀ। ਸੰਤਾਂ ਨੂੰ ਅਰਜ਼ ਕਰਦਾ ਹੈ, ਜਾ ਕੇ, ''ਮਹਾਰਾਜ ਮੇਰਾ ਕੁਸ਼ਟ ਕਿਵੇਂ ਹਟੇ।''

ਸੰਤ ਕਹਿੰਦੇ ਨੇ, ''ਰਾਜਾ ਖਜਾਨੇ ਖੋਲ੍ਹ, ਦੇਹ ਪਦਾਰਥ।''

ਬ੍ਰਾਹਮਣਾਂ ਨੂੰ ਸੱਦ ਲਿਆ, ਜਿਹੜੇ ਗਿਣੇ ਮਿੱਥੇ-ਮੈਂ ਹੋਇਆ, ਰਾਗੀ

ਹੋਏ, ਹੋਰ ਚਾਰ ਹੋਏ, ਆਲਮ ਜੀ ਹੋਏ। ਜਿਹੜੇ ਗਿਣਿਆਂ ਮਿਥਿਆਂ ਨੂੰ ਸੱਦ ਲਿਆ, ਉਹ ਲੈ ਗਏ ਖਜ਼ਾਨਾ-ਨਾ ਅਰਾਮ ਹੋਇਆ। ਫੇਰ ਸੰਤਾਂ ਕੋਲ ਗਿਆ।

ਸੰਤ ਕਹਿੰਦੇ ਨੇ, ''ਹੋਰ ਖੋਲ੍ਹ''-ਹੋਰ ਖੁਆਇਆ।

ਜਦੋਂ ਤੀਜੀ ਵੇਰ ਗਿਆ ਸੰਤ ਕਹਿੰਦੇ ਨੇ, ''ਤੂੰ ਤੇ ਸਗੋਂ ਪੁੰਨ ਦੇ ਥਾਂ ਪਾਪ ਖੱਟ ਬੈਠਾ ਹੈ।'' ਜਿਹੜੇ ਪਿੱਛੋਂ ਆਏ ਉਹ ਕਹਿੰਦੇ, ''ਹਾਏ ਓਏ ! ਅਸੀਂ ਪਹਿਲਾਂ ਕਿਉਂ ਨਾ ਆਏ ?'' ਜਿਹੜੇ ਪਹਿਲਾਂ ਆਏ ਉਹ ਕਹਿੰਦੇ ਨੇ ਅਸੀਂ ਥੋੜਾ ਕਿਉਂ ਲੈ ਗਏ ?

ਹੁਣ ਜੇ ਤਾਂ ਹੁੰਦਾ ਅੱਜ ਵਰਗਾ ਤਾਂ ਸੰਤਾਂ ਦੇ ਗੱਲ ਵਿੱਚ ਪਾ ਲੈਂਦਾ ਸਾਫਾ ਆਂਹਦਾ, ''ਮੇਰਾ ਏਨਾ ਪਦਾਰਥ ਗਵਾ ਦਿੱਤਾ, ਬੈਠ ਇੱਥੇ, ਦੇਹ ਮੈਨੂੰ।'' ਰਾਜੇ ਆਖਿਆ, ''ਅੱਛਾ ਭਾਈ, ਮੇਰਾ ਕਰਮ।''

ਥੋੜੇ ਚਿਰ ਮਗਰੋਂ ਇੱਕ ਦਿਨ ਰਾਜਾ ਬੱਘੀ ਉੱਤੇ ਚੜ੍ਹਿਆ ਹੋਇਆ ਸ਼ਹਿਰ ਗਿਆ ਹੈ। ਇੱਕ ਰੰਡੀ ਔਰਤ ਜਿਹਨੂੰ ਬੜੀ ਮੁਸ਼ਕਲ ਨਾਲ ਕਿਤੇ ਇੱਕ ਪੈਸਾ ਮਿਲਿਆ, ਛੋਟਾ ਜਿਹਾ ਉਸਦਾ ਬੱਚਾ ਗੋਦੀ ਚੁੱਕਿਆ। ਉਹਨੇ ਇੱਕ ਪੈਸੇ ਦੀ ਸੀਰਨੀ ਲੈ ਕੇ ਬੱਚੇ ਦੇ ਹੱਥ ਉੱਤੇ ਰੱਖੀ। ਇੱਲ੍ਹ ਨੇ ਜੋ ਮਾਰੀ ਝਪਟ, ਉਹ ਦੀ ਸੀਰਨੀ ਲੈ ਗਈ। ਉਹ ਦੋਵੇਂ ਮਾਂ-ਪੁੱਤਰ ਹੈਰਾਨ ਪਰੇਸ਼ਾਨ, ਕਿਉਂਕਿ ਉਹਨਾਂ ਵਿਚਾਰਿਆਂ ਨੂੰ ਲਭਦਾ ਹੀ ਕਦੇ ਕੁਝ ਨਹੀਂ ਸੀ। ਖੇਡ ਬਣਾਉਣੀ ਸੀ ਕਰਤਾਰ ਨੇ-ਰਾਜੇ ਨੂੰ ਫੁਰ ਗਿਆ। ਰਾਜੇ ਨੇ ਵਜ਼ੀਰ ਨੂੰ ਆਖਿਆ, ''ਇਹਨਾਂ ਨੂੰ ਸੇਰ ਪੱਕੀਆਂ ਜਲੇਬੀਆਂ ਲਿਆ ਦੇ।'' ਉਹਨੇ ਸੇਰ ਪੱਕੀਆਂ ਜਲੇਬੀਆਂ ਲਿਆ ਕੇ ਦਿੱਤੀਆਂ। ਉਹਨਾਂ ਵਿਚਾਰਿਆਂ ਨੂੰ ਏਨੀ ਖੁਸ਼ੀ ਹੋਈ। ਓਧਰ ਉਹਨਾਂ ਦੇ ਦਿਲ ਬਾਗ਼ ਬਾਗ਼ ਹੋ ਗਏ, ਏਧਰ ਰਾਜੇ ਦੇ ਹੱਥ ਪੈਰ ਸਾਫ ਹੋ ਗਏ।

ਸਤਿਗੁਰਾਂ ਕਿਹਾ, **''ਭੁੱਖੇ ਨੂੰ ਅੰਨ, ਨੰਗੇ ਨੂੰ ਬਸਤਰ ਦੇਣਾ, ਜੇ ਗਊ ਦੀ ਰੱਤ ਦੀ ਭਿੱਜੀ ਛੁਰੀ ਵਾਲਾ ਤੁਹਾਡੇ ਬੂਹੇ ਤੇ ਆਵੇ ਤਾਂ ਰੋਟੀਉ-ਨਹੀਂ ਭੁੱਖਾ ਜਾਣ ਦੇਣਾ।''** ਸੋ ਇਹ ਅਰਜ਼ ਹੈ ਸਾਧ ਸੰਗਤ ਦੇ ਅੱਗੇ, ਕਿ ਗਰੀਬ ਦਾ ਧਿਆਨ - ਏਥੇ ਇਹ ਜ਼ਰੂਰੀ ਨਹੀਂ ਕਿ ਕੂਕਾ

ਹੀ ਗਰੀਬ ਹੋਵੇ, ਪਰ ਹੋਵੇ ਗਰੀਬ-ਸਿਨੇਮੇ' ਚ ਤੇ ਸ਼ਰਾਬ 'ਚ ਪੈਸੇ ਨਾ ਉਜਾੜਨ ਵਾਲਾ ਹੋਵੇ-ਉਹਦੀ ਸੇਵਾ ਕਰਨ ਦਾ ਬਹੁਤਾ ਫਲ ਸਤਿਗੁਰਾਂ ਲਿਖਿਆ ਹੈ।

ਫੇਰ, *ਅੰਨ ਸਭਨ ਤੇ ਸਾਠ*- ਗੁਰੂ ਗੋਬਿੰਦ ਸਿੰਘ ਨੇ ਸੌ ਸਾਖੀ 'ਚ ਲਿਖਿਆ ਹੈ। ਸਾਰਿਆਂ ਦਾਨਾਂ ਨਾਲੋਂ ਅੰਨ ਦਾ ਦਾਨ ਵੱਡਾ ਹੈ।

ਇਸੇ ਕਰਕੇ ਸਤਿਗੁਰਾਂ ਹੁਕਮ ਦਿੱਤਾ ਹੈ, ਭਾਈ ਭੁੱਖੇ ਦੇ ਮੂੰਹ ਜ਼ਰੂਰ ਅੰਨ ਪਾਉ। ਇਸ ਗੱਲ ਦਾ ਧਿਆਨ ਕਰਕੇ, ਸਾਧ ਸੰਗਤ ਨੂੰ ਇਸ ਪਾਸੇ ਵਲ ਧਿਆਨ ਦੇਣਾ ਚਾਹੀਦਾ ਹੈ। ਸਭ ਤੋਂ ਵੱਡੀ ਐਸ ਵੇਲੇ ਇਸ ਚੀਜ਼ ਦੀ ਲੋੜ ਹੈ ਕਿ ਇਸਦੇ ਵਾਸਤੇ ਜ਼ਰੂਰ ਇੰਤਜਾਮ ਹੁੰਦਾ ਰਹਿਣਾ ਚਾਹੀਦਾ ਹੈ, ਜਿੰਨਾ ਕਰ ਸਕੀਏ। ਸਰਿਸ਼ਟੀ ਤਾਂ ਕਰਤਾਰ ਰਜਾ ਸਕਦਾ ਹੈ, ਪਰ ਜੋ ਕੁਝ ਅਸੀਂ ਕਰ ਸਕਦੇ ਹਾਂ, ਜੋ ਅਸੀਂ ਬਣਾ ਸਕਦੇ ਹਾਂ, ਤਾਂ ਸਭ ਤੋਂ ਵੱਡੀ ਲੋੜ ਐਸ ਵੇਲੇ ਇਸ ਚੀਜ਼ ਦੀ ਹੈ ਕਿ ਗਰੀਬਾਂ ਵੱਲ ਧਿਆਨ ਦਿੱਤਾ ਜਾਵੇ।

ਮੈਂ ਹੁਣ ਦੇਖਦਾ ਹਾਂ ਕਈ ਐਸੀਆਂ ਗੱਲਾਂ, ਸਤਿਗੁਰਾਂ ਇੱਕ ਹੁਕਮਨਾਮੇ 'ਚ ਲਿਖਿਆ ਹੈ-ਭਾਈ ਲਾਲ ਸਿੰਘ ਜੀ ਗੁੰਮਟੀ ਦੇ, ਰਾਜੇ ਨਾਭੇ ਵਾਲੇ ਦੇ ਖਾਨਦਾਨ ਚੋਂ ਲੋਹਢ ਘਰੀਏ ਉਨ੍ਹਾਂ ਨੂੰ ਕਹਿੰਦੇ ਸਨ। ਇਹ ਪੰਡਿਤ ਰਜਿੰਦਰ ਸਿੰਘ ਗੁਰੂਸਰੀਏ ਦੇ ਨਾਨੇ ਦਾ ਬਾਪ, ਇਹੋ ਜਿਹੇ ਸਿੱਖ ਸਨ ਸਤਿਗੁਰਾਂ ਜਦੋਂ ਹੁਕਮ ਦਿੱਤਾ, ਵੇਦਾਂ ਦੇ ਫੇਰੇ ਉਧੇੜੇ ਕੇ ਗ੍ਰੰਥ ਸਾਹਿਬ ਦੀਆਂ ਲਾਵਾਂ ਪੜ੍ਹੋ। ਬਾਬੇ ਲਾਲ ਸਿੰਘ ਹੋਰੀ ਤੇ ਮਾਈ ਦਾ ਨਾਂ ਪ੍ਰਤਾਪ ਕੌਰ, ਉਨ੍ਹਾਂ ਦੇ ਪੁੱਤਰਾਂ ਧੰਨਾ ਸਿੰਘ ਤੇ ਹਰੀ ਸਿੰਘ ਹੋਰਾਂ, ਲਾਵਾਂ ਪੜ੍ਹੀਆਂ। ਹੁਣ ਅੱਜ ਸਾਨੂੰ ਕਦੇ ਪੈਂਟ ਪਾਉਣ ਤੋਂ, ਕਦੇ ਪੱਗ ਬੰਨਣ ਤੋਂ, ਕਦੇ ਕਿਸੇ ਗੱਲ ਤੋਂ ਸ਼ਰਮ ਆਉਂਦੀ ਹੈ। ਸਿੱਖੀ ਬੜੀ ਦੂਰ ਦੀ ਗੱਲ ਹੈ,

**ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ।।**[੧੭]
**ਜਿਨਾ ਨਾਉ ਸੁਹਾਗਣੀ ਤਿਨਾ ਝਾਕ**[੧੮] **ਨ ਹੋਰ।।**

*- ਪੰਨਾ-੧੩੮੪*

ਮੈਂ ਕੀ ਤੁਹਾਨੂੰ ਆਖਾਂ, ਮੈਂ ਆਪ ਕਈ ਗੱਲਾਂ ਤੋਂ ਪਿੱਛੇ ਜਾ ਗਿਰਦਾ

ਹਾਂ। ਕੰਮ ਨਹੀਂ ਹੈ ਇਹ, ਕੰਮ ਇਹ ਹੈ—ਦੁਖੀ ਦਾ ਦਰਦ ਵੰਡਣਾ। ਸਤਿਗੁਰੂ ਦੇ ਹੁਕਮ ਜਿੰਨੇ ਹਨ-ਅਸੀਂ ਭੁੱਲ ਮੰਨੀਏ ਆਪਣੇ ਚਿਤ 'ਚ ਜਿਹੜਾ ਸਾਥੋਂ ਨਹੀਂ ਸਿਰੇ ਚੜ੍ਹਦਾ। ਜੇ ਅਸੀਂ ਆਖੀਏ ਹੁਣ ਸਮਾਂ ਹੋਰ ਹੈ, ਹੁਣ ਆਹ ਚਾਹੀਦਾ ਹੈ, ਐਉਂ ਚਾਹੀਦਾ ਹੈ-ਦਿਵਾਨ ਨੰਦ ਲਾਲ ਨੇ ਕਿਹਾ ਹੈ, "ਮੇਰੇ ਮਜ਼ਬ ਦੇ ਵਿੱਚ, ਉਜਰ ਖਾਹੀ ਨੇਸਤ।" ਗੁਰੂ ਗੋਬਿੰਦ ਸਿੰਘ ਦੇ ਹੁਕਮ 'ਚ ਉਜਰ ਨਹੀਂ। ਗੁਰੂ ਰਾਮ ਸਿੰਘ ਦੇ ਹੁਕਮ 'ਚ ਜੋ ਕੋਈ ਉਜਰ ਕਰਦਾ ਹੈ-ਗਲਤੀ ਕਰਦੈ, ਔਰ ਕਦੇ ਉਸਦਾ ਨਤੀਜਾ ਅੱਛਾ ਨਹੀਂ ਨਿਕਲਦਾ। ਸਤਿਗੁਰੂ ਸੱਚਾ ਪਾਤਸ਼ਾਹ ਅਕਾਲ ਪੁਰਖ ਜਿਹਨੂੰ ਸਾਰੀ ਸਰਿਸ਼ਟੀ ਦਾ ਪਤਾ ਹੈ, ਜਿਹੜਾ ਅਗਲੀਆਂ ਪਿਛਲੀਆਂ ਜਾਣਦਾ ਹੈ। ਅੱਸੀ ਵਰ੍ਹੇ ਹੋ ਗਏ ਕੂਕੇ ਨੂੰ ਰੌਲਾ ਪਾਉਂਦੇ, ਕਿ ਭਾਣਾ ਵਰਤਣਾ ਹੈ। ਲੋਕ ਸਾਨੂੰ ਪਾਗਲ ਕਹਿੰਦੇ ਸੀ। ਸੌ ਸਾਖੀ ਨੂੰ ਵੀ ਝੂਠੀ ਕਹਿੰਦੇ ਸੀ। ਸਭ ਕੁਛ ਸਾਹਮਣੇ ਹੋਇਆ ਔਰ ਅਗਲੀ ਤਿਆਰੀ ਬਣੀ ਹੋਈ ਹੈ।

ਵੱਡੇ ਵੱਡੇ ਸਿਆਣੇ ਇਕੱਠੇ ਹੋ ਕੇ, ਇੰਟਰਨੈਸ਼ਨਲ ਕੌਂਸਲ ਬਣਾ ਕੇ, ਸਾਰੀਆਂ ਕੋਮਾਂਤਰੀ ਲੀਗਾਂ ਬਣਾ ਕੇ ਉੱਤੋਂ ਉੱਤੋਂ ਸਭ ਗੱਲਾਂ ਕਰਦੇ ਨੇ, ਅੰਦਰੋਂ-ਅੰਦਰੋਂ ਸਾਰੇ ਐਟਮ ਬਣਾਉਣ ਡਹੇ ਹੋਏ ਹਨ, ਕੋਈ ਰੇਡੀਅਮ ਬਣਾਉਣ ਡਿਹਾ ਹੋਇਆ ਹੈ। ਇਹਦਾ ਨਤੀਜਾ ਇਹ ਹੀ ਹੋਣੈ, ਜਿਹੜਾ ਸਤਿਗੁਰਾਂ ਰੰਗੂਨੋਂ ਲਿਖਿਐ, **"ਭਾਈ ਸੂਰਜ ਲਹਿੰਦਿਉਂ ਚੜ੍ਹਿਆ ਮੰਨ ਲੈਣਾ ਜੋ ਸੱਚੇ ਪਾਤਸ਼ਾਹ ਕਲਗੀ ਵਾਲੇ ਨੇ ਲਿਖਿਆ ਹੈ ਉਹ ਅੱਖਰ-ਅੱਖਰ ਪੂਰਾ ਵਰਤ ਕੇ ਰਹੇਗਾ।"** ਇੱਕ ਡਾਕਟਰ ਕਹਿ ਦਿੰਦਾ ਹੈ, ਪੰਦਰਾਂ ਦਿਨਾਂ ਨੂੰ ਤੇਰੇ ਫੋੜੇ ਨਿਕਲ ਆਉਣਗੇ। ਉਹਦੀ ਗੱਲ ਤੁਸੀਂ ਮੰਨ ਲੈਂਦੇ ਹੋ, ਇੱਕ ਮਾਮੂਲੀ ਆਦਮੀ ਦੀ। ਉਹ ਸਤਿਗੁਰੂ ਸੱਚਾ ਵੈਦ ਹੈ, ਜਿਹਨੇ ਸਾਰੀ ਸਰਿਸ਼ਟੀ ਰਚੀ ਹੈ। ਧਿਆਨ ਦਿਆ ਕਰੋ।

## ਅੰਨ ਦਾ ਅਦਬ

ਮੇਰਾ ਇੱਕ ਗੱਲ ਦੇਖ ਕੇ ਚਿਤ ਰਾਜੀ ਨਹੀਂ ਏਥੇ ਹੋਇਆ। ਹੁਣ ਮੈਂ ਤੁਹਾਡੇ ਅੱਗੇ ਅਰਜ਼ ਕਰਦਾ ਹਾਂ ਸਾਰਿਆਂ ਨੂੰ ਸੁਣਾ ਕੇ, **"ਜੂਠਾ ਨ**

**ਛੱਡਿਆ ਕਰੋ।''** ਇਹ ਅੰਨ ਦੀ ਬੜੀ ਬੇਅਦਬੀ ਹੈ। ਅਕਾਲ ਪੁਰਖ ਦੀ ਦਰਗਾਹ ਵਿੱਚ ਜਦੋਂ ਅੰਨ ਦੇ ਦੇਵਤੇ ਨੇ ਆਉਣਾ ਤਾਂ ਖੜੇ ਹੋ ਜਾਣਾ– ਮਹਾਰਾਜ ਨੇ ਵੀ ਉੱਠ ਕੇ। ਕਈਆਂ ਨੇ ਅੱਜ ਕੱਲ੍ਹ ਵਰਗਿਆਂ ਨੇ ਸ਼ੰਕਾ ਕੀਤੀ, ''ਮਹਾਰਾਜ ਇਹ ਅੰਨ ਦੇ ਆਏ ਤੇ ਤੁਸੀਂ ਉੱਠ ਕੇ ਕਿਉਂ ਖੜੇ ਹੋ ਜਾਂਦੇ ਹੋ ?''

ਮਹਾਰਾਜ ਨੇ ਅੰਨ ਨੂੰ ਕੰਨ ਵਿੱਚ ਆਖਿਆ, ''ਲੈ ਭਾਈ ਦੋ ਚਾਰ ਦਿਨ ਨਾ ਆਈਂ।'' ਹੋਰ ਸਾਰੇ ਆਉਂਦੇ ਰਹੇ। ਲੱਗੇ ਸਭ ਲੁੜਕਣ, ਹੇਠਾਂ ਹੇਠਾਂ ਜਾਣ। ਮਹਾਰਾਜ ਨੇ ਆਖਿਆ, ''ਦੱਸੋਂ ਭਾਈ, ਗੱਲ।''

ਆਖਣ ਲੱਗੇ, ''ਜੀ ਅਸੀਂ ਭੁੱਲ ਗਏ।''

ਦਿਵਾਨ ਨੰਦ ਲਾਲ ਕਹਿੰਦੈ, ''ਉਹ ਹਮੇਸ਼ਾ ਸਾਹਿਬ ਹੈ, ਗੁਰੂ ਗੋਬਿੰਦ ਸਿੰਘ ਹਮੇਸ਼ਾ ਹੀ ਸਾਹਿਬ ਹੈ।'' ਉਹ ਬੰਦਾ ਭੁੱਲ ਜਾਂਦਾ ਹੈ, ਸਤਿਗੁਰੂ ਵੀ ਕਦੇ ਭੁੱਲ ਸਕਦਾ ਹੈ ? ਅਭੁੱਲ ਗੁਰੂ ਕਰਤਾਰ–ਉਹਦੀਆਂ ਗੱਲਾਂ ਵੱਲ ਧਿਆਨ ਨਾ ਕਰਨਾ, ਇਹ ਬੜੀ ਜ਼ਰੂਰੀ ਚੀਜ਼ ਮੈਂ ਤੁਹਾਨੂੰ ਅਰਜ਼ ਕਰਦਾ ਹਾਂ। ਸਤਿਗੁਰਾਂ ਦਾ ਹੁਕਮ ਸੁਣਿਆ ਹੈ, **''ਜਿਹੜਾ ਆਦਮੀ ਥਾਲੀ ਧੋ ਕੇ ਪੀਵੇਗਾ, ਉਹ ਕਦੇ ਭੁੱਖਾ ਨਹੀਂ ਮਰੇਗਾ।'' ਅੰਨ ਦਾ ਇਹ ਅਦਬ ਹੈ ਕਿ ਥਾਲੀ ਧੋ ਕੇ ਪੀਣੀ, ਥਾਲੀ ਨੂੰ ਲੱਗਿਆ ਨਾ ਰਹਿ ਜਾਏ–ਅੰਨ।** ਸਾਡੇ ਏਥੇ ਮੈਂ ਦੇਖਦਾ ਰਿਹਾ–ਥਾਲੀਆਂ 'ਚ, ਪੱਤਲਾਂ 'ਚ ਜੂਠ ਛੱਡੀ ਜਾਂਦੀ ਹੈ। ਮੇਰਾ ਚਿਤ ਅਉਖਾ ਹੋਇਆ ਹੈ। ਸੋ ਮੈਂ ਅਰਜ਼ ਹੁਣ ਕਰ ਦਿੱਤੀ ਹੈ। ਸਾਧ ਸੰਗਤ ਨੂੰ ਇਹ ਨਿਯਮ ਬਣਾਉਣਾ ਚਾਹੀਦਾ ਹੈ, ਲੈਣ ਵੇਲੇ ਥੋੜਾ ਲਉ, ਦੇਣ ਵਾਲਾ ਲਾਂਗਰੀ ਥੋੜਾ ਦੇਵੇ, ਬੇਸ਼ਕ ਚਾਰ ਵੇਰ ਦੇਵੇ, ਤਾਂ ਕਿ ਅੰਨ ਦੀ ਬੇਅਦਬੀ ਨਾ ਹੋਵੇ। ਸਤਿਗੁਰਾਂ ਅੰਨ ਦੇ ਵਾਸਤੇ ਬਹੁਤ ਕੁਝ ਆਖਿਆ ਹੋਇਆ ਹੈ ਤੇ ਸਾਰਿਆਂ ਤੋਂ ਵੱਡੀ ਚੀਜ਼ ਹੈ ਅਸੀਂ ਅੰਨ ਦੀ ਬੇਅਦਬੀ ਨਾ ਕਰੀਏ ਔਰ ਫੇਰ ਵੇਲਾ ਆਉਣ ਵਾਲਾ ਹੈ। ਬਾਬਾ ਕਿਸ਼ਨ ਸਿੰਘ ਹੁਰੀਂ ਕਹਿੰਦੇ ਸੀ, ''ਮਠਿਆਈ ਰੁਪਏ ਦੀ ਮਣ ਵਿਕੇਗੀ।'' ਅੰਨ ਰੁਪਏ ਦਾ ਸੇਰ ਵਿਕੇਗਾ, ਪਰ ਸਿੱਖ ਨਹੀਂ ਖਾਣਗੇ ਮਠਿਆਈ, ਅੰਨ ਖਾਣਗੇ।'' ਸਤਿਗੁਰਾਂ ਨੇ ਲਿਖਿਆ ਹੈ ਇੱਕ ਥਾਂ,

''ਭਾਵੇਂ ਮੋਤੀਆਂ ਦੇ ਭਾਅ ਅੰਨ ਹੋ ਜਾਏ, ਮੇਰਾ ਸਿੱਖ ਨਹੀਂ ਭੁੱਖਾ ਮਰੂ।'' ਅਸੀਂ ਉਸਦੇ ਸਿੱਖ ਬਣੀਏ। ਜਿਹੜਾ ਉਹਨੇ ਹੁਕਮ ਦਿੱਤਾ ਹੈ - ਹੁਣ ਮੈਂ ਤੁਹਾਨੂੰ ਕੀ ਦੱਸਾਂ ਜੇ ਤੁਰੇ ਜਾਈਏ ਤਾਂ ਏਡਾ ਸਮੁੰਦਰ ਹੈ-ਸਤਿਗੁਰਾਂ ਦੀ ਬਖਸ਼ਸ਼ ਨਾਲ ਇਹ ਗੱਲ ਬਣਦੀ ਹੈ, ਆਪਣੇ ਨਹੀਂ ਇਖਤਿਆਰ।

## ਗ੍ਰਿਹਸਤੀ ਜਾਂ ਬਿਹੰਗਮ

ਸਿੱਖ ਦੀ ਮਰਯਾਦਾ ਬਾਰੇ ਸਤਿਗੁਰਾਂ ਨੇ ਜਿਹੜਾ ਹੁਕਮ ਦਿੱਤਾ ਹੋਇਐ ਹੈ, ਉਹ ਮਰਯਾਦਾ ਕਿਸ ਤਰ੍ਹਾਂ ਬਣਾਈ ? ਬਿਹੰਗਮ ਦੀ ਮਰਯਾਦਾ ਕੀ ਹੈ, ਤੇ ਗ੍ਰਿਹਸਤੀ ਦੀ ਕੀ ਹੈ ? ਏਸ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਕੋਲ ਇੱਕ ਸਿੱਖ ਆਇਆ। ਉਹਨੇ ਆਖਿਆ, ''ਮੈਂ ਗ੍ਰਿਹਸਤੀ ਬਣਾ ਕਿ ਬਿਹੰਗਮ ਬਣਾ ?''

ਮਹਾਰਾਜ ਨੇ ਉਸਨੂੰ ਬਾਹਰ ਭੇਜ ਦਿੱਤਾ, ਕਹਿਣ ਲੱਗੇ, ''ਐਸ ਦਿਸ਼ਾ 'ਚ ਚਲਾ ਜਾ।'' ਅੱਗੇ ਜਾ ਕੇ ਕਿਆ ਦੇਖਦਾ ਹੈ, ਇੱਕ ਸਾਧੂ ਬੈਠਾ ਹੈ। ਕੋਈ ਆਦਮੀ ਆਏ, ਉਹਨਾਂ ਇੱਕ ਉਹਦੇ ਤੇ ਦੁਸ਼ਾਲਾ ਪਾਇਆ, ਅੱਗੇ ਥਾਲ ਭਰਕੇ, ਰੁਪਈਆਂ ਦੀ ਥੈਲੀ ਧਰਕੇ, ਮੱਥਾ ਟੇਕ ਕੇ ਤੁਰ ਗਏ, ਉਹਨੇ ਕੋਈ ਪਰਵਾਹ ਨਹੀਂ ਕੀਤੀ। ਥੋੜੇ ਚਿਰ ਮਗਰੋਂ ਕੁਛ ਐਸੇ ਆਦਮੀ ਆਏ, ਨਾਲੇ ਉਹਨਾਂ ਦੁਸ਼ਾਲਾ ਲਾਹ ਲਿਆ ਤੇ ਨਾਲੇ ਰੁਪਈਏ ਚੁੱਕ ਲਏ, ਨਾਲੇ ਲੱਤਾਂ ਮੁੱਕੀਆਂ ਨਾਲ ਕੁੱਟਿਆ-ਉਨ੍ਹੇ ਫੇਰ ਵੀ ਨਹੀਂ ਦੁਖ-ਸੁਖ ਮੰਨਿਆ, ਉਹ ਆਪਣੇ ਆਨੰਦ 'ਚ ਮਗਨ ਰਿਹਾ।

ਉਹ ਸਿੱਖ ਜਾਂਦਾ ਹੈ-ਸਤਿਗੁਰ ਖੇਡ ਐਸੀ ਵਰਤਾ ਦੇਂਦੇ ਨੇ, ਸੌ ਸਾਖੀ 'ਚ ਇਹ ਪ੍ਰਸੰਗ ਲਿਖਿਆ ਹੈ। ਉਹ ਫੰਦਕ ਸੀ। ਗਿਆ ਅੱਗੇ, ਕੀ ਵੇਖਦਾ ਹੈ ਜਾ ਕੇ ? ਬਾਰਸ਼ ਸ਼ੁਰੂ ਹੋ ਗਈ, ਲੀੜੇ ਭਿੱਜ ਗਏ, ਹਨੇਰਾ ਹੋ ਗਿਆ, ਰਾਹ ਲੱਭਿਆ ਨਾ ਜੰਗਲ 'ਚ ਇੱਕ ਰੁੱਖ ਹੇਠਾਂ ਜਾ ਬੈਠਾ-ਰਾਤ ਦੇ ਵਕਤ। ਉੱਤੇ ਕਬੂਤਰ ਤੇ ਕਬੂਤਰੀ ਦੋ ਜਾਨਵਰ ਰਹਿੰਦੇ ਸਨ। ਉਹਨਾਂ ਨੂੰ ਪਤਾ ਹੈ, ''ਬਈ, ਇਹ ਮਾਰ ਕੇ ਖਾਣ ਵਾਲਾ ਹੈ-ਸਾਨੂੰ'' ਉਹ ਆਂਹਦੇ ਨੇ ਦੋਵੇਂ, ''ਬਈ, ਅਸੀਂ ਹਾਂ ਗ੍ਰਿਹਸਤੀ, ਇਹ ਸਾਡੇ ਘਰ ਅਤਿਥੀ

ਆਇਆ ਹੈ।''

ਅਤਿਥੀ ਕਿਹਨੂੰ ਕਹਿੰਦੇ ਨੇ-ਜਿਹਦੀ ਕੋਈ ਤਿਥ ਨਾ ਹੋਵੇ-ਆਉਣ ਦੀ। ਹੁਣ ਮੈਨੂੰ ਤਾਂ ਪਤਾ ਹੈ ਮੈਂ ਫਲਾਣੀ ਤਰੀਕ ਨੂੰ ਪਹੁੰਚਣਾ ਹੈ। ਇੱਕ ਆਦਮੀ ਐਸਾ ਆ ਜਾਂਦਾ ਹੈ ਜਿਹਦਾ ਕੋਈ ਤੁਹਾਨੂੰ ਪਤਾ ਨਹੀਂ ਔਰ ਉਹਦਾ ਜਿਹੜਾ ਸਤਿਕਾਰ ਕਰਨਾ ਹੈ, ਉਹ ਕੋਈ ਰਿਸ਼ਤੇਦਾਰ ਨਹੀਂ, ਕੋਈ ਤਅੱਲਕ ਵਾਲਾ ਨਹੀਂ, ਜਿਹੜੀ ਉਸਦੀ ਸੇਵਾ ਕਰਨੀ ਹੈ, ਉਹ ਪਰਮੇਸ਼ਰ ਦੀ ਸੇਵਾ ਹੈ, ਸਤਿਗੁਰੁ ਦੀ ਸੇਵਾ ਹੈ। ਪੰਛੀਆਂ ਨੇ ਆਖਿਆ, ''ਸਾਡੇ ਘਰ ਅਤਿਥੀ ਆ ਗਿਐ, ਹੁਣ ਕਿਵੇਂ ਕਰੀਏ ? ਪਹਿਲਾਂ ਤਾਂ ਠਰਿਆ ਹੋਇਆ ਹੈ, ਇਹਦਾ ਪਾਲਾ ਲਾਹੀਏ।'' ਕਬੂਤਰ ਉੱਡਿਆ, ਝੱਖੜ ਵਗਦਾ ਸੀ ਜਾ ਕੇ ਕਿਤੋਂ ਮੀਂਗਣ ਅੱਧੀ ਧੁਖਦੀ ਹੋਈ ਅੱਗ ਵਾਲੀ ਲਿਆ ਕੇ ਉਹਦੇ ਅੱਗੇ ਸੁੱਟੀ-ਇੱਕ ਪਾਸਿਉਂ ਫੜ ਲਿਆਇਆ। ਫੇਰ ਕਹਿਣ ਲੱਗਾ, ''ਭਲੀਏ ਲੋਕੇ, ਹੁਣ ਕਰੀਏ ਕੀ ?'' ਕਿਉਂਕਿ ਹੁਣ ਸੁੱਕੇ ਬਾਲਣ ਬਗੈਰ ਅੱਗ ਨਹੀਂ ਬਲਦੀ। ਫਿਰ ਆਖਣ ਲੱਗੇ, ''ਆਪਣਾ ਆਲ੍ਹਣਾ ਹੀ ਸੁੱਕਾ ਹੈ।'' ਸਾਰਾ ਆਲ੍ਹਣਾ ਲਾਹ ਕੇ ਉਹਦੇ ਉੱਤੇ ਸੁੱਟ ਦਿੱਤਾ-ਅੱਗ ਮੱਚ ਗਈ। ਜਦੋਂ ਅੱਗ ਮੱਚੀ, ਹੋਰ ਲੱਕੜਾਂ ਉਹਨੇ ਇਕੱਠੀਆਂ ਕੀਤੀਆਂ, ਨਾਲ ਲਾ ਲਈਆਂ, ਲਾ ਕੇ, ਬਾਲ ਕੇ, ਸੇਕਿਆ।

ਤਾਂ, ਭੁੱਖ ਲੱਗੀ। ਆਖਣ ਲੱਗੇ, ''ਹੁਣ ਇਹ ਸਾਡੇ ਘਰ ਭੁੱਖਾ ਹੈ, ਜੇ ਭੁੱਖਾ ਰਹਿ ਜਾਏ ਗ੍ਰਿਹਸਤੀ ਦੇ ਘਰ ਤਾਂ ਗ੍ਰਿਹਸਤੀ ਨਰਕ ਨੂੰ ਜਾਂਦਾ ਹੈ।'' ਉਹ ਕਹਿੰਦਾ ਹੈ, ''ਭਲੀਏ ਲੋਕੇ, ਘਰ ਤੂੰ ਪਾਲ-ਬੱਚੇ।'' ਉਹ ਕਹਿੰਦੀ ਹੈ, ''ਮੇਰਾ ਕੀ ਹੱਜ ਹੈ ਤੇਰੇ ਮਗਰੋਂ, ਜੇ ਮੈਂ ਬਚਾਂ।'' ਇਹ ਇਸ ਤਰ੍ਹਾਂ ਕਰਦੇ, ਲੜਦੇ-ਲੜਦੇ ਦੋਵੇਂ ਆ ਕੇ ਉਸਦੀ ਧੂਣੀ 'ਚ ਪੈ ਗਏ। ਉਹਨੇ ਦੋਵੇਂ ਭੁੰਨ ਕੇ ਖਾ ਲਏ।

ਸਤਿਗੁਰੂ ਸਿੱਖ ਨੂੰ ਕਹਿੰਦੇ ਨੇ, ਜੇ ਗ੍ਰਿਹਸਤੀ ਬਣਨਾਂ ਹੈ ਤਾਂ ਕਬੂਤਰ ਕਬੂਤਰੀ ਵਰਗਾ ਬਣ, ਜੇ ਬਿਹੰਗਮ ਬਣਨਾਂ ਹੈ ਤੇ ਉਹ ਸਾਧੂ ਵਰਗਾ। ਕਬੀਰ ਜੀ ਕਹਿੰਦੇ ਹਨ,

**ਕਬੀਰ ਜਉ ਗ੍ਰਿਹੁ[੧੯] ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ।।**[੨੦]

**ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ।**[੨੧]

– *ਪੰਨਾ-੧੩੭੭*

ਸਾਧੂ ਓਹੋ ਜਿਹੇ ਵੀ ਹਨ। ਪੈਸੇ ਮੰਗ ਕੇ ਇਕੱਠੇ ਕਰਨ ਲੱਗ ਪੈਣ ਤਾਂ ਫਿਰ ਬੜੇ ਖੋਟੇ ਭਾਗ ਹਨ। ਤੁਹਾਡਾ ਗ੍ਰਿਹਸਤੀਆਂ ਦਾ ਕੰਮ ਹੈ ਅਤਿਥੀ ਸਤਿਕਾਰ ਕਰਨਾ, ਗਰੀਬ ਦੀ ਸੇਵਾ ਕਰਨੀ। ਤੁਹਾਡੇ ਜੁੰਮੇ ਇਹ ਡਿਊਟੀ ਲੱਗੀ ਹੋਈ ਹੈ।

**ਹੇ ਅਚੁਤ[੨੨] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ।।[੨੩]**
**ਹੇ ਪੂਰਨ ਹੇ ਸਰਬ[੨੪] ਮੈ ਦੁਖ ਭੰਜਨ[੨੫] ਗੁਣਤਾਸ।।[੨੬]**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੨੭] ਸਭ ਟੇਕ।।[੨੮]**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ।।[੨੯]**
**ਹੇ ਅਪਰੰਪਰ[੩੦] ਹਰਿ ਹਰੇ ਹਹਿ[੩੧] ਭੀ ਹੋਵਨਹਾਰ।।[੩੨]**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੩੩] ਆਧਾਰ।।**
**ਹੇ ਠਾਕੁਰ ਹਉ ਦਾਸਰੋ[੩੪] ਮੈ ਨਿਰਗੁਨ ਗੁਨੁ ਨਹੀ ਕੋਇ।।**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।੫੫।।**

*–ਪੰਨਾ–੨੬੧*

**– ਜਾਹੀ ਕੁਲ ਤੇ ਪ੍ਰਗਟ ਹੋਏ ਤਾਂ ਹੀ ਕੁਲ ਕੋ ਨਾਮ।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।**

# ਟਿੱਪਣੀਆਂ

★੧

| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
|---|---|---|---|---|---|---|---|---|---|---|---|---|---|---|---|
| ਰੇਮ | ਮਮ | ਪ | ਧ | ਪ | ਮ | ਰੇ | ਮ | ਪ | ਧ | ਪ | ਮ | ਮ | — | ਮ | — |
| ਓS | ਮੈS | ਪਾ | ਣੀ | ਕ | ਰਿ | ਪੀ | ਵਾ | ਸ | ਗ | ਲੇ | S | ਦੂ | S | ਖ | S |
| ਸੰਸੰ | ਸੰਸੰ | ਸੰ | ਰੇਂ | ਸੰ | ਧ | ਸ | ਧ | ਪ | ਮ | ਰੇ | ਮ | ਪ | ਧ | ਪ | ਮ |
| ਧਰ | ਤੀS | ਹਾ | S | ਕ | ਮੈਂ | ਹਾ | S | ਕ | ਚ | ਲਾ | ਈ | ਸ | ਗ | ਲੇ | S |
| ਮ | - | ਮ | - | - | - | - | - | | | | | | | | |
| ਦੂ | S | ਖ S | S | S | | S | S | | | | | | | | |

★੨ ਸ੍ਰੀ ਗੁਰ ਪ੍ਰਤਾਪ ਸੂਰਜ ਪੰਨਾ (੧੭੫੪)

ਬੈਠਯੋ ਕਿਤਿਕ ਕਾਲ ਜਬਿ ਬੀਤਾ। ਕਰਤਿ ਬਾਰਤਾ ਕੋ ਇਸੁ ਰੀਤਾ।
ਤਿਸਹੀ ਥਲ ਭੋਜਨ ਲੈ ਆਏ। ਜਹਿਂ ਸ੍ਰੀ ਅਰਜਨ ਨਰ ਸਮੁਦਾਏ।
ਦੁਇ ਦੁਇ ਚਨਕ ਰੋਟਿਕਾ ਦੀਨਸਿ। ਬਰਤਤਿ ਗੁਰੂ ਦਾਸ ਸੋ ਲੀਨਸਿ।
ਅਪਰ ਨ ਕੁਛ ਭਾ ਖੈਬੇ ਕਾਰਨ। ਖਾਇ ਸੁ ਕੀਨਸ ਬਾਕ ਉਚਾਰਨ।

– – – – – – – – – – – – – – – – – – –

– – – – – – – – – – – – – – – – – – –

ਭਗਨੀ ਸੁਤ ਅਰੁ ਗੁਰੂ ਉਦਾਰਾ। ਮੈ ਮਾਤੁਲ ਅਰੁ ਸਿੱਖਯ ਤੁਮਾਰਾ।
ਕਾਰਨ ਇਤੇ ਹੁਤੇ ਮਨ ਚੀਨੋ। ਤਊ ਨਾ ਸਾਦਰ ਭੋਜਨ ਦੀਨੋ।
ਸ੍ਰੀ ਅਰਜਨ ਸੁਨਿ ਕੈ ਮੁਸਕਾਏ। ਕਹਯੋ ਕਿ ਪਰਾਰਬਧ ਜਸ ਖਾਏ।
ਤੋਰ ਹਦੂਰ ਸਭਿਨਿ ਇਹ ਲਯੋ। ਕਿਸੂ ਨ ਛਪਿ ਕੈ ਭੋਜਨ ਕਯੋ।
ਜੇ ਕਰਿ ਚਹਤਿ ਅਧਿਕ ਪਹੁਨਾਈ। ਅੰਤਰ ਸਥਿਤ ਪਠਾਵਤਿ ਮਾਈ।
ਨਿਜ ਕਰ ਦੇਗ ਸਕਲ ਵਰਤਾਵਹਿ। ਪਾਹੁਨ ਹਿਤ ਸੋ ਅਸਨ ਪੁਚਾਵਹਿ।
ਹਮਰੀ ਮਾਤਾ ਭਗਨਿ ਤੁਮਾਰੀ। ਮਿਲਹੁ ਜਾਇ ਕਰਿ ਕਰਹੁ ਉਚਾਰੀ।
ਇਮ ਸੁਨਿ ਸ੍ਰੀ ਅਰਜਨ ਕੇ ਪਾਸ। ਹਾਥ ਪਖਾਰੇ ਤਬਿ ਗੁਰਦਾਸ।

ਚੁਰਾ ਕਰਯੋ ਉਠਿ ਅੰਤਰ ਗਯੋ। ਦੇਖੀ ਸੁਸਾ ਪ੍ਰਣਾਮ ਸਕਯੋ।
ਬੈਠੀ ਭਾਨੀ ਦੇਗ ਸਥਾਨਾ। ਆਵਹੁ ਭ੍ਰਾਤਾ ਥਿਰਹੁ ਬਖਾਨਾ।
ਮੋਹਨ ਅਪਰ ਮੋਹਰੀ ਜੋਈ। ਸਹਤ ਕੁਟੰਬ ਕੁਸ਼ਲ ਹੈ ਦੋਈ?
ਤੁਮ ਚਿਰ ਮਹਿ ਚਲਿ ਕਰਿ ਇਤ ਆਏ। ਸੁਧਿ ਨਹਿਂ ਲਈ ਨ ਅਪਨਿ ਸੁਨਾਏ।
ਸ੍ਰੀ ਅਰਜਨ ਪਿਤ ਬੈਕੁੰਠ ਬਾਸੇ। ਤਬਿ ਕੇ ਹਮ ਇਸ ਪੁਰੀ ਨਿਵਾਸੇ।
ਨਿਤਾਪ੍ਰਤੀ ਮਿਲਿਬੋ ਜਿਨ ਕੇਰਾ। ਹੋਤਿ ਅਨੰਦ ਸਦੀਵ ਬਡੇਰਾ।
ਅਬਿ ਕਬਿ ਕਬਿ ਤਿਨਕੀ ਸੁਧ ਹੋਇ। ਈਸ਼ੁਰ ਰਚੀ ਹੋਤਿ ਹੈ ਸੋਇ।
ਸੁਨ ਕੈ 'ਕੁਸ਼ਲ' ਕਹੀ ਗੁਰਦਾਸ। ਸਭਿ ਅਨੰਦ ਜੁਤਿ ਅਪਨ ਅਵਾਸ।।
ਮੋਹਿ ਮਿਲੇ ਕੋ ਭਾ ਚਿਰਕਾਲ। ਸ੍ਰੀ ਗੁਰ ਪੀਛੇ ਜਿਮ ਅਹਿਵਾਲ।
ਹੇਰਨ ਹੇਤ ਆਵਨੋ ਭਯੋ। ਮਿਲਯੋ ਆਇ ਕਰਿ ਉਰ ਬਿਸਮਯੋ।
ਭੱਲਯਨ ਕੀ ਕੁਲ ਮਹਿਂ ਉਪਜਾਈ। ਯਾਂਤੇ ਹਮਰੀ ਭਗਨ ਲਗਾਈ।
ਸ੍ਰੀ ਗੁਰ ਰਾਮਦਾਸ ਸੰਗਿ ਨਾਤਾ। ਬਯਾਹੀ ਤੇ ਹੋਈ ਜਗ ਮਾਤਾ।
ਮਾਨਨੀਯ ਹਮ ਕੋ ਸਭਿ ਭਾਂਤੀ। ਬਡਿ ਭਾਗਨ ਜਗ ਮਹਿਂ ਬਖਯਾਤੀ।
ਪਾਹੁਨਚਾਰੀ ਮੈ ਚਲਿ ਆਯੋ। ਚਣਿਕ ਰੋਟਿਕਾ ਭੋਜਨ ਖ੍ਵਾਯੋ।
ਤੁਮਰੇ ਘਰ ਮਹਿਂ ਬਡਿ ਬਡਿਆਈ। ਗਾਦੀ ਮਿਲੀ ਜਗਤ ਗੁਰਿਆਈ।
ਤਊ ਨ ਬਨਹਿ ਅਹਾਰ ਚੰਗੇਰਾ। ਕਹਾਂ ਹਾਲ ਹੋਯਹੁ ਘਰ ਕੇਰਾ?
ਜਹਿ ਭੋਜਨ ਕੀ ਚਿੰਤਾ ਰਹੈ। ਧਨੁ ਸੰਗ੍ਰਹਿ ਕੌ ਕਿਸ ਬਿਧ ਲਹੈ।
ਕਯਾ ਕਾਰਨ ਇਸ ਬਿਖੈ ਬਤਾਵਹੁ? ਦਾਰਿਦ ਮਹਿਦ ਕਸ਼ਟ ਕੋ ਪਾਵਹੁ।
ਆਵਤਿ ਸੰਗਤਿ ਜਗਤ ਮਝਾਰੀ। ਚਾਰਹੁ ਦਿਸ਼ ਮਹਿਂ ਬਡੀ ਤੁਮਾਰੀ।
ਤਿਹਕੀ ਆਮਦਨੀ ਕਿਤ ਜਾਤ? ਸੰਗ੍ਰਹਿ ਕਰੋ, ਕਿਨਹਿਂ ਤੁਮਖਾਤ?
ਤਊ ਪਰਾਹੁਨਚਾਰੀ ਆਇ। ਤਿਸਕੋ ਤੌ ਦਿਹੁ ਨੀਕੇ ਖ੍ਵਾਵਿ।
ਕੈ ਮਮ ਸਮ ਸਭਿ ਕੇ ਸੰਗ ਕਰੋ। ਅਸੁ ਅਹਾਰ ਕੋ ਆਗੈ ਧਰੋ।
ਸ੍ਰੀਗੁਰ ਅਮਰਦਾਸ ਕੀ ਤਨੀਯਾ। ਸੁਨ ਕਰਿ ਭਾਨੀ ਬਾਨੀ ਭਨੀਯਾ।
ਸੁਨਹੁ ਭ੍ਰਾਤ ਭੋਜਨ ਅਸ ਖਾਵਤਿ। ਕਹੂੰ ਸਮੈ ਇਹੁ ਭੀ ਨਹਿਂ ਪਾਵਤਿ।।

## ਸ਼ਬਦਾਰਥ

੧. ਸੂਰਜ

੨. ਕਲਜੁਗੀ ਜੀਵਾਂ ਦੇ ਅੰਦਰ ਖੇਲ ਰਿਹਾ ਹੈ।

੩. ਸਰੂਪ ਰੂਪ ਥਾਂ ਦੀ ਪ੍ਰਾਪਤੀ ਕਿਸ ਤਰ੍ਹਾਂ ਹੋਵੇ।

੪. ਉਹ ਮੰਨਿਆ ਜਾਂਦਾ ਹੈ।

੫. ਜਿਹੜਾ ਜ਼ੋਰਾਵਰੀ (ਧੱਕਾ) ਕਰਨ ਵਾਲਾ ਹੋਵੇਗਾ।

੬. ਇਹ ਕਦੀ ਨਹੀਂ ਸੁਣਿਆ ਕਿ ਕਲਜੁਗ ਫਲਾਣੇ ਦੇਸ਼ ਵਿੱਚ ਆਇਆ ਸੀ ਜਾਂ ਫਲਾਣੇ ਤੀਰਥ ਉੱਤੇ ਬੈਠਾ ਦੇਖਿਆ ਗਿਆ।

੭. ਜਿਥੇ ਕੋਈ ਦਾਤਾ ਦਾਨ ਕਰਦਾ ਹੈ, ਉੱਥੇ ਵੀ ਕਲਜੁਗ ਨਹੀਂ ਬੈਠਾ ਨਾ ਕਿਧਰੇ ਮਹਿਲ ਹੀ ਉਸਾਰ ਕੇ ਬੈਠਾ ਦਿੱਸਦਾ ਹੈ।

੮. ਕਲਜੁਗ ਦੇ ਲਛਣ ਇਹ ਹਨ– ਜਿਹੜਾ ਕੋਈ ਸਤ ਧਰਮ ਕਰੇ ਉਹ ਖਰਾਬ ਹੁੰਦਾ ਹੈ, ਕਰੜੀ ਘਾਲ ਕਰਨ ਵਾਲੇ ਦੇ ਘਰ ਘਾਲ ਪੂਰੀ ਨਹੀਂ ਹੁੰਦੀ, ਜੇ ਰੱਬ ਦਾ ਨਾਮ ਲਵੇ ਉਹਦੀ ਬਦਨਾਮੀ ਹੁੰਦੀ ਹੈ।

੯. ਸਾਰੇ ਦੁੱਖ ਪਾਣੀ ਕਰਕੇ ਪੀ ਜਾਵਾਂ, ਭਾਵ ਸੌਖ ਨਾਲ ਝੱਲਾਂ ਸਾਰੇ ਦੁੱਖਾਂ ਨੂੰ।

੧੦. ਹਿੱਕ ਕੇ ਅੱਗੇ ਲਾ ਲਵਾਂ।

੧੧. ਸਾਧ ਦੀ ਸੰਗਤ ਵਿੱਚ ਜਾ ਕੇ ਪ੍ਰਾਪਤੀ ਲਈ ਕਰੜੀ ਘਾਲਣਾ (ਮਿਹਨਤ) ਨਹੀਂ ਕਰਨੀ ਪੈਂਦੀ ਉੱਥੇ ਤਾਂ ਕੇਵਲ ਦਰਸ਼ਨ ਕਰਨ ਨਾਲ ਹੀ ਨਿਹਾਲ ਹੋ ਜਾਈਦਾ ਹੈ। ਇਥੇ ਸਾਧੂ ਦੇ ਸਫਲ ਦਰਸ਼ਨ ਹੋਣ ਵੱਲ ਇਸ਼ਾਰਾ ਹੈ।

੧੨. ਨਿੰਮ੍ਰਤਾ

੧੩. ਗੁਰਜ

੧੪. ਖੰਡਾ

੧੫. ਸਭ ਦੀ ਚਰਨ ਧੂੜ ਹੋਣਾ

੧੬. ਸਵਾਹ ਕਰਨ ਵਾਲਾ

੧੭. ਕਸਰ, ਘਾਟਾ, ਤੇਰੇ ਵਿੱਚ ਕੁਝ ਕਸਰ ਹੈ।

੧੮. ਓਹ ਕਿਸੇ ਹੋਰ ਪਾਸੇ ਦੀ ਤੱਕ ਨਹੀਂ ਰੱਖਦੀਆਂ।

੧੯. ਗ੍ਰਿਹਸਤ

੨੦. ਵੈਰਾਗ ਵਾਨ ਹੋ ਕੇ

੨੧. ਭੈੜੇ ਭਾਗ

੨੨. ਅਟਲ, ਨਾ ਡੋਲਣ ਵਾਲਾ

੨੩. ਪਾਪਾਂ ਨੂੰ ਨਾਸ ਕਰਨ ਵਾਲੇ

੨੪. ਸਰਬ ਰੂਪ

੨੫. ਦੁਖਾਂ ਦਾ ਨਾਸ ਕਰਨ ਵਾਲਾ

੨੬. ਗੁਣਾ ਦਾ ਭੰਡਾਰ
੨੭. ਤਿੰਨਾਂ ਗੁਣਾਂ ਤੋਂ ਨਿਰਲੇਪ
੨੮. ਆਸਰੇ
੨੯. ਗਿਆਨ ਪ੍ਰਕਾਸ਼
੩੦. ਪਾਰਾਵਾਰ ਤੋਂ ਪਰੇ
੩੧. ਹੈ ਹੁਣ
੩੨. ਅੱਗੇ ਨੂੰ ਵੀ ਹੋਣ ਵਾਲਾ ਹੈ।
੩੩. ਨਿਰ ਆਸਰੇ
੩੪. ਦਾਸ

# ਬੰਕੋਕ ੭-੧੧-੧੯੫੨

**ਜਾਹੀ ਕੁਲ ਤੇ ਪ੍ਰਗਟ ਹੋਏ ਤਾਂ ਹੀ ਕੁਲ ਕੋ ਨਾਮ।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।**

ਮੱਕੇ ਤੋਂ ਪਰੇ-ਕਹਿੰਦੇ ਨੇ ਲੋਕ ਉਜਾੜ ਹੈ। ਸਤਿਗੁਰਾਂ ਦੇ ਬਚਨ ਸੁਣ ਕੇ, ਸਤਿਗੁਰਾਂ ਦੇ ਹੁਕਮ ਸੁਣਕੇ-ਭਜਨ ਕਰਨਾ-ਬਾਣੀ ਪੜ੍ਹਨੀ, ਤੜਕੇ ਇਸ਼ਨਾਨ ਕਰਨਾ।

ਇੱਕ ਵਕਤ ਇੱਕ ਰਾਜਾ ਤੇ ਵਜ਼ੀਰ ਇੱਕ ਜਗ੍ਹਾ ਰਹਿੰਦੇ ਸਨ। ਉਹਨਾਂ ਨੂੰ ਜੋਤਸ਼ੀਆਂ ਨੇ ਦੱਸਿਆ ਕਿ ਫਲਾਣੇ ਦਿਨ ਐਸ ਸਮੇਂ ਇੱਕ ਹਨੇਰੀ ਆਵੇਗੀ, ਉਹ ਹਵਾ ਲੋਕਾਂ ਦੀਆਂ ਬੁੱਧਾਂ ਬਦਲ ਦੇਵੇਗੀ। ਰਾਜੇ ਤੇ ਵਜ਼ੀਰ ਨੇ ਭੋਰਾ ਪੁਟਾਇਆ। ਪੁਟਾ ਕੇ ਭੋਰਾ ਉਹਦੇ ਵਿੱਚ ਵੜ ਗਏ। ਉਹ ਸਮਾਂ ਉਹਨਾਂ ਨੇ ਜਦੋਂ ਲੰਘਾਇਆ, ਲੋਕਾਂ ਨੂੰ ਹਵਾ ਲਗ ਗਈ, ਉਹ (ਰਾਜਾ ਤੇ ਵਜ਼ੀਰ) ਉਸ ਹਵਾ ਤੋਂ ਬਚ ਗਏ। ਜਿਸ ਵੇਲੇ ਉਹ (ਭੋਰੇ ਵਿੱਚੋਂ) ਬਾਹਰ ਨਿਕਲੇ ਤਾਂ ਲੋਕ ਉਨ੍ਹਾਂ ਨੂੰ ਕਹਿਣ, ''ਇਨ੍ਹਾਂ ਦੀ ਮਤ ਮਾਰੀ ਹੋਈ ਹੈ'', ਕਿਉਂਕਿ ਲੋਕਾਂ ਦੀ ਬੁੱਧ ਬਦਲ ਗਈ ਸੀ।

ਹੁਣ ਸਤਿਗੁਰਾਂ ਦੇ ਹੁਕਮਨਾਮੇ ਸੁਣਦੇ ਓ, ਗੁਰੂ ਗੋਬਿੰਦ ਸਿੰਘ ਦੀ ਲਿਖਤ-ਲਿਖਿਆ ਗੁਰੂ ਗੋਬਿੰਦ ਸਿੰਘ ਨੇ ਰਹਿਤ ਨੂੰ-ਸਤਿਗੁਰੂ ਰਾਮ ਸਿੰਘ ਨੇ, ਸਤਿਗੁਰੂ ਰਾਮ ਸਿੰਘ ਦੇ ਸਿੱਖਾਂ ਨੇ-ਉਹਨੂੰ ਪੂਰਾ ਕੀਤਾ।

*ਚੰਚਲ ਚੀਤ ਨ ਜਾਏ ਤਮਾਸੇ।*
*ਜੂਆ ਜਾਏ ਨ ਖੇਲੈ ਪਾਸੇ।*

ਇੱਥੋਂ ਤਕ ਮੈਂ ਹੁਕਮ ਸੁਣਿਆ ਹੈ, ਪੜ੍ਹਿਆ ਹੈ। ਭਾਈ (ਸੰਤੋਖ ਸਿੰਘ ਵਾਲੇ) ਗ੍ਰੰਥ 'ਚ ਸਤਿਗੁਰਾਂ ਦੇ ਲਿਖਿਆ ਹੋਇਐ ਕਿ:- ਸੱਚੇ ਪਾਤਸ਼ਾਹ ਜਿਸ ਵੇਲੇ ਗੰਗਾਂ ਤੇ ਗਏ, ਕੁਛ ਸਿੱਖ ਨਾਲੋਂ ਵੱਖਰੇ ਜਾ ਕੇ ਨਹਿਰ 'ਚ ਛਾਲਾਂ ਮਾਰਨ ਲੱਗ ਗਏ, ਹੋਰ ਕੁਛ ਨਹੀਂ ਉਹਨਾਂ ਕੀਤਾ। ਸਤਿਗੁਰਾਂ (ਸਤਿਗੁਰੂ ਰਾਮ ਸਿੰਘ ਜੀ) ਨੇ ਹੁਕਮ ਦਿੱਤਾ ਕਿ ਇਨ੍ਹਾਂ ਨੂੰ ਵਿੱਚ ਨਾ ਵੜਨ ਦਿਓ, ਜਿਹੜੇ ਨਹਿਰ 'ਚ ਜਾ ਕੇ ਛਾਲਾਂ ਮਾਰਦੇ ਨੇ। ਭਾਈ-

*ਚੰਚਲ ਚੀਤ ਨ ਜਾਏ ਤਮਾਸੇ।*

ਸਮਾਂ ਬਦਲਿਆ ਹੋਇਆ ਹੈ। ਕਿਸੇ ਵੇਲੇ ਆਦਮੀ ਨੇ ਇੱਕ ਸੁਹਾਗਾ ਚੁੱਕ ਲਿਆ। ਉਹਨੂੰ ਪਤਾ ਲੱਗਾ ਕਿ ਜੇ ਅੱਠ ਪਹਿਰ ਕਹਿੰਦਾ ਰਹੋ, ''ਹੋ ਜਾ ਸੋਨਾ-ਹੋ ਜਾ ਸੋਨਾ-ਹੋ ਜਾ ਸੋਨਾ''-ਤੇ ਸੋਨਾ ਹੋ ਜਾਏਗਾ, ਇੱਕ ਵਕਤ ਆਵੇਗਾ। ਉਹਨੇ ਚੁੱਕ ਲਿਆ, ਉਹ ਲੱਗਾ ਕਹਿਣ, ਕਹਿੰਦਿਆਂ-ਕਹਿੰਦਿਆਂ, ਕਹਿੰਦਿਆਂ ਜਦੋਂ ਵੇਲਾ ਆਇਆ, ਉਹ ਆਂਹਦਾ, ''ਲੋਹਾ ਤੇ ਹੋ ਜਾ''-ਲੋਹਾ ਹੋ ਗਿਆ। ਵੇਖਣਾ, ਹੁਣ ਸੋਨਾ ਹੋਣ ਦਾ ਵੇਲਾ ਨੇੜੇ ਆਉਂਦਾ ਹੈ। ਸਤਿਗੁਰਾਂ ਨੇ ੧੯੨੫ ਬਿਕ੍ਰਮੀ ਵਿੱਚ, ਪ੍ਰਦੇਸ ਜਾਣ ਤੋਂ ਤਿੰਨ ਸਾਲ ਪਹਿਲੇ ਆਖਿਆ ਸੀ-ਬਾਬੇ ਲਾਲ ਸਿੰਘ ਹੁਰੀਂ ਬਚਨ ਦੱਸਦੇ-ਦੌਰੇ ਵਿੱਚ ਸਤਿਗੁਰੂ ਸੱਚੇ ਪਾਤਸ਼ਾਹ ਸਿਆਲਕੋਟ ਦੇ ਜ਼ਿਲ੍ਹੇ 'ਚ ਤੁਰੇ ਜਾਂਦੇ-ਜਾਂਦੇ ਕਹਿੰਦੇ ਹਨ, ''ਭਾਈ ਲਾਲ ਸਿੰਹਾਂ, ਤੁਹਾਨੂੰ ਪਰਮ ਸੁੱਖ।''

ਫੇਰ ਕਹਿੰਦੇ ਨੇ, ''ਜਾਣਦਾ ਹੈਂ?''

ਕਹਿੰਦਾ, ''ਸੱਚੇ ਪਾਤਸ਼ਾਹ ਦੱਸੋ।''

ਕਹਿੰਦੇ ਨੇ, ''ਪਰਲੋਕ ਦੇ ਸੁੱਖ ਵੀ ਤੁਹਾਨੂੰ ਇਥੇ ਭਗਾਉਣੇ ਨੇ, ਪਰ ਅਜੇ ਸਾਨੂੰ ਅੰਗਰੇਜ਼ ਫੜ ਲੈਣਗੇ, ਦੀਰਘ ਚਿਰ ਰੱਖਣਗੇ, ਫੇਰ ਆਵਾਂਗੇ ਤੇ ਸੁੱਖ ਹੋਣਗੇ।''

ਸਾਨੂੰ ਤਾਂ ਉਹਨਾਂ ਨੇ ਹੁਣ ਵੀ ਸੁੱਖ ਦਿੱਤੇ ਹੋਏ ਨੇ-ਅਸੀਂ ਨਾ ਸਮਝੀਏ। ਤੁਸੀਂ ਲੋਕ ਵੇਖ ਲਓ ਕਿਹੜੀ ਚੀਜ਼ ਦਾ ਤੁਹਾਨੂੰ ਘਾਟਾ ਛੱਡਿਆ ਹੈ-ਐਥੇ (ਥਾਈਲੈਂਡ) ਜਿਹੜੇ ਸਰੀਰ ਆਏ ਹੋਏ ਨੇ, ਜੇ ਕੋਈ ਨਪੈਥਰ ਤਾਈ ਕਰੇ, ਜਾਣ ਕੇ ਕੁਛ ਨਾ ਕਰੇ, ਬੇਈਮਾਨੀ ਕਰੇ, ਧੋਖਾ ਕਰੇ, ਉਹਦੀ ਵੱਖਰੀ

ਮਰਜ਼ੀ ਹੈ। ਅੰਨ ਪਾਣੀ ਤੋਂ ਭੁੱਖਾ ਕੋਈ ਨਹੀਂ ਮਰਦਾ। ਲੋਕ ਤ੍ਰਾਸ-ਤ੍ਰਾਸ ਕਰਦੇ ਫਿਰਦੇ ਨੇ। ਮੈਂ ਅੱਗੇ ਵੀ ਏਥੇ ਆਉਂਦਾ ਹਾਂ, ਅਰਜ਼ ਕਰਦਾ ਹਾਂ ਸਤਿਗੁਰਾਂ ਦੇ ਹੁਕਮਨਾਮੇ। ਰਾਤ ਮੈਂ ਅਰਜ਼ ਕਰੀ ਸੀ ਕਿ ਕੁਰਲੀਆਂ ਨਹੀਂ ਕਰਨ ਦਾ ਫਾਇਦਾ।

**ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ[1] ਵਾਸੁ।**

*- ਸਿਰੀ ਰਾਗੁ ਮ:੩, ਪੰਨਾ-੨੭*

ਸੁਣਨਾ, ਸੁਣਕੇ ਨਾ ਮੰਨਣਾ-ਉਹਦਾ ਫਾਇਦਾ ਕੁਛ ਨਹੀਂ। ਜਿਹਨੂੰ ਨਹੀਂ ਪਤਾ, ਜਿਹਨੇ ਨਹੀਂ ਸੁਣਿਆ, ਉਹਨੂੰ ਕੋਈ ਦੁੱਖ ਨਹੀਂ, ਉਹਨੂੰ ਕੋਈ ਨੁਕਸਾਨ ਨਹੀਂ, ਜਿਹੜੇ ਸੁਣ ਕੇ ਧਿਆਨ ਨਹੀਂ ਕਰਦੇਂ.....।

ਮੈਂ ਅੱਗੇ ਵੀ ਅਰਜ਼ ਕਰਦਾ ਰਿਹਾਂ, ਮੈਂ ਜਦੋਂ ਮੁਲਕ ਵਿੱਚ, ਜਾਂਦਾ ਹਾਂ, ਤਾਂ ਮੈਂ ਕਦੇ-ਕਦੇ ਮਾਣ ਨਾਲ ਕਹਿ ਦੇਨਾਂ ਹਾਂ, ਕਿ ਸਾਡੇ ਨਾਮਧਾਰੀ ਸਿੱਖ ਸਿਆਮ 'ਚ ਰਹਿੰਦੇ ਨੇ ਸਿਨੇਮਾ ਕੋਈ ਨਹੀਂ ਦੇਖਦਾ। ਪਰ, ਜਿਸ ਵੇਲੇ ਮੈਂ ਆਉਂਦਾ ਹਾਂ ਕਦੇ ਨਾ ਕਦੇ, ਕਿਤੋਂ ਨਾ ਕਿਤੋਂ, ਮੈਨੂੰ ਉਹ ਭਿਣਖ ਪੈਂਦੀ ਹੈ ਕਿ ਸਾਧ-ਸੰਗਤ ਕ੍ਰਿਪਾ ਕਰਦੀ ਹੈ। ਸਾਧ-ਸੰਗਤ ਅੱਗੇ ਅਰਜ਼ ਬੇਨਤੀ ਹੈ, ਸਤਿਗੁਰਾਂ ਦਾ ਹੁਕਮ ਹੈ, ਮੈਂ ਚੌਂਕੀਦਾਰ ਹਾਂ ਪਹਿਰਾ ਦੇਣਾ ਹੈ। ਤੁਹਾਡਾ ਇਹ ਫਰਜ਼ ਹੈ ਕਿ ਤੁਸੀਂ ਇਹ ਗੱਲ ਨਾ ਕਰੋ। ਮਾਸ ਖਾਣਾ, ਸ਼ਰਾਬ ਪੀਣੀ, ਤਮਾਸ਼ਾ ਵੇਖਣਾ-ਉੱਥੇ ਜਾ ਕੇ ਆਦਮੀ ਨੂੰ ਸੁੱਖ ਨਹੀਂ ਪ੍ਰਾਪਤ ਹੁੰਦਾ। ਸ੍ਰਿੰਗੀ ਜੈਸੇ ਰਿਖੀ, ਇੱਕ ਦਿਨ ਦਾ ਕੰਜਰੀਆਂ ਦਾ ਗਾਉਣਾ ਸੁਣ ਕੇ ਅਠਾਸੀ ਹਜ਼ਾਰ ਵਰ੍ਹੇ ਦਾ ਤੱਪ ਭੁਲਾ ਕੇ ਮਾਰੇ ਗਏ। ਅਸੀਂ ਅੱਜ ਕਲਜੁਗ ਦੇ ਜੀਅ ਹਾਂ, ਸਾਡੇ ਮਨ ਅੱਗੇ ਹੀ ਬੜੇ ਖਰਾਬ ਹਨ। ਫੇਰ, ਜਦੋਂ ਅਸੀਂ ਉੱਥੇ ਜਾਈਏ, ਜਾ ਕੇ ਜੋ ਕੁਛ ਦੇਖੀਏ, ਮਨ ਤੇ ਅੱਗੇ ਹੀ ਨਹੀਂ ਸਾਧ-ਸੰਗਤ ਵੱਲ ਆਉਂਦਾ, ਅੱਗੇ ਹੀ ਏਥੇ ਨੇੜੇ ਨਹੀਂ ਲੱਗਾ-ਉਹ ਕਹਿੰਦੇ ਨੇ ਕਿ,

**ਸਾਰੋ ਦਿਨਸੁ ਮਜੂਰੀ ਕਰੈ।**
**ਹਰਿ ਸਿਮਰਨ ਕੀ ਵੇਲਾ ਬਜਰ[2] ਸਿਰਿ ਪਰੈ।**

*- ਭੈਰਉ ਮ: ੫, ਪੰਨਾ-੧੧੪੩*

ਭਾਈ, ਧਿਆਨ ਰੱਖਿਆ ਕਰੋ। ਮੈਂ ਫਿਰ ਅਰਜ਼ ਤੁਹਾਨੂੰ ਇਹ ਕਰਦਾ

ਹਾਂ ਜਿਹੜੇ ਸਿਨੇਮੇ ਜਾਂਦੇ ਰਹੇ ਨੇ, ਉਹ ਵੀ ਕ੍ਰਿਪਾ ਕਰਨ-ਜਿਸ ਤਰ੍ਹਾਂ ਰਾਤ ਇੱਕ ਸੱਜਣ ਨੇ ਕਹਿ ਦਿੱਤਾ ਸੀ—''ਜੀ ਮੈਂ ਨਹੀਂ ਜਾਂਦਾ।'' ਮੈਂ ਸਮੁੱਚਿਆਂ ਨੂੰ ਅਰਜ਼ ਕਰਦਾਂ, ਮੈਂ ਇਉਂ ਨਹੀਂ ਕਹਿੰਦਾ, ਖੜੇ ਹੋਵੋ ਕਿਉਂਕਿ ਮੈਨੂੰ ਆਪਣੀ ਇੱਜ਼ਤ ਦਾ ਨਹੀਂ ਓਨਾਂ ਫਿਕਰ, ਤੁਹਾਡੀ ਬਣੀ ਰਹੇ। ਸਤਿਗੁਰੂ ਬਖਸ਼ਸ਼ ਕਰੇ, ਤੁਸੀਂ ਇਸ ਗੱਲ ਦਾ ਖਿਆਲ ਕਰ ਲਉ-**ਹੰਸ ਨਾ ਕੋਧ੍ਰਾ ਖਾਇ।**

## ਸਤਿਗੁਰਾਂ ਨੇ ਦਰਸ਼ਨ ਦੇਣਾ ਹੈ।

ਸਤਿਗੁਰੂ ਰਾਮ ਸਿੰਘ ਨੇ ਦਰਸ਼ਨ ਦੇਣੇ ਨੇ, ਉਨ੍ਹਾਂ ਨੇ ਕਿਹਾ ਹੈ, **''ਸੂਰਜ ਲਹਿੰਦਿਓ ਚੜ੍ਹ ਜਾਏ, ਧਰਤੀ ਉਤਾਂਹ ਨੂੰ ਪਾਣੀ ਬਰਸਾਉਣ ਲਗ ਜਾਏ, ਸੂਰਜ ਠੰਡਾ ਹੋ ਜਾਏ, ਪਰ ਇਹ ਗੱਲ ਨਹੀਂ ਹੋਏ ਬਿਨਾਂ ਰਹੇਗੀ।''** ਸਤਿਗੁਰਾਂ ਦੇ ਹੀ ਇਹ ਹੁਕਮ ਪੂਰੇ ਹੋਣ ਲਗੇ ਹਨ। ਗੁਰੂ ਗੋਬਿੰਦ ਸਿੰਘ ਨੇ ਲਿਖਿਆ ਹੈ ਕਿ–

**ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ।**
**ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ।**
**– ਯਹੀ ਆਸ ਪੂਰਨ ਕਰਹੁ ਤੁਮ ਹਮਾਰੀ।**
**ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ।**

*– ਉਗ੍ਰਦੰਤੀ, ਪਾ: ੧੦*

ਸਤਿਗੁਰੂ ਸੱਚੇ ਪਾਤਸ਼ਾਹ ਇੱਕ ਹੁਕਮਨਾਮੇ 'ਚ ਲਿਖਦੇ ਹਨ, ''ਇਨ੍ਹਾਂ ਬਿੱਲਿਆਂ ਨੂੰ ਚੰਗਿਆਂ-ਚੰਗਿਆਂ ਲੋਕਾਂ ਨੇ ਭਰਮ ਪਾ ਦਿੱਤਾ ਹੈ ਕੂਕੇ ਤੁਮਾਰਾ ਰਾਜ ਲੈ ਲੈਣਗੇ। ਹਮਾਰੀ ਮਨਸਾ ਤਾਂ ਕਿਸੇ ਦਾ ਕੱਖ ਖੋਹਣ ਦੀ ਵੀ ਨਹੀਂ। ਇੱਕ ਗਾਈਂ ਦਾ ਤਰਸ ਠੀਕ ਆਉਂਦਾ ਹੈ।''

ਸੋਈ ਉਹ ਸਤਿਗੁਰਾਂ ਦਾ ਹੁਕਮ, ਐਸ ਵੇਲੇ ਰਾਸ਼ਟ੍ਰੀਯ ਸੰਘ ਮੰਨਣ ਲੱਗ ਪਇਆ ਹੈ। ਉਹਨਾਂ ਨੇ ਮੁਲਕ ਵਿੱਚ ਅੰਦੋਲਨ ਚੁੱਕਿਆ ਹੈ, ਪਰ ਉਨ੍ਹਾਂ ਨੂੰ ਕੋਈ ਚੀਜ਼ ਨਹੀਂ ਹੋਰ ਲੱਭੀ, ਤੁਹਾਡਾ ਹੀ ਨਾਉਂ ਪਹਿਲਾਂ ਆਇਆ ਹੈ-ਨਾਮਧਾਰੀਆਂ ਦਾ, ਇਹਦੇ ਵਾਸਤੇ ਫਾਸੀਆਂ ਤੇ ਲਟਕੇ, ਤੋਪਾਂ

ਅੱਗੇ ਉੱਡੇ।

ਆਪ ਉੱਠਿਆ ਕਰੋ, ਰੋਜ਼ ਬਾਣੀ ਪੜ੍ਹਿਆ ਕਰੋ, ਸਵੇਰ ਦਾ ਇਸ਼ਨਾਨ ਕਰਿਆ ਕਰੋ। ਗੁਰੂ ਬਾਲਕ ਸਿੰਘ ਜੀ ਨੇ ਹੁਕਮ ਦਿੱਤਾ ਹੈ, ਕਿ ਜਿਹੜਾ ਸਰੀਰ ਆਸਾ ਦੀ ਵਾਰ ਸਣੇ ਕੇਸੀ ਇਸ਼ਨਾਨ ਕੀਤੇ ਬਗੈਰ ਪੜ੍ਹਦਾ ਹੈ, ਜਾਂ ਸੁਣਦਾ ਹੈ, ਉਹਨੂੰ ਪਾਪ ਲਗਦਾ ਹੈ, ਪੁੰਨ ਦੀ ਜਗ੍ਹਾ। ਮੈਂ ਨਾਮਧਾਰੀਆਂ ਅੱਗੇ ਅਰਜ਼ ਕਰਦਾ ਹਾਂ, ਕਿ ਉਹ ਕੋਈ ਸਰੀਰ ਨਹੀਂ ਹੋਣਾ ਚਾਹੀਦਾ, ਜਿਹੜਾ ਇਸ਼ਨਾਨ ਕਰਕੇ ਨਾ ਆਵੇ।

ਮੈਂ ਇੱਕ ਅਰਜ਼ ਕਰਾਂ, ਤੁਸੀਂ ਬੜਾ ਉਤਸ਼ਾਹ ਕਰਦੇ ਓ, ਬੜੇ ਲੰਗਰ 'ਚ ਦਮੜੇ ਭੇਜ ਦਿੰਦੇ ਹੋ, ਬੜਾ ਕੁਛ ਕਰਦੇ ਹੋ, ਆਇਆਂ ਤੇ ਜਗ੍ਹਾ ਬੜੀਆਂ ਸਵਾਰਦੇ ਹੋ, ਮੋਟਰਾਂ ਲਿਜਾਂਦੇ ਹੋ, ਸਵਾਗਤ ਕਰਨ ਵਾਸਤੇ ਸਟੇਸ਼ਨ ਤੇ ਚਲੇ ਜਾਂਦੇ ਹੋ-ਜਹਾਜ਼ ਦੇ ਉੱਤੇ, ਪਰ ਜੇ ਤੁਸੀਂ ਸਤਿਗੁਰੂ ਦੇ ਹੁਕਮਾਂ ਵਿੱਚ ਉਲੰਘਣਾ ਕਰਦੇ ਹੋ, ਤਾਂ ਇਹ ਫਿਰ ਲੋਕਾਂ ਨੂੰ ਦਿਖਾਵਾ ਹੋ ਜਾਂਦਾ ਹੈ। ਲੋਕ ਵੀ ਤੁਹਾਨੂੰ ਮਖੌਲ ਕਰਨਗੇ-ਮੂੰਹ ਤੇ ਆਇਆਂ ਕੁਝ ਕਰਦੇ ਨੇ ਤੇ ਪਿੱਛੋਂ ਕੁਛ ਹੋਰ ਕਰਦੇ ਨੇ। ਮੈਨੂੰ ਵੀ ਲੋਕ ਮਖੌਲ ਕਰਨਗੇ। ਕੋਈ ਕੰਮ ਜਿਹੜਾ ਕਰੀਦਾ ਹੈ ਦੁਨੀਆਦਾਰੀ ਦਾ-ਸਤਿਗੁਰੂ ਦੇ ਘਰ ਤਾਂ ਸਤਿਗੁਰੂ ਦੀ ਬਖਸ਼ਸ਼ ਨਾਲ ਅਸੀਂ ਜਾਣਾ ਹੈ-ਦੁਨੀਆ 'ਚ ਵੀ ਜਿਹੜਾ ਕੰਮ ਕਰੀਦਾ ਹੈ, ਏਸ ਵਾਸਤੇ ਕਰੀਦਾ ਹੈ, ਕਿ ਲੋਕ ਸਾਨੂੰ ਚੰਗਾ ਕਹਿਣ। ਜੇ ਲੋਕ ਵੀ ਚੰਗਾ ਨਾ ਕਹਿਣ, ਸਤਿਗੁਰੂ ਵੀ ਨਾ ਮਨਜ਼ੂਰ ਕਰੇ, ਫੇਰ ਆਪਣਾ ਕੁਛ ਵੀ ਨਹੀਂ ਰਹਿੰਦਾ। ਇਸ ਗੱਲ ਦੀ ਵਿਚਾਰ ਕਰਿਆ ਕਰੋ, ਧਿਆਨ ਦਿਆ ਕਰੋ।

ਮੈਂ ਅੱਗੇ ਵੀ ਅਰਜ਼ ਕੀਤੀ ਹੈ, ਸਤਿਗੁਰਾਂ ਦੇ ਵੇਲੇ ਜਦੋਂ ਭਜਨ ਦੱਸਦੇ ਸੀ, ਦਾੜ੍ਹਾ ਖੋਲ੍ਹ ਕੇ—ਪਹਿਲਾਂ ਗੁਰੂ ਹਰੀ ਸਿੰਘ ਜੀ ਦੇ ਵਕਤ ਵੀ, ਤੇ ਹੁਣ ਵੀ। ਉਂਝ ਵੀ ਸਿੱਧੀ ਦਸਤਾਰ ਨਾਲ, ਦਾੜ੍ਹੀ ਬੱਧੀ ਹੋਈ ਸੁਹਣੀ ਨਹੀਂ ਲਗਦੀ। ਜੇ ਦੂਸਰਾ ਦਸਤਾਰਾ ਕਿਸੇ ਦਾ ਸਜਾਇਆ ਹੋਵੇ, ਉਹਦਾ ਦਾੜ੍ਹਾ ਵੀ ਚਾੜ੍ਹਿਆ ਹੋਵੇ, ਤਾਂ ਉਹਦੀ ਸ਼ਕਲ ਹੋਰ ਬਣ ਜਾਂਦੀ ਹੈ। ਇਹ ਉੱਤੋਂ ਹੋਰ ਤਰ੍ਹਾਂ ਲਗਦਾ ਹੈ ਹੇਠੋਂ ਫਿਰ ਹੋਰ ਤਰ੍ਹਾਂ ਹੋ ਜਾਂਦਾ ਹੈ। ਤੁਸੀਂ ਸੋਚੋ,

ਤੁਸੀਂ ਵਿਚਾਰੋ, ਤੁਸਾਂ ਹੜ੍ਹ ਵਿੱਚ ਨਹੀਂ, ਰੁੜ੍ਹਨਾ। ਸਤਿਗੁਰਾਂ ਨੇ ਤੁਹਾਡੇ ਤੇ ਬਖਸ਼ਿਸ਼ ਕੀਤੀ ਹੈ, ਕੰਢੇ ਲਾਇਆ ਹੈ, ਬਖਸ਼ਿਸ਼ ਕੀਤੀ ਹੈ। ਵਕਤ ਨੇੜੇ ਹੈ, ਜਿਸ ਦਿਨ ਦਰਸ਼ਨ ਹੋਣਾ ਹੈ, ਫੇਰ ਮੈਨੂੰ ਵੀ ਤੁਹਾਡੇ ਨਾਲ ਹੀ ਜੁੱਤੀਆਂ ਵੱਜਣੀਆਂ ਹਨ। ਉਥੇ ਦਰਸ਼ਨ ਹੋਇਐ-ਸਾਧ ਨੂੰ ਮੰਡੀ ਵਿੱਚ ਭਾਈ ਹਰਬੰਸ ਸਿੰਘ ਨੂੰ। ਸੱਚੇ ਪਾਤਸ਼ਾਹ ਘੋੜੀ ਉੱਤੇ ਚੜ੍ਹ ਕੇ-ਉੱਥੇ ਕੋਠੀ ਹੈ, ਬਾਹਰ ਬਣੀ ਹੋਈ, ਜਿਥੇ ਜਾ ਕੇ ਸਾਧ ਸੰਗਤ ਅਤੇ ਮੈਂ ਵੀ ਰਹਿਨਾਂ ਹਾਂ- ਉੱਥੇ ਸੜਕ ਉੱਤੇ, ਸਤਿਗੁਰੂ ਰਾਮ ਸਿੰਘ ਜੀ ਘੋੜੀ ਚੜ੍ਹ ਕੇ ਇੱਕ ਸਿੱਖ ਦੇ ਨਾਲ ਆਏ ਹਨ। ਹਰਬੰਸ ਸਿੰਘ ਨੇ ਮੱਥਾ ਟੇਕਿਆ ਹੈ, ਥੱਲੇ ਉਤਰ ਕੇ ਚਲੇ ਗਏ ਹਨ, ਕੋਠੀ ਦੇ ਕੋਲ ਦੀਵਾਨ ਲੱਗਿਆ ਹੋਇਆ ਹੈ, ਸਾਰੀ ਸਾਧ-ਸੰਗਤ ਬੈਠੀ ਹੈ। ਹਰਬੰਸ ਸਿੰਘ ਨੂੰ ਮੈਂ ਜਿਸ ਵੇਲੇ ਵੇਖਿਆ, ਜਦੋਂ ਉਹ ਬਚਨ ਕਰਦਾ ਸੀ ਉਸਦਾ ਰੰਗ ਬਦਲ ਜਾਂਦਾ ਸੀ, ਜਿਸ ਤਰ੍ਹਾਂ ਜਿਹੜੀ ਕਿਸੇ ਤੇ ਕਿਰਪਾ ਹੁੰਦੀ ਹੈ ਜਾਂ ਜਿਸ ਤਰ੍ਹਾਂ ਕਿਸੇ ਨੂੰ ਕੋਈ ਦੁੱਖ ਹੁੰਦਾ ਹੈ, ਉਸਦੀ ਅਵਾਜ਼ 'ਚ ਫਰਕ ਹੁੰਦਾ ਹੈ। ਐਵੇਂ ਨਹੀਂ ਗੁਰੂ ਨਾਨਕ ਦੇਵ ਨੇ ਕੂੰਜ ਦੀ ਅਵਾਜ਼ ਸੁਣਕੇ ਆਖਿਆ-

**ਬਾਗੇ[3] ਕਾਪੜ ਬੋਲੈ ਬੈਣ।**
**ਲੰਮਾ ਨਕੁ ਕਾਲੇ ਤੇਰੇ ਨੈਣ।**
**ਕਬਹੂੰ ਸਾਹਿਬ ਦੇਖਿਆ ਭੈਣ।**

*- ਮਲਾਰ ਮ: ੧, ਪੰਨਾ-੧੨੫੭*

ਕਿਉਂਕਿ ਉਹਦੀ ਅਵਾਜ਼ ਵਿੱਚ ਇਹ ਚੀਜ਼ (ਕਸਕ) ਆਈ। ਮਜਨੂੰ ਨੇ ਵੀ ਜਿਸ ਵੇਲੇ ਅਵਾਜ਼ ਸੁਣੀ ਕੂੰਜ ਦੀ, ਤੇ ਉਹ ਕਹਿੰਦਾ ਹੈ।

*ਮਜਨੂੰ ਕੂਕ ਕੂੰਜਾਂ ਦੀ ਸੁਣਕੇ ਕਹਿੰਦਾ ਨਾ ਦੁਖ ਫੋਲੋ।*
*ਜਰਕੇ ਮਰਕੇ ਤੁਸੀਂ ਅੰਦਰ ਵੜਕੇ ਉਸ ਯਾਰ ਸਜਣ ਨੂੰ ਟੋਲੋ।*
*ਝਬ ਦੇ ਕੂਕ ਤੁਸਾਂ ਦੀ ਸੁਣਸੀ ਜੇਕਰ ਮੂੰਹੋਂ ਨਾ ਬੋਲੋ।*
*ਹਾਸ਼ਮ ਯਾਰ ਚੜ੍ਹਾਵੇ ਸੂਲੀ ਤਾਂ ਵੀ ਸਿਦਕ ਨਾ ਡੋਲੋ।*

ਭਾਈ ਹਰਬੰਸ ਸਿੰਘ ਦਾ ਚਿਹਰਾ ਬਦਲ ਗਿਆ। ਹਰਬੰਸ ਸਿੰਘ ਦੀ ਮਾਤਾ-ਉਹ ਮਾਤਾ ਹੈ, ਜਿਸਨੂੰ ਅਸੀਂ ਮਾਤਾ ਕਹਿ ਸਕਦੇ ਹਾਂ, ਜਿਸਦੀ

ਦੇਹ ਵਿੱਚ ਇਸਤਰੀ ਪੁਰਸ਼ ਦਾ ਸੰਬੰਧ ਨਹੀਂ ਰਹਿ ਗਿਆ ਹੁਣ। ਮੈਂ ਜਦੋਂ ਜਾਵਾਂ, ਕੋਈ ਸਿੱਖ ਜਾਵੇ, ਉਹਨੂੰ ਇਹ ਪਤਾ ਨਹੀਂ ਇਹ ਮਨੁੱਖ ਹੈ ਕਿ ਇਸਤਰੀ ਹੈ, ਖਬਰੇ ਉਹਦੇ ਦੁੱਧ ਚੁੰਘੇ ਦਾ ਫਲ ਹੈ। ਅੱਜ ਦੇ ਸਮੇਂ 'ਚ ਸਤਿਗੁਰਾਂ ਉਹਨੂੰ (ਹਰਬੰਸ ਸਿੰਘ) ਦੋ ਵੇਰਾਂ ਦਰਸ਼ਨ ਦਿੱਤਾ ਹੈ। ਸਤਿਗੁਰੂ ਥੱਲੇ ਦੀਵਾਨ 'ਚ ਚਲੇ ਗਏ ਨੇ, ਦੀਵਾਨ 'ਚ ਜਾ ਕੇ ਖਲੋ ਕੇ ਕਹਿੰਦੇ ਨੇ, ''ਭਾਈ ਦੱਸੋ ਤੁਹਾਡੇ ਆਸਣ ਕਿੰਨਿਆਂ ਸਰੀਰਾਂ ਕੋਲ ਹਨ ?'' ਤਿੰਨ ਸਰੀਰ ਆਸਣ ਵਾਲੇ ਮਿਲਦੇ ਹਨ।

ਉਸਤੋਂ ਬਾਅਦ ਸਤਿਗੁਰੂ ਕਹਿੰਦੇ ਨੇ, ''ਦਿਖਾਉ, ਗੜਵੇ ਕਿੰਨਿਆਂ ਕੋਲ ਹਨ?'' ਤਿੰਨਾਂ ਸਰੀਰਾਂ ਕੋਲ ਗੜਵੇ ਨਿਕਲੇ ਨੇ, ਜਿਨ੍ਹਾਂ ਨੂੰ ਜਰ (ਜ਼ੰਗ) ਲੱਗੀ ਹੋਈ ਹੈ।

ਫੇਰ ਕਹਿੰਦੇ ਨੇ, ''ਦਿਖਾਉ ਮਾਲਾ ਕਿੰਨਿਆਂ ਸਰੀਰਾਂ ਕੋਲ ਹੈ ?'' ਤੇਰਾਂ (੧੩) ਸਰੀਰਾਂ ਕੋਲੋਂ ਮਾਲਾ ਨਿਕਲੀਆਂ।

ਫੇਰ ਕਹਿੰਦੇ ਨੇ, ''ਬਈ, ਉੱਠ ਕੇ ਖੜੇ ਹੋ ਜਾਵੋ ਜਿਹੜੇ ਨਲਕੇ ਦਾ ਪਾਣੀ ਪੀਣ ਵਾਲੇ ਹਨ।''

ਬਹੁਤ ਸਾਰੇ ਸਰੀਰ ਉੱਠ ਖੜੇ ਹੋ ਗਏ। ਇੱਕ ਲੜਕਾ ਮੌਜੋਕਿਆਂ ਦਾ ਜਿਹੜੇ ਨਾਰੋਵਾਲ ਰਹਿੰਦੇ ਸੀ-ਸਿੰਘ, ਉਹਨਾਂ ਦਾ ਜਵਾਨ ਲੜਕਾ, (ਪ੍ਰੀਤਮ ਸਿੰਘ) ਉਹ ਨਹੀਂ ਉੱਠਿਆ। ਸਤਿਗੁਰੂ ਉਹਨੂੰ ਮੋਢਿਉਂ ਫੜਕੇ ਕਹਿੰਦੇ ਨੇ, ''ਤੂੰ ! ਨਲਕੇ ਦਾ ਪਾਣੀ ਪੀਂਦਾ ਹੈ ? ਤੂੰ ਕਿਉਂ ਨਹੀਂ ਉੱਠਿਆ ?'' ਉਹ ਰੋ ਕੇ ਸਤਿਗੁਰਾਂ ਦੇ ਚਰਨਾਂ ਉੱਤੇ ਡਿੱਗ ਪਿਆ। ਸਤਿਗੁਰਾਂ ਬਖਸ਼ਿਸ਼ ਕੀਤੀ ਹੈ। ਮੈਨੂੰ ਉੱਥੇ ਝਾੜ ਇਹ ਪਈ ਹੈ-ਹਰਬੰਸ ਸਿੰਘ ਕਹਿੰਦਾ ਹੈ-(ਸਤਿਗੁਰੂ ਰਾਮ ਸਿੰਘ ਜੀ) ਕਹਿੰਦੇ ਨੇ, ''ਤੂੰ ਨਹੀਂ ਇਹਨਾਂ ਨੂੰ ਆਖਦਾ।''

ਤੁਹਾਡੀ ਮਰਜੀ ਹੈ, ਤੁਹਾਡੇ ਉਤੇ ਗੱਲ ਹੈ, ਜੇ ਤੁਸੀਂ ਕਿਰਪਾ ਕਰੋ ਤਾਂ ਬਚ ਸਕਦੇ ਹਾਂ। ਨਹੀਂ ਤਾਂ, ਉੱਥੇ ਮੈਨੂੰ ਵੀ ਜੁੱਤੀਆਂ ਵਜੱਣੀਆਂ ਹਨ। ਸਤਿਗੁਰਾਂ ਆਉਣਾ ਹੈ-ਦਰਸ਼ਨ ਦੇਣੇ ਹਨ। ਹੁਕਮ ਦਿੱਤਾ ਹੋਇਆ ਹੈ, ਦੁਨੀਆਂ ਉਲਟ ਜਾਏ, ਤੁਸੀਂ ਦੱਸੋ ਕੌਣ ਆਦਮੀ ਮੰਨਦਾ ਸੀ ਕਿ

ਅੰਗਰੇਜ਼ ਵੀ ਹਿੰਦੁਸਤਾਨ ਵਿੱਚੋਂ ਨਿਕਲ ਜਾਏਗਾ। ਦੇਖੋ, ਲਿਖਿਆ ਹੈ ਸਤਿਗੁਰਾਂ ਦਾ। ਸਤਿਗੁਰ ਕਹਿੰਦੇ ਨੇ, **''ਲੋਕ ਕਹਿੰਦੇ ਨੇ ਕੂਕੇ ਰੌਲਾ ਪਾਉਂਦੇ ਹਨ, ਭਾਈ ਇਹਨਾਂ ਨੂੰ ਗੁਰੂ ਰੌਲਾ ਵੀ ਦਿਖਾਲ ਦੇਊਗਾ''**- ਜਿਹਨਾਂ ਨੇ ਦੇਖਿਆ ਹੈ, ਉਹਨਾਂ ਨੂੰ ਪਤਾ ਹੈ।

ਮੈਂ ਹੋਰ ਜ਼ਿਆਦਾ ਅਰਜ਼ ਨਹੀਂ ਕਰਨੀ, ਮੇਰਾ ਕਥਾ ਕਰਨ ਨੂੰ ਜੀਅ ਨਹੀਂ ਕਰਦਾ, ਮੇਰਾ ਕੁਛ ਕਰਨ ਨੂੰ ਜੀਅ ਨਹੀਂ ਕਰਦਾ ਕਿਉਂਕਿ ਜੇ ਮਨਜ਼ੂਰੀ ਹੋਵੇ ਤਾਂ ਉਹਦਾ ਫਾਇਦਾ ਹੈ—ਕਰਨ ਦਾ। ਤੁਸੀਂ ਕਿਰਪਾ ਕਰੋ, ਸਾਧ ਸੰਗਤ ਥੋੜੇ ਕਹੇ ਨੂੰ ਬਹੁਤਾ ਸਮਝ ਲਵੇ, ਮੇਰਾ ਹੁਣ ਜੀਅ ਨਹੀਂ ਕਰਦਾ ਕਹਿਣ ਨੂੰ। ਹੁਣ ਮੈਂ ਕੀ ਕਰਾਂ ? ਜੇ ਮੈਂ ਨਾ ਕਹ੍ਵਾਂ, ਮੈਨੂੰ ਜ਼ਮੀਰ ਫਿਰ ਏਹ ਆਗਿਆ ਨਹੀਂ ਦਿੰਦੀ ਕਿ ਮੈਂ ਕਿਸੇ ਦੇ ਘਰ ਜਾਵਾਂ, ਜਾਂ ਉਹ ਐਥੇ ਪੈਸੇ ਲਿਆ ਕੇ ਦੇਵੇ ਤੇ ਮੈਂ ਨਾ ਲਵਾਂ, ਜੇ ਤੁਹਾਡੇ ਨਾਲੋਂ ਵੱਖਰਾ ਹੋਵਾਂ ਤਾਂ ਵੀ ਨਹੀਂ ਬਚਦਾ, ਨਾਲ ਰਲਾਂ ਤਾਂ ਵੀ ਨਹੀਂ। ਹੁਣ ਇਹ ਤੁਹਾਡੇ ਉੱਤੇ ਖੇਡ ਹੈ। ਤੁਹਾਨੂੰ ਆਪਣੇ ਆਪ ਇਸ ਗੱਲ ਨੂੰ ਸੋਚਣਾ ਚਾਹੀਦਾ ਹੈ, ਕਿ ਕਿਹੜੀ ਗੱਲ ਨਾਲ, ਭਾਈਚਾਰੇ 'ਚੋਂ ਭੇਡ ਵੀ ਨਹੀਂ ਪਿੱਛੇ ਰਹਿੰਦੀ। ਲੋਕਾਂ 'ਚ ਇਹ ਮਸ਼ਹੂਰ ਗੱਲ ਹੈ, ਨਾਮਧਾਰੀਆਂ 'ਚ ਜਿਹੜਾ ਭਾਈਚਾਰਾ ਬਣਿਆ ਹੋਇਆ ਹੈ, ਇਹ ਇਸਨੂੰ ਨਾ ਛੱਡਣ, ਇਹ ਆਪਣੇ ਥਾਂ ਨੂੰ ਸਾਂਭਣ।

ਮੈਂ ਇਸ ਤੋਂ ਵੱਧ ਹੋਰ ਕੁਝ ਨਹੀਂ ਕਹਿਣਾ। ਸਵੇਰੇ ਕਿਰਪਾ ਕਰਕੇ ਵੇਲੇ ਨਾਲ ਆ ਜਾਇਆ ਕਰੋ, ਕਿਉਂਕਿ ਦਿਨ ਚੜੇ ਤਾਂਈ ਫਿਰ ਰੌਲਾ ਪੈਂਦਾ ਰਹਿੰਦਾ ਹੈ। ਜਿਨ੍ਹਾਂ ਸੱਜਣਾਂ ਆਸਾ ਦੀ ਵਾਰ 'ਚ ਆਉਣਾ ਹੋਵੇ ਉਹ ਪੰਜ ਵਜੇ ਤਕ ਆ ਜਾਣ। ਫੇਰ ਪੰਜ ਵਜੇ ਦਰਵਾਜਾ ਬੰਦ ਕਰਾਂਗੇ, ਨਹੀਂ ਫਿਰ ਦੋ ਘੰਟੇ ਡੇਢ ਘੰਟਾ ਜਿਹੜਾ ਬਹਿਣ ਦਾ ਵਕਤ ਹੈ ਉਹ ਸਵਾਦ ਦਾ ਨਹੀਂ ਰਹਿੰਦਾ। ਅੱਗੇ ਹੀ ਸਾਡੀਆਂ ਬਿਰਤੀਆਂ ਜਿਹੜੀਆਂ ਜੁੜਦੀਆਂ ਨੇ, ਸਾਨੂੰ ਪਤਾ ਹੀ ਹੈ। ਪਰ, ਗੱਲ ਇਹ ਹੈ ਕਿ ਕਿਰਪਾ ਕਰਨੀ ਸਾਧ ਸੰਗਤ ਨੇ, ਧਿਆਨ ਦੇਣਾ, ਖਿਆਲ ਰੱਖਣਾ।

ਮਾਈਆਂ ਬੀਬੀਆਂ ਅੱਗੇ ਵੀ ਅਰਜ਼ ਹੈ। ਮਾਈਆਂ ਦਾ ਇਹ

ਮੇਲਾ ਹੈ, ਮਾਈਆਂ ਨੇ ਇਸ ਮੇਲੇ ਨੂੰ ਸਿਰੇ ਚੜ੍ਹਾਉਣਾ ਹੈ। ਅੱਗੋਂ ਵੀ ਅਗਰ ਕੋਈ ਸਰੀਰ ਕਿਸੇ ਮਾਈ ਬੀਬੀ ਨੂੰ ਕਹਿੰਦਾ ਵੀ ਹੈ ਕਿ ਚੱਲ ਮੇਰੇ ਨਾਲ-ਸਿਨੇਮੇ, ਤਾਂ ਉਹਨਾਂ ਨੂੰ ਚਾਹੀਦਾ ਹੈ ਕਿ ਉਹ-ਸਤਿਗੁਰਾਂ ਦੇ ਦਰਬਾਰ ਵਿੱਚ ਉਨ੍ਹਾਂ ਨੇ ਵੀ ਜਾਣਾ ਹੈ-ਅਰਜ਼ ਕਰਨ ਕਿ ਸਾਡੇ ਕੋਲੋਂ ਨਹੀਂ ਜਾਇਆ ਜਾਂਦਾ। ਅੱਵਲ ਤੇ ਕੋਈ ਸਿੱਖ ਹੀ ਨਾ ਜਾਵੇ, ਪਰ ਜੇ ਕੋਈ ਨਾ ਵੀ ਹਟੇ ਤਾਂ ਮਾਈਆਂ ਨੂੰ ਵੀ ਇਹ ਚਾਹੀਦਾ ਹੈ ਕਿ ਉਹ ਜਾਣ ਤੋਂ ਪਰਹੇਜ਼ ਰੱਖਣ, ਕਿਉਂਕਿ ਸਤਿਗੁਰਾਂ ਦੇ ਹੁਕਮ ਅਨੁਸਾਰ ਇਹ ਗੱਲ ਸੋਭਦੀ ਨਹੀਂ। ਉੱਥੇ ਕੋਈ ਚੰਗਾ ਕੰਮ ਨਹੀਂ, ਉੱਥੇ ਕੋਈ ਰਮਾਇਣ ਨਹੀਂ, ਉੱਥੇ ਕੋਈ ਕ੍ਰਿਸ਼ਨ ਲੀਲਾ ਨਹੀਂ, ਉੱਥੇ ਜੋ ਕੁਝ ਹੁੰਦਾ ਹੈ, ਜਿਹੜੇ ਜਾਂਦੇ ਨੇ ਉਹਨਾਂ ਨੂੰ ਪਤਾ ਹੈ-ਸਾਨੂੰ ਤੇ ਪਤਾ ਹੀ ਨਹੀਂ, ਅਸਾਂ ਦੇਖਿਆ ਨਹੀਂ, ਪਰ ਦੇਖਣ ਵਾਲਿਆਂ ਤੋਂ ਜੋ ਕੁਝ ਸੁਣਿਆ ਹੈ, ਉਹ ਇਹੋ ਹੀ ਹੈ-ਅਖਬਾਰਾਂ ਵਿੱਚ ਇਹ ਗੱਲ ਛਪੀ ਹੈ-ਕਿ ਇਖ਼ਲਾਕ ਦਾ ਨਾਸ ਹੋ ਜਾਂਦਾ ਹੈ। ਸੋ ਮੇਰੀ ਐਨੀ ਅਰਜ਼ ਸਾਧ-ਸੰਗਤ ਕਬੂਲ ਕਰੇਗੀ। ਕੁਛ ਮੇਰੇ ਕਹੇ ਦਾ ਫਾਇਦਾ, ਤਾਂ ਮੈਨੂੰ ਪਹੁੰਚੇਗਾ ਜੇ ਸਾਧ-ਸੰਗਤ ਇਸ ਪਾਸੇ ਵੱਲ ਤੁਰੇਗੀ।

ਮੈਂ ਜ਼ਿਆਦਾ ਨਹੀਂ ਕਹਿੰਦਾ, ਭਾਵੇਂ ਤੁਹਾਡੇ ਨਾਲ, ਕਈ ਉਹ ਸੱਜਣ ਹੋਣਗੇ-ਆ ਯਾਰ ਚਲੀਏ, ਕੀ ਵਿਗੜਦਾ ਹੈ ? ਉਸ ਵੇਲੇ ਉਹ ਗੱਲ ਕਰਦਾ ਹੈ, ਮਗਰੋਂ ਆਂਹਦੇ ਹੋਣਗੇ-ਬਈ ਇਹ ਚੰਗਾ ਹੈ ਉੱਥੇ ਜਾ ਕੇ ਬਖਸ਼ਾ ਲੈਂਦਾ ਹੈ, ਕਦੇ ਏਥੇ ਤੁਰਿਆ ਆਉਂਦਾ ਹੈ। ਉਹ ਵੀ, ਜਿਸ ਤਰ੍ਹਾਂ ਕੋਈ ਸ਼ਰਾਬੀ ਆਦਮੀ ਸ਼ਰਾਬ ਪਿਆਉਣ ਲਾ ਲੈਂਦਾ ਹੈ-ਲੋਕਾਂ ਨੂੰ, ਉਸ ਵੇਲੇ ਉਹ ਕਹਿੰਦੇ ਨੇ, ''ਬੜਾ ਸਰਦਾਰ ਹੈ।'' ਮਗਰੋਂ ਆਂਹਦੇ ਨੇ, ''ਉਸ ਕੰਜਰ ਦਾ ਕੀ ਨਾਂ ਲੈਂਦੇ ਓ।'' ਸੋ ਇਸ ਗੱਲ ਦਾ ਧਿਆਨ ਤੁਸਾਂ ਕਰਨਾ ਹੈ। ਸਤਿਗੁਰਾਂ ਦਾ ਹੁਕਮ ਕੱਲ੍ਹ ਵਾਲਾ ਸੁਣ ਲਵੋ, ''ਮੇਰੀ ਲੱਜਿਆ ਤੁਸਾਂ ਸਾਧ-ਸੰਗਤ ਨੇ ਰੱਖਣੀ ਹੈ।''

ਸਾਧ ਸੰਗਤ ਹੈ। ਸਾਧ ਸੰਗਤ ਅੱਗੇ ਅਰਜ਼ ਕੀਤੀ ਹੈ। ਨਹੀਂ ਤੇ ਇਹ ਗੱਲ ਹੈ, ਉਹ ਅੰਨ੍ਹੇ ਨੂੰ ਕਿਸੇ ਆਖਿਆ-ਸੌਂ ਜਾ। ਉਸਨੇ ਕਿਹਾ, 'ਚੁੱਪ ਹੀ ਕਰ ਰਹਿਣਾ ਏ।'' ਭਾਈ ਸੱਚੀ ਗੱਲ ਹੈ ਫਿਰ ਦਰਸ਼ਨ ਤੁਹਾਡੇ ਨਾ

ਕਰਨ ਆਇਆ ਕਰਾਂਗੇ, ਜੇ ਤੁਸੀਂ ਏਸੇ ਤਰ੍ਹਾਂ ਕਰੋਗੇ। ਹੋਰ ਤਾਂ ਕੋਈ ਸਾਡੀ ਵਾਹ ਨਹੀਂ। ਹੋਰ ਤੁਹਾਨੂੰ ਇਸਤੋਂ ਵੱਧ ਕੁਝ ਕਹਿਣ ਦੀ ਲੋੜ ਨਹੀਂ। ਤੁਹਾਨੂੰ ਆਪਣੇ ਆਪ ਹੀ ਇਸ ਗੱਲ ਦਾ ਖਿਆਲ ਹੋਣਾ ਚਾਹੀਦਾ ਹੈ, ਕਿਉਂਕਿ ਸਾਧ-ਸੰਗਤ ਹੰਸਾਂ ਦੀ ਹੈ, ਉਹਦੇ ਵਿੱਚ ਡੱਡਾਂ ਖਾਣ ਵਾਲੇ-ਗੰਦਗੀ ਖਾਣ ਵਾਲੇ-ਕਾਂ ਤੇ ਬਗਲੇ ਨਹੀਂ। ਕ੍ਰਿਪਾ ਕਰਕੇ ਇਹ ਅਰਜ਼ ਯਾਦ ਰੱਖਣੀ। ਸਤਿਗੁਰਾਂ ਦੇ ਹੁਕਮ ਅਨੁਸਾਰ ਘੱਟ ਤੋਂ ਘੱਟ ਕੋਈ ਸਰੀਰ ਨਹੀਂ ਚਾਹੀਦਾ ਜਿਹੜਾ, ਜਪੁ, ਜਾਪੁ, ਰਹਿਰਾਸ, ਆਰਤੀ ਸੋਹਿਲਾ ਤੇ ਚੰਡੀ ਦੀ ਵਾਰ ਨਾ ਪੜ੍ਹੇ, ਇੱਕ ਘੰਟਾ ਨਿਤਨੇਮ ਵੀ ਜੇ ਕਰੇ—ਖਵਰੇ, ਖਿੱਚ ਕੇ ਤੇ ਪੂਰੀ ਕਰ ਲੈਂਦਾ ਹੋਏ, ਸਾਡੇ ਕੋਲੋਂ ਤਾਂ ਨਹੀਂ ਹੋ ਸਕਦੀ ਇੱਕ ਮਾਲਾ ਵੀ। ਇੱਕ ਘੰਟਾ ਵੀ ਜੇ ਤੁਸੀਂ ਨਹੀਂ ਬੈਠ ਸਕਦੇ, ਤਾਂ ਫਿਰ ਸਤਿਗੁਰਾਂ ਦੇ ਹੁਕਮ ਦੀ ਗੱਲ ਹੈ, ਤਾਂ ਫਿਰ ਤੁਸੀਂ ਜਾਣੋ ਮੈਂ ਤੇ ਬੇਨਤੀ ਕਰਨੀ ਸੀ, ਸੋ ਕਰ ਦਿੱਤੀ ਹੈ। ਸਤਿ ਸ੍ਰੀ ਅਕਾਲ।

**ਹੇ ਅਚੁਤ[੪] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ[੫]॥**
**ਹੇ ਪੂਰਨ ਹੇ ਸਰਬ[੬] ਮੈ ਦੂਖ ਭੰਜਨ[੭] ਗੁਣਤਾਸ[੮]॥**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੯] ਸਭ ਟੇਕ[੧੦]॥**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ[੧੧]॥**
**ਹੇ ਅਪਰੰਪਰ[੧੨] ਹਰਿ ਹਰੇ ਹਹਿ[੧੩] ਭੀ ਹੋਵਨਹਾਰ[੧੪]॥**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੧੫] ਆਧਾਰ॥**
**ਹੇ ਠਾਕੁਰ ਹਉ ਦਾਸਰੋ[੧੬] ਮੈ ਨਿਰਗੁਨ ਗੁਨੁ ਨਹੀ ਕੋਇ॥**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ॥੫੫॥**

*– ਪੰਨਾ ੨੬੧*

**– ਜਾਹੀ ਕੁਲ ਤੇ ਪ੍ਰਗਟ ਹੋਏ ਤਾ ਹੀ ਕੁਲ ਕੋ ਨਾਮ।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।**

## ਸ਼ਬਦਾਰਥ

੧. ਆਪਣੇ ਸਰੂਪ ਵਿੱਚ
੨. ਆਲਸ ਰੂਪ ਪਥੱਰ
੩. ਚਿੱਟੇ
੪. ਅਟੱਲ, ਨਾ ਡੋਲਣ ਵਾਲਾ
੫. ਪਾਪਾਂ ਨੂੰ ਨਾਸ ਕਰਨ ਵਾਲਾ
੬. ਸਰਬ ਰੂਪ
੭. ਦੁੱਖਾਂ ਦਾ ਨਾਸ ਕਰਨ ਵਾਲਾ
੮. ਗੁਣਾਂ ਦਾ ਭੰਡਾਰ
੯. ਤਿੰਨਾਂ ਗੁਣਾਂ ਤੋਂ ਨਿਰਲੇਪ
੧੦. ਆਸਰਾ
੧੧. ਗਿਆਨ ਪ੍ਰਕਾਸ਼
੧੨. ਪਾਰਾਵਾਰ ਤੋਂ ਪਰੇ
੧੩. ਹੈ ਹੁਣ
੧੪ ਅੱਗੇ ਨੂੰ ਵੀ ਹੋਣ ਵਾਲਾ ਹੈ।
੧੫. ਨਿਰ ਆਸਰੇ
੧੬. ਦਾਸ

# ਬੈਂਕੋਕ ੯-੧੧-੧੯੫੨

**ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ।**
**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ।**
**- ਜਾਂਹੀ ਕੁਲ ਤੇ ਪ੍ਰਗਟ ਹੋਏ ਤਾਂਹੀ ਕੁਲ ਕੋ ਨਾਮ।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪਰਨਾਮ।**

ਸਾਧ-ਸੰਗਤ ਜੀ ਤੁਸਾਂ ਸਤਿਗੁਰਾਂ ਦੇ ਹੁਕਮਨਾਮੇ ਸੁਣੇ ਹਨ। ਮੈਂ ਵੀ ਪੰਜ ਚਾਰ ਸਾਲ ਤੋਂ ਜਦੋਂ ਦਾ ਆਉਂਦਾ ਹਾਂ, ਤੁਹਾਡੇ ਅੱਗੇ ਕੁਝ ਅਰਜ਼ ਬੇਨਤੀ ਕਰਦਾ ਰਹਿੰਦਾ ਹਾਂ। ਜ਼ਰੂਰਤ ਇਸ ਗੱਲ ਦੀ ਹੈ—ਕਿਸੇ ਕਵੀ ਨੇ ਕਿਹਾ ਸੀ, ਮੈਨੂੰ ਸਾਰੀ ਉਹਦੀ ਗੱਲ ਭੁੱਲ ਗਈ ਹੈ—ਕਿ 'ਮਤੱਵੰਵੇ ਵੱਖਰ ਬੋੜ'-ਆਪਣਾ ਵੱਖਰ ਨਾ ਰੋੜ੍ਹ ਕੇ ਚਲਾ ਜਾਵੇਂ। ਜ਼ਰੂਰਤ ਇਸ ਚੀਜ਼ ਦੀ ਹੈ ਕਿ ਸਾਡੇ ਵਾਸਤੇ, ਨਾਮਧਾਰੀ ਸਿੱਖ-ਸਤਿਗੁਰੂ ਰਾਮ ਸਿੰਘ ਅਕਾਲ ਪੁਰਖ ਦੇ ਹੁਕਮ ਤੋਂ ਅੱਗੇ ਕੋਈ ਚੀਜ਼ ਹੋਰ ਨਹੀਂ ਮੰਨਦੇ। ਦੂਸਰੇ ਵੀ ਜਿਹੜੇ ਸੱਜਣ ਹਨ, ਜੇ ਉਹ ਦੇਖਣ, ਸੋਚਣ-ਸਤਿਗੁਰੂ ਰਾਮ ਸਿੰਘ ਨੇ ਕੋਈ ਨਵੀਂ ਚੀਜ਼ ਨਹੀਂ ਹੋਰ ਦੱਸੀ, ਉਹਨਾਂ ਨੇ ਉਹੋ ਕੁਝ ਦੱਸਿਆ ਹੈ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕਿਹਾ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਨੇ

*ਜਾਮ ਜਾਮਨੀ ਮਜੈ ਅਛੈ।*
*ਜਲ ਲੇਹੋ ਮੂਤਰ ਕੇ ਪਾਛੈ।*

ਪਹਿਰ ਰਾਤ ਦੇ ਇਸ਼ਨਾਨ ਕਰੇ, ਜਦੋਂ ਚੀਤਾ ਛੱਡੇ-ਪੇਸ਼ਾਬ ਕਰੇ—

ਤਾਂ ਫਿਰ ਪਾਣੀ ਵਰਤੇ। ਮੁਸਲਮਾਨ ਮਟਵਾਣੀ ਕਰਦੇ ਹਨ। ਸਤਿਗੁਰੂ ਨੇ ਸਾਨੂੰ ਇਹ ਕੁਛ ਦੱਸਿਆ ਹੈ। ਫੇਰ ਕਹਿੰਦੇ ਹਨ :-

*ਸੀਤਲ ਜਲ ਕੋ ਅੰਗੀਕਾਰੇ-*

- ਠੰਡੇ ਜਲ ਨਾਲ ਸਿੱਖ ਇਸ਼ਨਾਲ ਕਰੇ।

*ਜੇ ਨਹਿ ਹੋਏ ਤਪਤ ਕਰ ਬਾਰੇ।*

ਜੇ ਨਹੀਂ ਸਰੀਰ ਮੰਨਦਾ ਕਿਸੇ ਦਾ, ਕਮਜ਼ੋਰ ਹੈ—ਤੱਤਾ ਕਰ ਲਵੇ। ਸਤਿਗੁਰਾਂ ਨੇ ਉਸੇ ਚੀਜ਼ ਨੂੰ ਦੁਹਰਾਇਆ, ਉਸੇ ਚੀਜ਼ ਨੂੰ ਤੁਹਾਡੇ ਸਾਹਮਣੇ ਲਿਆਂਦਾ। ਮੈਂ ਇੱਕ ਅਰਜ਼ ਅੱਜ ਕਰਾਂਗਾ, ਕਰਕੇ ਫਿਰ ਭੋਗ ਪਾਵਾਂਗਾ। ਬੜੀ ਦੇਰ ਦੀ ਗੱਲ ਹੈ, ਸੰਮਤ ਤੇ ਮੈਨੂੰ ਯਾਦ ਨਹੀਂ ਆਉਂਣਾ। ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਸ਼ਾਹ ਦੇ ਛੋਟੇ ਸਾਹਿਬਜ਼ਾਦੇ ਸਾਹਿਬ ਜ਼ੋਰਾਵਰ ਸਿੰਘ, ਫਤਹਿ ਸਿੰਘ ਜੀ, ਮਾਤਾ ਗੁਜਰੀ ਦਾ ਜਿੱਥੇ ਦੇਹਾਂਤ ਹੋਇਆ-ਉਹ ਗੁਰੂ ਮਾਰੀ, ਜਿਸਨੂੰ ਸਿੱਖ ਗੁਰੂ ਮਾਰੀ ਸ਼ਬਦ ਨਾਲ ਹੀ ਕਹਿਣਗੇ-ਸਰਹਿੰਦ ਵਿੱਚ, ਉੱਥੇ ਫਤਹਿਗੜ੍ਹ ਸਾਹਿਬ ਹੁਣ ਗੁਰਦੁਵਾਰਾ ਹੈ। ਕਿਉਂ ਉਹਦਾ ਨਾਉਂ ਫਤਹਿਗੜ੍ਹ ਰੱਖਿਆ-ਉਨ੍ਹਾਂ ਨੇ ਫਤਹਿ ਪਾਈ। ਉਨ੍ਹਾਂ ਨੇ ਆਪਣੇ ਧਰਮ ਨੂੰ ਨਹੀਂ ਛੱਡਿਆ ਪੰਜ ਸੱਤ ਸਾਲ, ਔਰ ਨੌਂ ਸਾਲ ਦੀ ਅਵਸਥਾ ਵਿੱਚ। ਉਨ੍ਹਾਂ ਨੇ ਨਹੀਂ ਧਰਮ ਛੱਡਿਆ, ਤਾਂ ਉਸਦਾ ਨਾਉਂ ਹੈ ਫਤਹਿਗੜ੍ਹ ਸਾਹਿਬ। ਉੱਥੇ ਰਾਗੀ ਸਿੰਘ, ਇੰਦਰ ਸਿੰਘ ਹੋਰੀਂ ਰਾਏ ਪੁਰ ਦੇ ਰਹਿਣ ਵਾਲੇ ਸਿੰਘ ਹਨ, ਬੜੇ ਗੁਰਮੁਖ ਆਦਮੀ ਨੇ ਹੁਣ ਵੀ ਦਿੱਲੀ ਮਿਲੇ ਸਨ, ਪਰ ਸਮਾਂ ਐਸਾ, ਭਾਗਾਂ ਦੀ ਖੇਡ ਹੈ, ਸਾਡੀ ਵੀ ਗੜਬੜ ਮੱਚੀ ਰਹੀ ਹੈ, ਉਹਨਾਂ ਵੀ ਵਿਚਾਰਿਆ ਜਾਣਾ ਸੀ—ਮੇਰਠ, ਅਸੀਂ ਕੀਤਰਨ ਨਹੀਂ ਸੁਣ ਸਕੇ। ਗੁਰੂ ਹਰੀ ਸਿੰਘ ਜੀ ਦੇ ਨਾਲ ਉਨ੍ਹਾਂ ਦੇ ਪਿਤਾ ਸਨ, ਉਦੋਂ ਭਾਈ ਇੰਦਰ ਸਿੰਘ ਛੋਟਾ ਜਿਹਾ ਸੀ, ਇਹਨੂੰ ਜ਼ੀਲ ਕਹਿੰਦੇ ਹੁੰਦੇ ਸੀ ਜਿਹੜੀ ਪਤਲੀ ਤਾਰ ਹੁੰਦੀ ਹੈ-ਇਹਦੀ ਆਵਾਜ਼ ਬੜੀ ਬਰੀਕ ਸੀ ਉਸ ਵੇਲੇ। ਉਹਨਾਂ ਨੇ ਇੱਕ ਕਥਾ ਸੁਣਾਈ। ਇੱਕ ਰਾਜਾ ਸ਼ਿਕਾਰ ਗਿਆ। ਉਹਨਾਂ ਦਿਨਾਂ 'ਚ ਇੱਕ ਗੱਲ ਬਣਾ ਲੈਂਦੇ, ਜਿਹੜਾ ਬਚਨ ਕਰਦੇ ਸੀ, ਉਹ ਪੂਰਾ ਕਰਦੇ ਸਨ, ਉਹ ਅੱਜ ਵਰਗੀ ਅਵਸਥਾ ਨਹੀਂ ਸੀ।

## ਬਚਨ ਦੀ ਪਾਲਣਾ

ਮੈਂ ਕੱਲ੍ਹ ਪਰਸੋਂ ਗੱਲ ਸੁਣਾਈ ਸੀ ਆਪਣੇ ਸਿੰਘਾਂ ਨੂੰ ਭਾਈ ਫੱਤੂ ਰਬਾਬੀ, ਕਾਲੂ ਰਾਗੀ ਦਾ ਭਰਾ। ਉਸਨੇ ਨਾਮਧਾਰੀ ਸਾਧ-ਸੰਗਤ 'ਚ ਬਚਨ ਕਰ ਦਿੱਤਾ ਸੀ, ''ਮੈਂ ਸ਼ਰਾਬ ਨਹੀਂ ਅੱਜ ਤੋਂ ਪੀਆਂਗਾ।'' ਉਹ ਸਾਧ-ਸੰਗਤ ਵਿੱਚੋਂ ਨਿਕਲ ਗਏ, ਕਿਉਂਕਿ ਸਾਧ-ਸੰਗਤ ਨੇ ਕਿਹਾ-ਕਿ ਤੁਸੀਂ ਸੜਨਾ ਮਨਜ਼ੂਰ ਕਰੋ, ਕੇਸ ਰੱਖੋ, ਤਾਂ ਸਾਧ-ਸੰਗਤ ਵਿੱਚ ਰਹੋ। ਇਧਰੋਂ ਭਾਵੇਂ ਉਹ ਨਿਕਲ ਗਿਆ, ਉਹਨੂੰ ਹੈਜਾ ਹੋਇਆ, ਉਹਦੀ ਮੌਤ ਸਿਰ ਤੇ ਆਈ, ਪਤਾ ਸੀ, ''ਮੈਂ ਹੁਣ ਮਰ ਜਾਣਾ ਹੈ।'' ਜਿਸ ਵੇਲੇ ਘਰਦਿਆਂ ਲਿਆ ਕੇ ਸ਼ਰਾਬ, ਆਖਿਆ, ''ਪੀ ਲੈ ਤੇ ਤੂੰ ਬਚ ਜਾਵੇਂਗਾ।''

ਉਹਨੇ ਆਖਿਆ, ''ਮੈਂ ਸਾਧ-ਸੰਗਤ ਵਿੱਚ ਬਚਨ ਕਰ ਆਇਆ ਹਾਂ ਮੈਨੂੰ ਸ਼ਰਾਬ ਨਾ ਦਿਓ, ਬੇਸ਼ਕ ਮਰ ਜਾਵਾਂ।''

ਉਹ ਮਰ ਗਿਆ, ਉਹਨੇ ਸ਼ਰਾਬ ਨਾ ਪੀਤੀ। ਇੱਕ ਮਰਾਸੀ ਨੇ ਔਰ ਮੁਸਲਮਾਨ ਨੇ ਜਿਹੜਾ ਨਾਮਧਾਰੀਆਂ 'ਚੋਂ ਕੱਢ ਦਿੱਤੈ, ਉਸਨੇ ਆਖਿਆ, ''ਮੈਂ ਸਾਧ-ਸੰਗਤ 'ਚ ਬਚਨ ਕੀਤਾ ਹੈ।'' ਬਚਨ ਵੱਲ ਧਿਆਨ ਦੇਣ ਦੀ ਲੋੜ ਹੈ।

ਤੁਸੀਂ ਸਤਿਗੁਰੂ ਅੱਗੇ ਬਚਨ ਆਪਣਾ ਦਿੱਤਾ ਹੋਇਐ, ਸਤਿਗੁਰੂ ਦੇ ਸਿੱਖ ਬਣੇ ਹਨ-ਸਤਿਗੁਰੂ ਰਾਮ ਸਿੰਘ ਅਕਾਲ ਪੁਰਖ ਦੇ, ''ਤੇਰੇ ਹੁਕਮ 'ਚ ਚਲਾਂਗੇ, ਤੇਰੇ ਹੁਕਮ ਤੋਂ ਬਗੈਰ ਕਿਧਰੇ ਨਹੀਂ ਜਾਵਾਂ-ਆਵਾਂਗੇ।'' ਉਹਦੇ ਹੁਕਮ ਦੀ ਪਾਲਣਾ ਕਰਨ ਵਾਸਤੇ, ਅੰਦਰੋਂ ਵੀ ਅਰਦਾਸ ਕਰਿਆ ਕਰੋ। ਪਰ ਕਈ ਚੀਜ਼ਾਂ ਉਹ ਹਨ, ਜਿਹੜੀਆਂ ਬਰੀਕ-ਛੋਟੀਆਂ ਹੁੰਦੀਆਂ, ਕਈ ਮੋਟੀਆਂ ਹੁੰਦੀਆਂ ਹਨ। ਤੁਹਾਡੇ ਮੋਟੇ ਜਿਹੜੇ ਅਸੂਲ ਹਨ ਉਹਨਾਂ ਨੂੰ ਵੀ ਜੇ ਤੁਸੀਂ ਕਾਇਮ ਰੱਖੋ ਤੇ ਬੜੀ ਬਹਾਦਰੀ ਹੈ, ਧਿਆਨ ਦੇਣਾ।

ਉਸਨੇ ਰਾਗੀ ਸਿੰਘ (ਇੰਦਰ ਸਿੰਘ) ਨੇ ਕਿਹਾ, ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਚਾਰ ਸਾਹਿਬਜ਼ਾਦੇ, ਮਾਤਾ, ਪਿਤਾ, ਆਪਣਾ ਸਰੀਰ ਸਾਡੇ ਉੱਤੇ ਕੁਰਬਾਨ ਕੀਤਾ। ਤੁਸੀਂ ਦੇਖੋ ਹੁਣ ਸਤਿਗੁਰੂ ਸੱਚੇ ਪਾਤਸ਼ਾਹ ਦਾ ਰੋਜ਼

ਕੋਈ ਹੁਕਮਨਾਮਾ ਸੁਣਦੇ ਹੋ, ਤਾਂ ਉਹ ਕਿੰਨੇ ਦੁਖੀ ਹਨ—ਤੁਹਾਡੇ ਸਾਧ ਸੰਗਤ ਦੇ ਦਰਸ਼ਨਾਂ ਤੋਂ ਬਿਨਾਂ। ਸਤਿਗੁਰੂ ਸੱਚੇ ਪਾਤਸ਼ਾਹ ਕਹਿੰਦੇ ਨੇ, **''ਹੋਰ ਕੋਈ ਦੁੱਖ ਨਹੀਂ ਇੱਕ ਵਿਛੋੜੇ ਦਾ ਦੁੱਖ ਹੈ।''** ਸੰਗਤ ਦੇ ਵਿਛੋੜੇ ਦਾ ਦੁੱਖ ਹੈ-ਕਦਰ ਕਰੋ, ਸਾਧ-ਸੰਗਤ ਨੂੰ ਸਾਧ-ਸੰਗਤ ਸਮਝ ਕੇ ਧਿਆਨ ਕਰੋ ਕਿ ਇਹ ਕਿਆ ਚੀਜ਼ ਹੈ ਸਿੱਖ, ਸਾਧ-ਸੰਗਤ ਕਿਆ ਚੀਜ਼ ਹੈ ? ਜ਼ਰਾ ਧਿਆਨ ਦੇਣਾ, ਸਤਿਗੁਰੂ ਸੱਚੇ ਪਾਤਸ਼ਾਹ ਨੂੰ ਇਕਾਸੀਵਾਂ ਸਾਲ ਜਾ ਰਿਹਾ ਹੈ, ਐਸ ਮਾਘੀ ਨੂੰ ਇਕਾਸੀ ਸਾਲ ਹੋ ਜਾਣਗੇ, ਪ੍ਰਦੇਸ ਗਿਆਂ ਨੂੰ। ਸਿੱਖ ਤੋਪਾਂ ਨਾਲ ਉੱਡ ਗਏ-ਧਰਮ ਰੱਖਣ ਦੇ ਵਾਸਤੇ। ਸਿੱਖ ਕੈਦਾਂ ਕੱਟਦੇ ਰਹੇ—ਹੁਣ ਤਕ। ਮਾਤਾ ਜੀ (ਜੀਊਂਣ ਕੌਰ ਜੀ) ਨੂੰ ਵੀ ਉਨੀਂ ਸਾਲ ਦੀ ਉਮਰ ਵਿੱਚ, ਤਿੰਨ ਮਹੀਨੇ ਪੁਲਸ ਥਾਣੇਂ ਥਾਣੀ ਖਿੱਚੀ ਫਿਰੀ, ਆਪਣੇ ਧਰਮ ਨੂੰ ਕਾਇਮ ਰੱਖਣ ਵਾਸਤੇ। ਬਾਬੇ ਮਿਰਜ਼ੇ ਵਾਲੀਏ ਬਚਨ ਕਰਦੇ, ''ਜਦੋਂ ਵੀ ਕਿਸੇ ਮੇਲੇ ਚਲੇ ਜਾਈਏ, ਉੱਥੋਂ ਫੜ ਲੈਣਾ ਪੁਲਿਸ ਨੇ''- ਉਦੋਂ ਕਛਹਿਰਾ ਨਹੀਂ ਸੀ ਸਿੱਖ ਨੂੰ ਰਹਿਣ ਦੇਂਦੇ ਜੇਲ੍ਹ 'ਚ -''ਮੱਲੋ-ਮੱਲੀ ਸਾਡੀਆ ਕੱਛਾਂ ਲਾਹ ਦੇਣੀਆ।''

ਉਹ ਰਾਜਾ ਸ਼ਿਕਾਰ ਗਿਆ, ਅੱਗੋਂ ਇਹ ਗੱਲ ਬਣਾ ਲਈ ਆਪਸ ਵਿੱਚ ਕਿ ਬਈ ਜੀਹਦੇ ਅੱਗੇ ਸ਼ਿਕਾਰ ਨਿਕਲੇ ਉਹੋ ਹੀ ਉਹਦੇ ਮਗਰ ਜਾਵੇ। ਰਾਜੇ ਦੇ ਅੱਗੇ ਸ਼ਿਕਾਰ ਨਿਕਲਿਆ। ਰਾਜੇ ਨੇ ਘੋੜਾ ਭਜਾਇਆ ਚਲਦਾ-ਚਲਦਾ ਐਸੇ ਜੰਗਲ ਵਿੱਚ ਚਲਾ ਗਿਆ-ਸ਼ਿਕਾਰ ਅੱਗੋਂ ਨਿਕਲ ਗਿਆ। ਤ੍ਰੇਹ ਨਾਲ ਰਾਜਾ ਬਹੁਤ ਤੰਗ ਹੋ ਗਿਆ। ਬਹੁਤ ਤੰਗੀ ਦੀ ਹਾਲਤ ਵਿੱਚ ਰਾਜੇ ਨੇ ਦੇਖਿਆ ਉੱਥੇ ਇੱਕ ਜੰਗਲ ਵਿੱਚ ਰਹਿਣ ਵਾਲਾ ਆਦਮੀ ਜਿਹਨੇ ਕੁੰਨੀ ਵਿੱਚ ਜਾਂ ਕਿਸੇ ਬਰਤਨ ਵਿੱਚ ਲਿਆ ਕੇ ਰਾਜੇ ਨੂੰ ਪਾਣੀ ਪਿਲਾਇਆ। ਰਾਜੇ ਨੇ ਪਾਣੀ ਪੀ ਕੇ, ਉਸਨੂੰ ਇੱਕ ਚਿੱਠੀ ਲਿਖ ਦਿੱਤੀ, ''ਬਈ, ਮੇਰੇ ਕੋਲ ਤੂੰ ਆਵੀਂ, ਕਿਸੇ ਵੇਲੇ।'' ਕੁਛ ਦਿਨ ਗੁਜ਼ਰੇ ਰਾਜੇ ਦਾ ਪਤਾ ਉਹਨੂੰ ਸੀ, ਉੱਥੋਂ ਉਹ ਰਾਜੇ ਦੇ ਰਾਜ ਵਿੱਚ ਆਇਆ। ਰਾਜ ਵਿੱਚ ਆ ਕੇ ਰਾਜੇ ਦੀ ਚਿੱਠੀ ਦਿੱਤੀ ਤਾਂ ਰਾਜੇ ਨੇ ਉਸਨੂੰ ਅੰਦਰ ਬੁਲਾ ਲਿਆ। ਬੁਲਾ ਕੇ ਲੰਮੀ ਚੌੜੀ ਗੱਲ ਵੱਲ ਨਾ ਜਾਈਏ, ਰਾਜੇ ਨੇ

ਉਹਨੂੰ ਆਪਣਾ ਵਜ਼ੀਰ ਬਣਾ ਦਿੱਤਾ।

ਵਜ਼ੀਰ ਬਣਾ ਕੇ, ਇੱਕ ਵੇਰ ਰਾਜੇ ਦੇ ਚਿਤ 'ਚ ਆਇਆ, ''ਮੈਂ ਤੀਰਥ ਕਰ ਆਵਾਂ।'' ਰਾਜੇ ਨੇ ਵਜ਼ੀਰ ਨੂੰ ਰਾਜ ਸੌਂਪ ਦਿੱਤਾ, ਰਾਜੇ ਦਾ ਇੱਕ ੯-੧੦ ਸਾਲ ਦਾ ਬੱਚਾ ਸੀ, ਉਹ ਵੀ ਰਾਜਾ ਉਸਨੂੰ ਸੌਂਪ ਗਿਆ। ਰਾਜਾ ਤੀਰਥ ਯਾਤਰਾ ਕਰਨ ਚਲਾ ਗਿਆ। ਮਗਰੋਂ ਰੌਲਾ ਪੈ ਗਿਆ ਕਿ ਰਾਜੇ ਦਾ ਬੱਚਾ-ਟਿੱਕਾ, ਗੁੰਮ ਹੋ ਗਿਐ, ਲੱਭਦਾ ਨਹੀਂ। ਅੱਜ ਕੱਲ੍ਹ ਵਰਗੀ ਪਰਜਾ ਨਹੀਂ ਸੀ ਕਿ ਕੋਈ ਮਰੇ ਸਾਡੇ ਵੱਲੋਂ, ਕੋਈ ਜੀਵੇ। ਓਦੋਂ ਰਾਜੇ ਨੂੰ ਲੋਕ ਅੰਨਦਾਤਾ-ਆਪਣਾ ਰਾਜਾ ਜਾਣਦੇ ਸਨ। ਰਾਜੇ ਵੀ ਆਪਣੀ ਪਰਜਾ ਨੂੰ ਬੱਚਿਆਂ ਨਾਲੋਂ ਪਿਆਰੀ ਸਮਝਦੇ ਸਨ। ਲੋਕਾਂ ਵਿੱਚ ਬੜਾ ਰੌਲਾ ਪਿਆ, ਬੱਚੇ ਦਾ ਕੋਈ ਪਤਾ ਨਾ ਲੱਗੇ। ਕੁਛ ਦਿਨਾਂ ਬਾਅਦ ਉਸ ਵਜ਼ੀਰ ਦਾ ਇੱਕ ਆਦਮੀ, ਇੱਕ ਸੁਨਿਆਰੇ ਦੀ ਦੁਕਾਨ ਦੇ ਉੱਤੇ ਉਸ ਰਾਜੇ ਦੇ ਲੜਕੇ ਦੇ ਗਹਿਣੇ ਵੇਚਦਾ ਦੇਖ ਲਿਆ। ਉਹਨਾਂ ਨੇ-ਪਰਜਾ ਨੇ, ਰੌਲਾ ਪਾ ਦਿੱਤਾ। ਉਹ ਆਦਮੀ ਫੜ ਲਿਆ। ਫੜ ਕੇ ਅਖੀਰ ਵਜ਼ੀਰ ਨੂੰ ਜਾ ਘੇਰਿਆ। ''ਤੂੰ ਸਾਡਾ ਯੁਵਰਾਜ ਮਾਰ ਦਿੱਤਾ ਹੈ, ਟਿੱਕਾ ਮਾਰ ਦਿੱਤਾ ਹੈ।'' ਵਜ਼ੀਰ ਨੂੰ ਵੀ ਕੈਦ ਕਰ ਲਿਆ। ਰਾਜੇ ਵੱਲ ਖਬਰ ਭੇਜੀ। ਰਾਜਾ ਤੀਰਥਾਂ ਤੋਂ ਆਇਆ। ਜਿਸ ਵੇਲੇ ਰਾਜਾ ਅਦਾਲਤ ਵਿੱਚ ਬੈਠਾ, ਉਹਨੂੰ (ਵਜ਼ੀਰ) ਹੱਥਕੜੀ ਲਾ ਕੇ ਲਿਆਏ—ਸਾਹਮਣੇ। ਰਾਜੇ ਨੇ ਆਖਿਆ, ''ਏਹਦੀ ਲਾਹ ਦਿਉ ਹੱਥਕੜੀ।''

ਹੱਥਕੜੀ ਲਹਿ ਗਈ, ਆਪਣੀ ਕੱਢ ਕੇ ਤਲਵਾਰ ਰਾਜਾ ਕਹਿੰਦਾ ਹੈ, ''ਲੈ ਫੜ।'' ਫੜਾ ਕੇ ਕਹਿੰਦਾ ਹੈ, ''ਜੇ ਮੇਰਾ ਸਿਰ ਵੀ ਕੱਟ ਦੇਵੇਂ, ਤਾਂ ਵੀ ਮੈਂ ਤੇਰਾ ਉਸ ਪਾਣੀ ਦਾ ਅਹਿਸਾਨ ਨਹੀਂ ਭੁਲਾਉਂਦਾ''-ਲੜਕੇ ਦੀ ਗੱਲ ਕੋਈ ਨਹੀਂ।'

ਉਸਨੇ (ਵਜ਼ੀਰ ਨੇ) ਆਖਿਆ, ''ਮਹਾਰਾਜ ਮੈਂ ਵੀ ਇਹੋ ਹੀ ਕੁਝ ਦੇਖਣਾ ਸੀ, ਲੜਕਾ ਮੇਰੇ ਘਰ ਹੈ, ਲੈ ਆਉ ਸਭ ਕੁਛ ਠੀਕ ਹੈ।''

ਸੋ ਅਰਜ਼ ਇਹ ਹੈ ਕਿ ਅਸੀਂ ਉਪਕਾਰ ਤਾਂ ਕੋਈ ਭੀ ਸਤਿਗੁਰਾਂ ਦਾ ਦੇ ਨਹੀਂ ਸਕਦੇ, ਪਰ ਜਿਨ੍ਹਾਂ ਸਿੱਖਾਂ ਨੇ—

*ਸੀਸ ਦੀਏ ਅਰ ਸੀ ਨ ਕਰੀ ਜਿਨ ਸਿਖਨ ਤਾਹਿ ਕੇ ਮੈ ਬਲਿਹਾਰੀ।*
*ਗੋਹਿਤ ਗੋਇ ਤਨੀਸਹਿ ਕੇ ਜਿਨ ਬੁਚੜ ਮਾਰ ਕੇ ਧੇਨ ਉਬਾਰੀ।*
*ਤੇ ਸਿਖ ਵਾ ਗੁਰ ਕੇ ਹਰਿ ਰਾਮ ਸੁ ਧਿਆਨ ਮਿਰਗਿੰਦ ਕਰੋਰ ਦੁਹਾਰੀ।*

—ਸਿੱਖਾਂ ਨੇ ਸੀ ਨਾ ਕੀਤੀ, ਸਿਰ ਦਿੱਤਾ-ਤੁਹਾਡੇ ਐਸ ਧਰਮ ਰੱਖਣ ਦੇ ਵਾਸਤੇ, ਧਿਆਨ ਦੇਣਾ, ਮਖੌਲ ਨਹੀਂ, ਤਮਾਸ਼ਾ ਨਹੀਂ। ਕਬੀਰ ਜੀ ਕਹਿੰਦੇ ਨੇ :-

**ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ।**

*- ਪੰਨਾ-੩੩੫*

ਇਹ ਕਹਾਣੀਆਂ ਨਹੀਂ।

ਭਾਈ ਇੰਦਰ ਸਿੰਘ ਰਾਗੀ ਨੂੰ ਸੁਣ ਕੇ ਕਈ ਸਰੀਰ ਉੱਠੇ, ਕਈਆਂ ਨੂੰ ਉਹ ਚੰਗਾ ਨਾ ਲੱਗਿਆ ਪਰ ਭਾਈ ਇੰਦਰ ਸਿੰਘ ਦੇ ਜਜ਼ਬੇ ਵੱਲ ਵੇਖੋ ਉਹ ਕਿਸ ਚੀਜ਼ ਨਾਲ ਖੜਾ ਹੋਇਐ। ਉਹ ਕੀ ਤੁਹਾਨੂੰ ਆਂਹਦਾ ਸੀ-ਕਿਸੇ ਨੂੰ ਗਾਲ੍ਹਾਂ ਕੱਢਦਾ ਸੀ ? ਕਿਸੇ ਦਾ ਦੁਸ਼ਮਣ ਬਣਦਾ ਸੀ-ਨਹੀਂ।

ਉਹ ਕਹਿੰਦਾ ਸੀ, ''ਸੱਜਣੋ ! ਦੇਖੋ, ਬਚੋ।'' ਕੋਈ ਆਦਮੀ ਹੈ ਉਹ ਕਹਿੰਦਾ ਹੈ, ''ਦੇਖ ਆਹ ਜੰਗਲ ਹੈ ਰਸਤੇ 'ਚ, ਇਸ ਰਸਤੇ ਨਾ ਤੁਰੀਂ, ਮਤੇ ਮਾਰਿਆ ਜਾਏਂ, ਰਸਤਾ ਬੜਾ ਖਰਾਬ ਹੈ, ਪੈਰ ਤਿਲਕਦਾ ਹੈ, ਚਿੱਕੜ ਹੈ, ਸੱਪ ਹਨ, ਠੂਹੇ ਹਨ।''

## ਪ੍ਰਿਥਮ ਤਜਹੁ ਆਮਿਖ ਕੋ ਖਾਨਾ

ਸਤਗੁਰਾਂ ਨੇ ਰੰਗੂਨ ਤੋਂ ਲਿਖਿਐ, **''ਭਾਈ ਜਲ ਪ੍ਰਸਾਦ ਸੁੱਚ ਸੋਧ ਦਾ ਵਰਤਣਾ, ਇਹ ਨਾ ਸਮਝਣਾ, ਬੈਠਾ ਕਾਲੇ ਪਾਣੀ ਦੀਆਂ ਲੀਕਾਂ ਕੱਢੀ ਜਾਂਦਾ ਹੈ।''** ਕਾਲੇ ਪਾਣੀ ਨਾਲ, ਸਿਆਹੀ ਨਾਲ ਲਿਖੇ ਜਾਂਦੇ ਹਨ ਅੱਖਰ। ਧਿਆਨ ਦਿਉ ਉਹ ਸਿੱਖ ਤੋਪਾਂ ਅੱਗੇ ਉੱਡੇ, ਇਸ ਵਾਸਤੇ ਕਿ ਸਾਡੇ ਧਰਮ ਨੂੰ ਕੋਈ ਹੱਥ ਨਾ ਲਾਵੇ। ਉਹਨਾਂ ਨੇ ਤੰਦੀਆਂ ਨਾ ਗਲਾਂ 'ਚ ਪੁਆਈਆਂ ਕਿ ਸਾਡੀ ਮਰਯਾਦਾ ਵਿਗੜਦੀ ਹੈ। ਰੇਸ਼ਮ ਦੇ ਰੱਸੇ

ਵਟਵਾਏ, ਚੂੜ੍ਹੇ ਨੂੰ ਹੱਥ ਨਾ ਲਾਉਣ ਦਿੱਤਾ, ਤੇ ਜੇ ਅਸੀਂ ਖਾ ਲਈਏ ਚੂੜ੍ਹਿਆਂ ਕੋਲੋਂ, ਫੇਰ ਜਿਨ੍ਹਾਂ ਹੋਟਲਾਂ 'ਚ ਮਾਸ ਰਿੱਝੇ, ਜਿਨ੍ਹਾਂ 'ਚ ਸ਼ਰਾਬ ਪਈ ਹੋਵੇ, ਉੱਥੇ ਜਦੋਂ ਅਸੀਂ ਜਾ ਕੇ ਖਾਂਦੇ ਹਾਂ, ਉਹ ਤੁਹਾਡੇ ਵਾਸਤੇ ਸੋਧ ਦੀ ਕੜਛੀ ਨਹੀਂ ਰੱਖ ਛੱਡਦੇ। ਕੂਕੇ ਅੱਗੇ ਗੱਲਾਂ ਕਰਦੇ ਹੁੰਦੇ ਸੀ-ਸਿੰਘ ਸਭਾ ਵਾਲੇ ਹਰ ਇੱਕ ਥਾਉਂ ਖਾ ਲੈਂਦੇ ਨੇਂ।

*ਜਹਾਂ ਕਹਾਂ ਕਾ ਛਕੈ ਪ੍ਰਸਾਦਿ।*

ਗੁਰੂ ਗੋਬਿੰਦ ਸਿੰਘ ਦਾ ਹੁਕਮ ਸੁਣਾਉਣਾ,

*ਸਿੱਖ ਨਹੀਂ ਮੇਰਾ ਆਦਿ ਜੁਗਾਦਿ।*

– *ਜਾ ਕੀ ਰਹਿਤ ਨਾ ਜਾਣੀਐ ਗੁਰ ਮੰਤਰ ਨਹੀਂ ਚੀਤੁ।*

*ਉਨਕਾ ਭੋਜਨ ਖਾਇ ਕੈ ਬਿਸਰੈ ਹਰਿ ਸਿਉਂ ਪ੍ਰੀਤਿ।*

ਫੇਰ ਇੱਕ ਕਵੀ ਨੇ ਕਿਹਾ ਹੈ,

*ਨਿਕਟ ਨਗਰ ਕੇ ਨਹਿ ਕਰੈ ਮਰਘਟ ਕੋ ਅਸਥਾਨ।*

ਪਿੰਡ ਦੇ, ਸ਼ਹਿਰ ਦੇ ਨੇੜੇ ਹੱਡਾਂ ਰੋੜੀ ਜਾਂ ਮੜ੍ਹੀਆਂ ਦੇ—ਥਾਂ ਨਹੀਂ ਬਣਾਉਂਦੇ। ਦੇਖੋ-

*ਮਾਸ ਅਹਾਰੀਆਂ ਆਪਣੇ ਘਟ ਮੈਂ ਕੀਓ ਅਸਥਾਨ।*

ਗੁਰੂ ਨਾਨਕ ਦੇਵ ਤੋਂ ਲੈ ਕੇ ਸਤਿਗੁਰੂ ਰਾਮ ਸਿੰਘ ਤਕ-ਜੋ ਕੁਝ ਸਾਨੂੰ ਸਮਝ ਆਈ ਹੈ, ਅਸੀਂ ਕਿਸੇ ਦੀ ਬਾਬਤ ਕੁਝ ਨਹੀਂ ਕਹਿੰਦੇ-ਉਹ ਇਹ ਚੀਜ਼ ਹੈ ਕਿ ਮਾਸ ਦਾ ਖਾਣਾ ਗੁਰਮਤਿ ਵਿੱਚ ਜਾਇਜ਼ ਨਹੀਂ। ਗੁਰੂ ਨਾਨਕ ਦੇਵ ਮਹਾਰਾਜ, ਪੜ੍ਹੋ ਨਾਨਕ ਪ੍ਰਕਾਸ਼, ਦੇਵ ਲੂਤ ਨੂੰ ਜਾ ਕੇ ਮਿਲਦੇ ਹਨ। ਦੇਵਲੂਤ ਕਹਿੰਦਾ ਹੈ,

*ਕਰਹੁ ਰਸੋਈ ਸੰਤ ਜੀ ਭੋਜਨ ਅਚਹੁ ਬਨਾਇ।*

ਤਾਂ ਮਹਾਰਾਜ ਕਹਿੰਦੇ ਹਨ-

*ਪ੍ਰਿਥਮ ਤਜਹੁ ਆਮਿਖ ਕੋ ਖਾਨਾ।*

ਪਹਿਲਾਂ ਛੱਡ ਦੇ ਮਾਸ ਦਾ ਖਾਣਾ।

*ਕਰੋ ਜਾਸ ਹਿਤ ਜੀਵਨ ਹਾਨਾ।*

ਜੀਹਦੇ ਵਾਸਤੇ ਤੂੰ ਜੀਵ ਮਾਰਦਾ ਹੈਂ।

*ਯੌਂ ਨਹਿ ਤੁਮਰੋ ਖਾਇ ਕਦਾਪੀ।*
*ਹੋ ਸਭਿ ਜੀਵਨ ਕੇ ਸੰਤਾਪੀ।*

*– ਸੂਰਜ ਪ੍ਰਕਾਸ਼, ਪੰਨਾ-੫੯੪*

ਤੇਰੇ ਘਰ ਦਾ ਅਸੀਂ ਕਦੇ ਅੰਨ ਨਹੀਂ ਖਾਣ ਨੂੰ-ਤਿਆਰ।

ਲੋਕਾਂ 'ਚ ਤੇ ਗੱਲ ਮਸ਼ਹੂਰ ਸੀ-ਕੂਕੇ ਬੜੇ ਕਸੂਤੇ ਗੜਵੀ ਨਹੀਂ ਦੇਂਦੇ ਨ੍ਹਾਉਣ ਨੂੰ-ਗੜਵੀ ਨੂੰ ਹੱਥ ਨਹੀਂ ਸਨ ਲਾਉਣ ਦਿੰਦੇ। ਪਰਾਏ ਹੱਕ ਤੋਂ ਇਉਂ ਕੂਕੇ ਬਚਦੇ ਸੀ-ਘਣੀਏਕੇ ਇੱਕ ਪਿੰਡ ਸੀ ਜਿਹੜਾ ਹੁਣ ਓਸ ਪਾਸੇ (ਪਾਕਿਸਤਾਨ 'ਚ) ਆ ਗਿਆ ਹੈ। ਡੇਰੇ ਸਾਹਿਬ ਦੇ ਪਾਸ ਜਿਹੜਾ ਰਾਵੀ ਦਾ ਪੁਲ ਹੈ, ਉਹਦੇ ਨਾਲ ਲਗਦੀ ਉਹਦੀ ਜ਼ਮੀਨ ਹੈ ਕੋਈ ਡੇਢ ਮੀਲ ਖੱਬੇ ਪਾਸੇ। ਉੱਥੇ ਦਰਿਆ ਦੇ ਕੰਢੇ ਤੇ ਲੋਕਾਂ ਦਾ ਇਹ ਰਿਵਾਜ ਸੀ ਕਿ ਪੈਲੀ ਦੋ ਕਰੂ, ਇੱਕ ਕਰੂ ਚੌੜੀ ਰੱਖ ਲੈਣੀ-ਲੰਮੀ ਮੀਲ ਮੀਲ ਦਰਿਆ ਦੇ ਨਾਲ ਜੋੜ ਲੈਣੀ, ਜੇ ਢਾਹ ਲੱਗੇ ਤੇ ਸਾਰਿਆ ਦੀਆਂ ਇੱਕੋ ਜਿਹੀਆਂ ਢਹਿੰਦੀਆਂ ਜਾਣ। ਇੱਕ ਨਾਮਧਾਰੀ ਸਿੱਖ-ਉਹਦੇ ਨਾਲ ਇੱਕ ਖੁੱਲ੍ਹੇ ਸਰੀਰ ਦੀ-ਜਿਹੜਾ ਨਾਮਧਾਰੀ ਨਹੀਂ ਸੀ ਪੈਲੀ ਵਿੱਚ ਵੱਲ ਉੱਗੀ। ਕਿਉਂਕਿ ਫਰਕ ਕਰੂ ਡੇਢ ਕਰੂ ਦਾ ਸੀ, ਉਸ ਵੱਲ ਨੂੰ ਨਾਮਧਾਰੀ ਦੀ ਪੈਲੀ 'ਚ ਆ ਕੇ ਖਰਬੂਜਾ ਲੱਗ ਗਿਆ। ਨਾਮਧਾਰੀ ਸਿੰਘ ਖਰਬੂਜਾ ਤੋੜ ਕੇ ਉਸ ਦੇ ਘਰ ਲੈ ਕੇ ਗਿਆ, ਕਹਿਣ ਲੱਗਾ, ''ਇਹ ਤੇਰੀ ਵੱਲ ਦਾ ਖਰਬੂਜਾ ਹੈ, ਸਾਡਾ ਹੱਕ ਨਹੀਂ ਖਾਣਾ।'' ਜੇ ਹੁਣ ਅਸੀਂ ਲੋਕਾਂ ਦੇ ਪੈਸੇ ਲੈ ਕੇ ਹੀ ਮਾਰ ਲਈਏ-ਫੇਰ ? ਫੇਰ ਤੇ ਸਾਡਾ ਨਾਮਧਾਰੀ ਪੁਣਾ ਬੜਾ ਉੱਚਾ ਹੈ। ਧਿਆਨ ਦਿਉ ਸਤਿਗੁਰ ਸੱਚੇ ਪਾਤਸ਼ਾਹ ਹੁਕਮਨਾਮੇ 'ਚ ਲਿਖਦੇ ਹਨ, **''ਕਰਜਾ ਲੈਣਾ ਲੈ ਕੇ ਨਾ ਦੇਣਾ, ਚੋਰੀ ਧਾੜੇ ਥੀਂ ਵੀ ਬਡਾ ਪਾਪ ਹੈ।''** ਚੋਰੀ ਕੋਈ ਕਰਨ ਜਾਂਦਾ ਹੈ-ਆਪਣੀ ਜਾਨ ਤਲੀ ਤੇ ਰੱਖ ਕੇ ਜਾਂਦਾ ਹੈ, ਧਾੜਾ ਮਾਰਨਾ ਹੈ, ਆਪਣੀ ਜਾਨ ਤਲੀ ਤੇ ਰੱਖ ਕੇ ਜਾਂਦਾ ਹੈ, ਇਹ ਵਸਾਹ ਧ੍ਰੋਹ, ਹੈ ਕਿਸੇ ਤੋਂ ਕਹਿ ਕੇ, ਲੈ ਕੇ ਫਿਰ ਨਾ ਦੇਣਾ। ਹਾਂ ਇੱਕ ਗੱਲ ਹੈ-ਆਦਮੀ ਕਮਜ਼ੋਰ ਹੋ ਜਾਏ, ਬਦਫੈਲੀ ਨਾ ਕਰੇ, ਨੀਯਤ ਫਿਰ ਵੀ ਮਾੜੀ ਨਾ ਕਰੇ, ਉਹਦੇ ਅੱਗੇ ਹੱਥ ਜੋੜੇ ਰੁਪਏ ਦੇ-ਚਾਰ ਆਨੇ, ਦੋ ਆਨੇ, ਅੱਠ

ਆਨੇ, ਛੇ ਆਨੇ, ਜੋ ਦੇ ਸਕਦਾ ਹੈ ਦੇਵੇ, ਲੇਕਿਨ ਜੇ ਨਾ ਦੇਵੇ-ਸਤਿਗੁਰੂ ਰਾਮ ਸਿੰਘ ਦੀ ਦਰਗਾਹ ' ਚ ਉਹ ਬਖਸ਼ਿਆ ਨਹੀਂ ਜਾਣਾ। ਇਹ ਮੇਰੀ ਗੱਲ ਨਹੀਂ, ਇਹ ਉਹਦਾ (ਸਤਿਗੁਰੂ ਰਾਮ ਸਿੰਘ ਜੀ ਦਾ) ਹੁਕਮ ਹੈ। ਕੂਕਿਆਂ ਨੂੰ ਧਿਆਨ ਦੇਣ ਦੀ ਲੋੜ ਹੈ। ਸਿੱਧੀਆਂ ਪੱਗਾਂ ਬੰਨ੍ਹਕੇ ਬੜੇ ਸੁਹਣੇ-ਸੁਹਣੇ ਲੀੜੇ ਪਾ ਕੇ, ਗਲ ' ਚ ਮਾਲਾ ਪਾ ਕੇ ਅਸੀਂ ਨਹੀਂ ਬਖਸ਼ੇ ਜਾਣਾ, ਜੇ ਸਤਿਗੁਰੂ ਦਾ ਹੁਕਮ ਨਾ ਮੰਨਾਂਗੇ।

ਤਾਂ ਕਿਹਾ — *ਯੌ ਨਹਿ ਤਮਰੋ ਖਾਇ ਕਦਾਪੀ* — ਤੂੰ ਜਾਨਵਰ ਮਾਰ ਕੇ ਖਾਨਾਂ ਹੈਂ ਅਸੀਂ ਨਹੀਂ ਤੇਰਾ ਅੰਨ ਖਾਣ ਨੂੰ ਤਿਆਰ-ਇਹ ਹੈ ਗੁਰੂ ਨਾਨਕ ਦੇਵ।

ਗੁਰੂ ਅੰਗਦ ਦੇਵ ਮਹਾਰਾਜ ਬੈਠੇ ਹਨ। ਸੀਹਾਂ ਉੱਪਲ ਦੇ ਲੜਕੇ ਦੀਆਂ ਰੀਤਾਂ ਹੋਣ ਵਾਲੀਆਂ ਹਨ। ਉਸਨੇ ਬਕਰੇ ਮੰਗਵਾਏ ਕਿਤੋਂ। ਮਹਾਰਾਜ ਦੇ ਕੋਲੋਂ ਦੀ ਲੰਘਿਆ, ਕਹਿੰਦੇ, ''ਓ ਸੀਹਾਂ ਇਹ ਕੀ ਕਰਨ ਲੱਗਾ ਹੈ ?''

''ਮਹਾਰਾਜ ਬੱਚੇ ਦੀਆਂ ਰੀਤਾਂ ਨੇ ਉਹਦੇ ਤੇ ਬੱਕਰੇ ਮਾਰਨੇ ਹਨ।''

ਸੂਰਜ ਪ੍ਰਕਾਸ਼ (ਪ੍ਰਸੰਗ ਸੀਹਾਂ ਉਪਲੇ-ਦੇਖੋ ਪੰਨਾ ੧੩, 'ਲਾਲ ਏਹਿ ਰਤਨ' ਭਾਗ ੧) ਪੜ੍ਹਕੇ ਦੇਖੋ-ਮੇਰੇ ਘਰ ਦੀ ਚੀਜ਼ ਨਹੀਂ ਹੈ, ਇਹ ਕੋਈ ਕੂਕੇ ਦੀ ਬਣਾਈ ਹੋਈ ਨਹੀਂ ਗੱਲ।''

''ਅੱਛਾ''!

''ਮਹਾਰਾਜ, ਮੈਨੂੰ ਭਾਈਚਾਰਾ ਕੱਢ ਦੇਵੇਗਾ।''

''ਜਾ ਤੂੰ ਕਹੋ ਕਿ ਮੈਨੂੰ ਗੁਰੂ ਅੰਗਦ ਨਹੀਂ ਕਰਨ ਦਿੰਦਾ, ਮੇਰਾ ਉਹ ਗੁਰੂ ਹੈ।''

ਬੱਕਰੇ ਛਡਾ ਦਿੱਤੇ। ਹੁਣ ਸਮੇਂ ਨੇ ਗੇੜ ਹੀ ਮਾਰਿਆ ਹੋਇਆ ਹੈ ਬਈ, ਜਿੱਥੇ ਉਹ ਬੁੱਧ ਭਗਵਾਨ, ਜਿਸਨੇ ਇੱਕ ਟੁੱਟੀ ਹੋਈ ਲੱਤ ਵਾਲੇ ਬਕਰੇ ਨੂੰ ਮੋਢੇ ਤੇ ਚੁੱਕਿਆ ਔਰ ਕਿਸੇ ਨੂੰ ਮਾਰਨ ਤੋਂ ਲੋਕਾਂ ਨੂੰ ਬੰਦ ਕੀਤਾ, ਰਾਜੇ ਬਿਜੈ ਸਾਲ ਨੂੰ ਜਾ ਕੇ ਮਾਸ ਖਾਣ ਤੋਂ ਬੰਦ ਕੀਤਾ। ਅੱਜ ਬੋਧੀ ਵੀ ਮਾਸ ਖਾ ਲੈਂਦੇ ਨੇ। ਜੇ ਆਖੀਏ-ਜੀ ਸਾਨੂੰ ਹੁਕਮ ਹੈ, ਜੇ ਕੋਈ ਲਿਆ

ਦੇਵੇ ਤੇ ਖਾ ਲਵੋ-ਮਾਰਦੇ ਨਹੀਂ।''

ਗੁਰੂ ਅੰਗਦ ਦੀ ਇਹ ਗੱਲ ਹੈ। ਚਲੋ ਅੱਗੇ। ਗੁਰੂ ਗੋਬਿੰਦ ਸਿੰਘ ਸਾਹਿਬ-ਵਿਚਲੀ ਗੱਲ ਛੱਡ ਦਿਉ, ਉੱਥੇ ਤੇ ਕਿਤੇ ਜ਼ਿਕਰ ਨਹੀਂ ਆਉਂਦਾ, ਉਹ ਤੇ ਮੰਨਦੇ ਹੀ ਨਹੀਂ ਇਸ ਚੀਜ਼ ਨੂੰ-ਗੁਰੂ ਗੋਬਿੰਦ ਸਿੰਘ ਸਾਹਿਬ ਦਾ ਗੁਰਦੁਵਾਰਾ ਹੈ, ਨੰਦੇੜ, ਹਜ਼ੂਰ ਸਾਹਿਬ-ਅਬਚਲ ਨਗਰ ਵੀ ਜਿਸਨੂੰ ਸਿੱਖ ਕਹਿੰਦੇ ਹਨ-ਦੱਖਣ ਵਿੱਚ। ਹੁਣ ਮੈਨੂੰ ਨਹੀਂ ਪਤਾ ਸਾਲ ਛੇ ਮਹੀਨੇ ਦਾ-ਮੈਂ ਉੱਥੇ ਦਰਸ਼ਨ ਕਰ ਆਇਆਂ, ਉਦੋਂ ਤਕ ਵੀ ਉੱਥੇ ਲੰਗਰ ਵਿੱਚ ਮਾਸ ਨਹੀਂ ਸੀ ਰਿੱਝ ਸਕਦਾ। ਅੰਦਰਲਾ ਪੁਜਾਰੀ, ਜਿਹੜਾ ਸਾਹਿਬਾਂ ਦੇ ਸ਼ਸਤਰਾਂ ਦਾ ਇਸ਼ਨਾਨ ਕਰਾਉਂਦਾ ਹੈ, ਤਖਤ ਦੀ ਸੇਵਾ 'ਚ ਅੰਦਰ ਉਹੋ ਹੀ ਆ ਜਾ ਸਕਦਾ ਹੈ, ਦੂਜਾ ਨਹੀਂ ਕੋਈ ਜਾਂਦਾ। ਏਥੋਂ ਤਕ ਪਰਹੇਜ਼ ਹੈ ਕਿ ਉਹ ਮੂੰਹ ਬੰਨ੍ਹ ਕੇ ਅੰਦਰ ਜਾਂਦਾ ਹੈ, ਕਿ ਥੁੱਕ ਵੀ ਕਿਤੇ ਅੰਦਰ ਬਚਨ ਕਰਨ ਲੱਗਿਆਂ ਨਾ ਡਿੱਗ ਪਵੇ। ਦੋ ਵਜੇ ਤੜਕੇ ਸਣੇ ਕੇਸੀਂ ਉਹ ਇਸ਼ਨਾਨ ਕਰਦਾ ਹੈ। ਔਰ ਉਹ ਲੰਗਰ 'ਚੋਂ ਪੱਕੇ ਹੋਏ ਨੂੰ ਵੀ ਨਹੀਂ ਛਕਦਾ, ਕਿਉਂ-ਜੋ ਲੰਗਰ ਵਿੱਚ ਲੱਗਣ ਵਾਲੇ ਕੋਈ-ਕੋਈ ਸੱਜਣ ਬਾਹਰ ਮਾਸ ਖਾ ਆਉਂਦੇ ਨੇ, ਉਹ ਲੰਗਰ 'ਚ ਲੱਗ ਜਾਂਦੇ ਨੇ। ਲੰਗਰ 'ਚ ਭਾਵੇਂ ਨਹੀਂ ਬਣਦਾ, ਉਹ ਉਹਨਾਂ ਦੇ ਹੱਥ ਦਾ ਵੀ ਨਹੀਂ ਖਾਂਦਾ, ਉਹਦੇ ਵਾਸਤੇ ਵੱਖਰਾ ਲਾਂਗਰੀ ਹੈ, ਜਿਹੜਾ ਮਰਯਾਦਾ ਨਾਲ ਪ੍ਰਸਾਦ ਬਣਾਉਂਦਾ ਹੈ। ਜਿਹੜੀ ਰੀਤ ਸਤਿਗੁਰੂ ਰਾਮ ਸਿੰਘ ਨੇ ਨਾਮਧਾਰੀਆਂ ਨੂੰ ਸਵਾ ਪਹਿਰ ਦੇ ਤੜਕੇ ਸਣੇ ਕੇਸੀ ਇਸ਼ਨਾਨ ਦੀ ਦੱਸੀ, ਪੰਜਾਬ ਵਿੱਚੋਂ ਇਹ ਮਿਟ ਚੁੱਕੀ ਸੀ। ਭਾਈ ਰਾਏ ਸਿੰਘ ਨੂੰ ਸਤਿਗੁਰਾਂ ਹਜ਼ੂਰ ਸਾਹਿਬ ਭੇਜਿਆ। ਭਾਈ ਸਾਹਿਬ ਸਾਢੇ ਤਿੰਨ ਮਹੀਨੇ ਉੱਥੇ ਰਹੇ, ਗ੍ਰੰਥ ਸਾਹਿਬ ਜੀ ਦੀ ਆਦਿ ਤੋਂ ਅੰਤ ਤਕ ਕਥਾ ਕੀਤੀ, ਔਰ ਸਾਰੀ ਉੱਥੋਂ ਦੀ ਮਰਯਾਦਾ ਲਿਖ ਕੇ ਲਿਆਂਦੀ। ਇਹ ਸਤਿਗੁਰੂ ਰਾਮ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੀ ਮਰਯਾਦਾ ਮੁੜਕੇ ਪ੍ਰਸਿੱਧ ਕੀਤੀ।

ਹੁਣ ਪੱਗ ਤੇ ਦੇਖ ਲਉ, ਦਸਾਂ ਗੁਰੂਆਂ ਦੀਆਂ ਤਸਵੀਰਾਂ ਦੇਖ ਲਓ, ਪੰਜਾਂ ਪਿਆਰਿਆਂ ਦੀਆਂ ਦੇਖ ਲਓ, ਬਈ, ਕਿਸ ਤਰ੍ਹਾਂ ਉਹਨਾਂ ਦੀਆਂ

ਸ਼ਕਲਾਂ ਸਨ। ਸਾਡੇ ਵਿੱਚ ਵੀ ਹੁਣ ਥੋੜੀ-ਥੋੜੀ ਕਿਰਪਾ ਹੁੰਦੀ ਜਾਂਦੀ ਹੈ ਕਦੇ-ਕਦੇ ਹੇਠਲੇ ਪਾਸਿਓ ਜਿਵੇਂ ਲੋਕ ਮਖੌਲ ਕਰਦੇ ਨੇ, ਗੁੱਸਾ ਨਹੀਂ ਕਰਨਾ ਚਾਹੀਦਾ, ਕਿਸੇ ਨੂੰ—ਸਿਰ ਤੂਤ ਦਾ ਲੱਤਾਂ ਧਰੇਕ ਦੀਆਂ—ਪੱਗ ਸਿੱਧੀ ਹੋਵੇ, ਦਾੜ੍ਹੀ ਬੱਧੀ ਹੋਵੇ। ਤੁਸੀਂ ਮੇਰੇ ਤੇ ਰਾਜ਼ੀ ਰਹੋ, ਨਰਾਜ਼ ਰਹੋ, ਭਾਈ ਗਿਆਨ ਸਿੰਘ ਗਿਆਨੀ ਨੇ ਕਿਹਾ ਸੀ,

*ਗਰਜ ਸਮਝ ਕਰ ਅਰਜੀ ਗੁਜਾਰੀ ਲਿਖ,*
*ਮਰਜੀ ਤੁਮਾਰੀ ਚਾਹੇ ਮਾਨੋ, ਨਹੀਂ ਮਾਨੋ।*

ਤੁਹਾਡਾ ਫਰਜ਼ ਹੈ, ਸਤਿਗੁਰੂ ਦੇ ਉਪਕਾਰ ਨੂੰ ਸਮਝ ਕੇ ਉਹਦੇ ਪੰਥ ਨੂੰ ਦਾਗ ਨਾ ਲੱਗੇ। ਚਿੱਟੀ ਚਾਦਰ ਉੱਤੇ ਰਤਾ ਕੁ ਜਿੰਨਾ ਨਿਸ਼ਾਨ ਪੈ ਜਾਏ ਤਾਂ ਦਿਸਦਾ ਹੈ, ਕਾਲੇ ਲੀੜੇ ਉੱਤੇ ਲਿਬੜੇ ਹੋਏ ਲੀੜੇ ਉੱਤੇ, ਮੈਲੇ ਲੀੜੇ ਉੱਤੇ ਭਾਵੇਂ ਮਿੱਟੀ ਪਾਈ ਜਾਈਏ-ਨਹੀਂ ਪਤਾ ਲਗਦਾ। ਅੰਦਰ ਦੀ ਮਰਯਾਦਾ ਤਾਂ ਇਹ ਹੈ ਬਈ, ਮਾਸ ਸ਼ਰਾਬ ਤੋਂ ਬਚੇ। ਫੇਰ, ਗੁਰੂ ਗੋਬਿੰਦ ਸਿੰਘ ਨੇ ਕਿਹਾ ਹੈ-

*ਚੰਚਲ ਚੀਤ ਨ ਜਾਏ ਤਮਾਸੇ।*
*ਜੂਆ ਜਾਏ ਨ ਖੇਲੈ ਪਾਸੇ।*

ਮੈਂ ਉਹ ਹੀ ਅੱਖਰ ਕਹਿਣੇ ਹਨ, ਹੋਰ ਮੈਂ ਕੁਝ ਨਹੀਂ ਆਖਣਾ ਕਿਸੇ ਨੂੰ, ਜੋ ਕੋਈ ਕਰਦਾ ਹੋਵੇ ਤਾਂ ਉਹ ਛੱਡ ਦੇਵੇ। ਇਹ ਧਿਆਨ ਕਰਨ ਦੀ ਲੋੜ ਹੈ। ੪੮' ਚ ਮੈਂ ਏਥੇ ਪਹਿਲਾਂ[★੧] ਆਇਆ ਹਾਂ। ਫਿਰ ੪੯ 'ਚ, ੫੦ 'ਚ ੫੧ 'ਚ ਤੇ ਹੁਣ ੫੨ 'ਚ ਪੰਜਵੀਂ ਵਾਰ ਹੈ। ਜੇ ਤੇ ਇਹੋ ਹੀ ਗੱਲ ਹੈ ਬਈ ਮੈਨੂੰ ਕਹਿੰਦੇ ਹੋ ਕਿ ਤੇਰੀ ਕਥਾ ਸਾਨੂੰ ਬੜੀ ਚੰਗੀ ਲਗਦੀ ਹੈ—ਤੇ ਫਿਰ ਮੇਰੀ ਹੱਥ ਜੋੜ ਕੇ ਅਰਜ਼ ਹੈ ਕੁਛ ਮੰਨਿਆਂ ਵੀ ਕਰੋ। ਜੇ ਮੇਰੀ ਕਥਾ ਕਰਨ ਨੂੰ ਓਵੇਂ ਹੀ ਰੱਖਿਆ ਹੈ ਜਿਵੇ ਉਹ ਰੇਡੀਓ ਲਾ ਛੱਡਿਆ ਹੋਵੇ ਕਿਸੇ ਤੋਂ ਲਿਆਕੇ-ਰਿਕਾਰਡ-ਬਈ, ਸੁਣ ਲਈਏ ਘੜੀ। ਵਾਹ ! ਵਾਹ ! ਵਾਹ ! ਵਾਹ ! ਕਰ ਛੱਡੀ ਤੇ ਫੇਰ ਨਾ ਮੈਨੂੰ ਫਾਇਦਾ ਨਾ ਤੁਹਾਨੂੰ। ਮੇਰਾ ਵੀ ਪੁੜਪੁੜੀ ਪਾਠ ਐਵੇਂ ਗਿਆ, ਤੁਹਾਡੇ ਵੀ ਪੱਲੇ ਕੁਝ ਨਾ ਪਿਆ।

ਅਰਜ਼ ਹੈ ਕਿ ਇਹ ਸਤਿਗੁਰਾਂ ਦੇ ਹੁਕਮਾਂ ਤੋਂ, ਕੂਕੇ ਨੂੰ ਕਦੇ ਬੇਸਿਦਕ ਨਹੀਂ ਹੋਣਾ ਚਾਹੀਦਾ। ਇਹ ਪੱਕੀ ਗੱਲ ਹੈ ਦੁਨੀਆਂ ਉਲਟ ਜਾਏ ਸਤਿਗੁਰਾਂ ਦੇ ਦਰਸ਼ਨ ਜ਼ਰੂਰ ਹੋਣਗੇ। ਉਹਨਾਂ ਨੇ ਹੁਕਮ ਦਿੱਤਾ ਹੋਇਆ ਹੈ, ''ਸੂਰਜ ਲਹਿੰਦਓ ਚੜ੍ਹਿਆ ਮੰਨ ਲੈਣਾ, ਜੋ ਕੁਛ ਸੱਚੇ ਪਾਤਸ਼ਾਹ ਕਲਗੀ ਵਾਲੇ ਦਾ ਹੁਕਮ ਹੈ, ਉਹ ਅੱਖਰ-ਅੱਖਰ ਪੂਰਾ ਵਰਤੇਗਾ।'' ਉਹ ਆਪਣਾ ਹੁਕਮ ਕੋਈ ਨਹੀਂ ਸੀ ਕਹਿੰਦੇ-ਜੇ ਰੂਸ ਦੀ ਗੱਲ ਹੈ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ, ਜੇ ਸਤਿਗੁਰਾਂ ਦੇ ਆਉਣ ਦੀ ਗੱਲ ਹੈ ਤਾਂ ਗੁਰੂ ਗੋਬਿੰਦ ਸਿੰਘ ਦੀ, ਜੇ ਉਹਨਾਂ ਨੇ ਕਿਹਾ ਸੀ:-

**ਮੜੀ ਗੌਰ ਦੇਵਲ ਮਸੀਤਾਂ ਗਿਰਾਯੰ**

– *ਉਗ੍ਰਦੰਤੀ*

-ਤਾਂ ਮੜੀਆਂ ਢਵਾਈਆਂ ਸਾਧ ਸੰਗਤ ਕੋਲੋਂ।

## ਧੌਂਕਲ ਦਾ ਟੱਲ

ਧੌਂਕਲ ਦਾ ਟੱਲ ਢਾਹਿਆ ਨਾਮਧਾਰੀਆਂ ਨੇ। ਪੰਜਾਬ 'ਚ ਕੈਦ ਨਾਮਧਾਰੀਆਂ ਕੱਟੀ, ਕਬਰਾਂ ਢਾਹੀਆਂ। ਸਤਿਗੁਰਾਂ ਦੀ ਬਖਸ਼ਿਸ਼ ਸੀ। ਇੱਥੋਂ ਤਕ ਤਾਕਤ ਵਾਲੀਆਂ ਢਾਹੀਆਂ-ਕਈ ਜਗ੍ਹਾ ਐਸੀਆਂ ਸਨ-ਇੱਕ ਸਤੀ ਦੀ ਜਗ੍ਹਾ ਜਾ ਕੇ ਰਾਏਪੁਰ ਢਾਹੁਣ ਲੱਗੇ। ਜਿਸ ਵੇਲੇ ਕਹੀ ਮਾਰਨ, ਅੱਗ ਨਿਕਲੇ ਵਿੱਚੋਂ। ਕਹਿਣ ਲੱਗੇ, ''ਬਈ, ਇਹਨੂੰ ਠੰਡੀ ਕਰ ਲਵੋ।'' ਜੇ ਡਰ ਜਾਂਦੇ ਤਾਂ ਭੱਜ ਜਾਂਦੇ, ਖੋਲ੍ਹ ਕੇ ਕਛਹਿਰੇ ਚੀਤਾ ਛੱਡਿਆ ਉੱਤੇ। ਮੁੜਕੇ ਅੱਗ ਨਹੀਂ ਨਿਕਲੀ, ਕਬਰ ਢਾਹ ਸੁੱਟੀ। ਕਈ ਹੋਰ ਜਗ੍ਹਾ ਢਾਹੀਆਂ। ਇਹ ਰੂਹਾਂ ਫੇਰ ਆਪਣੇ ਭਗਤਾਂ 'ਚ ਜਾ ਕੇ ਬੋਲਣ, ''ਬਈ, ਸਾਡੀ ਜਗ੍ਹਾ ਬਣਾਓ।''

ਭਗਤਾਂ ਆਖਿਆ, ''ਤੁਸੀਂ ਉਨ੍ਹਾਂ ਦੇ ਨੇੜੇ ਕਿਉਂ ਨਹੀਂ ਸੀ ਜਾਂਦੇ।''

ਰੂਹਾਂ ਆਖਿਆ, ''ਉਹਨਾਂ ਤੋਂ ਤੇ ਸਾਨੂੰ ਸੇਕ ਆਉਂਦਾ ਸੀ।''

ਧੌਂਕਲ ਦਾ ਟੱਲ ਬਾਬੇ ਨਰੈਣ ਸਿੰਘ ਹੋਰਾਂ ਘੋੜੀਆਂ ਵਾਲਿਆਂ ਦੀ ਕਿਰਪਾ ਦਾ ਫਲ ਹੈ। ਭਾਵੇਂ ਸਤਿਗੁਰਾਂ ਦੀ ਬਖਸ਼ਿਸ਼ ਬਾਬੇ ਭਗਵਾਨ ਸਿੰਘ

ਹੋਰਾਂ ਤੇ ਹੋਈ, ਸੇਠ ਦਿਆਲ ਸਿੰਘ ਦੇ ਦਾਦੇ ਤੇ, ਪਰ ਫਲ ਦੇਣ ਵਾਲੇ ਮਗਰੋਂ ਉਹ (ਬਾਬੇ ਨਰੈਣ ਸਿੰਘ) ਸਨ। ਸ਼ਬਦ ਪੜ੍ਹਦੇ-ਪੜ੍ਹਦੇ ਘਰ ਨੂੰ ਤੁਰੇ ਜਾਂਦੇ ਹਨ-ਇਹ ਸਭ ਕੁਝ ਹੀ ਸਾਰੀ ਜਗ੍ਹਾ ਹੁੰਦਾ ਹੈ-ਕੋਈ ਸਰੀਰ ਮਖੌਲ ਕਰਦਾ ਹੈ, ਓਏ, ਇਹ ਕਿਧਰ ਚਲੇ ਨੇ ਕੂਕੇ ?

''ਚਲੇ ਨੇ ਭਗਵਾਨ ਸਿੰਘ ਦੇ—ਘਰ।''

''ਉਹਨੂੰ ਤੇ ਫੇਰ ਉਜਾੜ ਜਾਣਗੇ ਅੱਜ।''

ਦਸ, ਵੀਹ, ਪੰਝੀ ਜੂ ਗਏ—ਘਰ। ਬਾਬੇ ਹੋਰਾਂ ਦੇ ਕੰਨ 'ਚ ਇਹ ਅਵਾਜ਼ ਪਈ, ਪੁੱਛਦੇ ਨੇ, ''ਕੀ ਆਖਿਐ ?'' ਬਾਬੇ ਨਰੈਣ ਸਿੰਘ ਕਹਿੰਦੇ ਨੇ, ''ਜਾਹ ਓਏ ਭਗਵਾਨ ਸਿੰਘ-ਤੈਨੂੰ ਸ਼ਾਹਾਂ ਦਾ ਸ਼ਾਹ ਕੀਤਾ।''

ਨਾਮਧਾਰੀ ਜਿਹੜੇ ਇਥੇ ਬੈਠੇ ਹਨ, ਉਸ ਬਾਬੇ ਨਰੈਣ ਸਿੰਘ ਦੀ ਕ੍ਰਿਪਾ ਦਾ ਫਲ ਹੈ। ਭਗਵਾਨ ਸਿੰਘ ਦੀ ਔਲਾਦ ਨੇ ਆ ਕੇ ਇਥੇ ਡੇਰਾ ਲਾਇਆ, ਤੇ ਆ ਕੇ ਨਾਮਧਾਰੀਆਂ ਦੀ ਵਾੜੀ ਖਿੜੀ। ਉਹਨਾਂ ਮਹਾਂਪੁਰਖਾਂ ਦੀਆਂ ਇਹ ਗੱਲਾਂ ਹਨ।

ਉਹ ਬਾਬਾ ਨਰੈਣ ਸਿੰਘ ਜੀ ਪੰਦਰਾਂ ਕੋਹ ਤੋਂ ਰਾਤ ਨੂੰ ਘੋੜੀ ਉੱਤੇ ਚੜ੍ਹ ਕੇ ਤੇ ਰਾਤ ਅੱਧੀ ਜਾ ਕੇ ਧੌਂਕਲ ਦੇ ਟੱਲ-ਮੈਨੂੰ ਉਹਨਾਂ ਆਪਣੀ ਜ਼ਬਾਨੀ ਇਹ ਦੱਸਿਆ, ਮੈਂ ਉਹਨਾਂ ਤੋਂ ਸੁਣਿਆ-ਰੌਣਾ ਜਿਹੜਾ ਵਿੱਚ ਖੜਕਾਉਣ ਵਾਲਾ ਸੀ ਉਹਨੂੰ ਪਹਿਲਾਂ ਪਰਨਾ ਬੰਨ੍ਹ ਲਿਆ, ਥੱਲੇ ਉਹਦੇ ਘੋੜੀ ਖੜੀ ਕਰਕੇ, ਤੇ ਟਕੂਏ ਨਾਲ ਵੱਢਿਆ ਸੰਗਲ ਨੂੰ, ਤੇ ਪੰਦਰਾਂ ਕੋਹ ਰਾਤ-ਰਾਤ ਵਾਪਸ ਆ ਗਏ-ਲੈ ਕੇ ਟੱਲ। ਉਹ ਟੱਲ ਭੈਣੀ ਸਾਹਿਬ 'ਚ ਮੈਂ ਦੇਖਿਐ-ਹੁਣ ਮੈਨੂੰ ਨਹੀਂ ਪਤਾ-ਉਹਦਾ ਬਹੁਤ ਵੱਡਾ ਦੇਗਚਾ ਬਣਿਆ ਏਡਾ ਸਾਰਾ ਵੱਡਾ, ਜਿਸ ਵਿੱਚ ਲੰਗਰ 'ਚ ਦਾਲਾ ਰਿੱਝਦਾ ਰਿਹਾ। ਗੁਰੂ ਗੋਬਿੰਦ ਸਿੰਘ ਨੇ ਲਿਖਿਆ ਸੀ-ਢਹੀਆਂ। ਉਹ ਗੁਰੂ ਗੋਬਿੰਦ ਸਿੰਘ ਦੇ ਸ਼ਬਦ ਹਨ,

**ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ।**
**ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ।।**

*– ਉਗ੍ਰਦੰਤੀ-ਛਕਾ ੫*

ਪੰਜਾਬ ਵਿੱਚ ਨਹੀਂ, ਹਿੰਦੁਸਤਾਨ ਵਿੱਚ ਨਹੀਂ-ਜਗਤ ਵਿੱਚ।

**ਯਹੀ ਆਸ ਪੂਰਨ ਕਰਹੁ ਤੁਮ ਹਮਾਰੀ।**
**ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ।।**

*- ਉਗ੍ਰਦੰਤੀ, ਛਕਾ ੬*

ਭਾਵੇਂ ਸਾਡੀ ਹੁਣ ਮੱਤ ਮਾਰੀ ਗਈ ਹੈ, ਅਸੀਂ ਕਹਿੰਦੇ ਹਾਂ-ਗਊ ਧਰਮ ਨਹੀਂ ਸਾਡਾ, ਪਰ ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਹਨ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ, ਕਹਿੰਦੇ ਹਨ,

*ਸਯੱਦ ਸ਼ੇਖ ਮੁਗਲ ਪਠਾਨ।*
*ਜ਼ਾਲਮ ਭਏ ਜਬੀ ਬਲਵਾਨ।*
*ਹਿੰਦਨ ਕੋ ਦੁਖ ਦਯੋ ਮਹਾਏ।*
*ਦੇਵਨ ਕੇ ਮੰਦਰ ਗਿਰਵਾਏ।*
*ਘੋਰ ਨਾਥ ਸੇ ਔਘੜ ਸਾਧੂ।*
*ਪੰਡਿਤ ਦੱਤ ਸੇ ਸਮੱਤਿ ਅਗਾਧੂ।*
*ਮਰਵਾਂ ਚੀਲਾਂ ਕੋ ਖਲਵਾਏ।*
*ਕੇਚਿਤ ਕਚੇ ਚੰਮ ਮੜ੍ਹਾਏ।*
*ਕੇਚਿਤ ਮੇਖੈਂ ਠੋਕ ਸੁਕਾਏ।*
*ਕੇਚਿਤ ਕੁਤਿਓ ਸੇ ਪੜਵਾਏ।*
*ਤੁਰਕ ਹੋਵਨਾਂ ਜਿਨ੍ਹੈ ਨਾ ਮਾਨਿਓ।*
*ਤਿਨ ਤਿਨ ਕੋ ਅਤਿ ਦੈ ਦੁਖ ਹਾਨਿਓ।*
\- *ਗੋ ਗ੍ਰੀਬ ਕੋ ਬਧ ਕਰ ਛੂਟੈ।*
*ਧਨੀ ਦੇਖ ਤਾ ਕਾ ਧਨ ਲੂਟੇ।*

ਬਹੁਤ ਕੁਝ ਲਿਖਿਆ ਹੈ, ਪਿਛੇ ਲਿਖਿਆ ਹੈ,

*ਭਈ ਅਧਿਕ ਜਬ ਐਸ ਵਿਰਾਮੀ।*
*ਤਬ ਵਿਚਾਰ ਈਸ਼ਵਰ ਜਗ ਸੁਆਮੀ।*
*ਪਾਲਿਨ ਹੇਤ ਸਨਾਤਨ ਨੇਤੈ।*
*ਵੈਦਿਕ ਧਰਮ ਰਖਨ ਕੇ ਹੇਤੈ।*

*ਆਪ ਪ੍ਰਭੁ ਗੁਰੂ ਨਾਨਕ ਰੂਪੰ।*
*ਪ੍ਰਗਟ ਭਏ ਜਗ ਮੈਂ ਸੁਖ ਭੂਪੰ।*

ਸਤਿਗੁਰੂ ਦਾ ਅਵਤਾਰ ਗਊ ਗਰੀਬ ਦੀ ਰੱਖਿਆ ਵਾਸਤੇ ਹੋਇਆ। ਸਤਿਗੁਰੂ ਦਾ ਅਵਤਾਰ ਸਤ ਸੰਤੋਖ, ਦਇਆ, ਧਰਮ ਨੂੰ, ਦੈਵੀ ਗੁਣਾਂ ਨੂੰ, ਵੇਦਕ ਸੰਪਰਦਾ ਨੂੰ ਉੱਚਾ ਕਰਨ ਵਾਸਤੇ ਹੋਇਆ। ਨਾਮਧਾਰੀਓ, ਸਤਿਗੁਰੂ ਪ੍ਰਦੇਸ ਹਨ, ਉਹਨਾਂ ਨੇ ਮੁੜਕੇ ਆਉਣਾ ਹੈ। ਅਸੀਂ ਲਾਇਕ ਤੇ ਇਸ ਦੇ ਨਹੀਂ ਬਈ ਸਾਹਮਣੇ ਹੋ ਸਕਾਂਗੇ, ਪਰ ਕੁਛ ਨਾ ਕੁਛ, ਕੁਛ ਨਾ ਕੁਛ ਤੁਸੀਂ ਖਿਆਲ ਕਰੋ; ਤੁਸੀਂ ਵਿਚਾਰੋ–ਰਾਤ ਨੂੰ ਸੌਣ ਲੱਗੇ, ਤੜਕੇ ਉੱਠਣ ਲੱਗੇ, ਸਤਿਗੁਰਾਂ ਅੱਗੇ ਰੋਜ਼ ਅਰਦਾਸ ਕਰਿਆ ਕਰੋ, ਸੱਚੇ ਪਾਤਸ਼ਾਹ ਕ੍ਰਿਪਾ ਕਰੋ–ਸਾਡਾ ਮਨ ਨਾ ਮਨਮਤ ਵੱਲ ਜਾਵੇ–ਸਾਡੇ ਤੇ ਉਹ ਪ੍ਰੇਰਨਾ ਕਰੋ, ਤੇਰੇ ਸਾਹਮਣੇ ਸਨਮੁੱਖ ਹੋਈਏ ਤੇਰਾ ਚਿਹਰਾ ਜਿਹੋ ਜਿਹਾ ਹੈ, ਜੋ ਕੁਛ ਤੂੰ ਸਾਨੂੰ ਦੱਸਿਆ ਹੈ–ਅਸੀਂ ਉਹਦੇ 'ਚ ਨਾ ਵੱਧ ਘੱਟ ਕਰੀਏ।

ਕਿਸੇ ਉੱਤੇ ਉਂਗਲ ਕਰਨਾ–ਆਹ, ਫਲਾਣਾ ਐਉਂ ਕਰਦੈ–ਢਿਮਕਾ ਆਹ ਕਰਦਾ ਹੈ–ਕੋਈ ਲੋੜ ਨਹੀਂ। ਹਾਂ, ਇੱਕ ਚੀਜ਼ ਦੀ ਜ਼ਰੂਰਤ ਹੈ–ਮੇਰਾ ਪਿਆਰ ਹੈ ਮਸਤਾਨੇ ਨਾਲ, ਮੈਂ ਉਹਨੂੰ ਸਮਝਾਵਾਂ, ਓ ਸੱਜਣਾਂ, ਇਹ ਕੰਮ ਨਹੀਂ ਚੰਗਾ–**ਹੰਸੁ ਨ ਕੋਧ੍ਰਾ ਖਾਇ**–ਤੇਰਾ ਇਹ ਕੰਮ ਨਹੀਂ। ਤੁਹਾਡਾ ਇਹ ਕੰਮ ਨਹੀਂ।

ਦੇਖੋ, ਮੈਂ ਓਥੇ (ਭਾਰਤ) ਜਾ ਕੇ ਬੜੇ ਹੀ ਆਪਣੇ ਚਿਤ 'ਚ ਧਿਆਨ ਕਰਕੇ ਕਹਿ ਦੇਨਾ ਹਾਂ, ਕਿ ਨਾਮਧਾਰੀਆਂ ਦੀਆਂ ਸਿੱਧੀਆਂ ਪੱਗਾਂ ਸਿਆਮ ਵਿੱਚ ਹਨ, ਕੋਈ ਸਿਨੇਮਾ ਵੇਖਣ ਨਹੀਂ ਜਾਂਦਾ। ਹੁਣ ਮੈਨੂੰ ਸੱਚਾ ਬਣਾਉਣਾ ਜਾਂ ਝੂਠਾ ਬਣਾਉਣਾ–ਹੱਥ ਤੁਹਾਡੇ 'ਚ ਹੈ। ਜੇ ਤੁਸੀਂ ਇਸੇ ਗੱਲ 'ਚ ਰਾਜ਼ੀ ਹੋਂ, ਲੋਕ ਮੈਨੂੰ ਉੱਥੇ ਕਹਿਣ ਇਹ ਝੂਠ ਬੋਲਦਾ ਹੈ, ਤਾਂ ਵੀ ਤੁਹਾਡੀ ਮਰਜ਼ੀ, ਜੇ ਸੱਚਾ ਬਣਾ ਸਕਦੇ ਹੋ...। ਮੈਂ ਤੁਹਾਨੂੰ ਇਹ ਗੱਲ ਕਹਿਨਾਂ, ਮੇਰਾ ਹੈ ਇਹ ਚੌਂਕੀਦਾਰਾ, ਮੇਰਾ ਕੰਮ ਹੈ, ਕਹਿਣਾ 'ਜਾਗੋ–ਚੌਂਕੀਦਾਰ ਦਾ ਕੰਮ ਹੈ। ਜੇ ਕੋਈ ਸੌਂਏਗਾ, ਉਹ ਲੁੱਟਿਆ ਜਾਏਗਾ। ਸਤਿਗੁਰਾਂ ਦਾ ਹੁਕਮ, ਸਤਿਗੁਰਾਂ ਦੇ ਬਚਨ–

*ਚੰਚਲ ਚੀਤ ਨ ਜਾਏ ਤਮਾਸੇ।*
*ਜੂਆ ਜਾਏ ਨ ਖੇਲੇ ਪਾਸੇ।*

ਧਿਆਨ ਕਰ ਲਓ ਆਪੋ ਆਪਣੇ ਥਾਂ। ਮੈਂ ਹੁਣ ਇਸ ਤੋਂ ਅੱਗੇ ਹੋਰ ਕੁਝ ਨਹੀਂ ਕਹਿਣਾ। ਮੈਂ ਓਥੇ ਹੁਣ ਕਥਾ ਕਰਨੀ ਛੱਡੀ ਹੋਈ-ਹੈ-ਮੁਲਕ 'ਚ। ਏਥੇ ਆਉਂਦਾ ਸਾਂ, ਅੱਗੇ ਤੁਸੀਂ ਲਾਉਂਦੇ ਸਓ-ਹੁਣ, ਮੈਂ ਅੱਜ ਵੀ ਆਪਣੇ ਵੱਲੋਂ ਇਹ ਕੀਤਾ ਸੀ ਕਿ ਹੁਕਮਨਾਮੇ ਹੀ ਸੁਣੇ ਜਾਣ-ਮੈਨੂੰ ਫੇਰ ਮਜਬੂਰ ਕਰਦੇ ਹਨ ਤੇ ਮੇਰਾ ਜੀ ਨਹੀਂ ਕਰਦਾ ਹੁਣ ਬੋਲਣ ਨੂੰ। ਮੈਂ ਇਹ ਸਮਝਦਾ ਹਾਂ ਕਿ ਇਹ ਮੇਰੀ ਕਮਜ਼ੋਰੀ ਹੈ ਕਿ ਮੇਰੀ ਗੱਲ ਕੀਤੀ ਤੇ ਪੂਰਨਾ ਨਹੀਂ ਪੈਂਦਾ। ਮੈਂ ਕਿਸੇ ਨੂੰ ਨਹੀਂ ਕਹਿੰਦਾ, ਤੁਸੀਂ ਧਿਆਨ ਹੁਣ ਕਰ ਲਓ। ਸਤਿਗੁਰਾਂ ਨੇ ਲਿਖਿਆ ਹੈ, ''ਮੇਰੀ ਲੱਜਿਆ ਤੁਸੀਂ ਸਾਧ-ਸੰਗਤ ਨੇ ਰੱਖਣੀ ਹੈ।''

ਇੱਕ ਅਰਜ਼ ਮੈਂ ਕਰਨੀ ਹੈ ਕਿ ਨੌਜਵਾਨ ਜਿਤਨੇ ਹਨ, ਕਲ੍ਹ ਨੂੰ ਉਹ ਕ੍ਰਿਪਾ ਕਰਕੇ ਦਸ ਵਜੇ ਦਰਸ਼ਨ ਦੇਣ, ਬੁੱਢੇ ਨਾ ਆਉਣ ਉਨ੍ਹਾਂ 'ਚ-ਉਸ ਵੇਲੇ, ਥਾਂ ਥੋੜਾ ਹੈ। ਉਨ੍ਹਾਂ ਨਾਲ ਕੁਛ ਥੋੜਾ ਜਿਹਾ ਚਿਰ ਬੈਠ ਕੇ, ਕੁਛ ਥੋੜੀ ਬਹੁਤੀ ਵਿਚਾਰ-ਅਗੋਂ ਕੀ ਕਰਨਾ ਹੈ, ਕਿਧਰ ਨੂੰ ਤੁਰਨਾ ਹੈ, ਕੋਈ ਕੰਮ ਕਾਰ, ਕੋਈ ਅੱਗੇ ਆਪਣਾ ਵੀ ਅਗਲਾ ਹਿੱਸਾ ਸੋਚਣਾ ਹੈ। ਉਹ ਆ ਜਾਣ ਦਸ ਵਜੇ ਨੂੰ ਕਿਰਪਾ ਕਰਨ ਦਰਸ਼ਨ ਦੇਣ-ਸਾਰੇ। ਹੁਣ ਅਰਦਾਸਾ ਹੋਏਗਾ ਫਿਰ ਨਿਤਨੇਮ ਕਰਨਾ ਹੈ।

ਹੋਰ ਇੱਕ ਗੱਲ ਯਾਦ ਆ ਗਈ, ਗੁਰੂ ਨਾਨਕ ਦੇਵ ਇੱਕ ਜਗ੍ਹਾ ਗਏ, ਉਥੇ ਜਦੋਂ ਅਰਦਾਸ ਹੋਣ ਲਗੀ ਤੇ ਕੁਛ ਆਦਮੀਆਂ ਨੂੰ ਕੱਢਿਆ ਗਿਆ- ਜਨਮ ਸਾਖੀ 'ਚ ਲਿਖਿਆ ਹੋਇਐ, ਇੱਕ ਜਗ੍ਹਾ ਗਏ ਤਾਂ ਦੇਖਿਆ ਕਿ ਲੋਕਾਂ ਦੀ ਧੌਣ 'ਚ ਕਿੱਲੇ ਠੁਕੇ ਹਨ। ਮਰਦਾਨਾ ਕਹਿੰਦਾ, ''ਸੱਚੇ ਪਾਤਸ਼ਾਹ ਇਹ ਕੀ ਗੱਲ ਹੈ?''

ਕਹਿੰਦੇ ਨੇ, ''ਭਾਈ ਇਹਨਾਂ ਨੇ ਕਿਸੇ ਵੀ ਗੁਰੂ ਪੀਰ ਅੱਗੇ ਸਿਰ ਨਹੀਂ ਨਿਵਾਇਆ। ਇਹ ਜਿਨ੍ਹਾਂ ਨੂੰ ਉਠਾਇਆ ਜਾਂਦਾ ਹੈ, ਇਹ ਅਰਦਾਸ ਵੇਲੇ, ਭਜਨ ਵੇਲੇ, ਵਿੱਚੋਂ ਨਿਕਲ ਜਾਂਦੇ ਸਨ।''

ਮੈਂ ਫਿਰ ਵੀ ਤੁਹਾਨੂੰ ਇਹ ਆਖਾਂਗਾ ਇਹ ਸਮਾਂ ਰੋਜ਼ ਨਹੀਂ ਬਣਦਾ। ਜੇ ਤੁਸੀਂ ਇੱਕ ਘੰਟਾ ਵੀ ਸਤਿਗੁਰਾਂ ਨਮਿੱਤ ਦਾ ਨਾ ਰਖੋਗੇ ਤੇ ਤੁਸੀਂ ਆਪਣੇ ਆਪ ਸੋਚ ਲਓ। ਜਿਸ ਆਦਮੀ ਨੂੰ ਡਾਕਟਰ ਦੁਆਈ ਦਿੰਦਾ ਹੈ, ਉਹ ਕੋਈ ਪੱਤ ਨਹੀਂ ਰੱਖਦਾ, ਉਹ ਦਵਾਈ ਨਹੀਂ ਖਾਂਦਾ, ਉਹ ਕਿਵੇਂ ਬਚ ਸਕਦਾ ਹੈ। ਇਸ ਗੱਲ ਵੱਲ ਧਿਆਨ ਦੇ ਲੈਣਾ। ਹੁਣ ਤੁਸੀਂ ਨਾਮਧਾਰੀ ਇੱਕ ਘੰਟੇ ਤੋਂ ਵੀ ਇੱਥੋਂ ਖਿਸਕਦੇ ਹੋ, ਭੱਜਦੇ ਹੋ, ਤੇ ਮੈਨੂੰ ਬੜਾ ਕਹਿੰਦੇ ਹੋ, ''ਮੇਰੇ ਘਰ ਵੀ ਚੱਲ।'' ਮੈਨੂੰ ਬੜੇ ਪੈਸੇ ਦੇ ਕੇ ਵੀ ਰਾਜ਼ੀ ਓ। ਮਾਫ ਕਰਨਾ ਮੈਨੂੰ ਨਾ ਉਹ ਪੈਸੇ, ਤੇ ਨਾ ਉਹ ਘਰ ਚੰਗਾ ਲਗਦਾ ਹੈ, ਜੇ ਤੁਸੀਂ ਇੱਥੇ ਨਿਤਨੇਮ, ਭਜਨ ਬਾਣੀ ਨਾ ਕਰੋ ਤੇ ਸਾਧ-ਸੰਗਤ ਵਾਲਾ ਕਾਰਜ ਨਾ ਕਰੋ, ਕਿਉਂਕਿ ਇਹ ਚੀਜ਼ ਚੰਗੀ ਨਹੀਂ।

ਆਸਾ ਦੀ ਵਾਰ ਦਾ ਕੀਰਤਨ ਤੜਕੇ ਉੱਥੇ ਹੀ ਨਾਮਧਾਰੀ ਧਰਮਸਾਲਾ 'ਚ ਹੋਵੇਗਾ। ਅਗਲੀ ਗੱਲ ਜਿਹੜੀ ਹੈ ਕੱਲ੍ਹ ਨੂੰ ਸ਼ਾਇਦ ਮਸਤਾਨੇ ਹੁਰਾਂ ਨੂੰ ਪਤਾ ਹੈ ਬਈ ਹਿੰਦੂ ਸਕੂਲ ਵਿੱਚ ਵੀ ਉਨ੍ਹਾਂ ਨੇ ਵੀ ਤਿਆਰੀ ਕੀਤੀ ਹੋਈ ਹੈ-ਸਾਡੇ ਤੇ ਸਾਰੇ ਹੀ ਸੱਜਣ ਹਨ। ਇਨ੍ਹਾਂ ਕੋਲ ਵੀ ਆਏ ਹਾਂ, ਇਥੇ ਵੀ ਦਰਸ਼ਨ ਕੀਤਾ ਹੈ, ਸ਼ਾਇਦ ਕੱਲ੍ਹ ਨੂੰ ਸ਼ਾਮ ਨੂੰ ਉੱਥੇ ਵੀ ਕੀਰਤਨ ਹੋਵੇ ਤੇ ਸਾਧ-ਸੰਗਤ ਦਰਸ਼ਨ ਦੇਵੇ। ਦੋ ਤਿੰਨਾਂ ਦਿਨਾਂ ਦੀ ਖੇਡ ਹੈ। ਕ੍ਰਿਪਾ ਕਰਕੇ ਕੱਲ੍ਹ ਨੌਜਵਾਨ ਫਿਰ ਯਾਦ ਰੱਖਣ ੯ ਵਜੇ ੧੦ ਵਜੇ ਉੱਥੇ ਆ ਜਾਣ, ਤੇ ਬਹਿਕੇ ਕੋਈ ਗੱਲ ਬਾਤ ਕਰ ਲਈਏ, ਕੀ ਅਸੀਂ ਬਣਾਉਣੈ, ਕੀ ਕਰਨਾ ਹੈ। ਬੜਾ ਕੁਛ ਤੁਹਾਡੇ ਮੋਢਿਆਂ ਤੇ ਅਜੇ ਭਾਰ ਹੈ। ਤੁਸੀਂ ਮੁੰਡੇ ਹੋ, ਤੁਸਾਂ ਹੀ ਸਭ ਕੁਛ ਚੁੱਕਣਾ ਹੈ-ਘਰਾਂ ਦਾ, ਬਾਲ ਬੱਚੇ ਦਾ, ਆਪਣੇ ਹੀ ਮਾਪਿਆਂ ਦਾ, ਸਭ ਕੁਛ ਸਾਂਭਣ ਨੂੰ ਤਿਆਰ ਹੋ-ਸਾਧ ਸੰਗਤ ਵਾਲਾ ਵੀ ਤੁਹਾਨੂੰ ਹੀ ਸਾਂਭਣਾ ਪੈਣਾ ਹੈ, ਕਿਉਂਕਿ ਇਹ ਵੀ ਤੁਹਾਡੇ ਹੀ ਮਾਪੇ ਹਨ। ਸਾਧ-ਸੰਗਤ ਵੀ, ਸਤਿਗੁਰ ਵੀ-ਤੁਹਾਡੇ ਸਾਰਿਆਂ ਦੇ ਮਾਪੇ ਨੇ, ਜਿਹਨਾਂ ਨੇ ਇਹ ਕ੍ਰਿਪਾ ਕੀਤੀ ਹੈ, ਇਹ ਵੀ ਯਾਦ ਰੱਖਣੀ।

**ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ।।**
**ਹੇ ਪੂਰਨ ਹੇ ਸਰਬ ਮੈ ਦੂਖ ਭੰਜਨ ਗੁਣਤਾਸ।।**

**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ।।**
**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ।।**
**ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ।।**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ।।**
**ਹੇ ਠਾਕੁਰ ਹਉ ਦਾਸਰੋ, ਮੈ ਨਿਰਗੁਨ ਗੁਨੁ ਨਹੀ ਕੋਇ।।**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।੫੫।।**

*– ਪੰਨਾ-੨੬੧*

**– ਜਾਹੀ ਕੁਲ ਤੇ ਪ੍ਰਗਟ ਹੋਏ ਤਾਂ ਹੀ ਕੁਲ ਕੋ ਨਾਮ।**
**ਪੁੰਨ ਦੁਆਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।**

## ਟਿੱਪਣੀਆਂ

★੧ ਸਤਿਗੁਰੂ ਪਰਤਾਪ ਸਿੰਘ ਜੀ ਨੇਂ ਸਭ ਤੋਂ ਪਹਿਲਾਂ ਸੰਨ ੧੯੩੪ ਵਿੱਚ ਬੰਕੋਕ ਦਰਸ਼ਨ ਦਿੱਤੇ ਸਨ।

# ਬੰਕੋਕ ੧੦-੧੧-੧੯੫੨

## ਇੱਕ ਇੱਕ ਸ੍ਵਾਸ ਅਮੋਲਕ

ਪਹਿਲਾਂ ਪੁਰਸ਼ ਨਹੀਂ ਇਹਨਾਂ ਗੱਲਾਂ ਨੂੰ ਸਮਝਦਾ, ਜਦੋਂ ਕੁਝ ਨਹੀਂ ਕੋਲ ਰਹਿੰਦਾ, ਫੇਰ ਪਤਾ ਲਗਦਾ ਹੈ, ਫੇਰ ਦੁਖੀ ਹੁੰਦਾ ਹੈ। ਉਸੇ ਤਰ੍ਹਾਂ ਹੀ ਸਵਾਸ ਸਤਿਗੁਰੂ ਨੇ ਦਿੱਤੇ ਹਨ। ਇੱਕ ਸਾਂਈ ਲੋਕ ਲਿਖਦੇ ਹਨ :-

*ਨਾਮ ਜਪਣ ਨੂੰ ਜਿਹਭਾ ਦਿੱਤੀ ਹਰ ਦਰਸ਼ਨ ਕੋ ਅੱਖੀਂ।*
*ਇੱਕ ਇੱਕ ਸ੍ਵਾਸ ਅਮੋਲਕ ਜਾਂਦਾ ਹੱਥ ਨਾ ਆਵੇ ਲੱਖੀਂ।*

ਮਹਾਰਾਜਾ ਪਟਿਆਲਾ ਜਦੋਂ ਮਰਨ ਲੱਗਾ ਕਹਿੰਦਾ, ''ਮੈਂ ਅੱਧਾ ਰਾਜ ਦੇ ਦੇਨਾਂ ਜੇ ਕੋਈ ਮੇਰੀ ਜ਼ਿੰਦਗੀ ਰੱਖੇ।'' ਭਾਵੇਂ ਉਹੋ ਜਿਹੇ ਕੋਈ ਸੌ ਰਾਜ ਦੇਵੇ-ਇਸ ਇੱਕ ਸ੍ਵਾਸ ਦੀ ਕੀਮਤ ਨਹੀਂ ਪੈ ਸਕਦੀ। ਇਸ ਚੀਜ਼ ਨੂੰ ਵਿਅਰਥ ਨਾ ਗਵਾਓ। ਮਨੁੱਖਾ ਦੇਹ ਦਿੱਤੀ ਹੈ, ਗੁਰੂ ਸਾਹਿਬ ਕਹਿੰਦੇ ਹਨ :-

**ਗੁਰ ਸੇਵਾ ਤੇ ਭਗਤਿ ਕਮਾਈ।**
**ਤਬ[1] ਇਹ ਮਾਨਸ ਦੇਹੀ ਪਾਈ।**
**ਇਸ ਦੇਹੀ[2] ਕਉ ਸਿਮਰਹਿ ਦੇਵ।**

*- ਭੈਰਉ ਕਬੀਰ ਜੀ, ਪੰਨਾ-੧੧੫੯*

ਦੇਵਤੇ ਵੀ ਇਸ ਦੇਹੀ ਦਾ ਸਿਮਰਨ ਕਰਦੇ ਹਨ, ਕਿਉਂਕਿ ਸਵਰਗ ਲੋਕ ਵਿੱਚ ਜਿੰਨੇ ਕਿਸੇ ਨੇ ਪੁੰਨ ਕੀਤੇ ਹਨ ਉਹਦੇ ਗਲ ਵਿੱਚ ਉਹ ਮਾਲਾ ਫੁੱਲਾਂ ਦੀ ਪੈ ਜਾਂਦੀ ਹੈ। ਜਿਉਂ-ਜਿਉਂ ਪੁੰਨ ਖੀਨ ਹੁੰਦੇ ਜਾਂਦੇ ਹਨ, ਵਕਤ

ਪੂਰਾ ਹੁੰਦਾ ਜਾਂਦਾ ਹੈ, ਫੁੱਲ ਸੁੱਕਦੇ ਜਾਂਦੇ ਹਨ, ਉਹਦਾ ਮਨ ਉੱਥੇ ਔਖਾ ਹੁੰਦਾ ਹੈ। ਮਨੁੱਖ ਦੇਹ ਵਿੱਚ ਸਤਿਗੁਰੂ ਨੇ ਕਿਰਪਾ ਕੀਤੀ ਹੈ।

**ਭਜਹੁ ਗੋੁਬਿੰਦ ਭੂਲਿ ਮਤ ਜਾਹੁ।**
**ਮਾਨਸ ਜਨਮ ਕਾ ਏਹੀ ਲਾਹੁ।**

*– ਭੈਰਉ ਕਬੀਰ ਜੀ, ਪੰਨਾ-੧੧੫੯*

ਸੋ ਮੈਂ ਐਨੀ ਅਰਜ਼ ਕਰਨੀ ਹੈ, ਜਿਹੜੀ ਮੈਨੂੰ ਮਸਤਾਨਾ ਜੀ ਨੇ ਆਖਿਆ ਸੀ। ਪਾਗਲ, ਬੇਵਕੂਫ, ਕੁਛ ਕੋਈ ਸਮਝ ਲਵੇ, ਆਪਣਾ ਰੌਲਾ ਪਾਉਣ ਨਾਲ ਗਰਜ਼ ਹੈ-ਕੋਈ ਮੰਨੇ ਨਾ ਮੰਨੇ। ਹਾਂ, ਇਹ ਜ਼ਰੂਰ ਗੱਲ ਹੈ ਕਿ ਅਗਰ ਇਸੇ ਤਰ੍ਹਾਂ ਹੀ ਤਮਾਸ਼ਾ ਬਣਿਆ ਰਹੇ ਤਾਂ ਬੜਾ ਬੁਰਾ ਹੈ। ਕਬੀਰ ਜੀ ਕਹਿੰਦੇ ਨੇ :-

**ਕਬੀਰ ਜਿਨਹੁ[੩] ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ।**

*– ਪੰਨਾ-੧੩੭੪*

ਜਿਨ੍ਹਾਂ ਨੂੰ ਨਹੀਂ ਕੁਛ ਪਤਾ-ਉਹਨਾਂ ਦੀ ਹੋਰ ਗੱਲ ਹੈ, ਜਿਨ੍ਹਾਂ ਨੂੰ ਪਤਾ ਹੈ, ਜਿਨ੍ਹਾਂ ਨੂੰ ਹੋਕਾ ਮਿਲਦਾ ਹੈ ਕਿ ਬਈ ਤੁਸੀਂ ਬਚੋ, ਏਥੋਂ ਬਚੋ-ਫੇਰ, ਜਿਹੜੇ ਨਹੀਂ ਬਚਦੇ ਉਹਨਾਂ ਨੂੰ ਅੱਗੇ ਪੁੱਛਿਆ ਜਾਏਗਾ। ਅੱਗੇ ਧਰਮ ਰਾਇ ਦੇ ਦਰਵਾਜ਼ੇ ਵਿੱਚ ਜਾ ਕੇ ਜਦੋਂ ਤਕੜੀ ਫੜੀ ਗਈ, ਫੇਰ ਜਦੋਂ ਤੁਲਣ ਲੱਗਿਆ ਸੌਦਾ ਤੇ ਪਤਾ ਲੱਗੇਗਾ-

**ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ।**

*– ਮਾਰੂ ਜੈਦੇਉ ਜੀ, ਪੰਨਾ-੧੧੦੬*

ਕਬੀਰ ਜੀ ਕਹਿੰਦੇ ਹਨ,

**ਚਾਰਿ ਪਾਵ[੪] ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈ ਹੈ।**

*– ਗੂਜਰੀ ਕਬੀਰ ਜੀ, ਪੰਨਾ-੫੨੪*

ਹੁਣ ਤਾਂ ਮੈਨੂੰ ਮਨੁੱਖਾ ਦੇਹ ਮਿਲੀ ਹੈ-ਪੱਥਰਾਂ ਦੀ ਜੂਨ-ਕੀੜਿਆਂ ਦੀ ਜੂਨੇ-ਸਰਪਾਂ ਦੀ ਜੂਨ। ਮਹਾਰਾਜ ਕਹਿੰਦੇ ਨੇ,

**ਕੇਤੇ ਰੁਖ ਬਿਰਖ ਹਮ ਚੀਨੇ[੫] ਕੇਤੇ ਪਸੂ ਉਪਾਏ।**
**ਕੇਤੇ ਨਾਗ[੬] ਕੁਲੀ ਮਹਿ ਆਇ ਕੇਤੇ ਪੰਖ ਉਡਾਏ।[੭]**

*– ਗਉੜੀ ਚੇਤੀ ਮ:੧, ਪੰਨਾ-੧੫੬*

## ਮਾਨਸ ਜਨਮ ਦੁਰਲੱਭ

ਧਿਆਨ ਕਰ ਲਵੋ, ਇਹ ਮਾਨਸ ਜਨਮ ਦੁਰਲੱਭ ਹੈ। ਏਥੇ ਹੀ ਬੈਠਿਆਂ, ਐਸੇ ਹੀ ਜਗ੍ਹਾ ਤੇ ਅੜ੍ਹੇ ਜੀ ਆਏ ਸੀ-ਬਨਾਰਸ ਤੋਂ, ਜਿਹਨਾਂ ਨੇ ਉਸ ਦਿਨ ਕਿਹਾ ਸੀ, ''ਤੁਸੀਂ ਐਥੇ ਤਾਂ ਪੈਸੇ ਇਕੱਠੇ ਕਰਦੇ ਹੋ, ਮੈਂ ਮੁੰਡੇ ਦਾ ਵਿਆਹ ਕਰਨਾ ਹੈ, ਮੈਂ ਕਲਕੱਤੇ ਜਾਣੈ, ਮੇਰੇ ਪਾਸ ਐਨੇ ਪੈਸੇ ਹਨ, ਮੈਂ ਫਲਾਣੀ ਜਗ੍ਹਾ ਸੌਦਾ ਲੈਣ ਜਾਣਾ ਹੈ-ਕੁਝ ਦਰਗਾਹ ਵਾਸਤੇ ਵੀ ਕੀਤਾ ਹੈ?''

*ਏਹ ਜਵਾਨੀ ਤੇਰੀ ਮਸਤ ਦੀਵਾਨੀ ਤੂੰ ਕੁਝ ਕਰ ਅੱਗੇ ਦਾ ਤੋਸਾ।*
*ਸੈ ਜਵਾਨੀਆਂ ਛੱਡ-ਛੱਡ ਆਇਓਂ ਤੈਨੂੰ ਇਸ ਦਾ ਕੀ ਭਰੋਸਾ।*
*ਮਿਲ ਮੁਰਸ਼ਿਦ ਨੂੰ ਕੰਮ ਕਰ ਲੈ ਝਬਦੇ ਤੇ ਪਕੜ ਬਹੁ ਕੋਈ ਗੋਸ਼ਾ।*
*ਸੰਤ ਰੇਨੁ ਤੂੰ ਨਾਮ ਸਿਮਰ ਲੈ ਇਸ ਦਮ ਦਾ ਕੀ ਭਰੋਸਾ।*

ਕੋਈ ਨਹੀਂ ਪਤਾ ਲਗਣਾ-ਕੀ ਹੋਣਾ ਹੈ ? ਫੇਰ, ਕੋਈ ਜਗ੍ਹਾ ਅੱਗੇ ਨਹੀਂ ਮਿਲਣੀ। ਮੈਂ ਸਾਰੀ ਸਾਧ ਸੰਗਤ ਅੱਗੇ ਅਰਜ਼ ਕਰਦਾਂ, ਧੋਖਾ ਕਰਨਾ, ਦਗਾ ਕਰਨਾ, ਫਰੇਬ ਕਰਨਾ-ਇਹ ਮਨੁੱਖ ਦੇ ਕੰਮ ਨਹੀਂ। ਸਿੱਖ ਤਾਂ ਬੜੀ ਉੱਚੀ ਚੀਜ਼ ਹੈ, ਮਨੁੱਖ ਵੀ-ਜਿਹਨੂੰ ਮਨੁੱਖ ਕਹੀਏ-ਉਹ ਵੀ ਉਹ ਹੀ ਹੈ ਜਿਹਦੀ ਜ਼ਬਾਨ ਹੋਵੇ। ਜਿਹਦੀ ਜ਼ਬਾਨ ਨਹੀਂ-ਸੰਤਾਂ ਲਾਲ ਸਿੰਘਾਂ ਹੁਰਾਂ ਨੇ ਇੱਕ ਵੇਰ ਸਾਖੀ ਸੁਣਾਈ। ਇੱਕ ਰਾਣੀ ਦੇ ਉੱਤੇ ਕੋਈ ਜਾਨਵਰ ਵਿੱਠ ਕਰ ਗਿਆ ਤਾਂ ਰਾਣੀ ਆਉਂਦਿਆਂ ਨੂੰ ਪੈ ਗਈ-ਲੀੜਾ ਲੈ ਕੇ। ਰਾਜੇ ਨੇ ਕਿਹਾ, ''ਕੀ ਹੋਇਆ ?''

ਕਹਿਣ ਲੱਗੀ, ''ਤੇਰੇ ਰਾਜ ਵਿੱਚ ਮੇਰੇ ਤੇ ਜਾਨਵਰ ਵਿੱਠ ਕਰ ਗਿਆ ਹੈ।''

ਰਾਜੇ ਨੇ ਸਭ ਜਾਨਵਰ ਫੜਕੇ ਮੰਗਵਾ ਲਏ। ਇੱਕ ਛੋਟਾ ਜਿਹਾ ਜਾਨਵਰ ਸੀ-ਪਿੱਦਾ। ਉਸਨੇ ਆਖਿਆ, ''ਗੱਲ ਮੈਂ ਕਰਾਂਗਾ ਤੁਸੀਂ ਨਹੀਂ ਬੋਲਣਾ।'' ਉਹ ਲੱਗ ਪਿਆ ਝੋਕਾਂ ਲੈਣ, ਜਿਸ ਤਰ੍ਹਾਂ ਸੌਂਦਾ ਹੈ, ਊਂਘਦਾ ਹੈ-ਆਦਮੀ।

ਉਨ੍ਹੇ ਰਾਜੇ ਨੇ ਆਖਿਆ, ''ਕੀ ਗੱਲ ਹੈ ?''

''ਜੀ ਸਾਡੇ ਰਾਤ ਰੌਲਾ ਪਿਆ ਰਿਹਾ।''

''ਕੀ ?''

''ਕੋਈ ਕਹਿੰਦਾ ਜ਼ਨਾਨੀਆਂ ਬਹੁਤੀਆਂ ਨੇ, ਤੇ ਕੋਈ ਕਹਿੰਦਾ ਸੀ ਮਨੁੱਖ ਬਹੁਤੇ ਨੇ।''

''ਫੇਰ, ਕੀ ਫੈਸਲਾ ਹੋਇਆ ?''

ਜ਼ਨਾਨੀਆਂ ਬਹੁਤੀਆਂ ਨਿਕਲੀਆਂ, ਕਿਉਂਕਿ ਜਿਹੜੇ ਜ਼ਨਾਨੀਆਂ ਦੇ ਆਖੇ ਲੱਗਣ ਉਹ ਮਨੁੱਖ ਨਹੀਂ ਨ ਹੁੰਦੇ।

ਰਾਜੇ ਨੇ ਜਾਨਵਰ ਛੱਡ ਦਿੱਤੇ-ਚਲੇ ਗਏ। ਉਹਨੂੰ ਫੇਰ ਗੁੱਸਾ ਲੱਗਾ, ਰਾਣੀ ਫੇਰ ਲੰਮੀ ਪੈ ਗਈ। ਰਾਜੇ ਨੇ ਅਗਲੇ ਦਿਨ ਫੇਰ ਜਾਨਵਰ ਮੰਗਵਾ ਲਏ। ਉਸੇ ਤਰ੍ਹਾਂ ਹੀ ਉਹਨਾਂ ਦਾ ਫਿਰ ਇਕੱਠ ਹੋਇਆ। ਜਿਸ ਵੇਲੇ ਉਹ ਬੈਠੇ ਫੇਰ ਪਿੱਦਾ ਉਸੇ ਤਰ੍ਹਾਂ ਹੀ।

''ਓਏ ਤੂੰ ਕੱਲ੍ਹ ਵੀ ਏਸ ਤਰ੍ਹਾਂ ਕਰਦਾ ਸੈਂ, ਅੱਜ ਵੀ।''

''ਨਹੀਂ ਜੀ, ਹੁਣ ਗੱਲ ਕਹਿਣ ਵਾਲੀ ਨਹੀਂ।''

''ਕਿਉਂ?''

''ਰਾਤ ਫਿਰ ਸਾਡੇ ਰੌਲਾ ਪਿਆ ਰਿਹਾ, ਕਿ ਮੂੰਹ ਬਹੁਤੇ ਹਨ ਕਿ ਚਿੱਤੜ ਬਹੁਤੇ ਹਨ।'' ਜੰਗਲ ਆਉਣ ਵਾਲੀਆਂ ਜਗ੍ਹਾ ਬਹੁਤੀਆਂ ਹਨ ਕਿ ਮੂੰਹ ਬਹੁਤੇ ਹਨ।

''ਫੇਰ ਕੀ ਫੈਸਲਾ ਹੋਇਆ।''

''ਮੂੰਹ ਥੋੜੇ ਹੀ ਨਿਕਲੇ।''

ਜਿਹੜੇ ਜ਼ਬਾਨ ਕਰਕੇ... ''ਬਈ ਤੂੰ ਕੱਲ੍ਹ ਸਾਨੂੰ ਛੱਡ ਬੈਠਾ ਸੈਂ, ਅੱਜ ਫੇਰ ਫੜ ਲਿਆ।'' ਰਾਜੇ ਨੇ ਫੇਰ ਛੱਡ ਦਿੱਤੇ।

ਸੋ ਸਾਡਾ ਕੁਛ ਆਚਰਣ, ਕੋਈ ਸਾਧ ਸੰਗਤ ਵਿੱਚ, ਕੋਈ ਮਨੁੱਖਾਂ ਵਿੱਚ, ਕੋਈ ਗੱਲ ਹੋਣੀ ਚਾਹੀਦੀ ਹੈ। ਕਿਸੇ ਨਾਲ ਗੱਲ ਕਰਕੇ ਫਿਰਨਾ, ਮਨੁੱਖਤਾਈ ਨਹੀਂ। ਹਰੀ ਚੰਦ ਦਾ ਬਚਨ ਸੀ ਅੱਜ ਤਕ ਲੋਕ ਉਸਨੂੰ ਯਾਦ ਕਰਦੇ ਹਨ। ਉਹ ਬਚਨ ਕਰ ਬੈਠਾ ਸੀ, ਕਿੰਨਾ ਦੁੱਖ ਝੱਲਿਆ ਪਰ ਬਚਨੋਂ ਨਹੀਂ ਫਿਰਿਆ। ਰਾਮ ਚੰਦਰ ਜੀ ਮਹਾਰਾਜ ਬਨਵਾਸ ਲੈ ਲਿਆ, ਤਕਲੀਫ

ਝੱਲੀ, ਬਚਨ ਨਹੀਂ ਹਾਰਿਆ। ਸੋ ਭਾਈ ਅਰਜ਼ ਹੈ ਏਥੇ ਨਾ ਅਕਾਲੀ, ਨਾ ਹਿੰਦੂ, ਨਾ ਨਾਮਧਾਰੀ ਸਾਰੇ ਮਨੁੱਖ ਹੋ, ਸਾਰੇ ਸਿੱਖ ਹੋ, ਸਭ ਇੱਕ ਦੇ ਬਣਾਏ ਹੋਏ ਹੋ-ਪ੍ਰਮਾਤਮਾ ਦੇ। ਅੱਗੋਂ ਜਿਸ ਤਰ੍ਹਾਂ ਵੀ ਮੰਨਦੇ ਓ ਕਿਸੇ ਗੁਰੂ ਨੂੰ, ਕਿਸੇ ਤਰ੍ਹਾਂ ਕਹਿ ਕੇ ਮੰਨ ਲਉ।

## ਸਤਿਗੁਰੂ

ਕੋਈ ਮਹਾਂਪੁਰਸ਼, ਕੋਈ ਵੀ ਨਹੀਂ ਉਪਦੇਸ਼ ਦੇਵੇਗਾ ਕਿ ਜ਼ਬਾਨ ਕਰਕੇ ਫਿਰ ਜਾਵੇ, ਬੁਰਾ ਕੰਮ ਕਰੋ, ਝੂਠ ਬੋਲੋ, ਚੋਰੀ ਕਰੋ, ਯਾਰੀ ਕਰੋ, ਠੱਗੀ ਕਰੋ, ਮਾਸ ਖਾਉ ਸ਼ਰਾਬ ਪੀਉ। ਦੋ ਦੁਨੀਆ 'ਚ ਮਜ਼ਹਬ ਮੰਨੇ ਹਨ-ਇੱਕ ਆਸਤਿਕ, ਇੱਕ ਨਾਸਤਿਕ-ਜਿਹੜੇ ਰੱਬ ਨੂੰ ਨਹੀਂ ਮੰਨਦੇ, ਉਹ ਕਹਿੰਦੇ ਨੇ ਜੋ ਮਰਜ਼ੀ ਹੈ ਕਰੋ। ਦੂਸਰੇ ਉਹ ਪੁਰਸ਼ ਹਨ ਜਿਸ ਤਰ੍ਹਾਂ ਵਾਮ ਮਾਰਗੀ ਹਨ, ਕਿ ਮਾਸ ਖਾਣ ਦਾ ਸ਼ਰਾਬ ਪੀਣ ਦਾ ਕੋਈ ਹਰਜ਼ ਨਹੀਂ।

ਮੈਂ ਅਰਜ਼ ਕਰਦਾਂ ਹਾਂ, ਧਿਆਨ ਕਰ ਲੈਣਾ, ਮਗਰੋਂ ਕੋਈ ਨਹੀਂ ਕਿਸੇ ਦਾ ਯਾਰ ਬਣਦਾ। ਜਿਦਣ ਚਾਰ ਦਿਨ ਸ਼ਰਾਬ ਹੁੰਦੀ ਹੈ ਪਿਆਉਣ ਵਾਲੇ ਦੀ ਤਾਂ ਕਹਿੰਦੇ ਨੇ, ''ਇਹ ਸਰਦਾਰ ਬੜਾ ਤਗੜਾ ਹੈ।'' ਮਗਰੋਂ ਜਦੋਂ ਉਹ ਮਰਦਾ ਹੈ, ਉਹਨਾਂ ਨੂੰ ਲੱਭਦੀ ਨਹੀਂ, ਆਂਹਦੇ ਨੇ, ''ਗੰਦੇ ਦਾ ਨਾਂ ਕੀ ਲੈਣਾ ਹੈ।'' ਉਹਨੂੰ ਪੰਜ-ਪੰਜ ਸੌ ਗਾਲ੍ਹ ਕੱਢਦੇ ਨੇ। ਮਾਇਆ ਜਿਹੜੀ ਚੀਜ਼ ਹੈ, ਇਹ ਕਿਸੇ ਦੀ ਫੜੀ ਹੋਈ ਨਹੀਂ। ਇਸਨੂੰ ਕੋਈ ਆਦਮੀ ਨਹੀਂ ਇਹ ਕਹਿ ਸਕਦਾ-ਮੈਂ ਮਾਇਆ ਧਾਰੀ ਹਾਂ ਔਰ ਮੇਰੇ ਹੱਥਾ 'ਚ ਰਹੇਗੀ। ਮਾਇਆ ਦੀ ਸਾਰੀ ਖੇਡ ਹੈ, ਕਿਸੇ ਦਿਨ ਅੰਗਰੇਜ਼ ਦਾ ਰਾਜ ਸੀ ਲੋਕ ਕਹਿੰਦੇ ਸੀ, ਅੰਗਰੇਜ਼ ਦੇ ਰਾਜ ਵਿੱਚ ਸੂਰਜ ਨਹੀਂ ਡੁਬਦਾ-ਹੁਣ ਚੜ੍ਹਨ ਦਾ ਹੀ ਨਹੀਂ ਪਤਾ, ਕਿ ਚੜ੍ਹਦਾ ਭੀ ਹੈ ਕਿ ਨਹੀਂ।

ਕਿੱਥੇ ਹਨ ਉਹ ਰਾਜੇ ਜਿਨ੍ਹਾਂ ਦਾ-ਇੱਕ ਇੱਕ ਆਦਮੀ ਦਾ-ਹੁਕਮ, ਉਸਦੇ ਇਲਾਕੇ-ਸੌ-ਸੌ ਕੋਹ, ਦੋ-ਦੋ ਸੌ ਕੋਹ, ਚਾਰ-ਚਾਰ ਸੌ ਕੋਹ-ਵਿੱਚ ਸੀ। ਨਿਜ਼ਾਮ ਹੈਦਰਾਬਾਦ ਦਾ ਪੈਸਾ ਸਾਰੀ ਦੁਨੀਆ 'ਚ ਦੂਸਰੇ ਨੰਬਰ ਤੇ ਮੰਨਿਆ ਹੋਇਆ ਸੀ-ਵੱਡਾ ਹੈਨਰੀ ਫੋਰਡ ਸੀ, ਜਿਨ੍ਹੇ ਫੋਰਡ ਮੋਟਰ ਬਣਾਈ

ਸੀ ਦੂਸਰੇ ਨੰਬਰ ਤੇ ਇਹ ਆਦਮੀ ਸੀ-ਅੱਜ ਕਿੱਥੇ ਹੈ ਨਵਾਬ ਹੈਦਰਾਬਾਦ ? ਕਿੱਥੇ ਹਨ ਉਹਦੇ ਪੈਸੇ ?

ਸਾਧ ਸੰਗਤ ਦੇ ਵੱਲ ਮੂੰਹ ਰਹਿਣ ਨਾਲ ਮਾਇਆ ਦਾ ਘਾਟਾ ਨਹੀਂ ਰਹਿੰਦਾ। ਸਰਦਾਰ ਆਤਮਾ ਸਿੰਘ ਹੁਰੀਂ ਕਹਿੰਦੇ ਹੁੰਦੇ ਸਨ ਕਿ ਜੇ ਸੂਰਜ ਵੱਲ ਪਿੱਠ ਕਰ ਲਈਏ ਤੇ ਪਰਛਾਵੇਂ ਦੇ ਮਗਰ ਭੱਜੀਏ ਤਾਂ ਪਰਛਾਵਾਂ ਡਾਹ ਨਹੀਂ ਦਿੰਦਾ, ਕਿੰਨਾ ਭੱਜੇ ਜਾਵੋ, ਤੇ ਜੇ ਸੂਰਜ ਵੱਲ ਮੂੰਹ ਹੋ ਜਾਵੇ ਤਾਂ ਪਰਛਾਵਾਂ ਵੀ ਮਗਰ ਆਉਂਦਾ ਹੈ। ਜੇ ਸਤਿਗੁਰ ਵੱਲ ਮੂੰਹ ਹੋਵੇ ਤਾਂ ਮਾਇਆ ਵੀ ਮਗਰ ਆਉਂਦੀ ਹੈ। ਜੇ ਕਿਸੇ ਕੋਲ ਬਹੁਤੀ ਨਹੀਂ ਤਾਂ ਉਹਨੂੰ ਦੁੱਖ ਵੀ ਕੋਈ ਨਹੀਂ, ਭਾਵੇਂ ਉਹਨੂੰ ਰੋਟੀ ਨਾ ਮਿਲੇ-ਖਾਣ ਨੂੰ। ਬਾਬਾ ਜੈਮਲ ਸਿੰਘ ਜੀ ਲਾਹੌਰ ਦੇ ਜ਼ਿਲ੍ਹੇ ਵਿੱਚ ਇੱਕ ਸਾਧੂ ਸਨ, ਉਨ੍ਹਾਂ ਉੱਤੇ ਸਤਿਗੁਰਾਂ ਦੀ ਬੜੀ ਬਖਸ਼ਿਸ਼ ਸੀ। ਖੂੰਡੀ ਹੱਥ 'ਚ ਫੜਕੇ ਪਲੇਗ ਪਈ ਹੋਈ-ਪਿੰਡ ਵਿੱਚ ਜਾ ਵੜਨ, ਜਿਹਦੇ ਗਲ 'ਚ ਪਾ ਲੈਣ, ਜਦੋਂ ਰੰਗ 'ਚ ਹੋ ਕੇ ਗਾਲ੍ਹ ਕੱਢ ਕੇ ਆਖਣ, ''ਤੈਨੂੰ ਕੀ ਹੋਇਆ''—ਨਾ ਉਹਨੂੰ ਫੋੜੀ ਰਹੇ ਨਾ ਉਹਨੂੰ ਤਾਪ ਰਹੇ। ਇੱਕ ਗੱਲ ਨਹੀਂ, ਬਹੁਤ ਕੁਛ ਅਸਾਂ ਵੀ ਅੱਖੀਂ ਦੇਖਿਆ। ਪਰ ਏਹੋ ਜਿਹਾਂ ਨਾਲ ਏਹੋ ਜਿਹੀ ਖੇਡ ਵੀ ਬਣਾ ਛੱਡਦਾ ਹੈ ਘਰ ਖਾਣ ਨੂੰ ਹੈ ਨਾ, ਆਖਣ ਲੱਗੇ, ''ਮੈਂ ਅਰਦਾਸ ਕੀਤੀ, ਸੱਚੇ ਪਾਤਸ਼ਾਹ ਚਾਰ ਦਿਨ ਹੋਏ, ਬੱਚੇ ਭੁੱਖੇ ਨੇਂ।''

ਕਹਿਣ ਲੱਗੇ, ਆਵਾਜ਼ ਆਈ, ''ਤੂੰ ਬੱਚਿਆਂ ਦਾ ਪਤਾ ਤੇ ਕਰ-ਘਰ ਜਾ ਕੇ।''

ਜਦੋਂ ਘਰ ਜਾ ਕੇ ਪੁੱਛਿਆ, ਤਾਂ ਮਾਈ ਕਹਿੰਦੀ ਹੈ, ''ਇਹਨਾਂ ਨੇ ਨਾ ਕਦੇ ਪਾਣੀ ਮੰਗਿਐ, ਨਾ ਆਟਾ, ਰੋਟੀ ਮੰਗੀ ਹੈ, ਨਾ ਦੁੱਧ ਮੰਗਿਐ।'' ਸੁੱਖ ਤਾਂ ਏਸੇ ਚੀਜ਼ ਨਾਲ ਹੋਣਾ ਹੈ ਨ, ਜਿਹਦੇ ਨਾਲ ਦਿਲ ਨੂੰ ਸੁੱਖ ਹੈ।

ਜੇ ਰਾਜੇ ਕੋਲ ਪਦਾਰਥ ਹੈ, ''ਉਧਰੋਂ ਮੈਨੂੰ ਕੋਈ ਗੋਲੀ ਨਾ ਮਾਰ ਦੇਵੇ, ਏਧਰੋਂ ਮੇਰਾ ਕੁਝ ਚੁੱਕ ਨਾ ਲਿਜਾਵੇ-ਐਧਰੋਂ ਮੈਨੂੰ ਕੋਈ ਇਉਂ ਨਾ ਕਰ ਦੇਵੇ-ਮੇਰਾ ਘਟ ਨਾ ਜਾਵੇ।'' ਸੁੱਖ ਤਾਂ ਹੋ ਸਕਦਾ ਹੈ ਨਾਮ ਜਪਦਿਆਂ ਦੇ

ਕੋਲ, ਜੇ ਪਦਾਰਥ ਵੀ ਹੋਵੇ। ਸਤਿਗੁਰ ਬਖਸ਼ਿਸ਼ ਕਰਦਾ ਹੈ, ਨਾਮ ਦੇ ਨਾਲ ਪਦਾਰਥ ਵੀ, ਫੇਰ ਦੁੱਖ ਨਹੀਂ ਦੇਂਦਾ। ਜਿਸ ਤਰ੍ਹਾਂ ਸੰਖੀਆ ਕੋਈ ਅਣਜਾਣ ਆਦਮੀ ਖਾ ਜਾਵੇ ਤਾਂ ਮਰ ਜਾਂਦਾ ਹੈ, ਪਰ ਜੇ ਉਹੋ ਹੀ ਸੰਖੀਆਂ ਕਿਸੇ ਵੈਦ ਹੱਥ ਆ ਜਾਵੇ ਤਾਂ ਕੁਸ਼ਟ ਵੀ ਹਟ ਜਾਂਦਾ ਹੈ। ਉਹੀ ਮਾਇਆ ਜੇ ਸਾਧ ਸੰਗਤ ਦੇ ਲੇਖੇ-ਧਰਮ ਦੀ ਕਿਰਤ ਕਰਕੇ-ਧਰਮ ਦੇ ਅਰਥ, ਜਿਹੜੇ ਕੋਈ ਲਾਉਂਦੇ ਹਨ, ਉਨ੍ਹਾਂ ਦੀ ਵੱਧਦੀ ਜਾਂਦੀ ਹੈ, ਪਾਪ ਵਾਲਿਆਂ ਦੀ ਘਟਦੀ ਜਾਂਦੀ ਹੈ।

ਇਕ ਸਿੱਖ ਬਾਬਾ ਲਹੌਰਾ ਸਿੰਘ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੂੰ ਲਿਖਦਾ ਹੈ-ਅੰਮ੍ਰਿਤਸਰ ਵਿੱਚ ਰਹਿੰਦਾ ਸੀ ਮਾਤਾ ਜੀ ਦਾ ਨਾਉਂ ਹਰਿ ਕੌਰ ਉਨ੍ਹਾਂ ਦੇ ਘਰੋਂ, ਮੈਂ ਉਹਨਾਂ ਦੇ ਦਰਸ਼ਨ ਕੀਤੇ ਨੇ-''ਸੱਚੇ ਪਾਤਸ਼ਾਹ ਮੇਰਾ ਗੁਜ਼ਾਰਾ ਨਹੀਂ ਚਲਦਾ।''

ਸਤਿਗੁਰੂ ਕਹਿੰਦੇ ਨੇ, ''ਭਾਈ ਤੜਕੇ ਉੱਠ ਕੇ ਇਸ਼ਨਾਨ ਕਰਿਆ ਕਰ-ਹੁਕਮਨਾਮੇ ਵਿੱਚ ਲਿਖਿਆ ਉਨ੍ਹਾਂ ਦੇ ਨਾਂ-ਜੇ ਥੁੜ ਕੇ ਵੀ ਪੁੰਨ ਕਰੇਂਗਾ ਤੈਨੂੰ ਘਾਟਾ ਨਾ ਰਹੂ।''

ਉਨ੍ਹਾਂ ਦੋਹਾਂ ਸਰੀਰਾਂ ਨੇ-ਪਸ਼ਮ ਆਉਂਦੀ ਸੀ ਕਸ਼ਮੀਰੋਂ-ਇੱਕ ਮਾਲਾ ਬਣਾਉਂਦੇ ਸੀ ਬਾਬਾ ਜੀ, ਚਾਰ ਆਨੇ ਨੂੰ ਵੇਚਦੇ ਸੀ। ਬਾਬਾ ਜੀ ਖਵਰੇ ਚਹੁੰ ਪੈਸਿਆਂ ਦੀ ਪਸ਼ਮ ਲੈਂਦੇ ਸੀ, ਕਿ ਕਿਤਨੇ ਦੀ ਲੈਂਦੇ ਸਨ। ਉਨ੍ਹਾਂ ਦਾ ਨਿਯਮ ਸੀ ਭਾਵੇਂ ਦੋ ਪੈਸੇ ਪੁੰਨ ਕਰਨ, ਭਾਵੇਂ ਇੱਕ ਪਰਸ਼ਾਦਾ ਕਰਨ, ਉਹ ਕਰਦੇ ਰਹੇ, ਉਨ੍ਹਾਂ ਦੋਹਾਂ ਦੇ ਨਾ ਬਸਤਰ, ਨਾ ਅੰਨ ਨੂੰ ਕਦੇ ਘਾਟਾ ਨਹੀਂ ਹੋਇਆ। ਸਤਿਗੁਰੂ ਕਹਿੰਦੇ ਨੇ, **''ਭਾਈ ਧਨ ਤਾਂ ਕੁਚਾਲ ਚਲਣ ਤੇ ਘਟਦਾ ਹੈ, ਪੁੰਨ ਦਾਨ ਤੇ ਧਨ ਨਹੀਂ ਘਟਦਾ।''** ਕੁਚਾਲ ਚਲਣ ਉਹੋ ਈ ਹੈ ਨ, ਜਿਹਨੂੰ ਸਤਿਗੁਰ ਕਹਿਣ-ਇਹ ਨਹੀਂ ਚੰਗਾ। ਬੱਚੇ ਨੂੰ ਨਹੀਂ ਪਤਾ, ਬੱਚਾ ਅੱਗ 'ਚ ਹੱਥ ਪਾਉਂਦਾ ਹੈ, ਬੱਚੇ ਨੂੰ ਨਹੀਂ ਪਤਾ, ਸੱਪ ਨੂੰ ਫੜਦਾ ਹੈ-ਮਹਾਰਾਜ ਕਹਿੰਦੇ ਨੇ,

**ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇ ਲੈ।**

*- ਮਾਰੂ ਮ:੫, ਪੰਨਾ-੧੨੬੬*

ਮਾਂ ਪਿਉ ਨੂੰ ਪਤਾ ਹੁੰਦਾ ਹੈ। ਇਸ ਕਰਕੇ ਸਤਿਗੁਰਾਂ ਦੇ ਬਚਨ ਤੁਸੀਂ ਸੁਣੇ ਹਨ, ਉਨ੍ਹਾਂ ਨੇ ਸਾਰੀ ਰਹਿਤ ਮਰਯਾਦਾ ਤੁਹਾਨੂੰ ਦੱਸੀ ਹੈ, ਤੜਕੇ ਦਾ ਇਸ਼ਨਾਨ, ਬਾਣੀ ਪੜਨੀ, ਭਜਨ ਕਰਨਾ, ਸਤਿ ਦਾ ਵਿਹਾਰ ਕਰਨਾ। ਮੈਂ ਹੁਣ ਏਦੂੰ ਅੱਗੇ ਹੋਰ ਕੀ ਦੱਸਾਂ, ਮੈਂ ਇਹ ਅਰਜ਼ ਜਰੂਰ ਕਰਾਂਗਾ, ਬਈ ਬਚਣ ਦਾ ਵੇਲਾ ਹੈ। ਲਿਸ਼ਕ ਨਾ ਮਾਰ ਜਾਏ। ਛੋਲਿਆਂ ਦੀ ਪੈਲੀ ਜਦੋਂ ਸਿਰੇ ਤੇ ਆਉਂਦੀ ਹੈ ਕਦੇ-ਕਦੇ ਪਾਣੀ ਖਲੋ ਜਾਏ, ਫਿਰ ਲਿਸ਼ਕ ਮਾਰ ਜਾਏ, ਛੋਲਿਆਂ ਦੇ ਦਾਣੇ ਸਾਰੇ ਹੀ ਮਾਰੇ ਜਾਂਦੇ ਨੇ। ਤੁਹਾਡਾ ਬਚਣ ਦਾ ਵੇਲਾ ਹੈ, ਮਾਇਆ ਲਿਸ਼ਕ ਮਾਰਦੀ ਹੈ, ਆਪਣਾ ਬਚਾਅ ਕਰ ਲਓ। ਬਸ ਮੈਂ ਹੁਣ ਏਨਾ ਹੀ ਕਹਿ ਕੇ ਭੋਗ ਪਾਉਨਾਂ। ਨਿਤਨੇਮ ਕਰਕੇ, ਰਾਤ ਨੂੰ ਅਰਜ਼ ਕੀਤੀ ਹੋਈ ਹੈ, ਨੌਜਵਾਨਾਂ ਨਾਮਧਾਰੀਆਂ ਨੂੰ ਜੋ ਦਰਸ਼ਨ ਦੇਣਗੇ ਥੋੜਾ ਬਹੁਤਾ ਚਿਰ। ਹੁਣ ਅਰਦਾਸ ਹੋਵੇਗੀ, ਸਵੇਰੇ ਆਸਾ ਦੀ ਵਾਰ ਨਾਮਧਾਰੀ ਧਰਮਸਾਲਾ 'ਚ ਲਗੇਗੀ।

ਮੈਂ ਸਵੇਰੇ ਅਰਜ਼ ਕੀਤੀ ਸੀ, ਬਈ ਜਿਹੜੇ ਨੌਜਵਾਨ ਲੜਕੇ ਹਨ ਸਾਡੇ, ਉਹ ਕਿਰਪਾ ਕਰਨ ਅੱਠ ਵਜੇ, ਸਾਢੇ ਸੱਤ ਕੁ ਵਜੇ ਭੋਗ ਪੈ ਜਾਵੇਗਾ, ਕੁਝ ਉੱਤੇ ਮਿੰਟ ਹੋ ਜਾਣਗੇ-ਉਹ ਉੱਥੇ ਦਰਸ਼ਨ ਦੇਣ। ਦਸ, ਵੀਹ ਮਿੰਟ ਜ਼ਿਆਦਾ ਤੋਂ ਜ਼ਿਆਦਾ ਅੱਧਾ ਘੰਟਾ ਸ਼ਾਇਦ ਨਾ ਲੱਗੇ ਅੱਗੋਂ ਪਤਾ ਨਹੀਂ ਕਿਹੜੀ ਗੱਲ ਹੋਵੇ, ਕਿੰਨਾਂ ਚਿਰ ਲੱਗੇ, ਕਿਰਪਾ ਕਰਨ। ਹੁਣ ਅਰਦਾਸ ਕਰਕੇ ਨਿਤਨੇਮ ਕਰਨਾ ਹੈ। ਜਿਹਨਾਂ ਸੱਜਣਾਂ ਜਾਣਾ ਹੋਵੇ ਅਰਦਾਸ ਤੋਂ ਬਾਅਦ ਬੇਸ਼ਕ ਅਰਾਮ ਨਾਲ ਜਾਣ, ਮਾਈਆਂ ਬੱਚਿਆਂ ਆਪਣਿਆਂ ਨੂੰ ਸਾਂਭਣ। ਸਾਡੇ ਕਿਰਪਾ ਨਿਧਾਨ ਸੇਵਾਦਾਰ ਥੱਲੇ ਚਲੇ ਜਾਣ, ਬੱਚੇ ਮਦਾਨ 'ਚ ਰੌਲਾ ਬਹੁਤਾ ਪਾਉਂਦੇ ਨੇ ਥੱਲੇ। ਸਵੇਰੇ ਦੇ ਵਕਤ ਵੀ ਆਸਾ ਦੀ ਵਾਰ ਦਾ ਕੀਰਤਨ ਦਾ ਵੇਲਾ ਹੈ, ਉਥੇ ਪਹੁੰਚ ਕੇ ਉਹ ਰਸ ਭੀ ਲਵੋ।

**ਹੇ ਅਚੁਤ[੮] ਹੇ ਪਾਰਬ੍ਰਹਮ ਅਬਿਨਾਸੀ ਅਘਨਾਸ[੯]।।**
**ਹੇ ਪੂਰਨ ਹੇ ਸਰਬ[੧੦] ਮੈ ਦੁਖ ਭੰਜਨ[੧੧] ਗੁਣਤਾਸ[੧੨]।।**
**ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ[੧੩] ਸਭ ਟੇਕ[੧੪]।।**

**ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ[੧੫]।।**
**ਹੇ ਅਪਰੰਪਰ[੧੬] ਹਰਿ ਹਰੇ ਹਹਿ[੧੭] ਭੀ ਹੋਵਨਹਾਰ[੧੮]।।**
**ਹੇ ਸੰਤਹ ਕੈ ਸਦਾ ਸੰਗਿ ਨਿਧਾਰਾ[੧੯] ਆਧਾਰ।।**
**ਹੇ ਠਾਕੁਰ ਹਉ ਦਾਸਰੋ[੨੦] ਮੈ ਨਿਰਗੁਨ ਗੁਨੁ ਨਹੀ ਗੋਈ।।**
**ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।੫੫।।**

*– ਪੰਨਾ ੨੬੧*

**– ਜਾਂਹੀ ਕੁਲ ਤੇ ਪ੍ਰਗਟ ਹੋਇ ਕੁਲ ਕੋ ਨਾਮ।**
**ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪਰਨਾਮ।।**

## ਸ਼ਬਦਾਰਥ

੧. ਤਾਂ ਸਮਝੋ ਕਿ ਮਨੁੱਖਾ ਦੇਹੀ ਲੱਭੀ ਸਫਲ ਹੈ।
੨. ਇਹ ਦੇਹੀ ਐਸੀ ਅਮੋਲਕ ਹੈ ਕਿ ਦੇਵਤੇ ਭੀ ਇਸਦੀ ਪ੍ਰਾਪਤੀ ਲਈ ਚਾਹਨਾ ਕਰਦੇ ਹਨ। ਇਸ ਲਈ ਐਸੀ ਦੇਹੀ ਦੁਆਰਾ ਹਰੀ ਦੀ ਸੇਵਾ ਕਰਨੀ ਯਾਦ ਰੱਖੋ।
੩. ਵਿਚਾਰਹੀਣ ਜੋ ਜ਼ਿੰਮੇਵਾਰੀ ਨੂੰ ਅਨੁਭਵ ਨਹੀਂ ਕਰਦੇ, ਉਹ ਬੇਫਿਕਰ ਹੋ ਕੇ ਸਮਾਂ ਗੁਜਾਰਦੇ ਹਨ।
੪. ਚਾਰ ਪੈਰ, ਦੋ ਸਿੰਗ ਹੋਣਗੇ ਅਤੇ ਬੇਜ਼ੁਬਾਨ ਹੋਏਗਾ (ਬਲਦ ਦੀ ਜੂਨ ਪਵੇਗਾ।) ਤਾਂ ਕਿਸ ਤਰ੍ਹਾਂ ਹਰੀ ਦੇ ਗੁਣ ਗਾਏਗਾ ?
੫. ਸਮਝੇ, ਵੇਖੇ, ਭਾਵ ਇਹ ਸਾਰੇ ਜਨਮ ਅਸਾਂ ਧਾਰੇ।
੬. ਸੱਪਾਂ ਦੀ ਕੁਲ ਵਿੱਚ।
੭. ਭਾਵ ਪੰਛੀ ਬਣੇ
੮. ਅਟੱਲ, ਨਾ ਡੋਲਨ ਵਾਲਾ
੯. ਪਾਪਾਂ ਨੂੰ ਨਾਸ ਕਰਨ ਵਾਲਾ
੧੦. ਸਰਬ ਰੂਪ
੧੧. ਦੁਖਾਂ ਦਾ ਨਾਸ ਕਰਨ ਵਾਲਾ
੧੨. ਗੁਣਾਂ ਦਾ ਭੰਡਾਰ
੧੩. ਤਿੰਨਾਂ ਗੁਣਾਂ ਤੋਂ ਨਿਰਲੇਪ
੧੪. ਆਸਰੇ
੧੫. ਗਿਆਨ ਪ੍ਰਕਾਸ਼
੧੬. ਪਾਰਾਵਾਰ ਤੋਂ ਪਰੇ
੧੭. ਹੈ ਹੁਣ
੧੮. ਅੱਗੇ ਨੂੰ ਵੀ ਹੋਣ ਵਾਲਾ ਹੈ
੧੯. ਨਿਰ ਆਸਰੇ
੨੦. ਦਾਸ

# ਤਤਕਰਾ ਕਥਾ ਸਤਿਗੁਰੂ ਬਿਲਾਸ ਪ:੧੨, ਕ੍ਰਿਤ ਸੰਤ ਧਿਆਨ ਸਿੰਘ ਜੀ

| | ਉਪਦੇਸ਼ ਮਿਤੀ | ਪ੍ਰਸੰਗ | ਕਥਾ ਅਧਿਆਏ | ਕਥਾ ਅੰਕ | ਲਾਲ ਏਹਿ ਰਤਨ ਭਾਗ | ਲਾਲ ਏਹਿ ਰਤਨ ਪੰਨਾ |
|---|---|---|---|---|---|---|
| ੧ | ੧-੧੨-੪੮ | ਭਾਈ ਰਾਏ ਸਿੰਘ ਨੂੰ ਦਰਸ਼ਨ | ੩ | ੩੨ ਤੋਂ ੪੩ | ਭਾਗ-੧ | ੪੭ |
| ੨ | ੫-੧੨-੪੮ | ਭਾਈ ਰਾਏ ਸਿੰਘ ਨੂੰ ਹਜ਼ੂਰ ਸਾਹਿਬ ਭੇਜਨਾ | ੩ | ੧ ਤੋਂ ੨੨ | ਭਾਗ-੧ | ੭੫ |
| ੩ | ੬-੧੨-੪੮ | —— " —— | ੪ | ੨੩ ਤੋਂ ੫੬ | ਭਾਗ-੧ | ੧੦੨ |
| | | | | ੫੭ ਤੋਂ ੮੨ | ਭਾਗ-੧ | ੧੩੬ |
| ੪ | ੯-੧੨-੪੮ | —— " —— | ੪ | ੮੩ ਤੋਂ ੯੭ | ਭਾਗ-੧ | ੧੪੩ |
| | | ਭਾਈ ਰਾਏ ਸਿੰਘ ਦੀ ਹਜ਼ੂਰ ਤੋਂ ਵਾਪਸੀ | ੫ | ੧ ਤੋਂ ੧੬ | ਭਾਗ-੧ | ੧੪੮ |
| ੫ | ੯-੧੨-੪੨ | —— " —— | ੫ | ੧੭ ਤੋਂ ੬੫ | ਭਾਗ-੧ | ੧੬੦ |
| ੬ | ੨-੩-੫੦ | ਮੰਗਲਾ ਚਰਨ | ੧ | ੩੩ ਤੋਂ ੩੪ | ਭਾਗ-੧ | ੨੦੮ |
| ੭ | ੩-੩-੫੦ | —— " —— | ੧ | ੩੯ ਤੋਂ ੫੧ | ਭਾਗ-੧ | ੨੨੫ |

| | | | | | |
|---|---|---|---|---|---|
| ੮ | ੪–੩–੫੦ ਹੋਲਾ ਅਨੰਦ ਪੁਰ ਸਾਹਿਬ | ੧੮ | ੧ ਤੋਂ ੩੪ | ਭਾਗ–੧ | ੨੫੪ |
| ੯ | ੬–੩–੫੦ ਭਾਈ ਰਾਏ ਸਿੰਘ ਨੂੰ ਬੋਧ | ੩ | ੧ ਤੋਂ ੨੪ | ਭਾਗ–੧ | ੨੯੬ |
| ੧੦ | ੨੮–੪–੫੦ ਭਾਈ ਹਰਮੀਤ ਸਿੰਘ, ਸਿੰਘ ਹੋਵਨ | ੭ | ੧ ਤੋਂ ੩੦ | ਭਾਗ–੧ | ੩੨੩ |
| ੧੧ | ੭–੨–੫੧ ——— " ——— | ੭ | ੬੨ ਤੋਂ ੬੪ | ਭਾਗ–੨ | ੩੧ |
| | | | ੩੧ ਤੋਂ ੬੧ | ਭਾਗ–੨ | ੭੧ |
| ੧੨ | ੯–੨–੫੧ ——— " ——— | ੭ | ੬੫ ਤੋਂ ੬੫ | ਭਾਗ–੨ | ੭੯ |
| ੧੩ | ੧੧–੨–੫੧ ਭਾਈ ਹਰਮੀਤ ਸਿੰਘ ਨੂੰ ਉਪਦੇਸ਼ ਵ ਸਿਖਿਆ | ੮ | ੧ ਤੋਂ ੩੬ | ਭਾਗ–੨ | ੧੧੩ |
| ੧੪ | ੧੫–੯–੫੧ ਸਤਿਗੁਰੂ ਰਾਮ ਸਿੰਘ ਜੀ ਦਾ ਅੰਮ੍ਰਿਤਸਰ ਆਗਵਨ | ੧੦ | ੧ ਤੋਂ ੧੨ | ਭਾਗ–੨ | ੧੫੬ |
| ੧੫ | ੧੮–੯–੫੧ ——— " ——— | ੧੦ | ੧੩ ਤੋਂ ੧੩ | ਭਾਗ–੨ | ੨੪੨ |
| ੧੬ | ੧੯–੯–੫੧ ——— " ——— | ੧੦ | ੧੪ ਤੋਂ ੧੬ | ਭਾਗ–੨ | ੨੪੬ |
| ੧੭ | ੨੯–੧–੫੨ ਮੰਗਲਾ ਚਰਨ | ੧ | ੧ ਤੋਂ ੭ | ਭਾਗ–੨ | ੨੮੩ |

# ਨਾਂਵਾਂ ਅਤੇ ਵਿਸ਼ਿਆਂ ਦੀ ਸੂਚੀ


ੳ

ਉੱਤਮ ਸਿੰਘ ਭਾਈ ੨੬੯, ੨੭੦, ੨੭੪
ਉੱਧਮ ਸਿੰਘ ਨਾਗੋਕੇ ੧੩੩

ਅ

ਅਮਰ ਦੇਵ ਗੁਰੂ ੨੪੧, ੨੬੮
ਅਮਰ ਸਿੰਘ ਝੌਰੜ ਸਿੰਘ ੧੨੯
ਅਰਜਨ ੧੧੮
ਅਰਜਨ ਦੇਵ ਗੁਰੂ ੪੨, ੪੮, ੬੨, ੧੩੯, ੧੫੯, ੧੬੮, ੨੦੭, ੨੩੩, ੩੦੯
ਅਜਾਪਾਲ ੧੩੩
ਅਜਿਤਾ ਰੰਧਾਵਾ ੧੩੨, ੧੩੩
ਅਤ੍ਰੈ ਜੀ ੨੦੮, ੨੧੬, ੨੪੨, ੨੬੬, ੩੫੪
ਅੰਗਦ ਦੇਵ ਗੁਰੂ ੨੬੮, ੨੭੭, ੩੪੨, ੩੪੩
ਅੰਮ੍ਰਿਤ ੧੩੭, ੨੩੧, ੨੫੮, ੨੭੩
ਅੰਬਰੀਕ ਰਾਜਾ ੧੯੩
ਆਤਮਾ ਸਿੰਘ ਸਰਦਾਰ ੩੫੭
ਆਲਾ ਸਿੰਘ ਸੰਤ ੨੫੧, ੩੫੪
ਆਸ਼ਕ ੪੪
ਔਰੰਗਜ਼ੇਬ ੫੦, ੫੧
ਅਫ਼ਲਾਤੂਨ ੧੭੯

**ੲ**

| | |
|---|---|
| ਈਸ਼ਰ ਸਿੰਘ ਹਕੀਮ | ੯੮ |
| ਇੰਦਰ ਸਿੰਘ ਰਾਗੀ | ੩੩੩, ੩੩੬ |

**ਸ**

| | |
|---|---|
| ਸ਼ਰਾਬ | ੫੧, ੫੨, ੨੯੦ |
| ਸਾਹਿਬ ਸਿੰਘ ਸੂਬੇ | ੧੮੩, ੨੭੧ |
| ਸਾਹਿਬੋ ਮਾਈ | ੨੬੪ |
| ਸਿਨੇਮਾ | ੫੬, ੫੭, ੬੮, ੩੧੩, ੩੨੫, ੩੩੧ |
| ਸੀਤਾ ਜੀ | ੪੮ |
| ਸੁਕਦੇਵ ਜੀ | ੨੧੦, ੨੧੧, ੨੧੩ |
| ਸੁਜਾਨ ਸਿੰਘ | ੩੧੦ |
| ਸੁੰਦਰ ਸਿੰਘ ਵਾਜਿਆਂ ਵਾਲੇ | ੧੨੮, ੧੨੯ |
| ਸੁੰਦਰੀ ਮਾਤਾ | ੮੧, ੨੩੩ |
| ਸੰਪੂਰਨ ਸਿੰਘ ਸੰਤ | ੪੪ |
| ਸੰਤੋਖ ਸਿੰਘ ਭਾਈ | ੨੭੮ |
| ਸੂਰਤ ਸਿੰਘ | ੨੭੯, ੩੧੦ |

**ਹ**

| | |
|---|---|
| ਹਜ਼ਾਰਾ ਸਿੰਘ | ੨੬੯ |
| ਹਨੂਮਾਨ ਜੀ | ੪੪, ੨੧੭, ੨੬੬, ੨੬੭, ੨੭੫, ੨੭੬, ੨੭੭ |
| ਹਰਨਾਮ ਸਿੰਘ(ਗੜਦੀ ਵਾਲੇ) | ੧੨੧ |
| ਹਰਬੰਸ ਸਿੰਘ ਗਿਆਨੀ | ੧੩੪ |
| ਹਰਬੰਸ ਸਿੰਘ ਭਾਈ | ੩੨੮, ੩੨੯ |
| ਹਰਮੀਤ ਸਿੰਘ ਭਾਈ | ੪੧, ੮੦, ੮੮, ੯੫, ੧੦੫, ੧੦੬, ੧੦੮, ੧੫੯, ੧੭੫, ੧੭੮, ੧੮੧, ੨੫੨ |
| ਹਰਿਕ੍ਰਿਸ਼ਨ ਗੁਰੂ | ੨੭੭ |

| | |
|---|---|
| ਹਰਿ ਗੋਬਿੰਦ ਗੁਰੂ | ੩੧, ੧੩੭, ੧੪੦, ੧੬੬, ੨੧੨, ੨੪੧ |
| ਹਰੀ ਸਿੰਘ ਨਲੂਆ | ੮੨, ੮੩ |
| ਹਰੀ ਜੀ(ਭਗਵੰਤ ਸਿੰਘ) | ੧੩੩ |
| ਹਰੀ ਚੰਦ ਰਾਜਾ | ੧੬੪ |
| ਹਰੀ ਚੰਦ (ਪਹਾੜੀ ਰਾਜਾ) | ੨੫੭ |
| ਹਰੀ ਸਿੰਘ ਸਤਿਗੁਰੂ | ੩੩, ੧੨੯, ੨੩੭, ੨੩੯, ੨੬੯, ੨੭੪, ੨੭੫, ੩੨੭, ੩੩੫ |
| ਹੀਰਾ ਸਿੰਘ ਖਤਰਾਵਾਂ | ੩੧੦ |
| ਹੁਕਮ ਸਿੰਘ ਸੇਠ | ੩੦੭ |
| ਹੁਕਮ ਸਿੰਘ ਡਸਕਿਆ ਵਾਲਾ | ੩੧੦ |
| ਹੈਨਰੀ ਕਰੈਗ | ੩੬ |

**ਕ**

| | |
|---|---|
| ਕਪੂਰ ਸਿੰਘ ਨਵਾਬ | ੮੨ |
| ਕਮਲੀਆ | ੩੧ |
| ਕਰਮ ਸਿੰਘ ਮਹਾਰਾਜਾ | ੨੪੯ |
| ਕਾਹਨ ਸਿੰਘ ਸੂਬੇਦਾਰ | ੨੬੩, ੨੭੨ |
| ਕਾਗ ਭਸੁੰਡ | ੪੬, ੪੭, ੪੮, ੨੧੨, ੨੬੭ |
| ਕਾਮਾ ਗਾਟਾ ਮਾਰੂ | ੩੫, ੩੬ |
| ਕਾਲਾ ਸਿੰਘ ਕਵੀ | ੧੦੨ |
| ਕਾਲੂ ਭਾਈ ਰਾਗੀ | ੫੫, ੩੩੬ |
| ਕ੍ਰਿਸ਼ਨ ਮਹਾਰਾਜ | ੪੩, ੬੧, ੧੧੮, ੧੬੦, ੧੬੪, ੨੨੦, ੨੫੭, ੩੧੫ |
| ਕਿਸ਼ਨ ਸਿੰਘ ਬਾਬਾ | ੩੧੫ |
| ਕਿਸ਼ਨ ਸਿੰਘ ਛੂਤੀਏ | ੩੪ |
| ਕੇਸ | ੨੩੧, ੨੭੩ |
| ਕੇਸਰ ਸਿੰਘ ਚਵਿੰਡਾ | ੧੨੮ |

## ਗ


ਗੰਗਾ ਸਿੰਘ ਜੀ ਭਾਈ ੮੮
ਗੰਡਾ ਸਿੰਘ ਬਾਬਾ ੨੭੧, ੨੭੨
ਗੰਡਾ ਸਿੰਘ ਮਿਸਤਰੀ ੧੨੮
ਗਰੜ ਜੀ ੪੮, ੨੧੨
ਗਾਂਧੀ ਮਹਾਤਮਾ ੨੨੯
ਗਿਆਨਾ ਸਿੰਘ ਸੰਤ ੩੦੪
ਗੁਜਰੀ ਮਾਤਾ ੧੩੭, ੩੩੫
ਗੁਪਾਲ ਸਿੰਘ ਸੰਤ ੧੯੨
ਗੁਰਦਿੱਤ ਸਿੰਘ ਬਾਬਾ ੩੬
ਗੁਰਦਿਆਲ ਸਿੰਘ ਮਹਾਰਾਜ ੩੧੦
ਗੁਲਾਬ ਸਿੰਘ ਭਾਈ ੧੭੦
ਗੋਬਿੰਦ ਸਿੰਘ ਗੁਰੂ ੩੧, ੪੩, ੪੪, ੪੮, ੪੯, ੫੧, ੫੫, ੫੯, ੬੩, ੬੫, ੬੬, ੬੮, ੮੦, ੮੧, ੮੮, ੮੯, ੯੬, ੧੧੪, ੧੨੮, ੧੩੨, ੧੩੭, ੧੩੮, ੧੪੦, ੧੪੧, ੧੪੬, ੧੪੭, ੧੫੭, ੧੬੨, ੧੬੫, ੧੬੬, ੧੬੭, ੧੬੯, ੧੮੧, ੧੮੨, ੧੮੫, ੧੮੯, ੧੯੫, ੧੯੬, ੧੯੭, ੨੦੯, ੨੧੫, ੨੧੭, ੨੨੯, ੨੩੨, ੨੩੩, ੨੩੪, ੨੩੫, ੨੩੮, ੨੪੪, ੨੪੫, ੨੪੭, ੨੪੯, ੨੫੦, ੨੫੩, ੨੫੬, ੨੫੮, ੨੬੧, ੨੬੨, ੨੬੮, ੨੬੯, ੨੭੧, ੨੭੨, ੨੭੩, ੨੭੬, ੨੮੪, ੩੧੩, ੩੧੪, ੩੧੫, ੩੧੬, ੩੨੩, ੩੨੬,

| | |
|---|---|
| | ੩੩੪, ੩੩੫, ੩੩੬, ੩੪੦, ੩੪੩, ੩੪੪, ੩੪੫, ੩੪੬, ੩੪੭ |

**ਘ**

| | |
|---|---|
| ਘਨੱਈਆ ਭਾਈ | ੪੩, ੪੪ |

**ਚ**

| | |
|---|---|
| ਚਕਰਵਰਤੀ ਜੀ | ੫੪, ੧੦੪, ੧੩੪ |
| ਚੰਦਾ ਸਿੰਘ ਜੀ ਕਵੀ | ੨੯੩ |
| ਚੁੰਮੇ ਸ਼ਾਹ | ੨੪੯, ੨੫੦ |

**ਜ**

| | |
|---|---|
| ਜਸਾ ਸਿੰਘ ਆਹਲੂਵਾਲੀਆ | ੮੨ |
| ਜਸਾ ਸਿੰਘ ਬਾਬਾ | ੯੬, ੧੩੮, ੧੬੭ |
| ਜਗਜੀਤ ਸਿੰਘ ਜੀ ਸਤਿਗੁਰੂ | ੧੩, ੧੪, ੧੫, ੨੩ |
| ਜਗਜੀਤ ਸਿੰਘ ਡਾਕਟਰ | ੩੬ |
| ਜਨਕ ਰਾਜਾ | ੨੧੦, ੨੧੧ |
| ਜਮਰੌਦ ਕਿਲ੍ਹਾ | ੮੩ |
| ਜਵਾਹਰ ਸਿੰਘ (ਸੂਬਾ) | ੨੩੮, ੨੭੨, ੨੭੩, ੨੭੪ |
| ਜਵਾਹਰ ਸਿੰਘ ਮਹੰਤ | ੩੦੪ |
| ਜਵਾਹਰ ਲਾਲ ਪੰਡਤ | ੩੮ |
| ਜੈਮਲ ਸਿੰਘ | ੩੫੪ |
| ਜੈਤੋ ਮੋਰਚਾ | ੩੬ |

**ਡ**

| | |
|---|---|
| ਡਫਰਨ ਲਾਰਡ | ੨੯੭ |

**ਤ**

| | |
|---|---|
| ਤਖਤ ਸਿੰਘ ਗੁਜਰ ਪੁਰਾ | ੪੯, ੫੦ |
| ਤਮਾਕੂ | ੫੨ |
| ਤਾਰੂ ਸਿੰਘ ਬਾਬਾ (ਸ਼ਹੀਦ) | ੩੭, ੨੭੩ |

ਤਾਰਾ ਸਿੰਘ ਮਾਸਟਰ ੩੮, ੬੬
ਤਿਲਕਾ ਭਾਈ ੧੭੨, ੧੭੩, ੧੭੪
ਤੇਗ ਬਹਾਦੁਰ ਗੁਰੂ ੪੮, ੧੪੦, ੧੫੬, ੧੫੭, ੧੫੮, ੨੨੮, ੨੩੩, ੨੫੩, ੨੭੬
ਤੇਜਾ ਸਿੰਘ ਅੱਕਰਪੁਰੀ ੧੩੩
ਤੇਜਾ ਸਿੰਘ ਭਸੌੜ ੨੯੭

**ਦ**

ਦਇਆ ਸਿੰਘ ਜੀ ੫੦, ੧੨੨
ਦਰਬਾਰਾ ਸਿੰਘ ੨੭੪, ੨੭੫
ਦਿਆਲ ਸਿੰਘ ਸੇਠ ੫੮, ੮੯, ੧੩੬, ੨੭੦, ੨੯੮, ੩੦੯, ੩੪੬
ਦੁਰਗਾਦੱਤ ਪੰਡਤ ੧੬੫
ਦੁਰਯੋਧਨ ੧੧੮

**ਧ**

ਧਿਆਨ ਸਿੰਘ ਭਾਈ ੨੪੩
ਧੀਰਮਲ ੨੭੮

**ਨ**

ਨਰੈਣ ਸਿੰਘ ਬਾਬਾ ੩੬, ੨੩੬, ੩੦੯, ੩੪੫
ਨੰਦ ਲਾਲ ਦਿਵਾਨ ੪੪, ੧੯੦, ੧੯੫, ੨੧੫, ੨੭੬, ੩੧੫
ਨੰਦਾ ਬੀਬੀ ੨੭੨
ਨਾਮ ੬੦, ੬੮, ੮੯, ੧੦੦, ੧੦੪, ੧੦੮, ੧੪੪, ੧੯੧, ੧੯੬, ੨੨੨, ੨੩੨, ੨੭੩
ਨਾਰਦ ਜੀ ੧੮੦, ੨੧੧
ਨਾਨਕ ਦੇਵ ਗੁਰੂ ੩੧, ੪੬, ੫੪, ੫੯, ੬੫,

੮੮, ੯੧, ੯੮, ੧੦੦, ੧੦੭, ੧੨੨, ੧੩੭, ੧੪੦, ੧੫੬, ੧੬੦, ੧੬੨, ੧੬੩, ੧੬੭, ੧੭੫, ੧੮੪, ੧੮੯, ੧੯੪, ੧੯੭, ੨੦੭, ੨੨੧, ੨੩੩, ੨੪੦, ੨੪੧, ੨੫੧, ੨੫੮, ੨੬੫, ੨੬੮, ੨੭੭, ੨੮੧, ੨੮੩, ੨੮੫, ੨੮੯, ੨੯੩, ੨੯੪, ੨੯੫, ੨੯੬, ੨੯੭, ੩੧੦, ੩੨੮, ੩੪੦, ੩੪੯

ਨਿਹਾਲ ਸਿੰਘ ਮਹਾਰਾਜ ੩੧੦

ਨਿਹਾਲ ਸਿੰਘ ਭਾਈ ੨੩੭, ੨੩੮, ੨੩੯

ਨੌ ਨਿਹਾਲ ਸਿੰਘ ਮਹਾਰਾਜਾ ੨੬੩

**ਪ**

ਪਰਤਾਪ ਸਿੰਘ ਸਤਿਗੁਰੂ ੧੧, ੧੨, ੧੪, ੨੪

ਪਰਤਾਪ ਸਿੰਘ ਚੀਫ ਕਾਲਜ ੧੩੩

ਪ੍ਰਹਿਲਾਦ ੧੭੮

ਪੰਜਾਬ ਸਿੰਘ ਜਮਾਦਾਰ ੧੪੩

ਪੈਂਦੇ ਖਾਂ ੨੧੨, ੨੧੩

**ਫ**

ਫਤੂ ਰਬਾਬੀ ੩੩੬

ਫਰੁਖ ਸੀਅਰ ਬਾਦਸ਼ਾਹ ੩੦੫

ਫੂਲਾ ਸਿੰਘ ਅਕਾਲੀ ੮੦, ੮੧

**ਬ**

ਬ੍ਰਹਮ ਬੂਟਾ ੩੬

ਬ੍ਰਹਮਾ ਸਿੰਘ (ਸੂਬਾ) ੨੭੨

ਬਹਿਲੋਲ ੩੯

ਬਲੀ ਸਿੰਘ ੨੬੯, ੨੭੦

| | |
|---|---|
| ਬਾਲਕ ਸਿੰਘ ਗੁਰੂ | ੮੯, ੧੪੨, ੧੯੪, ੨੬੭, ੨੬੯ |
| ਬਾਲਾ ਭਾਈ | ੨੫੧, ੨੬੮ |
| ਬਾਲਮੀਕ ਜੀ | ੨੨੧ |
| ਬਿਹਾਰੀ ਜੀ | ੨੭੬ |
| ਬਿਧੀ ਚੰਦ | ੨੪੦ |
| ਬੁੱਲੇ ਸ਼ਾਹ | ੬੪ |
| ਬੁੱਧ ਮਹਾਤਮਾ | ੫੪ |
| ਬੁਡਾ ਜੀ ਬਾਬਾ | ੨੪੧, ੨੬੮ |
| ਬੂਟਾ ਸਿੰਘ | ੨੫੨, ੩੧੦ |
| ਬੈਕੁੰਠ | ੪੨, ੪੩ |
| ਬੀਰ ਸਿੰਘ | ੩੧੦ |

**ਭ**

| | |
|---|---|
| ਭਸੁੰਡ (ਕਾਗ) | ੪੬, ੪੭, ੪੮, ੨੧੨, ੨੬੭ |
| ਭਗਵੰਤ ਸਿੰਘ (ਹਰੀ ਜੀ) | ੧੩੩ |
| ਭਗਵਾਨ ਸਿੰਘ ਬਾਬਾ | ੨੩੬, ੩੦੯ |
| ਭਗਤ ਸਿੰਘ ਸੰਤ | ੩੧੦ |
| ਭਾਨੀ ਬੇਬੇ | ੩੦੯ |
| ਭੀਮ ਚੰਦ ਰਾਜਾ | ੨੫੭ |

**ਮ**

| | |
|---|---|
| ਮਸਤੀ (ਮਸਤ) | ੩੨, ੩੩, ੪੧, ੧੭੮, ੨੩੧ |
| ਮਸਤਾਨਾ | ੩੧, ੩੨, ੩੩, ੧੪੩, ੨੩੦ |
| ਮਲਕ ਭਾਗੋ | ੨੫੮, ੩੧੦ |
| ਮਹਾਰਾਜਾ ਪਟਿਆਲਾ | ੧੩੨, ੧੩੩ |
| ਮਨੀ ਸਿੰਘ ਭਾਈ | ੧੧੪ |
| ਮਹਿਤਾਬ ਸਿੰਘ ਬਾਬਾ | ੧੨੧ |
| ਮੱਘਰ ਸਿੰਘ | ੧੩੪, ੩੦੭ |
| ਮਹੇਸ਼ਾ ਯੋਗੀ | ੧੭੧ |
| ਮਸਤਾਨ ਸਿੰਘ ਸੂਬਾ | ੩੩, ੨੭੦ |

| | |
|---|---|
| ਮੰਗਲ ਸਿੰਘ ਸੰਤ | ੨੪੪ |
| ਮਰਦਾਨਾ ਭਾਈ | ੧੦੭, ੧੦੮, ੧੮੪, ੨੫੧ |
| ਮੰਗਲ ਦਾਸ | ੧੯੭ |
| ਮਾਸ | ੫੩, ੫੪, ੨੯੦ |
| ਮਿਸਰਾ ਸਿੰਘ ਬਾਬਾ | ੧੭੭ |
| ਮੀਆਂ ਮੀਰ ਸਾਂਈ | ੬੪ |
| ਮੁਕਤ | ੪੨, ੪੩, ੪੪, ੨੬੬, ੨੬੭ |
| ਮੈਕਨਬ | ੧੭੫ |

**ਰ**

| | |
|---|---|
| ਰਣਜੀਤ ਸਿੰਘ ਮਹਾਰਾਜਾ | ੮੦, ੮੧, ੮੨, ੧੪੨ |
| ਰਤਨ ਸਿੰਘ ਸੰਤ | ੧੭੭ |
| ਰਾਜਿੰਦਰ ਸਿੰਘ ਪੰਡਤ | ੩੧੦ |
| ਰਾਮਚੰਦਰ ਜੀ | ੪੮, ੧੧੮, ੧੬੪, ੨੧੭, ੨੨੦, ੨੨੧, ੨੨੨, ੨੫੭, ੨੭੭, ੩੦੦, ੩੫੩ |
| ਰਾਮ ਸਿੰਘ ਸਤਿਗੁਰੂ | ੩੩, ੩੬, ੪੧, ੪੮, ੪੯, ੫੯, ੬੫, ੬੭, ੯੦, ੧੨੫, ੧੩੨, ੧੩੬, ੧੩੮, ੧੪੬, ੧੫੯, ੧੮੯, ੨੩੩, ੨੩੪, ੨੩੫, ੨੩੬, ੨੩੭, ੨੩੯, ੨੪੪, ੨੪੯, ੨੫੨, ੨੬੨, ੨੬੩, ੨੬੮, ੨੬੯, ੨੭੨, ੨੭੮, ੨੯੩, ੨੯੪, ੨੯੮, ੩੦੦, ੩੦੪, ੩੦੮, ੩੦੯, ੩੧੪, ੩੨੩, ੩੨੬, ੩੨੮, ੩੨੯, ੩੩੩, ੩੩੬, ੩੪੦, ੩੪੨, ੩੪੩ |
| ਰਾਮ ਕੌਇਰ | ੪੯ |

| | |
|---|---|
| ਰਾਧਾ | ੪੩ |
| ਰਾਏ ਸਿੰਘ | ੫੪, ੩੪੩ |
| ਰਾਗ | ੬੦, ੬੧, ੬੨, ੬੩, ੬੮, ੬੯, ੩੦੪ |
| ਰਾਵਣ | ੧੧੮, ੧੬੪, ੧੭੦, ੧੮੮, ੨੨੦ |
| ਰਾਮਦਾਸ ਗੁਰੂ | ੨੪੧ |
| ਰੁਸਤਮ ਰਾਓ ਬਾਲਾਰਾਓ | ੧੪੧ |
| ਰੂੜ ਸਿੰਘ | ੨੬੯ |

**ਲ**

| | |
|---|---|
| ਲਹਿਣਾ ਭਾਈ | ੨੬੮, ੨੭੫ |
| ਲਛਮਨ | ੧੧੮ |
| ਲਛਮਨ ਬਾਲਾ | ੧੯੭ |
| ਲਾਲ ਸਿੰਘ | ੧੬੭, ੨੪੧, ੩੨੪ |
| ਲਾਭ ਸਿੰਘ | ੧੦੧, ੨੫੧ |
| ਲਾਲ ਸਿੰਘ ਗੁਮਟੀ | ੩੧੩ |
| ਲਾਹੌਰਾ ਸਿੰਘ ਬਾਬਾ | ੩੫੮ |

**ਵ**

| | |
|---|---|
| ਵਿਰਸਾ ਸਿੰਘ | ੧੩੪, ੩੦੭ |